
# ਆਧੁਨਿਕਤਾ:
# ਮੁੱਢ ਅਤੇ ਵਿਕਾਸ



ਚਰਨ ਸਿੰਘ

# ਆਧੁਨਿਕਤਾ: ਮੁੱਢ ਅਤੇ ਵਿਕਾਸ

## ਅਵਾਰਡਜ਼

- AWARD OF DISTINCTION
  FROM : INDO-CANADIAN TIMES 1984
- ਸ਼ਾਨੇ ਪੰਜਾਬ DISTINCTION AWARD
  FROM : INDO-CANADIAN TIMES 1986
- PROF. MOHAN SINGH MEMORIAL
  FOUNDATION, CANADA.
- AWARD OF DISTINCTION
  FROM : RADIO RIMJIM CANADA 1993
- N R I SABHA JALANDHAR CITY
  AWARD OF DISTINCTION 2003
- AWARD FOR THE CONTRIBUTION TO
  PUNJABI LITERATURE 2007
- ਸ਼ੂਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
  FOR MA PUNJABI AS A TEXT BOOK
- ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪਰਵਾਸੀ ਸਾਹਿਤਕਾਰਾਂ ਤੇ Ph.D. ਕੀਤੀ, ਚਰਨ ਸਿੰਘ ਉਨ੍ਹਾਂ ਵਿਚੋਂ ਇੱਕ ਹੈ।
- AWARD FOR OUTSTANDING CONTRIBUTION
  TO THE PUNJABI POETRY FROM
  INTERNATIONAL ASSOCIATION OF PUNJABI
  AUTHORS AND ARTISTS I.N.C. FOR 2011
- AWARD FOR OUTSTANDING CONTRIBUTION
  TOWARDS PUNJABI LITERATURE FROM
  CANADIAN INTERNATIONAL PUNJABI
  SAHIT ACADEMY, CANADA, FOR 2011

# ਆਧੁਨਿਕਤਾ: ਮੁੱਢ ਅਤੇ ਵਿਕਾਸ

ਚਰਨ ਸਿੰਘ

ਸਪਤਰਿਸ਼ੀ ਪਬਲੀਕੇਸ਼ਨਜ਼
ਚੰਡੀਗੜ੍ਹ

# Adhunikta: Mudh Ate Vikas

by
**Charan Singh**
8771-143 Street
Surrey, B.C. V3W4G4
Canada
Ph : 778-564-0331
Email : virdycharan@gmail.com

**ISBN**

**978-93-86632-88-3**

**Edition 2018**

© Author

ਮੈਂ ਛਪਾਈ ਦੇ ਕਾਰਜ ਪ੍ਰਤੀ ਸੋਨੂੰ ਦਾ ਬਹੁਤ ਧੰਨਵਾਦੀ ਹਾਂ, ਜਿਸ ਨੇ ਬੜੀ ਲਗਨ ਤੇ ਮਿਹਨਤ ਨਾਲ ਇਸ ਪੁਸਤਕ ਦੀ ਛਪਾਈ ਦਾ ਕਾਰਜ ਕ੍ਰਮ ਮੁਕੰਮਲ ਕੀਤਾ।

ਚਰਨ ਸਿੰਘ

Published by
**Sapatrishi Publications**
24/9, Industrial Area, Phase-2,
Near Tribune Chowk, Chandigarh.
094630-88272, 0172-5002591
E-mail-: sapatrishi94@gmail.com

*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher and Author.*

## ਇਸੇ ਕਲਮ ਤੋਂ

- ਤੀਸਰੀ ਅੱਖ (ਕਾਵਿ ਸੰਗ੍ਰਹਿ) 1982
- ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
- ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
- ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
- ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
- ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
- ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
- ਮੁੜ੍ਹਕੇ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
- ਵਿਪਰੀਤ (ਕਾਵਿ ਸੰਗ੍ਰਹਿ) 2009
- ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
- ਅੰਤਰੀਵ (ਕਾਵਿ ਸੰਗ੍ਰਹਿ) 2010
- ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
- ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
- ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
- ਪ੍ਰਕਰਮਾ (ਕਾਵਿ ਸੰਗ੍ਰਹਿ) 2011
- ਦੀਵੇ ਜਗਦੇ ਨੈਣ (ਅਗ਼ਜ਼ਲ) 2011
- ਰਿਸ਼ਮਾਂ (ਕਾਵਿ ਸੰਗ੍ਰਹਿ) 2012
- ਦਰਪਣ (ਕਾਵਿ ਸੰਗ੍ਰਹਿ) 2012
- ਅਨੁਭਵ (ਕਾਵਿ ਸੰਗ੍ਰਹਿ) 2012
- ਪ੍ਰਛਾਵੇਂ (ਕਾਵਿ ਸੰਗ੍ਰਹਿ) 2012
- ਤ੍ਰੈਕਾਲ (ਕਾਵਿ ਸੰਗ੍ਰਹਿ) 2012
- ਆਗਮਨ (ਕਾਵਿ ਸੰਗ੍ਰਹਿ) 2012
- ਪ੍ਰਵਾਜ਼ (ਕਾਵਿ ਸੰਗ੍ਰਹਿ) 2012
- ਤ੍ਰਿਵੇਣੀ (ਕਾਵਿ ਸੰਗ੍ਰਹਿ) 2012
- ਕੋਰਾ ਕਾਗ਼ਜ਼ (ਕਾਵਿ ਸੰਗ੍ਰਹਿ) 2012
- ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
- ਬੁੱਕਲ (ਕਾਵਿ ਸੰਗ੍ਰਹਿ) 2012

- ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012
- ਸੁਰੱਖਸ਼ਾ (ਛੋਟੀਆਂ ਲੰਬੀਆਂ ਕਵਿਤਾਵਾਂ) 2013
- ਹਸਤਨਾਪੁਰ (ਛੋਟੀਆਂ ਲੰਬੀਆਂ ਕਵਿਤਾਵਾਂ) 2013
- ਸਮਾਧੀ (ਕਾਵਿ ਸੰਗ੍ਰਹਿ) 2013
- ਅੰਕੁਰ (ਲਘੂ ਕਵਿਤਾਵਾਂ) 2013
- ਪੱਥਰ ਦਾ ਸਫ਼ਰ (ਕਾਵਿ ਸੰਗ੍ਰਹਿ) 2013
- ਮੁਕਤੀ (ਲੰਬੀ ਕਵਿਤਾ) 2014
- ਹੋਂਦ ਦੀ ਤਲਾਸ਼ (ਲੰਬੀ ਕਵਿਤਾ) 2014
- ਮੈਂ, ਪਗ-ਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ) 2014
- ਚਰਨ ਸਿੰਘ ਕਾਵਿ ਬਾਰੇ ਆਲੋਚਨਾਤਮਕ ਅਧਿਐਨ
- ਚਰਨ ਸਿੰਘ ਦਾ ਕਾਵਿ ਲੋਕ - ਪ੍ਰੋ.ਬ੍ਰਹਮ ਜਗਦੀਸ਼ ਸਿੰਘ 2015
- ਕਵਿਤਾ ਦੀ ਆਬਸ਼ਾਰ (ਚੋਣਵੀਂ ਕਵਿਤਾ) - ਪ੍ਰਮਿੰਦਰਜੀਤ 2015
- Beyond the horizon (Poetry in English) Tanslator : Krishan Bector - 2016
- ਕੁਕਨੂਸ (ਕਾਵਿ ਸੰਗ੍ਰਹਿ) 2016
- ਕਿਵ ਸੱਚਿਆਰਾ ਹੋਈਐ (ਕਾਵਿ-ਨਾਟਕ)
- ਆਧੁਨਿਕਤਾ ਦਾ ਮੁੱਢ ਤੇ ਵਿਕਾਸ (ਵਾਰਤਕ)

ਛਪਾਈ ਅਧੀਨ ਪੁਸਤਕਾਂ

- ਮਹਿਮਾ (ਕਾਵਿ ਸੰਗ੍ਰਹਿ)
- ਸਾਏ ਦਾ ਸਫ਼ਰ (ਕਾਵਿ ਸੰਗ੍ਰਹਿ)
- ਮੈਲੀ ਧਰਤੀ (ਲੋਕ ਟੱਪੇ)
- ਹੰਝੂਆਂ ਦੇ ਦਰਿਆ (ਪ੍ਰਗੀਤਕ -ਕਾਵਿ)
- ਛੁੱਪ ਗਏ ਤਾਰੇ (ਪ੍ਰਗੀਤਕ ਕਾਵਿ)
- ਅਰਥ (ਛੋਟੀਆਂ ਲੰਬੀਆਂ ਕਵਿਤਾਵਾਂ)
- ਜਗਿਆਸਾ (ਛੋਟੀਆਂ ਲੰਬੀਆਂ ਕਵਿਤਾਵਾਂ)
- ਬਸਤੀ ਤੇ ਸ਼ਹਿਰ (ਛੋਟੀਆਂ ਲੰਬੀਆਂ ਕਵਿਤਾਵਾਂ)
- ਕ੍ਰਾਂਤੀ (ਛੋਟੀਆਂ ਲੰਬੀਆਂ ਕਵਿਤਾਵਾਂ)
- ਪ੍ਰਦੂਸ਼ਣ (ਛੋਟੀਆਂ ਲੰਬੀਆਂ ਕਵਿਤਾਵਾਂ)
- ਖ਼ਾਲੀ ਘਰ (ਛੋਟੀਆਂ ਲੰਬੀਆਂ ਕਵਿਤਾਵਾਂ)
- ਪ੍ਰਦਰਸ਼ਨੀ (ਛੋਟੀਆਂ ਲੰਬੀਆਂ ਕਵਿਤਾਵਾਂ)
- ਪ੍ਰਵਚਨ (ਕਾਵਿ ਸੰਗ੍ਰਹਿ) ਦਸ ਭਾਗਾਂ ਵਿਚ

# ਤਤਕਰਾ


- ਆਧੁਨਿਕਤਾ ਅਤੇ ਵਿਸ਼ਵ ਚਿੰਤਨ : ਗਿਆਨ ਸ਼ਾਸਤਰ ਤੇ ਅਨੁਭਵ — 1
- ਆਧੁਨਿਕ ਚੇਤਨਾ ਤੇ ਪੂੰਜੀਵਾਦੀ ਵਿਕਾਸ : ਪ੍ਰਵਚਨ ਅਤੇ ਪਾਸਾਰ — 41
- ਆਧੁਨਿਕ ਸਾਹਿਤ ਇਤਿਹਾਸ : ਪ੍ਰਭੂਤਾ, ਸ਼ਹਿਰੀਕਰਨ ਅਤੇ ਯੁੱਗ ਪ੍ਰਵਿਰਤੀਆਂ — 81
- ਆਧੁਨਿਕ ਸਾਹਿਤ : ਰੂਪ ਰਚਨਾ ਅਤੇ ਕਾਵਿ ਸ਼ਾਸਤਰ — 148
- ਆਧੁਨਿਕ ਆਲੋਚਨਾ : ਦਾਰਸ਼ਨਿਕ ਅਤੇ ਇਤਿਹਾਸਕ ਚੇਤਨਾ — 196

# ਆਧੁਨਿਕਤਾ ਅਤੇ ਵਿਸ਼ਵ ਚਿੰਤਨ : ਗਿਆਨ ਸ਼ਾਸਤਰ ਤੇ ਅਨੁਭਵ

ਆਧੁਨਿਕਤਾ ਦੇ ਇਤਿਹਾਸਕ ਮੁੱਢ 'ਤੇ ਵਿਕਾਸ ਬਾਰੇ ਵਿਦਵਾਨਾਂ ਦੀ ਵੱਖ-ਵੱਖ ਰਾਏ ਹੈ। ਅਸੀਂ ਇਨ੍ਹਾਂ ਵਿਦਵਾਨਾਂ ਦੇ ਵੱਖ-ਵੱਖ ਵਿਚਾਰਾਂ 'ਤੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਵਿਚਾਰ ਕਰਾਂਗੇ, ਸਮਝਾਂਗੇ ਅਤੇ ਫਿਰ ਆਧੁਨਿਕਤਾ ਦੇ ਆਰੰਭ ਪ੍ਰਤੀ ਸਿੱਟੇ ਕੱਢਾਂਗੇ। ਕੁੱਝ ਵਿਦਵਾਨਾਂ ਦਾ ਵਿਚਾਰ ਹੈ, ਕਿ ਆਧੁਨਿਕਤਾ ਪੱਛਮ ਵਿਚ 17 ਵੀਂ ਸਦੀ ਦੇ ਆਰੰਭ ਵਿਚ ਦ੍ਰਿਸ਼ਟੀਗੋਚਰ ਹੋਈ। ਕੁੱਝ ਵਿਦਵਾਨਾਂ ਦਾ ਵਿਚਾਰ ਹੈ, ਕਿ ਆਧੁਨਿਕਤਾ 13ਵੀਂ-14ਵੀਂ ਸਦੀ ਵਿਚ ਹੋਂਦ ਵਿਚ ਆਈ।

ਅਸਲ ਵਿਚ ਆਧੁਨਿਕਤਾ ਗੈਲੀਓ, ਨਿਊਟਨ, ਲਾਇਬਨਿਜ਼ ਅਤੇ ਡੇਕਾਰਡ ਦੀਆਂ ਦਲੀਲਾਂ ਭਰਪੂਰ ਉਪਲੱਬਦੀਆਂ ਸਦਕਾ ਹੋਂਦ ਵਿਚ ਆਈ। 18ਵੀਂ ਸਦੀ ਦੇ age of enlightment ਯੁੱਗ ਦੀਆਂ ਪ੍ਰਮੁੱਖ ਯੋਜਨਾਵਾਂ ਨੂੰ ਮੁੱਖ ਰੱਖਦਿਆਂ ਜੋ 16ਵੀਂ ਸਦੀ ਵਿਚ ਮੁਕੰਮਲ ਹੋ ਗਈਆਂ ਸਨ। 19ਵੀਂ ਸਦੀ ਦੀਆਂ ਸੱਤ ਵਿਸ਼ਵ ਪ੍ਰਸਿੱਧ ਹਸਤੀਆਂ ਰਾਹੀਂ ਆਧੁਨਿਕਤਾ ਦੀ ਰੂਪ-ਰੇਖਾ ਅਤੇ ਪਰਿਭਾਸ਼ਾ ਨਿਸ਼ਚਿਤ ਕੀਤੀ ਗਈ। ਇਹ ਬੁੱਧੀਜੀਵੀ ਚਾਰਲਸ ਡਾਰਵਿਨ (1809-1882), ਕਾਰਲ ਮਾਰਕਸ (1818-1883), ਫ੍ਰੈਡਰਿਕ ਨਿਤਸ਼ੇ (1844-1900), ਸਿਗਮੰਡ ਫ੍ਰਾਇਡ (1856-1939), ਫਰਦੀਨਾ ਦਾ ਸਾਸਿਓਰ (1857-1955), ਪਾਬਲੋ ਪਿਕਾਸੋ (1881-1973) ਅਤੇ ਅਲਬਰਟ ਆਈਨ ਸਟਾਈਨ (1879-1955) ਸਨ।

ਇਨ੍ਹਾਂ ਵਿਦਵਾਨਾਂ ਦੀ ਵਿਚਾਰਧਾਰਾ ਨੇ ਸਾਰੇ ਵਿਸ਼ਵ ਦੀ ਮਾਨਵਤਾ ਦਾ ਸੋਚਣ ਢੰਗ ਹੀ ਬਦਲ ਕੇ ਰੱਖ ਦਿੱਤਾ। ਇਨ੍ਹਾਂ ਬੁੱਧੀਜੀਵੀਆਂ ਦੇ ਜੀਵਨ ਕਾਲ ਵਿਚ ਆਧੁਨਿਕ ਕਾਲ ਵਿਕਸਤ ਹੋਇਆ ਸਮਝਿਆ ਜਾਂਦਾ ਹੈ। 20ਵੀਂ ਸਦੀ ਦੇ ਵਿਸ਼ਵ ਸਾਹਿਤ, ਭਾਸ਼ਾ, ਕਲਾ, ਸਭਿਆਚਾਰ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਢਾਂਚੇ ਨੂੰ ਇਸ ਵਿਚਾਰਧਾਰਾ ਨੇ ਬਹੁਤ ਪ੍ਰਭਾਵਿਤ ਕੀਤਾ ਅਤੇ ਅੱਜ ਤੱਕ ਕਰ ਰਹੀ ਹੈ। ਇਸ ਸਮੇਂ ਭੌਤਿਕ ਵਿਗਿਆਨੀ ਵਰਨਰ ਹਾਇਜ਼ਨ ਬਰਗ (1901-1976), ਪਾਬਲੋ ਨਾਰੂਦਾ (1904-1973) ਅਤੇ ਯਾਂ ਪਾਲ

ਸਾਰਤਰ (1905-1980) ਅਜਿਹੇ ਬੁੱਧੀਜੀਵੀਆਂ ਅਨਿਸ਼ਚਿਤਾ, ਕ੍ਰਾਂਤੀਕਾਰੀ ਅਤੇ ਹੋਂਦਵਾਦ ਦੇ ਨਿਯਮਾਂ ਨਾਲ ਆਧੁਨਿਕਵਾਦ ਦੇ ਸਮਕਾਲੀ ਚਿਹਰੇ ਨੂੰ ਸਪੱਸ਼ਟ ਕਰਨ ਵਿਚ ਅਮੁੱਲੀ ਅਤੇ ਅਰਥ ਭਰਪੂਰ ਤਰਕਸ਼ੀਲਤਾ ਪ੍ਰਦਾਨ ਕੀਤੀ ਹੈ। ਬਹੁ-ਗਿਣਤੀ ਵਿਦਵਾਨ ਭਾਵੇਂ ਆਧੁਨਿਕਤਾ ਦੇ ਉਪਰੋਕਤ ਇਤਿਹਾਸਕ ਆਰੰਭ ਨਾਲ ਸਹਿਮਤ ਨਹੀਂ ਪਰ ਹਰ ਵਿਵਾਦ ਗ੍ਰਸਤ ਸੰਕਲਪ ਵਾਂਗ ਸੱਭ ਦਾ ਸਹਿਮਤ ਹੋਣਾ ਜ਼ਰੂਰੀ ਵੀ ਨਹੀਂ।

ਆਧੁਨਿਕਤਾ ਉੱਤਰ ਪੁਰਾਤਨ ਅਤੇ ਉੱਤਰ ਮੱਧ ਇਤਿਹਾਸਿਕ ਸਮੇਂ ਦੀ ਦੇਣ ਹੈ। ਕਈਆਂ ਵਿਦਵਾਨਾਂ ਦਾ ਵਿਚਾਰ ਹੈ, ਜਦੋਂ ਜਗੀਰਦਾਰੀ, ਸਰਮਾਏਦਾਰੀ, ਉਦਯੋਗੀਕਰਨ, ਧਰਮ-ਨਿਰਪੱਖਤਾ, ਬੁੱਧੀਵਾਦ, ਰਾਜ 'ਤੇ ਰਾਸ਼ਟਰ ਆਧੁਨਿਕਤਾ ਦੀਆਂ ਸੰਵਿਧਾਨਕ ਸੰਸਥਾਵਾਂ ਚੌਕਸੀ ਵੱਲ ਵਧੇ ਤਾਂ ਆਧੁਨਿਕਤਾ ਦੇ ਅਕੂੰਰ ਪੁੰਗਰੇ। ਸ਼ਹਿਰੀ ਨਾਗਰਿਕਤਾ ਦੇ ਜੀਵਨ ਤਜ਼ਰਬੇ ਦੀ ਉਡਾਰੀ ਆਧੁਨਿਕਤਾ ਦੇ ਅਕੂੰਰ ਪੁੰਗਰਨ ਦੀ ਨਿਯੁਕਤੀ ਕਰਦੀ ਹੈ। ਪੱਛਮੀ ਦਾਰਸ਼ਨਿਕਤਾ ਵਿਚ 1650-1800 ਵਿਚ ਬੌਧਿਕ ਯੁੱਗ ਦੀ ਘਟਨਾ ਵਾਪਰੀ। ਸਰਮਾਏਦਾਰੀ ਪ੍ਰਭਾਵ ਕਾਰਨ ਸਮਾਜ ਸੰਬੰਧ ਸਰਮਾਏਦਾਰੀ ਨਿਜ਼ਾਮ ਨਾਲ ਜੁੜੇ। ਇਸ ਵਿਚਾਰ ਦੀ ਤਸਦੀਕ ਆਧੁਨਿਕਤਾ ਕਰਦੀ ਹੈ। ਬੌਧਿਕ ਸਭਿਆਚਾਰ ਦੇ ਤੌਰ ਤਰੀਕੇ ਖ਼ਾਸ ਤੌਰ 'ਤੇ ਧਰਮ ਨਿਰਪੱਖਤਾ ਨਾਲ ਸੰਬੰਧਿਤ ਲਹਿਰ ਨਾਲ ਜੁੜੇ, ਇਸ ਦਾ ਜ਼ਿਕਰ ਵੀ ਆਧੁਨਿਕਤਾ ਕਰਦੀ ਹੈ। ਜਿਵੇਂ Marxism ਵਿਚ existentialism ਅਤੇ formal establishment of social science ਅਜਿਹੀਆਂ ਬੌਧਿਕ ਲਹਿਰਾਂ ਆਧੁਨਿਕਤਾ ਦੇ ਸੰਦਰਭ ਵਿਚ 1756-1789 ਤੱਕ ਚੱਲੀਆਂ ਅਤੇ ਬਾਅਦ ਵਿਚ ਵੀ ਅਸਰ ਭਰਪੂਰ ਰਹੀਆਂ।

ਆਧੁਨਿਕਤਾ ਨਾਲ ਸੰਬੰਧਿਤ ਸੀਮਾ ਦੀ ਮਿਆਦ Latin ਭਾਸ਼ਾ ਵਿਚ modo ਸ਼ਬਦ ਤੋਂ ਸ਼ੁਰੂ ਹੁੰਦੀ ਹੈ। ਇਹ ਮਿਆਦ ਪੰਜਵੀਂ ਸਦੀ ਤੋਂ ਮਿੱਥੀ ਜਾਂਦੀ ਹੈ। cassio dorus ਪਹਿਲਾ ਲਿਖਾਰੀ ਸੀ, ਜਿਸ ਨੇ ਆਧੁਨਿਕ ਸ਼ਬਦ ਭਾਵ modern ਦਾ ਪ੍ਰਯੋਗ ਕੀਤਾ। ਆਧੁਨਿਕ ਸ਼ਬਦ ਆਮ ਤੌਰ ਵਿਚ 17ਵੀਂ ਸਦੀ ਵਿਚ ਆਇਆ ਹੈ। ਆਧੁਨਿਕਤਾ ਅਤੇ ਪੁਰਾਤਨਤਾ ਦੇ ਸੰਦਰਭ ਵਿਚ ਆਧੁਨਿਕ ਸਭਿਆਚਾਰ ਨੂੰ ਸਨਾਤਨੀ ਸਭਿਆਚਾਰ ਨਾਲੋਂ ਉੱਤਮ ਗਰਦਾਨਿਆ ਗਿਆ ਹੈ। ਇਸ ਦੀ ਵਰਤੋਂ ਕਰਕੇ ਆਧੁਨਿਕਤਾ ਨੇ ਭੂਤ ਦਾ ਤਿਆਗ ਕੀਤਾ। ਆਧੁਨਿਕਤਾ ਨੇ ਨਵੀਂ ਸ਼ੁਰੂਆਤ ਦਾ ਪੱਖ ਪੂਰਿਆ ਅਤੇ ਇਤਿਹਾਸ ਨੂੰ ਮੁੜ ਦੁਹਰਾਇਆ। ਆਧੁਨਿਕਤਾ ਅਤੇ ਆਧੁਨਿਕ (modern) ਵਿਚ ਫ਼ਰਕ 19ਵੀਂ ਸਦੀ ਤੱਕ ਹੋਂਦ ਵਿਚ ਆਇਆ। ਰਾਜਨੀਤਿਕ ਤੌਰ 'ਤੇ

ਆਧੁਨਿਕਤਾ ਦਾ ਮੁੱਢਲਾ ਪਹਿਲੂ niccolo machinavelli ਦੇ ਕੰਮ ਨਾਲ ਸ਼ੁਰੂ ਹੁੰਦਾ ਹੈ। ਜੋ aristotelian ਰਾਜਨੀਤਿਕ ਸ਼ੈਲੀ ਪੱਖੋਂ ਨਿਕਾਰਿਆ ਗਿਆ ਸੀ। ਇਸ ਸੰਦਰਭ ਵਿਚ ਨਿਕਾਰਿਆ ਗਿਆ ਸੀ, ਕਿ ਵਸਤੂ ਕਿਵੇਂ ਹੋਣੀਆਂ ਚਾਹੀਦੀਆਂ ਹਨ ਅਤੇ ਵਿਸ਼ਲੇਸ਼ਣ ਪੱਖੋਂ ਕੀ ਹਨ। Machiavelli ਨੇ ਕਿਹਾ ਸੀ ਕਿ ਇਸ ਗੱਲ ਦਾ ਹੱਲ ਰਾਜਨੀਤਿਕ ਮਕਸਦ ਹੈ। ਕਿਸੇ ਦੀ ਕਿਸਮਤ 'ਤੇ ਕਾਬੂ ਪਾਉਣਾ ਰਾਜਨੀਤੀ ਦੀ evil ਰਹਿਨੁਮਾਈ ਹੈ। ਉਦਾਹਰਣ ਦੇ ਤੌਰ 'ਤੇ ਰਾਜਨੀਤਿਕ ਉਲੰਘਣਾ ਰਾਜਨੀਤਿਕ ਭਾਈਚਾਰੇ ਦੀਆਂ ਭਾਗੀਦਾਰੀ ਹੋਣੀਆਂ ਲਾਜ਼ਮੀ ਹਨ ਕਿਉਂਕ ਇਹ ਰਾਜਨੀਤੀ ਲਈ ਸ਼ਕਤੀਸ਼ਾਲੀ ਸਾਧਨ ਹੋ ਸਕਦੀਆਂ ਹਨ। ਜਿਸ ਕਾਰਨ ਕਾਨੂੰਨ ਬਣਾਉਣ ਵਾਲੇ ਨੇਤਾ ਇਨ੍ਹਾਂ ਉਲੰਘਣਾ ਮਈ ਸ਼ਕਤੀਆਂ ਅੱਗੇ ਉੱਤਰਦਾਇਕ ਹੋ ਸਕਦੇ ਹਨ। Machiavelli ਨੇ ਇਹ ਵੀ ਕਿਹਾ, ਕਿ ਇਹ ਸ਼ਕਤੀਆਂ ਕਈ ਵਾਰੀ ਰਾਜਿਆਂ ਅਤੇ ਸ਼ਹਿਨਸ਼ਾਹ 'ਤੇ ਪ੍ਰਭਾਵ ਪਾਉਂਦੀਆਂ ਹਨ। ਪਰ ਵੇਖਣ ਵਿਚ ਆਇਆ ਹੈ, ਕਿ ਇਹ ਸ਼ਕਤੀਆਂ ਸ਼ਾਸਕਾਂ ਨਾਲੋਂ ਲੋਕਾਂ ਦਾ ਪੱਖ ਵਧੇਰੇ ਪੂਰਦੀਆਂ ਹਨ।

ਆਧੁਨਿਕਤਾ ਦੀ ਮਹੱਤਵਪੂਰਨ ਸਿੱਖਿਆ ਜੋ Machiavelli ਦੇ ਅਸਲਵਾਦ 'ਚੋਂ ਨਿਕਲਦੀ ਹੈ। ਇਸ ਬਾਰੇ mandevill ਪ੍ਰਭਾਵਸ਼ਾਲੀ ਸੁਝਾਓ ਦਿੰਦਾ ਹੈ। ਉਸ ਦਾ ਕਥਨ ਹੈ, "private vices by the dexterous mangment of skillful politician may be turned in to public benefits" ਭਾਵ ਗੁਪਤ ਦੁਰਾਚਾਰੀ ਸ਼ਕਰ ਰੋਗ ਦੀ ਮਾਰੀ ਪ੍ਰਬੰਧਕਤਾ ਕੁੱਝ ਕਾਰੀਗਰ ਰਾਜਨੀਤਿਕ ਦੀ ਹੋ ਸਕਦੀ ਹੈ ਜੋ ਲੋਕ ਭਲੇ 'ਚ ਬਦਲ ਜਾਏ।

ਸਭਿਆਚਾਰਕ ਤੇ ਦਾਰਸ਼ਿਨਕ ਪੱਖੋਂ ਆਧੁਨਿਕਤਾ ਦਾ ਸਮਾਂ ਸਮਾਜਿਕ ਤੌਰ 'ਤੇ ਉਦਯੋਗਿਕ ਅਤੇ ਮਜ਼ਦੂਰੀ ਦੀ ਵੰਡ ਦੀ ਅਵਸ਼ਕਤਾ ਦੀ ਕਮੀ ਪੱਖੋਂ ਚਿਤਾਰਿਆ ਜਾ ਸਕਦਾ ਹੈ। ਉਦਯੋਗਿਕ ਅਤੇ ਮਜ਼ਦੂਰੀ ਦੀ ਵੰਡ ਦੀ ਅਵਸ਼ਕਤਾ ਪਹਿਲਾਂ ਕਦੀ ਵੀ ਮਹਿਸੂਸ ਨਹੀਂ ਸੀ ਕੀਤੀ ਗਈ। ਮੁੱਖ ਤੌਰ 'ਤੇ ਵਗਾਰ (unpaid labour) ਪੱਖੋਂ ਨਵੀਂਆਂ ਦਾਰਸ਼ਨਿਕ ਸ਼ਰਤਾਂ ਮਨੁੱਖ ਦੇ ਸਾਹਮਣੇ ਆਈਆਂ। 19ਵੀਂ ਸਦੀ ਦੇ ਬਹੁਤ ਸਾਰੇ ਵਿਦਵਾਨ ਜਿਵੇਂ ਕਿ auguste comte ਤੋਂ ਲੈ ਕੇ karl marx ਅਤੇ Sigmund freud ਨੇ ਵਿਗਿਆਨਕ, ਰਾਜਨੀਤਿਕ ਅਤੇ ਧਰਮ-ਨਿਰਪੱਖਤਾ ਦੀਆਂ ਵਿਚਾਰਧਾਰਾਵਾਂ ਦੀਆਂ ਲਹਿਰਾਂ ਜੋ ਭੂਤ ਵਿਚ ਉੱਠੀਆਂ ਸਨ, ਜਹਾਜ਼ ਪਿੱਛੇ ਪਾਣੀ ਦੀ ਲੀਕ ਵਾਂਗ ਦੱਸੀਆਂ ਹਨ ਕਿਉਂਕਿ ਇਨ੍ਹਾਂ ਵਿਚਾਰਧਾਰਾਵਾਂ ਦੇ ਸਿੱਟੇ 19ਵੀਂ ਸਦੀ ਤੱਕ ਵੀ ਕੋਈ ਮਹੱਤਵਪੂਰਨ ਨਹੀਂ ਸਨ ਨਿਕਲੇ। ਇਸ ਦੀ ਪ੍ਰੋੜਤਾ ਆਧੁਨਿਕ ਸਮੇਂ ਦੀ ਵਿਚਾਰਧਾਰਾ ਵੀ ਕਰਦੀ ਹੈ।

ਆਧੁਨਿਕਤਾ, ਆਧੁਨਿਕ ਸਮੇਂ ਦੀ ਉੱਤਰ-ਪੁਰਾਤਨਤਾ ਦੀ ਪਰਿਭਾਸ਼ਾ ਹੈ। ਉੱਤਰ-ਮੱਧ ਇਤਿਹਾਸਿਕ ਯੁੱਗ ਵਿਸ਼ੇਸ਼ ਤੌਰ 'ਤੇ ਇਸਾਈ ਮੱਤ ਦਾ ਆਧੁਨਿਕਤਾ ਦਾ ਧਰਮਿਕ ਪੱਖ ਹੈ। ਵਿਗਿਆਨਿਕ ਤੌਰ 'ਤੇ Copernicus, kepler, gallieo ਅਤੇ ਹੋਰ ਵਿਦਵਾਨਾਂ ਨੇ 16ਵੀਂ ਤੇ 17ਵੀਂ ਸਦੀ ਵਿਚ ਭੌਤਿਕ ਵਿਗਿਆਨ ਅਤੇ ਨਛੱਤਰ ਵਿਗਿਆਨ ਪ੍ਰਤੀ ਇੱਕ ਨਵੀਂ ਪਹੁੰਚ ਪੇਸ਼ ਕੀਤੀ ਹੈ। ਜਿਸ ਨੇ ਲੋਕਾਂ ਦਾ ਸੋਚਣ ਢੰਗ ਬਦਲ ਦਿੱਤਾ ਹੈ। ਲੋਕਾਂ ਦਾ ਵਸਤੂਆਂ ਨੂੰ ਵੇਖਣ ਦਾ ਦ੍ਰਿਸ਼ਟੀਕੋਣ ਬਦਲ ਗਿਆ। Copernicus ਨੇ ਇੱਕ ਨਵਾਂ ਨਮੂਨਾ ਪੇਸ਼ ਕੀਤਾ। ਇਹ ਸੀ solorsystem ਜੋ ਧਰਤੀ 'ਤੇ ਵਸਦੇ ਮਨੁੱਖ ਦੇ ਘਰਾਂ ਵਿਚ ਨਹੀਂ ਸੀ। kepler ਨੇ ਭੌਤਿਕ ਵਿਗਿਆਨ ਨੂੰ ਵਿਚਾਰਨ ਲਈ mathematics ਦੀ ਵਰਤੋਂ ਕੀਤੀ। gallieo ਨੇ ਆਪਣੇ ਇਕਸਾਰਤਾ ਦੇ ਸਿਧਾਂਤ ਨੂੰ ਸਿੱਧ ਕੀਤਾ। mathematics ਦੀ ਵਰਤੋਂ ਨਾਲ ਇਕਸਾਰਤਾ ਦੀ ਗਤੀ ਦੇ ਵਿਕਾਸ ਨੂੰ ਵਧਾ ਕੇ ਦੱਸਿਆ ਗਿਆ। ਆਧੁਨਿਕਤਾ ਦੇ ਵਿਕਾਸ ਲਈ ਇਨ੍ਹਾਂ ਵਿਦਵਾਨਾਂ ਦਾ ਵੱਡਾ ਯੋਗਦਾਨ ਸੀ।

Francis bacon ਨੇ ਆਪਣੀ ਨਵੀਂ ਵਿਚਾਰਧਾਰਾ, ਆਪਣੇ ਨਵੇਂ ਤਜ਼ਰਬੇ ਦੇ ਅਧਾਰ 'ਤੇ ਵਿਗਿਆਨਿਕ ਦ੍ਰਿਸ਼ਟੀ ਪੇਸ਼ ਕੀਤੀ। ਉਸਦਾ ਮੱਤ ਸੀ ਕਿ ਕੋਈ ਵੀ ਗਿਆਨ ਕਿਸੇ ਵੀ ਚੀਜ਼ ਦੇ ਆਮ ਅਤੇ ਅੰਤਿਮ ਕਰਨ ਲਈ ਹੈ। ਇਹ ਪਦਾਰਥਕ ਹੈ, ਸਨਾਤਨੀ ਦਰਸ਼ਨ ਵਾਂਗ। ਪਰ bacon ਨੇ ਇਸ ਵਿਚ ਇੱਕ ਮਕਸਦ ਰੱਖ ਦਿੱਤਾ ਕਿ ਵਿਗਿਆਨ ਮਨੁੱਖਤਾ ਦੀ ਭਲਾਈ ਕੁਦਰਤ 'ਤੇ ਕਾਬੂ ਪਾ ਸਕਦਾ ਹੈ। ਜਿਸਦੇ ਸਿੱਟੇ ਵਜੋਂ ਆਧੁਨਿਕਤਾ ਹੋਂਦ ਵਿਚ ਆਈ। franics bacon ਇਸ ਸੰਬੰਧ ਵਿਚ Machiavelli ਦੇ ਮੱਧ ਯੁੱਗ ਦੇ ਮੁੱਢਲੇ ਸਮਾਜਿਕ ਆਲੋਚਨਾਤਮਕ ਵਿਚਾਰਾਂ ਤੋਂ ਪ੍ਰਭਾਵਿਤ ਸੀ। bacon ਦਾ ਉਸ ਸਮੇਂ ਨੇਤਾਵਾਂ ਨੂੰ ਸੁਝਾਓ ਸੀ ਕਿ ਉਹ ਵੀ ਆਪਣੀ ਕਿਸਮਤ 'ਤੇ ਕਾਬੂ ਪਾ ਸਕਦੇ ਹਨ। gallieo ਅਤੇ bacon ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ rene Descartes ਲਿਖਦਾ ਹੈ ਕਿ "argued soon after that mathematics and geometry provided a model of new scientific knowledge could be built up in small steps"

Descartres ਅਤੇ bacon ਦੇ ਵਿਸ਼ੇ ਤਜ਼ਰਬਿਆਂ ਤੋਂ Isaac newton ਬੜਾ ਪ੍ਰਭਾਵਿਤ ਸੀ। ਜਿਸ ਨੇ ਆਦਿ ਰੂਪ ਵਿਚ ਉਦਾਹਰਨ ਦਿੱਤੀ "how both Cartesian mathematics geometry and theoretical deduction on the one hand and baconian experimental observation and induction on the other hand, together could

lead to great advances in the political understanding of regularities in nature. ਜੋ Francis bacon ਵਿਚ ਆਧੁਨਿਕ ਰਾਜਨੀਤਿਕ ਸੋਚ ਦਾ ਵਿਸ਼ਾਲ ਰੂਪ ਧਾਰ ਗਈ।

Rousseau ਦੀ ਮਨੁੱਖੀ ਸੁਭਾਅ ਪ੍ਰਤੀ ਵਿਚਾਰਧਾਰਾ ਅਵਾਮ ਨੂੰ ਮੁੜ ਨਵੀਂ ਆਲੋਚਨਾ ਵੱਲ ਲੈ ਜਾਂਦੀ ਹੈ। ਜਿਸ ਕਾਰਨ ਮਨੁੱਖੀ ਸੁਭਾਅ ਦੇ ਮੁੱਲ ਅਤੇ ਪ੍ਰਵਿਰਤੀਆਂ ਇੱਕ ਨਵੀਂ ਸਮਝ ਵਿਚ ਤਬਦੀਲ ਹੋ ਜਾਂਦੀਆਂ ਹਨ। ਇਹ ਤਬਦੀਲੀ ਮਨੁੱਖ ਦੇ ਘਰੇਲੂ ਰੋਮਾਂਚਕ ਜੀਵਨ ਵਿਚ ਕਲਾ ਦੇ ਸੰਦਰਭ ਤੋਂ ਹੁੰਦੀ ਹੈ। 18ਵੀਂ ਅਤੇ 19ਵੀਂ ਸਦੀ ਦੀ ਜਰਮਨ ਵਿਚਲੀ ਆਦਰਸ਼ਵਾਦੀ ਅਤੇ ਰੁਮਾਂਸਵਾਦੀ ਲਹਿਰ ਦਾ ਮੁੱਢ, ਇਹ ਤਬਦੀਲੀ ਹੀ ਸੀ। ਆਧੁਨਿਕ ਕਲਾ ਸਿਰਫ਼ ਇਸ ਲਹਿਰ ਨਾਲ ਸੰਬੰਧਿਤ ਸੀ। ਇਸੇ ਕਾਰਨ ਬਾਅਦ ਦੇ ਸਮੇਂ ਵਿਚ ਆਧੁਨਿਕਤਾ ਦੀ ਟਰਮ ਨੂੰ ਆਧੁਨਿਕ ਰੂਪ ਨਾਲ ਕਲਾ ਦੇ ਇਤਿਹਾਸ ਵਿਚ ਅਪਣਾਇਆ ਗਿਆ। ਜੋ ਆਧੁਨਿਕ ਅਤੇ ਆਧੁਨਿਕਵਾਦ ਵਿਚ ਆਧੁਨਿਕਤਾ ਨਾਲੋਂ ਵੱਖਰੀ ਸੀ। ਇਸ ਵਿਚ ਜੀਵਨ ਖੋਜ ਦਾ ਮੁੱਢਲਾ ਤੱਤ ਆਧੁਨਿਕਤਾ ਦੇ ਸੰਦਰਭ ਵਿਚ ਮੁਕੰਮਲ ਜਾਪਦਾ ਸੀ। ਜੋ ਕਲਾ ਪੱਖੋਂ ਵਧੇਰੇ ਆਧੁਨਿਕ ਅਤੇ ਪ੍ਰਮਾਣਿਤ ਸੀ।

Weber ਅਨੁਸਾਰ ਆਧੁਨਿਕ ਤਬਦੀਲੀ ਦੀ ਅਵਸਥਾ ਨੂੰ ਬਹੁਤ ਸਮਾਂ ਲੱਗਦਾ ਹੈ। ਆਧੁਨਿਕਤਾ ਪ੍ਰਤੀ ਵਿਚਾਰਸ਼ੀਲਤਾ ਨੂੰ ਵਧਾਉਣ ਵਿਚ ਵਿਵੇਕ ਦੀ ਪ੍ਰਧਾਨਤਾ ਹੈ। ਵਿਵੇਕ ਦਾ ਮਤਲਬ ਮਜ਼ਬੂਤ ਸੰਬੰਧ ਦਾ ਹੋਣਾ। ਸਾਡੇ ਵਿਚਾਰ ਅਨੁਸਾਰ ਆਧੁਨਿਕਤਾ ਨੂੰ ਸਮਝਣ ਲਈ ਪੁਰਾਤਨਵਾਦੀ ਸਮੇਂ ਵਿਚੋਂ ਕੱਢੇ ਸਿੱਟਿਆਂ ਨੂੰ ਤਰਕ ਦੇ ਅਧਾਰ 'ਤੇ ਅਪਣਾਉਣਾ ਜ਼ਰੂਰੀ ਹੈ। ਕਿਉਂਕਿ ਪੂਰਬ ਇਤਿਹਾਸਕ ਸਮੇਂ ਦੇ ਅਭਿਆਸ ਵਿਚੋਂ ਹੀ ਆਧੁਨਿਕਤਾ ਦੇ ਅਕੂੰਰ ਜਨਮਦੇ ਹਨ। ਇਸ ਦਾ ਭਾਵ ਹੈ ਕਿ ਨਿੱਗਰਤਾ ਸਾਡੇ action ਨਾਲ ਸੰਬੰਧਿਤ ਹੈ। ਦਰੁਸਤ ਸਿੱਟਿਆਂ ਨਾਲ ਦਰੁਸਤ ਅਮਲ ਜ਼ਰੂਰੀ ਹੈ।

ਮਨੁੱਖਵਾਦੀ ਪ੍ਰਵਿਰਤੀਆਂ ਅਤੇ ਮੁੱਲਾਂ ਬਾਰੇ ਭੌਤਿਕ ਵਿਗਿਆਨੀ ਆਇਨ ਸਟਾਇਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਹਨ। ਉਸ ਨੇ ਇਹ ਸਿੱਧ ਕੀਤਾ ਹੈ ਕਿ ਮਨੁੱਖ ਦੀਆਂ ਸਾਰੀਆਂ ਕਦਰਾਂ, ਕੀਮਤਾਂ ਵਿਚ ਪਰਸਪਰ ਸੰਬੰਧਿਤ ਹੈ। ਸੰਸਾਰ ਵਿਚ ਕੁੱਝ ਵੀ ਅੰਤਿਮ ਸੱਚ ਜਾਂ ਸੰਪੂਰਨ ਨਹੀਂ ਹੈ। ਕਿਸੇ ਵੀ ਮਨੁੱਖੀ ਫ਼ੈਸਲੇ ਤੋਂ ਪਹਿਲਾਂ ਕਿਸ ਸਥਿਤੀ ਵਿਚ ਹੈ। ਮਨੁੱਖ ਨੂੰ ਅਪਣੀ ਸਥਿਤੀ ਪ੍ਰਤੀ ਸਪੱਸ਼ਟ ਹੋਣ ਤੋਂ ਪਿੱਛੋਂ ਹੀ ਕਿਸੇ ਜੀਵਨ ਕੀਮਤ ਪ੍ਰਤੀ ਆਪਣਾ ਪ੍ਰਤੀਕਰਮ ਕਰਨਾ ਚਾਹੀਦਾ ਹੈ। ਆਇਨ ਸਟਾਇਨ ਦੇ ਇਸ ਵਿਚਾਰ ਨੇ ਜੀਵਨ ਵਿਚ ਵੱਡਮੁੱਲੀ ਤਬਦੀਲੀ ਲਿਆਂਦੀ। ਇਸ ਵਿਚਾਰ ਤੋਂ

ਪਹਿਲਾਂ ਮਨੁੱਖ ਕੋਲ ਸੰਪੂਰਨ ਸੱਚ ਸਨ। ਪਰ ਇਸ ਵਿਚਾਰਧਾਰਾ ਤੋਂ ਪਿੱਛੋਂ ਮਨੁੱਖ ਕੋਲ ਕੁੱਝ ਵੀ ਸੰਪੂਰਨ ਨਹੀਂ ਸੀ, ਭਾਵ ਅੰਤਿਮ ਸੱਚ ਨਹੀਂ ਸੀ। ਇਸ ਵਿਚਾਰ 'ਚੋਂ ਮਨੁੱਖੀ ਸਵੈ ਨਿਰਭਰਤਾ ਦਾ ਜਨਮ ਹੋਇਆ ਕਿਉਂਕਿ ਮਨੁੱਖ ਕੋਲ ਠੀਕ ਜਾਂ ਗਲਤ ਨੂੰ ਜਾਨਣ ਦਾ ਕੋਈ ਪੈਮਾਨਾ ਹੀ ਨਹੀਂ ਸੀ ਰਿਹਾ, ਮਨੁੱਖ ਨੂੰ ਸਵੈ-ਨਿਰਭਰ ਹੋਣਾ ਪਿਆ। ਇਸ ਲਈ ਮਨੁੱਖ ਆਪਣੀ ਸਵੈ-ਮੁਖਤਿਆਰੀ ਅਧੀਨ ਜੀਵਨ ਪ੍ਰਤੀ ਫ਼ੈਸਲੇ ਕਰਨ ਲੱਗਾ। ਇਤਿਹਾਸ ਨੂੰ ਇਕਾਈ ਦੇ ਰੂਪ 'ਚ ਵੇਖਣ ਦਾ ਅਕੂੰਰ ਮਨੁੱਖੀ ਚੇਤਨਤਾ 'ਚੋਂ ਇਸ ਵਿਚਾਰਧਾਰਾ ਤੋਂ ਬਾਅਦ ਹੀ ਪੈਦਾ ਹੋਇਆ, ਜਿਸ ਨੂੰ ਆਧੁਨਿਕਤਾ ਕਿਹਾ ਜਾਂਦਾ ਹੈ। ਇਤਿਹਾਸ ਨੂੰ ਵੱਖ-ਵੱਖ ਘਟਨਾਵਾਂ ਦੀ ਇਕਾਈ 'ਚ ਵੇਖਣ ਦਾ ਵਿਚਾਰ ਆਇਨ ਸਟਾਇਨ ਦੀ ਇਸ ਵਿਚਾਰਧਾਰਾ 'ਚੋਂ ਨਿਕਲਿਆ ਕਿ ਮਨੁੱਖ ਦੀਆਂ ਸਾਰੀਆਂ ਕਦਰਾਂ, ਕੀਮਤਾਂ ਪਰਸਪਰ ਸੰਬੰਧਿਤ ਹਨ।

ਆਧੁਨਿਕਤਾ ਦਾ ਇਤਿਹਾਸ ਕਈ ਤਰੀਕਿਆਂ ਨਾਲ ਹੋਂਦ ਵਿਚ ਆਇਆ ਹੈ। ਇਹ ਮੋਟੇ ਤੌਰ 'ਤੇ 18ਵੀਂ ਸਦੀ ਦੀ age of enlightment ਵਿਚ ਪ੍ਰਗਟਿਆ। 18ਵੀਂ ਸਦੀ age of reson ਦੇ ਤੌਰ 'ਤੇ ਵੀ ਜਾਣੀ ਜਾਂਦੀ ਹੈ। ਕੁੱਝ ਵਿਦਵਾਨਾਂ ਦਾ ਵਿਚਾਰ ਹੈ ਕਿ ਆਧੁਨਿਕਤਾ ਦਾ ਇਤਿਹਾਸਕ ਵਜੂਦ 16ਵੀਂ ਸਦੀ ਵਿਚ ਹੋਂਦ ਵਿਚ ਆਇਆ। ਜਦੋਂ imperialism ਦਾ ਸਮਾਂ ਸੀ, ਭਾਵ ਸ਼ਹਿਨਸ਼ਾਹੀ ਦਾ ਬੋਲਬਾਲਾ ਸੀ। ਜਦੋਂ ਮਾਧਿਅਮ ਦਾ ਸਾਧਨਾ ਦਾ ਸਿਧਾਂਤ ਆਮ ਤੌਰ 'ਤੇ ਸਮਝਿਆ ਜਾਣ ਲੱਗਾ ਸੀ। ਇਹ ਵੀ ਕਿਹਾ ਜਾਂਦਾ ਹੈ ਕਿ 18ਵੀਂ ਸਦੀਂ ਦੇ enlightment ਯੁੱਗ ਦੀਆਂ ਪ੍ਰਮੁੱਖ ਯੋਜਨਾਵਾਂ 16ਵੀਂ ਸਦੀ ਵਿਚ ਮੁਕੰਮਲ ਕਰ ਲਈਆਂ ਗਈਆਂ ਸਨ। ਜਿਨ੍ਹਾਂ ਨੂੰ ਮੁੱਖ ਰੱਖ ਕੇ 19ਵੀਂ ਸਦੀ ਦੇ ਵਿਦਵਾਨਾਂ ਨੇ ਆਧੁਨਿਕਤਾ ਦੀ ਰੂਪ-ਰੇਖਾ ਅਤੇ ਪਰਿਭਾਸ਼ਾ ਨਿਸ਼ਚਿਤ ਕੀਤੀ, ਜਿਸ ਦਾ ਜ਼ਿਕਰ ਅਸਾਂ ਮੁੱਢ ਵਿਚ ਕੀਤਾ ਹੈ। ਆਧੁਨਿਕਤਾ ਦੀ ਪਰਿਭਾਸ਼ਾ "modernity is philosophical and historical consciousness of time." ਭਾਵ ਆਧੁਨਿਕਤਾ ਇਤਿਹਾਸਕ ਸਮੇਂ ਦੀ ਦਾਰਸ਼ਨਿਕ ਚੇਤਨਾ ਹੈ। ਕੁੱਝ ਵਿਦਵਾਨਾਂ ਦਾ ਵਿਚਾਰ ਹੈ ਕਿ ਆਧੁਨਿਕਤਾ 15ਵੀਂ ਅਤੇ 16ਵੀਂ ਸਦੀ ਵਿਚ ਹੋਂਦ ਵਿਚ ਆਈ, ਜਦੋਂ ਮਾਧਿਅਮ ਸਿਧਾਂਤ ਦਾ ਅਸਰ ਨਜ਼ਰ ਆਉਂਦਾ ਸ਼ੁਰੂ ਹੋ ਗਿਆ ਸੀ, ਜਦੋਂ ਛਾਪੇਖ਼ਾਨੇ ਅਤੇ ਟੈਲੀਗ੍ਰਾਫ ਦੀ ਇਜ਼ਾਦ ਹੋਈ ਸੀ।

Mars hall ਅਨੁਸਾਰ ਆਧੁਨਿਕਤਾ ਦੀ ਕਾਲ ਵੰਡ ਇਸ ਪ੍ਰਕਾਰ ਹੈ।

1. Early time ਭਾਵ ਮੁੱਢਲਾ ਸਮਾਂ।
2. Classical time ਭਾਵ ਸਨਾਤਨੀ ਸਮਾਂ।

3. Late time ਭਾਵ ਪਿੱਛਲਾ ਸਮਾਂ।

Early modernity ਦਾ ਸਮਾਂ 1500 ਤੋਂ 1789 ਤੱਕ ਦਾ ਸਮਾਂ ਹੈ। ਪਰ traditional history ਅਨੁਸਾਰ ਇਹ ਸਮਾਂ 1453 ਤੋਂ 1789 ਦਾ ਮੰਨਿਆ ਗਿਆ ਹੈ।

Classical modernity ਭਾਵ ਸਨਾਤਨੀ ਆਧੁਨਿਕਤਾ ਦਾ ਸਮਾਂ 1789 ਤੋਂ 1900 ਤੱਕ ਦਾ ਮੰਨਿਆ ਗਿਆ ਹੈ।

Late modernity ਦਾ ਸਮਾਂ 1900 ਤੋਂ 1989 ਤੱਕ ਦਾ ਮੰਨਿਆ ਗਿਆ ਹੈ। ਇਸ ਨੂੰ ਅਜੋਕਾ ਸਮਾਂ ਵੀ ਆਖਿਆ ਜਾਂਦਾ ਹੈ। ਦੂਜੇ ਪਹਿਲੂ ਤੋਂ ਪ੍ਰਸਿੱਧ ਵਿਦਵਾਨ burman ਦਾ ਵਿਚਾਰ ਹੈ ਕਿ ਉਦਯੋਗਿਕ ਵਿਗਿਆਨ ਦੀ ਉਸਾਰੀ, ਅਖ਼ਬਾਰਾਂ ਅਤੇ tele graph ਅਤੇ ਦੂਸਰੇ ਲੋਕ ਸੰਚਾਰ ਸਾਧਨਾਂ ਦਾ ਵਿਕਾਸ ਵੀ ਇਸੇ ਸਮੇਂ ਹੀ ਹੋਇਆ ਹੈ। ਇਸ ਕਾਰਨ ਬਹੁਤ ਵੱਡੀ ਤਬਦੀਲੀ ਹੋਂਦ ਵਿਚ ਆਈ। ਇਸ ਲਈ ਆਧੁਨਿਕਤਾ ਦਾ ਵਿਕਾਸ ਸਨਅਤੀ ਵਿਕਾਸ ਕਾਰਨ ਹੋਇਆ ਅਤੇ ਇਹ ਸਨਅਤੀ ਵਿਕਾਸ ਸਰਮਾਏਦਾਰੀ ਦੇ ਨਾਮ ਹੇਠ ਹੋਇਆ। ਇਸ ਲਈ ਆਧੁਨਿਕਤਾ ਦੇ ਮੁੱਢਲੇ ਵਿਕਾਸ ਦਾ ਸਮਾਂ burman ਅਨੁਸਾਰ 18ਵੀਂ ਸਦੀ ਦੀ ਥਾਂ 16ਵੀਂ ਸਦੀ ਹੈ। burman ਦਾ ਇਹ ਵਿਚਾਰ ਉਸ ਅਨੁਸਾਰ ਦ੍ਰਿੜ ਹੈ।

ਆਧੁਨਿਕਤਾ, ਕਲਾ ਅਤੇ ਵਿਅਕਤੀਗਤ ਸਿਰਜਨਾਤਮਕ ਪੱਖੋਂ ਅਤੇ ਇੱਕ ਨਵੇਂ ਪਹਿਲੂ ਤੋਂ ਆਧੁਨਿਕ ਸਮੇਂ ਦੇ ਆਰੰਭ ਵਿਚ ਵੇਖੀ ਗਈ। ਜਿਸ ਵਿਚ ਲੋਕ ਸੰਚਾਰ ਸਾਧਨ ਵੀ ਸ਼ਾਮਿਲ ਸਨ। ਰਾਜਨੀਤਿਕ, ਸਮਾਜਿਕ, ਆਰਥਿਕ ਤਾਕਤਾਂ ਦਾ ਸੰਘਰਸ਼ ਵੀ ਸ਼ਾਮਿਲ ਸੀ। lyotard ਅਤੇ baudrill ਦਾ ਕਥਨ ਹੈ ਕਿ ਆਧੁਨਿਕਤਾ ਦਾ ਅੰਤ 20ਵੀਂ ਸਦੀ ਦੇ ਮੱਧ ਜਾਂ ਬਾਅਦ ਵਿਚ ਹੋਇਆ। ਜਿਸ ਨੂੰ postmoderity ਦਾ ਨਾਮ ਦਿੱਤਾ ਗਿਆ, ਭਾਵ ਉੱਤਰ-ਆਧੁਨਿਕਤਾ। ਕੁੱਝ ਵਿਦਵਾਨਾਂ ਦਾ ਵਿਚਾਰ ਹੈ ਕਿ ਉਹ ਉੱਤਰ-ਆਧੁਨਿਕਤਾ ਹੀ ਆਧੁਨਿਕਤਾ ਦਾ ਇੱਕ ਨਵਾਂ ਪਹਿਲੂ ਹੈ। burman ਇਸ ਨੂੰ "liquid modernity" ਕਹਿੰਦਾ ਹੈ ਅਤੇ ਪ੍ਰਸਿੱਧ ਵਿਦਵਾਨ giddens ਇਸ ਨੂੰ "high modernity" ਕਹਿੰਦਾ ਹੈ।

ਇਤਿਹਾਸਕ ਸੰਦਰਭ ਵਿਚ ਆਧੁਨਿਕ ਸ਼ਬਦ ਪਹਿਲੀ ਵਾਰੀ 1585 ਵਿਚ ਹੋਂਦ ਵਿਚ ਆਇਆ। ਜਿਸ ਦਾ ਮਤਲਬ ਸੀ, "ਵਰਤਮਾਨ ਜਾਂ ਹੁਣ ਦਾ ਸਮਾਂ" ਇਹ ਸ਼ਬਦ ਸਦੀਆਂ ਬਾਅਦ ਵੇਖਣ ਵਿਚ ਆਇਆ। ਇਸ ਸ਼ਬਦ ਨੇ ਪੁਰਾਤਨ ਤੋਂ ਆਧੁਨਿਕਤਾ ਤੱਕ ਦਾ ਸਫ਼ਰ ਕੀਤਾ। ਹੁਣ ਅਸੀਂ ਸ਼ਬਦ ਉੱਤਰ-

ਆਧੁਨਿਕਤਾ ਨੂੰ ਜਨਮ ਦਿੱਤਾ ਹੈ। ਜਦੋਂ ਅਸੀਂ ਪੁਰਾਤਨਤਾ ਦੇ ਅੰਤ ਵਕਤ ਸ਼ਬਦ ਆਧੁਨਿਕਤਾ ਸਥਿਰ ਕਰਦੇ ਹਾਂ, ਤਾਂ ਸਾਨੂੰ ਆਧੁਨਿਕਤਾ ਸ਼ਬਦ ਸੁਗੰਧਿਤ ਲੱਗਦਾ ਹੈ। ਜਦੋਂ ਅਸੀਂ ਆਧੁਨਿਕਤਾ ਦੇ ਅੰਤ ਵਕਤ ਸ਼ਬਦ ਉੱਤਰ-ਆਧੁਨਿਕਤਾ ਸਥਿਰ ਕਰਦੇ ਹਾਂ, ਤਾਂ ਸਾਨੂੰ ਸ਼ਬਦ ਉੱਤਰ-ਆਧੁਨਿਕਤਾ ਦੁਰਗੰਧਿਤ ਲੱਗਦਾ ਹੈ। ਭਾਵ ਪੁਰਾਤਨਤਾ ਦੇ ਅੰਤ ਵਕਤ ਵਿਚ ਸ਼ਬਦ ਅਧੁਨਿਕਤਾ ਦੀ ਸਥਿਰਤਾ ਖ਼ੁਸ਼ਬੂ, ਤਾਜ਼ਗੀ ਅਤੇ ਨਵੀਂਨਤਾ ਦਾ ਅਹਿਸਾਸ ਕਰਵਾਉਂਦੀ ਹੈ। ਪਰ ਆਧੁਨਿਕਤਾ ਦੇ ਅੰਤ ਵ਼ਕਤ ਵਿਚ ਸ਼ਬਦ ਉੱਤਰ-ਆਧੁਨਿਕਤਾ ਦੀ ਸਥਿਰਤਾ, ਖ਼ੁਸ਼ਬੂ, ਤਾਜ਼ਗੀ ਤੇ ਨਵੇਂਪਣ ਦੀ ਸਮਾਪਤੀ ਦਾ ਅਹਿਸਾਸ ਕਰਵਾਉਂਦੀ ਹੈ। ਇਸ ਲਈ ਇਹ ਸ਼ਬਦ ਦੁਰਗੰਧਿਤ ਲੱਗਦਾ ਹੈ।

ਆਧੁਨਿਕਤਾ ਵਲੋਂ ਜੇ ਅਸੀਂ ਪੁਰਾਤਨ latin ਭਾਸ਼ਾ ਵੱਲ ਮੁੜੀਏ ਜੋ ਕੇ ਇਟਲੀ ਦੀ ਭਾਸ਼ਾ ਸੀ, ਤਾਂ ਪਤਾ ਲਗਦਾ ਹੈ ਕਿ ਆਧੁਨਿਕ ਸ਼ਬਦ latin ਭਾਸ਼ਾ ਤੋਂ ਲਿਆ ਗਿਆ ਹੈ। latin ਭਾਸ਼ਾ ਵਿਚ ਸ਼ਬਦ modo ਆਧੁਨਿਕ ਸ਼ਬਦ ਦਾ ਮੂਲ ਹੈ। ਜਿਸ ਦਾ ਅਰਥ ਹੈ "just now" ਅੰਗਰੇਜ਼ੀ ਸ਼ਬਦ modern 16ਵੀਂ ਸਦੀ ਵਿਚ ਹੋਂਦ ਵਿਚ ਆਇਆ। ਜੋ ਕਿਸੇ ਵੀ ਉਸ ਚੀਜ਼ ਨਾਲ ਸੰਬੰਧਿਤ ਸੀ ਜੋ ਬਾਅਦ ਵਿਚ ਪੁਰਾਣੀ ਹੋ ਜਾਂਦੀ ਹੈ। ਜਿਵੇਂ ਕਿ fashion ਜਿਸ ਦਾ ਅਰਥ ਹੈ "being at the time" ਭਾਵ "now existing" 16ਵੀਂ ਸਦੀ ਤੋਂ ਬਾਅਦ ਅਸੀਂ ਅਜੋਕੀ ਵਿਵੇਕ ਬੁੱਧੀ ਨਾਲ ਵੇਖਦੇ ਹਾਂ ਕਿ ਸ਼ਬਦ ਆਧੁਨਿਕ ਦਾ ਟਾਕਰਾ ਸ਼ਬਦ ਪੁਰਾਤਨਤਾ ਨਾਲ ਕੀਤਾ ਜਾਣਾ ਸ਼ੁਰੂ ਹੋ ਗਿਆ। ਇਨ੍ਹਾਂ ਸ਼ਬਦਾਂ ਦੇ ਮਿਲਾਪ ਨਾਲ, ਭਾਵ ਆਧੁਨਿਕਤਾ ਤੇ ਪੁਰਾਤਨਤਾ ਸ਼ਬਦ ਦੇ ਮਿਲਾਪ ਦੀ ਵਰਤੋਂ ਕਾਰਨ ਆਧੁਨਿਕ ਸ਼ਬਦ ਸਪੱਸ਼ਟ ਰੂਪ ਵਿਚ ਆਧੁਨਿਕਤਾ ਦੇ ਸੰਦਰਭ ਵਿਚ ਵਰਤਿਆ ਜਾਣ ਲੱਗਾ। ਆਧੁਨਿਕ ਸ਼ਬਦ ਸਪੱਸ਼ਟ ਸਿਰਫ਼ ਵਰਤਮਾਨ ਨੂੰ ਹੀ ਬਿਆਨ ਕਰਨ ਲਈ ਲਾਗੂ ਹੁੰਦਾ ਹੈ, ਨਾ ਕਿ ਨਵੇਂ ਅਤੇ ਪੁਰਾਣੇ ਦੀ ਵਿਆਖਿਆ ਲਈ। 19ਵੀਂ ਸਦੀ ਅਤੇ 20ਵੀਂ ਸਦੀ ਵਿਚ ਆਧੁਨਿਕ ਸ਼ਬਦ ਕਲਾ ਅਤੇ ਸਾਹਿਤ ਦੀ ਗਤੀਸ਼ੀਲਤਾ ਦੇ ਸੰਦਰਭ ਵਿਚ ਵਰਤਿਆ ਗਿਆ। ਜਿਸ ਨੂੰ ਆਧੁਨਿਕ ਆਖਦੇ ਸਨ, ਜੋ ਹੁਣ ਉੱਤਰ-ਆਧੁਨਿਕਤਾ ਦਾ ਰੂਪ ਧਾਰਨ ਕਰ ਗਿਆ ਹੈ। ਆਧੁਨਿਕ ਦੇ ਸ਼ੁਰੂ ਹੋਣ ਤੋਂ middle age ਤੱਕ ਆਧੁਨਿਕ ਫ਼ਰਨੀਚਰ, ਆਧੁਨਿਕ ਕਲਾ, ਆਧੁਨਿਕ ਇਤਿਹਾਸ, totem poles ਆਧੁਨਿਕ ਸਨ। rather than pre-historic.

Fashion ਅਤੇ style ਦਾ ਵਿਕਾਸ ਉੱਚੀਆਂ ਇਮਾਰਤਾਂ ਦੀ ਬਣਤਰ ਅਤੇ ਇਨ੍ਹਾਂ ਵਿਚਲੇ ਦਫ਼ਤਰ ਵਿਚ ਆਧੁਨਿਕ ਨਮੂਨੇ ਦੇ ਮੇਜ਼, ਕੁਰਸੀਆਂ ਦੇ ਸੰਦਰਭ ਵਿਚ ਹੋਇਆ। ਚਿੱਤਰ ਚਿਤਰਨ, ਅਜੋਕੀ ਕਲਾ, ਸੰਗੀਤ ਅਤੇ

ਸਾਹਿਤ, ਸ਼ਿਲਪ ਕਲਾ ਦੀ ਆਧੁਨਿਕ ਨੁਹਾਰ ਸਮੇਂ ਤੋਂ ਅਗੇਰੇ ਮਿੱਥਿਅਕ ਸਾਧਨ, ਵਿਸ਼ੇ ਤੇ ਵਿਚਾਰ, ਸਭ ਆਧੁਨਿਕਤਾ ਦੇ ਵਿਕਾਸ ਦੀ ਉਪਜ ਹਨ। ਭਵਿੱਖ ਸਿਰਜਨ ਦੀਆਂ ਸੰਸਥਾਵਾਂ ਦੀ ਆਧੁਨਿਕ ਰੂਪ-ਰੇਖਾ, ਜੀਵਨ ਭਾਸ਼ਾ ਦੀ ਵਰਤੋਂ ਜੋ ਅਜੋਕੇ ਵਿਸ਼ਵ ਵਿਕਾਸ ਦੇ ਪੜਾਅ ਦਾ ਵਜੂਦ ਹੈ। ਜਿਸ ਵਿਚ ਆਧੁਨਿਕ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਦਾ ਰੂਪ ਪੁਰਾਤਨ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਦੇ ਮੁਕਾਬਲੇ ਵਿਚ ਸਾਹਮਣੇ ਆਇਆ ਹੈ, ਸੱਭ ਆਧੁਨਿਕਤਾ ਦੇ ਵਿਕਾਸ ਦਾ ਸਿੱਟਾ ਹੈ। ਇਸ ਤਰ੍ਹਾਂ ਜੀਵਨ ਸੰਦਰਭ ਵਿਚ ਉਪਰੋਕਤ ਸਮੱਗਰੀ, ਤਬਦੀਲੀ ਅਤੇ ਮੁਖਾਤਿਬਤਾ ਆਧੁਨਿਕਤਾ ਦੀ ਪ੍ਰਯੋਗਿਕ ਵਿਕਾਸਸ਼ੀਲ ਪ੍ਰਵਿਰਤੀ ਕਾਰਨ ਹੋਂਦ ਵਿਚ ਆਈ। ਇਹ ਪਦਾਰਥਕ ਵਿਕਾਸ 'ਚੋਂ ਉਪਜਿਆ ਸਮਾਜਿਕ ਮੁਹਾਂਦਰਾ ਹੈ। ਪਦਾਰਥਵਾਦੀ ਸਿਰਜਕ ਵਰਗ ਦੇ ਲੋਕ ਆਧੁਨਿਕ ਵਿਗਿਆਨ ਕਲਾ, ਸ਼ਿਲਪ, ਆਰਥਿਕਤਾ ਅਤੇ ਰਾਜਨੀਤਿਕ ਸਾਰੀਆਂ ਗਤੀਵਿਧੀਆਂ ਨੂੰ ਚੰਗੀ ਤਰ੍ਹਾਂ ਸਮਝਦੇ ਤੇ ਜਾਣਦੇ ਹਨ, ਜਿਨ੍ਹਾਂ ਗਤੀਵਿਧੀਆਂ ਨੂੰ ਆਪਣੇ ਮੁਨਾਫ਼ੇ ਲਈ ਅਤੇ ਮਨੁੱਖਤਾ ਦੇ ਯੋਗ ਸਮਝਿਆ ਜਾਂਦਾ ਹੈ। ਉਹ ਸੱਭ ਗਤੀਵਿਧੀਆਂ ਨੂੰ ਰੱਬ ਵਾਂਗ ਕਰਨ ਲਈ ਅਤੇ ਹਰ ਚੀਜ਼ ਨੂੰ ਨਵਾਂ ਬਣਾਉਣ ਲਈ, ਇਹ ਪਦਾਰਥਵਾਦੀ ਸਿਰਜਕ ਵਰਗ ਦੇ ਲੋਕ ਆਪਣਾ ਅਧਿਕਾਰ ਸਮਝਦੇ ਹਨ। ਅਸਲ ਵਿਚ ਅਜੋਕੇ ਸਮੇਂ ਵਿਚ ਜੋ ਲੋਕ ਆਪਣੇ-ਆਪ ਨੂੰ ਆਧੁਨਿਕਵਾਦੀ ਸਮਝਦੇ ਹਨ। ਅਸਲ ਵਿਚ ਉਹ ਲੋਕ ਹੀ ਪਦਾਰਥਵਾਦੀ ਸਿਰਜਕ ਵਰਗ ਦੇ ਲੋਕ ਹਨ ਕਿਉਂਕਿ ਵਿਸ਼ਵ ਵਿਚ ਆਧੁਨਿਕ ਮਨੁੱਖ ਦੀ ਮਿਕਦਾਰ ਨਾ-ਮਾਤਰ ਹੈ। ਸਾਰੀ ਦੀ ਸਾਰੀ ਵਿਸ਼ਵ ਪਦਾਰਥਵਾਦੀ ਹੈ।

ਇਸ ਦੇ ਨਾਲ ਹੀ ਪਦਾਰਥਵਾਦੀ ਸਿਰਜਕ ਵਰਗ ਦੇ ਲੋਕਾਂ ਦੀ ਗਿਣਤੀ ਆਮ ਲੋਕਾਂ ਨਾਲੋਂ ਘੱਟ ਹੈ ਪਰ ਵਿਸ਼ਵ ਦੀ ਰਹਿਨੁਮਾਈ ਇਹ ਪਦਾਰਥਵਾਦੀ ਸਿਰਜਕ ਵਰਗ ਦੇ ਕੁੱਝ ਘਿਰਾਣੇ ਕਰ ਰਹੇ ਹਨ। ਇਹ ਲੋਕ ਵਧੇਰੇ ਗਹਿਰੇ ਤੇ ਮੌਲਿਕ ਸਿੱਟਿਆਂ ਦੀ ਮੰਗ ਕਰਦੇ ਹਨ। ਵਿਸ਼ਵ ਦੀ ਰਾਜ ਸੱਤਾ ਸਰਕਾਰੀ ਰੂਪ ਵਿਚ ਇਨ੍ਹਾਂ ਲੋਕਾਂ ਦੇ ਹੱਥਾਂ ਵਿਚ ਹੈ। ਮਾਰਕਸ ਨੇ ਇਕ ਥਾਂ 'ਤੇ ਲਿਖਿਆ ਹੈ ਕਿ ਸਰਕਾਰਾਂ ਨੂੰ ਲੋਕਾਂ ਦੀ ਸਮਰੱਥਾ ਅਤੇ ਗੁੰਜਾਇਸ਼ ਦੇ ਅਧਾਰ 'ਤੇ ਲੋਕਾਂ ਤੋਂ ਲੈਣਾ ਚਾਹੀਦਾ ਹੈ ਅਤੇ ਲੋਕਾਂ ਦੀ ਲੋੜ ਅਨੁਸਾਰ ਲੋਕਾਂ ਨੂੰ ਦੇਣਾ ਚਾਹੀਦਾ ਹੈ ਪਰ ਇਸ ਯਥਾਰਵਾਦੀ ਯੁੱਗ ਵਿਚ ਲੁੱਟ ਹੈ। ਸਰਕਾਰਾਂ ਆਪਣੀ ਮਰਜ਼ੀ ਅਨੁਸਾਰ ਲੈਂਦੀਆਂ ਹਨ ਅਤੇ ਮਰਜ਼ੀ ਅਨੁਸਾਰ ਦਿੰਦੀਆਂ ਹਨ। ਲੋਕਾਂ ਦੀ ਲੋੜ ਜਾਂ ਜੀਵਨ ਜ਼ਰੂਰਤ ਦਾ ਸਰਕਾਰਾਂ ਨੂੰ ਕੋਈ ਖਿਆਲ ਨਹੀਂ। ਇਨ੍ਹਾਂ ਅਖੌਤੀ ਆਧੁਨਿਕਵਾਦੀਆਂ ਨੂੰ ਉਸ ਦੁਨੀਆ ਨੂੰ ਵੀ ਸਮਝਣਾ ਚਾਹੀਦਾ ਹੈ ਜੋ

ਦੁਨੀਆ ਅਖੌਤੀ ਆਧੁਨਿਕਵਾਦੀਆਂ ਵਿਚ ਤਬਦੀਲੀ ਲਿਆਉਣ ਲਈ ਅਤੇ ਇਨ੍ਹਾਂ ਨੂੰ ਆਪਣੇ ਨਾਲ ਜੋੜਣ ਲਈ ਗਤੀਸ਼ੀਲ ਹੈ। ਅਖੌਤੀ ਆਧੁਨਿਕਵਾਦੀ ਇਹ ਜਾਣਦੇ ਹਨ ਕਿ ਪਦਾਰਥਵਾਦੀ ਦੁਨੀਆ ਦਾ ਸੱਚ ਬਦਲਣਾ ਸੰਭਵ ਹੈ, ਬੇਸ਼ੱਕ ਇਸ ਬਦਲਾਅ ਲਈ ਅਜੇ ਬਹੁਤ ਲੋਕ ਰਣ-ਭੂਮੀ ਵਿਚ ਨਹੀਂ ਹਨ। ਪਰ ਇਹ ਬਦਲਾਅ ਆਉਣ ਵਾਲੀਆਂ ਨਸਲਾਂ ਦੇ ਜ਼ਿਹਨ ਵਿਚ ਹੈ। ਬਦਲਾਅ ਕੁਦਰਤ ਦਾ ਨੇਮ ਹੈ ਅਤੇ ਇਸ ਬਦਲਾਅ ਦੇ ਅਕੂੰਰ ਮਨੁੱਖੀ ਜੀਵਨ ਵਿਚ ਹੀ ਸੰਭਵ ਹਨ। ਇਸ ਬਦਲਾਅ ਦੀ ਲੋੜ ਤਾਂ ਮਨੁੱਖੀ ਜ਼ਿਹਨ ਵਿਚ ਪਹਿਲਾਂ ਹੀ ਜਨਮ ਲੈ ਚੁੱਕੀ ਹੈ। ਸਮਾਂ ਇਸ ਲੋੜ ਦੀ ਪੂਰਤੀ ਦੇ ਇੰਤਜ਼ਾਰ ਵਿਚ ਹੈ। ਦੁਨੀਆ ਦੇ ਬਦਲਣ ਦੀ ਵਿਚਾਰਧਾਰਾ hegel ਦੀ ਵਿਚਾਰਧਾਰਾ ਹੈ। ਪਦਾਰਥਕ ਵਿਕਾਸ ਅਤੇ ਪਦਾਰਥਵਾਦੀ ਸਿਰਜਕ ਵਰਗ ਇਸ ਵਿਕਾਸ ਕਾਰਜ ਪ੍ਰਣਾਲੀ ਦੀ ਇੱਕ ਇਕਾਈ ਹੈ। ਦੋਹਾਂ ਵਿਚੋਂ ਇੱਕ ਦੀ ਕਮੀ ਵੀ ਵਿਕਾਸਗਤੀ ਲਈ ਸੰਭਵ ਨਹੀਂ, ਸਮਾਂ ਹੀ ਦੱਸੇਗਾ ਕਿ ਭੱਵਿਖ ਵਿਚ ਇਸ ਵਿਕਾਸ ਦੀ ਕਾਰਜ ਪ੍ਰਣਾਲੀ ਵਿਚ ਕਿਸ ਪਾਸਿਓ ਕਮੀ ਆਉਂਦੀ ਹੈ।

ਉਪਰੋਕਤ ਵਿਚਾਰਧਾਰਾ ਆਧੁਨਿਕਤਾ ਦੀ ਬੰਸਵਲੀ 18ਵੀਂ ਸਦੀ ਦੇ enlightment ਯੁੱਗ ਨਾਲ ਜੋੜਦੀ ਹੈ। ਇਸ ਸੰਬੰਧ ਵਿਚ ਕਈਆਂ ਵਿਦਵਾਨਾਂ ਦਾ ਵਿਚਾਰ ਹੈ ਕਿ ਆਧੁਨਿਕਤਾ ਨੂੰ ਸਮਝਣ ਲਈ 18ਵੀਂ ਅਤੇ 19ਵੀਂ ਸਦੀ ਦੀ ਪੁਰਾਤਨਤਾ ਦਾ ਖੁਰਾ ਖੋਜਣ ਦੀ ਵੀ ਲੋੜ ਹੈ। ਯੂਰਪੀਅਨ ਇਤਿਹਾਸਕ ਦਰਸ਼ਨ ਵਿਚ term (philosophy of history) do not exist prior to the 18$^{th}$ century. ਇਹ ਟਰਮ 1765 ਵਿਚ ਪਹਿਲੀ ਵਾਰ ਨਜ਼ਰ ਆਈ। ਆਧੁਨਿਕਤਾ ਪ੍ਰਤੀ Marx, kant, hegel, Weber, Koselleck ਅਤੇ Hanna Arednt ਦੇ ਵਿਚਾਰ ਵਰਨਣ ਯੋਗ ਹਨ। Kant ਆਧੁਨਿਕ ਵਿਚਾਰਧਾਰਾ ਦਾ ਵਿਸ਼ੇਸ਼ ਅਤੇ ਪ੍ਰਸਿੱਧ ਮਹੱਤਵਪੂਰਨ ਦਾਰਸ਼ਨਿਕ ਹੈ। Kant ਦੀ ਪੁਸਤਕ (Motto of enlightment) 1789 ਵਿਚ ਪ੍ਰਕਾਸ਼ਿਤ ਹੋਈ। ਜਿਸ ਵਿਚ ਉਹ ਲਿਖਦਾ ਹੈ "Man have a courage to use his own reason" ਇਹ ਵਿਚਾਰ ਨਿੱਜੀਕਰਨ ਦੀ ਪ੍ਰੋੜਤਾ ਕਰਦਾ ਹੈ। ਜਿਸ ਕਾਰਨ ਮਨੁੱਖ ਅੰਦਰ ਸਵੈ-ਮੁਖਤਿਆਰੀ ਦੀ ਭਾਵਨਾ ਜਾਗਦੀ ਹੈ। ਸਵੈ ਮੁਖਤਿਆਰੀ ਦੀ ਪ੍ਰਾਪਤੀ ਕਾਰਨ ਮਨੁੱਖ ਰਾਜਨੀਤੀ ਦਾ ਭਾਗੀਦਾਰ ਬਣਦਾ ਹੈ। ਭੂਤ 'ਚੋਂ ਉਜਲਾ ਭਵਿੱਖ ਸਿਰਜਣ ਦੇ ਯੋਗ ਹੁੰਦਾ ਹੈ। ਯੂਰਪੀਅਨ ਵਿਗਿਆਨ ਦਰਸ਼ਨ ਵਿਚ ਇਹ ਵਿਚਾਰਰ ਪਹਿਲਾਂ ਹੀ ਸੀ ਜਿਸ ਕਾਰਨ ਯੂਰਪ ਮੱਧ ਯੁੱਗ 'ਚੋਂ ਨਿਕਲ ਕੇ ਗਿਆਨ ਯੁੱਗ ਵਿਚ ਆਣ ਖਲੋਤਾ ਸੀ। ਇਹ Kant ਦਾ ਪਹਿਲਾ ਵਿਚਾਰ ਸੀ, ਜਿਸ ਕਾਰਨ ਆਧੁਨਿਕਤਾ ਹੋਂਦ ਵਿਚ ਆਈ।

ਫਰਾਂਸ ਅਤੇ ਜਰਮਨ ਇਸ ਦੀਆਂ ਉਦਾਹਰਣਾਂ ਹਨ। ਫਰਾਂਸ ਅਤੇ ਜਰਮਨ ਵਿਚ ਇਸ ਵਿਚਾਰਧਾਰਾ ਦੇ ਸੱਚ ਦੀਆਂ ਇਕਾਈਆਂ ਸਥਾਪਤ ਕੀਤੀਆਂ ਗਈਆਂ ਸਨ, ਬਲਕਿ ਸਾਰਾ ਯੂਰਪ, ਇਸ ਵਿਚਾਰ ਦਾ ਧਾਰਨੀ ਬਣ ਗਿਆ। ਇਹ ਸੱਚ ਸਿਰਫ਼ Kant ਤੱਕ ਹੀ ਸੀਮਤ ਨਹੀਂ ਸੀ, ਬਲਕਿ ਇਹ ਸੱਚ ਦਾਰਸ਼ਨਿਕ, ਇਤਿਹਾਸਕ ਸੰਕਲਪ ਦੇ ਤੌਰ 'ਤੇ ਵਿਚਾਰ ਯੋਗ ਕਾਰਜ ਹੋਣ ਕਾਰਨ ਸਾਰੇ ਯੂਰਪ ਦੀ ਥਾਂ ਵਿਸ਼ਵ ਪੱਧਰ 'ਤੇ ਰਾਜਨੀਤਿਕ ਤੌਰ 'ਤੇ ਸਪੱਸ਼ਟ ਅਤੇ ਵੱਡਅਕਾਰੀ ਰੂਪ ਧਾਰਨ ਕਰ ਗਿਆ। Kant ਇਸ ਵਿਚਾਰ ਨੂੰ ਦਾਰਸ਼ਨਿਕ ਇਤਿਹਾਸ ਦੀ ਬੁਨਿਆਦ ਮੰਨਦਾ ਹੈ ਕਿਉਂਕਿ ਇਸ ਸਿਧਾਂਤ ਦੇ ਅਧਾਰ 'ਤੇ ਵਿਸ਼ਵ ਦੇ ਹਰ ਰਾਸ਼ਟਰ ਵਿਚ ਰਾਸ਼ਟਰ ਦੇ ਹਰ ਨਾਗਰਿਕ ਨੂੰ ਵੋਟ ਦਾ ਅਧਿਕਾਰ ਪ੍ਰਾਪਤ ਹੁੰਦਾ ਹੈ। ਜਿਸ ਨਾਲ ਲੋਕ ਆਪਣੀ ਮਰਜ਼ੀ ਦੀ ਸ਼ਾਸਨ ਪ੍ਰਣਾਲੀ ਹੋਂਦ ਵਿਚ ਲਿਆਉਣ ਦੇ ਸਮਰੱਥ ਹੁੰਦੇ ਹਨ।

Kant ਦਾ ਦੂਜਾ ਵਿਚਾਰ ਸੀ ਕਿ ਆਧੁਨਿਕਤਾ ਜਗਤ ਹਿੱਤੂ ਹੋਣ ਕਾਰਨ ਹੋਂਦ ਵਿਚ ਆਈ। ਇਸ ਵਿਚਾਰ ਨੂੰ Kant ਸਮੂਹਕ ਆਧੁਨਿਕ ਲਹਿਰ ਦੇ ਹਿਫ਼ਾਜ਼ਤੀ ਨਿਯਮਾਂ ਦਾ ਅਧਾਰ ਮੰਨਦਾ ਹੈ। ਜਿਸ ਦੇ ਅਧਾਰ 'ਤੇ ਜਗਤ ਹਿੱਤੂ ਸੰਸਾਰ ਭਵਿੱਖ ਵਿਚ ਸਿਰਜਿਆ ਜਾ ਸਕਦਾ ਹੈ। ਇਹ ਫ਼ਲਸਫ਼ਾ Kant ਅਨੁਸਾਰ ਵਿਸ਼ਵ ਸ਼ਾਂਤੀ ਦਾ ਮੂਲ ਅਧਾਰ ਹੈ। Kant ਇਸ ਨੂੰ ਇੰਝ ਪੇਸ਼ ਕਰਦਾ ਹੈ ਜਿਵੇਂ ਮਨੁੱਖੀ ਸੁਤੰਤਰਤਾ ਸਾਂਝੇ ਮਨੁੱਖੀ ਯਤਨਾਂ ਦਾ ਸਿੱਟਾ ਹੋਵੇ।

ਭੂਤ ਦੀਆਂ ਨਕਾਰਾਤਮਕ ਪ੍ਰਵਿਰਤੀਆਂ ਤੋਂ ਨਿਜ਼ਾਤ ਦਵਾਉਣੀ ਆਧੁਨਿਕਤਾ ਦਾ ਮੂਲ ਅਧਾਰ ਹੈ। ਇਸ ਲਈ Kant ਦਾ ਇਹ ਵਿਚਾਰ ਸਾਨੂੰ ਆਧੁਨਿਕਤਾ ਦੀ ਦਾਰਸ਼ਨਿਕ ਇਤਿਹਾਸਕ ਚੇਤਨਾ ਦੇ ਸਮੇਂ ਵੱਲ ਅਗਾਂਹ ਟੋਰਦਾ ਹੈ। ਆਧੁਨਿਕਤਾ, ਆਧੁਨਿਕ ਉੱਤੇ ਫ਼ਤਹਿ ਦਾ ਨਾਂ ਹੈ। ਇਹ ਵਿਚਾਰਧਾਰਾ ਹੀ ਸੰਸਾਰ ਹਿੱਤੂ ਮਕਸਦ ਹੈ। ਜੋ ਵਿਸ਼ਵ ਦੇ ਸੱਭ ਰਾਸ਼ਟਰਾਂ ਵਿਚ ਸ਼ਾਂਤੀ ਸਥਾਪਤ ਕਰਦੀ ਹੈ। ਸ਼ਾਂਤੀ ਨੂੰ ਯਥਾਰਥਕ ਰੂਪ ਦਿੰਦੀ ਹੈ। ਇਸੇ ਤਰ੍ਹਾਂ Hanna Arednt ਵੀ Kant ਦੇ ਫ਼ਲਸਫ਼ੇ ਨਾਲ ਜਿੱਥੇ ਸਹਿਮਤੀ ਵਿਖਾਉਂਦਾ ਹੈ, ਉੱਥੇ ਇਸ ਫ਼ਲਸਫ਼ੇ ਦੇ ਸੱਚ ਦੀ ਵਿਆਖਿਆ ਵੀ ਕਰਦਾ ਹੈ।

ਇਸ ਤਰ੍ਹਾਂ Kant ਆਧੁਨਿਕਤਾ ਦੀ ਇਤਿਹਾਸਕ ਦਾਰਸ਼ਨਿਕ ਚੇਤਨਾ ਪੇਸ਼ ਕਰਦਾ ਹੈ। ਜੋ ਸੰਸਾਰ ਦੇ ਸਰਵ ਵਿਆਪਕ ਮਕਸਦ ਨੂੰ ਰੂਪਮਾਨ ਕਰਦੀ ਹੈ। Kant ਆਪਣਾ ਮੁੱਢਲਾ ਫ਼ਲਸਫ਼ਾ ਇਤਿਹਾਸਕ ਤੌਰ 'ਤੇ ਆਧੁਨਿਕਤਾ ਦੇ ਸੰਦਰਭ ਵਿਚ ਇਸ ਅਧਾਰ 'ਤੇ ਪੇਸ਼ ਕਰਦਾ ਹੈ ਕਿ ਆਧੁਨਿਕਤਾ ਜਗਤ ਹਿੱਤੂ ਵਿਚਾਰਧਾਰਾ ਹੈ। Kant ਵਿਸ਼ਵ ਲਈ ਉਹ ਮਾਰਗ ਦਰਸ਼ਨ ਪੇਸ਼ ਕਰਦਾ ਹੈ। ਜੋ ਸ਼ਬਦਾਂ ਰਾਹੀਂ ਮਨੁੱਖੀ ਇਤਿਹਾਸ ਦੇ ਉਚੇਰੇ ਅਰਥਾਂ ਦਾ

ਪ੍ਰਗਟਾਅ ਕਰਦਾ ਹੈ। ਉੱਚੇਰੇ ਅਰਥ ਜਿਨ੍ਹਾਂ ਨੂੰ Kant ਜਗਤ ਹਿੱਤੂ ਦਾ ਨਾਂਮ ਦਿੰਦਾ ਹੈ। ਇਸ ਤਰ੍ਹਾਂ ਜਗਤ ਹਿੱਤੂ ਸ਼ਾਬਦਿਕ ਦਿਸਹੱਦਾ ਹੁੰਦਿਆ ਹੋਇਆ ਵੀ ਸੰਸਾਰ ਹਿੱਤੂ ਸੱਚ ਲੱਗਦਾ ਹੈ। ਮਨੁੱਖਤਾ ਦੀ ਉਨਤੀ ਦਾ ਪੁੰਜ ਲਗਦਾ ਹੈ।

ਇਸ ਤਰ੍ਹਾਂ ਮਨੁੱਖੀ ਸਲਤਨਤ ਦੇ ਕਾਰ-ਵਿਹਾਰ ਦਾ ਪ੍ਰਬੰਧ ਕਦਮ ਦਰ ਕਦਮ ਜਿੱਥੇ Kant ਦੀ ਸੋਚ ਦਾ ਸਿੱਟਾ ਹੈ, ਉੱਥੇ ਮਨੁੱਖਤਾ ਦੀ ਮੁਕੰਮਲ ਨਾਗਰਿਕਤਾ ਦਾ ਵੀ ਸੰਚਾਲਕ ਹੈ। ਜੋ ਮਨੁੱਖ ਨੂੰ ਇੱਕ ਸੰਗਠਨ ਦਾ ਅਨੁਭਵ ਕਰਵਾਉਂਦਾ ਹੈ। ਇਸ ਤਰ੍ਹਾਂ Kant ਦਾ ਫ਼ਲਸਫ਼ਾ ਇਤਿਹਾਸ ਦੇ ਅੰਤਿਮ ਪੜਾਅ ਦਾ ਅਕਸ਼ ਪੇਸ਼ ਕਰਦਾ ਹੈ। ਜਿਸ 'ਚੋਂ ਜਗਤ ਹਿੱਤੂ ਸਾਰੀ ਮਾਨਵਤਾ ਦੀ ਤਵੱਜੋ ਨਜ਼ਰ ਆਉਂਦੀ ਹੈ। ਜਿਸ ਦਾ ਅਹਿਸਾਸ ਹੋਣਾ ਹਰ ਵਿਅਕਤੀ ਲਈ ਲਾਜ਼ਮੀ ਹੈ ਤਾਂ ਜੋ ਜਗਤ ਹਿੱਤੂ ਮਕਸਦ ਦੀ ਪ੍ਰਾਪਤੀ ਲਈ ਯਤਨਸ਼ੀਲ ਹੋਇਆ ਜਾ ਸਕੇ। ਇਹ ਮਨੁੱਖ ਦਾ ਪੂਰਨ ਅਸਲ ਆਧੁਨਿਕ ਵਿਸ਼ਵਾਸ਼ ਹੈ। ਦਾਰਸ਼ਨਿਕਾਂ ਅਤੇ ਇਤਿਹਾਸਕਾਰਾਂ ਅਨੁਸਾਰ ਇਸ ਵਿਸ਼ੇ ਦੀ ਰੂਪ-ਰੇਖਾ ਸਿਰਜ ਦਿੱਤੀ ਗਈ ਹੈ। ਇਸ ਲਈ ਮਾਨਵਤਾ ਦੀ ਰੌਸ਼ਨੀ ਲਈ ਇਸ ਮਕਸਦ ਦੀ ਪ੍ਰਾਪਤੀ ਆਉਣ ਵਾਲੀਆਂ ਜਗਤ ਹਿੱਤੂ ਸੰਸਥਾਵਾਂ ਲਈ ਸੰਭਵ ਹੈ। ਜਗਤ ਹਿੱਤੂ ਸੰਸਥਾਵਾਂ ਵੱਧ ਤੋਂ ਵੱਧ ਨਾਗਰਿਕਤਾ ਦੇ ਸੰਗਠਨ, ਵਿਸ਼ਵ ਉਨਤੀ ਅਤੇ ਮਾਨਵੀ ਸੁਤੰਤਰਤਾ ਲਈ ਜ਼ਰੂਰੀ ਹਨ। ਜਗਤ ਹਿੱਤੂ ਸ਼ਬਦ ਦਾ ਹਵਾਲਾ ਇਤਿਹਾਸਕ ਸ਼ਬਦੀ ਹਵਾਲਾ ਹੈ। ਜਿਸ ਵਿਚ ਅਰਥ ਲੋਕਾਂ ਨੇ ਭਰਨੇ ਹਨ।

Kant ਦਾ ਤੀਜਾ ਵਿਚਾਰ ਇਹ ਹੈ ਕਿ ਆਧੁਨਿਕਤਾ Predisposion ਭਾਵ ਪਹਿਲੀਆਂ ਅਣ-ਅਨੁਕੂਲਤਾਵਾਂ ਦੇ ਅਧਾਰ 'ਤੇ ਹੋਂਦ ਵਿਚ ਆਈ। Kant ਅਨੁਸਾਰ ਜੋ ਸਥਿਤੀਆਂ ਇਤਿਹਾਸਕ ਤੌਰ 'ਤੇ ਅਧੁਨਿਕਤਾ ਦੇ ਵਿਪਰੀਤ ਸਨ। ਆਧੁਨਿਕਤਾ ਦੇ ਅਕੂੰਰ ਉਨ੍ਹਾਂ ਸਥਿਤੀਆਂ 'ਚੋਂ ਪੈਦਾ ਹੋਏ। ਅਣ-ਅਨੁਕੂਲ ਸਥਿਤੀਆਂ ਮਨੁੱਖ ਅੰਦਰ ਅਨੁਕੂਲ ਸਥਿਤੀਆਂ ਪ੍ਰਤੀ ਵਿਸ਼ਵਾਸ ਅਤੇ ਦ੍ਰਿੜਤਾ ਪੈਦਾ ਕਰਦੀਆਂ ਹਨ। ਅਣ-ਅਨੁਕੂਲ ਸਥਿਤੀਆਂ ਵਿਚ ਕੁੱਝ ਵੀ ਫਾਲਤੂ ਨਹੀਂ ਹੁੰਦਾ, ਮੰਤਵ ਰਹਿਤ ਨਹੀਂ ਹੁੰਦਾ, 'ਚੋਂ ਪੈਦਾ ਹੋਏ।

ਇਥੇ Kant ਇੱਕ ਉਦਾਹਰਨ ਦਿੰਦਾ ਹੈ, ਉਸ ਅਨੁਸਾਰ ਜਿਵੇਂ ਹਨ੍ਹੇਰੀ ਵਿਚ ਘਿਰਿਆ ਮਨੁੱਖ ਸੁਰੱਖਸ਼ਤ ਥਾਂ ਦੀ ਭਾਲ ਕਰਦਾ ਹੈ। ਹਨ੍ਹੇਰੀ ਅਣ-ਅਨੁਕੂਲ ਸਥਿਤੀ ਦੀ ਪ੍ਰਤੀਕ ਹੈ। ਸੁਰੱਖਸ਼ਤ ਥਾਂ ਦੀ ਭਾਲ ਅਨੁਕੂਲ ਸਥਿਤੀ ਦੀ ਉਪਜ ਹੈ। ਇਨ੍ਹਾਂ ਅਣ-ਅਨੁਕੂਲ ਸਥਿਤੀਆਂ ਦੇ ਵਿਚਰਨ ਧਰਾਤਲ 'ਚੋਂ ਮਨੁੱਖ ਅੰਦਰ ਅਨੁਕੂਲ ਸਥਿਤੀ ਦੀ ਭਾਲ ਦਾ ਜਜ਼ਬਾ ਜਾਗਦਾ ਹੈ ਅਤੇ ਮਨੁੱਖ ਸੁਰੱਖਸ਼ਤ ਅਨੁਕੂਲ ਸਥਿਤੀ ਨੂੰ ਪ੍ਰਾਪਤ ਕਰਦਾ ਹੈ। ਜਿਵੇਂ ਅਣ-ਅਨੁਕੂਲ ਸਥਿਤੀ ਮੰਤਵ ਰਹਿਤ ਨਹੀਂ ਹੁੰਦੀ, ਇਸੇ ਤਰ੍ਹਾਂ ਆਧੁਨਿਕਤਾ ਵੀ ਮਨੁੱਖੀ

ਵ੍ਚਿਰਨ ਧਰਾਤਲ ਦੀ ਕੁਦਰਤੀ ਉਪਜ ਹੈ ਜੋ ਮੰਤਵ ਰਹਿਤ ਨਹੀਂ। ਕੁਦਰਤ ਦਾ ਮਨੁੱਖ ਦੇ ਵਿਪਰੀਤ ਹੋਣਾ, ਮਨੁੱਖ ਵਿਚ ਦ੍ਰਿੜਤਾ ਵਿਸ਼ਵਾਸ ਅਤੇ ਮੰਜ਼ਿਲ ਪ੍ਰਾਪਤੀ ਲਈ ਉਤਸ਼ਾਹ ਪੈਦਾ ਕਰਦਾ ਹੈ। ਇਸ ਤਰ੍ਹਾਂ ਦਾ ਭਾਵ ਉਦੇਸ਼ਵਾਦ ਤੇ ਕੁਦਰਤੀ ਸਪੱਸ਼ਟਤਾ ਦੇ ਮੱਤ ਜਾਂ ਪੰਥ ਵਿਚ ਵੇਖਿਆ ਜਾ ਸਕਦਾ ਹੈ। ਕੁਦਰਤ ਵਿਚ ਕੁੱਝ ਵੀ ਫਾਲਤੂ ਅਤੇ ਮਕਸਦ ਰਹਿਤ ਨਹੀਂ ਹੁੰਦਾ।

Kant ਦਾ ਚੌਥਾ ਵਿਚਾਰ ਹੈ ਕਿ ਆਧੁਨਿਕਤਾ ਇਤਫ਼ਾਕੀਆ ਵਾਪਰਨ ਵਿਧੀਆਂ ਕਾਰਨ ਹੋਂਦ ਵਿਚ ਆਈ। Kant ਅਨੁਸਾਰ ਇਤਫ਼ਾਕੀਆ ਵਾਪਰਨ ਦਾ ਕੋਈ ਮੰਤਵ ਨਹੀਂ ਹੁੰਦਾ। ਇਸ ਵਿਚ ਸਿਰਫ਼ ਇਤਫ਼ਾਕੀਆ ਵਾਪਰਨ ਦੀ ਵਿਧੀ ਹੀ ਮਹੱਤਵਪੂਰਨ ਹੁੰਦੀ ਹੈ। ਇਹ ਵਿਧੀ ਦੋ ਤਰ੍ਹਾਂ ਦੀ ਹੁੰਦੀ ਹੈ। ਇੱਕ ਵਿਚਾਰ ਦੀ ਸਪੱਸ਼ਟਤਾ ਦੀ ਵਿਧੀ। ਦੂਜਾ ਉਸ ਵਿਚਾਰ ਨੂੰ ਭਵਿੱਖ ਵਿਚ ਯਥਾਰਥਕ ਰੂਪ ਦੇਣ ਦੀ ਵਿਧੀ। ਆਧੁਨਿਕਤਾ ਵਿਚ ਵਿਚਾਰ ਦੀ ਸਪੱਸ਼ਟਤਾ ਵੀ ਹੈ ਅਤੇ ਉਸ ਵਿਚਾਰ ਨੂੰ ਭਵਿੱਖ ਵਿਚ ਯਥਾਰਥਕ ਰੂਪ ਦੇਣ ਦੀ ਵਿਧੀ ਵੀ ਹੈ।

Kant ਦੇ ਉਪਰੋਕਤ ਵਿਚਾਰ ਦੀ ਸਵੀਕਾਰਤਾ ਕਾਰਨ ਵਧੇਰੇ ਦਾਰਸ਼ਨਿਕ ਇਸ ਸਮੇਂ ਇਤਿਹਾਸਕਾਰਾਂ ਦਾ ਰੂਪ ਧਾਰਨ ਕਰ ਗਏ। ਇਸ ਤਰ੍ਹਾਂ ਇਨ੍ਹਾਂ ਦਾਰਸ਼ਨਿਕਾਂ ਅਤੇ ਇਤਿਹਾਸਕਾਰਾਂ ਦੀ ਸੋਚ ਦਾ ਇਹ ਉੱਤਮ ਸੁਮੇਲ ਸੀ। ਦਾਰਸ਼ਨਿਕ ਭੂਤਕਾਲ ਨਾਲ ਸੰਬੰਧਿਤ ਬ੍ਰਹਮੰਡਕ ਵਿਚਾਰਾਂ ਦੇ ਅਧਾਰ 'ਤੇ ਜਿਸ ਵਿਚ ਮਨੁੱਖੀ ਘਟਨਾਵਾਂ ਇਤਫ਼ਾਕੀਆ ਵਾਪਰਦੀਆਂ ਹਨ। ਉਨ੍ਹਾਂ ਘਟਨਾਵਾਂ ਦੇ ਪ੍ਰਸੰਗ ਵਿਚ ਆਪਣੀ ਦਿਲਚਸਪੀ ਵਧੇਰੇ ਡੂੰਘੇ ਤੇ ਗਹਿਰੇ ਰੂਪ ਵਿਚ ਵਿਖਾਉਣ ਲੱਗ ਪਏ। ਦਾਰਸ਼ਨਿਕਾਂ ਦਾ ਪ੍ਰਯੋਜਨ ਸੀ ਕਿ ਇਤਫ਼ਾਕੀਆ ਵਾਪਰਨ ਵਾਲੀਆਂ ਘਟਨਾਵਾਂ ਨੂੰ ਜੋੜ ਕੇ, ਉਨ੍ਹਾਂ ਦਾ ਏਕੀਕਰਨ ਕਰਕੇ ਦੁਬਾਰਾ ਇਤਿਹਾਸ ਵਿਚ ਉਨ੍ਹਾਂ ਦਾ ਪੱਖ ਸਪੱਸ਼ਟ ਕਰਨਾ, ਤਾਂ ਕਿ ਇਨ੍ਹਾਂ ਘਟਨਾਵਾਂ ਦੇ ਸੱਚ ਨੂੰ ਇਤਿਹਾਸਕ ਤੌਰ 'ਤੇ ਯਥਾਰਥਕ ਰੂਪ ਪੱਖੋਂ ਸਮਝਿਆ ਜਾ ਸਕੇ ਕਿਉਂਕਿ ਇਹ ਘਟਨਾਵਾਂ ਆਧੁਨਿਕਤਾ ਦੀ ਬੁਨਿਆਦ ਨਾਲ ਸਬੰਧਿਤ ਹਨ।

Kant ਦਾ ਪੰਜਵਾਂ ਵਿਚਾਰ ਸੀ ਕਿ ਆਧੁਨਿਕਤਾ ਮਨੁੱਖੀ ਜਿਨਸੀ ਅਤੇ ਜਾਤੀ-ਪਾਤੀ ਦੇ ਇਤਿਹਾਸ ਦੀ ਕਦਰ ਕਾਰਨ ਹੋਂਦ ਵਿਚ ਆਈ। Kant ਦਾ ਵਿਚਾਰ ਹੈ ਕਿ ਮਨੁੱਖੀ ਜਿਨਸੀ ਤੇ ਜਾਤੀ-ਪਾਤੀ ਦੇ ਇਤਿਹਾਸ ਵਿਚ ਜੋ ਕੁਦਰਤ ਦੀ ਉਹ ਗੁਪਤ ਤਜ਼ਵੀਜ ਛੁੱਪੀ ਹੈ, ਜਿਸ ਤੋਂ ਜਾਤ-ਪਾਤ ਰਹਿਤ ਇਤਿਹਾਸ ਜਨਮਦਾ ਹੈ। ਗੁਪਤ ਕੁਦਰਤੀ ਤਜ਼ਵੀਜ ਵਿਚ ਕੁੱਝ ਵੀ ਫਾਲਤੂ ਨਹੀਂ ਹੁੰਦਾ। ਮਨੁੱਖ ਬਾਹਰਲੀ ਸਲਤਨਤ ਦਾ ਸੰਵਿਧਾਨ ਇਸੇ ਗੁਪਤ

ਕੁਦਰਤੀ ਤਜ਼ਵੀਜ 'ਤੇ ਅਧਾਰਿਤ ਹੁੰਦਾ ਹੈ। ਮਨੁੱਖੀ ਜਿਨਸੀ ਅਤੇ ਜਾਤੀ-ਪਾਤੀ ਦੇ ਇਤਿਹਾਸ ਵਿਚ ਹੀ ਨਸਲ ਰਹਿਤ ਨਿਰਪੱਖਤਾ ਦੇ ਅੰਸ਼ ਹੁੰਦੇ ਹਨ। ਜਿਵੇਂ ਗਤੀ ਰਹਿਤ ਭੂਤ ਵਿਚ ਗਤੀਸ਼ੀਲ ਭਵਿੱਖ ਛੁਪਿਆ ਹੁੰਦਾ ਹੈ। ਇਸ ਗੁਪਤ ਕੁਦਰਤੀ ਤਜ਼ਵੀਜ ਦਾ ਪ੍ਰਗਟਾਅ ਹੀ ਹਨ੍ਹੇਰੇ 'ਚੋਂ ਚਾਨਣ ਜਨਮਦਾ ਹੈ। ਆਧੁਨਿਕਤਾ ਦੇ ਵਿਪਰੀਤ ਇਤਿਹਾਸਕ ਗੁਪਤ ਪ੍ਰਵਿਰਤੀਆਂ 'ਚੋਂ ਹੀ ਆਧੁਨਿਕਤਾ ਦੀ ਪ੍ਰਵਿਰਤੀ ਜਨਮਦੀ ਹੈ।

Kant ਦਾ ਅਖ਼ੀਰਲਾ ਅਤੇ ਛੇਵਾਂ ਨੁਕਤਾ ਹੈ ਕਿ ਗਿਆਨ ਦਾ ਪ੍ਰਸਾਰ ਦਰਸ਼ਨ 'ਤੇ ਅਧਾਰਿਤ ਹੋਣਾ ਚਾਹੀਦਾ ਹੈ। ਸਵੈ ਮੁਖਤਿਆਰੀ ਜਗਤ ਹਿੱਤੂ, ਪਹਿਲੀਆਂ ਅਣ-ਅਨੁਕੂਲ ਸਥਿਤੀਆਂ, ਇਤਫ਼ਾਕੀਆ ਵਾਪਰਨਾ ਅਤੇ ਜਿਨਸੀ ਜਾਤ-ਪਾਤੀ ਦੇ ਇਤਿਹਾਸ ਪ੍ਰਤੀ ਜੋ ਗਿਆਨ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ, ਉਸ ਦਾ ਵਿਸਥਾਰ ਵਿਸ਼ਵ ਵਿਚ ਆਧੁਨਿਕਤਾ ਦੇ ਹੋਂਦ ਵਿਚ ਆਉਣ ਦੇ ਸੰਦਰਭ ਵਿਚ ਦਰਸ਼ਨ 'ਤੇ ਅਧਾਰਿਤ ਹੋਣਾ ਚਾਹੀਦਾ ਹੈ। Kant ਉਦਾਹਰਣ ਦੇ ਤੌਰ 'ਤੇ ਸਪੱਸ਼ਟ ਕਰਦਾ ਹੈ ਕਿ ਗਿਆਨ ਪ੍ਰਕਾਸ਼ਨ ਦੀ ਅਵਸਥਾ ਜੋ ਦਰਸ਼ਨ ਨਾਲ ਸੰਬੰਧਿਤ ਹੈ। ਸਾਨੂੰ ਮਨੁੱਖੀ ਵਿਚਾਰਾਂ ਨਾਲ ਸੰਬੰਧਿਤ ਹੋਣ ਦਾ ਉਦੇਸ਼ ਦਿੰਦੀ ਹੈ। Kant ਦਾ ਵਿਚਾਰ ਸੀ ਕਿ ਦਰਸ਼ਨ ਇਤਿਹਾਸਕ ਤੌਰ 'ਤੇ ਮਨੁੱਖ ਦੇ ਨੈਤਿਕ ਅਧਾਰ ਦੀ ਮੁਕੰਮਲਤਾ ਹੈ। ਉਹ ਉਦਾਹਰਣ ਦਿੰਦਾ ਹੈ ਕਿ ਜਦ ਇਤਿਹਾਸਕ ਆਲੋਚਨਾ ਸੰਸਾਰ ਹਿੱਤ ਅਨੁਸਾਰ ਕੀਤੀ ਜਾਂਦੀ ਹੈ ਤਾਂ ਮਨੁੱਖ ਦੇ ਅੰਤਿਮ ਮਕਸਦ ਦੀ ਪ੍ਰਾਪਤੀ ਮਹਿਸੂਸ ਹੁੰਦੀ ਹੈ। ਇਹ ਅੰਤਿਮ ਮਕਸਦ ਹੈ, ਵਿਸ਼ਵ ਦੇ ਸੱਭ ਰਾਸ਼ਟਰਾਂ ਵਿਚ ਸ਼ਾਂਤੀ ਸਥਾਪਤ ਕਰਨੀ। Kant ਅਨੁਸਾਰ ਵਿਸ਼ਵ ਸ਼ਾਂਤੀ ਦਰਸ਼ਨ ਨਾਲ ਰਾਹੀਂ ਸੰਭਵ ਹੈ। Kant ਅਨੁਸਾਰ ਸੰਸਾਰ ਹਿੱਤ ਦ੍ਰਿਸ਼ਟੀਕੋਣ ਦਾ ਸੱਚ ਸਮਝਣਾ ਵਿਸ਼ਵ ਵਿਆਪਕ ਇਤਿਹਾਸਕ ਵਿਸ਼ਾ ਹੈ। ਦਰਸ਼ਨ ਇਸ ਵਿਸ਼ੇ ਦੀ ਪ੍ਰਾਪਤੀ ਦਾ ਸੱਭ ਤੋਂ ਉੱਤਮ ਅਤੇ ਦੁਰਲੱਭ ਸਾਧਨ ਹੈ। ਜਿਸ ਦਾ ਕਾਰਜ-ਕਰਮ ਹੈ, ਸੰਸਾਰੀ ਹਿੱਤ ਦੇ ਮੰਤਵ ਨੂੰ ਰੂਪ-ਰੇਖਾ, ਸ਼ਕਲ ਦੇਣੀ ਅਤੇ ਪ੍ਰਗਟਾਉਣਾ। ਇਹ ਮਨੁੱਖਤਾ ਲਈ ਇਤਿਹਾਸਕ ਅਰਥ ਦਾ ਸੱਚ ਹੈ। ਜਿਸ ਦਾ ਸਿੱਧਾ ਸੰਬੰਧ ਮਨੁੱਖੀ ਵਿਚਾਰਧਾਰਾ ਨਾਲ ਹੈ। ਇਸ ਗਿਆਨ ਦਾ ਪ੍ਰਸਾਰ ਮਨੁੱਖੀ ਭਲਾਈ ਦਰਸ਼ਨ ਰਾਹੀਂ ਹੀ ਸੰਭਵ ਹੈ।

ਸਾਡਾ ਅਗਲਾ ਵਿਦਵਾਨ ਹੈ, Hanna Aredent. ਉਸ ਅਨੁਸਾਰ ਲੋਕ ਸਵੈ ਮੁਖਤਿਆਰੀ ਦੀ ਪ੍ਰਾਪਤੀ ਰਾਜਨੀਤੀ ਜਾਂ ਰਾਜਨੀਤਿਕ ਖਲਾਅ ਤੋਂ ਪ੍ਰਾਪਤ ਕਰਦੇ ਹਨ। ਭਾਵ ਦੁਨੀਆ ਦੇ ਦਾਰਸ਼ਨਿਕਾਂ ਦੇ ਦ੍ਰਿਸ਼ਟੀਕੋਣ ਅਨੁਸਾਰ ਸਵੈ ਮੁਖਤਿਆਰੀ ਦੇ ਵਿਚਾਰ ਦੀ ਸਿਖ਼ਰ ਭਾਵਨਾ ਰਾਜਨੀਤੀ 'ਜਾਂ ਰਾਜਨੀਤਿਕ ਪੱਧਰ ਦੇ ਖਲਾਅ 'ਚੋਂ ਸੰਭਵ ਹੈ। ਇਹ ਖਲਾਅ ਜਿੱਥੇ ਅਕਾਉ ਹੈ,

ਉੱਥੇ ਮਹੱਤਵਪੂਰਨ ਸੰਕਲਪ ਵੀ ਹੈ। ਇਤਿਹਾਸ ਦੁਨੀਆ ਅਤੇ ਮਨੁੱਖ ਦੀਆਂ ਸਲਤਨਤੀ ਕਿਰਿਆਵਾਂ ਨੂੰ ਸਮਝ ਕੇ ਰਾਜਨੀਤਿਕ ਖਲਾਅ 'ਚੋਂ ਸਵੈ ਮੁਖਤਿਆਰੀ ਦੀ ਪ੍ਰਾਪਤੀ ਦੇ ਵਿਕਾਸ ਦਾ ਸਿਖ਼ਰ ਪੈਦਾ ਕਰਦਾ ਹੈ। ਨਾਗਰਿਕਾਂ ਦਾ ਨੈਤਿਕਤਾ ਦੀ ਮੁਕੰਮਲਤਾ ਨੂੰ ਸਮਝਣਾ ਅਤੇ ਰਾਜਨੀਤਿਕ ਖੁਦ ਮੁਖਤਿਆਰੀ ਹਾਸਿਲ ਕਰਨੀ ਆਧੁਨਿਕਤਾ ਦੀ ਹੋਂਦ ਸਿਰਜਣਾ ਹੈ।

Hanna Arednt ਅਨੁਸਾਰ ਰਾਜਨੀਤੀ ਤੇ ਸਮਾਜ ਦੋ ਸੰਕਲਪ ਹਨ। ਜੋ ਮਨੁੱਖ ਵਿਚ ਦੁਨੀਆ ਨੂੰ ਸਮਝਣ ਲਈ ਸ਼ਕਤੀ ਪੈਦਾ ਕਰਦੇ ਹਨ ਕਿ ਦੁਨੀਆ ਦੀ ਸਿਰਜਨਾਤਮਕ ਸ਼ਕਤੀ ਕੀ ਹੈ ਅਤੇ ਦੁਨੀਆ ਹੋਂਦ ਵਿਚ ਕਦੋਂ ਆਈ। ਦੁਨੀਆ ਦੀ ਸਿਰਜਨਾਤਮਕ ਸ਼ਕਤੀ ਮਨੁੱਖੀ ਹਲਾਤਾਂ ਤੋਂ ਪੈਦਾ ਹੁੰਦੀ ਹੈ। ਇਤਿਹਾਸ ਨੂੰ ਸਮਝਣ ਲਈ ਵੀ ਮਨੁੱਖੀ ਹਲਾਤਾਂ ਦੀ ਸ਼ਕਤੀ ਹੀ ਸਹਾਇਕ ਹੁੰਦੀ ਹੈ। ਇਹ ਸ਼ਕਤੀ ਹੀ ਇਤਿਹਾਸ ਸਿਰਜਦੀ ਹੈ। ਇਤਿਹਾਸ ਦਾ ਦਰ ਮਨੁੱਖੀ ਹਲਾਤਾਂ ਲਈ ਸਦਾ ਖੁਲ੍ਹਾ ਰਹਿੰਦਾ ਹੈ। ਇਤਿਹਾਸ ਇਹ ਪ੍ਰਵਿਰਤੀ ਚਿਰੰਜੀਵੀ ਹੈ।

ਇਹ ਪ੍ਰਵਿਰਤੀ ਹੀ ਮਨੁੱਖੀ ਕਾਰਜ ਨੂੰ ਅਰਥ ਪ੍ਰਦਾਨ ਕਰਦੀ ਹੈ। ਭਾਵ ਇਤਿਹਾਸ ਅੰਨ੍ਹੇਵਾਹ ਮਸ਼ੀਨ ਵਾਂਗ ਗਤੀ ਨਹੀਂ ਕਰਦਾ। Hanna Arednt ਲਿਖਦਾ ਹੈ ਕਿ ਸਮਚਤਰ ਭੁਜ (Rectangl) ਨਾਲ ਜਿੱਥੇ ਵਿਸ਼ਵ ਦੀ ਹਰ ਵਸਤੂ ਗਤੀ ਕਰਦੀ ਹੈ, ਇਹ ਗਤੀ ਸਿਲਸਿਲੇਵਾਰ ਹੈ। Arednt ਦਾ ਸੁਝਾਉ ਹੈ ਕਿ ਇਤਿਹਾਸਕ ਸਮੇਂ ਦਾ Institution ਮਨੁੱਖ ਦੇ ਮੁੱਢਲੇ ਕਾਰਜ ਦੀ ਪੇਸ਼ਗੋਈ ਵਿਚ ਆਪਣਾ ਵਕਤ ਗੁਜ਼ਾਰਦਾ ਹੈ। ਪਰ ਇਸ ਵਿਚ ਦਖ਼ਲ ਅੰਦਾਜ਼ੀ ਮਨੁੱਖੀ ਕਾਰਕ ਪ੍ਰਣਾਲੀ ਦੀਆਂ ਕਟੌਤੀਆਂ ਕਾਰਨ ਹੁੰਦੀ ਹੈ, ਭਾਵ ਮਨੁੱਖੀ ਕਾਰਜ ਦੀਆਂ ਕਮੀਆਂ ਕਾਰਨ।

ਇਹ ਜਾਣਨਾ ਵੀ ਜ਼ਰੂਰੀ ਹੈ ਕਿ ਮਨੁੱਖੀ ਕਮੀਆਂ ਦੇ ਬਾਅਦ ਕੀ ਬਚਦਾ ਹੈ, ਜੋ ਅਸਲ ਵਿਚਾਰ ਤੋਂ ਅਲੱਗ ਹੈ। Arednt ਦੇ ਰੂਪਕ ਚਿੱਤਰ (Metaphor) ਦੱਸਦੇ ਹਨ ਕਿ ਮਨੁੱਖ ਦੁਨਿਆਵੀ ਦਾਇਰੇ ਵਿਚ ਘਿਰਿਆ ਹੋਇਆ ਹੈ। ਇਸ ਦੁਨਿਆਵੀ ਦਾਇਰੇ ਦੀ ਪਕੜ ਵਿਚ ਮਨੁੱਖੀ ਇੱਛਾ ਭਾਗੀਦਾਰ ਹੈ। ਇਸ ਭਾਗੀਦਾਰੀ ਇੱਛਾ ਦੇ ਕਾਰਜ ਕਰਮ ਦਾ ਨਾਮ ਹੀ ਇਤਿਹਾਸ ਹੈ। ਭਾਵ ਇਸ ਇੱਛਾ ਦੇ ਕਾਰਜ-ਕਰਮ ਦੀ ਉਤਪਤੀ ਇਤਿਹਾਸਕ ਸਿਰਜਣਾ ਹੈ। ਇਸ ਇੱਛਾ ਦੇ ਕਾਰਜ ਕਰਮ ਤੋਂ ਅਲੱਗ ਜੋ ਬਚਿਆ ਹੈ, ਉਹ ਬਚਿਆ ਸਿਰਫ਼ ਸਾਡੇ ਦਾਰਸ਼ਨਿਕਾਂ ਦੇ ਟੁਕੜੇ ਹਨ, ਜਿਨ੍ਹਾਂ ਦਾ ਰੂਪ ਇਤਿਹਾਸਕ ਇਕੱਲਤਾ ਹੈ। ਆਲੋਚਕ ਵੇਖਦੇ ਹਨ ਕਿ ਕਿਰਤੀ ਵਰਗ ਕਿਸ ਲਈ ਜ਼ੋਰ ਮਾਰਦਾ ਹੈ। ਸਿਰਫ਼ ਇਸ ਲਈ ਜ਼ੋਰ ਮਾਰਦਾ ਹੈ, ਸੰਘਰਸ਼ ਕਰਦਾ

ਹੈ ਕਿ ਕਿਰਤੀ ਵਰਗ ਆਪਣੇ ਮੌਜੂਦਾ ਵਜੂਦ ਤੋਂ ਕੁੱਝ ਵੱਧ ਬਣਨਾ ਚਾਹੁੰਦੇ ਹਨ। ਇਹ ਕਿਰਤੀ ਵਰਗ ਦੀ ਕੁੱਝ ਵੱਧ ਬਣਨ ਦੀ ਇੱਛਾ ਸ਼ਕਤੀ ਹੀ ਮਜ਼ਦੂਰ ਸੰਘਰਸ਼ ਵਿਚ ਆਪਣੀਆਂ ਮੰਗਾਂ ਸਵੀਕਾਰਤ ਕਰਵਾਉਂਦੀ ਹੈ। ਇਸੇ ਕਾਰਜ ਪ੍ਰਣਾਲੀ ਦੀ ਇਛਾ ਸ਼ਕਤੀ ਸਦਕਾ ਮਜ਼ਦੂਰ ਵਰਗ ਆਪਣੇ ਵਜੂਦ ਤੋਂ ਵੱਧ ਸਿੱਧ ਹੁੰਦਾ ਹੈ। ਇਸੇ ਤਰ੍ਹਾਂ ਆਧੁਨਿਕਤਾ ਆਪਣੇ ਆਪ 'ਚ ਆਪਣੇ-ਆਪ ਤੋਂ ਵੱਧ ਬਣਨ ਦੀ ਸ਼ਕਤੀ ਰੱਖਦੀ ਹੈ। ਇਸੇ ਲਈ ਦਾਰਸ਼ਨਿਕਤਾ ਆਧੁਨਿਕਤਾ ਦੀ ਆਤਮਾ ਹੈ। ਇਸ ਲਈ ਆਧੁਨਿਕਤਾ ਦੀ ਪਰਿਭਾਸ਼ਕ ਵਿਸ਼ੇਸ਼ਤਾ ਹੈ, ਉਹ ਇਹ ਹੈ ਕਿ ਮਨੁੱਖ ਉੱਪਰ ਉਠੇ ਨਾ ਕਿ ਦੁਨੀਆ ਲਈ, ਉੱਪਰ ਉਠੇ ਦੁਨੀਆ ਸਿਰਜਣਾ ਲਈ। ਦੁਨੀਆ ਲਈ ਮਨੁੱਖ ਦਾ ਉੱਪਰ ਉਠਣਾ ਅਰਥਹੀਣ ਹੈ। ਦੁਨੀਆ ਬਣਾਉਣ ਲਈ ਮਨੁੱਖ ਦਾ ਉੱਪਰ ਉੱਠਣਾ ਆਧੁਨਿਕਤਾ ਲਈ ਅਰਥ ਭਰਪੂਰ ਹੈ। Kant ਅਤੇ Hanna Arednt ਵਿਚ ਸਵੈ ਮੁਖਤਿਆਰੀ ਦੀ ਪ੍ਰਾਪਤੀ ਦੀ ਸਾਂਝ ਹੈ। ਪਰ Kant ਅਤੇ Hanna Arednt ਦੀ ਸਵੈ ਮੁਖਤਿਆਰੀ ਦੀ ਕੁੱਖ ਅੱਡ-ਅੱਡ ਹੈ। Arednt ਅਨੁਸਾਰ ਇਸ ਦੀ ਪ੍ਰਾਪਤੀ ਦੀ ਕੁੱਖ ਰਾਜਨੀਤੀ ਜਾਂ ਰਾਜਨੀਤਿਕ ਖਲਾਅ ਹੈ। ਪਰ Kant ਅਨੁਸਾਰ ਇਸ ਦੀ ਪ੍ਰਾਪਤੀ ਦਾ ਵਿਚਾਰ ਮਨੁੱਖ ਅੰਦਰ ਇਤਿਹਾਸਕ ਮਨੁੱਖੀ ਜੀਵਨ ਧਰਾਤਲ ਦੇ ਵਿਚਰਨ 'ਚੋਂ ਆਉਂਦਾ ਹੈ। ਜਿਸ ਵਿਚਰਨ ਧਰਾਤਲ ਵਿਚ ਰਾਜਨੀਤੀ ਅਤੇ ਰਾਜਨੀਤਿਕ ਖਲਾਅ ਦਾ ਅਹਿਮ ਰੋਲ ਹੁੰਦਾ ਹੈ।

ਮੰਨਿਆ ਜਾਂਦਾ ਹੈ ਕਿ "ਆਧੁਨਿਕਤਾ ਸਮੇਂ ਦੇ ਦਰਸ਼ਨ ਦੀ ਇਤਿਹਾਸਕ ਚੇਤਨਾ ਹੈ।" ਇਹ ਕਿਸ ਸਮੇਂ ਦੀ ਇਤਿਹਾਸਕ ਚੇਤਨਾ ਹੈ। ਇਸ ਦੀ ਸੰਭਵ ਖੋਜ ਸਾਡਾ ਵਿਸ਼ਾ ਹੈ। ਇਹ ਇਤਿਹਾਸਕ ਤੌਰ 'ਤੇ ਉਹ ਚੇਤਨਾ ਹੈ, ਜਿਸ ਦੀ ਪ੍ਰੋੜਤਾ Kant ਕਰਦਾ ਹੈ। ਇਹ ਚੇਤਨਾ ਦਾਰਸ਼ਨਿਕ ਅਤੇ ਇਤਿਹਾਸਕਾਰਾਂ ਲਈ ਰਾਖਵੀਂ ਚੇਤਨਾ ਹੈ। ਇਹ ਚੇਤਨਾ ਦਾਰਸ਼ਨਿਕਾਂ ਅਤੇ ਇਤਿਹਾਸਕਾਰਾਂ ਲਈ (now) ਭਾਵ ਹੁਣ ਨੂੰ ਵੇਖਣ ਪਰਖਣ ਦੀ ਵਿਸ਼ੇਸ਼ ਪ੍ਰਵਿਰਤੀ ਹੈ। ਇਹ ਪ੍ਰਵਿਰਤੀ ਜਲਦੀ ਤੋਂ ਜਲਦੀ ਸਵੀਕਾਰਨ ਦੀ ਲੋੜ ਹੈ। ਇਹ ਪ੍ਰਵਿਰਤੀ ਭੂਤ ਦੇ ਵਿਚਾਰ ਯੋਗ ਸੰਬੰਧਾਂ 'ਚੋਂ ਅਗਾਂਹਵਧੂ ਭਵਿੱਖ ਵੇਖਦੀ ਹੈ। ਆਧੁਨਿਕਤਾ ਨੂੰ ਸਮਝਣ ਲਈ Kant ਇਸ ਸੋਚ ਅਤੇ ਪ੍ਰਵਿਰਤੀ 'ਤੇ ਵਿਸ਼ੇਸ਼ ਜ਼ੋਰ ਦਿੰਦਾ ਹੈ।

Hanna Arednt ਦਾ ਵਿਚਾਰ ਹੈ, ਜਦੋਂ ਤੁਸੀਂ ਇਤਿਹਾਸ ਨੂੰ ਇੱਕ ਵਾਰੀ ਉਸਦੀ ਸਮੁੱਚਤਾ ਪੱਖੋਂ ਵੇਖਦੇ ਹੋ, ਬਜਾਇ ਇੱਕ ਘਟਨਾ ਪੱਖੋਂ ਤਾਂ ਇਤਿਹਾਸ ਵਿਚ ਵਾਪਰੀ ਹਰ ਚੀਜ਼ ਅਚਾਨਕ ਸਮਝ ਆ ਜਾਂਦੀ ਹੈ ਕਿਉਂਕਿ ਇਤਿਹਾਸ ਸਮੂਹਕਤਾ ਵਿਚ ਇੱਕੋ-ਇੱਕ ਕਹਾਣੀ ਹੁੰਦੀ ਹੈ। Hanna Arednt ਦਾ ਇਹ

ਵਿਚਾਰ Kant ਦੀ ਦਾਰਸ਼ਨਿਕਤਾ ਇਤਿਹਾਸਕਤਾ ਦਾ ਜ਼ਰੂਰੀ 'ਤੇ ਪ੍ਰਭਾਵਸ਼ੀਲ ਅੰਗ ਹੈ। ਇਸ ਵਿਚਾਰ ਵਿਚ ਦਿਲਾਸੇ ਦੀ ਉਹ ਆਸ ਹੈ ਜੋ ਅਥਾਹ ਅਰਥਾਂ 'ਚ ਘਿਰੇ ਭੂਤ ਚੋਂ ਉਪਜਦੀ ਹੈ। Kant ਦੀ ਇਹ ਆਸ ਸੁਤੰਤਰਤਾ ਨਾਲ ਸੰਬੰਧਿਤ ਹੈ ਕਿਉਂਕਿ ਇਤਿਹਾਸ ਹੀ ਮਨੁੱਖ ਨੂੰ ਸੁਤੰਤਰ ਕਰਵਾਉਂਦਾ ਹੈ। Kant ਅਤੇ Hanna Arednt ਦੇ ਫ਼ਲਸਫ਼ੇ ਵਿਚਲੀ ਏਕਤਾ ਦੱਸਦੀ ਹੈ ਕਿ ਇਤਿਹਾਸਕ ਸਮੁੱਚਤਾ ਵਿਚਲੀ ਆਸ ਹੀ ਵਿਸ਼ਵ ਦੇ ਸੱਭ ਰਾਸ਼ਟਰਾਂ ਵਿਚ ਸ਼ਾਂਤੀ ਸਥਾਪਤੀ ਦਾ ਸਾਧਨ ਹੈ, ਜੋ ਆਧੁਨਿਕਤਾ ਦਾ ਮੂਲ ਤੱਤ ਹੈ। ਇਹ ਆਸ ਹੀ ਆਧੁਨਿਕਤਾ ਦੀ ਦਾਰਸ਼ਨਿਕ ਇਤਿਹਾਸਿਕ ਚੇਤਨਾ ਦੇ ਸਮੇਂ ਵੱਲ ਟੋਰਦੀ ਹੈ। ਇਤਿਹਾਸਕ ਚੇਤਨਾ ਹੀ (Now) ਨੂੰ ਵੇਖਣ ਤੇ ਪਰਖਣ ਦੀ ਵਿਸ਼ੇਸ਼ ਪ੍ਰਵਿਰਤੀ ਹੈ।

ਹੁਣ ਅਸੀਂ ਵਿਸ਼ਵ ਪ੍ਰਸਿੱਧ ਦਾਰਸ਼ਨਿਕ ਵਿਦਵਾਨ ਕਾਰਲ ਮਾਰਕਸ ਦੇ ਫ਼ਲਸਫ਼ੇ ਬਾਰੇ ਵਿਚਾਰ ਕਰਾਂਗੇ ਕਿ ਇਹ ਮਹਾਂਪੁਰਖ ਆਧੁਨਿਕਤਾ ਪ੍ਰਤੀ ਕੀ ਵਿਚਾਰ ਰੱਖਦਾ ਹੈ। Marx ਨੇ ਜਰਮਨ ਦੇ ਉੱਥਲ-ਪੁੱਥਲ ਬਾਰੇ 1845 ਵਿਚ ਆਪਣੇ ਗਿਆਰਵੇਂ ਖੋਜ-ਪੱਤਰ ਵਿਚ ਲਿਖਿਆ ਸੀ ਕਿ ਦਾਰਸ਼ਨਿਕਾਂ ਨੇ ਦੁਨੀਆ ਦੇ ਇਤਿਹਾਸ ਨੂੰ ਬਹੁਤ ਤਰੀਕਿਆਂ ਰਾਹੀਂ ਪੇਸ਼ ਕੀਤਾ ਹੈ। Marx ਆਪਣੇ ਖੋਜ-ਪੱਤਰ ਅਨੁਸਾਰ ਦੁਨੀਆ ਦੇ ਇਤਿਹਾਸ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ। Marx ਇਤਿਹਾਸ ਨੂੰ ਮਜ਼ਦੂਰੀ ਦੀ ਜਿਊਂਦੀ-ਜਾਗਦੀ ਕਾਰਜ ਪ੍ਰਣਾਲੀ ਦੇ ਅਧਾਰ 'ਤੇ ਪੇਸ਼ ਕਰਦਾ ਹੈ। Marx ਅਨੁਸਾਰ ਸਿਰਫ਼ ਕਿਰਤੀ ਵਰਗ ਹੀ ਇਤਿਹਾਸ ਦਾ ਪ੍ਰਭਾਵ ਕਬੂਲਦਾ ਹੈ। ਕਿਰਤੀ ਵਰਗ ਹੀ ਇਤਿਹਾਸ ਸਿਰਜਦਾ ਹੈ। Marx ਇਤਿਹਾਸ ਨੂੰ Active-Life-Process ਸਮਝਦਾ ਹੈ। ਆਪਣੀ ਰਚਨਾ "Writing of History" ਵਿਚ Marx ਮਨੁੱਖੀ ਨੁਕਤਿਆਂ ਨੂੰ ਹੀ ਪਹਿਲ ਦਿੰਦਾ ਹੈ ਕਿਉਂਕਿ ਇਤਿਹਾਸ Active-Life-Process ਹੈ। ਉਸ ਅਨੁਸਾਰ ਕਿਰਤੀ ਵਰਗ ਦਾ ਸੰਕਟ ਹੀ ਇਤਿਹਾਸਕ ਚੇਤਨਾ ਹੈ। ਇਹ ਸੰਕਟ ਜਿਸ ਨੂੰ Marx ਇਤਿਹਾਸਕ ਚੇਤਨਾ ਕਹਿੰਦਾ ਹੈ, ਆਧੁਨਿਕਤਾ ਦਾ ਮੂਲ ਤੱਤ ਹੈ। ਜਿਸਦੀ ਉਪਜ ਕਿਰਤੀ ਵਰਗ ਦੀਆਂ ਮੁਨਾਸਿਫ਼ ਮੰਗਾਂ ਤੋਂ ਹੁੰਦੀ ਹੈ।

Marx ਕਿਰਤੀ ਵਰਗ ਨੂੰ ਆਧੁਨਿਕਤਾ ਦਾ ਜਨਮਦਾਤਾ ਮੰਨਦਾ ਹੈ। Marx ਅਨੁਸਾਰ ਕਿਰਤੀ ਵਰਗ ਤੋਂ ਬਿਨ੍ਹਾਂ ਆਧੁਨਿਕ ਚੇਤਨਾ ਨੂੰ ਪੈਦਾ ਕਰਨ ਵਾਲਾ ਕੋਈ ਹੋਰ ਨਹੀਂ ਸੀ। Marx ਨੂੰ ਜਦੋਂ ਆਧੁਨਿਕ ਚੇਤਨਾ ਪ੍ਰਤੀ ਅਧਿਐਨ ਕਰਨ ਦਾ ਮੌਕਾ ਮਿਲਿਆ ਤਾਂ ਉਸ ਸਾਂਵੇ ਕਿਰਤੀ ਵਰਗ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਸੀ। Marx ਲਈ ਕਿਰਤੀ ਵਰਗ ਦੀ ਸਰਵ ਵਿਆਪਕਤਾ ਦਾ

ਸੰਕਲਪ ਜ਼ਰੂਰੀ ਸੀ। ਇਸ ਦ੍ਰਿਸ਼ਟੀ ਤੋਂ Marx ਕ੍ਰਾਂਤੀਕਾਰੀ ਹੈ, ਜੋ ਮੌਜੂਦਾ ਦੁਨੀਆ ਨੂੰ ਨਿਕਾਰਦਾ ਹੈ ਅਤੇ ਕਿਰਤੀ ਵਰਗ ਅਨੁਕੂਲ ਵਿਸ਼ਵ ਸਿਰਜਦਾ ਹੈ। ਪੁਰਾਤਨ ਜਗੀਰਦਾਰੀ ਅਤੇ ਸਰਮਾਏਦਾਰੀ ਦੇ ਪੈਦਾਵਾਰੀ ਢੰਗ ਨਵਯੁੱਗ ਵਿਚਲੀ ਖ਼ਪਤਕਾਰੀ ਅਤੇ ਉਨਤੀ ਨੂੰ ਮੁੱਖ ਰੱਖ ਕੇ ਬਣਾਏ ਜਾਂਦੇ ਹਨ। Marx ਇਤਿਹਾਸਕ ਉਦੇਸ਼ ਪੂੰਜੀਵਾਦੀ ਤਰੱਕੀ ਦੇ ਅਧਾਰ 'ਤੇ ਪੇਸ਼ ਕਰਦਾ ਹੈ। Marx ਲਿਖਦਾ ਹੈ ਕਿ ਇਤਿਹਾਸ ਨੂੰ ਪੇਸ਼ ਕਰਨ ਦੇ ਸੰਦਰਭ ਵਿਚ ਨਾ ਸਿਰਫ਼ ਆਦਰਸ਼ਕ ਕਲਪਨਾ ਦੀ ਲੋੜ ਹੈ ਸਗੋਂ ਵੱਧ ਨਿੱਗਰ ਅਤੇ ਸਹੀ ਵਿਚਾਰਕ ਦ੍ਰਿਸ਼ਟੀਕੋਣ ਦੀ ਲੋੜ ਹੈ। Marx ਅਨੁਸਾਰ ਜੀਵਨ ਚੇਤਨਾ ਕਰਕੇ ਦ੍ਰਿੜ ਨਹੀਂ ਹੁੰਦਾ ਬਲਕਿ ਚੇਤਨਾ ਜੀਵਨ ਕਰਕੇ ਦ੍ਰਿੜ ਹੁੰਦੀ ਹੈ। ਜਿਵੇਂ ਅਸੀਂ ਵੇਖਦੇ ਹਾਂ ਇਤਿਹਾਸਕ ਗਤੀਵਿਧੀ ਦੇ ਨਿਯਮ ਸਦਾ ਹੀ ਤਾਂਘਦੇ ਹਨ, ਆਪਣੀ ਲੋੜ ਅਨੁਸਾਰ ਰਿਸ਼ਟ-ਪੁਸ਼ਟ ਸੁੱਖਮਈ ਭੂੰਮੀ ਦੀ ਪ੍ਰਾਪਤੀ ਲਈ। ਮੁੱਢਲੇ ਵਿਚਾਰਾਂ ਤੋਂ ਅਸੀਂ ਸਮਝਦੇ ਹਾਂ ਕਿ Marx ਇਤਿਹਾਸ ਨੂੰ ਸਿਧਾਂਤ ਅਤੇ ਉਦੇਸ਼ਵਾਦ ਦੇ ਅਧਾਰ 'ਤੇ ਸਵੀਕਾਰ ਕਰਦਾ ਹੈ।

Marx ਨੇ ਯੂਰਮ ਵਿਚ 19ਵੀਂ ਸਦੀ ਦੀ ਮੱਧ ਵਰਗੀ Bougeosie and Proletariat ਦੀ ਵੱਖ-ਵੱਖ ਸਥਾਪਤੀ ਨੂੰ ਸਲਾਹਿਆ ਹੈ ਕਿਉਂਕਿ ਵਿਰੋਧੀ ਵਰਗ ਦੀ ਦਿਲਚਸਪੀ ਇੱਕ ਸੱਤਾ ਕਾਇਮ ਕਰਨ ਵਿਚ ਹੁੰਦੀ ਹੈ, ਜੋ ਉਪਭਾਸ਼ਾ ਵਿਚ ਉਤਪਤੀ ਦੀ ਤਾਕਤ ਅਤੇ ਰਿਸ਼ਤੇ ਪ੍ਰਤੀ ਵਰਗ ਯੁੱਧ ਨੂੰ ਪ੍ਰੇਰਿਤ ਕਰਦੀ ਹੈ। ਉਹ ਵਰਗ ਯੁੱਧ ਸਰਮਾਏਦਾਰੀ ਦਾ ਹੀ ਸੰਕਟ ਹੁੰਦਾ ਹੈ।

Marx ਲਈ ਕਿਰਤੀ ਵਰਗ ਵਿਸ਼ਵ ਦਾ ਇਤਿਹਾਸ ਸਿਰਜਦਾ ਹੈ। Marx ਕਿਰਤੀ ਵਰਗ ਨੂੰ ਦੁਨੀਆ ਦੇ ਇਤਿਹਾਸ ਨਾਲ ਜੋੜਦਾ ਹੈ। Marx ਲਈ ਕਿਰਤੀ ਵਰਗ ਵਿਸ਼ੇਸ਼ ਸਮੂਹਕ ਉਤਪਤੀ ਦੀ ਤਾਕਤ ਹੈ, ਜੋ ਸਰਮਾਏਦਾਰੀ ਸੰਕਟ ਦੇ ਇਤਿਹਾਸਕ ਮੌਕਿਆਂ ਦੀ ਉਤਪਤੀ ਹੈ। ਕਿਰਤੀ ਵਰਗ ਸਿਰਫ਼ ਆਪਣੀ ਮੁਨਾਸਿਫ਼ ਮੰਗ ਦੀ ਪ੍ਰਾਪਤੀ ਚਾਹੁੰਦਾ ਹੈ। Marx ਲਈ ਕਿਰਤੀ ਵਰਗ ਦਾ ਸੰਕਟ ਹੀ ਸਮੇਂ ਦੀ ਦਾਰਸ਼ਨਿਕ ਇਤਿਹਾਸਕ ਚੇਤਨਾ ਹੈ। ਇਹ ਕਿਰਤੀ ਵਰਗ ਦੀ ਚੇਤਨਾ ਸਰਮਾਏਦਾਰੀ ਵਰਗ ਲਈ ਇਤਿਹਾਸਕ ਉਦੇਸ਼ ਹੈ।

ਆਧੁਨਿਕਤਾ ਨੇ ਇੱਕ ਮੌਲਿਕ ਇਤਿਹਾਸਕ ਚੇਤਨਾ ਪੈਦਾ ਕੀਤੀ ਹੈ। ਜਿਸ ਦਾ ਮੂਲ ਵਿਕਾਸ ਆਲੋਚਨਾਤਮਕ ਅਮਲ ਹੈ। Marx ਲਈ ਆਧੁਨਿਕਤਾ ਕ੍ਰਾਂਤੀਕਾਰੀ ਯੁੱਗ ਦੇ ਆਰੰਭ ਦੀ ਰੂਪ-ਰੇਖਾ ਹੈ। ਇਸ ਵਿਚਾਰ ਨਾਲ ਆਧੁਨਿਕ ਹੋਣ ਦੀ ਸਮਝ ਨਵੇਂ ਯੁੱਗ ਦੇ ਆਰੰਭ ਦੀ ਲਹਿਰ 'ਚੋਂ ਆਈ ਹੈ। ਇਸ 'ਤੇ ਵਿਚਾਰ ਕਰਦਿਆਂ Marx ਨੇ ਇਤਿਹਾਸਕ ਚੇਤਨਾ ਨਿੱਗਰ ਤੌਰ

'ਤੇ ਉਤਪੰਨ ਕਰਨ ਵਾਲੀ ਮਨੁੱਖੀ ਵਿਚਾਰਧਾਰਾ ਦੀ ਜਿਉਂਦੀ-ਜਾਗਦੀ ਕਾਰਜਸ਼ੀਲਤਾ ਨੂੰ ਸਮਝਿਆ ਹੈ। ਜੋ ਕਾਰਜਸ਼ੀਲਤਾ ਕਿਰਤੀ ਵਰਗ ਦੀ ਊਰਜਾ ਹੈ। ਦਰਸ਼ਨ ਜਾਂ ਫ਼ਿਲਾਸਫ਼ੀ ਮਨੁੱਖ ਨੂੰ ਸਮਝਣ ਦਾ ਇੱਕ ਸਾਧਨ ਮਾਤਰ ਹੈ। ਇਹ ਦਰਸ਼ਨ ਮਨੁੱਖ ਨੂੰ ਇਤਿਹਾਸਿਕ ਪ੍ਰਤੀਨਿਧਤਾ ਦੇ ਤੌਰ 'ਤੇ ਯਥਾਰਥਕ ਰੂਪ ਵਿਚ ਦੁਨੀਆ ਪ੍ਰਤੀ ਗਿਆਨ ਪ੍ਰਦਾਨ ਕਰਦਾ ਹੈ। ਜਿਸ ਵਿਚ ਮਨੁੱਖ ਜੀਵਨ ਬਤੀਤ ਕਰਦਾ ਹੈ। ਪਰ Marx ਦਾ ਵਿਸ਼ਲੇਸ਼ਣ ਆਪਣੇ-ਆਪ ਵਿਚ ਵਿਗਿਆਨਿਕ ਖੋਜ ਹੇਠ ਪਿਆ ਹੈ। ਜੋ ਇੱਕ ਵੱਡੀ ਅਚੇਤਨਾ 'ਚੋਂ ਮਿਲਦਾ ਹੈ। ਇਹ ਸਿਧਾਂਤ ਪੈਦਾਵਾਰ ਜਾਂ ਉਤਪਤੀ ਦੇ ਇੱਕ Mode 'ਚੋਂ ਦੂਜੇ ਨੂੰ ਸਮਝਣਾ ਹੈ। Marx ਮਨੁੱਖੀ ਇਤਿਹਾਸ ਦੀ ਵਿਸ਼ੇਸ਼ਤਾ ਨਵਯੁੱਗ ਦੀ ਪ੍ਰਾਪਤੀ ਲਈ ਪੂਰਕ ਪ੍ਰਤੀਬਿੰਬ ਦੇ ਰੂਪ ਵਿਚ ਪੇਸ਼ ਕਰਦਾ ਹੈ।

Marx ਅਤੇ Engels ਸਰਮਾਏਦਾਰੀ ਅਤੇ ਕਿਰਤੀ ਵਰਗ ਦੀ ਜਾਤੀ ਜਾਂ ਵਰਗ ਦੀ ਬੋਲੀ ਦੇ ਕੁਦਰਤੀ ਟਾਕਰੇ ਦੇ ਅਧਾਰ 'ਤੇ ਇੱਕ ਤੀਬਰ ਚਿੱਤਰ ਚਿਤਰਦੇ ਹਨ। ਸਰਮਾਏਦਾਰ ਲੋਕ ਸਿਰਫ਼ ਹੱਥਿਆਰ ਹੀ ਨਹੀਂ ਬਣਾਂਦੇ ਸਗੋਂ ਉਨ੍ਹਾਂ ਹੱਥਿਆਰਾਂ ਰਾਹੀਂ ਆਪਣੀ ਮੌਤ ਆਪ ਸਿਰਜਦੇ ਹਨ। ਜੋ ਲੋਕ ਇਨ੍ਹਾਂ ਹੱਥਿਆਰਾਂ 'ਤੇ ਆਪਣਾ ਕਬਜ਼ਾ ਸਮਝਦੇ ਹਨ। ਸਰਮਾਏਦਾਰ ਵਰਗ ਉਨ੍ਹਾਂ ਲੋਕਾਂ ਦੀ ਹੋਂਦ ਨੂੰ ਤਬਾਹੀ ਦਾ ਸੱਦਾ ਦਿੰਦਾ ਹੈ। ਆਧੁਨਿਕ ਕਾਮੇ ਤੇ ਕਿਰਤੀ ਵਰਗ ਸਦਕਾ ਜਿਸ ਤਰ੍ਹਾਂ ਸਰਮਾਏਦਾਰੀ ਦਾ ਵਿਕਾਸ ਹੋ ਰਿਹਾ ਹੈ। ਇਹ ਵਿਕਾਸ ਸਰਮਾਏਦਾਰੀ ਲਈ ਤਾਂ ਲਾਭਦਾਇਕ ਹੈ ਪਰ ਕਾਮੇ ਅਤੇ ਕਿਰਤੀ ਵਰਗ ਲਈ ਹਾਨੀਕਾਰਕ ਹੈ। ਕਿਰਤੀ ਤੇ ਕਾਮਾ ਵਰਗ ਉਨ੍ਹੀਂ ਦੇਰ ਜੀਅ ਸਕਦਾ ਹੈ, ਜਿੰਨ੍ਹੀਂ ਦੇਰ ਉਨ੍ਹਾਂ ਕੋਲ ਕੰਮ ਹੈ। ਕਿਰਤੀ ਵਰਗ ਨੂੰ ਉਨ੍ਹੀਂ ਦੇਰ ਤੱਕ ਕੰਮ ਲੱਭ ਸਕਦਾ ਹੈ, ਜਿੰਨ੍ਹਾਂ ਚਿਰ ਕਿਰਤੀ ਵਰਗ ਦੀ ਮਜ਼ਦੂਰੀ ਸਰਮਾਏਦਾਰੀ ਲਈ ਲਾਭਦਾਇਕ ਹੈ। Marx ਲਿਖਦਾ ਹੈ ਕਿ ਕਿਰਤੀ ਵਰਗ ਅੱਜਕਲ੍ਹ ਇਸ ਦਸ਼ਾ ਵਿਚ ਹੈ ਜੋ ਆਪਣੀ ਕਾਰਜਸ਼ੀਲਤਾ ਨੂੰ ਸੀਮਤ ਕਰਨ ਤੋਂ ਬਿਨ੍ਹਾਂ ਸਰਮਾਏਦਾਰੀ ਦੀ ਬੁਨਿਆਦ ਉਤਪਤੀ ਅਤੇ ਵਿਕਾਸ ਦੀ ਤਾਕਤ ਨੂੰ ਜੋ ਵਰਤੀ ਜਾ ਰਹੀ ਹੈ, 'ਤੇ ਕਾਬੂ ਪਾ ਸਕਦਾ ਹੈ। Marx ਲਈ ਸ਼ੁਰੂ ਤੋਂ ਹੀ ਚੇਤਨਾ ਸਮਾਜ ਦੀ ਉਪਜ ਹੈ। ਜਿਵੇਂ (Sensuous World) ਇੰਦਰੀਆਂ ਦੀ ਦੁਨੀਆ ਵਿਚ ਸਮੂਹਕ ਇੰਦਰੀਆਂ ਦੀ ਕਾਰਜ ਪ੍ਰਣਾਲੀ ਵਿਅਕਤੀਗਤ ਸਰੀਰ ਨੂੰ ਸਿਰਜਦੀ ਹੈ। ਇਸ ਤਰ੍ਹਾਂ ਸਮਾਜ ਆਧੁਨਿਕ ਚੇਤਨਤਾ ਨੂੰ ਸਿਰਜਦਾ ਹੈ।

ਜਿੱਥੇ Kant ਆਧੁਨਿਕਤਾ ਨੂੰ ਸਮੂਹਕ ਵਿਸ਼ਵ ਸਮਾਜ ਦੇ ਸਮੇਂ ਦੀ ਦਾਰਸ਼ਨਿਕ ਅਤੇ ਇਤਿਹਾਸਕ ਚੇਤਨਾ ਮੰਨਦਾ ਹੈ, ਉੱਥੇ Marx ਆਧੁਨਿਕ

ਚੇਤਨਾ ਦੀ ਉਤਪਤੀ ਕਿਰਤੀ ਵਰਗ 'ਚੋਂ ਮੰਨਦਾ ਹੈ। Marx ਅਨੁਸਾਰ ਚੇਤਨਾ ਸਮਾਜ ਨੂੰ ਨਹੀਂ, ਸਮਾਜ ਚੇਤਨਾ ਨੂੰ ਜਨਮ ਦਿੰਦਾ ਹੈ। ਆਧੁਨਿਕਤਾ ਦਾ ਇੱਕ ਅਕਸ਼ ਹੈ, ਇੱਕ ਫ਼ਲਸਫ਼ਾ ਹੈ, ਜੋ Enlightment ਯੁੱਗ ਤੋਂ ਪੈਦਾ ਹੋਇਆ। ਆਧੁਨਿਕਤਾ ਦੀ ਵਿਚਾਰਧਾਰਾ ਪੁਰਾਤਨ ਪ੍ਰੋਹਤਾਂ ਸਥਾਨਕ ਹੱਦਾਂ ਬੰਦੀਆਂ ਦੇ ਉਲਟ ਵਿਗਿਆਨਕ ਗਿਆਨ ਰਾਹੀਂ ਵਿਕਾਸ ਕਰਦੀ ਹੈ। ਆਧੁਨਿਕਤਾ ਭੂਤ ਨੂੰ ਨਿਕਾਰਦੀ ਹੈ, ਉਦੋਂ ਜਦੋਂ ਭੂਤ ਵਿਕਾਸ਼ਸ਼ੀਲ ਨਹੀਂ ਹੁੰਦਾ। ਆਧੁਨਿਕਤਾ ਲਈ ਜ਼ਰੂਰੀ ਹੈ ਕਿ ਇਸ ਨੂੰ ਇੱਕ Project ਭਾਵ ਇੱਕ ਅਕਸ਼ ਵਿਉਂਤਬੰਦੀ ਦੇ ਰੂਪ ਵਿਚ ਸਮਝਿਆ ਜਾਏ। ਚਾਹੇ ਇਹ ਰਾਜਨੀਤਿਕ Notion ਹੋਵੇ, ਜੋ ਰਾਸ਼ਟਰ ਵਿਚ ਅਨੁਭਵ ਕੀਤਾ ਜਾਂਦਾ ਹੋਵੇ। ਇਸ ਰਾਜਨੀਤਿਕ Notion ਦਾ ਵਿਸਥਾਰ ਜਿੱਥੇ ਟਿਕਾਓ ਪੈਦਾ ਕਰਦਾ ਹੈ, ਉੱਥੇ ਆਧੁਨਿਕਤਾ ਦੇ ਬਹੁ-ਪੱਖੀ ਅਕਸ਼ ਨੂੰ ਵੀ ਜੋੜਦਾ ਹੈ, ਇੱਕ ਇਕਾਈ ਦਾ ਰੂਪ ਦਿੰਦਾ ਹੈ, ਜੋ ਆਧਿਆਤਮਕ ਇਕਾਈ ਤੋਂ ਬਿਲਕੁਲ ਵੱਖਰੀ ਹੈ ਕਿਉਂਕਿ ਇਸ ਦਾ ਅਧਾਰ ਅਧਿਆਤਮਕਤਾ ਦੀ ਥਾਂ ਵਿਗਿਆਨਕ ਹੈ। ਇਹ ਇਕਾਈ ਦੁਨੀਆ ਦੇ ਵੱਖ-ਵੱਖ ਇਤਿਹਾਸਕ ਖੇਤਰਾਂ ਵਿੱਚ ਇੱਕ ਇਕਾਈ ਦਾ ਪ੍ਰਗਟਾਅ ਹੈ। ਜਿੱਥੋਂ ਤੱਕ ਆਧੁਨਿਕਤਾ ਦੇ ਅਕੂੰਰ ਹੋਂਦ ਵਿਚ ਆਉਣ ਦਾ ਸਵਾਲ ਹੈ। Kant ਦਾ ਫ਼ਲਸਫ਼ਾ ਵਧੇਰੇ ਪ੍ਰਮਾਣਿਤ ਹੈ ਕਿ ਆਧੁਨਿਕਤਾ ਸ਼ਕਤੀਸ਼ਾਲੀ ਵਿਚਾਰਧਾਰਾ ਹੋਣ ਕਾਰਨ ਵਿਸ਼ਵ ਦੇ ਸੱਭ ਸਮਾਜਾਂ ਦੀ ਕਾਰਜ ਪ੍ਰਣਾਲੀ ਦਾ ਹਿੱਸਾ ਸੀ। ਆਧੁਨਿਕਤਾ ਦੀ ਉਪਜ ਵਿਸ਼ਵ ਸਮਾਜਾਂ ਦੀ ਵਿਚਰਨ ਧਰਾਤਲ ਦੀ ਦੇਣ ਹੈ। ਦੁਨੀਆ ਦਾ ਪ੍ਰਸਿੱਧ ਦਾਰਸ਼ਨਿਕ Shmuel ਆਧੁਨਿਕਤਾ ਨੂੰ ਬਹੁ-ਵਚਨੀ ਅਵਸਥਾ ਦੱਸਦਾ ਹੈ, ਭਾਵ ਆਧੁਨਿਕਤਾ Plural-Condition ਹੈ। ਇਸ ਲਈ ਆਧੁਨਿਕਤਾ ਸਿਰਫ਼ ਯੂਰਪ ਦੀ ਹੀ ਉਪਜ ਨਹੀਂ, ਵਿਸ਼ਵ ਦੇ ਸਮਾਜਾਂ ਦੀ ਕਾਰਜ ਪ੍ਰਣਾਲੀ 'ਚੋਂ ਉਪਜੀ ਚੇਤਨਾ ਹੈ। ਇਸ ਵਿਚਾਰ ਅਧੀਨ Shmule ਆਪਣੀ ਸਹਿਮਤੀ Kant ਨਾਲ ਪ੍ਰਗਟਾਉਂਦਾ ਹੈ।

ਕੁੱਝ ਵਿਦਵਾਨ Marx ਤੇ Kant ਦੇ ਫ਼ਲਸਫ਼ੇ ਨੂੰ ਆਧੁਨਿਕਤਾ ਦੇ ਸੰਦਰਭ ਵਿਚ ਸਾਰਥਕ ਨਹੀਂ ਮੰਨਦੇ। ਕੁੱਝ ਇਸ ਦੇ ਵਿਪਰੀਤ ਹਨ। ਜੇ ਦੂਰ ਦ੍ਰਿਸ਼ਟੀ ਤੇ ਆਲੋਚਨਾਤਮਕ ਪਖੋਂ ਦੇਖਿਆ ਜਾਏ ਕਿ Marx ਅਤੇ Kant ਨੇ ਕੀ ਪੇਸ਼ ਕੀਤਾ, ਤਾਂ ਸਮਝ ਆਵੇਗਾ ਕਿ ਇਹ ਸੱਭ ਤੋਂ ਵੱਧ ਇਤਿਹਾਸਕ ਸੰਕਲਪ ਹੈ। ਇਹ ਵਿਚਾਰ ਯੋਗ ਕਾਰਜ ਦਾ ਸੰਕਲਪ ਹੈ। ਜਿਸ ਦੀ ਲਹਿਰ ਅਗਾਂਹਵਧੂ ਭਵਿੱਖ ਦਾ ਦਿਸਹੱਦਾ ਹੈ। ਜਿਸ ਲਈ ਮਨੁੱਖਤਾ ਵਿਕਾਸਸ਼ੀਲ ਹੋ ਸਕਦੀ ਹੈ। ਜਿਸ ਰਾਹੀਂ ਮਨੁੱਖੀ ਵਿਕਾਸ ਸੰਭਵ ਹੈ। ਇਹ ਵਿਕਾਸ ਦੋਹਾਂ ਪੱਖਾਂ ਤੋਂ ਹੋ ਸਕਦਾ ਹੈ। ਇੱਕ ਜ਼ਰੂਰਤ ਪੱਖੋਂ ਤੇ ਦੂਜਾ ਕਿਨਾਰੇ ਲੱਗੇ ਇਤਿਹਾਸਕ

ਦਰਸ਼ਨਿਕ ਪੱਖੋਂ। Marx ਦਾ ਇਹ ਵਿਚਾਰ ਹੈ ਕਿ ਪੁਰਾਣਾ ਜਗੀਰਦਾਰੀ ਨਿਜ਼ਾਮ ਅਤੇ ਆਧੁਨਿਕ ਸਰਮਾਏਦਾਰੀ ਦਾ ਪੈਦਾਵਰੀ ਢੰਗ ਨਵਯੁੱਗ ਲਈ ਸ਼ਪਤਕਾਰੀ ਦੀ ਤਰੱਕੀ ਨੂੰ ਆਰਥਿਕ ਤੌਰ 'ਤੇ ਮੁੱਖ ਰੱਖ ਕੇ ਬਣਾਇਆ ਜਾਂਦਾ ਹੈ। ਜਗੀਰਦਾਰੀ ਅਤੇ ਸਰਮਾਏਦਾਰੀ ਨਿਜ਼ਾਮ ਦੀਆਂ ਜੜਾਂ ਤੱਕ ਅਪੜਦਾ ਹੈ। ਗ਼ਰੀਬੀ, ਅਮੀਰੀ ਦੇ ਫ਼ਰਕ ਵਿਚ ਇਹ ਵਿਚਾਰ ਅੰਤਾਂ ਦਾ ਵਿਗਿਆਨਕ ਹੈ। ਇਹ Marx ਦੀ ਅਗਾਂਹਵਧੂ ਵਿਚਾਰਧਾਰਾ ਹੈ। ਇਹ ਵਿਚਾਰ ਆਪਣੇ-ਆਪ ਵਿਚ ਪਦਾਰਥਕ ਉਲਟਾ ਸੀ, ਜਿਸ ਨੂੰ ਵਿਸ਼ਵ ਦੇ ਵਿਦਵਾਨਾਂ ਨੇ Marx ਦੀ ਆਰਥਿਕ ਦ੍ਰਿੜਤਾ ਕਿਹਾ ਹੈ। ਆਰਥਿਕ ਉਦੇਸ਼ ਦੇ ਵਿਕਾਸ ਲਈ ਇਹ ਵਿਚਾਰ ਅਮੁੱਲਾ ਹੈ।

Kant ਦੇ ਵਿਕਾਸ ਵਿਚ ਇੱਕ ਵਿਸ਼ਵ ਪੱਧਰ ਦੇ ਢਾਂਚੇ 'ਤੇ ਵਿਚਾਰ ਕਰਨ ਦੀ ਲੋੜ ਹੈ। ਜਿਸ ਦਾ ਸੱਚ ਅਤੇ ਯਥਾਰਥ ਸ਼ਾਂਤੀ ਅਤੇ ਸੁਤੰਤਰਤਾ ਦੀ ਧਰਤੀ ਵਿਚ ਪਿਆ ਹੈ। ਸਾਮਵਾਦ ਕਮਿਊਨਿਸਟ ਕਾਰਜ਼ ਪ੍ਰਣਾਲੀ ਦੀ ਕ੍ਰਾਂਤੀ ਵਿਚ ਪਿਆ ਹੈ। ਇਸ ਦਾ ਪ੍ਰਗਟਾਅ ਪੂੰਜੀਵਾਦ ਦੀ ਇਤਿਹਾਸਕ ਉਨਤੀ ਵਿਚ ਸਪੱਸ਼ਟ ਹੈ। Kant ਦਾ ਇਹ ਵਿਚਾਰ ਕਿ "Man have courage to use his own reason" ਆਧੁਨਿਕ ਚੇਤਨਾ ਦੀ ਉਸ ਰਗ ਨੂੰ ਫੜਦਾ ਹੈ। ਜਿਸ ਵਿਚ ਆਧੁਨਿਕਤਾ ਦੀ ਜੜ੍ਹ ਹੈ। Kant ਦੀ ਪੁਸਤਕ Motto of Enlightment 1789 ਵਿਚ ਪ੍ਰਕਾਸ਼ਿਤ ਹੋਈ ਸੀ, ਜਿਸ ਵਿਚ ਉਪਰੋਕਤ ਵਿਚਾਰ ਦਰਜ਼ ਹੈ। Kant ਤੋਂ ਪਹਿਲਾਂ ਅਤੇ Kant ਦੇ ਸਮਕਾਲੀ ਦਾਰਸ਼ਨਿਕਾਂ ਵਿਚੋਂ ਕਿਸੇ ਨੇ ਵੀ ਇਤਿਹਾਸ ਨੂੰ ਇਸ ਨਿਗ਼ਾਹ ਅਤੇ ਦੂਰ ਦ੍ਰਿਸ਼ਟੀ ਨਾਲ ਨਹੀਂ ਵੇਖਿਆ, ਜਿਸ ਨਾਲ Kant ਨੇ ਇਤਿਹਾਸਕ ਵੇਗ ਦੀ ਗਤੀ ਨੂੰ ਸਮਝਿਆ ਹੈ। Kant ਦੀ ਦੂਰ ਦ੍ਰਿਸ਼ਟੀ 'ਚੋਂ ਹੀ ਅਜਿਹੇ ਵਿਗਿਆਨਿਕ ਵਿਚਾਰ ਦੀ ਉਤਪਤੀ ਹੋਈ, ਜੋ ਮਨੁੱਖ ਨੂੰ ਆਪਣੀ ਸਵੈ ਮੁਖਤਿਆਰੀ ਲਈ ਪ੍ਰੇਰਿਤ ਕਰਨਾ। ਸਵੈ ਮੁਖਤਿਆਰੀ ਤੋਂ ਭਾਵ ਹੈ, ਵੋਟ ਦਾ ਅਧਿਕਾਰ ਪ੍ਰਾਪਤ ਕਰਨਾ ਅਤੇ ਸਪਸ਼ੱਟ ਰੂਪ ਵਿਚ ਸਮਕਾਲ ਰਾਜਨੀਤੀ ਦਾ ਭਾਗੀਦਾਰ ਹੋ ਕੇ ਸ਼ਾਸਨ ਵਿਚ ਸ਼ਮੂਲੀਅਤ ਪ੍ਰਾਪਤ ਕਰਨੀ। ਜਿਸ ਸ਼ਮੂਲੀਅਤ ਤੋਂ ਬਿਨ੍ਹਾਂ ਭਵਿੱਖ ਵਿਚ ਕੁਝ ਵੀ ਮਨੁੱਖਤਾ ਅਨੁਕੂਲ ਅਤੇ ਜਗਤ ਹਿੱਤੂ ਸਿਰਜਣਾ ਅਸੰਭਵ ਹੈ। Kant ਇੰਨ੍ਹਾ ਮਹਾਨ ਅਤੇ ਉਤਕ੍ਰਿਸ਼ਟ ਸ਼ਖ਼ਸੀਅਤ ਸੀ, ਜਿਸ ਦੀ ਮਿਸਾਲ ਇਤਿਹਾਸ ਵਿਚ ਉਪਲੱਬਧ ਨਹੀਂ।

ਕੁੱਝ ਵਿਦਵਾਨਾਂ ਦਾ ਵਿਚਾਰ ਹੈ ਕਿ Kant ਅਤੇ Marx ਨੇ ਵੱਖਰਾ-ਵੱਖਰਾ Utopian ਕਿਸਮ ਦਾ ਇਤਿਹਾਸਕ ਸੰਕਲਪ ਆਧੁਨਿਕਤਾ ਦੇ ਸੰਦਰਭ ਵਿਚ ਪੇਸ਼ ਕੀਤਾ ਹੈ। ਵਿਗਿਆਨਿਕ ਦ੍ਰਿਸ਼ਟੀ ਤੋਂ ਵੇਖਿਆ ਜਾਏ, ਤਾਂ

ਇਹ Utopia ਨਹੀਂ ਸਗੋਂ ਮਜ਼ਬੂਤ ਅਤੇ ਸੰਭਵ ਸ਼ਬਦਾਂ ਦੇ ਵਿਵੇਕ ਅਨੁਸਾਰ ਸੰਕਲਪ ਹੈ। ਜਿਸ ਨੂੰ ਭਵਿੱਖ ਵਿਚ ਉਸਾਰਿਆ ਗਿਆ ਹੈ। ਜਿਸ ਦਾ ਵਿਕਾਸ ਇਤਿਹਾਸਕ ਚੇਤਨਾ ਨੂੰ ਪ੍ਰਭਾਵਿਤ ਕਰਦਾ ਹੈ, ਜੋ ਉੱਥਲ-ਪੁੱਥਲ ਕਰਨ ਦਾ ਧਾਰਨੀ ਹੈ। ਪਰ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਵਿਸ਼ਾ ਅਤੇ ਸਥਿਤੀ ਦੀ ਅਸਲੀਅਤ ਪੜ੍ਹਨ, ਸਮਝਣ ਅਤੇ ਘੋਖਣ ਵਾਲਾ ਅਸਲ ਵਿਚ ਵਰਤਮਾਨ ਹੈ, ਨਾ ਕਿ ਅਲੋਪ ਹੋ ਜਾਣ ਵਾਲੀ ਜਾਂ ਹੋ ਚੁੱਕੀ ਘੜੀ। ਵਰਤਮਾਨ ਛੇਤੀ ਆਉਣ ਵਾਲੀ ਸੰਭਵ ਵਿਚਾਰਸ਼ੀਲ ਤਬਦੀਲੀ ਨੂੰ ਸਵੀਕਾਰ ਕਰਦਾ ਹੈ। ਇਹ ਇੱਕ ਨਿਯਮ ਹੈ। ਇਹ ਇੱਕ ਤਰੀਕਾ ਹੈ। ਜਿਸ ਨਿਯਮ ਅਤੇ ਤਰੀਕੇ ਦੀ ਮਹੱਤਤਾ Kant ਅਤੇ Marx ਦੇ ਫ਼ਲਸਫ਼ੇ ਵਿਚੋਂ ਸਪੱਸ਼ਟ ਹੈ। ਇਸ ਤਰੀਕੇ ਰਾਹੀਂ ਅਸੀਂ Kant ਅਤੇ Marx ਦੇ ਉਸਾਰੂ ਦਾਰਸ਼ਨਿਕ ਇਤਿਹਾਸ ਨੂੰ ਜੋ ਇਤਿਹਾਸਕ ਸੰਤਾਪ ਦੀ ਸੂਰਤ 'ਚੋਂ ਪੈਦਾ ਹੁੰਦਾ ਹੈ, ਉਸ ਨੂੰ ਆਲੋਚਾਤਮਕ ਦ੍ਰਿਸ਼ਟੀ ਤੋਂ ਸਮਝ ਸਕਦੇ ਹਾਂ। Kant ਤੇ Marx ਦੀ ਵਿਚਾਰਧਾਰਾ Utopia ਨਹੀਂ ਸਗੋਂ ਯਥਾਰਥਕ ਅਮਲ ਹੈ।

ਸਾਡਾ ਅਗਲਾ ਵਿਦਵਾਨ ਹੈ, Hegel. ਜੋ ਦਾਰਸ਼ਨਿਕ ਇਤਿਹਾਸ ਵਿਚ ਵਿਸ਼ੇਸ਼ ਮਹੱਤਤਾ ਰੱਖਦਾ ਹੈ। Hegel ਅਨੁਸਾਰ "Our current condition as an incomplete state of development of modernity" ਭਾਵ ਆਧੁਨਿਕਤਾ ਲਈ ਸਾਡੇ ਮੌਜੂਦਾ ਹਲਾਤ ਅਧੂਰੇ ਹਨ। Hegel, ਵਿਦਵਾਨਾਂ ਦੀ ਇਸ ਗੱਲ ਨਾਲ ਵੀ ਸਹਿਮਤ ਨਹੀਂ ਕਿ 18ਵੀਂ ਸਦੀ ਦਾ Enlightment ਯੁੱਗ ਆਧੁਨਿਕਤਾ ਨੂੰ ਜਨਮ ਦੇਣ ਦੇ ਯੋਗ ਹੋ ਸਕਦਾ ਹੈ। Hegel ਅਨੁਸਾਰ Enlightment ਯੁੱਗ ਆਧੁਨਿਕਤਾ ਦਾ ਸ਼ਕਤੀਸ਼ਾਲੀ ਪੜਾਅ ਤਾਂ ਹੋ ਸਕਦਾ ਹੈ ਪਰ ਆਧੁਨਿਕਤਾ ਨੂੰ ਜਨਮ ਦੇਣ ਦੇ ਯੋਗ ਨਹੀਂ ਹੋ ਸਕਦਾ। ਨਵਯੁੱਗ ਦੇ ਆਰੰਭ ਵਜੋਂ Hegel ਦੇ ਆਧੁਨਿਕਤਾ ਦੇ ਖ਼ਿਆਲਾਂ ਨੂੰ ਨਾ ਸਮਝਣਾ ਜਾਂ ਅਧੂਰੇ ਵਿਕਾਸ ਵਜੋਂ ਪੇਸ਼ ਕਰਨਾ, ਦੁਬਿਧਾਜਨਕ ਹੈ ਕਿਉਂਕਿ ਆਧੁਨਿਕਤਾ ਵਿਗਿਆਨਿਕ ਹੈ ਅਤੇ ਬ੍ਰਹਮੰਡਕ ਇਕਾਈ ਤੋਂ ਵੱਖਰੀ ਹੈ। ਬ੍ਰਹਮੰਡਕ ਇਕਾਈ ਦਾ ਅਧਾਰ ਅਧਿਆਤਮਕਵਾਦ ਹੈ। ਜਦੋਂ ਕਿ ਆਧੁਨਿਕਤਾ ਦਾ ਅਧਾਰ ਵਿਗਿਆਨ ਹੈ। Hegel ਅਨੁਸਾਰ 18ਵੀਂ ਸਦੀ ਦੇ ਲੋਕਾਂ ਕੋਲ ਆਧੁਨਿਕਤਾ ਬ੍ਰਹਮੰਡਕ ਇਕਾਈ ਨਾਲੋਂ ਵੱਖਰੇ ਕਰਨ ਦਾ ਵਿਗਿਆਨਿਕ ਸਾਧਨ ਨਹੀਂ ਸਨ। ਇਸ ਲਈ Hegel ਅਨੁਸਾਰ ਜੋ ਵਿਚਾਰਧਾਰਾ ਲੋਕਾਂ ਦੀ ਨਜ਼ਰ ਵ੍ਰਿਚ ਵਿਗਿਆਨਿਕ ਨਹੀਂ, ਉਹ ਯਥਾਰਥਕ ਵੀ ਨਹੀਂ ਹੋ ਸਕਦੀ। ਇਸ ਲਈ Hegel ਆਧੁਨਿਕਤਾ ਨੂੰ ਯਥਾਰਥਕ ਨਹੀਂ ਸਮਝਦਾ। ਮਨੁੱਖੀ ਵਿਸ਼ੇਸ਼ ਹੋਂਦ ਦੀਆਂ ਅਤੇ ਸਰਵਵਿਆਪਕ ਹੋਂਦ ਦੀਆਂ ਰੁਚੀਆਂ ਜੋ ਰਸਮੀ ਤੌਰ 'ਤੇ

ਅਧੀਨਤਾ ਵਿਸਥਾਰ ਦੀਆਂ ਹਨ, ਉਨ੍ਹਾਂ ਰੁਚੀਆਂ ਤੋਂ ਛੁਟਕਾਰਾ ਪਾਉਣ ਦੀ ਅਸੰਭਵਤਾ Hegel ਦੇ ਵਿਚਾਰਾਂ ਨੂੰ ਦੁੱਬਿਧਾਜਨਕ ਬਣਾਉਂਦੀ ਹੈ। ਬ੍ਰਹਮੰਡ ਇਕਾਈ ਦੀ ਅਧੀਨਤਾ ਤੋਂ ਸੁਤੰਤਤਰ ਹੋਣ ਦੀ ਜਿੱਥੇ Hegel ਇਜਾਜ਼ਤ ਦਿੰਦਾ ਹੈ, ਉੱਥੇ ਆਧੁਨਿਕਤਾ ਨੂੰ ਇਸ ਅਧੀਨਤਾ ਤੋਂ ਛੁਟਕਾਰਾ ਪਾਉਣ ਦਾ ਜ਼ਰੀਆ ਵੀ ਮੰਨਦਾ ਹੈ।

ਪਰ ਫਿਰ ਵੀ ਆਧੁਨਿਕਤਾ ਪ੍ਰਤੀ Hegel ਦੇ ਵਿਚਾਰ ਸਵੀਕਾਰਨ ਦੀ ਸਮਰੱਥਾ ਰੱਖਦੇ ਹਨ। Hegel ਦਾ ਵਿਚਾਰ ਹੈ ਕਿ ਸਾਨੂੰ ਮੌਜੂਦਾ ਆਧੁਨਿਕਤਾ ਦੇ ਹਲਾਤ ਸਮਝ ਲੈਣੇ ਚਾਹੀਦੇ ਹਨ। Hegel ਜਿਨ੍ਹਾਂ ਹਲਾਤਾਂ ਦਾ ਸੱਚ ਬਿਆਨਦਾ ਹੈ, ਉਹ ਹਲਾਤ ਆਧੁਨਿਕਤਾ ਲਈ ਅਨੁਕੂਲ ਨਹੀਂ ਹਨ, ਜਾਂ ਇੰਝ ਕਹਿ ਲਓ ਕਿ ਹਲਾਤ ਆਧੁਨਿਕਤਾ ਦਾ ਅੰਤਿਮ ਮਕਸਦ ਨਹੀਂ ਹਨ। ਆਧੁਨਿਕਤਾ ਬਾਰੇ Hegel ਦੇ ਇਹ ਵਿਚਾਰ ਦ੍ਰਿੜ ਹਨ। ਜਦੋਂ ਤੱਕ ਆਧੁਨਿਕਤਾ ਬ੍ਰਹਮੰਡਕ ਇਕਾਈ ਤੋਂ ਬੰਧਨ ਮੁਕਤ ਨਹੀਂ ਹੁੰਦੀ। ਆਧੁਨਿਕਤਾ ਜ਼ਰੂਰੀ ਤੌਰ 'ਤੇ ਯਥਾਰਥਕ ਨਹੀਂ ਸਮਝੀ ਜਾ ਸਕਦੀ। ਆਧੁਨਿਕਤਾ ਦੀ ਹੋਂਦ ਅਤੇ ਸੱਚ ਬ੍ਰਹਮੰਡਕ ਇਕਾਈ ਦਾ ਵੱਖਰੇਵਾਂ ਹੈ, ਮੁਕੰਮਲ ਤੌਰ 'ਤੇ ਧਰਮ ਨਿਰਪੱਖਤਾ ਹੈ। ਧਾਰਮਿਕ ਅਕੂੰਰ ਦਾ ਆਧੁਨਿਕਤਾ ਦੇ ਮੁਕੰਮਲ ਵਜੂਦ ਵਿਚ ਕੋਈ ਸਥਾਨ ਨਹੀਂ ਕਿਉਂਕਿ ਆਧੁਨਿਕਤਾ ਨਿਰੋਲ ਵਿਗਿਆਨਿਕ ਹੈ, ਬ੍ਰਹਮੰਡਕ ਇਕਾਈ ਤੋਂ ਵੱਖਰੀ ਹੈ।

Hegel ਅਨੁਸਾਰ ਅਜੇ ਤੱਕ ਆਧੁਨਿਕਤਾ ਅਸਲ ਨਹੀਂ ਹੈ। ਅਸਲੀਅਤ ਤੋਂ ਹੀਣੀ ਹੈ ਕਿਉਂਕਿ ਬ੍ਰਹਮੰਡਕ ਇਕਾਈ ਤੋਂ ਪੂਰਨ ਭਾਂਤ ਵੱਖਰੀ ਨਹੀਂ। ਆਧੁਨਿਕਤਾ ਵਿਚ ਰੱਬੀ ਸਿਧਾਂਤ ਅਜੇ ਤੱਕ ਵੀ ਰਲੇ ਹੋਏ ਹਨ, ਜੋ ਅਨੁਭਵ ਕੀਤੇ ਜਾ ਸਕਦੇ ਹਨ। ਵਿਸ਼ਵ ਦਾ ਕੋਈ ਵੀ ਸਮਾਜ ਸੌ ਪ੍ਰਤੀਸ਼ਤ ਅਜੋਕੇ ਸਮੇਂ ਵਿਚ ਵੀ ਵਿਗਿਆਨਿਕ ਨਹੀਂ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਆਧੁਨਿਕਤਾ ਦੀ ਸਥਿਤੀ has not 'ਚੋਂ ਵਿਕਸਤ ਹੋਈ ਹੈ। ਜਿਸ ਸਥਿਤੀ ਤੋਂ ਆਧੁਨਿਕਤਾ ਵਿਕਸਤ ਹੋਈ ਮੰਨੀ ਜਾਂਦੀ ਹੈ, ਉਸ ਦਾ ਨਾਮ Enlightment ਯੁੱਗ ਹੈ। Hegel ਅਨੁਸਾਰ ਉਹ ਆਧੁਨਿਕਤਾ ਦੀ ਉਤਪਤੀ ਦਾ ਸ਼ਕਤੀਸ਼ਾਲੀ ਪੜਾਅ ਸੀ। ਆਧੁਨਿਕਤਾ ਨੂੰ ਜਨਮ ਦੇਣ ਦੇ ਸਮਰੱਥ ਨਹੀਂ ਸੀ।

ਇਸ ਵਿਚਾਰ ਅਧੀਨ ਆਧੁਨਿਕਤਾ ਦੀ ਉਤਪਤੀ ਆਪਣੇ-ਆਪ 'ਚ ਦੋ ਕਾਰਨ ਪੈਦਾ ਕਰਦੀ ਹੈ। ਪਹਿਲਾ ਕਿ ਆਧੁਨਿਕਤਾ ਨੇ ਆਪਣੇ-ਆਪ 'ਚ ਬ੍ਰਹਮੰਡਕ ਇਕਾਈ ਨਾਲੋਂ ਵੱਖਰੇ ਹੋਣ ਦੀ ਇਕਾਈ ਦਾ ਅੰਤ ਕਰ ਦਿੱਤਾ ਹੈ। ਦੂਜਾ ਆਧੁਨਿਕਤਾ Has not ਦੀ ਸਥਿਤੀ 'ਚੋਂ ਵਿਕਸਤ ਹੋਈ, ਇਸ ਸੱਚ ਨੂੰ ਸਿੱਧ ਕਰ ਦਿੱਤਾ। ਅਸਲ ਵਿਚ ਜੋ ਸੰਭਾਵਨਾਵਾਂ ਆਧੁਨਿਕਤਾ ਤੇ ਬ੍ਰਹਮੰਡਕ

ਇਕਾਈ ਦੇ ਵੱਖਰੇਵੇਂ ਵਿਚ ਹਨ, ਉਨ੍ਹਾਂ ਸੰਭਾਵਨਾਵਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਇਸ ਸਥਿਤੀ ਵਿਚ ਆਧੁਨਿਕਤਾ ਜਦ ਇਸ ਵਖਰੇਵੇਂ ਪ੍ਰਤੀ ਸਵਾਲ ਉਠਾਉਂਦੀ ਹੈ, ਤਾਂ ਵਿਰੋਧੀ ਸੰਸਥਾਵਾਂ ਆਪਣੇ ਅਭਿਆਸ ਕਾਰਨ ਆਧੁਨਿਕਤਾ ਵੱਲੋਂ ਉਠਾਏ ਸਵਾਲਾਂ ਨੂੰ ਰੱਦ ਕਰ ਦਿੰਦੇ ਹਨ ਕਿਉਂਕਿ ਆਧੁਨਿਕਤਾ ਬ੍ਰਹਮੰਡਕ ਇਕਾਈ ਤੋਂ ਵੱਖਰੀ ਹੈ, ਧਰਮ ਨਿਰਪੱਖ ਹੈ। ਪਰ ਬ੍ਰਹਮੰਡ ਇਕਾਈ ਦੀ ਪਰਖ ਧਰਮ ਦੇ ਸਿਧਾਂਤਾਂ 'ਤੇ ਕੀਤੀ ਗਈ ਹੈ। ਧਰਮ ਨਿਰਪੱਖਤਾ ਦੇ ਸਿਧਾਂਤ 'ਤੇ ਨਹੀਂ। ਜੇ ਮਨ ਵੀ ਲਿਆ ਜਾਏ ਕਿ ਆਧੁਨਿਕਤਾ ਬ੍ਰਹਮੰਡਕ ਇਕਾਈ ਤੋਂ ਵੱਖਰੀ ਹੈ, ਤਾਂ ਵੀ ਆਧੁਨਿਕਤਾ ਦਾ ਸੱਚ ਸਾਬਤ ਕਰਨ ਲਈ ਉਸ ਸਮੇਂ ਦੇ ਵਿਦਵਾਨਾਂ ਅਤੇ ਲੋਕਾਂ ਕੋਲ ਧਰਮ ਨਿਰਪੱਖ ਦ੍ਰਿਸ਼ਟੀਕੋਣ ਨਹੀਂ ਸੀ। ਇਸ ਲਈ Hegel ਆਧਨਿਕਤਾ ਨੂੰ ਧਰਮ ਦੇ ਸਿਧਾਂਤਾਂ ਤੋਂ ਬੰਧਨ ਮੁਕਤ ਨਹੀਂ ਸਮਝਦਾ।

ਬ੍ਰਹਮੰਡਕ ਇਕਾਈ ਅਤੇ ਆਧੁਨਿਕਤਾ ਦੀ ਇਕਾਈ ਦੇ ਵਖਰੇਵੇਂ 'ਚੋਂ ਆਧੁਨਿਕਤਾ ਨਿਸ਼ਚੇਪੂਰਨ ਸੁਤੰਤਰਤਾ ਦਾ ਸਵਾਲ ਉਠਾਉਂਦੀ ਹੈ। ਆਧੁਨਿਕਤਾ ਪ੍ਰਤੀ ਅਜ਼ਾਦ ਸੰਸਥਾਵਾਂ ਨੇ ਆਪਣੇ ਵਿਕਾਸ ਦੇ ਅਧਾਰ 'ਤੇ ਆਧੁਨਿਕਤਾ ਦੇ ਸੱਚ ਦੇ Mode ਭਾਵ ਵਿਧੀਆਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ। ਇੱਕ ਤਾਂ ਵਖਰੇਵੇਂ ਦੀ ਇਕਾਈ ਨੂੰ ਬਹੁਤਾ ਸੱਚ ਨਾ ਮੰਨਿਆ ਜਾਏ ਅਤੇ ਇਸ ਦਾ ਅੰਤ ਕਰ ਦਿੱਤਾ ਜਾਏ। ਦੂਜਾ ਇਹ ਸਿੱਧ ਕਰਨਾ ਕਿ ਆਧੁਨਿਕਤਾ ਦੀ ਉਤਪਤੀ ਦਾ ਸਮਾਂ ਨਹੀਂ ਸੀ? ਇਸ ਗੱਲ ਦੀ ਪੂਰਤੀ ਲਈ ਅਧੁਨਿਕਤਾ ਇਕਾਈ ਦੇ ਵਖਰੇਵੇਂ ਨੂੰ ਆਪਣੀ ਸਰਵ ਵਿਆਪਕਤਾ ਵਿਚ ਸ਼ਾਮਿਲ ਕਰ ਲਏ।

ਪਰ ਇਸ ਵਿਚਾਰ ਦੀ ਆਧੁਨਿਕਤਾ ਦੇ ਸੰਘਰਸ਼ ਦੀ ਅਸਫ਼ਲਤਾ ਕਾਰਨ ਵਖਰੇਵੇਂ ਵਿਚਲੇ ਸੱਚ ਦੀ ਘਾਟ ਆਧੁਨਿਕਤਾ ਦੀ ਸੀਮਤ ਜਾਗਰੂਕਤਾ ਦਾ ਸਿੱਟਾ ਬਣਦੀ ਹੈ। ਇਸੇ ਅਸਫ਼ਲਤਾ ਕਾਰਨ ਆਧੁਨਿਕ ਦ੍ਰਿੜਤਾ ਵਿਚ ਆਧੁਨਿਕਤਾ ਦੀ ਸੁਤੰਤਰ ਹੋਂਦ ਅਨੁਭਵ ਰਹਿਤ ਰੂਪ ਧਾਰਦੀ ਹੈ। ਆਧੁਨਿਕਤਾ ਦੀ ਦ੍ਰਿੜਤਾ 'ਚੋਂ ਸੁਤੰਤਰ ਅਨੁਭਵ ਕਰਨ ਦਾ ਵਿਚਾਰ ਅਸਫ਼ਲ ਹੋਣਾ, ਇਸ ਗੱਲ ਦੀ ਪ੍ਰੋੜਤਾ ਕਰਦਾ ਹੈ ਕਿ ਆਧੁਨਿਕਤਾ ਇਸ ਅਨੁਭਵ ਤੋਂ ਸਵੈ ਇਨਕਾਰੀ ਹੈ।

ਦੂਜੇ ਪਾਸੇ ਬ੍ਰਹਮੰਡਕ ਇਕਾਈ ਦੇ ਅਸਰ ਹੇਠ ਆਧੁਨਿਕਤਾ ਦੀ ਸਵੈ ਦ੍ਰਿੜਤਾ ਨੂੰ ਨਿਕਾਰਨਾ ਵੀ ਤਰਕਸ਼ੀਲ ਨਹੀਂ ਕਿਉਂਕਿ ਆਧੁਨਿਕਤਾ ਬ੍ਰਹਮੰਡਕ ਇਕਾਈ ਦੀ ਅਧੀਨਤਾ ਨੂੰ ਸਮਝਣ ਲਈ ਭਲੀ ਭਾਂਤ ਯੋਗ ਹੈ ਕਿਉਂਕਿ ਆਧੁਨਿਕਤਾ ਦੀ ਸਵੈ ਦ੍ਰਿੜਤਾ ਦੇ ਸੰਘਰਸ਼ ਨੂੰ ਪੂਰੀ ਤਰਾਂ ਜਾਣਨ ਤੋਂ

ਪਹਿਲਾਂ ਹੀ ਨਿਕਾਰਨਾ, ਇਕ ਤਰਕਹੀਣ ਜਜ਼ਬਾਤੀ ਵਿਚਾਰ ਹੈ ਕਿਉਂਕਿ ਆਧੁਨਿਕਤਾ ਸਵੈ ਦ੍ਰਿੜਤਾ ਨੂੰ ਮੁਕੰਮਲ ਤੌਰ 'ਤੇ ਉਭਾਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ ਪਰ Hegel ਇਸ ਗੱਲ 'ਤੇ ਦ੍ਰਿੜ ਹੈ ਕਿ ਆਧੁਨਿਕ ਧਾਰਮਿਕ ਸਿਧਾਂਤਾਂ ਤੋਂ ਮੁਕਤ ਨਹੀਂ। ਇਨ੍ਹਾਂ ਧਾਰਮਿਕ ਸਿਧਾਂਤਾਂ ਦੇ ਅਸਰ ਅਧੀਨ ਹੀ ਆਧੁਨਿਕਤਾ ਦ੍ਰਿੜਤਾ 'ਚੋਂ ਸੁਤੰਤਰਤਾ ਅਨੁਭਵ ਕਰਨ ਵਿਚ ਅਸਫ਼ਲ ਹੈ ਅਤੇ ਸਵੈ ਇਨਕਾਰੀ ਹੈ।

ਉਪਰੋਕਤ ਵਿਚਾਰਧਾਰਾ ਇੱਕ ਪੱਖੀ ਯਤਨ 'ਤੇ ਅਧਾਰਿਤ ਹੈ। ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਾਡਾ ਮੌਜੂਦਾ Mode ਹੋਂਦ ਦੀ ਪ੍ਰੋੜਤਾ ਦੀ ਸਵੈ ਇਨਕਾਰੀ ਦੀ ਸਥਿਤੀ ਵਿਚ ਪਹੁੰਚਦਾ ਹੈ। ਇਹ ਸੰਕਟ ਸਮਾਜਿਕ ਕ੍ਰਾਂਤੀ ਦੀ ਅਸਫ਼ਲਤਾ ਨੂੰ ਉਤਸ਼ਾਹਿਤ ਕਰਦਾ ਹੈ। ਆਧੁਨਿਕਤਾ ਦੀ ਬਾਹਰਮੁੱਖਤਾ ਨੂੰ ਸਵੈ ਇਨਕਾਰੀ ਪੇਸ਼ ਕਰਦਾ ਹੈ ਜੋ ਅਧੀਨ ਜਾਗਰੂਪਤਾ ਨੂੰ ਨਜ਼ਰ ਆਉਂਦਾ ਹੈ। ਸਮਕਾਲੀ ਸੁਤੰਤਰ ਸੰਸਥਾਵਾਂ ਜਦ ਤੱਕ ਆਪਣੇ ਦੋਹਾਂ ਹਿੱਸਿਆਂ ਦੀ ਵੰਡ ਵਿਚ ਸਮਾਨ ਨਹੀਂ ਹਨ। ਤਸੱਲੀਜਨਕ ਸਿੱਟਾ ਨਹੀਂ ਨਿਕਲ ਸਕਦਾ ਕਿਉਂਕਿ ਇਹ ਸਮਕਾਲੀ ਸੁਤੰਤਰ ਸੰਸਥਾਵਾਂ ਦੀ ਇੱਕ ਪਾਸੜ ਵਿਚਾਰਧਾਰਾ ਵਖਰੇਵੇਂ ਦੀ ਇਕਾਈ ਨੂੰ ਸੱਚ ਨਹੀਂ ਮੰਨਦੀ ਅਤੇ ਇਸ ਦਾ ਅੰਤ ਕਰ ਦੇਣਾ ਚਾਹੁੰਦੀ ਹੈ। ਜਦੋਂ ਕਿ ਇਹ ਵੱਖਰੇਵਾਂ ਹੀ ਦੋਹਾਂ ਇਕਾਈਆਂ ਦੀ ਸ਼ਨਾਖਤ ਹੈ, ਸੱਚ ਹੈ। ਭਾਵ ਬ੍ਰਹਮੰਡਕ ਇਕਾਈ ਦੀ ਸ਼ਨਾਖਤ 'ਤੇ ਸੱਚ ਅਧਿਆਤਮਿਕਵਾਦ ਹੈ ਅਤੇ ਆਧੁਨਿਕਤਾ ਦੀ ਇਕਾਈ ਦੀ ਸ਼ਨਾਖਤ ਤੇ ਸੱਚ ਵਿਗਿਆਨ ਹੈ। ਦੋਵੇਂ ਇੱਕ ਦੂਜੇ ਦੇ ਵਿਪਰੀਤ ਹਨ। ਦੂਜਾ ਇਹ ਆਧੁਨਿਕਤਾ ਦੀ ਉਤਪਤੀ ਦਾ ਸਮਾਂ ਨਹੀਂ ਹੈ ਕਿਉਂਕਿ ਸਮਕਾਲੀ ਸੁਤੰਤਰ ਸੰਸਥਾਵਾਂ ਪੁਰਾਤਨ ਸੰਸਥਾਵਾਂ ਵਾਂਗ ਜੰਗਲੀ ਪ੍ਰਵਿਰਤੀ ਤੇ ਸੁਭਾਅ ਰੱਖਦੀਆਂ ਹਨ। ਇਸ ਲਈ ਜ਼ਰੂਰੀ ਉਨਤੀ ਤੇ ਵਿਕਾਸ ਪੇਸ਼ ਨਹੀਂ ਕਰ ਸਕਦੀਆਂ, ਭਾਵੇਂ ਇਹ ਅੰਦਰੋਂ ਅੰਦਰੀਂ ਅਸਲ ਸੱਚ ਮਹਿਸੂਸ ਕਰਦੀਆਂ ਹੋਣ।

Hegel ਦਾ ਅਧੁਨਿਕਤਾ ਪ੍ਰਤੀ ਇਹ ਸਿਧਾਂਤ ਇਤਿਹਾਸਕ ਨਹੀਂ, ਸਗੋਂ ਆਦਰਸ਼ਵਾਦੀ ਹੈ। Hegel ਦੇ ਨਿੱਜੀ ਦਰਸ਼ਨ ਸਿਧਾਂਤ 'ਤੇ ਅਧਾਰਿਤ ਹੈ ਕਿਉਂਕਿ Hegel ਆਧੁਨਿਕਤਾ ਦੀ ਉਤਪਤੀ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਨਹੀਂ ਵੇਖਦਾ। ਉਹ ਤਾਂ ਪਹਿਲਾ ਹੀ ਕਹਿੰਦਾ ਹੈ, "Our current condition as an incomplete state of development of modernity" ਉਹ ਹੋਰ ਬਾਕੀ ਵਿਦਵਾਨਾਂ ਵਾਂਗ ਇਤਿਹਾਸ ਨਾਲ ਸਹਿਮਤ ਨਹੀਂ ਕਿ ਇਹ ਹਲਾਤ ਆਧੁਨਿਕਤਾ ਦੇ ਅਨੁਕੂਲ ਹਨ, ਨਾ ਹੀ ਇਹ ਹਲਾਤ ਆਧੁਨਿਕਤਾ ਦਾ ਅੰਤਿਮ ਮਕਸਦ ਹਨ।

Hegel ਉਸ ਸੱਚ ਨੂੰ ਵੀ ਅਸਲ ਦੱਸਦਾ ਹੈ, ਜੋ ਬੰਧਨ ਮੁਕਤ ਹੈ ਅਤੇ ਜੋ ਸੋਚ ਤੋਂ ਬਾਹਰ ਹੈ। ਉਹ ਸੱਚ ਹੈ, ਬ੍ਰਹਮੰਡਕ ਇਕਾਈ ਦਾ। ਕਿਉਂਕਿ ਆਧੁਨਿਕਤਾ ਦੇ ਕੇਂਦਰ ਦਾ ਪੂਰਵ ਪੱਖ ਇਸ ਦੀ ਬੰਧਨ ਮੁਕਤ ਸਰਵ ਵਿਆਪਕਤਾ ਹੈ। ਆਧੁਨਿਕਤਾ ਦੇ ਸਵੈ ਵਿਕਸਤ ਮੁਕੰਮਲ ਪੱਖ ਦਾ ਕੇਂਦਰ ਵੀ ਪੂਰਵ ਪੱਖ ਹੈ, ਜੋ Encyclopeadia of philosophical sciences ਵਿਚ ਦਰਜ਼ ਹੈ। ਆਧੁਨਿਕਤਾ ਦੇ ਪੂਰਵ ਪੱਖ ਦੇ ਖਿਆਲ ਨੂੰ ਸਮਝਣ ਦੀ ਜਾਗਰੁਕਤਾ ਆਧੁਨਿਕਤਾ ਨੂੰ ਸਮਝਣਾ ਹੈ। Hegel ਜਾਣਦਾ ਸੀ ਕਿ ਆਧੁਨਿਕਤਾ ਕਿਸੇ ਵੀ ਬਾਹਰੀ ਸਾਧਨ 'ਤੇ ਨਿਰਭਰ ਨਹੀਂ ਕਰਦੀ। ਦਰਸ਼ਨ ਕਾਰਜ ਪ੍ਰਣਾਲੀ ਅਨੁਸਾਰ Hegel ਲਈ ਆਧੁਨਿਕਤਾ ਸਵੈ ਸੰਬੰਧਿਤ ਕਾਰਜ ਕਰਮ ਹੈ, ਕਿਸੇ ਬ੍ਰਹਮੰਡਕ ਇਕਾਈ ਦੇ ਕਾਰਜ ਕਰਮ 'ਤੇ ਨਿਰਭਰ ਨਹੀਂ।

Hegel ਅਨੁਸਾਰ ਨਵਯੁੱਗ ਦਾ ਆਰੰਭ ਦੁਨੀਆ ਦੇ ਇਤਿਹਾਸ ਨਾਲ ਸੰਬੰਧਿਤ ਹੈ। Hegel ਆਲੋਚਨਾ ਦੇ ਇਤਿਹਾਸ ਵਿਚ ਆਲੋਚਨਾ ਦੀ ਪ੍ਰਤੀਬੱਧਤਾ ਸਿੱਧ ਕਰਦਾ ਹੈ ਕਿ ਨਵਯੁੱਗ ਜੀਵਨ ਦੀ ਆਲੋਚਨਾ ਤੋਂ ਉਪਜਦਾ ਹੈ। ਇਤਿਹਾਸਕ ਤਬਦੀਲੀਆਂ ਦੇ ਨਾਲ-ਨਾਲ ਆਲੋਚਨਾ ਵੀ ਪ੍ਰਭਾਵਿਤ ਹੁੰਦੀ ਹੈ। ਆਲੋਚਕ ਆਪਣੇ-ਆਪ ਨੂੰ ਆਪਣੇ ਨਾਲ ਸਵੈ ਮੁਖਤਿਆਰੀ ਦੇ ਅਧਾਰ 'ਤੇ ਨਹੀਂ ਜੋੜਦਾ, ਬਲਕਿ ਲੋਕਾਂ ਦੇ ਸਵੈ ਸੰਕਲਪ ਦੇ ਅਧਾਰ 'ਤੇ ਆਪਣੇ-ਆਪ ਨੂੰ ਲੋਕਾਂ ਨਾਲ ਜੋੜਦਾ ਹੈ। ਆਲੋਚਕਾਂ ਦਾ ਵਿਚਾਰ ਹੈ ਕਿ ਲੋਕ ਸਮਾਜ ਵਿਚ ਆਪਣੇ ਸਵੈ ਸੰਕਲਪ ਦੀ ਸਵੈ ਮੁਖਤਿਆਰੀ ਚਾਹੁੰਦੇ ਹਨ। ਆਲੋਚਕ ਆਪਣੀ ਖ਼ੁਦ ਮੁਖਤਿਆਰੀ ਨਾਲੋਂ ਲੋਕਾਂ ਦੇ ਸਵੈ ਸੰਕਲਪ ਨੂੰ ਪਹਿਲ ਦਿੰਦੇ ਹਨ ਅਤੇ ਉਸ ਸੰਕਲਪ ਦੀ ਸਮਾਜਿਕ ਸਥਾਪਤੀ ਵਿਚ ਸਹਾਇਕ ਹੁੰਦੇ ਹਨ ਕਿਉਂਕਿ ਇਸ ਸਵੈ ਸੰਕਲਪ ਦੀ ਸਥਾਪਤੀ ਲਈ ਆਲੋਚਨਾ ਨੇ ਸਮਾਜ ਵਿਚ ਜਾਗ੍ਰਿਤੀ ਲਿਆਉਣੀ ਹੁੰਦੀ ਹੈ। ਜਿਸ ਕਾਰਨ ਲੋਕ ਰਾਜਨੀਤੀ ਅਤੇ ਨੈਤਿਕਤਾ ਨੂੰ ਵੱਖਰਾ ਕਰਨ ਦਾ ਅਮਲ ਸਮਝ ਸਕਦੇ ਹਨ। ਰਾਜਨੀਤੀ ਅਤੇ ਨੈਤਿਕਤਾ ਦਾ ਵੱਖਰਾਪਣ ਲੋਕਾਂ ਅਤੇ ਸਮੂਹਕ ਸੱਤਾ ਦੀ ਸੁਰੱਖਸ਼ਾ ਕਰਦਾ ਹੈ। ਸਿੱਟੇ ਵਜੋਂ ਆਲੋਚਕ ਲੋਕ ਇਕਾਈ ਨੂੰ ਵਿਖੰਡਿਤ ਰੂਪ ਵਿਚ ਤਕਸੀਮ ਕੇ ਵੇਖਦੇ ਹਨ, ਤਾਂ ਕਿ ਨਾਗਰਿਕਤਾ ਵਿਚ ਸੁਧਾਰ ਲਿਆਂਦਾ ਜਾ ਸਕੇ। ਘੱਟ ਗਿਣਤੀ ਦੇ ਵਰਗ ਨੂੰ ਵੀ ਉਹ ਹੀ ਸਹੂਲਤਾਂ ਤੇ ਸੁਰੱਖਸ਼ਤਾ ਮੁਹੱਈਆ ਹੋ ਸਕੇ, ਜੋ ਬਹੁ ਗਿਣਤੀ ਦੇ ਵਰਗ ਨੂੰ ਰਾਸ਼ਟਰ ਵਿਚ ਪ੍ਰਾਪਤ ਹਨ। ਇਸ ਵਿਚਾਰ ਤੋਂ ਇਨਕਾਰਤਾ ਨੂੰ Koselleck ਨੈਤਿਕਤਾ ਦਾ ਪਾੜਾ ਸਮਝਦਾ ਹੈ, ਜੋ ਮਨੁੱਖਾਂ ਵਿਚ ਵਿੱਥਾਂ ਅਤੇ ਦਿਵਾਰਾਂ ਖੜ੍ਹੀਆਂ ਕਰਦਾ ਹੈ। ਇਸ ਪਾੜੇ ਕਾਰਨ ਮਨੁੱਖ ਅਤੇ ਮਨੁੱਖ ਵਿਚਲਾ ਸੱਚ ਸਮਝਿਆ ਨਹੀਂ ਜਾ

ਸਕਦਾ ਅਤੇ ਮਨੁੱਖਤਾ ਦੀ ਇਕਾਈ ਵਿਚ ਵੱਡੇ-ਵੱਡੇ ਪਾੜੇ ਪੈ ਜਾਂਦੇ ਹਨ, ਜਿਸ ਨਾਲ ਮਨੁੱਖ ਸਮਾਜ ਦਾ ਅਤੇ ਸਮਾਜ ਮਨੁੱਖ ਦਾ ਸੰਗਠਨ ਨਹੀਂ ਰਹਿੰਦਾ। ਮਨੁੱਖ ਨੂੰ ਮਨੁੱਖ ਦੇ ਤੌਰ 'ਤੇ ਸਮਝ ਲੈਣਾ ਚਾਹੀਦਾ ਹੈ ਕਿ ਮਨੁੱਖ, ਮਨੁੱਖ ਹੈ ਅਤੇ ਉਸ ਨੂੰ ਰਾਜਨੀਤਿਕ ਖ਼ੁਦ ਮੁਖਤਿਆਰੀ ਹਾਸਿਲ ਹੈ। ਇਸ ਖ਼ੁਦ ਮੁਖਤਿਆਰੀ ਦੀ ਪ੍ਰਾਪਤੀ ਵਿਚ ਹੀ ਇਤਿਹਾਸਕ ਸਮੇਂ ਦੀ ਚੇਤਨਾ ਦੇ ਸੰਕਲਪ ਦਾ ਯਥਾਰਥ ਪਿਆ ਹੈ, ਜਿਸ ਨੂੰ ਆਧੁਨਿਕ ਹੋਂਦ ਕਿਹਾ ਜਾਂਦਾ ਹੈ।

Hegel ਜੋ ਦਾਰਸ਼ਨਿਕ ਅਤੇ ਇਤਿਹਾਸਕਾਰ ਸੀ, ਜੋ ਇੱਕ ਭਾਵੁਕ ਸ਼ਖ਼ਸੀਅਤ ਦੇ ਤੌਰ 'ਤੇ ਜਾਣਿਆ ਜਾਂਦਾ ਸੀ। Hegel ਦੀ ਆਪਣੀ ਦਾਰਸ਼ਨਿਕ ਇਤਿਹਾਸਕ ਵਿਚਾਰਧਾਰਾ ਇੱਕ ਸੁਧਾਰਕ ਦੇ ਤੌਰ 'ਤੇ ਦੁਨਿਆਵੀ ਸੰਕਲਪ ਦੀ ਖੋਜ ਦੀ ਥਾਂ ਰੂਹ ਦੀ ਸੇਵਾ ਕਰਦੀ ਹੈ। Hegel ਅਨੁਸਾਰ ਇੱਕ ਆਦਰਸ਼ ਰਾਸ਼ਟਰ ਇੱਕੋ ਸਮੇਂ ਉਨਤੀ ਕਰਨ ਦਾ ਧਾਰਨੀ ਹੁੰਦਾ ਹੈ। ਮਾਰਕਸ ਨੇ ਆਪਣੀ ਰਚਨਾ "As he does in green ideology" ਵਿਚ Hegel ਅਤੇ Hegel ਦੇ ਪੈਰੋਕਾਰਾਂ ਦੀ ਵਿਰੋਧਤਾ ਕੀਤੀ ਹੈ। Marx ਲਿਖਦਾ ਹੈ ਕਿ Hegel ਅਤੇ ਉਸ ਦੇ ਅਨੁਯਾਈਆਂ ਨੇ ਇਤਿਹਾਸ ਨੂੰ ਵਿਗਿਆਨਿਕ ਦ੍ਰਿਸ਼ਟੀਕੋਣ ਦੀ ਥਾਂ ਨਿੱਜੀ ਸਿਧਾਂਤਾਂ ਅਤੇ ਕਲਪਨਾ ਦੇ ਅਧਾਰ 'ਤੇ ਪੇਸ਼ ਕੀਤਾ ਹੈ। ਇਸ ਤਰ੍ਹਾਂ ਮਾਰਕਸ ਦਾਰਸ਼ਨਿਕ ਇਤਿਹਾਸਕਾਰਾਂ ਨੂੰ ਠੱਲ ਪਾਉਂਦਾ ਹੈ ਕਿਉਂਕਿ Hegel ਆਧੁਨਿਕਤਾ ਨੂੰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਨਹੀਂ ਵੇਖਦਾ ਸਗੋਂ ਨਿੱਜੀ ਫ਼ਲਸਫ਼ੇ ਦੇ ਅਧਾਰ 'ਤੇ ਵੇਖਦਾ ਹੈ।

ਇਸ ਤੋਂ ਅੱਗੇ Reinhart, Koselleck ਅਤੇ Hanna Arednt ਆਧੁਨਿਕਤਾ ਦੇ ਵਿਕਾਸ ਪ੍ਰਤੀ ਆਪਣੇ ਵਿਚਾਰ ਪੇਸ਼ ਕਰਦੇ ਹਨ। ਉਨ੍ਹਾਂ ਅਨੁਸਾਰ ਆਧੁਨਿਕਤਾ ਵਿਕਾਸ ਅਤੇ ਆਲੋਚਨਾ ਦਾ ਸੰਬੰਧ ਬੌਧਿਕ ਸੰਦਰਭ ਦੀ ਪੈਦਾਵਾਰ ਹੈ। ਜਿਸ ਵਿਚ ਆਧੁਨਿਕ ਯੁੱਗ ਦੇ ਰਾਜਨੀਤਿਕ, ਦਾਰਸ਼ਨਿਕ ਅਤੇ ਇਤਿਹਾਸਕਾਰ ਸ਼ਾਮਲ ਸਨ। ਉਪਰੋਕਤ ਵਿਦਵਾਨਾਂ Marx ਅਤੇ Kant ਦੇ ਵਿਚਾਰਾਂ ਦਾ ਸੰਗਠਨ ਹੀ ਸਿਰਫ਼ ਮਹੱਤਵਪੂਰਨ ਨਹੀਂ ਬਲਕਿ European ਇਤਿਹਾਸ ਦੀ ਰਾਜਨੀਤਿਕ ਬਣਤਰ ਆਧੁਨਿਕਤਾ ਦੇ ਮੁੱਢ ਅਤੇ ਵਿਕਾਸ ਲਈ ਮਹੱਤਵਪੂਰਨ ਹੈ। Koselleck ਅਨੁਸਾਰ ਰਾਜਨੀਤਿਕ, ਇਤਿਹਾਸਕ ਆਰੰਭ ਆਧੁਨਿਕਵਾਦੀ ਹੋਂਦ ਲਈ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਂਦਾ ਹੈ ਕਿ ਲੋਕਾਂ ਨੂੰ ਚੌਕਸ ਕਰਨ ਵਾਲਾ ਸੁਭਾਅ ਅਤੇ ਵਿਚਾਰਧਾਰਾ ਪ੍ਰਦਾਨ ਕਰਦਾ ਹੈ, ਤਾਂ ਕਿ ਲੋਕ ਪੁਰਾਤਨਤਾ ਅਤੇ ਆਧੁਨਿਕਤਾ ਦਾ ਫ਼ਰਕ ਸਮਝ ਸਕਣ। ਲੋਕ ਇਤਿਹਾਸਕ ਵਿਚਾਰਧਾਰਾ ਦਾ ਉਹ ਸੰਗਠਨ ਸਮਝ ਸਕਣ ਜਿਸ 'ਚੋਂ ਆਧੁਨਿਕ ਚੇਤਨਾ ਦਾ ਸੰਕਲਪ ਜਨਮਦਾ ਹੈ।

ਇਸ ਯੂਰਪੀਅਨ ਰਾਜਨੀਤਿਕ ਆਰੰਭਕ ਲਹਿਰ ਵਿਚ ਬੌਧਿਕ ਯੁੱਗ ਦੇ ਸੰਕਲਪ ਦਾ ਵਿਕਾਸ ਹੈ। ਜੋ ਸਰਮਾਏਦਾਰੀ ਦੇ ਵਿਪਰੀਤ ਲੋਕਾਂ ਵਿਚ ਉਹ ਵਿਚਾਰਧਾਰਾ ਲਿਆਉਂਦੀ ਹੈ, ਜੋ ਇਤਿਹਾਸਕ ਸਮੇਂ ਦੀ ਮਹੱਤਤਾ ਨੂੰ ਪੇਸ਼ ਕਰਦੀ ਹੈ। ਜਿਸ ਮਹੱਤਤਾ ਦਾ ਪ੍ਰਯੋਜਨ ਗ਼ੁਲਾਮੀ ਨੂੰ ਬਦਲਣਾ ਅਤੇ ਵਿਕਾਸਗ੍ਰਸਤ ਹੋਣਾ ਹੈ।

Hanna Arednt ਅਨੁਸਾਰ, ਤਬਦੀਲੀ ਕੀ ਹੈ? ਉਸ ਅਨੁਸਾਰ ਤਬਦੀਲੀ "ਇਤਿਹਾਸਕ ਸਮੇਂ ਦੀ ਧਰਮ ਨਿਰਪੱਖਤਾ ਹੈ" Koselleck ਅਨੁਸਾਰ ਅਸਥਾਈ (Nonlocal) ਪ੍ਰਬੰਧਕ ਵਿਉਂਤਬੰਦੀ ਅਨੁਸਾਰ ਸਮੇਂ ਦੀ ਤਬਦੀਲੀ ਦੇ ਵਿਕਾਸ ਨੂੰ ਇਤਿਹਾਸ ਵਿਚ ਦੋ ਤਰ੍ਹਾਂ ਨਾਲ ਸ਼ਾਮਿਲ ਕੀਤਾ ਜਾ ਸਕਦਾ ਹੈ। ਪਹਿਲਾ ਤਬਦੀਲੀ ਦਾ ਕਾਲ-ਕ੍ਰਮ ਇਤਿਹਾਸਿਕ ਹੋਣਾ ਚਾਹੀਦਾ ਹੈ, ਭਾਵ ਇਹ ਕਾਲ-ਕ੍ਰਮ ਇਤਿਹਾਸ ਦੀ ਵਿਕਾਸਸ਼ੀਲਤਾ ਨਾਲ ਜੁੜਦਾ ਹੋਵੇ। ਦੂਜਾ ਇਸ ਤਬਦੀਲੀ ਦਾ ਵੇਗ ਅਤੇ ਰੂਪ-ਰੇਖਾ ਉਸ ਵੇਲੇ ਦੇ ਇਤਿਹਾਸਕ ਸਮੇਂ ਦੇ ਅਨੁਕੂਲ ਹੋਣੀ ਚਾਹੀਦੀ ਹੈ। ਤਬਦੀਲੀ ਦੀ ਗਤੀ ਦਾ ਸਿਧਾਂਤ ਲੋਕ ਸੇਵਾ ਅਤੇ ਵਿਸ਼ਵ ਸ਼ਾਂਤੀ ਤੋਂ ਬਿਨ੍ਹਾਂ ਕੁੱਝ ਹੋਰ ਨਹੀਂ ਹੋਣਾ ਚਾਹੀਦਾ। ਬੌਧਿਕ ਯੁੱਗ ਦੇ ਵਿਦਵਾਨ ਇਸ ਨੂੰ ਵਿਕਾਸ ਦਾ ਨਾਮ ਦਿੰਦੇ ਹਨ। ਇਨ੍ਹਾਂ ਤਬਦੀਲੀਆਂ ਦਾ ਲਾਗੂ ਹੋਣਾ ਹੀ ਇਨ੍ਹਾਂ ਤਬਦੀਲੀਆਂ ਦਾ ਸਬੂਤ ਹੈ, ਜੋ ਪੁਰਾਤਨ ਸ਼ਾਸਨ ਦੇ ਵਿਪਰੀਤ ਹੈ। ਇਸ ਦ੍ਰਿਸ਼ਟੀ ਤੋਂ ਅਸੀਂ ਸਮਝਦੇ ਹਾਂ ਕਿ Kant ਕਿਵੇਂ ਆਪਣੀ ਪੁਸਤਕ Motto of Enlightment ਵਿਚ ਬੌਧਿਕ ਯੁੱਗ ਦਾ ਚਿੱਤਰ ਸਿਰਜਦਾ ਹੈ। ਇਹ ਪੁਸਤਕ 1789 ਵਿਚ ਪ੍ਰਕਾਸ਼ਿਤ ਕੀਤੀ ਗਈ ਸੀ। ਜਿਸ ਵਿਚ Kant ਲਿਖਦਾ ਹੈ, "Man have courage to use his own reason" Kant ਦਾ ਇਹ ਵਿਚਾਰ ਬੌਧਿਕ ਯੁੱਗ ਦਾ ਚਿੱਤਰ ਚਿਤਰਨ ਕਰਦਾ ਹੈ। ਇਹ ਚਿੱਤਰ ਚਿਤਰਨ ਇਤਿਹਾਸਕ ਸਮੇਂ ਦੀ ਉਹ ਤਬਦੀਲੀ ਹੈ, ਜੋ ਧਰਮ ਨਿਰਪੱਖਤਾ ਹੈ, ਜਿਸ ਦਾ ਨਾਮ ਆਧੁਨਿਕਤਾ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ Kant ਨੇ ਇਸ ਤਬਦੀਲੀ ਦੇ ਕਾਲ-ਕ੍ਰਮ ਨੂੰ ਕਿਸ ਦ੍ਰਿਸ਼ਟੀ ਨਾਲ ਵੇਖਿਆ ਹੋਵੇਗਾ। ਕਿ ਇਸ ਤਬਦੀਲੀ ਦਾ ਕਾਲ-ਕ੍ਰਮ ਇਤਿਹਾਸਕ ਵਿਕਾਸਸ਼ੀਲਤਾ ਦਾ ਭਾਗੀਦਾਰ ਹੈ। ਇਸ ਦੁਰਲੱਭ ਦਾਰਸ਼ਨਿਕ ਨੂੰ ਕਿਵੇਂ ਮਹਿਸੂਸ ਹੋਇਆ ਹੋਵੇਗਾ, ਕਿਵੇਂ Kant ਦੀ ਦੂਰ ਦ੍ਰਿਸ਼ਟੀ ਨੇ ਇਸ ਕਾਲ ਕ੍ਰਮ ਦੀ ਰੂਪ-ਰੇਖਾ ਇਤਿਹਾਸਕ ਸਮੇਂ ਦੇ ਅਨੁਕੂਲ ਪਰਖੀ ਹੋਵੇਗੀ, ਤਾਂ ਜੋ ਇਹ ਤਬਦੀਲੀ ਇਤਿਹਾਸਕ ਸਮੇਂ ਦੀ ਅਮਰ ਯਾਦਗਾਰ ਬਣ ਸਕੇ। ਨਵਯੁੱਗ ਦੇ ਆਗਮਨ ਦੀ ਜੀਉਂਦੀ ਜਾਗਦੀ ਤਸਵੀਰ ਸਮੇਂ ਦੇ ਇਤਿਹਾਸਕ ਫਰੇਮ ਵਿਚ Kant ਨੇ ਆਧੁਨਿਕਤਾ ਦੇ ਰੂਪ ਵਿਚ ਜੜ੍ਹ ਕੇ ਰੱਖ ਦਿੱਤੀ ਹੈ।

Kant ਦੀ ਸ੍ਰੇਸ਼ਟ ਦਾਰਸ਼ਨਿਕਤਾ ਦੇ ਅਧਾਰ 'ਤੇ ਮਨੁੱਖੀ ਸਵੈ ਚੇਤਨਾ ਇੱਕ ਬੌਧਿਕ ਯੁੱਗ ਦੇ ਪਰਦੇ 'ਤੇ ਨਜ਼ਰ ਆਉਂਦੀ ਹੈ। ਸਮੂਹਿਕ ਸੱਤਾ ਦੀ ਵਿਚਾਰਧਾਰਾ ਦੇ ਰੂਪ ਵਿਚ Kant ਦੇ ਬੌਧਿਕ ਯੁੱਗ ਦਾ ਮਕਸਦ ਵਿਅਕਤੀਗਤ ਨੂੰ ਇਸਦਾ ਅਨੁਭਵ ਕਰਵਾਉਂਦਾ ਹੈ ਅਤੇ ਵਿਸ਼ਵਾਸ ਦਿਵਾਉਂਦਾ ਹੈ ਕਿ ਉਹ ਆਪਣੀ ਵਿਅਕਤੀਗਤ ਨੈਤਿਕਤਾ ਦੇ ਅਧਾਰ 'ਤੇ ਰਾਜਨੀਤਿਕ ਤੌਰ 'ਤੇ ਖ਼ੁਦ ਮੁਖਤਿਆਰੀ ਹਾਸਿਲ ਕਰੇਗਾ। ਬੌਧਿਕ ਯੁੱਗ ਦਾ ਮਕਸਦ ਸੀ, ਵਿਅਕਤੀਗਤ ਨੂੰ ਸਮੂਹ ਨਾਲ ਜੋੜਨਾ ਅਤੇ ਜਗਤ ਹਿੱਤੂ ਕਦਮ ਚੁੱਕਣਾ। Kant ਦਾ ਬੌਧਿਕ ਯੁੱਗ ਤੋਂ ਇਹ ਅਰਥ ਸੀ ਕਿ ਮਨੁੱਖ ਨੂੰ ਆਗਿਆ ਦੇਣੀ ਕਿ ਮਨੁੱਖ ਆਪਣਾ ਕੋਈ ਸਵਾਲ ਕਿਸੇ ਵੀ ਸਮਾਜਿਕ ਸੰਦਰਭ ਵਿਚ ਜੋ ਮਨੁੱਖ ਸਥਾਪਤ ਕਰਨਾ ਚਾਹੁੰਦਾ ਹੈ, ਨਿਵੇਕਲੇ ਤੌਰ 'ਤੇ ਰੱਖ ਸਕੇ ਅਤੇ ਰਾਜ ਸੱਤਾ ਦਾ ਭਾਗੀਦਾਰੀ ਹੋ ਸਕੇ। ਇਹ Kant ਦਾ ਸਰਮਾਏਦਾਰੀ ਦੇ ਮੁਕੰਮਲ ਸ਼ਾਸਨ 'ਤੇ ਧਾਵਾ ਬੋਲਣ ਦਾ ਵਿਚਾਰ ਸੀ। ਜਿਸ ਦੀਆਂ ਸੰਧੀਆਂ ਦਾ ਮਤਲਬ ਸੀ, ਨਾਗਰਿਕਤਾ ਨੂੰ ਜਾਗਰੂਪ ਕਰਨਾ। ਜਾਗਰੂਪਤਾ ਦਾ ਮਤਲਬ ਵਿਅਕਤੀਗਤ ਤੌਰ 'ਤੇ ਮਨੁੱਖ ਦਾ ਸਿਰਫ਼ ਨੇਕ ਹੋਣਾ ਹੀ ਨਹੀਂ ਸੀ, ਬਲਕਿ ਰਾਜਨੀਤਿਕ ਪ੍ਰਬੰਧ ਤੋਂ ਉੱਪਰ ਉੱਠਕੇ ਜਗਤ ਹਿੱਤੂ ਹੋ ਕੇ ਵਿਚਰਨ ਤੋਂ ਸੀ। ਜਗਤ ਹਿੱਤੂ ਜੋ ਆਧੁਨਿਕਤਾ ਦਾ ਪ੍ਰਾਣ ਹੈ

Reinhart ਅਤੇ Koselleck ਲਿਖਦੇ ਹਨ ਕਿ ਜਾਗਰੂਕ ਵਿਦਵਾਨ ਨਾਗਰਿਕਾਂ ਨੂੰ ਅਪੀਲ ਕਰਦੇ ਹਨ ਕਿ ਨਾਗਰਿਕ ਆਪਣੇ-ਆਪ ਨੂੰ ਨੈਤਿਕ ਤੌਰ 'ਤੇ ਉਸ ਹੱਦ ਤੱਕ ਮੁਕੰਮਲ ਕਰਨ, ਜਿਸ ਹੱਦ 'ਤੇ ਉਨ੍ਹਾਂ ਨੂੰ ਆਧੁਨਿਕਤਾ ਦਾ ਸੱਚ ਨਜ਼ਰ 'ਤੇ ਸਮਝ ਆਵੇ। ਹਰ ਆਦਮੀ ਆਪਣੇ-ਆਪ 'ਚ ਜਾਣ ਸਕੇ, ਕਿ ਕੀ ਮਾੜਾ 'ਤੇ ਕੀ ਚੰਗਾ ਹੈ। ਇਸ ਤਰ੍ਹਾਂ ਹਰ ਸਖ਼ਸ਼ ਆਪਣੀ ਜਾਗਰੂਪਤਾ ਦੇ ਅਧਾਰ 'ਤੇ ਆਪਾ ਜਾਣਨ ਦਾ ਨਿਆਏਦੀਸ਼ ਕਹਾਏਗਾ ਕਿ ਉਸ ਨੂੰ ਹੱਕ ਹੈ, ਵੱਖਰੇ-ਵੱਖਰੇ ਅਤੇ ਵੀਪਰੀਤ ਕਾਨੂੰਨਾਂ ਦਾ ਖੰਡਣ ਕਰਨ ਦਾ ਅਤੇ ਆਪਣੀ ਖ਼ੁਦ ਮੁਖਤਿਆਰੀ ਦੀ ਸ਼ਮੂਲੀਅਤ ਰਾਜ ਦੀ ਕਾਰਜ ਪ੍ਰਣਾਲੀ ਵਿਚ ਪ੍ਰਗਟ ਕਰਨ ਦਾ।

ਕੁੱਝ ਵਿਦਵਾਨਾਂ ਦਾ ਵਿਚਾਰ ਹੈ ਕਿ ਆਧੁਨਿਕਤਾ ਯੂਰਪੀਅਨ ਸ਼ਨਾਖਤ ਦੀ ਦੇਣ ਹੈ। ਇਸ ਲਈ ਯੂਰਪ ਦੀ ਸ਼ਨਾਖਤ ਨੂੰ ਸਮਝਣ ਲਈ ਯੂਰਪ ਦੀ ਪਿੱਤਰੀ ਵਿਰਾਸਤ ਦੇ ਭੇਦਾਂ ਨੂੰ ਸਾਂਝੇ ਮਕਸਦ ਲਈ ਸਮਝਣਾ ਜ਼ਰੂਰੀ ਹੈ। ਸਾਂਝੇ ਮੰਤਵ ਤੋਂ ਭਾਵ ਹੈ, ਯੂਰਪੀ ਪਿੱਤਰੀ ਵਿਰਸਤ ਦਾ ਵੈਦਿਕ ਅਧਾਰ 'ਤੇ ਮੁਲਾਂਕਣ ਕਰਨਾ, ਵੈਦਿਕ ਅਧਾਰ ਤੋਂ ਮਤਲਬ ਹੈ, ਯੂਰਪੀਅਨ ਪਿੱਤਰੀ ਵਿਰਾਸਤ ਦੇ ਗ੍ਰੰਥਾਂ ਦੇ ਅਧਿਐਨ ਦੇ ਅਧਾਰ 'ਤੇ ਮੁਲਾਂਕਣ ਕਰਨਾ। ਯੂਰਪ ਦੇ

ਪੂਰਵ ਸੰਕਲਪ ਦੀ ਇਤਿਹਾਸਕ ਪੱਖੋਂ ਆਲੋਚਨਾਤਮਕ ਦ੍ਰਿਸ਼ਟੀ ਤੋਂ ਉਨ੍ਹਾਂ ਨਿਯਮਾਂ ਨੂੰ ਵਿਚਾਰਨਾ, ਜਿਨ੍ਹਾਂ ਨਿਯਮਾਂ ਨੇ ਯੂਰਪ ਨੂੰ ਮੁੱਢਲਾ ਸਰੂਪ ਦਿੱਤਾ ਸੀ। ਇਨ੍ਹਾਂ ਆਲੋਚਨਾਤਮਕ ਨਿਯਮਾਂ ਦੀ ਵਿਕਸਸ਼ੀਲਤਾ ਯੂਰਪ ਨੂੰ ਦਿਸਦੇ ਸੰਸਾਰ ਵੱਲ ਲੈ ਗਈ ਸੀ। ਇਸ ਤਰ੍ਹਾਂ ਯੂਰਪੀਅਨ ਵਿਦਵਾਨਾਂ ਨੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਯੂਰਪੀਅਨ ਮੌਜੂਦਾ ਸ਼ਨਾਖਤ ਨੂੰ ਪੁਰਾਤਨ ਸ਼ਨਾਖਤੀ ਹੋਂਦ ਨਾਲੋਂ ਵੱਖ ਕੀਤਾ। ਜੋ ਮੂਲ ਰੂਪ ਵਿਚ ਪਿੱਤਰੀ ਵਿਰਾਸਤ ਦਾ ਇੱਕ ਤੱਤ ਸੀ। ਵੱਖ ਕੀਤੀ ਮੌਜੂਦਾ ਸ਼ਨਾਖਤ ਇਤਿਹਾਸਕ ਪੱਖੋਂ ਵਿਕਸਿਤ ਹੋ ਕੇ ਯੂਰਪੀਅਨ ਆਧੁਨਿਕਤਾ ਦਾ ਅਸਲ ਗੁਣ ਧਾਰਨ ਕਰ ਗਈ। ਇਸ ਯੋਜਨਾ ਦੇ ਨਿਯਮ ਜੋ ਯੂਰਪ ਨੇ ਪ੍ਰਕਾਸ਼ਿਤ ਕੀਤੇ ਆਧੁਨਕਿਤਾ ਦੇ ਅਸਲ ਸੰਕਲਪ ਦੇ ਸੱਚ ਦੇ ਰੂਪ ਵਿਚ ਅੱਜ ਮੁਹੱਈਆ ਹਨ। ਇਨ੍ਹਾਂ ਦੇ ਅਧਾਰ 'ਤੇ ਹੀ ਕੁੱਝ ਵਿਦਵਾਨਾਂ ਦਾ ਵਿਚਾਰ ਹੈ ਕਿ ਆਧੁਨਿਕਤਾ ਨੂੰ ਹੋਂਦ ਵਿਚ ਲਿਆਉਣ ਲਈ ਵਧੇਰੇ ਯੋਗਦਾਨ ਯੂਰਪੀਅਨ ਸ਼ਨਾਖਤ ਦਾ ਵੀ ਹੈ।

ਆਧੁਨਿਕਤਾ ਦੇ ਮੁੱਢ ਅਤੇ ਵਿਕਾਸ ਸੰਬੰਧੀ ਇਕ ਨਹੀਂ ਸਗੋਂ ਅਨੇਕਾਂ ਵਿਚਾਰ ਹਨ। ਕੁੱਝ ਵਿਦਵਾਨਾਂ ਦਾ ਵਿਚਾਰ ਹੈ ਕਿ ਆਧੁਨਿਕਤਾ ਯੂਰਪੀਅਨ ਜੀਵਨ ਤਜ਼ਰਬਿਆਂ ਦਾ ਇਕੱਠ ਹੈ। ਇਹ ਯੂਰਪੀਅਨ ਮਹੱਤਵਪੂਰਨ ਤਜ਼ਰਬੇ ਲਿਖਤੀ ਰੂਪ ਵਿਚ ਤਾਂ ਨਹੀਂ ਮਿਲਦੇ ਪਰ ਜੀਵਨ ਵਿਚਰਨ ਧਰਾਤਲ ਦੇ ਸਿੱਟਿਆਂ 'ਚੋਂ ਪ੍ਰਗਟ ਹੁੰਦੇ ਹਨ। ਇਹ ਤਜ਼ਰਬੇ Unitary time fram ਭਾਵ ਸਮੇਂ ਦੀ ਇਕਾਈ ਦੇ ਚੌਖਟੇ ਵਿਚੋਂ ਪੂਰਬ ਸਮੇਂ ਦੇ ਅਧਿਐਨ ਦੀ ਪੁਰਾਤਨਤਾ ਦੀ ਲੰਬਾਈ ਦਾ ਵਿਸਥਾਰ ਦ੍ਰਿਸ਼ਟਾਂਤਦੇ ਹਨ ਅਤੇ ਖੋਜ ਤੋਂ ਕ੍ਰਾਂਤੀ ਤੱਕ ਦਾ ਸਫ਼ਰ ਵਿਸਥਾਰਦੇ ਹਨ। Advavce ਯੋਜਨਾਵਾਦੀ ਵਿਦਿਅਕ ਵਿਚਾਰਧਾਰਾ ਜੋ ਅਸੀਂ ਨੌਜਵਾਨ ਖੋਜੀਆਂ ਨੂੰ ਦਿੰਦਾ ਹਾਂ। ਉਹ ਹੀ ਇਸ ਆਧੁਨਿਕਤਾ ਦਾ ਵਿਸਥਾਰ ਬਣਦੀ ਹੈ। ਇਤਿਹਾਸਕ ਪੱਖੋਂ ਜੋ ਅਸਲ ਆਧੁਨਿਕਤਾ ਦੇ ਗੁਣ ਹਨ, ਉਹ ਯੂਰਪ ਦੀ ਆਧੁਨਿਕਤਾ ਵਿਚ ਪਰਿਭਾਸ਼ਤ ਹਨ।

ਆਧੁਨਿਕਤਾ ਦਾ ਖਿਆਲ ਇੱਕ ਖੰਡਤ ਅਮਲੀ ਤਰੀਕਾ ਹੈ। ਅਸਲ ਵਿਚ ਇਹ ਵੱਖਰੇ-ਵੱਖਰੇ ਰੁਝਾਣਾਂ ਦਾ ਮਿਲਵਾ, ਇਕੱਠ ਹੈ। Shmuel ਇਸੇ ਲਈ ਆਧੁਨਿਕਤਾ ਨੂੰ ਬਹੁ-ਵਚਨੀ ਅਵਸਥਾ ਭਾਵ Plural condition ਕਹਿੰਦਾ ਹੈ। ਆਧੁਨਿਕਤਾ ਸਿਰਫ਼ ਯੂਰਪੀਅਨ ਸਭਿਆਚਾਰ ਦੀ ਉਪਜ ਨਹੀਂ, ਸਗੋਂ ਇੱਕ ਸ਼ਕਤੀਸ਼ਾਲੀ ਨਿਰੰਤਰ ਵੇਗ ਹੈ, ਜੋ ਵਿਸ਼ਵ ਦੇ ਸੱਭ ਸਮਾਜਾਂ ਵਿਚ ਪਾਇਆ ਜਾਂਦਾ ਹੈ। ਇਸ ਪੱਖ ਤੋਂ ਆਧੁਨਿਕਤਾ ਬਹੁ-ਵਚਨੀ ਅਵਸਥਾ ਹੈ। ਯੂਰਪੀਅਨ ਸਮਾਜ ਨੇ ਜੋ ਵੱਖ-ਵੱਖ ਯਤਨਾਂ ਕਾਰਨ ਪ੍ਰਾਪਤੀਆਂ ਕੀਤੀਆਂ,

ਆਧੁਨਿਕਤਾ ਉਨ੍ਹਾਂ ਪ੍ਰਾਪਤੀਆਂ ਦਾ ਹਜ਼ੂਮ ਹੈ। ਆਧੁਨਿਕਤਾ ਦੀ ਇਹ ਇਕਾਈ ਯੂਰਪ ਨੂੰ ਵਿਖਰਾਉਂਦੀ ਹੈ, ਉਨ੍ਹਾਂ ਸਮਾਜਾਂ ਨਾਲੋਂ ਜੋ ਮਨੁੱਖਵਾਦ ਦੇ ਪੁਰਾਤਨ ਅਤੇ ਆਧੁਨਿਕ ਵਿਵਾਦਾਂ ਦੇ ਸੰਦਰਭ ਵਿਚ ਯੂਰਪ ਨਾਲ ਟੁਰੇ ਸਨ ਪਰ ਪਿੱਛੇ ਰਹਿ ਗਏ। ਯੂਰਪ ਨੇ ਸੱਭ ਤੋਂ ਪਹਿਲਾਂ, ਸੱਭ ਤੋਂ ਪਹਿਲੀ, ਉਸ ਸਭਿਅਤਾ ਨੂੰ ਖੋਜਿਆ ਜੋ ਆਪਣ-ਆਪ ਵਿਚ ਇੱਕ ਸ਼ਕਤੀਸ਼ਾਲੀ ਸੰਕਲਪ ਰੱਖਦੀ ਸੀ। ਇਹ ਸਭਿਅਤਾ Mosopotamia ਦੀ ਸਭਿਅਤਾ ਸੀ। ਇਸ ਸਭਿਅਤਾ ਦੀ ਖੋਜ ਨੇ ਅਮਰ ਕ੍ਰਾਂਤੀ ਨੂੰ ਅਨੁਭਵ ਕੀਤਾ। ਇਸ ਅਨੁਭਵੀ ਤਬਦੀਲੀ ਨੇ ਸਮੇਂ ਦੇ ਨਾਲ-ਨਾਲ ਸਮੇਂ ਦੀ ਚਾਲ ਵਿਚ ਵੀ ਵਾਧਾ ਕੀਤਾ। ਇਸ ਨੂੰ ਤਕਨੀਕੀ ਪੱਖੋਂ ਕ੍ਰਾਂਤੀ ਆਖਦੇ ਹਨ ਪਰ ਜੀਵਨ ਦੇ ਹਰ ਦਿਨ ਅਸੀਂ ਆਧੁਨਿਕਤਾ ਦੇ ਮੁੱਢਲੇ ਚਿੱਤਰ ਚਿਤਰਨ ਨੂੰ ਵਿਧਾਨਕ ਰੂਪ ਦਿੰਦੇ ਹਾਂ।

ਕੁੱਝ ਵਿਦਵਾਨਾਂ ਦਾ ਵਿਚਾਰ ਹੈ ਕਿ ਆਧੁਨਿਕਤਾ ਦੀ ਖੋਜ ਆਰਜੀ ਤੌਰ 'ਤੇ ਹੋਈ ਟੁੱਟ ਭੱਜ 'ਚੋਂ ਹੋਈ। ਜਿਸ ਦੇ ਮਹੱਤਵਪੂਰਨ ਖਿੱਤਿਆਂ ਦੇ ਪੱਖ ਵੀ ਮੌਜੂਦ ਹਨ। ਯੂਰਪੀਅਨ ਖੇਤਰ ਦੀ ਭੂਗੋਲਿਕ ਚੀਰਫਾੜ ਵਿਚ ਇਨ੍ਹਾਂ ਖਿੱਤਿਆਂ ਦਾ ਪਰਮ ਸਥਾਨ ਹੈ। ਆਧੁਨਿਕਤਾ ਰਾਜਸੀ ਤੌਰ 'ਤੇ ਜਾਣੀ ਜਾਂਦੀ ਹੈ। ਇੱਕ ਅਗਾਂਹਵਧੂ ਬੀਜ਼ ਦੇ ਕਾਰੋਬਾਰੀ ਰੂਪ ਵਿਚ ਆਧੁਨਿਕਤਾ ਦਾ ਸੰਕਲਪ ਹੈ, ਜੋ ਖ਼ੁਸ਼ੀ ਭਰਪੂਰ ਪ੍ਰਕ੍ਰਿਤਕ ਜੀਵਨ ਦੇ ਅਕੂੰਰ ਦਾ ਵਿਸਥਾਰ ਹੈ। ਸਿਰਫ਼ ਇਸ ਕਰਕੇ ਹੀ ਨਹੀਂ ਕਿ ਆਧੁਨਿਕਤਾ ਜਗਤ ਹਿੱਤੂ ਹੈ। ਪਰੰਤੂ ਇਸ ਕਾਰਨ ਕਿ ਆਧੁਨਿਕਤਾ ਭੂਤ ਵਿਚਲੀ ਅਸਲੀਅਤ ਦੀ ਕਦਰ ਅਤੇ ਉਸ ਕਦਰ ਦਾ ਚੰਗਾ ਮਾੜਾ ਪੱਖ ਵਿਚਾਰ ਕੇ ਵਰਤਮਾਨ ਅਤੇ ਭਵਿੱਖ ਦੀ ਤਲੀ 'ਤੇ ਧਰਦੀ ਹੈ। ਇਸ ਵਿਚਾਰ ਨਾਲ ਇਹ ਪੂਰਨ ਨਿਯਮਬੱਧ ਹੈ।

ਆਧੁਨਿਕਤਾ ਦੀ ਬਹੁ-ਪੱਖੀ ਵਰਤੋਂ ਲਈ ਅਤੇ ਆਧੁਨਿਕਤਾ ਨੂੰ ਵਿਚਾਰਨ ਲਈ ਯੂਰਪੀਅਨ ਸਭਿਆਚਾਰ ਅਤੇ ਰਾਜਨੀਤੀ ਦੇ ਬਹੁਤ ਸਾਰੇ ਪਹਿਲੂ ਹਨ, ਜੋ ਆਧੁਨਿਕ ਖ਼ਿਆਲਾਂ ਅਤੇ ਅਵਸਥਾਵਾਂ ਦੇ ਰੂਪ ਧਾਰਦੇ ਹਨ। ਜਦੋਂ ਕਿ ਇਹ ਚਰਿੱਤਰ ਚਿਤਰਨ ਯੂਰਪੀਅਨ ਦੇ ਅੰਦਰੂਨੀ ਪੱਖ ਮੰਨੇ ਜਾਂਦੇ ਹਨ। ਇਸ ਤਰੀਕੇ ਨਾਲ ਆਧੁਨਿਕਤਾ ਦੀ ਦਾਅਵੇਦਾਰੀ ਯੂਰਪੀਅਨ ਜੀਵਨ ਦੀਆਂ ਮਾਨਸਿਕ ਗੁੰਝਲਾਂ ਭਰੇ ਸੰਬੰਧਾਂ ਨੂੰ ਦੁਨੀਆ ਤੇ ਦੂਜੇ ਹਿੱਸਿਆਂ ਨਾਲ ਸਾਂਝਾ ਕਰਦੀ ਹੈ। ਭਾਵੇਂ ਸੰਬੰਧ ਦੁਨੀਆ 'ਤੇ ਭਾਰੂ ਹਨ, ਜੋ ਭੂਤ ਤੋਂ ਭਵਿੱਖ ਵੱਲ ਗਤੀਸ਼ੀਲ ਹਨ। ਇਸ ਨਾਲ ਯੂਰਪੀਅਨ ਸ਼ਨਾਖਤ ਪ੍ਰਭਾਵਿਤ ਹੁੰਦੀ ਹੈ। Non European ਵਿਚਾਰ ਹੀ ਯੂਰਪੀਅਨ ਸ਼ਨਾਖਤ ਦੀ ਰੂਪ-ਰੇਖਾ ਸਪੱਸ਼ਟ ਕਰਦੇ ਹਨ। ਆਧੁਨਿਕਤਾ ਵਿਸ਼ਵ 'ਚ ਇੱਕ ਵਿਸ਼ੇਸ਼ ਵਿਚਾਰਧਾਰਾ ਦਾ ਸਾਧਨ ਹੋਣ ਕਾਰਨ ਵਿਸ਼ਵ ਦੀ ਵਿਖੰਡਤਾ ਨੂੰ ਇੱਕ ਇਕਾਈ ਵਿਚ ਜੋੜੀ ਰੱਖਦੀ ਹੈ।

ਜਿਸ ਕਾਰਨ ਵਿਸ਼ਵ ਵਿਚਲੇ ਆਪਸੀ ਸੰਬੰਧਾਂ ਦੀ ਕਾਰਜ ਪ੍ਰਣਾਲੀ ਬਲਵਾਨ ਸਪੱਸ਼ਟ ਅਤੇ ਗਤੀਸ਼ੀਲ ਰਹਿੰਦੀ ਹੈ। ਯੂਰਪੀਅਨ ਇਤਿਹਾਸ ਦੇ ਦਿਲ ਵਿਚ ਆਧੁਨਿਕਤਾ ਦਾ ਅਸਲ ਸੱਚ ਹੈ। ਜਿਸ ਕਾਰਨ ਯੂਰਪ ਨੇ ਪਹਿਲੀਆਂ ਸਭਿਆਤਾਵਾਂ ਆਪਣੇ ਬਲਵਾਨ ਸੰਕਲਪ ਨਾਲ ਖੋਜੀਆਂ ਅਤੇ ਇਨ੍ਹਾਂ ਸਭਿਆਤਾਵਾਂ ਦੇ ਇਤਿਹਾਸ ਨੂੰ ਇੱਕ ਲਗਾਤਾਰ ਕ੍ਰਾਂਤੀ ਦੇ ਰੂਪ ਵਿਚ ਸਮਝਿਆ, ਤਾਂ ਕਿ ਆਧੁਨਿਕਤਾ ਦੇ ਗੁਣਾਂ ਨੂੰ ਪਰਿਭਾਸ਼ਤ ਕੀਤਾ ਜਾ ਸਕੇ। ਯੂਰਪੀਅਨ ਸਮਾਜ ਨੇ ਆਧੁਨਿਕਤਾ ਨੂੰ ਪਰਿਭਾਸ਼ਤ ਕਰਨ ਲਈ ਬਹੁਤ ਸਾਰੀਆਂ ਵਿਧੀਆਂ ਅਪਣਾਈਆਂ, ਜੋ ਵਿਧੀਆਂ ਆਧੁਨਿਕਤਾ ਨੂੰ ਭਵਿੱਖ ਵਿਚ ਵਿਗਿਆਨਕ ਤੌਰ 'ਤੇ ਸਾਕਾਰ ਕਰਦੀਆਂ ਹਨ, ਗਤੀਸ਼ੀਲ ਰੱਖਦੀਆਂ ਹਨ।

ਮਨੁੱਖਵਾਦ ਆਧੁਨਿਕਤਾ ਅਤੇ ਪੁਰਾਤਨਤਾ ਵਿਚਲੀਆਂ ਮਾਨਸਿਕ ਅਤੇ ਸਰੀਰਕ ਗੁੰਝਲਾਂ ਵੱਲ ਇਸ਼ਾਰਾ ਕਰਦਾ ਹੈ। ਸਵੈ ਪ੍ਰਧਾਨਤਾ ਦੀ ਆਰੰਭਕਤਾ ਅਤੇ ਚੇਤਨਾ ਜਿਸ ਨੇ ਯੂਰਪ ਦੀਆਂ ਸਭਿਆਚਾਰਕ ਤਬਦੀਲੀਆਂ ਨੂੰ ਸਿੱਧ ਕੀਤਾ, ਨੂੰ ਬਿਆਨਦਾ ਹੈ। ਇਹ ਤਬਦੀਲੀਆਂ ਹੀ ਕ੍ਰਾਂਤੀ ਦਾ ਮੁੱਢ ਸਨ। ਅੱਜ ਤੱਕ ਸਵੈ ਜਾਗ੍ਰਿਤੀ ਦੀ ਤਬਦੀਲੀ ਅਤੇ ਸਵੈ ਚੇਤਨਾ ਦਾ ਫ਼ਰਕ ਭੂਤ ਦੇ ਮੁੱਢਲੇ ਚਿੱਤਰ ਚਿਤਰਨ ਤੋਂ ਲੈ ਕੇ ਹੁਣ ਤੱਕ ਆਧੁਨਿਕਤਾ ਵਿਚ ਵਾਪਰਦਾ ਰਿਹਾ ਹੈ।

ਆਧੁਨਿਕਤਾ ਦੇ ਇਸ ਦਾਅਵੇ ਨੇ ਯੂਰਪ ਦੇ ਆਪਸੀ ਗੁੰਝਲਦਾਰ ਰਿਸ਼ਤਿਆਂ ਵਿਚ ਅੱਗੇ-ਪਿੱਛੇ ਸਪੱਸ਼ਟਤਾ ਦੀ ਗਤੀ ਪੈਦਾ ਕੀਤੀ ਹੈ। ਬਾਕੀ ਦੁਨੀਆ ਵਿਚ ਯੂਰਪੀਅਨ ਸ਼ਨਾਖਤ ਆਪਣੇ ਵਿਰੋਧੀ ਵਿਚਾਰਾਂ ਰਾਹੀਂ ਆਪਣੇ-ਆਪ ਵਿੱਚ ਕੁੱਝ ਬਦਲੀ ਹੈ। ਇਹ ਵਿਅਕਤੀਗਤ ਸ਼ਨਾਖਤੀ ਤਬਦੀਲੀ ਦਾ ਸਰਵ ਵਿਆਪਕਤਾ ਵਿਚ ਬਦਲਿਆ ਰੂਪ, ਵਿਸ਼ਵ ਦੇ ਹਰ ਖਿੱਤੇ ਵਿਚ ਨਜ਼ਰ ਆਉਂਦਾ ਹੈ। ਅਸੀਂ ਭੂਤ ਨਾਲੋਂ ਅੱਜ ਵਧੇਰੇ ਚੇਤੰਨ ਹਾਂ, ਸਵੈ ਚੇਤਨਾ ਤੇ ਜਾਗ੍ਰਿਤ ਨੇ ਵਿਸ਼ਵ ਦੀ ਸ਼ਨਾਖਤ ਤੇ ਵਿਚਾਰਾਂ ਵਿਚ ਬਹੁਤ ਭਾਰੀ ਤਬਦੀਲੀ ਲਿਆਂਦੀ ਹੈ। ਭੂਤ ਦੇ ਸਿੱਟਿਆਂ ਦੇ ਤਣਾਉ ਅਤੇ ਵਾਦ-ਵਿਵਾਦ ਨੇ ਵਿਸ਼ਵ ਦੇ ਇਤਿਹਾਸ ਨੂੰ ਕਾਫ਼ੀ ਮਜ਼ਬੂਤੀ ਦਿੱਤੀ ਹੈ। ਯੂਰਪ ਨੇ ਦੁਨੀਆ ਦੇ ਬਾਕੀ ਹਿੱਸਿਆਂ ਵਿਚ ਇੱਕ ਵੱਖਰੀ ਕਿਸਮ ਦੀ ਆਧੁਨਿਕਤਾ ਪ੍ਰਤੀ ਅੱਪੜਣ ਸ਼ਕਤੀ ਦਾ ਸੁਝਾਉ ਦਿੱਤਾ ਹੈ। ਯੂਰਪ ਕਿਵੇਂ ਆਧੁਨਿਕਤਾ ਦੀ ਵਿਸ਼ੇਸ਼ ਪਰਿਭਾਸ਼ਾ ਸਿਰਜ ਸਕਦਾ ਹੈ। ਇਸ ਚੇਤਨਾ ਦਾ ਬੋਲ ਯੂਰਪੀਅਨ ਮਹਿਸੂਸ ਕਰਦੇ ਸਨ।

ਆਉਣ ਵਾਲੀ ਪੀੜੀ ਦੇ ਨੌਜਵਾਨ ਖੋਜੀ ਜੋ ਆਪਣੇ-ਆਪ ਨੂੰ ਇਸ ਵਿਸ਼ੇ ਨਾਲ ਜੋੜਦੇ ਹਨ, ਆਸ ਰੱਖਦੇ ਹਨ, ਕਿ ਉਹ ਸੰਸਾਰ ਨੂੰ ਚੰਗੀ ਤਰ੍ਹਾਂ ਸਮਝਣਗੇ, ਜਿਸ ਵਿਚ ਉਹ ਰਹਿ ਰਹੇ ਹਨ ਅਤੇ ਜਿਸ ਲਈ ਉਹ ਕੰਮ ਕਰ ਰਹੇ ਹਨ। ਅਸੀਂ ਇਸ ਦ੍ਰਿਸ਼ਟੀਕੋਣ ਤੋਂ ਉਤਸੁੱਕ ਹਾਂ ਕਿ ਵਿਸ਼ਵ ਦੇ ਵੱਖ-ਵੱਖ

ਇਤਿਹਾਸਕ ਖੇਤਰ, ਜਿਨ੍ਹਾਂ ਨੂੰ ਅਸੀਂ ਸੁਤੰਤਰ ਕਰਨਾ ਹੈ, ਉਨ੍ਹਾਂ ਪ੍ਰਤੀ ਆਲੋਚਨਾਤਮਕ ਵਿਚਾਰਵਾਨ ਅਤੇ ਗਲੋਬਲ ਚੇਤਨਾ ਸੰਭਵ ਤੌਰ 'ਤੇ ਇਤਿਹਾਸ ਪ੍ਰਤੀ ਖੁੱਲ੍ਹਾ ਅਮਲ ਤੇ ਵਾਰਤਾਲਾਪ ਆਧੁਨਿਕਤਾ ਦੀ ਉਸਾਰੀ ਲਈ ਕਰਨ।

ਯੂਰਪੀਅਨ ਆਧੁਨਿਕਤਾ ਦੀ ਖ਼ਾਸੀਅਤ ਲਈ ਪਹਿਲੇ ਚਾਰ ਵਿਸ਼ੇ ਚੁਣੇ ਗਏ ਸਨ। ਇਹ ਸਿਲਸਿਲਾ ਮੱਧ ਯੁੱਗ ਦੇ ਆਰੰਭ ਵਿਚ ਵਿੱਢਿਆ ਗਿਆ ਸੀ। ਪਹਿਲਾ ਵਿਸ਼ਾ Modernity and Antiquty ਦਾ ਸੀ। ਜਿਸ ਵਿਚ ਆਧੁਨਿਕਤਾ ਅਤੇ ਪੁਰਾਤਨਤਾ ਦੀਆਂ ਵਿਸ਼ੇਸ਼ਤਾਈਆਂ ਨੂੰ ਵਿਚਾਰਿਆ ਜਾਣਾ ਸੀ। ਮੱਧ ਯੁੱਗ ਦੇ ਆਰੰਭ ਤੱਕ ਆਧੁਨਿਕਤਾ ਤੇ ਪੁਰਾਤਨਤਾ ਦੀਆਂ ਵਿਸ਼ੇਸ਼ਤਾਵਾਂ ਨੇ ਯੂਰਪ ਦੇ ਸ਼ਨਾਖਤੀ ਲੱਛਣਾਂ ਨੂੰ ਦੁਹਰਾਇਆ। ਚਾਰ ਸਦੀਆਂ ਯੂਰਪ ਆਪਣੇ-ਆਪ ਨੂੰ ਆਧੁਨਿਕਤਾ ਨਾਲ ਇੱਕਮਿਕ ਕਰਦਾ ਰਿਹਾ। ਇਹ ਵੱਖਰੇ ਤਰੀਕੇ ਦੀਆਂ ਵਾਦ-ਵਿਵਾਦ ਦੀਆਂ ਵਿਧੀਆਂ ਅਤੇ ਆਲੋਚਨਾਤਮਕ ਤਰੀਕਿਆਂ ਰਾਹੀਂ ਬਹੁਤ ਲੰਮਾ ਸਮਾਂ ਵਾਪਰਦਾ ਰਿਹਾ। ਨਵਯੁੱਗ ਪ੍ਰਤੀ ਯੂਰਪ ਦਾ ਖਿਆਲ 15ਵੀਂ ਅਤੇ 16ਵੀਂ ਸਦੀ ਨਾਲ ਸੰਬੰਧਿਤ ਹੈ। ਮੱਧ ਯੁੱਗ ਦਾ ਸਮਾਂ ਆਧੁਨਿਕਤਾ ਦੇ ਖ਼ਿਆਲਾਂ ਤੋਂ ਕੁੱਝ ਮੱਠਾ ਸੀ। ਇਹ ਇਤਿਹਾਸ ਲਈ ਕੀਮਤੀ ਸਮਾਂ ਨਹੀਂ ਸੀ। ਮੁਕੰਮਲ ਆਧੁਨਿਕ ਉਹ ਸਨ, ਜੋ ਆਪਣੇ-ਆਪ ਨੂੰ ਪੁਰਾਤਨ ਸਮੇਂ ਵਿਚ ਗਰੀਕ ਅਤੇ ਰੋਮਨ ਦੇ ਨਾਇਕ ਸਮਝਦੇ ਸਨ। ਤਿੰਨਾਂ ਸਦੀਆਂ ਬਾਅਦ French Revolution (1789-1799) ਨੇ ਨਵਾਂ ਇਤਿਹਾਸਕ ਸਮਾਂ ਅਤੇ ਨਵਾਂ ਭਵਿੱਖ ਖੋਜਣ ਦਾ ਫੈਸਲਾ ਕੀਤਾ। ਪੁਰਾਣੇ ਸਮੇਂ ਦੇ ਸ਼ਾਸਕਾਂ ਨੂੰ ਘੋਖਣ ਦਾ ਵਿਚਾਰ ਬਣਾਇਆ। ਜਿਸ ਪੁਰਾਤਨਤਾ ਨੇ ਹਰ ਚੀਜ਼ ਨੂੰ ਘੇਰਿਆ ਹੋਇਆ ਸੀ, ਉਸ ਨੂੰ ਪੁਰਾਤਨਤਾ ਦੇ ਘੇਰੇ 'ਚੋਂ ਬਾਹਰ ਕੱਢਣਾ ਸੀ। ਇਹ ਸੱਭ ਕਾਰਜ ਸ਼ਾਂਤਮਈ ਢੰਗ ਨਾਲ ਕਰਨਾ ਸੀ। ਸਾਡੇ ਸਭਿਆਚਾਰਕ ਜੀਵਨ ਦਾ ਸੰਕਲਪ ਅੱਜ ਵੀ ਪੁਰਾਤਨਤਾ ਅਤੇ ਆਧੁਨਿਕਤਾ ਵਿਚ ਲਟਕ ਰਿਹਾ ਹੈ। ਯੂਰਪ ਨੇ ਆਪਣੇ ਇਤਿਹਾਸਕ ਤਜ਼ਰਬਿਆਂ ਨੂੰ ਵਾਰ-ਵਾਰ ਦੁਹਰਾਇਆ, ਤਾਂ ਕਿ ਇਨ੍ਹਾਂ ਤਜ਼ਰਬਿਆਂ 'ਚੋਂ ਨਿਕਲ ਕੇ ਅਗਾਂਹਵਧੂ ਸਿੱਟਿਆਂ ਨੂੰ ਆਧੁਨਿਕਤਾ ਦਾ ਰੂਪ ਹੋਣ ਲਈ ਆਪਣੇ ਲਈ ਵਰਤਿਆ ਜਾਏ। ਇਸ ਤਰ੍ਹਾਂ ਯੂਰਪ ਨੇ ਵਿਕਾਸੀ ਦਿਸ਼ਾਵਾਂ ਨੂੰ ਆਪਣਾਇਆ ਅਤੇ ਵਿਸ਼ਾਲ ਖੋਜ ਦੀ ਪੈੜ੍ਹ ਨੱਪੀ। ਯੂਰਪ ਨੇ ਇਹ ਕੋਸ਼ਿਸ਼ ਸਿਰਫ਼ ਆਪਣੇ ਲਈ ਨਹੀਂ ਸਗੋਂ ਦੁਨੀਆ ਦੇ ਸਮਾਜ ਲਈ ਕੀਤੀ। ਇਤਿਹਾਸਕ ਸੰਕਲਪ 'ਤੇ ਸੰਭਵ ਭਵਿੱਖ ਦੀ ਪੇਸ਼ਗੋਈ ਲਈ ਯੂਰਪ ਨੇ ਇਹ ਯਤਨ ਕੀਤੇ।

ਦੂਜਾ ਵਿਸ਼ਾ ਸੀ "European expansion and origin of modernity" ਜਿਸ ਵਿਚ ਯੂਰਪ ਦੇ ਫੈਲਾਅ ਅਤੇ ਆਧੁਨਿਕਤਾ ਦੀ ਮੁੱਢਲੀ ਉਤਪਤੀ ਬਾਰੇ ਵਿਚਾਰ ਵਿਟਾਂਦਰਾ ਹੋਣਾ ਸੀ। ਯੂਰਪ ਦਾ ਵਿਸਥਾਰ 15ਵੀਂ ਸਦੀ ਤੋਂ ਬਾਅਦ ਹੋਇਆ ਸਮਝਿਆ ਜਾਂਦਾ ਹੈ। 15ਵੀਂ ਸਦੀ ਤੋਂ ਬਾਅਦ ਯੂਰਪ ਦਿਸਦਾ ਸੰਸਾਰ ਵਿਖਾਇਆ ਗਿਆ ਸੀ, ਇੱਕ ਨੇੜੇ ਦੇ ਸਮਾਜ ਦੀ ਇਕਾਈ ਦੇ ਰੂਪ ਵਿਚ ਵੀ ਅਤੇ ਵਿਖੰਡਤ ਇਕਾਈ ਦੇ ਸਰਵ ਵਿਆਪਕ ਰੂਪ ਵਿਚ ਵੀ। ਇਸ ਵਿਚ ਉਹ ਸਮਾਜ ਵੀ ਸ਼ਾਮਿਲ ਸਨ, ਜੋ ਯੂਰਪ ਦੇ ਹੱਦ ਬੰਨਿਆਂ 'ਤੇ ਸਥਿਤ ਸਨ। ਇਸ ਦਾਇਰੇ ਦੇ ਪ੍ਰਗਟਾਅ ਦਾ ਮਕਸਦ ਸੀ ਯੂਰਪੀਅਨ ਸਮਾਜ ਦੇ ਅੰਦਰੂਨੀ ਅਤੇ ਬਾਰੂਨੀ ਵਿਕਾਸ ਦੇ ਵਜੂਦ ਦਾ ਸਰੀਰਕ ਅਤੇ ਮਾਨਸਿਕ ਵਿਖਾਵਾ। ਬਸਤੀਵਾਦ ਦੇ ਤਜ਼ਰਬੇ ਨੇ ਯੂਰਪੀਅਨ੍ ਇਤਿਹਾਸ ਦੇ ਦਿਸਦੇ ਸੰਸਾਰ ਨੂੰ ਸਪੱਸ਼ਟ ਕਾਰਨ ਵਿਚ ਬਹੁਤ ਮਦਦ ਕੀਤੀ, ਵਿਸ਼ੇਸ਼ ਤੌਰ 'ਤੇ ਰਾਜਨੀਤਿਕ ਪੱਖੋਂ। ਜਿਸ ਵਿਚ ਸਭਿਅਕ ਅਮਲ, ਸਮਾਜ, ਅਨੁਸ਼ਾਸਨ ਅਤੇ ਬਹੁ-ਪੱਖੀ ਵਿਕਸਤ ਦਿਸ਼ਾਵਾਂ ਵੀ ਸ਼ਾਮਿਲ ਸਨ। ਇਹ ਸੰਦਰਭ ਬਸਤੀਵਾਦ ਦਾ ਸੀ। ਜਿਸ ਵਿਚ ਦੋ ਤਰੀਕਿਆਂ ਨਾਲ ਬਾਰੂਨੀ ਅਤੇ ਅੰਦਰੂਨੀ ਰਿਸ਼ਤਿਆਂ ਦੇ ਤੌਰ 'ਤੇ ਯੂਰਪੀਅਨ ਸਭਿਆਚਾਰ ਅਭਿਵਿਅਕਤ ਸੀ।

ਤੀਜਾ ਵਿਸ਼ਾ ਸੀ "The Modern state and the process of the autonomy of politics" ਜਿਸ ਵਿਚ ਆਧੁਨਿਕ ਰਾਜ ਅਤੇ ਰਾਜਨੀਤੀ ਦੀ ਸਵੈ ਅਧਿਕਾਰ ਕਾਰਜ ਪ੍ਰਣਾਲੀ ਬਾਰੇ ਆਲੋਚਨਾਤਮਕ ਅਧਿਐਨ ਸ਼ਾਮਿਲ ਸੀ। ਜਿਸ ਵਿਚ ਰਾਜਾਂ ਦਾ ਕੇਂਦਰ ਨਾਲ ਸੰਬੰਧ ਅਤੇ ਯੂਰਪੀਅਨ ਰਾਜਨੀਤੀ ਵਿਚਾਰਧਾਰਾ ਇੱਕ ਇਤਿਹਾਸਕ ਉੱਤਮ ਮੰਤਵ ਦੇ ਤੌਰ 'ਤੇ ਵਿਚਾਰੀ ਜਾਂਦੀ ਸੀ। ਜੋ ਮੰਤਵ ਕਦੀ ਵੀ ਰਾਜਨੀਤਿਕ ਵਿਚਾਰਧਾਰਾ ਵਿਚ ਹੁਣ ਤੱਕ ਸਥਾਪਿਤ ਨਹੀਂ ਸੀ ਹੋਇਆ। ਇਸ ਰਾਜਨੀਤਿਕ ਆਲੋਚਨਾਵਾਦੀ ਵਿਚਾਰਧਾਰਾ ਨੇ 'ਹੁਣ' ਭਾਵ Now ਦੇ ਵਕਤੀ ਸੰਕਲਪ ਨੂੰ ਅਮੀਰ ਕੀਤਾ। ਜੋ ਯੂਰਪੀਅਨ ਅਮਲ ਦੀ ਇੱਕ ਇਕਾਈ 'ਚੋਂ ਜਨਮਿਆ ਸੀ। ਨਵੇਂ ਇਤਿਹਾਸਕਾਰਾਂ ਅਤੇ ਸਮਾਜ ਵਿਗਿਆਨੀਆਂ ਦੀ ਨਵੀਂ ਨਸਲ ਨੇ ਜ਼ਰੂਰ ਤਜ਼ਰਬਿਆਂ ਅਤੇ ਸਮੁੱਚੀ ਕੁਦਰਤੀ ਯੂਰਪੀਅਨ ਰਾਜਸੱਤਾ (Statehood) ਦੀ ਵੱਖਰੀ ਖੋਜ ਦੇ ਮੁਕਾਬਲੇ ਵਿਚ ਰਾਜਨੀਤੀ ਧਰਮ, ਸਮਾਜ ਅਤੇ ਆਰਥਿਕਤਾ 'ਤੇ ਜ਼ੋਰ ਦਿੱਤਾ। ਜਿਨ੍ਹਾਂ ਕਾਰਨ State ਸਥਾਪਤ ਹੋਈ ਸੀ। ਜੋ ਯੂਰਪੀਅਨ ਮੁੱਢਲੇ ਰਾਜਨੀਤਿਕ ਜੀਵਨ ਦਾ ਮੂਲ ਅਧਾਰ ਸੀ। ਜੋ ਪਹਿਲੇ ਸਮਾਜਿਕ ਸਬੰਧਾਂ ਤੋਂ ਆਜ਼ਾਦ ਸੀ ਅਤੇ ਉੱਚਿਤ ਵਿਕਾਸ ਅਤੇ ਯੂਰਪੀਅਨ ਲੋਕਾਂ ਦੇ ਕਰਮ ਢਾਂਚੇ 'ਤੇ ਨਿਰਭਰ ਸੀ।

ਇਸ Seminar cycle ਦੀਆਂ ਵੱਖਰੀਆਂ ਵਿਸ਼ੇਸ਼ਤਾਵਾਂ ਇਸ ਕੰਮ ਵਿਚ ਸਨ, ਕਿ ਇਨ੍ਹਾਂ ਪੁਰਾਤਨ ਵਿਦਿਅਕ ਯੋਜਨਾਵਾਂ ਨੂੰ ਤੋੜਨਾ ਅਤੇ ਬੰਜਰ ਇਤਿਹਾਸਕ ਵਿਗਿਆਨਕ ਬੰਧਨਾਂ ਦਾ ਅੰਤ ਕਰਨਾ। ਜੋ ਮੱਧ ਯੁੱਗ ਅਤੇ ਆਧੁਨਿਕਤਾ ਦੇ ਇਤਿਹਾਸ ਵਿਚ ਸਨ। ਇਤਿਹਾਸਕ ਬੰਧਨਾਂ ਦੇ ਅਗਾਂਹਵਧੂ ਸਿੱਟੇ ਕੱਢਣ ਲਈ ਵਿਸ਼ਲੇਸ਼ਣ ਕੀਤਾ ਅਤੇ ਯੂਰਪੀਅਨ ਬੁੱਧੀਵਾਨਾਂ ਨੇ ਯੂਰਪੀਅਨ ਮੁੱਢਲੇ ਵਿਸ਼ਿਆਂ 'ਤੇ ਧਿਆਨ ਦਿੱਤਾ। ਇਹ ਵਿਸ਼ੇ ਸਨ, ਅਨੁਸ਼ਾਸ਼ਨ, ਇਤਿਹਾਸਕ ਦਰਸ਼ਨ, ਇਨਸਾਫ਼, ਵਿਗਿਆਨ, ਸ਼ਿਲਪ ਅਤੇ ਆਰਥਿਕਤਾ ਆਦਿ। ਜੋ ਆਧੁਨਿਕਤਾ ਰਾਜ ਦੀ ਬੁਨਿਆਦ ਸਨ।

ਚੌਥਾ ਵਿਸ਼ਾ ਸੀ "Empire, science and control of nature" ਇਸ ਵਿਸ਼ੇ ਵਿਚ ਸਲਤਨਤ ਵਿਗਿਆਨ ਅਤੇ ਕੁਦਰਤ 'ਤੇ ਕਾਬੂ ਪਾਉਣ ਦਾ ਅਧਿਐਨ ਸ਼ਾਮਿਲ ਸੀ। ਕੁਦਰਤ 'ਤੇ ਕਾਬੂ ਪਾਉਣਾ, ਗਿਆਨ ਦੇ ਨਵੇਂ ਹੱਥਿਆਰਾਂ 'ਤੇ ਨਿਰਭਰ ਸੀ। ਜੇ 16ਵੀਂ ਸਦੀ ਤੋਂ 19ਵੀਂ ਸਦੀ ਤੱਕ ਨਜ਼ਰ ਦੁਹਰਾਈਏ, ਤਾਂ ਗਿਆਨ ਵਿਕਾਸ ਵਿਚ ਖੇਤੀਬਾੜੀ ਦੇ ਬਹੁਤ ਚੰਗੇ ਸਿੱਟੇ ਨਜ਼ਰ ਆਉਂਦੇ ਹਨ। ਜਿਨ੍ਹਾਂ ਸਿੱਟਿਆਂ ਵਿਚ ਸਮਾਜਿਕ, ਸਭਿਆਚਰਿਕ ਅਮਲ ਪੈਦਾ ਕੀਤਾ, ਜੋ ਪਹਿਲਾਂ ਨਹੀਂ ਸੀ। ਇਸ ਕਾਲ ਨੇ ਇੱਕ ਵਿਗਿਆਨਿਕ ਨਮੂਨਾ ਉਸਾਰਿਆ ਜੋ ਯੂਰਪੀਅਨ ਆਧੁਨਿਕਤਾ ਦਾ ਮੂਲ ਤੱਤ ਸੀ। ਇਸ ਦੇ ਉਸਾਰਨ ਦੇ ਕਈ ਕਾਰਨ ਸਨ। ਪਹਿਲਾ ਕਾਰਨ ਸੀ, ਵਿਗਿਆਨ ਅਤੇ ਸ਼ਿਲਪ ਦਾ ਵਿਕਾਸ। ਫਿਰ ਵਿਗਿਆਨਿਕ ਉਨਤੀ ਅਤੇ ਵਿਗਿਆਨਿਕ Network ਜੋ ਵਿਸ਼ਵ ਵਿਆਪੀ ਰੂਪ ਵਿਚ ਵਿਕਸਤ ਹੋਇਆ। ਵਿਗਿਆਨ ਤੇ ਸ਼ਿਲਪ ਵਿਕਾਸ ਨੇ ਯੂਰਪੀਅਨ ਰਾਜ ਵਿਚ ਤਾਕਤ ਭਰੀ ਅਤੇ ਯੂਰਪੀਅਨ Ideology ਵਿਚ ਤਬਦੀਲੀ ਲਿਆਂਦੀ।

ਉਪਰੋਕਤ ਚੌਹਾਂ ਨੁਕਤਿਆਂ ਦਾ ਸਾਰ ਇਹ ਸੀ ਕਿ ਇਨ੍ਹਾਂ ਨੁਕਤਿਆਂ ਦਾ ਇੱਕ ਨਿਸ਼ਾਨਾ, ਇੱਕ ਪ੍ਰਯੋਜਨ ਸੀ। ਉਹ ਸੀ, ਕਿ ਚੋਣਵੇਂ ਵਿਦਿਆਰਥੀਆਂ ਨੂੰ ਖੋਜ ਵਿਚ ਹੋਇਆ Recent ਵਿਕਾਸ ਸਮਝ ਲੈਣਾ ਚਾਹੀਦਾ ਹੈ। ਇਸ ਵਿਚ ਯੂਰਪ ਪੂਰੀ ਭਾਂਤ ਸਫ਼ਲ ਹੋਇਆ। ਇਹ ਜ਼ਰੂਰੀ ਸੀ ਅਤੇ ਮੁੱਢਲੀ ਲੋੜ ਇਨ੍ਹਾਂ ਉੱਤਰਾਂ ਦੀ ਸੀ, ਕਿ ਬਹੁਤ ਨਜ਼ਦੀਕ ਦੀ ਅਗਵਾਹੀ ਦੇ ਤਜ਼ਰਬਿਆਂ ਅਨੁਸਾਰ ਸਾਂਝੇ ਵਿਚਾਰ ਵਿਟਾਂਦਰੇ ਲਈ ਰਹਿਨੁਮਾਈ ਦੀਆਂ ਕਲਾਸਾਂ ਲਾਈਆਂ ਜਾਣ, ਜੋ ਖੋਜਮਈ ਸਵਾਲਾਂ ਨਾਲ ਸੰਬੰਧਿਤ ਹੋਣੀਆਂ, ਇਸ ਲਈ ਸਿੱਖਿਆ ਖੋਜ ਦੇ ਬਹੁਤ ਨਜ਼ਦੀਕ ਹੋਣੀ ਚਾਹੀਦੀ ਸੀ। ਇਸ ਵਿਚਾਰ 'ਤੇ ਯੂਰਪ ਨੇ ਅਮਲ ਕੀਤਾ ਅਤੇ Recent ਵਿਕਾਸ ਨੂੰ ਆਉਣ ਵਾਲੀ ਯੂਰਪੀਅਨ ਨਸਲ ਦੀ ਤਲੀ 'ਤੇ ਧਰਿਆ।

ਆਧੁਨਿਕਤਾ ਦੇ ਆਗਮਨ ਪ੍ਰਤੀ ਇੱਕ ਹੋਰ ਨੁਕਤਾ 15ਵੀਂ ਸਦੀ ਵਿੱਚ ਸਾਹਮਣੇ ਆਉਂਦਾ ਹੈ। ਉਹ ਇਹ ਸੀ, ਕਿ 15ਵੀਂ ਸਦੀ ਦੇ ਆਧੁਨਿਕ ਵਿਦਵਾਨਾਂ ਨੇ ਇਹ ਮਹਿਸੂਸ ਕੀਤਾ, ਕਿ ਆਧੁਨਿਕਤਾ ਦਾ ਜੋ ਸੁਫ਼ਨਾ ਉਹ ਲੈ ਰਹੇ ਹਨ, ਉਹ ਉਨ੍ਹਾਂ ਦੀ ਸੋਚ ਤੋਂ ਬਾਹਰ ਹੈ। ਵਿਦਵਾਨਾਂ ਨੇ ਆਪਣੇ-ਆਪ ਨੂੰ ਬੌਣਾ ਮਹਿਸੂਸ ਕੀਤਾ, ਕਿਉਂਕਿ ਉਹ ਆਧੁਨਿਕਤਾ ਦਾ ਸੁਫ਼ਨਾ ਦੈਂਤਾਂ ਦੇ ਮੋਢਿਆਂ 'ਤੇ ਚੜ੍ਹ ਕੇ ਲੈ ਰਹੇ ਸਨ। 16ਵੀਂ ਸਦੀ ਵਿਚ ਵਿਅਕਤੀਗਤ ਵਿਕਾਸ ਹੋਇਆ ਤਾਂ ਉਨ੍ਹਾਂ ਆਧੁਨਿਕ ਵਿਦਵਾਨਾਂ ਦੀ ਸੋਚ ਦਾ ਵੀ ਵਿਕਾਸ ਹੋਇਆ ਤਾਂ ਉਨ੍ਹਾਂ ਸਿੱਟਾ ਕੱਢਿਆ ਕਿ ਅਸਲ ਵਿਚ ਸੁਨਿਹਰੀ ਯੁੱਗ ਭੂਤ ਸੀ। 17ਵੀਂ ਸਦੀ ਵਿਚ ਇੱਕ ਕੁੰਜੀ ਰੂਪੀ ਨੁਕਤਾ ਸਾਹਮਣੇ ਆਇਆ। 17ਵੀਂ ਸਦੀ ਦਾ ਆਰੰਭ Francis Bacon ਨੂੰ ਵਿਰੋਧਾਭਾਸ ਨਾਲ ਸ਼ੁਰੂ ਕੀਤਾ। ਉਹ ਲਿਖਦਾ ਹੈ, ਕਿ ਪ੍ਰਾਚੀਨ ਕਾਲ ਅਜੋਕੀ ਦੁਨੀਆ ਦੀ ਜਵਾਨੀ ਸੀ। ਇਹ ਵਕਤ ਪੁਰਾਣਾ ਵਕਤ ਸੀ। ਜਦੋਂ ਦੁਨੀਆ ਪੁਰਾਤਨ ਸੀ, ਪਰ ਉਹ ਪੁਰਾਤਨ ਸਨ ਜੋ ਉਹ ਪੁਰਾਤਨ ਗਿਣੇ ਜਾਂਦੇ ਸਨ। Bacon ਇਹ ਵੀ ਆਖਦਾ ਹੈ, ਕਿ ਵਰਤਮਾਨ ਅਗਾਂਹਵਧੂ ਭਵਿੱਖ ਤੋਂ ਬਹੁਤ ਦੂਰ ਹੈ। ਇਸੇ ਵਕਤ ਰਾਜ ਦੇ ਪੁਰਾਤਨ ਸਮੂਹ ਨੇ ਯੂਰਪ ਵਿਚ ਸਰਮਾਏਦਾਰੀ ਦੀ ਵੱਧਦੇ ਆਕਾਰ ਸਰਮਏਦਾਰੀ ਵਿਚਾਰ ਦਾ ਸਰੂਪ ਦਿੱਤਾ।

19ਵੀਂ ਸਦੀ ਵਿਚ ਆਰਥਿਕਤਾ ਨੇ ਹੋਲੀ-ਹੋਲੀ ਤਰੱਕੀ ਕੀਤੀ। ਜਦੋਂ ਇਹ ਪੂਰੀ ਤਰ੍ਹਾਂ ਉਨਤ ਹੋਈ, ਤਾਂ ਇਸ ਦੀ ਉਨਤੀ ਹੀ ਇਸ ਦੀ ਤਰੱਕੀ ਦਾ ਸਬੂਤ ਸੀ। ਪਰ ਇਹ ਯਕੀਨ ਵਿਗਿਆਨਿਕ ਯਤਨਾਂ 'ਤੇ ਅਧਾਰਿਤ ਸੀ। ਇਹ ਵਿਗਿਆਨਿਕ ਯਤਨ ਪਹਿਲੀ ਵਾਰੀ ਇਕੱਠੇ ਹੋ ਕੇ ਸਾਹਮਣੇ ਆਏ, ਜਿਨ੍ਹਾਂ ਕੁਦਰਤੀ ਦਰਸ਼ਨ ਨੂੰ ਚੁਣੌਤੀ ਦਿੱਤੀ। ਇਸ ਸਮੇਂ ਦੁਨੀਆ ਵਿਚ Christianity ਦਾ ਬੋਲਬਾਲਾ ਸੀ। ਇਸੇ ਸਦੀ ਵਿਚ ਆਧੁਨਿਕਤਾ ਦਾ ਸੰਪੂਰਨ ਹੋਣਾ ਸੀ। Charles perault ਨੇ ਇਸੇ ਸਮੇਂ ਆਧੁਨਿਕ ਯੁੱਗ ਦਾ ਐਲਾਨ ਕਰ ਦਿੱਤਾ ਅਤੇ ਇਸ ਯੁੱਗ ਦੀ ਉਤਮਤਾ ਦੀ ਤਾਰੀਫ਼ ਕੀਤੀ। Louis ਚੌਧਵੇਂ ਦਾ ਸਮਾਂ ਸੀ, ਇਸ ਸਮੇਂ ਜੀਵਨ ਵਿਚ ਬਹੁਤ ਤਬਦੀਲੀਆਂ ਆਈਆਂ, ਨਵੀਂ ਸੂਝ ਨੇ ਰੋਜ਼ਾਨਾ ਜੀਵਨ ਦੀ ਰੂਪ-ਰੇਖਾ ਹੀ ਬਦਲ ਦਿੱਤੀ। ਇਹ ਸਮਾਂ Marx ਬ੍ਰਿਤਾਂਤ ਦਾ ਹੈ। Marx, Friedrich engels ਨੂੰ ਚਿੱਠੀ ਵਿਚ ਲਿਖਦਾ ਹੈ, ਕਿ ਪਹਿਲੀਵਾਰ ਆਟੋਮੈਟਿਕ ਮਸ਼ੀਨਾਂ ਅਮਲੀ ਵਿਸ਼ਿਆਂ ਨੂੰ ਲਾਗੂ ਕਰਨ ਲਈ ਵਰਤੀਆਂ ਗਈਆਂ। England ਵਿਚ ਪਾਦਰੀਆਂ ਨੇ ਜਨਮ, ਮਰਨ ਤੇ ਵਿਆਹ ਸ਼ਾਦੀਆਂ ਦੇ ਵੇਰਵੇ ਦਰਜ਼ ਕਰਨੇ ਸ਼ੁਰੂ ਕਰ ਦਿੱਤੇ ਹਨ। ਹੋਰ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਦਰਜ਼ ਕਰਨਾ ਸ਼ੁਰੂ ਕਰ ਦਿੱਤਾ ਹੈ।

18ਵੀਂ ਸਦੀ ਸ਼ਿਲਪ Industrialization ਅਤੇ ਸਰਵ ਵਿਆਪਕ ਜੀਵਨ ਦੀਆਂ ਮੁੱਢਲੀਆਂ ਤਬਦੀਲੀਆਂ ਦੇ ਢਾਂਚੇ ਦੀ ਗਵਾਹੀ ਭਰਦੀ ਹੈ। ਜੀਵਨ ਵਿਚਲੀ ਇਸ ਕ੍ਰਾਂਤੀ ਨੂੰ ਬਹੁਤ ਮਹੱਤਵ ਪ੍ਰਾਪਤ ਹੈ। ਵਿਗਿਆਨਿਕ ਸਿੱਟਿਆਂ ਨੇ ਇਹ ਸਿੱਧ ਕਰ ਦਿੱਤਾ ਕਿ ਵਰਤਮਾਨ, ਭੂਤ ਨਾਲੋਂ ਵਧੇਰੇ ਬੇਹਤਰ ਹੈ। ਇਹ ਇਤਿਹਾਸਕ ਵਿਕਾਸ ਕੁਦਰਤੀ ਸੀ।

19ਵੀਂ ਸਦੀ ਇਤਿਹਾਸਕ ਸ਼ਾਸਨ ਦੀ ਸਦੀ ਹੈ। ਇਹ ਸਦੀ ਪਿਛਲੇਰੀ ਅਤੇ ਅਗਲੇਰੀ ਇਤਿਹਾਸਕਤਾ ਨੂੰ ਵਿਸਥਾਰਦੀ ਹੈ। ਇਸ ਨੂੰ ਸ਼ਾਸਕਾਂ ਦੀ ਸਦੀ ਵੀ ਕਿਹਾ ਜਾਂਦਾ ਹੈ ਕਿਉਂਕਿ ਬਹੁਤ ਸਾਰੇ ਸ਼ਾਸਕ ਇਸ ਸਦੀ ਵਿਚ ਨਾਰਵੇ ਦੇ ਪੱਛਮੀ ਤੱਟ 'ਤੇ ਰਹਿੰਦੇ ਸਨ। ਜੀਵਨ ਵਿਚ ਬਹੁਤ ਸਾਰੀਆਂ ਤਬਦੀਲੀਆਂ ਲਗਾਤਾਰ ਹੋ ਰਹੀਆਂ ਸਨ। ਮਹਿਸੂਸ ਹੋਣ ਲੱਗਾ ਕਿ ਆਧੁਨਿਤਕਾ ਦੇ ਮੁਕੰਮਲ ਹੋਣ 'ਤੇ ਧਰਤੀ ਸਵਰਗ ਦਾ ਰੂਪ ਧਾਰੇਗੀ ਕਿਉਂਕਿ ਗਿਆਨ ਦਾ ਹੜ੍ਹ ਇਤਿਹਾਸਕਤਾ 'ਚੋਂ ਵਹਿ ਰਿਹਾ ਸੀ। Michal Foucault ਜੋ ਇੱਕ ਤਰਕ ਵਿਗਿਆਨੀ ਸੀ ਕਹਿੰਦਾ ਹੈ, "ਵਿਚਾਰਵਾਨ ਜੋ ਆਧੁਨਿਕਤਾ ਦਾ ਵਾਰਤਾਲਾਪ ਸਥਾਪਤ ਕਰਦੇ ਹਨ। ਜਿਵੇਂ Karl marx, Kant ਅਤੇ Sigmund ਨੇ ਆਧੁਨਿਕਤਾ ਪ੍ਰਤੀ ਇਤਿਹਾਸਿਕ ਵਾਰਤਾਲਾਪ ਸਥਾਪਤ ਕੀਤਾ। ਭੂਤ ਵਿਚ ਦੁਨੀਆ ਦੇ ਆਧੁਨਿਕ ਲੋਕ, ਆਧੁਨਿਕਤਾ ਦੇ ਨਾ ਮੁਕੰਮਲ ਸਭਿਆਚਾਰ ਵਿਚ ਰਹਿ ਰਹੇ ਸਨ। Jamson ਦਾ ਕਥਨ ਹੈ, "ਲੋਕਾਂ ਦਾ ਜੀਵਨ ਨਾ ਸਿਰਫ਼ ਇਤਿਹਾਸਕ ਰਵੱਈਏ ਕਾਰਨ ਸੀ, ਬਲਕਿ ਜੀਵਨ ਨੂੰ ਜਿਊਣ ਕਾਰਨ ਸੀ।" ਜਿਵੇਂ ਕਿ Industrialization ਨੇ ਜੀਵਨ ਵਿੱਚ ਬਹੁਤ ਸਾਰੀਆਂ ਔਕੜਾਂ ਖੜ੍ਹੀਆਂ ਕਰ ਦਿੱਤੀਆਂ ਸਨ। Long middle age ਦਾ ਸਮਾਂ ਬਹੁਤ ਲੰਬਾ ਸੀ, ਪ੍ਰੰਤੂ ਸਭਿਅਤਾ ਸ਼ਹਿਰਾਂ ਨਾਲ ਜੁੜੀ ਹੋਣ ਕਾਰਨ Long middle age ਦਾ ਸਮਾਂ 19ਵੀਂ ਸਦੀ ਤੱਕ ਆ ਜਾਂਦਾ ਹੈ। ਜਦੋਂ ਆਧੁਨਿਕਤਾ ਆਪਣੀ ਪਕੜ ਵਿਚ ਆਉਂਦੀ ਹੈ। ਪਰ ਲੋਕ ਅਜੇ ਵੀ ਐਸੇ ਸਨ, ਜਿਵੇਂ 12ਵੀਂ ਸਦੀ ਵਿਚ ਰਹਿ ਰਹੇ ਹੋਣ। ਉਦਾਹਰਣ ਦੇ ਤੌਰ 'ਤੇ Pierre nora ਦਾ ਵਿਚਾਰ ਹੈ, ਕਿ ਦੁਨੀਆ ਦੇ ਦੂਜੇ ਮਹਾਨ ਯੁੱਧ ਦੇ ਖ਼ਤਮ (1939-1945) ਹੋਣ ਤੱਕ 50% ਫ਼ਰਾਂਸ ਖੇਤੀਬਾੜੀ ਵਿਚ ਜੀਵਨ ਬਤੀਤ ਕਰ ਰਿਹਾ ਸੀ। ਆਧੁਨਿਕਤਾ ਅਕਾਸ਼ਬਾਣੀ ਕਰਦੀ ਸੀ, ਇੱਕ ਨਵੇਂ ਮਹੱਤਵਪੂਰਨ ਸ਼ਹਿਰੀ ਜੀਵਨ ਦੀ ਅਤੇ ਪੇਂਡੂ ਇਲਾਕਿਆਂ ਵਿਚ ਮਰ ਰਹੇ ਕਿਸਾਨਾਂ ਦੀ।

ਭਾਰਤੀ ਸਮੇਂ ਅਨੁਸਾਰ ਆਧੁਨਿਕਤਾ ਦਾ ਇਤਿਹਾਸ ਬੁੱਧ ਦੇ ਸਮੇਂ 624 ਈਸਵੀ ਤੋਂ ਸ਼ੁਰੂ ਹੁੰਦਾ ਹੈ। Christ ਜੋ 500 ਸਾਲ ਪਹਿਲਾਂ ਜਦੋਂ ਦੁਨੀਆ ਵਿਚ ਅਗਿਆਨਤਾ ਦਾ ਪ੍ਰਸਾਰ ਸੀ, ਉਦੋਂ ਵਿਗਿਆਨ ਅਤੇ ਤਰਕ ਬਹੁਤ ਘੱਟ ਸਨ,

ਜੋ ਮਨੁੱਖੀ ਦ੍ਰਿਸ਼ਟੀ ਨੂੰ ਸ਼ਕਤੀ ਪ੍ਰਦਾਨ ਕਰ ਸਕਦੇ ਸਨ। ਚੌਥੀ-ਪੰਜਵੀਂ ਸਦੀ ਵਿਚ Greek ਨੇ ਕ੍ਰਿਸ਼ਮਾ ਕੀਤਾ, ਇੱਕ ਬੁੱਧੀਜੀਵੀਆਂ ਦੀ ਲੜੀ ਨੂੰ ਜਨਮ ਦਿੱਤਾ। ਉਸ ਵਕਤ Athen was a city of 500 men. ਜਿਸ ਨੇ ਮਹਾਨ ਦਾਰਸ਼ਨਿਕ ਸੁਕਰਾਤ, Plato ਅਤੇ ਅਰਸਤੂ ਨੂੰ ਲੜੀਵਾਰ ਜਨਮ ਦਿੱਤਾ। ਉਸ ਵੇਲੇ Philosophy Means love of trouth ਸੀ। ਇਸੇ ਸਮੇਂ Athen ਨੇ ਲੋਕਤੰਤਰ ਦੀ ਖੋਜ ਕੀਤੀ। ਦੁਨੀਆ 'ਚ ਪਹਿਲੀ ਵਾਰੀ ਮਨੁੱਖ ਨੇ ਆਪਣੇ ਰਹਿਨੁਮਾਈ ਦੀ ਵਿਚਾਰਧਾਰਾ ਜਾਣੀ। ਪਹਿਲੀਵਾਰੀ ਮਨੁੱਖ ਨੇ ਚੋਣ ਕੀਤੀ ਕਿ ਕੌਣ ਉਸ ਲਈ ਕਾਨੂੰਨੀ ਵਿਆਖਿਆ ਕਰੇਗਾ। ਇਸੇ ਸਮੇਂ ਹੀ ਨਿਆਏ ਵਿਭਾਗ ਖੋਜਿਆ ਗਿਆ। ਅਰਸਤੂ ਜੋ Plato ਦਾ ਸ਼ਗਿਰਦ ਸੀ, ਉਸ ਨੇ ਤਰਕ ਪ੍ਰਣਾਲੀ, ਵਰਗੀਕਰਨ ਆਧੁਨਿਕ ਵਿਗਿਆਨ ਤੇ ਜੀਵ ਵਿਗਿਆਨ ਦੀ ਖੋਜ ਕੀਤੀ। Greek ਸਿਰਜਨਾਤਮਕ ਖੋਜ ਦਾ ਮੋਢੀ ਹੈ। ਜਿਸ ਦੀ ਖੋਜ ਨੇ ਇਹ ਸਿੱਧ ਕੀਤਾ ਕਿ ਜੇ ਹਰ ਚੀਜ਼ ਦਾ ਕਾਰਨ ਹੈ, ਤਾਂ ਵਿਸ਼ਵ 'ਚ ਪ੍ਰਮਾਤਮਾ ਦੀ ਹੋਂਦ ਕਿਵੇਂ ਹੋ ਸਕਦੀ ਹੈ, ਬਿਨ੍ਹਾਂ ਕਿਸੇ ਪ੍ਰੇਰਿਕ ਅੰਸ਼ ਤੋਂ। ਚੌਥੀ ਸਦੀ ਵਿਚ ਅਰਸਤੂ ਦੇ ਸ਼ਗਿਰਦ ਸਿਕੰਦਰ ਨੇ Egypt ਨੂੰ ਫ਼ਤਹਿ ਕੀਤਾ। Rome ਦੇ ਉਭਰਨ ਪਿੱਛੋਂ Athen ਅਤੇ Greek ਦਾ ਪਤਨ ਹੋਣਾ ਸ਼ੁਰੂ ਗਿਆ। ਚੌਥੀ ਸਦੀ ਵਿਚ Christianty ਦੇ ਉਭਰਨ ਤੋਂ ਪਹਿਲਾਂ Rome ਦਾ ਪਤਨ ਹੋਣਾ ਸ਼ੁਰੂ ਹੋ ਗਿਆ। ਇਸੇ ਸਮੇਂ ਇਸਲਾਮ ਦੁਨੀਆ ਵਿਚ ਪ੍ਰਵੇਸ਼ ਹੋਇਆ ਅਤੇ Rome ਮੁਕੰਮਲ ਤੌਰ 'ਤੇ ਖ਼ਤਮ ਹੋ ਗਿਆ।

ਜਦੋਂ ਨੌਜਵਾਨ ਯੂਰਪੀਅਨ ਵਰਗ, ਪਾਦਰੀ ਵਰਗ ਵਿਚ ਸ਼ਾਮਿਲ ਹੋ ਗਿਆ ਤਾਂ ਉਸ ਵਕਤ ਯੂਰਪ ਵਿਚ ਵਿਗਿਆਨ ਦਾ ਪਤਨ ਹੋ ਗਿਆ। ਇਸ ਵਕਤ Church ਦੁਨੀਆ ਵਿਚ ਸੱਭ ਤੋਂ ਵੱਡੀ ਸ਼ਕਤੀ ਸੀ। ਇਸੇ ਸਮੇਂ Bible ਦਾ Latin ਭਾਸ਼ਾ ਵਿਚ ਉਲੱਥਾ ਹੋਇਆ। ਇਸ ਸਮੇਂ ਤੱਕ Greek ਭਾਸ਼ਾ ਦਾ ਪਤਨ ਹੋ ਚੁੱਕਾ ਸੀ। Greek ਵਿਗਿਆਨ Greek ਭਾਸ਼ਾ 'ਚ ਸੀ, ਜੋ ਵਧੇਰੇ ਬਰਬਾਦ ਹੋ ਚੁੱਕੀ ਸੀ। ਯੂਰਪ ਵਿਚ ਇਸ ਸਮੇ ਹਨ੍ਹੇਰਾ ਸੀ।

11ਵੀਂ ਸਦੀ ਵਿਚ ਇੱਕ ਮਹੱਤਵਪੂਰਨ ਵਾਰਦਾਤ ਯੂਰਪ ਵਿਚ ਹੋਈ। A group of churchmen ਜੋ ਤਰਕਸ਼ੀਲ ਸਨ, ਭਾਵ (Scholastics) ਸਨ। ਉਨ੍ਹਾਂ ਵਿਗਿਆਨ ਪੜ੍ਹਨਾ ਸ਼ੁਰੂ ਕਰ ਦਿੱਤਾ। ਉਨ੍ਹਾਂ Church ਨੂੰ ਪੁਰਤਨ ਤੇ Non Scientific ਸਿੱਧ ਕਰ ਦਿੱਤਾ ਅਤੇ ਉਹ ਅਰਸਤੂ ਦੀ ਵਿਚਾਰਧਾਰਾ ਨਾਲ ਸਹਿਮਤ ਹੋ ਗਏ। ਜਿਸ ਅਰਸਤੂ ਨੇ ਬ੍ਰਹਮੰਡ ਦੀ ਉਤਪਤੀ ਦਾ ਸਿਧਾਂਤ ਦੂਸਰੀਆਂ ਵਸਤੂਆਂ ਦੇ ਸੰਦਰਭ ਵਿਚ ਖੋਜਿਆ ਸੀ। ਇੱਕ ਬਹੁਤ ਹੀ ਜ਼ਹੀਨ ਪਾਦਰੀ ਵਰਗ ਦਾ ਨੌਜਵਾਨ ਜਿਸ ਦਾ ਨਾਮ Thomas Aquinas

ਸੀ। ਜਿਸ ਨੇ ਮਨੋਦ੍ਰਿਸ਼ਟੀ ਦੇ ਅਧਾਰ 'ਤੇ ਵਿਸ਼ਵ ਅਤੇ ਇਸ ਦੇ ਕਾਰਨ ਦੀ ਸਮੱਸਿਆ ਨੂੰ ਹੱਲ ਕਰ ਦਿੱਤਾ। ਉਸ ਦਾ ਕਥਨ ਸੀ, "God was the creator before whom there was no creation. He was eternal and formless"

15ਵੀਂ ਸਦੀ ਤੋਂ ਬਾਅਦ Church ਵੀ Plato ਦੀ ਵਿਚਾਰਧਾਰਾ ਦਾ ਹਾਮੀ ਹੋ ਗਿਆ। Plato ਉਸ ਵਕਤ ਦਾ ਮਹਾਨ ਦਾਰਸ਼ਨਿਕ ਮੰਨਿਆ ਜਾਣ ਲੱਗਾ। ਉਹ ਆਧੁਨਿਕਤਾ ਵਿਚ ਵਿਸ਼ੇਸ਼ ਸਥਾਨ ਗ੍ਰਹਿਣ ਕਰ ਗਿਆ। Plato ਕਲਪਨਾ ਭਰਪੂਰ ਪੁਰਾਤਨ Greek ਦਾ ਖੋਜੀ ਸੀ, ਜੋ ਸਿਰਫ਼ ਦਾਰਸ਼ਨਿਕਤਾ ਅਤੇ ਚਕਿਤਸਾ ਵਿਗਿਆਨ ਭਾਵ Medicine science ਤੱਕ ਹੀ ਸੀਮਤ ਨਹੀਂ ਸੀ। Plato ਦੀ ਵਿਚਾਰਧਾਰਾ ਨੇ ਇਟਲੀ ਦੇ ਸ਼ਹਿਰ Florence ਦਾ ਪਦਾਰਥਕ ਰੂਪ ਵੀ ਧਾਰਿਆ। Florence ਸ਼ਹਿਰ ਵਿਚ ਇੱਕ ਬਹੁਤ ਸ਼ਕਤੀਸ਼ਾਲੀ ਪਰਿਵਾਰ ਸੀ, ਜਿਸ ਨੂੰ Medici ਕਿਹਾ ਜਾਂਦਾ ਸੀ। ਜਿਸ ਪਰਿਵਾਰ ਨੇ ਭਵਨ ਉਸਾਰੀ, ਮੂਰਤੀਕਲਾ ਦੀ ਮੁੜ ਸਰਪ੍ਰਸਤੀ Greek ਦੀ ਪੁਰਾਤਨ ਸ਼ੈਲੀ ਵਿਚ ਸੰਭਾਲੀ। 15ਵੀਂ ਸਦੀ ਦੇ ਇਤਿਹਾਸਕਾਰਾਂ Giorgid Vasari ਨੇ Greek ਦੀ ਇਸ ਕਲਾ ਵਿਚ ਸਭਿਅਕ ਕਾਇਆ ਕਲਪ ਨੂੰ ਨਵਯੁੱਗ ਦਾ ਨਾਮ ਦਿੱਤਾ ਹੈ।

ਇੱਥੇ ਅਸੀਂ Scotland ਵਿਚ ਆਧੁਨਿਕਤਾ ਦੀ ਉਤਪਤੀ ਦਾ ਜ਼ਿਕਰ ਵੀ ਕਰਾਂਗੇ। Francis Bacon ਅਤੇ ਬਾਅਦ ਵਿਚ Royal society ਦੇ ਵਿਗਿਆਨੀਆਂ England ਅਤੇ ਜਰਮਨੀ ਵਿਚ ਉਹ ਲੋਕ ਜੋ ਧਾਰਮਿਕ Reforms ਕਰ ਰਹੇ ਸਨ, Northen Europe ਵਿਚ ਇਹੀ ਲੋਕ ਇਸ ਕਾਰਜ ਵਿਚ ਕਾਰਜਸ਼ੀਲ ਸਨ, ਕਿ ਆਧੁਨਿਕਤਾ ਦਾ ਵਿਕਾਸ ਕੀਤਾ ਜਾਵੇ। ਆਧੁਨਿਕਤਾ ਦੇ ਵਿਕਾਸ ਵਿਚ ਇਨ੍ਹਾਂ ਲੋਕਾਂ ਨੇ ਵਿਸ਼ੇਸ਼ ਯੋਗਦਾਨ ਪਾਇਆ ਤੇ ਆਧੁਨਿਕਤਾ ਸੰਦਰਭ ਵਿਚ ਧਾਰਮਿਕ ਸੁਧਾਰ ਕੀਤਾ।

19ਵੀਂ ਸਦੀ ਵਿਚ Darwin ਨੇ Theory of evolution ਦੀ ਖੋਜ ਕੀਤੀ। ਜਿਸ ਨੇ ਵਿਸ਼ਵ ਦੀ ਰੂਪ-ਰੇਖਾ ਹੀ ਬਦਲ ਕੇ ਰੱਖ ਦਿੱਤੀ। ਉਸ ਨੇ ਕਿਹਾ ਕਿ ਮਨੁੱਖ ਰੱਬ ਦਾ ਭੇਜਿਆ ਹੋਇਆ ਨਹੀਂ, ਸਗੋਂ ਧਰਤੀ ਦੇ ਜੀਵਾਂ ਵਾਂਗ ਵਿਕਾਸ ਰਾਹੀਂ ਉਤਪਨ ਹੋਇਆ ਹੈ। ਇਸ ਵਿਚਾਰ ਨੇ ਵਿਸ਼ਵ ਅਨੁਭਵ 'ਚੋਂ ਰੱਬੀ ਡਰ ਨੂੰ ਚੁੱਕ ਦਿੱਤਾ। ਜਿਸ ਕਾਰਨ ਮਾਨਵੀ ਊਰਜਾ ਆਧੁਨਿਕਤਾ ਦੇ ਵਿਕਾਸ ਲਈ ਤੱਤਪਰ ਹੋ ਗਈ ਅਤੇ ਆਧੁਨਿਕ ਵਿਕਾਸ ਨੂੰ ਬਹੁਤ ਵੱਡਾ ਹੁਲਾਰਾ ਮਿਲਿਆ।

ਅਸੀਂ ਪਿੱਛੇ ਵਿਚਾਰ ਕਰ ਆਏ ਹਾਂ, ਕਿ ਭਾਰਤੀ ਸਮੇਂ ਅਨੁਸਾਰ ਆਧੁਨਿਕਤਾ ਦਾ ਮੁੱਢ ਬੁੱਧ ਦੇ ਸਮੇਂ 624 ਈਸਵੀ ਵਿਚ ਬੱਝਾ। ਤਕਰੀਬਨ Christ ਤੋਂ 500 ਸਾਲ ਪਹਿਲਾਂ। ਜੇ ਆਲੋਚਨਤਮਕ ਦ੍ਰਿਸ਼ਟੀ ਤੋਂ ਵੇਖਿਆ ਜਾਏ ਤਾਂ Greek ਚੌਥੀ-ਪੰਜਵੀਂ ਸਦੀ ਵਿਚ ਆਧੁਨਿਕਤਾ ਸਿਖ਼ਰ 'ਤੇ ਸੀ। ਉਸ ਵੇਲੇ ਲੋਕਤੰਤਰ, ਨਿਆਏ, ਆਧੁਨਿਕ ਵਿਗਿਆਨ, ਜੀਵ ਵਿਗਿਆਨ, ਚਕਿਤਸਾ ਵਿਗਿਆਨ ਅਤੇ ਬ੍ਰਹਮੰਡਕ ਇਕਾਈ ਬਾਰੇ ਕਈ ਕਿਸਮ ਦੇ ਗ੍ਰੰਥਾਂ ਦਾ ਨਿਰਮਾਣ ਕੀਤਾ ਗਿਆ। ਸਾਹਿਤ, ਮੂਰਤੀ ਕਲਾ, ਬੁੱਤ ਤਰਾਸ਼ੀ, ਚਿੱਤਰਕਲਾ, ਨਾਟਕ ਕਲਾ, ਮੰਚ ਅਤੇ ਸ਼ਿਲਪ ਸਿਖ਼ਰਾਂ 'ਤੇ ਸਨ। ਚੌਥੀ-ਪੰਜਵੀਂ ਸਦੀ ਵਿਚ ਹੀ Greek ਨੇ ਵਿਸ਼ਵ ਨੂੰ ਮਹਾਨ ਤਿੰਨ ਦਾਰਸ਼ਨਿਕ ਦਿੱਤੇ।

ਅਸੀਂ ਆਧੁਨਿਕਤਾ ਦੇ ਇਤਿਹਾਸਕ ਮੁੱਢ 'ਤੇ ਵਿਕਾਸ ਪ੍ਰਤੀ ਭਰਪੂਰ ਆਲੋਚਨਾਤਮਿਕ ਆਧਿਐਨ ਕੀਤਾ ਹੈ। ਇਸ ਤੋਂ ਇਹ ਪਤਾ ਲੱਗਦਾ ਹੈ, ਕਿ ਆਧੁਨਿਕਤਾ ਦਾ ਮੁੱਢ 13ਵੀਂ-14ਵੀਂ ਸਦੀ ਵਿਚ ਹੋਇਆ। ਮੰਨ ਵੀ ਲਿਆ ਜਾਏ ਤਾਂ ਵੀ ਇਹ ਸੱਚ ਨਹੀਂ ਕਿਉਂਕਿ ਬਹੁਤ ਸਾਰੇ ਵਿਦਵਾਨ ਇਸ ਨਾਲ ਸਹਿਮਤ ਨਹੀਂ ਹਨ। ਵਿਸ਼ਵ ਦੇ ਵਧੇਰੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ, ਕਿ ਆਧੁਨਿਕਤਾ ਦਾ ਮੁੱਢ 18ਵੀਂ ਸਦੀ ਦੇ Enlightment ਯੁੱਗ ਨਾਲ ਬੱਝਾ ਪਰ ਜੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਏ ਤਾਂ ਯੂਨਾਨ ਚੌਥੀ-ਪੰਜਵੀਂ ਸਦੀ ਵਿਚ ਆਧੁਨਿਕਤਾ ਦੀ ਸਿਖ਼ਰ 'ਤੇ ਸੀ ਅਤੇ ਭਾਰਤੀ ਸਮੇਂ ਅਨੁਸਾਰ ਆਧੁਨਿਕਤਾ ਦਾ ਮੁੱਢ ਬੁੱਧ ਦੇ ਸਮੇਂ 624 ਈਸਵੀ ਵਿਚ ਬੱਝਿਆ ਦੱਸਿਆ ਜਾਂਦਾ ਹੈ। ਇਸ ਤਰ੍ਹਾਂ ਆਧੁਨਿਕਤਾ ਦੇ ਮੁੱਢ ਪ੍ਰਤੀ ਕੋਈ ਨਿਸ਼ਚਿਤ ਵਕਤ ਜਾਂ ਤਰੀਕ ਨਹੀਂ। ਅਸਲ ਵਿਚ ਆਧੁਨਿਕਤਾ ਦਾ ਮੁੱਢ ਤੇ ਵਿਕਾਸ ਆਧੁਨਿਕਤਾ ਦੀ ਆਪਣੀ ਨਿਰੰਤਰਤਾ ਹੈ। ਇਤਿਹਾਸਕ ਸਮੇਂ ਦੀ ਨਿਰੰਤਰਤਾ ਵਿਚੋਂ ਇਸ ਦਾ ਮੁੱਢ ਬੱਝਿਆ, ਯਥਾਰਥਕ ਲੱਗਦਾ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਇਹ ਸਮਾਂ ਚੌਥੀ ਸਦੀ ਤੋਂ 18ਵੀਂ ਸਦੀ ਤੱਕ ਦਾ ਹੈ।

ਆਧੁਨਿਕਤਾ ਦਾ ਮੁੱਢ ਇਤਿਹਾਸਕ ਪੱਖੋਂ ਮਨੁੱਖੀ ਧਰਾਤਲ ਦੇ ਵਿਚਰਨ ਸਮੇਂ 'ਚੋਂ ਬੱਝਦਾ ਹੈ। ਪੁਰਾਤਨ ਕਾਲ ਵਿਚ ਆਧੁਨਿਕਤਾ ਦੇ ਅਕੂੰਰ ਸਨ। ਇਸ ਲਈ ਆਦਿ ਕਾਲ ਆਧੁਨਿਕਤਾ ਦੇ ਮੁੱਢ ਦੀ ਬੁਨਿਆਦ ਸੀ। ਮੱਧਕਾਲ ਆਧੁਨਿਕਤਾ ਦੇ ਵਿਕਾਸ ਦਾ ਸਮਾਂ ਹੈ। ਅਜੋਕਾ ਯੁੱਗ ਆਧੁਨਿਕਤਾ ਦੇ ਵਿਕਾਸ ਦੀ ਸਿਖ਼ਰ ਦਾ ਪ੍ਰਗਟਾਅ ਅਤੇ ਅੰਤ ਹੈ।

# ਆਧੁਨਿਕ ਚੇਤਨਾ ਤੇ ਪੂੰਜੀਵਾਦੀ ਵਿਕਾਸ : ਪ੍ਰਵਚਨ ਅਤੇ ਪਾਸਾਰ

Modernity is "A philosophical historical conciousness of time" ਆਧੁਨਿਕ ਪਦ ਸਮੇਂ ਦੀ ਚੇਤਨਾ ਦੀ ਕਿਸਮ ਹੈ, ਜੋ ਸਮੇਂ ਦੀ ਖ਼ਾਸ ਸੰਬੰਧ ਨੂੰ ਵਿਅਕਤ ਕਰਦੀ ਹੈ। ਆਧੁਨਿਕ ਹੋਣ ਦੀ ਬਿਰਤੀ (Now) ਭਾਵ ਹੁਣ ਦੇ ਸਮੇਂ ਦੀ ਧਾਰਨਾ ਨੂੰ ਸੂਚਿਤ ਕਰਦੀ ਹੈ।

ਆਧੁਨਿਕਤਾ ਪੁਰਾਤਨ ਹੋਂਦ ਅਤੇ Pre-modern ਵਿਸ਼ਵਾਸਾਂ ਦੀ ਪ੍ਰਣਾਲੀ ਤੋਂ ਮੁਕਤ ਹੈ। ਜਿੱਥੇ ਇਹ ਖ਼ਾਸ ਸਮੇਂ ਦੀ ਚੇਤਨਾ ਵੱਲ ਸੰਕੇਤ ਕਰਦੀ ਹੈ, ਉੱਥੇ ਵਰਤਮਾਨ ਲਈ ਨਵੇਂ ਵਿਵੇਕ ਨੂੰ ਜਨਮਦੀ ਹੈ। ਆਧੁਨਿਕਤਾ ਦੁਨੀਆ ਦੀ ਗਿਆਨ ਪ੍ਰਣਾਲੀ ਨੂੰ ਯਥਾਰਥਕ ਰੂਪ ਵਿਚ ਸਾਕਾਰ ਕਰਦੀ ਹੈ। ਮਨੁੱਖ ਦੇ ਆਧੁਨਿਕ ਹੋਣ 'ਤੇ ਇਹ ਸਰਿਸ਼ਟਾਚਾਰ ਲਾਗੂ ਹੁੰਦਾ ਹੈ, ਕਿ ਦੁਨੀਆ ਦੀ ਵਰਤਮਾਨ ਤਬਦੀਲੀ ਦੇ ਸੰਭਵ ਤੱਤ ਮਨੁੱਖ ਮਹਿਸੂਸ ਕਰੇ, ਸੰਸਾਰਕ ਉਨਤੀ ਵੱਲ ਕਦਮ ਪੁੱਟੇ। ਇਸ ਤਰੀਕੇ ਨਾਲ ਸ੍ਰੇਸ਼ਟ ਪ੍ਰਮਾਣਿਕ ਬੌਧਿਕ ਦਰਸ਼ਨ ਦੀ ਧਾਰਾ ਜੋ Locke, Kant, Hegel ਅਤੇ Marx ਨੇ ਦਿੱਤੀ ਹੈ, ਉਸ ਨੂੰ ਯਥਾਰਥ ਰੂਪ ਦਿੱਤਾ ਜਾ ਸਕੇ।

ਆਧੁਨਿਕਤਾ ਇਤਿਹਾਸਕ ਸਮੇਂ ਦੀ ਉਹ ਦਾਰਸ਼ਨਿਕ ਚੇਤਨਾ ਹੈ, ਜੋ ਸਿੱਧੇ ਤੌਰ 'ਤੇ ਬ੍ਰਹਮੰਡਕ ਉਨਤੀ ਦਾ ਪ੍ਰਯੋਜਨ ਮਹਿਸੂਸ ਕਰਦੀ ਹੈ। ਮਨੁੱਖ ਨੂੰ ਉਸ ਵੱਲ ਯਤਨਸ਼ੀਲ ਹੋਣ ਲਈ ਪ੍ਰੇਰਦੀ ਹੈ। ਅਸੀਂ ਆਧੁਨਿਕਤਾ ਦੀ ਇਤਿਹਾਸਕ ਚੇਤਨਾ Kant ਤੇ Marx ਦੇ ਇਤਿਹਾਸਕ ਦਰਸ਼ਨ ਤੋਂ ਸਮਝ ਸਕਦੇ ਹਾਂ। ਆਧੁਨਿਕਤਾ ਦੀ ਇਤਿਹਾਸਕ ਚੇਤਨਾ ਬਾਰੇ ਬਹੁਤ ਸਾਰੇ ਦਾਰਸ਼ਨਿਕਾਂ ਅਤੇ ਵਿਦਵਾਨਾਂ ਦੇ ਵਿਚਾਰ ਹਨ। ਜਿਵੇਂ ਬ੍ਰਹਮੰਡਕ ਇਤਿਹਾਸ ਵਿਚ Kant ਅਤੇ ਪ੍ਰੋਲਿਤਾਰੀ ਇਤਿਹਾਸ ਦਰਸ਼ਨ ਵਿਚ Marx ਨੇ ਇਨ੍ਹਾਂ ਇਤਿਹਾਸ ਚੇਤਨਾਵਾਂ ਅਤੇ ਆਧੁਨਿਕਤਾ ਦੇ ਵਿਸ਼ੇ ਵਸਤੂ ਦਾ ਫ਼ਰਕ ਚਿੰਨ੍ਹਾਤਮਕ ਰੂਪ ਵਿਚ ਪੇਸ਼ ਕੀਤਾ ਹੈ। Marx ਅਤੇ Kant ਦੀ ਵਿਚਾਰਧਾਰਾ ਜਿੱਥੇ ਇਸ ਗਿਆਨ ਦੀ ਰਾਜਨੀਤਿਕ ਤੇ ਆਤਮ ਨਿਰਭਰਤਾ ਦੀ ਪ੍ਰਤੀਬੱਧਤਾ ਕਰਦੀ ਹੈ, ਉੱਥੇ ਇਸ ਦੀਆਂ ਸੰਭਾਵਨਾਵਾਂ ਨੂੰ ਵੀ ਸੰਭਵ

ਬਣਾਉਂਦਾ ਹੈ। ਜਿਸ ਦੀ ਚਰਚਾ ਆਧੁਨਿਕਤਾ ਦਾ ਮੁੱਢ ਅਤੇ ਵਿਕਾਸ ਵਿਚ ਭਰਪੂਰ ਰੂਪ ਵਿਚ ਕੀਤੀ ਗਈ ਹੈ।

ਆਧੁਨਿਕਤਾ ਇੱਕ ਅਕਸ਼ ਹੈ, ਇੱਕ ਫ਼ਲਸਫ਼ਾ ਹੈ, ਜੋ Enlightment ਯੁੱਗ ਤੋਂ ਪੈਦਾ ਹਇਆ। ਆਧੁਨਿਕਤਾ ਦੀ ਵਿਚਾਰਧਾਰਾ ਪੁਰਾਤਨ ਪ੍ਰੋਹਤਾਂ ਦੀਆਂ ਸਥਾਨਕ ਹੱਦਾਂ ਬੰਨਿਆਂ ਤੋਂ ਉਲਟ, ਵਿਗਿਆਨਿਕ ਗਿਆਨ ਰਾਹੀਂ ਵਿਕਸਤ ਹੋਈ ਹੈ। ਆਧੁਨਿਕਤਾ ਭੂਤ ਨੂੰ ਨਿਕਾਰਦੀ ਹੈ, ਉਦੋਂ ਜਦੋਂ ਭੂਤ ਵਿਕਾਸਸ਼ੀਲ ਨਹੀਂ ਹੁੰਦਾ।

ਆਧਨਿਕਤਾ ਦਾ ਅਕਸ਼ ਬਹੁ-ਮੁਖੀ ਹੈ, ਵਿਸ਼ਵ-ਵਿਆਪੀ ਹੈ। ਆਧੁਨਿਕਤਾ ਲਈ ਜ਼ਰੂਰੀ ਹੈ, ਕਿ ਇਸ ਨੂੰ ਇੱਕ ਵਿਉਂਤਬੰਦੀ ਦੇ ਰੂਪ ਵਿਚ ਸਮਝਿਆ ਜਾਵੇ। ਚਾਹੇ ਇਹ ਰਾਜਨੀਤਿਕ Notion ਹੋਵੇ ਜੋ ਪੂਰੇ ਰਾਸ਼ਟਰ ਵਿਚ ਅਨੁਭਵਿਆ ਜਾਂਦਾ ਹੋਵੇ। ਇਹ ਰਾਜਨੀਤਿਕ Notion ਜਿੱਥੇ ਟੱਕਰਾਓ ਪੈਦਾ ਕਰਦਾ ਹੈ, ਉਥੇ ਆਧੁਨਿਕਤਾ ਦੇ ਬਹੁ-ਪੱਖੀ ਅਕਸ਼ ਨੂੰ ਜੋੜਦਾ ਵੀ ਹੈ। ਦੁਨੀਆ ਦੇ ਵੱਖ-ਵੱਖ ਖੇਤਰਾਂ ਵਿਚ ਆਪਣੀ ਇਕਾਈ ਦਰਸਾਉਂਦਾ ਹੈ।

Post medieval European history ਅਨੁਸਾਰ ਆਧੁਨਿਕਤਾ ਨੂੰ ਤਿੰਨਾਂ ਭਾਗਾਂ ਵਿਚ ਵੰਡਿਆ ਗਿਆ ਹੈ।

1. Antiquity (ਪ੍ਰਾਚੀਨਕਾਲ)
2. Medieval (ਮੱਧਕਾਲ)
3. Modern (ਆਧੁਨਿਕ ਕਾਲ)

ਇਸ ਕਾਲ ਵੰਡ ਨੂੰ ਯੂਰਪੀਅਨ ਅਮਰੀਕਨ ਸਭਿਆਚਾਰ ਦੀ ਵੰਡ ਵੀ ਕਿਹਾ ਜਾਂਦਾ ਹੈ। ਇਹ ਸਮਾਂ Enlightment ਯੁੱਗ ਤੋਂ ਸ਼ੁਰੂ ਹੋ ਕੇ ਹੁਣ ਤੱਕ ਆਉਂਦਾ ਹੈ। ਆਧੁਨਿਕਤਾ ਦੀ ਸੀਮਾ ਦਾ ਸਮਾਂ (1800-1960) ਤੱਕ ਦਾ ਮੰਨਿਆ ਗਿਆ ਹੈ।

ਆਧੁਨਿਕਤਾ ਦੀ ਸ਼ੁਰੂਆਤ Early Modern ਦੀ ਵਿਆਖਿਆ Westren history ਅਨੁਸਾਰ 14ਵੀਂ ਸਦੀ ਦੇ ਅੱਧ ਤੋਂ ਜਦੋਂ Type ਅਤੇ Printing Press ਇਜ਼ਾਦ ਹੋਈ ਮੰਨੀ ਜਾਂਦੀ ਹੈ। 16ਵੀਂ ਸਦੀ ਦੇ ਸਮੇਂ Enlightment ਯੁੱਗ ਦੀਆਂ ਪ੍ਰਮੁੱਖ ਯੋਜਨਾਵਾਂ ਮੁਕੰਮਲ ਕਰ ਲਈਆਂ ਗਈਆਂ ਸਨ। ਇਹ ਯੋਜਨਾਵਾਂ ਹੇਠ ਲਿਖੀਆਂ ਹਨ।

1. ਰਾਸ਼ਟਰੀ ਰਾਜ ਦਾ ਆਰੰਭ ਹੋਣਾ।
   Rise of the nation state

2. ਰਾਜਨੀਤਿਕ ਤੌਰ 'ਤੇ ਸਮਾਜਿਕ ਵਿਸ਼ਵਾਸ ਤੇ ਸਹਿਣਸ਼ੀਲਤਾ ਦਾ ਆਰੰਭ ਹੋਣਾ।

   Groth of tolerance and political social belief.

3. ਉਦਯੋਗ ਦਾ ਉਤਪੰਨ ਹੋਣਾ।

   Rise of industrialization.

4. ਮੁਨਾਫ਼ਾਖੋਰੀ ਅਤੇ ਪੂੰਜੀਵਾਦ ਭਾਵ ਸਰਮਾਏਦਾਰੀ ਦਾ ਉਤਪੰਨ ਹੋਣਾ।

   Rise of merchntilism and capitalism.

5. ਸਮਾਜਵਾਦੀ ਦੇਸ਼ਾਂ ਦਾ ਵਿਕਾਸ।

   Emergency of socialist countries.

6. Non western world ਵਿਚ ਬਸਤੀਵਾਦ ਦੀ ਭਾਲ।

   Discovery of colonization of the non western world.

7. ਲੋਕਤੰਤਰ ਦੀ ਪ੍ਰਤੀਨਿੱਧਤਾ ਦੀ ਉਤਪਤੀ।

   Rise of representative democracy.

8. ਵਿਗਿਆਨ ਅਤੇ ਸ਼ਿਲਪ ਵਿਚ ਵਾਧਾ।

   Increasing role of science and technology

9. ਅਵਾਮੀ ਅਨਪੜ੍ਹਤਾ।

   Mass literacy

10. ਅਵਾਮੀ ਮਾਧਿਅਮ ਦਾ ਪਲਰਨਾ।

    Proliferation of mass media.

11. ਸ਼ਹਿਰੀਕਰਨ।

    Urbanization

12. ਕਾਰਟੇਸੀਅਨ ਅਤੇ ਕ੍ਰਾਂਤੀਆਂ ਦੀ ਖ਼ੁਦ ਮੁਖਤਿਆਰੀ ਦੀਆਂ ਰਸਮਾਂ ਬਾਰੇ ਬੇਵਸਾਹੀ।

    Cartesian and kantia distras of tradition for autonomous reason.

ਇਸ ਉਪਰੋਕਤ ਬੌਧਿਕ ਵਿਸ਼ੇਸ਼ਤਾਈਆਂ ਦੇ ਆਰੰਭ ਅਤੇ ਵਿਕਾਸ ਦੇ ਅੰਧਾਰ 'ਤੇ 18ਵੀਂ ਸਦੀ ਦੇ Enlightment ਯੁੱਗ ਦਾ Project ਹੋਂਦ ਵਿਚ ਆਇਆ। ਜਿਸ ਤੋਂ ਆਧੁਨਿਕਤਾ ਦਾ ਵਿਕਾਸ ਹੋਇਆ। 19ਵੀਂ ਸਦੀ ਵਿਚ ਹੇਠ ਲਿਖੀਆਂ ਸੱਚਾਈਆਂ ਆਧੁਨਿਕਤਾ ਦੇ ਕਾਰਜ.ਕਰਮ ਦਾ ਹਿੱਸਾ ਬਣੀਆਂ ਅਤੇ ਆਧੁਨਿਕਤਾ ਦੇ ਖੇਤਰਾਂ ਦਾ ਹਿੱਸਾ ਬਣੀਆਂ।

1. ਸਮਾਜਿਕ ਵਿਗਿਆਨ ਅਤੇ ਮਨੁੱਖੀ ਵਿਗਿਆਨ ਦਾ ਵਿਕਾਸ।

   Emergence of social science and anthropology.

2. ਰੋਮਾਂਸਵਾਦ ਤੇ ਮੁੱਢਲਾ ਹੋਂਦਵਾਦ।

   Romanticism and early existentialism.

3. ਕੁਦਰਤੀ ਦ੍ਰਿਸ਼ਟੀਕੋਣ ਦੀ ਕਲਾ ਅਤੇ ਵਿਆਖਿਆ ਦਾ ਉਤਸ਼ਾਹ।

   Naturalist approach to art and description

4. ਵਿਕਾਸਵਾਦੀ ਸੋਚ, ਭੂ-ਵਿਗਿਆਨ, ਜੀਵ ਵਿਗਿਆਨ, ਰਾਜੀਨੀਤੀ ਅਤੇ ਸਮਾਜ ਵਿਗਿਆਨ ਪ੍ਰਤੀ ਉਤਸ਼ਾਹ।

   Evolutionary thinking in geology, biology, politics and social sciences.

5. ਆਧੁਨਿਕ ਮਨੋਂ ਵਿਗਿਆਨ ਦਾ ਆਰੰਭ

   Begining of modern psychology.

6. ਧਰਮੀ ਵਾਂਝੇਪਣ ਦਾ ਪੈਦਾ ਹੋਣਾ।

   Growing disenfranchisement of religion.

7. ਮੁਕਤੀ ਦੀ ਖ਼ਲਾਸੀ।

   Emancipation

16ਵੀਂ ਸਦੀ ਦੀਆਂ ਵਿਸ਼ੇਸ਼ਤਾਈਆਂ ਦੇ ਆਰੰਭ ਤੇ ਵਿਕਾਸ ਅਤੇ 18ਵੀਂ ਸਦੀ ਦੇ Enlightment ਯੁੱਗ ਦਾ Project ਜੋ ਹੋਂਦ ਵਿਚ ਆਇਆ ਸੀ, ਉਸ ਦਾ ਯਥਾਰਥਕ ਰੂਪ ਉਪਰੋਕਤ ਸੱਤ ਨੁਕਤਿਆਂ ਵਿਚ 19ਵੀਂ ਸਦੀ ਵਿਚ ਵੇਖਣ ਨੂੰ ਮਿਲਦਾ ਹੈ। ਬਹੁਤ ਸਾਰੇ ਹੋਰ ਵੀ ਨੁਕਤੇ ਹਨ। ਖ਼ਾਸ ਤੌਰ 'ਤੇ ਸਮਾਜਿਕ ਵਿਗਿਆਨ ਪ੍ਰਤੀ ਜਿਨ੍ਹਾਂ ਨੂੰ ਸਮਝ ਕੇ ਇਹ ਜਾਣਿਆ ਜਾ ਸਕਦਾ ਹੈ, ਕਿ ਆਧੁਨਿਕਤਾ ਕੀ ਹੈ। ਸਮਾਜਿਕ ਵਿਗਿਆਨ ਵਿਚ ਬਹੁਤ ਸਾਰੇ ਪੱਖ ਹਨ, ਜੋ ਸਮਾਜਿਕ ਹੋਂਦ ਨੂੰ Social life ਜਾਂ Driving force ਦਾ ਨਾਮ ਦਿੰਦੇ ਹਨ। Symptomatic mentality ਭਾਵ ਚਿੰਨਾਤਮਕ ਮਾਨਸਿਕਤਾ ਜਾਂ ਕੁੱਝ ਹੋਰ ਪਰਿਭਾਸ਼ਤ ਆਧੁਨਿਕਤਾ ਦੇ ਪੱਖ ਹਨ। ਜਿਵੇਂ:-

1. ਜਿਵੇਂ ਸਰਮਾਏਦਾਰੀ ਜੋ ਵਿਅਕਤੀਗਤ ਮਹਾਂ ਆਚਾਰੀਆ ਹੈ, ਜੋ ਮਜ਼ਦੂਰੀ ਦੀ ਵੰਡ ਦੇ ਨਿਯਮ ਸਾਧਨ ਅਤੇ ਕਾਰਵਾਈ ਦੀ ਨਿਯੁਕਤੀ ਕਰਦੀ ਹੈ, ਨੂੰ ਸਮਝਣਾ ਆਧੁਨਿਕਤਾ ਦੇ ਪੱਖ ਤੋਂ ਜ਼ਰੂਰੀ ਹੈ।

2. ਦੁਨਿਆਵੀ ਭਰਮਾਂ ਤੋਂ ਨਿਵਿਰਤੀ, ਆਧੁਨਿਕਾਤਮਕ ਨੁਕਸਾਨ ਡਰ ਤੇ ਜੀਵਨ ਦੇ ਸਭਿਆਚਾਰਕ ਸੱਚ ਨੂੰ ਸਮਝਣਾ ਆਧੁਨਿਕ ਪੱਖ ਤੋਂ ਜ਼ਰੂਰੀ ਹੈ।

3. ਕਾਰਨ ਯੋਗ ਅਤੇ ਤਰਕ ਪ੍ਰਣਾਲੀ ਦੀ ਵਿਚਾਰਧਾਰਾ ਦੀ ਯਥਾਰਥਕਤਾ ਦੇ ਸਿਧਾਂਤਾਂ ਰਾਹੀ ਦੁਨੀਆ ਨੂੰ ਸਮਝਣਾ, ਆਧੁਨਿਕਤਾ ਨੂੰ ਸਮਝਣਾ ਹੈ।

4. ਧਰਮ ਨਿਰਪੱਖਤਾ, ਧਾਰਮਿਕ ਪ੍ਰਭਾਵ ਅਤੇ ਧਾਰਮਿਕ ਵਿਕਾਸ ਨੂੰ ਸਮਾਜਿਕ ਪੱਖ ਤੋਂ ਪਰਖ ਕੇ ਧਰਮ ਨਿਰਪੱਖਤਾ ਨੂੰ ਸਮਝਣਾ ਆਧੁਨਿਕਤਾ ਦਾ ਸੱਚ ਜਾਣਨਾ ਹੈ।

5. ਪਰਿਵਾਰਕ ਅਰਥਾਂ, ਕੰਮਾਂ ਅਤੇ ਧਰਮ ਦੇ ਅਰਥਾਂ ਤੋਂ ਵਿਅਕਤੀਗਤ ਮਨੁੱਖ ਦੀ ਇਕੱਲਤਾ ਨੂੰ ਸਮਝਣਾ ਆਧੁਨਿਕਤਾ ਲਈ ਜ਼ਰੂਰੀ ਹੈ।

6. ਜੀਵਨ ਦੇ ਸਾਰੇ ਪੱਖਾਂ ਦੀ ਧਨ ਸੰਬੰਧੀ ਖ਼ਪਤ ਅਤੇ ਤਬਦੀਲੀ ਸੰਬੰਧੀ ਤਕਸੀਮ 'ਚੋਂ ਪੈਦਾ ਹੋਈ ਵਿਸਥਾਰਤਾ ਨੂੰ ਸਮਝਣਾ, ਆਧੁਨਿਕਤਾ ਨੂੰ ਸਮਝਣ ਲਈ ਜ਼ਰੂਰੀ ਹੈ।

7. ਸਮਾਜਿਕ ਅਭਿਆਸ ਨੂੰ ਲਾਂਭੇ ਰੱਖ ਕੇ ਵਿਸ਼ਵਾਸ ਅਤੇ ਸਭਿਆਚਾਰਕ ਵਿਸ਼ਿਆਂ ਨੂੰ ਉਨ੍ਹਾਂ ਦੇ ਸਥਾਨਕ ਮੁੱਢ ਤੋਂ ਨਿਖੇੜ ਕੇ ਸਰਵਵਿਆਪੀ ਤਬਦੀਲੀ ਲਈ ਯਤਨਸ਼ੀਲਤਾ ਨੂੰ ਸਮਝਣਾ, ਆਧੁਨਿਕਤਾ ਲਈ ਜ਼ਰੂਰੀ ਹੈ।

8. ਵਿਅਕਤੀਗਤ ਪਰਿਵਾਰਕ ਪਿੰਡ ਅਤੇ ਸ਼ਹਿਰ ਦੇ ਪ੍ਰਬੰਧ ਦਾ ਤਣਾਅ ਅਤੇ ਬੋਝ ਵਿਅਕਤੀਗਤ ਨੂੰ ਵਿਅਕਤੀਗਤ ਬਣਾਉਂਦਾ ਹੈ। ਇਸ ਕਾਰਜ ਪ੍ਰਣਾਲੀ ਨੂੰ ਆਧੁਨਿਕਤਾ ਲਈ ਸਮਝਣਾ ਜ਼ਰੂਰੀ ਹੈ।

9. ਰਾਸ਼ਟਰਵਾਦ ਤੇ ਆਧੁਨਿਕ ਕੌਮੀ ਰਾਜ ਦਾ ਹੋਂਦ ਵਿਚ ਆਉਣਾ, ਇੱਕ ਤਰ੍ਹਾਂ ਦੀ ਵਿਚਾਰਵਾਨ ਸਰਕਾਰੀ ਕੇਂਦਰਿਤਾ ਹੈ। ਜੋ ਆਮ ਤੌਰ 'ਤੇ ਸਥਾਈ ਨੈਤਿਕਤਾ ਦੇ ਸਰੂਪ 'ਚੋਂ ਪੈਦਾ ਹੁੰਦੀ ਹੈ, ਉਸ ਨੂੰ ਸਮਝਣਾ ਆਧੁਨਿਕਤਾ ਲਈ ਜ਼ਰੂਰੀ ਹੈ।

10. ਸ਼ਹਿਰੀਕਰਨ, ਲੋਕ ਸਭਿਆਚਾਰ, ਰਾਜਨੀਤੀ ਪ੍ਰਭਾਵ, ਸ਼ਹਿਰਾਂ ਦੇ ਸ਼ਹਿਰੀਕਰਨ ਵਿਚ ਸਹਾਈ ਹੁੰਦਾ ਹੈ। ਇਸ ਸਿਲਸਿਲੇ ਨੂੰ ਆਧੁਨਿਕਤਾ ਦੇ ਪੱਖ ਤੋਂ ਸਮਝਣਾ ਜ਼ਰੂਰੀ ਹੈ।

11. ਆਤਮਮੁੱਖਤਾ ਭਾਵ ਲੋਕ ਆਪਣੇ ਅੰਦਰ ਵੱਲ ਪਰਤਦੇ ਹਨ, ਆਪਣੀ ਕੀਮਤ ਸੱਚ ਜਾਣਨ ਲਈ। ਇਸ ਲੋਕ ਪ੍ਰਵਿਰਤੀ ਨੂੰ ਸਮਝਣਾ, ਆਧੁਨਿਕਤਾ ਲਈ ਜ਼ਰੂਰੀ ਹੈ।

12. ਲੀਕਬੱਧ ਅਤੇ ਇਕਸਾਰ ਵਿਕਾਸ ਨੂੰ ਆਧੁਨਿਕਤਾ ਲਈ ਸਮਝਣਾ ਮਹੱਤਵਪੂਰਨ ਹੈ।
13. ਯਥਾਰਥਵਾਦ ਨੂੰ ਜਾਣਨਾ ਤੇ ਸਮਝਣਾ ਆਧੁਨਿਕਤਾਂ ਦਾ ਮੁੱਢਲਾ ਤੱਤ ਹੈ।
14. ਵਿਸ਼ਵੀਕਰਨ ਦੀ ਲੋੜ ਤੇ ਸੱਚ ਨੂੰ ਵਿਚਾਰਨਾ ਆਧੁਨਿਕਤਾ ਦਾ ਆਸ਼ਾ ਹੈ।
15. ਸੰਕੋਚਵਾਦ ਭਾਵ Reductionism ਨੂੰ ਸਮਝਣਾ ਜ਼ਰੂਰੀ ਹੈ
16. ਵਿਸ਼ਵ ਸਮਾਜ ਦੇ ਸੱਚ ਦੀ ਪੜਚੋਲ ਲਾਜ਼ਮੀ ਹੈ।
17. ਉਦਯੋਗਿਕ ਸਮਾਜ ਅਤੇ Homogenization ਭਾਵ ਇਕਸਾਰ ਗਤੀਸ਼ੀਲਤਾ ਦੀ ਕਿਰਿਆ ਨੂੰ ਸਮਝਣਾ ਜ਼ਰੂਰੀ ਹੈ।
18. ਲੋਕਤੰਤਰ ਦੀ ਪ੍ਰਯੋਗਿਕ ਜਾਣਕਾਰੀ ਹੋਣੀ, ਆਧੁਨਿਕਤਾ ਲਈ ਜ਼ਰੂਰੀ ਹੈ।
19. ਯੰਤਰਵਾਦ ਭਾਵ Machanization ਦਾ ਗਿਆਨ ਜ਼ਰੂਰੀ ਹੈ।
20. ਮੁਕੰਮਲਵਾਦ ਭਾਵ Absolutism ਦਾ ਗਿਆਨ ਜ਼ਰੂਰੀ ਹੈ।
21. ਵੈਦਿਕ ਅਗਾਜ਼ (Theraputic motivation) ਦਾ ਗਿਆਨ ਆਧੁਨਿਕਤਾ ਦਾ ਪ੍ਰਯੋਜਨ ਹੈ।

ਉਪਰੋਕਤ ਸੱਭ ਨੁਕਤਿਆਂ ਨੂੰ ਸਮਝ ਵਿਚਾਰ ਕੇ ਆਧੁਨਿਕਤਾ ਦੀ ਹੋਂਦ, ਸੱਚ ਜਾਂ ਸ਼ਨਾਖਤ ਨੂੰ ਸਮਝਿਆ ਜਾ ਸਕਦਾ ਹੈ। ਆਧੁਨਿਕ ਸਮਾਜ ਨੂੰ ਪੂਰਵ ਆਧੁਨਿਕ ਅਤੇ ਉੱਤਰ ਆਧੁਨਿਕ ਸਮਾਜ ਦੇ ਤੁਲਨਾਤਮਕ ਅਧਿਐਨ ਤੋਂ ਬਾਅਦ ਹੀ ਜਾਣਿਆ ਜਾ ਸਕਦਾ ਹੈ। Non modern social statuses ਜੋ ਆਧੁਨਿਕਤਾ ਦੇ ਨਿਯਮਾਂ ਅਤੇ Issues ਦੇ ਵਿਪਰੀਤ ਹੈ। ਆਧੁਨਿਕਤਾ ਨੂੰ ਸਮਝਣ ਲਈ ਬਹੁਤ ਜ਼ਰੂਰੀ ਹੈ। ਸਮਾਜ ਦੀਆਂ ਵੱਖ-ਵੱਖ ਅਸਲੀਅਤਾਂ ਅਤੇ ਵੱਖਰੇ ਇਤਿਹਾਸਕ ਸੰਦਰਭਾਂ ਤੋਂ ਜੋ ਸਪੱਸ਼ਟ ਤੌਰ 'ਤੇ ਪ੍ਰਾਪਤ ਕੀਤਾ ਜਾ ਸਕਦਾ ਸੀ, ਉਹ ਯੂਰਪੀਅਨ ਨਹੀਂ ਸੀ। ਇਸ ਨੂੰ ਸਮਾਜਿਕ ਵਿਕਾਸ ਦੇ ਤਿੰਨਾਂ ਪੜਾਵਾਂ 'ਚੋਂ ਰੱਖ ਕੇ ਵੇਖਿਆ ਜਾ ਸਕਦਾ ਹੈ। (ਇਹ ਪੜਾਅ ਹਨ, ਪੁਰਾਤਨ ਕਾਲ, ਮੱਧਕਾਲ ਅਤੇ ਆਧੁਨਿਕ ਕਾਲ) ਖ਼ਾਸ ਤੌਰ 'ਤੇ ਪੂਰਵ ਆਧੁਨਿਕਤਾ ਤੋਂ ਉੱਤਰ ਆਧੁਨਿਕਤਾ ਤੱਕ, ਆਧੁਨਿਕ ਸਮਾਜ ਪੱਖੋਂ ਜੇ ਅਸੀਂ ਵੇਖੀਏ ਤਾਂ ਲੱਗਦਾ ਹੈ, ਕਿ ਵਿਰੋਧੀ ਤਾਕਤਾਂ ਪਦਾਰਥਵਾਦੀ, ਆਤਮਵਾਦੀ, ਵਿਅਕਤੀਵਾਦੀ, ਰਾਸ਼ਟਰਵਾਦੀ, ਲੋਕਤੰਤਰ, ਸਰਵ-ਸੱਤਾਵਾਦੀ ਆਦਿ ਦੀ

ਆਧੁਨਿਕਤਾ ਨੂੰ ਵਧੇਰੇ ਦੇਣ ਹੈ ਕਿਉਂਕਿ ਹਰ ਵਾਦ ਦੀ ਪਰਿਭਾਸ਼ਾ ਆਧੁਨਿਕ ਦੁਨੀਆ ਦਾ ਨਤੀਜਾ ਹੈ। ਸਮਾਜਿਕ ਬਣਤਰ ਦੀ ਉਦਾਹਰਨ ਵਜੋਂ ਬਹੁਤ ਸਾਰੀਆਂ ਪਰਿਭਾਸ਼ਕ ਘਟਨਾਵਾਂ ਦੇ ਚਿੱਤਰ ਚਿਤਰਨ ਉੱਪਰਲੀਆਂ ਤਬਦੀਲੀਆਂ ਦੇ ਨਤੀਜਿਆਂ ਵਿਚ ਦਰਜ਼ ਹਨ, ਜਿਨ੍ਹਾਂ ਦਾ ਜ਼ਿਕਰ ਅਸੀਂ ਪਿੱਛੇ ਕੀਤਾ ਹੈ। ਇਹ ਨੁਕਤੇ 12, 7, ਅਤੇ 21 ਨੁਕਤਿਆਂ ਦੇ ਰੂਪ ਵਿਚ ਉਪਰ ਦਰਸਾਏ ਗਏ ਹਨ, ਜੋ ਤਬਦੀਲੀ ਸੰਬੰਧਿਤ ਤੌਰ 'ਤੇ ਸਥਾਈ ਜਨ-ਸਮੂਹ ਨੂੰ ਦੂਜਿਆਂ ਨਾਲੋਂ ਵੱਖਰਾ ਕਰਦੀ ਹੈ। ਉਹ ਵੱਡੀ ਮਾਤਰਾ ਵਿਚ ਸਮਾਜ ਦਾ ਹਿੱਸਾ ਬਣਦੀ ਹੈ। ਇਸੇ ਤਰੀਕੇ ਨਾਲ ਆਧੁਨਿਕਤਾ ਆਮ ਰੁਕਾਵਟ ਦੀ ਪ੍ਰਣਾਲੀ 'ਚੋਂ ਇਤਿਹਾਸ ਦੇ ਵੱਖ-ਵੱਖ ਹਿੱਸਿਆਂ 'ਚੋਂ ਲੱਭੀ ਜਾ ਸਕਦੀ ਹੈ, ਬਜਾਇ Europe ਦੀਆਂ ਬੇਮਿਸਾਲ ਘਟਨਾਵਾਂ 'ਚੋਂ ਲੱਭਣ ਦੀ ਥਾਂ। ਇਹ ਘਟਨਾਵਾਂ ਹਨ ;

1. Ingenral large-scale intergration involves
2. Increased movement of goods. Capital, people and information among formely seprates areas and increased influence the reaches beyond a local area.
3. Increased formalization of those mobile element, development of circuits" on which those elements and influences travel, and standardization of many aspects of the society ingeneral that is conducive to the mobility.
4. Increased specialization of different segments of society such as the divison of labour and interdependency among areas.

ਆਧੁਨਿਕਤਾ ਦਾ ਚਿੱਤਰ ਚਿਤਰਨ ਖੰਡਤ ਲੱਗਦਾ ਹੈ। ਇਸ ਪ੍ਰਣਾਲੀ ਨੂੰ ਵੱਖਰੇ-ਵੱਖਰੇ ਪਹਿਲੂਆਂ ਤੋਂ ਜਾਣਿਆ ਜਾ ਸਕਦਾ ਹੈ। ਉਦਾਹਰਨ ਦੇ ਤੌਰ 'ਤੇ ਵੱਡਮੁੱਲਾ ਸਭਿਆਚਾਰ ਬਰਬਾਦ ਹੋ ਗਿਆ ਹੈ। ਸਭਿਆਚਾਰਕ ਤੱਤਾਂ ਦੀ ਵਿਕਾਸਮਈ ਗਤੀ ਵਿਚ ਅਲੋਪ ਹੋ ਗਿਆ ਹੈ, ਜਿਵੇਂ ਕਿ ਪੁਰਾਣੇ ਨਕਸ਼ੇ, ਲੋਕ ਕਥਾਵਾਂ, ਮਸ਼ਹੂਰ ਗੀਤ। ਜਿੱਥੇ ਗੁੰਮ ਗਏ ਹਨ, ਉਥੇ ਸਮਾਜਿਕ ਵਸੋਂ ਵਲੋਂ ਇਕਸਾਰ ਗਤੀਸ਼ੀਲ ਰਹਿਣ ਦੀ ਕਿਰਿਆ ਨਾਲ ਅਲੋਪ ਹੋਏ ਸਭਿਆਚਾਰਕ ਖਜ਼ਾਨੇ ਦੀ ਭੁੱਖ ਵੀ ਵਧੀ ਹੈ ਕਿਉਂਕਿ ਸਮਾਜ ਵਿਚ ਆਪਸੀ ਗਤੀਸ਼ੀਲਤਾ ਵਿਚ ਵਾਧਾ ਹੋਇਆ ਹੈ। ਜਿਸ ਕਾਰਜਸ਼ੀਲ ਤੇਜ਼ ਰਫ਼ਤਾਰ ਵਾਲੇ ਭਾਗ ਵਿਚ ਵਿਚਰਦੇ ਲੋਕਾਂ ਦੀ ਚੇਤਨਾ ਨੇ ਆਪਣੇ ਗੁਆਚੇ ਜਾਂ ਅਲੋਪ ਹੋਏ ਵਿਰਸੇ ਦੀਆਂ

ਪ੍ਰਭਾਵਸ਼ਾਲੀ ਅਤੇ ਚੰਗੀਆਂ ਕਦਰਾਂ ਕੀਮਤਾਂ ਦੀ ਲੋੜ ਮਹਿਸੂਸ ਕੀਤੀ ਹੈ। ਇਹ ਲੋੜ ਉਸ ਵਿਕਾਸ ਦੇ ਵਾਧੇ ਦੀ ਉਪਜ ਹੈ, ਜੋ ਆਧੁਨਿਕਤਾ ਕਰਕੇ ਜੀਵਨ ਵਿਚ ਹੋਇਆ ਹੈ।

ਜੋ ਪ੍ਰਭਾਵ West European ਅਤੇ ਅਮਰੀਕਨ ਸਮਾਜ ਵਿਚੋਂ ਨਵਯੁੱਗ ਸਮੇਂ ਉਤਪਨ ਹੋਏ ਸਨ। That has made western Europe so special. ਕਿ ਜਿਸ ਦਾ ਹਿਸਾਬ ਨਹੀਂ। Western Europe ਦੇ ਵਿਸ਼ੇਸ਼ ਹੋਣ ਵਿਚ ਦੋ ਕਾਰਨ ਹਨ। ਪਹਿਲਾ ਅੰਦਰੂਨੀ ਕਾਰਨ ਸੀ, ਕਿ ਸਿਰਫ਼ ਯੂਰਪ ਵਿਚ ਨਵਯੁੱਗ ਦੇ ਦੌਰਾਨ ਮਨੁੱਖਵਾਦੀ, ਪੂਰਵ ਆਧੁਨਿਕ, ਦਾਰਸ਼ਨਿਕਾਂ, ਵਿਗਿਆਨੀਆਂ ਅਤੇ ਵਿਦਵਾਨਾਂ ਦੀ ਸੋਚ ਬਦਲੀ ਸੀ। ਜਿਸ ਕਾਰਨ Western Europe ਵਿਚ ਬਹੁਤ ਸਾਰੀਆਂ ਬੌਧਿਕ ਗਤੀਵਿਧੀਆਂ ਵਾਪਰੀਆਂ, ਜਿਵੇਂ ਕਿ ਧਰਮ ਅਤੇ ਭਰਮ ਪ੍ਰਤੀ ਆਲੋਚਨਾਤਮਕ ਗੋਸ਼ਟੀਆਂ। ਇਹ ਗੱਲ ਵਧੇਰੇ Marx ਅਤੇ weber ਨਾਲ ਜੁੜਦੀ ਹੈ, ਜੋ ਇੱਕ ਸਮਾਜ ਵਿਗਿਆਨੀ ਸੀ, ਜੋ ਉਪਰੋਕਤ ਸਵਾਲਾਂ ਦੇ ਜੁਆਬਾਂ ਵਿਚ ਸੀ, ਕਿ ਵਹਿਮੀ ਅਤੇ ਧਾਰਮਿਕ ਲੋਕਾਂ ਦੀ ਖੋਜ ਵਿਚ ਆਧੁਨਿਕਤਾ ਦੇ ਬਲਵਾਨ ਅਕੂੰਰ ਹਨ।

ਦੂਜਾ ਕਾਰਨ Western Europe ਨੂੰ ਵਿਸ਼ੇਸ਼ ਬਣਾਉਣ ਵਿਚ ਬਾਹਰੀ ਸਾਧਨ ਸਨ। ਇਸ ਪੱਖੋਂ ਬਸਤੀਵਾਦ ਦਾ ਆਰੰਭ ਖੋਜਯੁੱਗ ਦੇ ਨਾਲ ਹੀ ਹੋਇਆ। ਬਸਤੀਵਾਦ ਨੇ ਅਸੁਖਾਵੇਂ ਸੰਬੰਧ ਪੈਦਾ ਕੀਤੇ। European ਮੁਲਕਾਂ ਅਤੇ ਬਸਤੀਵਾਦ ਵਿਚ ਧਿਆਨ ਵਾਲੀ ਗੱਲ ਇਹ ਹੈ, ਕਿ ਬਹੁਤ ਸਾਰੀਆਂ ਆਧੁਨਿਕ ਸੰਸਥਾਵਾਂ ਮੁੱਢਲੇ ਪਰਿਵਾਰਾਂ ਦੀਆਂ ਸਨ। ਜਿਨ੍ਹਾਂ ਦਾ ਸੰਬੰਧ ਗ਼ੁਲਾਮੀ ਅਤੇ ਮਨੁੱਖ਼ੀ ਲਿੰਗ ਕਰਤੱਵਾਂ ਨਾਲ ਸੀ। ਇਸ ਲਈ ਕੌਮੀ ਰਾਜ ਦੇ ਪਰਿਵਾਰ ਜ਼ਰੂਰੀ ਤੌਰ 'ਤੇ ਵਿਚਾਰਵਾਨ ਸਮਾਜਿਕ ਪ੍ਰਬੰਧ ਵਿਚ ਸੂਤ ਨਹੀਂ ਸਨ ਬੈਠਦੇ ਕਿਉਂਕਿ ਇਸ ਵਿਚ ਉਨ੍ਹਾਂ ਨਾਲ ਗ਼ੁਲਾਮੀ ਅਤੇ ਮਨੁੱਖੀ ਲਿੰਗ ਪ੍ਰਵਿਰਤੀਆਂ ਦੇ ਅਧਾਰ 'ਤੇ ਹੀ ਵਿਚਾਰ ਵਟਾਂਦਰਾ ਹੁੰਦਾ ਸੀ। ਬਹੁਤ ਸਾਰੇ ਗ਼ੁਲਾਮੀ ਲਿੰਗ ਅਧਾਰਿਤ ਅੰਸ਼ ਖ਼ਤਮ ਕੀਤੇ ਗਏ। ਇਤਿਹਾਸਕ ਤੌਰ 'ਤੇ ਉਨ੍ਹਾਂ ਗ਼ੁਲਾਮੀ ਅਤੇ ਲਿੰਗ ਅਧਾਰਿਤ ਅੰਸ਼ਾਂ ਨੂੰ ਵਿਕਾਸ ਦਾ ਯਥਾਰਥ ਸਮਝਣਾ ਚਾਹੀਦਾ ਸੀ, ਤਾਂ ਕਿ ਉਹ ਜ਼ਰੂਰੀ ਆਧੁਨਿਕ ਚਿੱਤਰ ਚਿਤਰਨ ਤੋਂ ਵੱਖ ਨਾ ਹੁੰਦੇ ਅਤੇ ਆਧੁਨਿਕਤਾ ਦਾ ਜ਼ਰੂਰੀ ਹਿੱਸਾ ਬਣਦੇ। ਇਹ ਦੋ ਕਾਰਨ ਸਨ, ਜਿਨ੍ਹਾਂ ਦੇ ਵਿਚਾਰ ਵਟਾਂਦਰੇ ਦੇ ਅਧਾਰ 'ਤੇ Western Europe became so special. ਆਧੁਨਿਕਤਾ ਇੱਕ ਆਸ ਅਤੇ ਪ੍ਰਲੋਭਤ ਵਜੋਂ ਲੋਕਾਂ ਲਈ ਬਹੁਤ ਮਹੱਤਵਪੂਰਨ ਨਿਰਵਿਵਾਦ ਲੈ ਕੇ ਆਈ। ਜਿਸ ਲਈ ਨੀਵੇਂ ਦਰਜ਼ੇ ਦੀ ਨੈਤਿਕਤਾ ਘਟੀ। ਭੁੱਖਮਰੀ ਅਤੇ ਬੀਮਾਰੀਆਂ ਵਿਚ ਕਮੀ ਆਈ।

ਪੱਛੜੇ ਵਰਗ ਦੇ ਲੋਕਾਂ ਲਈ ਆਮਦਨੀ ਦੇ ਸਾਧਨ ਮੁਹੱਈਆ ਕਰਨ ਨਾਲ ਉਨ੍ਹਾਂ ਨੂੰ ਬਰਾਬਰਤਾ ਦੇ ਹੱਕ ਪ੍ਰਦਾਨ ਕੀਤੇ ਗਏ। ਸਮਾਜਿਕ ਉਨਤੀ ਲਈ ਕਈ ਰਾਹ ਖੋਜੇ ਗਏ। ਇਹ ਆਧੁਨਿਕਤਾ ਦੀ ਯੋਗਤਾ ਦੇ ਸੰਕੇਤ ਸਨ। ਸ਼ਾਇਦ ਆਧੁਨਿਕਤਾ ਦੇ ਇਸ ਅਮਲ ਨੂੰ ਪੂਰੀ ਤਰ੍ਹਾਂ ਅਨੁਭਵ ਕਰਨ ਦੀ ਲੋੜ ਸੀ। ਆਮ ਤੌਰ 'ਤੇ ਵਿਚਾਰਵਾਨ ਵਿਗਿਆਨਿਕ ਦ੍ਰਿਸ਼ਟੀ ਤੋਂ ਔਕੜਾਂ ਪ੍ਰਤੀ ਅਤੇ ਆਰਥਿਕ ਵਿਕਾਸ ਦਾ ਪਿੱਛਾ ਕਰਨ ਦੀ ਲੋੜ ਸੀ।

ਇਸ ਦੇ ਨਾਲ ਹੀ ਆਧੁਨਿਕਤਾ ਦੇ ਕੁੱਝ ਹਨ੍ਹੇਰੇ ਪੱਖ ਵੀ ਹਨ, ਜੋ ਵਿਗਿਆਨੀਆਂ ਅਤੇ ਵਿਦਵਾਨਾਂ ਨੇ ਵਿਆਖੇ ਹਨ। ਸ਼ਿਲਪ (Technology) ਨਾ ਕੇਵਲ Medicine ਵਿਚ ਹੀ ਪ੍ਰਫੁਲਿਤ ਹੋਈ। ਬਲਕਿ ਖੇਤੀਬਾੜੀ ਅਤੇ ਜੀਵਨ ਦੇ ਹੋਰ ਖੇਤਰਾਂ ਵਿਚ ਵੀ ਪ੍ਰਫੁਲਿਤ ਹੋਈ। ਐਟਮ ਬੰਬ ਹੀਰੋ ਸ਼ੀਮਾ ਤੇ ਨਾਗਾਸਾਕੀ ਵਿਚ ਪਹਿਲੇ ਵਿਸ਼ਵਯੁੱਧ ਵਿਚ ਸੁੱਟਿਆ ਗਿਆ। ਉਸ ਤੋਂ ਬਾਅਦ Nucleer ਹੱਥਿਆਰਾਂ ਨੂੰ Post-war-areas ਵਿਚ ਵਰਤਿਆ ਗਿਆ। ਇਹ ਸ਼ਿਲਪ ਵਿਕਾਸ ਦਾ ਖ਼ਤਰਨਾਕ ਪੱਖ ਸੀ, ਜਿਸ ਵਿਚ ਮਨੁੱਖ ਸਮਝਦਾਰੀ ਵਰਤ ਨਾ ਸਕਿਆ।

ਵਾਤਾਵਰਨ ਔਕੜਾਂ (Enviermental difficulties) ਆਧੁਨਿਕਤਾ ਦਾ ਇੱਕ ਹੋਰ ਹਨ੍ਹੇਰਾ ਪੱਖ ਹੈ, ਅਪਵਿੱਤਰਤਾ (Pollution)। ਜੀਵ ਜੰਤੂਆਂ ਦਾ ਆਲੋਪ ਹੋਣਾ, ਰੁੱਖਾਂ ਦੀ ਕਮੀ, ਵਾਤਾਵਰਨ ਦੀ ਤਬਦੀਲੀ, ਆਧੁਨਿਕ ਵਿਕਾਸ ਦਾ ਸਿੱਟਾ ਹੈ। Genetic, Biotechnology ਅਤੇ Engineering ਦਾ ਵਿਕਾਸ ਖ਼ਤਰੇ ਦੇ ਅੰਦਾਜ਼ ਪੈਦਾ ਕਰ ਰਿਹਾ ਹੈ। ਇਨ੍ਹਾਂ ਤੋਂ ਅਲੱਗ ਬਹੁਤ ਸਾਰੀਆਂ ਮਨੋਵਿਗਿਆਨਕ ਅਤੇ ਨੈਤਿਕ ਅੜਿਚਨਾ ਆਧੁਨਿਕ ਵਿਕਾਸ ਕਾਰਨ ਜੀਵਨ ਵਿਚ ਆਉਂਦੀਆਂ ਹਨ। ਜੋ ਮਨੁੱਖ ਅਤੇ ਮਨੁੱਖੀ ਸਮਾਜ ਨਾਲ ਵਧੇਰੇ ਸੰਬੰਧਿਤ ਹਨ। ਜਿਵੇਂ ਮਨੁੱਖ ਦਾ ਜੜ੍ਹ ਰਹਿਤ ਮਹਿਸੂਸ ਕਰ੍ਹਨਾ, ਜੀਵਨ ਮੂਲ ਦਾ ਆਲੋਪ ਹੋਣਾ। ਮਨੁੱਖੀ ਰਿਸ਼ਤਿਆਂ ਵਿਚ ਤ੍ਰੇੜਾਂ ਦਾ ਆਉਣਾ, ਮਨੁੱਖੀ ਜੀਵਨ ਵਿਚ ਇਕੱਲਤਾ ਮਨੁੱਖ ਦਾ ਅੰਤਰਮੁਖੀ ਹੋਣਾ ਅਤੇ ਅਜੋਕੇ ਸਮੇਂ ਵਿਚ ਅਸੁਰੱਖਿਅਕ ਅਨੁਭਵ ਕਰਨਾ, ਕੁਦਰਤ ਨਾਲੋਂ ਟੁੱਟਣਾ ਅਤੇ ਧਾਤੂ ਭਾਵ ਨੰਕਲੀ ਪ੍ਰਕਿਰਤੀ ਦਾ ਧਾਰਨੀ ਹੋਣਾ ਆਦਿ ਬਹੁਤ ਸਾਰੀਆਂ ਅਕੇਵਿਆਂ ਭਰੀਆਂ ਤਬਦੀਲੀਆਂ ਆਧੁਨਿਕ ਵਿਕਾਸ ਕਾਰਨ ਮਨੁੱਖੀ ਜੀਵਨ ਵਿਚ ਆਈਆਂ ਹਨ।

Conditions of modern self ਪੱਖੋਂ ਆਧੁਨਿਕਤਾ ਸਵੈ ਅਧੀਨਤਾ ਚਾਹੁੰਦੀ ਹੈ। ਪਰੰਪਰਾਗਤ ਅਧਿਕਾਰ ਅਤੇ ਨਾਗਰਿਕਤਾ ਸੰਗਠਨ ਦੀ ਅਧੀਨਤਾ ਆਧੁਨਿਕਤਾ ਨਿਕਾਰਦੀ ਹੈ। ਆਧੁਨਿਕਤਾ ਸਵੈ ਵਿਅਕਤੀਗਤ

ਇਲਾਜ਼ ਦੀ ਧਾਰਨੀ ਹੈ, ਜੋ ਮਨੁੱਖ ਨੂੰ ਆਤਮ-ਮੁੱਖੀ ਹੋਣ ਵਿਚ ਅਨੁਭਵ ਹੁੰਦਾ ਹੈ, ਭਾਵ ਪ੍ਰਾਪਤ ਹੁੰਦਾ ਹੈ। ਅਜੋਕੀ ਦੁਨੀਆ ਅਤੇ ਸਮਾਜ ਵਿਚ ਮਨੁੱਖ ਆਪਣੇ-ਆਪ ਨੂੰ ਇਕੱਲਾ ਅਤੇ ਅਸੁਰੱਖਸ਼ਿਤ ਮਹਿਸੂਸ ਕਰਦਾ ਹੈ। ਜਦੋਂ ਕਿ ਸੁਰੱਖਸ਼ਾ ਅਤੇ ਰੌਣਕ ਮਨੁੱਖ ਨੂੰ ਘਰ, ਪਰਿਵਾਰ, ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਅਤੇ ਸਮਾਜ ਤੋਂ ਮਿਲਦੀ ਹੈ। ਇੰਨ੍ਹਾ ਕੁੱਝ ਹੋਣ ਦੇ ਬਾਵਜ਼ੂਦ ਵੀ ਮਨੁੱਖ ਇਕੱਲਾ ਅਤੇ ਅਸੁਰੱਖਸ਼ਤ ਮਹਿਸੂਸ ਕਰਦਾ ਹੈ। ਮਨੁੱਖ ਇੰਨ੍ਹਾ ਆਤਮ-ਮੁੱਖੀ ਹੋ ਗਿਆ ਹੈ, ਕਿ ਉਸ ਦੀ ਅੰਦਰਲੀ ਤਸੱਲੀ ਹੀ ਸੱਭ ਕਾਸੇ ਦਾ ਇਲਾਜ਼ ਹੈ। ਮਨੁੱਖੀ ਸ਼ਨਾਖਤ ਆਧੁਨਿਕਤਾ ਅਨੁਸਾਰ ਆਪਣੇ ਵਿਚਲੀ ਉਤਪਤੀ ਦੀ ਵਰਤੋਂ ਅਤੇ ਇੱਛਾ ਦੇ ਅਧਾਰ 'ਤੇ ਆਪਣੇ-ਆਪ ਬਣਦੀ ਹੈ। ਅਜਿਹੇ ਸ਼ਨਾਖਤੀ ਅਧਿਕਾਰ ਸੱਚੇ ਵਾਤਾਵਰਣ ਦੀ ਸ਼ਿਲਪੀ ਉਸਤਾਦੀ, ਆਮ ਲੋਕਾਂ ਅਤੇ ਇਕਾਂਤ ਦੀ ਅਸਲੀਅਤ ਦੀ ਵੰਡ ਦੇ ਖੇਤਰ ਤੋਂ ਬਣਦੇ ਹਨ। ਆਧੁਨਿਕਤਾ ਅਨੁਸਾਰ ਸੱਚ, ਸੁੰਦਰਤਾ ਅਤੇ ਕਲਿਆਣ ਦਾ ਆਪਣੇ-ਆਪ 'ਚ ਸਵੈ ਪ੍ਰਗਟਾਅ ਹੁੰਦਾ ਹੈ। ਇਸ ਪ੍ਰਗਟਾਅ ਨੂੰ ਮਨੁੱਖੀ ਅਭਿਆਸ ਦੇ ਤਜ਼ਰਬੇ ਨਾਲ ਦਰਸਾਇਆ ਨਹੀਂ ਜਾ ਸਕਦਾ। ਆਧੁਨਿਕਤਾ ਸਮਾਜਿਕ ਚਿੱਤਰ ਦੀ ਸੁੰਦਰਤਾ ਵਿਚ ਵਿਘਣ ਪਾਉਣ ਤੋਂ ਵੀ ਗੁਰੇਜ਼ ਕਰਦੀ ਹੈ।

ਆਧੁਨਿਕ ਪੱਖੋਂ ਪੱਛਮੀ ਸਮਾਜ ਕਿਵੇਂ ਸ਼ਨਾਖਤ ਨੂੰ ਸਮਝਦਾ ਹੈ। ਇਹ ਇੱਕ ਮਹੱਤਵਪੂਰਨ ਵਿਸ਼ਾ ਹੈ। ਪੱਛਮੀ ਸਮਾਜ ਵਿਅਕਤੀਗਤ ਉਤਸੁਕਤਾ ਦੇ ਅਧਾਰ 'ਤੇ ਔਰਤ, ਮਰਦ ਦੀ ਜ਼ਰੂਰੀ ਅਸਲੀਅਤ ਨੂੰ ਵੇਖਦਾ ਹੈ। ਵਿਅਕਤੀਗਤ ਸ਼ਨਾਖਤ ਪੱਛਮੀ ਸਮਾਜ ਵਿਚ ਆਧੁਨਿਕਤਾ ਦੇ ਅਧਾਰ 'ਤੇ ਮਨੁੱਖ ਦੀ ਆਜ਼ਾਦੀ ਪੱਖੋਂ ਵੇਖੀ ਜਾਂਦੀ ਹੈ। ਆਧੁਨਿਕਤਾ ਅਨੁਸਾਰ ਵਿਅਕਤੀਗਤ ਆਪਣੇ ਕਾਰਜ ਲਈ ਆਪ ਜ਼ਿੰਮੇਵਾਰ ਸਮਝਿਆ ਜਾਂਦਾ ਹੈ। ਸਵੈ-ਜ਼ਿੰਮੇਵਾਰੀ ਦਾ ਅਹਿਸਾਸ ਆਧੁਨਿਕ ਪੱਛਮੀ ਸਮਾਜ ਦਾ ਮੂਲ ਤੱਤ ਹੈ। ਜਿਸ ਵਿਚ ਵਿਅਕਤੀਗਤ ਆਤਮ ਮੁੱਖਤਾ, ਦੁਨੀਆ, ਸਮਾਜ ਅਤੇ ਮਨੁੱਖ ਦਾ ਅਸਲ ਅਭਿਆਸ ਸ਼ਾਮਿਲ ਹੈ। ਮਨੁੱਖ ਦੀ ਦੁਨੀਆ, ਸਮਾਜ ਦੇ ਆਲੇ-ਦੁਆਲੇ ਪ੍ਰਤੀ ਵਰਤਾਰਾ, ਪੱਛਮੀ ਸਮਾਜ ਵਲੋਂ ਇਸ ਬੁਨਿਆਦ ਦੇ ਅਧਾਰ 'ਤੇ ਮਨੁੱਖੀ ਸ਼ਨਾਖਤ ਪਰਖੀ ਜਾਂਦੀ ਹੈ। ਕਿ ਪੱਛਮੀ ਆਧੁਨਿਕ ਸਮਾਜ ਦੀ ਦ੍ਰਿਸ਼ਟੀ ਤੋਂ ਵਿਅਕਤੀਗਤ ਕਾਰਜ ਪ੍ਰਣਾਲੀ ਇਕੱਠ ਅਤੇ ਇਕੱਠ ਦੇ ਖਿਲਾਫ਼ ਕੁੱਝ ਅਧਿਕਾਰ ਰੱਖਦੀ ਹੈ। ਇਸ ਗੱਲ ਵਿਚ ਵਿਸ਼ਵਾਸ ਰੱਖਦੀ ਹੈ, ਕਿ ਭੀੜ ਵਿਚ ਸਿਆਣੇ ਨਹੀਂ ਹੁੰਦੇ ਅਤੇ ਸਿਆਣਿਆਂ ਦੀ ਭੀੜ ਨਹੀਂ ਹੁੰਦੀ। ਵਿਅਕਤੀਗਤ ਆਪਣੇ-ਆਪ ਨੂੰ ਦੁਨੀਆ ਦੇ ਕਿਸੇ ਪੱਖੋਂ ਵੀ ਸਿਰਜਣਾ ਦੀ ਜ਼ਿੰਮੇਵਾਰੀ ਆਪਣੇ-ਆਪ 'ਤੇ ਲੈਂਦਾ ਹੈ। ਮਨੁੱਖ ਆਪਣੀ ਊਰਜਾ ਚੇਤਨਾ ਤੇ ਮਨੋਬਲ ਨਾਲ ਕੁੱਝ

ਵੀ ਸਿਰਜ ਸਕਦਾ ਹੈ। ਇਸ ਸਿਰਜਣਾ ਦਾ ਪ੍ਰਗਟਾਅ ਹੀ ਪੱਛਮੀ ਸਮਾਜ ਵਿਚ ਵਿਅਕਤੀਗਤ ਸ਼ਨਾਖਤ ਦਾ ਦਰਪਣ ਹੈ।

ਆਧੁਨਿਕਤਾ ਅਤੇ ਆਧੁਨਿਕ ਸਮਾਜ ਦੀ ਜਾਣਕਾਰੀ ਪ੍ਰਸਿੱਧ ਵਿਦਵਾਨ Stuarthall ਇਸ ਤਰ੍ਹਾਂ ਦਿੰਦਾ ਹੈ, ਉਸ ਅਨੁਸਾਰ ਆਧੁਨਿਕਤਾ ਵੱਖ-ਵੱਖ ਵਿਚਾਰਵਾਨਾਂ ਅਤੇ ਪੱਤਰਕਾਰਾਂ ਰਾਹੀਂ ਹੋਂਦ ਵਿਚ ਆਈ। ਸੱਭ ਵਿਚਾਰਕ ਇੱਕ ਗੱਲ ਨਾਲ ਸਹਿਮਤ ਸਨ, ਕਿ ਆਧੁਨਿਕਤਾ ਸਮੇਂ ਦਾ ਮਾਰਗ ਹੈ। ਆਧੁਨਿਕ ਚੇਤਨਾ ਯਥਾਰਥ ਨਿਯੁਕਤ ਕਰਦੀ ਹੈ। ਸਮੇਂ ਦਾ ਮਾਰਗ ਇੱਕ ਨਵਾਂ ਸ਼ਾਸਨ ਅਤੇ ਸ਼ਾਸਨ ਦੀ ਚਾਲ ਦੀ ਵਚਿੱਤਰਤਾ ਸੀ। ਇਹ ਮਾਰਗ ਸਮੇਂ ਦੀ ਗਤੀ ਹੈ। ਜਦੋਂ ਸ਼ਬਦ ਆਧੁਨਿਕ, ਆਧੁਨਿਕਵਾਦ ਅਤੇ ਆਧੁਨਿਕਤਾ ਦੇ ਸਾਹਮਣੇ ਆਇਆ। ਉਸ ਸਮੇਂ ਅਸੀਂ ਇਸ ਸ਼ਬਦ ਦੀ ਭਾਸ਼ਾ ਤਲਾਸ਼ਦੇ ਸਾਂ। ਇਸ ਤੋਂ ਅੱਗੇ ਇਹ ਸ਼ਬਦ ਸੰਘਰਸ਼ ਦੇ ਪਿੜ ਵਿਚ ਸੁੱਟਿਆ ਗਿਆ। ਜਿਸ ਸੰਘਰਸ਼ ਵਿਚ ਜੇਤੂ ਵੀ ਸਨ ਅਤੇ ਹਾਰੂ ਵੀ ਸਨ। ਭਾਵ ਪੁਰਾਤਨ ਵੀ ਸਨ ਅਤੇ ਆਧੁਨਿਕ ਵੀ ਸਨ। ਇਸ ਲਈ ਇਸ ਸ਼ਬਦ ਲਈ ਦੋਹਰੇ ਅਜੋੜ ਸਨ। ਇਹ ਇੱਕ ਸਮੇਂ ਦੇ ਨਿਯਮਬੱਧ ਮਾਰਗ ਵਿਚ ਇੱਕ ਦਰਾੜ ਨਿਯਤ ਕਰਦੇ ਸਨ। ਆਧੁਨਿਕਵਾਦੀਆਂ ਦੀ ਵੀ ਯੋਗਤਾ ਇਹ ਸੀ, ਕਿ ਇਹ ਦੋਹਰੇ ਅਜੋੜ ਵਿਚ ਘੱਟ ਵਿਸ਼ਵਾਸ ਰੱਖਦੇ ਸਨ। ਆਧੁਨਿਕਵਾਦੀ ਇਹ ਨਹੀਂ ਸਨ ਕਹਿੰਦੇ ਕਿ ਸਮਾਂ ਬਦਲਿਆ ਨਹੀਂ ਜਾਣ ਵਾਲਾ ਅਤੇ ਨਾ ਹੀ ਉਸ ਸਮੇਂ ਜੇਤੂਆਂ ਨੂੰ ਸਨਮਾਨਤ ਅਤੇ ਸ਼ਿਕਸ਼ਤੀਆਂ ਨੂੰ ਨਿੰਦਣ ਲਈ ਸੰਤੁਲਨ ਦਲੀਲ ਸੀ।

ਪ੍ਰਸਿੱਧ ਵਿਦਵਾਨ Gidden ਆਧੁਨਿਕਤਾ ਦੀ ਵਿਆਖਿਆ ਇਸ ਤਰ੍ਹਾਂ ਕਰਦਾ ਹੈ। ਉਸ ਅਨਸਾਰ ਆਧੁਨਿਕਤਾ ਉਦਯੋਗਿਕ ਸਮਾਜਿਕ ਸਭਿਆਚਾਰ ਦੀਆਂ ਬਰੀਕੀਆਂ ਨਾਲ ਸੰਬੰਧਿਤ ਹੈ। ਆਧੁਨਿਕਤਾ ਦੁਨੀਆ ਦੇ ਵਿਚਾਰਾਂ ਅਤੇ ਮਨੁੱਖੀ ਵਰਤਾਰੇ ਦੇ ਇਕੱਠ ਪ੍ਰਤੀ ਖੁਲ੍ਹੇ ਤੌਰ 'ਤੇ ਹੱਕ ਜਾਂ ਵਿਰੋਧ ਵਿਚ ਵਿਚਾਰ ਪ੍ਰਗਟ ਕਰਦੀ ਹੈ। ਗੁੰਝਲਦਾਰ ਆਰਥਿਕ ਅਦਾਰੇ ਖ਼ਾਸ ਤੌਰ 'ਤੇ ਉਦਯੋਗਿਕ ਉਤਪਤੀ ਅਤੇ ਮੰਡੀਆਂ ਦੀ ਆਰਥਿਕਤਾ ਆਧੁਨਿਕਤਾ ਦਾ ਪ੍ਰਤੀਬਿੰਬ ਹੈ। ਕੁੱਝ ਖ਼ਾਸ ਰਾਜਨੀਤਿਕ ਆਦਰਿਆਂ ਦੀ ਪਹੁੰਚ ਜਿਸ ਵਿਚ ਲੋਕ ਰਾਜ ਭਾਵ ਲੋਕਤੰਤਰ ਦੀ ਹੋਂਦ ਹੈ। ਸਿੱਟੇ ਵਜੋਂ ਉਹ ਆਦਾਰੇ ਆਧੁਨਿਕਤਾ ਦੇ ਭੂਤਕ ਸਮਾਜ ਪੱਖੋਂ ਵਧੇਰੇ ਵਿਸ਼ਾਲ ਅਤੇ ਤਾਕਤਵਰ ਸਮਾਜ ਦਾ ਰੂਪ ਹਨ। ਇਹ ਉਹ ਸਮਾਜਿਕ ਰੂਪ ਹੈ, ਜੋ ਵਧੇਰੇ ਗੁੰਝਲਦਾਰ ਅਤੇ ਉਦਯੋਗਿਕ ਸੰਸਥਾਵਾਂ ਦਾ ਰੂਪ ਹੈ, ਜੋ ਭੂਤ ਨਾਲੋਂ ਭਵਿੱਖ ਵਿਚ ਪੁਰਾਤਨ ਸਭਿਆਚਾਰ ਪਸੰਦ ਨਹੀਂ ਕਰਦਾ।

Marx ਅਨੁਸਾਰ ਆਧੁਨਿਕਤਾ ਦੇ ਕੀ ਅਧਾਰ ਹਨ। ਕੀ ਆਧੁਨਿਕਤਾ ਸਰਮਾਏਦਾਰੀ ਸੰਕਟ ਸੀ ਜਾਂ ਮੱਧਵਰਗੀ ਕ੍ਰਾਂਤੀ ਸੀ, ਜੋ ਮਨੁੱਖ ਨੂੰ ਉਤਪਤੀ ਦੇ ਵਿਕਾਸ ਵੱਲ ਲੈ ਗਈ ਜਾਂ ਆਧੁਨਿਕਤਾ ਵਿਸ਼ਵਮੰਡੀ ਸਿਰਜਣਾ ਦੀ ਉਤਸੁਕਤਾ ਸੀ। Durkheim ਆਧੁਨਿਕਤਾ ਨੂੰ ਵੱਖਰੇ ਤਰੀਕੇ ਤੋਂ ਲੈਂਦਾ ਹੈ। Saint-simon ਦੇ ਉਦਯੋਗਿਕ System ਦੇ ਵਿਚਾਰ ਨੂੰ ਲੈ ਕੇ ਭਾਵੇਂ Durkheim ਦਾ ਆਰੰਭਕ ਨੁਕਤਾ ਉਹੀ ਹੈ ਜੋ Marx ਦਾ ਹੈ। But Durkheim Emphasizes farless the rising of the bourgeoisie as a now revolutionary class and very seldom reffrs to capitalism as the new mode of production. Implemented by it. The fundamental impulse to modernity is rather industrialism accompanied by the new scientific forces. In the work of Marx. Weber modernity is closely associated with the processes of rationalization and disenchantment of the world.

Freud Sigmund ਜਗੀਰਦਾਰੀ ਸਮਾਜ ਅਤੇ ਮੱਧਵਰਗੀ ਸਮਾਜ ਦੀ ਉਨਤੀ ਤੇ Durkheim ਵਾਂਗ ਘੱਟ ਜ਼ੋਰ ਦਿੰਦਾ ਹੈ। ਉਸ ਆਨੁਸਾਰ ਨਵੀਂ ਕ੍ਰਾਂਤੀ ਦੇ ਰੂਪ ਨੂੰ ਇਹ ਵਰਗ ਘੱਟ ਬਿਆਨਦਾ ਹੈ। ਉਤਪਤੀ ਨੂੰ ਲਾਗੂ ਕਰਨ ਦੀ ਸਰਮਾਏਦਾਰੀ ਦੀ ਇੱਕ ਨਵੀਂ ਚੇਸਟਾ ਹੁੰਦੀ ਹੈ। ਆਧੁਨਕਿਤਾ ਦਾ ਮੁੱਢ ਉਦਯੋਗਿਕ ਵਿਕਾਸ ਦਾ ਮਨੋਵੇਗ ਹੈ। ਜਿਸ ਵਿਚੋਂ ਨਵੀਂ ਵਿਗਿਆਨਿਕ ਸ਼ਕਤੀ ਹੋਂਦ ਵਿਚ ਆਈ। Marx ਅਤੇ Cober ਅਨੁਸਾਰ ਆਧੁਨਿਕਤਾ ਸੰਬੰਧ ਵਿਚਾਰਵਾਦ ਦੀ ਭਰਮ ਮੁਕਤ ਵਿਕਾਸ ਗਤੀ ਨਾਲ ਹੈ। ਜੋ ਆਧੁਨਿਕ ਸਮਾਜ ਨੂੰ ਪ੍ਰਭਾਵਿਤ ਕਰਦੀ ਹੈ।

ਆਲੋਚਨਾਤਮਕ ਵਿਚਾਰਵਾਨ Theodor adorind ਅਤੇ Zygmunt bauman ਲਿਖਦੇ ਹਨ ਕਿ ਆਧੁਨਿਕਤਾ ਅਤੇ ਉਦਯੋਗੀਕਰਨ ਵਿਦਾਇਗੀ ਪੇਸ਼ ਕਰਦੇ ਹਨ। From the central tents of the Enlightment and towards nefarious processes of alienation, such as commodity fetishism and the hold caust. (Adorino 1973 and bauman 1989)

ਇਸ ਤਰ੍ਹਾਂ ਸਮਕਾਲੀ ਸਮਾਜਿਕ ਵਿਗਿਆਨਕ ਆਲੋਚਨਾਤਮਕ ਵਿਚਾਰਧਾਰਾ Adorino ਅਤੇ bauman ਦੁਆਰਾ ਤਰਕਸ਼ੀਲਤਾ ਦਾ ਸੰਕਲਪ ਪੇਸ਼ ਕਰਦੀ ਹੈ। ਉਸ ਨਾਲੋਂ ਵੀ ਵਧੇਰੇ ਨਾਵਾਂ ਦੀ ਰੂਪ ਵਿਚ ਜਿਸ ਨੂੰ weber ਮੁੱਢਲੇ ਤੌਰ 'ਤੇ ਪਰਿਭਾਸ਼ਤ ਕਰਦਾ ਹੈ। Weber ਅਨੁਸਾਰ ਤਰਕਸ਼ੀਲਤਾ ਦਾ

ਅਮਲ ਇੰਝ ਹੈ, ਜਿਵੇਂ ਵਿਕਾਸ ਲਈ ਵਿਕਾਸ ਕੀਤਾ ਜਾਵੇ। ਹੋ ਸਕਦਾ ਹੈ ਕਈ ਤਰ੍ਹਾਂ ਨਾਲ ਜੋ ਆਲੋਚਨਾਤਮਕ ਵਿਚਾਰਧਾਰਾ ਕਹਿੰਦੀ ਹੈ, ਇਹ ਨਾ ਵਾਦੀ ਅਤੇ ਅਣ-ਮਨੁੱਖੀ ਅਸਰ ਆਧੁਨਿਕ ਸਮਾਜ 'ਤੇ ਪੈਂਦਾ ਹੋਵੇ।

ਵਿਸ਼ਵ ਆਰਥਿਕਤਾ ਦੀ ਵਿਚਾਰਾਂ ਦੇ ਨਿਕਲੇ ਸਿੱਟੇ ਯੋਗ ਵਿਚਾਰ ਵਿਟਾਂਦਰੇ ਮੰਗ ਕਰਦੇ ਹਨ। Shmuel eisenstadt ਉੱਤਰ-ਬਸਤੀਵਾਦ ਨੂੰ ਆਧੁਨਿਕਤਾ ਦੇ ਬਦਲਦੇ ਸੰਦਰਭ ਵਜੋਂ ਬਹੁਪੱਖੀ ਆਧੁਨਿਕਤਾ ਦੇ ਸੰਕਲਪ ਤੋਂ ਜਾਣੂ ਕਰਵਾਉਂਦਾ ਹੈ। ਆਧੁਨਿਕਤਾ ਇੱਕ ਬਹੁਵਚਨੀ ਅਵਸਥਾ ਹੈ (Plural condition) ਇਹ ਸਮਾਜ ਵਿਗਿਆਨੀਆਂ ਦੀ ਪਹੁੰਚ ਲਈ ਕੇਂਦਰੀ ਸੰਕਲਪ ਹੈ। ਜੋ ਆਧੁਨਿਕਤਾ ਦੀ ਭਾਸ਼ਕ ਵਿਸ਼ਾਲਤਾ ਦਰਸਾਉਂਦਾ ਹੈ। Western European ਸਭਿਆਚਾਰ ਸੰਬੰਧਾਂ ਦੀ ਪਰਿਭਾਸ਼ਾ ਦੇ ਤੌਰ 'ਤੇ ਆਧੁਨਿਕਤਾ ਦਾ ਯੂਰਪੀਕਰਨ ਨਹੀਂ ਹੋਇਆ। ਇਹ ਇੱਕ ਗਤੀਸ਼ੀਲ ਬਲਵਾਨ ਵੇਗ ਹੈ ਜੋ ਵਿਸ਼ਵ ਦੇ ਸੱਭ ਸਮਾਜਾਂ 'ਚ ਪਾਇਆ ਜਾਂਦਾ ਹੈ। ਇਸ ਪੱਖੋਂ Shmuel Eisenstadt ਲਈ ਆਧੁਨਿਕਤਾ ਬਹੁ-ਵਚਨੀ ਹੈ।

Charles Baudelaire ਅਨੁਸਾਰ "Modernity is the transitory the fugitive contingent" ਆਧੁਨਿਕਤਾ ਇੱਕ ਭਗੌੜੀ ਤਬਦੀਲੀ ਹੈ। ਜੋ ਅਗਾਂਹਵਧੂ ਤਕਨੀਕੀ ਵਿਗਿਆਨ ਅਤੇ ਕਲਾ ਨੂੰ ਪ੍ਰਭਾਵਿਤ ਕਰਦੀ ਹੈ। ਕਲਾ ਦੀ ਬਣਤਰ ਅਤੇ ਇਸ ਦੇ ਮਤਲਬ ਦੀ ਉਤਪਤੀ ਨੂੰ ਅਗਾਂਹਵਧੂ ਤਕਨੀਕ ਵਿਗਿਆਨ ਤਬਦੀਲ ਕਰ ਰਿਹਾ ਹੈ। ਕਲਾ ਦੀ ਸੰਭਾਵਤਾ ਅਤੇ ਅਹਿਮੀਅਤ ਨੂੰ ਸਮਜਿਕ ਤਸਵੀਰਕਸ਼ੀ ਦੀ ਲੋੜ ਹੈ। ਜਿਵੇਂ ਪੇਂਟਿੰਗ ਕਲਾ ਵਿਚ ਲੋਹੇ ਅਤੇ ਇਸਪਾਤ ਦੇ ਸ਼ਿਲਪੀ ਵਿਕਾਸ ਕਾਰਨ ਤਬਦੀਲੀ ਆਈ, ਕਈ ਵਿਚਾਰਧਾਰਾਵਾਂ ਹੋਂਦ ਵਿਚ ਆਈਆਂ ਜਿਨ੍ਹਾਂ ਵਿਕਸਤ ਹੋ ਕੇ ਸਾਹਿਤ ਅਤੇ ਕਲਾ ਨੂੰ ਪ੍ਰਭਾਵਿਤ ਕੀਤਾ। ਇਸੇ ਤਰ੍ਹਾਂ ਆਧੁਨਿਕਤਾ ਵੀ ਇੱਕ ਵਿਚਾਰਧਾਰਾ ਹੈ ਜੋ ਸਮੇਂ ਦੇ ਹਲਾਤਾਂ ਦੀ ਉਪਜ ਹੈ। ਇਸ ਪੱਖੋਂ ਆਧੁਨਿਕਤਾ ਭਗੋੜੀ ਤਬਦੀਲੀ ਹੈ।

ਆਧੁਨਿਕਵਾਦ ਅਤੇ ਆਧੁਨਿਕਤਾ ਵਿਚ ਕੀ ਫ਼ਰਕ ਹੈ ? ਇਹ ਇੱਕ ਬਹੁਤ ਹੀ ਬਰੀਕ ਅਤੇ ਮਹੱਤਵਪੂਰਨ ਸਵਾਲ ਹੈ। ਪਹਿਲਾ ਅਤੇ ਸਾਧਾਰਣ ਆਧੁਨਿਕਤਾ ਨੂੰ ਪਰਿਭਾਸ਼ਿਤ ਕਰਨ ਅਤੇ ਆਧੁਨਕਿਵਾਦ ਤੋਂ ਨਿਖੇੜਨ ਤੋਂ ਇਹ ਹੈ ਕਿ ਆਧੁਨਿਕਤਾ ਨੂੰ ਨਵੇਂ ਸ਼ਿਲਪ ਵਿਗਿਆਨ ਦੇ ਸੰਦਰਭ ਵਿੱਚ ਪੱਤਰਕਾਰੀ ਦੀ ਦ੍ਰਿਸ਼ਟੀ ਤੋਂ ਇੱਕ ਵਸੀਹ ਵਿਚਾਰਧਾਰਾ ਦੀ ਤੱਕੜੀ ਵਿਚ ਤੋਲਣਾ ਹੈ। ਆਧੁਨਿਕਤਾ ਦਾ ਮਤਲਬ ਵਸਤੂ ਸੰਸਾਰ ਦੀ ਆਵਾਜਾਈ ਅਤੇ ਕਾਰਜ ਪ੍ਰਣਾਲੀ ਦੀਆਂ ਨਵੀਂਆਂ ਵਿਧੀਆਂ ਅਤੇ ਤਰੀਕਿਆਂ ਨੂੰ ਘੋਖਣਾ ਅਤੇ

ਵਿਚਾਰਨਾ ਹੈ। The auto mobile, buses, film, photo-graphy. Xray, telephone, typewriter, taprecoder ਜੀਵਨ ਨਿਰਬਾਹ ਲਈ ਨਵਾਂ ਸਾਜ਼ੋ-ਸਮਾਨ Reinforcement, concrete, plates, diesel engine and steam turbune, (Turbine) ਉਪਰੋਕਤ ਨਵੀਆਂ ਵਿਧੀਆਂ ਮਨੁੱਖ ਨੂੰ modern ਹੋਣ ਵਿਚ ਊਰਜਾ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਸੱਭ ਵਸਤੂਆਂ ਦੀ ਵਰਤੋਂ ਅਤੇ ਅਭਿਆਸ ਜੀਵਨ ਵਿਚ ਇਨ੍ਹਾਂ ਦੀ ਵਿਚਰਨ ਧਰਾਤਲ ਨੂੰ ਵੇਖ ਕੇ ਆਧੁਨਿਕਤਾ ਦੇ ਸਹੀ ਅਰਥਾਂ ਦਾ ਪਤਾ ਲਗਾਇਆ ਜਾ ਸਕਦਾ ਹੈ। ਆਧੁਨਿਕਤਾ ਦਾ ਵਿਕਾਸ ਅਤੇ ਪਸਾਰ ਵੇਖਿਆ ਜਾ ਸਕਦਾ ਹੈ। ਪਦਾਰਥਕ ਵਸਤੂ ਸੰਸਾਰ ਦਾ ਵਿਕਾਸ ਅਤੇ ਉਨਤੀ ਆਧੁਨਿਕਤਾ ਦਾ ਸਾਕਸ਼ਾਤ ਰੂਪ ਹੈ। 20ਵੀਂ ਸਦੀ ਵਿਚ (Western-inhabitant) ਪੱਛਮੀ ਨਿਵਾਸ ਅਤੇ ਜੀਵਨ ਨਵੇਂ ਭੂਗੋਲਿਕ ਖਿੱਤਿਆਂ ਵਿਚ ਰਹਿਣ ਲਈ ਤਤਪਰ ਹੈ। ਇਸ ਦੇ ਨਾਲ ਹੀ ਪੱਛਮੀ ਜੀਵਨ ਅੰਤਰਮੁਖੀ ਸਭਿਆਚਾਰਕ ਪ੍ਰਵਿਰਤੀ ਦਾ ਧਰਾਨੀ ਹੋਣਾ ਲੋਚਦਾ ਹੈ। ਉਪਰੋਕਤ ਸਮੱਗਰੀ ਜੋ ਜੀਵਨ ਕਾਰਜ ਪ੍ਰਣਾਲੀ ਨੂੰ ਚਲਾਉਣ ਵਿਚ ਸਹਾਈ ਹੈ। ਇਹ ਸਮੱਗਰੀ ਮਨੁੱਖੀ ਆਧੁਨਿਕ ਪ੍ਰਾਪਤੀਆਂ ਦੀ ਨਵੀਂਨਤਾ ਹੈ। ਇਸ ਦੀ ਹੋਂਦ ਪੁਰਾਤਨ ਸਮੇਂ ਵਿਚ ਨਹੀਂ ਸੀ। ਪੁਰਾਤਨ ਤੋਂ ਵੱਖਰਾ ਅਤੇ ਨਵੀਨ ਹੋਣਾ ਹੀ ਆਧੁਨਿਕਤਾ ਦਾ ਮੂਲ ਤੱਤ ਹੈ। ਇਹ ਮੂਲ ਤੱਤ ਹੀ ਆਧੁਨਿਕਤਾ ਦੇ ਅਰਥ ਨੂੰ ਪਰਿਭਾਸ਼ਤ ਕਰਦਾ ਹੈ।

So how does modernism fit into all this. ਇਹ ਇੱਕ ਅਹਿਮ ਵੱਖਰਾ ਸਵਾਲ ਹੈ। ਇਸਦਾ ਉੱਤਰ ਅਸਾਨ ਨਹੀਂ। ਆਧੁਨਿਕਵਾਦ, ਆਧੁਨਿਕਤਾ ਲਈ ਕੋਈ ਸਾਧਾਰਨ Knee-jerk ਦਾ ਪ੍ਰਤੀਕ ਨਹੀਂ। Chris Rodrigues and chris garaat ਆਧਨਿਕਵਾਦ ਨੂੰ ਜਾਣੂ ਕਰਵਾਉਂਦੇ ਹਨ। ਉਨ੍ਹਾਂ ਅਨੁਸਾਰ ਮਨੁੱਖ ਦੇ ਹੋਣ ਦਾ ਮਤਲਬ ਹੈ, ਮਨੁੱਖ ਦਾ ਵਧੇਰੇ ਅਸਲ ਹੋਣਾ, ਭਾਵ ਆਧੁਨਿਕਤਾ ਦਾ ਦਿਲ ਹੋਣਾ ਹੀ ਮਨੁੱਖ ਦਾ ਆਧੁਨਿਕ ਹੋਣਾ ਹੈ। ਆਧੁਨਿਕਵਾਦ ਦਾ ਸੰਬੰਧ ਮਨੁੱਖ ਨਾਲ ਹੈ। ਆਧੁਨਿਕ ਦਾ ਸੰਬੰਧ ਮਨੁੱਖ ਦੀ ਰੂਹ ਨਾਲ ਹੈ। ਆਧੁਨਿਕਵਾਦ ਮਨੁੱਖ ਦਾ ਪ੍ਰਤੀਕ ਹੈ। ਆਧੁਨਿਕਤਾ ਪਦਾਰਥਕ ਵਸਤੂਆਂ ਦੇ ਵਿਕਾਸ ਦੀ ਪ੍ਰਤੀਕ ਹੈ। ਆਧੁਨਿਕ ਮਨੁੱਖ ਹੈ, ਆਧੁਨਿਕਤਾ ਮਨੁੱਖੀ ਜੀਵਨ ਵਿਚ ਵਰਤੀ ਜਾਣ ਵਾਲੀ ਸਮੱਗਰੀ ਹੈ।

Weber ਦਾ ਵਿਚਾਰ ਸੀ ਕਿ ਆਧੁਨਿਕਤਾ ਅੰਧਕਾਰ ਦੇ ਵੱਡੇ ਭਰਮ ਨੂੰ ਦੂਰ ਕਰਦੀ ਹੈ। ਇਸ ਯਥਾਰਥ ਦੀ ਸੁੰਦਰਤਾ 'ਚੋਂ ਪੈਦਾ ਹੋ ਰਹੀ ਸੁੰਦਰਤਾ ਦੇ ਵਿਵੇਕ ਨੂੰ ਮਨੁੱਖ ਆਪਣੇ ਅਭਿਆਸ ਰਾਹੀਂ ਆਪਣੇ ਅਨੁਸਾਰ ਸੁਤੰਤਰਤਾ ਵਿਚ ਤਬਦੀਲ ਕਰੇ ਅਤੇ ਭਰਮ ਮੁਕਤ ਹੋਵੇ। ਆਧੁਨਿਕਤਾ ਉਸ ਭਰਮ ਨੂੰ

ਦੂਰ ਕਰਦੀ ਹੈ ਜੋ ਮਨੁੱਖ ਦਿਆਂ ਸੁੱਖਾਂ ਦੀਆਂ ਤਰਤੀਬਾਂ ਵਿਚ ਪਿਆ ਹੈ। ਬਹੁਤ ਸਾਰੇ ਲੋਕ ਰੱਬ ਨੂੰ ਮੰਨਦੇ ਹਨ। ਪਰ ਕੋਈ ਵੀ ਉੱਚੇ ਉੱਤਮ ਇਸ਼ਵਰ ਦਾ ਧਾਰਨੀ ਨਹੀਂ। ਅਸੀਂ ਆਪਣੇ ਮੁੱਲਾਂ ਅਤੇ ਕੀਮਤਾਂ ਕਦਰਾਂ ਨੂੰ ਚੁਣਦੇ ਹਾਂ ਅਤੇ ਇਸ ਵਿਚਰਨ ਵਿਚੋਂ ਨਿਕਲਣ ਵਾਲੇ ਸਿੱਟਿਆਂ 'ਤੇ ਕੰਮੇ ਕਰਦੇ ਹਾਂ। ਇਹ ਅਭਿਆਸ ਆਧੁਨਿਕ ਸੁਤੰਤਰਤਾ ਨੂੰ ਸਥਾਪਿਤ ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਸਮਰੱਥਾ ਇੱਕ ਵਧੀਆ ਸੰਸਾਰ ਸਿਰਜਣ ਵਿਚ ਸਹਾਈ ਹੁੰਦੀ ਹੈ। ਜੋ ਯੂਰਪ ਇਤਿਹਾਸ ਵਿਚ ਪਹਿਲਾਂ ਉਪਲੱਬਧ ਨਹੀਂ ਸੀ।

ਪਰੰਤੂ Weber ਨਿਰਾਸ਼ਾਵਾਦੀ ਸੀ, ਇਸ ਲਈ ਅਫ਼ਸਰਸ਼ਾਹੀ ਰਾਜ ਵਿਚ ਆਧੁਨਿਕਤਾ ਦਾ ਅਕਸ਼ ਉਸ ਲਈ ਧੁੰਧਲਾ ਸੀ। ਅਫ਼ਸਰਸ਼ਾਹੀ (Bureaucracy) ਵਿਚ ਜਿੱਥੇ ਰਾਜ ਪ੍ਰਬੰਧ ਇਕਸਾਰਤਾ ਵਿਚ ਅਜ਼ਾਦੀ ਅਤੇ ਉਨਤੀ ਲਈ ਗਤੀਸ਼ੀਲ ਹੁੰਦਾ ਹੈ, ਉੱਥੇ Bureaucracy ਵਿਚ ਲੋਕ ਉੱਡਣਾ ਚਾਹੁੰਦੇ ਹਨ। ਆਧੁਨਿਕ ਜ਼ਰੂਰਤਾਂ ਦੀ ਚੋਣ ਦੇ ਮਤਲਬ ਲਈ ਲੋਕ ਇਕਸਾਰ ਉਤਸੁਕਤਾ ਦੇ ਧਾਰਨੀ ਹੁੰਦੇ ਹਨ। ਜਿਸ ਉਤਸੁਕਤਾ ਦੇ ਹੁਲਾਸ ਵਿਚ ਉਡਾਰੀਆਂ ਮਾਰਦੇ ਹਨ। ਲੋਕ ਰਾਜਨੀਤਿਕ ਇਕਾਈ ਦੀ ਸਮੂਹਿਕ ਸ਼ਕਤੀ ਵੱਲ ਦੋੜਦੇ ਹਨ ਜਾਂ ਇੰਝ ਕਹਿ ਲਉ ਮੁੜ ਧਰਮ ਦੀਆਂ ਬਾਹਾਂ ਵਿਚ ਮੁੜਦੇ ਹਨ। ਜਿਸ ਨਾਲ ਲੋਕ ਕੁਦਰਤੀ ਹਿਫ਼ਾਜ਼ਤੀ ਸੰਸਾਰ ਦੀ ਪ੍ਰਧਾਨਤਾ ਅਨੁਭਵ ਕਰਦੇ ਹਨ। ਪ੍ਰਫੁਲਤ ਹੋ ਰਹੀ ਅਫ਼ਸਰਸ਼ਾਹੀ ਲੋਕਾਂ ਨੂੰ ਇਕਸਾਰਤਾ ਅਨੁਸਾਰ ਉਨਤੀ ਦਾ ਹੌਂਸਲਾ ਦਿੰਦੀ ਹੈ ਕਿਉਂਕਿ ਇਕਸਾਰਤਾ ਅਫ਼ਸਰਸ਼ਾਹੀ ਨੂੰ ਹੋਰ ਅਨੁਕੂਲ ਤੇ ਮਜ਼ਬੂਤ ਬਣਾਉਂਦੀ ਹੈ ਕਿਉਂਕਿ ਇਸ ਸਮੇਂ ਜੀਵਨ ਨੂੰ ਪ੍ਰਭਾਵਿਤ ਕਰਨ ਲਈ ਜਗੀਰਦਾਰੀ Feudalism ਅਤੇ ਅਫ਼ਸਰਸ਼ਾਹੀ ਭਾਵ Bureaucracy ਤੋਂ ਬਿਨ੍ਹਾਂ ਹੋਰ ਕੋਈ ਇਸ ਯੋਗ ਨਹੀਂ ਹੁੰਦਾ।

ਜੇ ਅਸੀਂ ਪੂਰਵ ਪਰੰਪਰਾਗਤ ਸਮੇਂ ਵੱਲ ਮੁੜੀਏ ਤਾਂ ਸਾਡੇ ਕੋਲ ਮਨੁੱਖ ਦੇ ਰਹਿਣ ਦਾ ਮਤਲਬ ਤਾਂ ਸੀ ਪਰ ਸੁਤੰਤਰਤਾ ਅਤੇ ਸੱਚਾਈ ਭਰਪੂਰ ਜੀਵਨ ਗੁਜ਼ਾਰਨ ਲਈ ਸਾਨੂੰ ਮੁੱਲ ਤਾਰਨਾ ਪੈਂਦਾ ਸੀ। ਪਰ ਆਧੁਨਿਕਤਾ ਸੁਤੰਤਰ ਅਤੇ ਵਿਵੇਕਮਈ ਜੀਵਨ ਪ੍ਰਦਾਨ ਕਰਨ ਦਾ ਦਾਅਵਾ ਕਰਦੀ ਹੈ। ਸਾਨੂੰ ਸਾਡੀ ਮਰਜ਼ੀ ਅਨੁਸਾਰ ਜੀਵਨ ਗੁਜ਼ਾਰਨ ਦੀ ਸੁਰੱਖਸ਼ਾ ਪ੍ਰਦਾਨ ਕਰਦੀ ਹੈ। ਸਾਨੂੰ ਤਿਆਗਮਈ ਤੇ ਪਿਆਰ ਮੁਹੱਬਤ ਨਾਲ ਜੀਵਨ ਗੁਜ਼ਾਰਨ ਦਾ ਸੁਨੇਹਾ ਦਿੰਦੀ ਹੈ। ਇਸ ਨਜ਼ਰੀਏ ਪ੍ਰਤੀ united state ਵਿਚ ਬਹੁਤ ਸਾਰੇ ਵਿਚਾਰ ਵਟਾਂਦਰੇ ਹੋ ਰਹੇ ਹਨ ਕਿ ਅਸੀਂ ਜੜ੍ਹ ਹੀਣਤਾ ਦਾ ਵਿਚਾਰ ਤਿਆਗ ਕੇ ਦੁੱਖ ਦੇਣ ਵਾਲੀਆਂ ਪੁਰਾਣੀਆਂ ਰਸਮਾਂ, ਰੀਤਾਂ, ਰਿਵਾਜ਼ਾਂ ਤੋਂ ਛੁਟਕਾਰਾ ਪਾ ਸਕੀਏ। ਜੇ ਇਸ ਸਵਾਲ ਦਾ ਕੋਈ ਰਾਹ ਹੈ ਤਾਂ ਉਸ ਰਾਹ ਵਿਚੋਂ ਆਧੁਨਿਕਤਾ ਅਤੇ

ਪੁਰਾਤਨਤਾ ਵਿਚਲੇ ਸੰਤੋਖ ਦਾ ਅੰਤਰ ਨਜ਼ਰ ਆਏਗਾ। ਇਸ ਤਰ੍ਹਾਂ ਮਨੁੱਖ ਨੂੰ ਆਧੁਨਿਕਤਾ 'ਤੇ ਵਿਚਾਰ ਕਰਨ ਦੇ ਹੋਰ ਰਸਤੇ ਲੱਭ ਜਾਣਗੇ।

David kolb ਤੋਂ Chichago University ਵਿਚ ਖ਼ਾਲਸ ਆਧੁਨਿਕਤਾ ਦਾ ਆਲੋਚਕ ਹੈ। ਜੋ ਲਿਖਦਾ ਹੈ ਕਿ ਆਧੁਨਿਕਤਾ ਤੋਂ ਸਾਡਾ ਕੀ ਮਤਲਬ ਹੈ। ਕੀ ਹਰ ਇੱਕ ਅਮਲ ਦਾ ਤਰੀਕਾ ਸਾਨੂੰ ਕੁੱਝ ਖ਼ਾਸ ਵੱਖਰੇ ਰੂਪ ਜਾਂ ਸਮਾਜਿਕ ਚਿੱਤਰ ਪੇਸ਼ ਕਰਦਾ ਹੈ। ਜੇ ਪੇਸ਼ ਕਰਦਾ ਹੈ ਤਾਂ ਵੀ ਬੁੱਧੀ ਅਨੁਸਾਰ ਆਧੁਨਿਕਤਾ ਦਾ ਇਹ ਮਤਲਬ ਯਥਾਰਥਕ ਨਹੀਂ ਕਿਉਂਕਿ ਆਧੁਨਿਕਤਾ ਦਾ ਸੰਬੰਧ ਇੱਕ ਸੰਕਲਪਿਤ ਨਮੂਨੇ ਨਾਲ ਹੈ। ਜੇ ਹਰ ਇੱਕ ਅਮਲ ਦਾ ਤਰੀਕਾ ਇਸ ਆਧੁਨਿਕਤਾ ਦੇ ਸੰਕਲਪਿਤ ਨਮੂਨਿਆਂ ਅਨੁਸਾਰ ਕੁੱਝ ਖ਼ਾਸ ਵੱਖਰੇ ਰੂਪ ਸਮਾਜਿਕ ਸੰਦਰਭ ਵਿਚ ਪੇਸ਼ ਕਰਦਾ ਹੈ ਤਾਂ ਉਹ ਆਧੁਨਿਕਤਾ ਹੈ। ਆਧੁਨਿਕਤਾ ਦੇ ਸੰਕਲਪਿਤ ਨਮੂਨੇ ਨੂੰ ਪਰਿਭਾਸ਼ਤ ਚਿੱਤਰ ਦੇ ਨਖਸ਼ ਕੀ ਹਨ ਜੋ ਆਧੁਨਿਕ ਸਮਾਜ ਨਾਲ ਸੰਬੰਧ ਹਨ। David kolb ਅਨੁਸਾਰ ਉਹ ਹਨ:-

1. ਧਰਮ ਨਿਰਪੱਖਤਾ, ਰਾਜਨੀਤਿਕ ਸ਼ਕਤੀ ਆਧਿਕਾਰ ਅਤੇ ਰਾਜ ਸੱਤਾ ਅਤੇ ਉਨਤੀ ਦੀ ਪ੍ਰਧਾਨਗੀ ਜੋ ਆਧੁਨਿਕਤਾ ਅਨੁਸਾਰ ਮਿੱਥੀਆਂ ਰਾਜਸੀ ਹੱਦਾਂ ਦੇ ਖੇਤਰ ਵਿਚ ਕੰਮ ਕਰਦਾ ਹੈ। ਜਿਸ ਦੀ ਸੋਚ ਵਿਚ ਬਹਤ ਵੱਡੇ ਰਾਜਸੀ-ਰਾਜ ਦੇ ਚਿੱਤਰ ਚਿਤਰਨ ਹਨ।
2. ਆਧੁਨਿਕਤਾ ਮਾਲੀ ਮੁਦਰਾ (Econmic Currency) ਵਿਚ ਆਰਥਿਕ ਤਬਦੀਲੀ ਦਾ ਅਧਾਰ ਨਿਯੁਕਤ ਕਰਦੀ ਹੈ। ਵੱਡ ਅਕਾਰੀ ਉਤਪਤੀ ਅਤੇ ਪਦਾਰਥਕ ਖ਼ਪਤ ਲਈ ਮੰਡੀਆਂ ਸਥਾਪਤ ਕਰਦੀ ਹੈ। Private Property ਦੀ ਵਿਆਪਕ ਮਾਲਕੀ ਲਈ ਸਮੂਹਿਕ ਰਾਜ ਦੀ ਤਰਤੀਬ ਦੇ ਵਧੇਰੇ ਲੰਮੇਰੇ ਸਮੇਂ ਦਾ ਅਧਾਰ ਨਿਯੁਕਤ ਕਰਦੀ ਹੈ। ਉਤਪਤੀ ਅਤੇ ਪਦਾਰਥਕ ਖ਼ਪਤ 'ਤੇ ਅਧਾਰਿਤ Eastern Europe ਦੇ ਲੋਕਾਂ ਦੀ ਆਰਥਿਕਤਾ ਵਿਵਰਜਿਤ ਹੈ। ਭਾਵ ਲੋਕ ਉਤਪਤੀ ਅਤੇ ਖ਼ਪਤ 'ਤੇ ਅਧਾਰਿਤ ਹਨ, ਨਾ ਕਿ ਉਦਯੋਗਕ ਖ਼ਪਤ 'ਤੇ ਅਧਾਰਿਤ ਹਨ।
3. ਪੁਰਾਤਨ ਸਮਾਜਿਕ ਕਰਮ ਦਾ ਪੱਛੜਣਾ ਇਸ ਨਾਲ ਜੁੜੇ ਸਮਾਜਿਕ ਗੁਰੁਵਰਾਂ ਅਤੇ ਉਨ੍ਹਾਂ ਦੀ ਗੁਪਤ ਵਫ਼ਾਦਾਰੀ ਦਾ ਕਾਰਨ ਸੀ। ਔਰਤ, ਮਰਦ ਵਿਚ ਮਜ਼ਦੂਰੀ ਦੀ ਸ਼ਕਤੀਸ਼ਾਲੀ ਵੰਡ ਦਾ ਪ੍ਰਗਟਾਅ, ਆਧੁਨਿਕ ਸਰਮਾਏਦਾਰੀ ਸਮਾਜ ਦਾ ਚਿੱਤਰ ਚਿਤਰਨ ਸੀ। ਇੱਕ ਨਵੀਂ ਜਮਾਤ ਦੀ ਬਣਤਰ ਦਾ ਅਤੇ ਵਧੇਰੇ ਪਿਤਾ ਪੁਰਖੀ ਰਿਸ਼ਤਿਆਂ ਦਾ ਚਿੱਤਰ ਚਿਤਰਨ ਸਰਮਾਏਦਾਰੀ ਸਮਾਜ ਦੇ ਲੋਕਾਂ ਵਿਚ ਸੀ।

4. ਧਰਮ ਨਿਰਪੱਖਤਾ ਦਾ ਅੱਗੇ ਆਉਣਾ ਅਤੇ ਧਰਮ ਦਾ ਪਿੱਛੇ ਰਹਿ ਜਾਣਾ ਪਦਾਰਥਵਾਦੀ ਸਭਿਆਚਾਰ ਅਤੇ ਵਿਅਕਤੀਗਤ ਵਿਚਾਰਵਾਨਾਂ ਦੀ ਨੁਮਾਇਸ਼ ਸੀ। ਇਸ ਲਈ ਧਰਮ ਨਿਰਪੱਖਤਾ ਅਤੇ ਧਰਮ ਦਾ ਫਾਡੀ ਰਹਿ ਜਾਣਾ ਸਾਡੇ ਸਾਹਮਣੇ ਆਇਆ।

5. ਸਾਡੀ ਆਧੁਨਿਕਤਾ ਦੀ ਪਰਿਭਾਸ਼ਾ ਦੇ ਦੋ ਹੋਰ ਪੱਖ ਜੋ ਸਭਿਆਚਾਰ ਨਾਲ ਸੰਬੰਧਿਤ ਹਨ। ਪਹਿਲਾ ਪੱਖ ਹੈ, ਸਭਿਆਚਾਰ ਕੀ ਹੈ ਅਤੇ ਕਿਵੇਂ ਪੈਦਾ ਹੁੰਦਾ ਹੈ। ਇਸ ਪ੍ਰਤੀ ਗਿਆਨ ਨੂੰ ਪਰਿਭਾਸ਼ਤ ਕਰਨ ਦਾ ਆਧੁਨਿਕ ਸਮਾਜ ਦਾ ਸੰਕਟ ਅਸੀਂ ਜਾਣਦੇ ਹਾਂ। ਨਵੇਂ ਬੁੱਧੀਵਾਨਾਂ ਦੇ ਵਿਚਾਰ ਅਨੁਸਾਰ ਬੌਧਿਕ ਸੰਸਾਰ ਜੋ ਆਸਤਾ-ਆਸਤਾ ਨਵਯੁੱਗ ਵੱਲ ਤਬਦੀਲ ਹੋ ਰਿਹਾ ਹੈ। ਜਿਸ ਕਾਰਨ 17ਵੀਂ ਸਦੀ ਵਿਚ ਕ੍ਰਾਂਤੀ ਆਈ ਅਤੇ Enlightment ਬੌਧਿਕ ਯੁੱਗ ਦਾ ਜਨਮ 18ਵੀਂ ਸਦੀ ਵਿਚ ਹੋਇਆ। ਇਹ ਵਿਗਿਆਨਿਕ ਕ੍ਰਾਂਤੀ ਅਤੇ ਬੌਧਿਕ ਯੁੱਗ ਯੂਰਪੀਅਨ ਬੌਧਿਕ ਨੈਤਿਕਤਾ ਵਿਚ ਢਲ ਗਿਆ ਅਤੇ ਆਧੁਨਿਕ ਸਮਾਜ ਦੀ ਬਣਤਰ ਲਈ ਸਹਾਇਕ ਹੋਇਆ। ਜਿਸ ਕਾਰਨ ਸਰਮਾਏਦਾਰੀ ਅਤੇ ਰਾਸ਼ਟਰੀ State ਹੋਂਦ ਵਿਚ ਆਈ। ਇਸ ਤਰ੍ਹਾਂ ਯੂਰਪੀਅਨ ਸਭਿਆਚਾਰ ਅਜੋਕੇ ਸੰਦਰਭ ਵਿਚ ਰੂਪਮਾਨ ਹੋਇਆ।

ਦੂਜਾ ਆਧੁਨਿਕਤਾ ਦੀ ਬਣਤਰ ਹੈ, ਜਿਸ ਨੇ ਆਧੁਨਿਕ ਸਮਾਜਿਕ ਆਲੋਚਨਾ ਦੀ ਪੈਦਾਵਾਰੀ ਬੜੇ ਜ਼ੋਰ ਨਾਲ ਕੀਤੀ। ਜਿਸ 'ਚੋਂ ਸਭਿਆਚਾਰਕ ਅਤੇ ਸਮਾਜਿਕ ਹੋਂਦ ਪੈਦਾ ਹੋਈ। ਜਿਸ ਨੇ ਸਮਾਜ ਨੂੰ ਅਮਲੀ ਰੂਪ ਦਿੱਤਾ। ਇਸ ਤੋਂ ਪਤਾ ਲੱਗਦਾ ਹੈ ਕਿ ਵਿਵੇਕ ਦੀ ਬਣਤਰ ਜੋ ਲੋਕਾਂ ਨੂੰ ਇਕੱਠਿਆਂ ਕਰਨ ਵਿਚ ਸਹਾਇਕ ਹੋਈ। ਜਿਸ ਦਾ ਸਿੱਟਾ ਲੋਕ ਇਕੱਠ ਸੀ। ਲੋਕ ਸੰਗਠਨ ਦਾ ਸੰਕਲਪ ਅਤੇ ਪ੍ਰਤੀਕ ਆਤਮਕ ਹੱਦਾਂ ਦੀ ਬਣਤਰ ਸੀ। ਜਿਸ ਨੇ ਫੈਸਲਾ ਕਰਨਾ ਸੀ ਕਿ ਕੌਣ ਕਿਸ ਨਾਲ ਸੰਬੰਧਿਤ ਨਹੀਂ। ਕੌਣ ਕਿਸ ਤੋਂ ਬਾਹਰ ਹੈ। ਇਸ 'ਚੋਂ Christian ਅਤੇ Chtholic ਦਾ ਜਨਮ ਹੋਇਆ। ਯੂਰਪ ਵਿਚ ਆਧੁਨਿਕ ਸਮਾਜ ਦੀ ਬਣਤਰ ਵਿਚ ਭਾਸ਼ਾਵਾਂ ਦਾ ਵੀ ਯੋਗਦਾਨ ਸੀ। ਬਿੰਬ ਅਤੇ ਪ੍ਰਤੀਕ ਜੋ ਇਸ ਸਮਾਜ ਨੂੰ ਲੋਕ ਸੰਗਠਨ ਵਜੋਂ ਪਰਿਭਾਸ਼ਤ ਕਰਦੇ ਹਨ ਅਤੇ ਇਨ੍ਹਾਂ ਨੂੰ ਇੱਕ ਦੂਜੇ ਨਾਲੋਂ ਵੱਖ ਕਰਦੇ ਹਨ। ਇਨ੍ਹਾਂ ਦੇ ਆਪਣੇ ਵੱਖਰੇਵੇਂ ਹਨ।

ਡਾਰਵਿਨ ਨੇ ਮਨੁੱਖ ਦੇ ਸਦੀਆਂ ਪੁਰਾਣੇ ਇਸ ਵਿਸ਼ਵਾਸ਼ 'ਤੇ ਪ੍ਰਸ਼ਨ ਚਿੰਨ ਲਗਾ ਦਿੱਤਾ ਕਿ ਮਨੁੱਖ ਨੂੰ ਰੱਬ ਨੇ ਬਣਾਇਆ ਹੈ ਅਤੇ ਇਸ ਧਰਤੀ 'ਤੇ ਘੱਲਿਆ ਹੈ। ਇਸ ਵਿਚਾਰ ਤੋਂ ਹੀ ਧਰਮ ਨਿਰਪੱਖਤਾ ਅਤੇ ਆਧੁਨਿਕਤਾ ਦਾ

ਮੁੱਢ ਬੱਝਦਾ ਹੈ। ਮਨੁੱਖ ਦੇ ਸਾਰੇ ਕੰਮਾਂ-ਕਾਰਾਂ ਲਈ ਰੱਬ ਜ਼ਿੰਮੇਵਾਰ ਹੈ ਅਤੇ ਰੱਬ ਸਦਕਾ ਮਨੁੱਖ ਧਰਤੀ 'ਤੇ ਆਇਆ ਹੈ। ਨਾ ਇਸ ਧਰਤੀ 'ਤੇ ਆਉਣ ਦੀ ਮਨੁੱਖ ਦੀ ਆਪਣੀ ਕੋਈ ਮਰਜ਼ੀ ਹੈ, ਨਾ ਇੱਛਾ ਹੈ। ਮਨੁੱਖ ਸੁਤੰਤਰ ਹੋਣ ਦੀ ਥਾਂ ਰੱਬੀ ਗ਼ੁਲਾਮੀ ਦਾ ਸ਼ਿਕਾਰ ਹੈ। ਡਾਰਵਿਨ ਨੇ ਇਹ ਸਿੱਧ ਕਰ ਦਿੱਤਾ ਕਿ ਮਨੁੱਖ ਦਾ ਬ੍ਰਹਮੰਡ ਦੀਆਂ ਹੋਰ ਜਾਤੀਆਂ ਤੇ ਜੀਵ-ਜੰਤੂਆਂ ਵਾਂਗ ਹੀ ਵਿਕਾਸ ਹੋਇਆ ਹੈ ਅਤੇ ਇਸ ਧਰਤੀ ਅਨੁਕੂਲ ਢਲ ਜਾਣ ਵਾਲੀਆਂ ਜਾਤੀਆਂ ਤੇ ਜੀਵ-ਜੰਤੂ ਹੀ ਜੀਵਤ ਰਹਿੰਦੇ ਹਨ। ਇਸ ਜਗਤ ਵਿਚ ਧਰਤੀ ਦੀ ਅਨੁਕੂਲਤਾ ਦੀ ਕਾਰਜ ਪ੍ਰਣਾਲੀ ਦੀਆਂ ਅਭਿਆਸੀ ਜਾਤੀਆਂ ਹੀ ਇਸ ਧਰਤੀ 'ਤੇ ਵਿਚਰ ਰਹੀਆਂ ਹਨ, ਮਨੁੱਖ ਵੀ ਇਨ੍ਹਾਂ ਵਿਚੋਂ ਇੱਕ ਹੈ। ਮਨੁੱਖ ਬਾਕੀ ਜੀਵ ਜੰਤੂਆਂ ਨਾਲੋਂ ਆਪਣੀ ਚੇਤਨਾ ਅਤੇ ਜਗਿਆਸਾ ਸਦਕਾ ਆਪਣੇ-ਆਪ ਨੂੰ ਧਰਤੀ 'ਤੇ ਜੀਵਨ ਅਨੁਸਾਰ ਢਾਲਣ ਵਿਚ ਬਲਵਾਨ ਹੈ। ਡਾਰਵਿਨ ਦੀ ਇਸ ਵਿਚਾਰਧਾਰਾ ਨੇ ਮਨੁੱਖ ਨੂੰ ਰੱਬੀ ਸਰਪ੍ਰਸਤੀ ਤੋਂ ਅਜ਼ਾਦ ਕੀਤਾ ਅਤੇ ਮਨੁੱਖ ਨੂੰ ਆਪਣੀਆਂ ਉਣਤਾਈਆਂ ਜਾਂ ਜ਼ਿੰਮੇਵਾਰ ਆਪ ਹੋਣ ਦਾ ਅਹਿਸਾਸ ਪ੍ਰਦਾਨ ਕੀਤਾ। ਰੱਬੀ ਸਰਪ੍ਰਸਤੀ ਤੋਂ ਛੁੱਟਕਾਰਾ, ਧਰਮ ਨਿਰਪੱਖਤਾ ਅਤੇ ਮਨੁੱਖੀ ਜ਼ਿੰਮੇਵਾਰੀਆਂ ਦੇ ਅਹਿਸਾਸ 'ਚੋਂ ਆਧੁਨਿਕਤਾ ਦਾ ਮੁੱਢ ਬੱਝਾ, ਜਿਵੇਂ ਡਾਰਵਿਨ ਨੇ ਬਾਇਓਲੋਜੀਕਲ ਅਧਾਰ 'ਤੇ ਮਨੁੱਖ ਦਾ ਵਿਸ਼ਲੇਸ਼ਣ ਕੀਤਾ। ਉਸ ਹੀ ਅਧਾਰ 'ਤੇ Marx ਨੇ ਮਨੁੱਖ ਦਾ ਸਮਾਜਿਕ ਅਤੇ ਆਰਥਿਕ ਸੱਚ ਸਥਾਪਤ ਕੀਤਾ। Marx ਅਨੁਸਾਰ ਆਧੁਨਿਕਤਾ ਕਿਰਤੀ ਵਰਗ ਦੇ ਇਤਿਹਾਸਕ ਸਮੇਂ ਦੀ ਚੇਤਨਾ ਹੈ। Marx ਅਨੁਸਾਰ ਪੂੰਜੀਵਾਦੀ ਵਿਵਸਥਾ ਬੰਦੇ ਨੂੰ ਇਕੱਲਿਆਂ ਅਤੇ ਅਲੱਗ ਕਰਦੀ ਹੈ। ਆਧੁਨਿਕਤਾ ਦੀ ਅੰਤਰਮੁੱਖਤਾ ਇਸੇ ਵਿਵਸਥਾ ਦੀ ਉਪਜ ਹੈ।

ਮਨੁੱਖੀ ਸਖ਼ਸੀਅਤ ਦਾ ਵਿਸ਼ਲੇਸ਼ਣ Sigmund freud ਨੇ ਵੀ ਕੀਤਾ। ਉਸ ਨੇ ਮਨੁੱਖੀ ਇਕੱਲਤਾ ਅਤੇ ਅਲੱਗਤਾ ਦਾ ਰਹੱਸ ਮਨੁੱਖੀ ਮਾਨਸਿਕਤਾ ਨੂੰ ਦੱਸਿਆ ਹੈ। ਉਸ ਨੇ ਆਪਣੀ ਵਿਚਾਰਧਾਰਾ ਵਿਚ ਪੇਸ਼ ਕੀਤਾ ਹੈ ਕਿ ਮਨੁੱਖੀ ਮਨ ਬੜੀ ਜਟਿਲ ਅਤੇ ਗੁੰਝਲਦਾਰ ਇਕਾਈ ਹੈ। ਮਨੁੱਖ ਅਤੇ ਮਨੁੱਖੀ ਮਨ ਇੱਕੋ ਰਫ਼ਤਾਰ ਨਾਲ ਵਿਕਾਸਸ਼ੀਲ ਹੁੰਦੇ ਹਨ। ਜੀਵਨ ਵਿਚ ਮਨੁੱਖ ਆਪਣੀ ਸੁਰੱਖਸ਼ਾ ਦਾ ਤੀਬਰ ਮੁੱਦਈ ਹੈ। ਜੋ ਉਸ ਨੂੰ ਘਰ, ਪਰਿਵਾਰ ਰਿਸ਼ਤੇਦਾਰਾਂ, ਮਿੱਤਰਾਂ ਅਤੇ ਆਲੇ ਦੁਆਲੇ ਤੋਂ ਮੁਹੱਈਆ ਹੁੰਦੀ ਹੈ। ਕਿਉਂਕਿ ਮਨੁੱਖੀ ਸੁਰੱਖਸ਼ਾ ਮਨੁੱਖ ਨੂੰ ਸ਼ਾਂਤੀ, ਅਤੇ ਸਕੂਨ ਪ੍ਰਦਾਨ ਕਰਦੀ ਹੈ। ਮਨੁੱਖ ਇਸ ਨਿਸ਼ਚਿੰਤਾ ਕਾਰਨ ਜੀਵਨ ਵਿਚ ਰਿਸ਼ਟ-ਪੁਸ਼ਟ ਅਤੇ ਬਲਵਾਨ ਰਹਿੰਦਾ ਹੈ। ਇਸ ਸੁਰੱਖਸ਼ਾ ਦੀ ਪ੍ਰਾਪਤੀ ਦੇ ਸਾਧਨ ਜੋ ਅਸੀਂ ਉਪਰ ਦੱਸੇ ਹਨ, ਇਨ੍ਹਾਂ ਦੇ

ਬਾਵਜੂਦ ਵੀ ਮਨੁੱਖ ਸਵੈ-ਕੇਂਦਰਿਤ ਹੈ, ਆਪਣੇ ਅੰਦਰਲੇ ਨਾਲ ਜੁੜਿਆ ਹੋਇਆ ਹੈ। ਮਨੁੱਖ ਦੀ ਅੰਦਰਲੀ ਤਸੱਲੀ ਹੀ ਮਨੁੱਖ ਨੂੰ ਬਾਹਰੀ ਸੁਰੱਖਸ਼ਾ ਦਾ ਯਕੀਨ ਦਿਵਾਉਂਦੀ ਹੈ। Sigmund ਦੀ ਇਸ ਵਿਚਾਰਧਾਰਾ ਤੋਂ ਆਧੁਨਿਕ ਵਿਚਲੇ ਆਤਮ ਮੁਖੀ ਤੱਤਾਂ ਦਾ ਜਨਮ ਹੋਇਆ। ਮਨੁੱਖ ਅੰਦਰਲੇ ਸਵੈ ਦੇ ਅਧਾਰ 'ਤੇ ਹੀ ਬਾਹਰ ਮੁੱਖੀ ਜੀਵਨ ਧਰਾਤਲ ਪਰਖਦਾ ਹੈ। ਉਹ ਜਜ਼ਬਾਤ ਨਾਲੋਂ ਤਰਕਸ਼ੀਲਤਾ ਵਿਚ ਵਧੇਰ ਵਿਸ਼ਵਸ ਰੱਖਦਾ ਹੈ। ਤਰਕਸ਼ੀਲਤਾ ਆਧੁਨਿਕ ਮਨੁੱਖ ਦੀ ਮੁੱਖ ਪ੍ਰਵਿਰਤੀ ਹੈ, ਜਿਸ ਦੀ ਪ੍ਰਯੋਗਸ਼ਾਲਾ ਮਨੁੱਖ ਦੇ ਅੰਦਰ ਹੈ।

ਹੁਣ ਅਸੀਂ ਪ੍ਰਸਿੱਧ ਵਿਦਵਾਨ Hegel ਦੀ ਵਿਚਾਰਧਾਰਾ ਆਧੁਨਿਕਤਾ ਦਾ ਸੰਕਲਪ ਬਾਰੇ ਵਿਚਾਰ ਕਰਾਂਗੇ। Hegel ਦਾ ਆਧੁਨਿਕਤਾ ਪ੍ਰਤੀਕੀ ਦ੍ਰਿਸ਼ਟੀਕੋਣ ਹੈ। ਪੁਰਵ ਮਿਤੀ ਅਨੁਸਾਰ ਉੱਤਰ ਆਧੁਨਿਕਤਾ, ਆਧੁਨਿਕ ਗੁਬੰਦ ਦੇ ਉਪਰਲੇ ਢਾਂਚੇ ਵਾਂਗ ਜਾਣੀ ਜਾਂਦੀ ਸੀ। ਜੋ ਸਾਡੀ ਹੋਂਦ ਸਾਡੇ ਮੌਜੂਦਾ Mode ਰਾਹੀਂ ਦੱਸਦੀ ਹੈ। ਜੋ ਮਨੁੱਖੀ ਤਜ਼ਰਬਿਆਂ ਰਾਹੀਂ ਮਨੁੱਖਤਾ ਦੀ ਦ੍ਰਿੜਤਾ ਅਤੇ ਪਕਿਆਈ ਵਿਚ ਸੁਤੰਤਰਤਾ ਦੀ ਲਹਿਰ ਬਣਦਾ ਹੈ। ਜੋ ਵਿਰੋਧਾਭਾਸ ਦੁਆਰਾ ਸਵੈ ਵਿਕਾਸ ਦੀ ਸਰਵ ਵਿਆਪਕਤਾ ਪੱਖੋਂ ਸਮਝਿਆ ਜਾਂ ਮੰਨਣਾ ਹੈ। ਦੂਜੇ ਸ਼ਬਦਾਂ ਵਿਚ Hegel ਦਾ ਆਧੁਨਿਕਤਾ ਦਾ ਸੰਕਲਪ ਸਾਡੀ ਹੋਂਦ ਦੇ ਮੌਜੂਦਾ Mode ਭਾਵ ਵਿਧੀ ਨੂੰ ਸਥਾਪਤ ਕਰਦਾ ਹੈ। ਇਸ ਤਰ੍ਹਾਂ ਜਿਸ ਤਰ੍ਹਾਂ ਕਿਸੇ ਵਸਤੂ ਵਿਚ ਵਾਧਾ ਹੋ ਰਿਹਾ ਹੋਵੇ।

Habermas ਸਮਝਦਾ ਸੀ ਕਿ ਆਧੁਨਿਕਤਾ ਨੂੰ ਇੱਕ ਇਕਾਈ ਦੇ ਰੂਪ ਵਿਚ ਇਕੱਠਾ ਕਰਨਾ ਚਾਹੀਦਾ ਹੈ। Hegel ਅਤੇ Habermas ਵਲੋਂ ਇਨ੍ਹਾਂ ਵਿਸ਼ੇਸ਼ਤਾਈਆਂ ਦਾ ਇਕੱਠ ਇੱਕ ਹਵਾਲੇ ਦੇ ਤੌਰ 'ਤੇ ਆਧੁਨਿਕਤਾ ਦਾ ਲੇਖੇ ਜੋਖਾ ਸੀ। ਇਹ ਵਿਸ਼ੇਸ਼ਤਾਈਆਂ ਵਿਰੋਧਾਭਾਸ ਦੁਆਰਾ ਸਵੈ ਵਿਕਾਸ ਦੀ ਸਰਵ ਵਿਆਪਕਤਾ ਨੂੰ ਸਮਝਣ ਜਾਂ ਆਧੁਨਿਕਤਾ ਨੂੰ ਇੱਕ ਇਕਾਈ ਦੇ ਰੂਪ ਵਿਚ ਵੇਖਣਾ ਸੀ, ਜਿਨ੍ਹਾਂ ਨਾਲ ਆਧੁਨਿਕਤਾ ਦੀ ਵਿਚਾਰਧਾਰਾ ਸ਼ੁਰੂ ਹੁੰਦੀ ਹੈ। ਆਧੁਨਿਕਤਾ ਉਹ ਉਧਾਰੇ ਮਾਪਦੰਡ ਸਵੀਕਾਰ ਨਹੀਂ ਕਰਦੀ ਜੋ ਆਧੁਨਿਕਤਾ ਲਈ ਨਵਯੁੱਗ ਦੇ ਆਰੰਭ ਨੇ ਆਧੁਨਿਕਤਾ ਲਈ ਸਥਾਪਤ ਕੀਤੇ ਸਨ ਕਿਉਂਕਿ ਇਹ ਨਵਯੁੱਗ ਵਲੋਂ ਆਧੁਨਿਕਤਾ ਦਾ ਸਥਾਪਤ ਅਕਸ਼ ਆਧੁਨਿਕਤਾ ਨੂੰ ਆਧੁਨਿਕਤਾ ਨਾਲੋਂ ਨਿਖੇੜ ਕੇ ਪੁਰਾਣੇ ਸਮੇਂ ਦੀ ਪੁਰਾਤਨਤਾ ਵਿਚ ਲੈ ਜਾਂਦਾ ਹੈ। ਆਧੁਨਿਕਤਾ ਨੂੰ ਆਪਣੀ ਸਧਾਰਨਤਾ ਆਪਣੇ 'ਚੋਂ ਸਿਰਜਣੀ ਚਾਹੀਦੀ ਹੈ। ਆਧੁਨਿਕਤਾ ਆਪਣੀਆਂ ਪੂਰਵ ਪ੍ਰਾਪਤੀਆਂ ਅਤੇ ਵਿਸ਼ੇ ਨੂੰ ਆਲੋਚਨਾਤਿਮਕ ਦ੍ਰਿਸ਼ਟੀ ਤੋਂ ਵਿਚਾਰੇ।

ਅਸੀਂ ਸਮਝ ਸਕਦੇ ਹਾਂ ਕਿ ਆਧੁਨਿਕਤਾ ਵਿਚਾਰ ਯੋਗ ਹੈ ਅਤੇ ਬੁਨਿਆਦੀ ਤੌਰ 'ਤੇ ਦੁਨੀਆ ਦੀਆਂ ਸੱਭ ਹੋਂਦਾਂ ਦੀਆਂ Mode (ਵਿਧੀਆਂ) ਤੋਂ ਵੱਖਰੀ ਹੈ। ਆਧੁਨਿਕਤਾ ਦੀ ਮੁਕੰਮਲਤਾ ਗਤੀਸ਼ੀਲ ਰੱਖਣ ਲਈ ਦੁਨੀਆ ਵਿਚ ਪਹਿਲੀ ਵਾਰ ਬੰਧਨ ਮੁਕਤ ਹੋਣ ਲਈ ਕਈ ਚੁਣੌਤੀਆਂ ਦਾ ਸਹਮਣਾ ਕਰਨਾ ਪਿਆ। ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਦੁਨੀਆ ਨੇ ਉਨ੍ਹਾਂ ਕੱਸਵੱਟੀਆਂ ਦੇ ਅਧਾਰ 'ਤੇ ਕੀਤਾ ਜੋ ਕੱਸਵੱਟੀਆਂ ਸੱਚਾ-ਸੁੱਚਾ ਕਲਿਆਣਕਾਰੀ ਸਮਾਜ ਸਿਰਜ ਸਕਦੀਆਂ ਸਨ। ਇਹ ਕੱਸਵੱਟੀਆਂ ਬੰਧਨ ਮੁਕਤ ਸਮਾਜ ਦੀ ਸਰਵ-ਵਿਆਪਕਤਾ ਸਨ ਜਾਂ ਸ਼ਬਦੀ ਆਧੁਨਿਕਤਾ ਦਾ ਬੁਨਿਆਦੀ ਪ੍ਰਤੀਕ ਸੀ ਜੋ ਆਧੁਨਿਕਤਾ ਦੇ ਮੁਕੰਮਲ ਸੱਚ ਦਾ ਪ੍ਰਣਾਮ ਸੀ। ਇਹ ਆਧੁਨਿਕਤਾ ਦੀ ਵਿਕਾਸਸ਼ੀਲਤਾ ਸੀ, ਨਾ ਕਿ ਨਵਯੁੱਗ ਦਾ ਅਗਾਜ਼ ਕਿਉਂਕਿ ਨਵਯੁੱਗ ਦੀਆਂ ਆਰੰਭਿਕ ਜੜ੍ਹਾਂ ਇਤਿਹਾਸਕ ਸਮੇਂ ਦੇ ਭੂਤ ਵਿਕਾਸ ਵਿਚ ਸਨ। ਅਸੀਂ ਆਪਣੇ ਹੋਂਦ ਦਾ ਦਾਅਵਾ ਬੰਧਨ ਮੁਕਤ ਇਤਿਹਾਸਕ ਸਮੇਂ ਦੀ ਵਿਕਾਸਸ਼ੀਲਤਾ ਦੇ ਅਧਾਰ 'ਤੇ ਕਰ ਸਕਦੇ ਹਾਂ। ਆਧੁਨਿਕਤਾ ਆਪਣਾ ਸੱਚ ਆਪ ਅਨੁਭਵ ਤੇ ਪ੍ਰਗਟ ਕਰਦੀ ਹੈ। ਇਸ ਗੱਲ ਨੂੰ Hegel ਬ੍ਰਹਮੰਡ ਦੀ ਇਕ ਵੱਖਰੀ ਇਕਈ ਵਜੋਂ ਖ਼ਾਸ ਅਤੇ ਵਿਅਕਤੀਗਤ ਹੋਂਦ ਦੇ ਤੌਰ 'ਤੇ ਆਧੁਨਿਕਤਾ ਦੇ ਰੂਪ ਵਿਚ ਪੇਸ਼ ਕਰਦਾ ਹੈ। ਇਸ ਗੱਲ ਦਾ ਪ੍ਰਗਟਾਅ ਆਪਣੇ-ਆਪ ਵਿਚ ਹੁੰਦਾ ਹੈ ਕਿਉਂਕਿ ਇਸ ਦਾ ਪ੍ਰਗਟਾਅ ਦ੍ਰਿੜਤਾ, ਪਕਿਆਈ ਅਤੇ ਸੁਤੰਤਰਤਾ ਦਾ ਸੱਚ ਹੈ। ਆਧੁਨਿਕਤਾ ਇਸੇ ਤਰ੍ਹਾਂ ਹੀ ਬਿਆਨੀ ਜਾ ਸਕਦੀ ਹੈ। ਸੋ Hegel ਦੀ ਆਧੁਨਿਕ ਵਿਚਾਰਧਾਰਾ ਦਾ ਸੱਚ ਹੈ।

ਆਧੁਨਿਕਤਾ ਅਸਾਨੀ ਨਾਲ ਪ੍ਰਗਟਾਈ ਜਾ ਸਕਦੀ ਹੈ। ਪਰ ਇਸ ਪ੍ਰਗਟਾਅ ਲਈ ਮਹੱਤਵਪੂਰਨ ਹੈ ਕਿ ਅਸੀਂ ਕੁੱਝ ਸਵਾਲਾਂ ਦੇ ਜਵਾਬ ਸਪੱਸ਼ਟ ਕਰ ਸਕੀਏ। ਆਧੁਨਿਕਤਾ ਕੀ ਹੈ? ਇਸ ਸਵਾਲ ਦਾ ਜਵਾਬ ਆਧੁਨਿਕਤਾ ਨੂੰ ਆਧੁਨਿਕਤਾ ਦੀ ਮੁਕੰਮਲਤਾ ਨਾਲ ਜੋੜਦਾ ਹੈ। ਆਧੁਨਿਕਤਾ ਭੂਤ ਵਿਚ ਇੱਕ ਬੰਧਨ ਮੁਕਤ ਸ਼ਬਦੀ ਪ੍ਰਤੀਕ ਵਿਚ ਵੇਖੀ ਜਾਂਦੀ ਸੀ ਕਿਉਂਕਿ Non modern ਤੱਤ ਆਪਣੇ-ਆਪ ਨੂੰ ਨਵਯੁੱਗ ਸਾ ਆਰੰਭ ਨਹੀਂ ਸਨ ਸਮਝਦੇ ਅਤੇ ਨਾ ਹੀ ਆਧੁਨਿਕਤਾ ਦੀ ਸ਼ਬਦੀ ਪ੍ਰਤੀਕ ਵਿਚ ਦ੍ਰਿਸ਼ਟਮਾਨ ਸੀ। ਨਵਯੁੱਗ ਦੇ ਆਰੰਭ ਤੋਂ ਜਾਣੂ ਨਹੀਂ ਸਨ, ਆਪਣੇ ਤੱਤ ਤੋਂ ਕੀ ਜਾਣੂ ਹੁੰਦੇ। ਇਹ Non modern ਦੀ ਕੁੱਖ ਵਿਚੋਂ ਜਨਮਿਆ ਜਗਿਆਸੂ ਸੀ, 'ਚੋਂ ਆਪਣੇ-ਆਪ ਨੂੰ ਮੁਕੰਮਲਤਾ ਨਾਲ ਜੋੜਨ ਵਿਚ ਗਤੀਸ਼ੀਲ ਸੀ। ਜਿਸ ਤੋਂ Non modern ਤੱਤ ਅਗਿਆਤ ਸੀ। ਇਸ ਲਈ ਇਸ ਨੂੰ Non modern ਤੱਤ ਗਰਦਾਨਿਆ ਗਿਆ। ਆਧੁਨਿਕਤਾ ਆਪਣੇ-ਆਪ 'ਤੇ ਨਿਰਭਰ ਇੱਕ ਖ਼ਾਸ ਆਧੁਨਿਕ

ਵਿਅਕਤੀਗਤਤਾ ਹੈ ਜੋ ਆਪਣੇ ਅੰਦਾਜ਼ ਵਿਧੀ ਭਾਵ ਆਪਣਾ ਅਭਿਵਿਅਕਤ ਕਰਦੀ ਹੈ ਇਹ ਆਧੁਨਿਕਤਾ ਦਾ ਆਪਣੇ-ਆਪ ਵਿਚ ਖ਼ਾਸ ਹੋਣ ਦਾ ਪ੍ਰਮਾਣ ਹੈ। ਹੋਰ ਸਪੱਸ਼ਟ ਕਰਨ ਲਈ ਜੋ ਆਧੁਨਿਕ ਵਿਅਕਤੀਗਤ ਹਨ, ਉਹ ਆਪਣੇ-ਆਪ ਨੂੰ ਖ਼ਾਸ ਵਿਅਕਤੀਗਤ ਪਰਿਭਾਸ਼ਤ ਕਰਦੇ ਹਨ। ਉਹ ਆਪਣੇ-ਆਪ ਨੂੰ ਖ਼ਾਸ ਗੁਣਾਂ ਦੇ ਧਾਰਨੀ ਸਮਝਦੇ ਹਨ ਕਿਉਂਕਿ ਆਧੁਨਿਕ ਪ੍ਰਵਿਰਤੀ ਸਵੈ ਪ੍ਰਤੀ ਜਾਗਰੂਕ ਹੈ, ਉਹ ਬ੍ਰਹਮੰਡਕ ਮੂਲ ਵਜੋਂ ਆਪਣੇ Mode ਨਹੀਂ ਪਰਖਦੇ ਬਲਕਿ ਵਿਅਕਤੀਗਤ ਤੌਰ 'ਤੇ ਆਪਣੇ-ਆਪ ਨੂੰ ਸਮੂਹਿਕ ਰੂਪ ਦੇ ਧਾਰਨੀ ਹੋ ਕੇ ਪਰਖਦੇ ਹਨ। ਇਸ ਕਿਸਮ ਦੀ ਜਾਗਰੂਕਤਾ ਕਿਵੇਂ ਪ੍ਰਤੀਬਿੰਬ ਹੁੰਦੀ ਹੈ। ਕੀ ਇਹ ਵਿਅਕਤੀਗਤ ਸੂਖਮ ਭਾਵੀਂ ਯੋਗਤਾ ਹੈ ਜੋ ਆਪਣੇ-ਆਪ ਹੀ ਖ਼ਾਸ ਭਾਈਵਾਲ ਹੋਣ ਦੀ ਤਜਵੀਜ਼ ਵਜੋਂ ਪ੍ਰਤੀਬਿੰਬ ਹੁੰਦੀ ਹੈ। ਜੋ ਆਪਣੇ-ਆਪ ਵਿਚ ਸਮੂਹਿਕਤਾ ਮਹਿਸੂਸ ਕਰਦੀ ਹੈ ਅਤੇ ਇਸ ਸਮੂਹਿਕਤਾ ਪੱਖੋਂ ਸੰਭਵ ਰੂਪ ਵਿਚ Reflect ਹੁੰਦੀ ਹੈ।

Hegelian ਭਾਵ ਸੂਖ਼ਮ ਅਹਿਮ ਜੋ ਆਪਣੇ-ਆਪ ਨੂੰ ਜ਼ਾਇਦਾਦ ਦੀ ਮਾਲਕੀ ਵਿਚੋਂ ਸਾਕਾਰ ਕਰਦਾ ਸੀ, ਮੁੱਖ ਰੂਪ ਵਿਚ ਆਧੁਨਿਕ ਕਾਨੂੰਨੀ ਸੰਸਥਾਵਾਂ ਨੂੰ ਨਿਸ਼ਚਿਤ ਸੋਚ ਅਤੇ ਸਮੂਹਿਕ ਰਸਮੀ ਲੋਕਾਚਾਰ ਪ੍ਰਦਾਨ ਕਰਦਾ ਸੀ। ਉਦਾਹਰਨ ਵਜੋਂ ਆਧੁਨਿਕ ਕਾਨੂੰਨੀ ਪ੍ਰਣਾਲੀ ਵਿਚ ਵਿਅਕਤੀਗਤ ਤੌਰ 'ਤੇ ਪੂਰਾ ਨਿਆਏਦੀਸ਼ ਨਹੀਂ ਸਨ। ਆਪਣੇ ਵਿਸ਼ੇਸ਼ ਗੁਣਾਂ ਕਾਰਨ ਜਾਂ ਰਾਜਸੀ ਲੋਕ ਵਰਗ ਵਿਚੋਂ ਜਾਂ ਬ੍ਰਹਮੰਡਕ ਅਸੀਮਤਾ ਵਜੋਂ ਜਾਂ ਪ੍ਰਭਾਵਸ਼ੀਲ ਨਾਗਰਿਕਾਂ ਵਿਚੋਂ ਨੁਮਾਇੰਦੇ, ਨਿਆਦੀਸ਼ ਦੇ ਤੌਰ 'ਤੇ ਜਾਣੇ ਜਾਂਦੇ ਸਨ ਜੋ ਆਧੁਨਿਕ ਕਾਨੂੰਨੀ ਪ੍ਰਣਾਲੀ ਦਾ ਕਾਰਜ ਨਿਭਾਉਂਦੇ ਸਨ। ਬੇਸ਼ੱਕ ਉਹ ਇਸ ਕਾਰਜ ਲਈ ਸਿਹਤਜਾਫ਼ਤਾ ਨਹੀਂ ਸਨ। ਫਿਰ ਵੀ ਉਨ੍ਹਾਂ ਵਿਚ ਵਿਸ਼ੇਸ਼ਤਾ ਦੀ ਵਿਧੀ ਹੋਣ ਕਰਨ ਉਹ ਵਿਅਕਤੀਗਤ ਤੌਰ 'ਤੇ ਹੋਰ ਯੋਗਤਾਵਾਂ ਪ੍ਰਤੀ ਗਿਆਨ ਹਾਸਿਲ ਕਰਨ ਦੀ ਸਮਰੱਥਾ ਰੱਖਦੇ ਸਨ। ਇਹ ਲੋਕ ਰਸਮੀ ਬ੍ਰਹਮੰਡਕ ਦਾਵਿਆਂ ਵਿਚ ਵਾਧਾ ਕਰਨ ਲਈ ਆਪਣੇ ਵਿਸ਼ੇਸ਼ ਦਾਵਿਆਂ ਦੀ ਸਨਮੁੱਖਤਾ ਦੇ ਅਧੀਨ ਸਨ। ਉਦਾਹਰਣ ਦੇ ਤੌਰ 'ਤੇ ਦਾਵਿਆਂ ਦੇ ਇਨਸਾਫ਼ ਲਈ ਇਹ ਲੋਕ ਬ੍ਰਹਮੰਡਕ ਭਾਸ਼ਾ ਦੀ ਦੁਹਾਈ ਪਾਉਂਦੇ ਸਨ। ਉਦਾਹਰਨ ਵਜੋਂ ਇਹ ਬ੍ਰਹਮੰਡਕ ਭਾਸ਼ਾ ਦੀ ਦੁਹਾਈ 'ਤੇ ਅਧਾਰਿਤ ਆਖਦੇ ਕਿ ਹਰ ਬਰਾਬਰ 'ਤੇ ਸੁਤੰਤਰ ਸਮਝਿਆ ਜਾਵੇ। ਸੁਤੰਤਰਤਾ ਸਨਮਾਨੀ ਜਾਵੇ ਆਦਿ। ਪਰ ਆਧੁਨਿਕਤਾ ਦੀ ਵਿਸ਼ੇਸ਼ਤਾ ਹੈ ਕਿ ਆਧੁਨਿਕਤਾ ਆਪਣੀ ਜਾਗਰੂਪਤਾ ਸਦਕਾ ਆਪਣਾ ਰਸਤਾ ਆਪ ਲੱਭਦੀ ਹੈ। ਆਧੁਨਿਕਤਾ ਰਾਹ ਦੀ ਤਲਾਸ਼ ਦਾ ਸਵੈ ਅਰਥ ਹੈ। ਆਧੁਨਿਕਤਾ ਦਾ ਆਪਣੇ ਮੂਲ ਤੱਤਾਂ ਦੇ ਸੰਬੰਧ ਨਾਲ ਰਹਿਣਾ,

ਜੋ ਆਪਣੇ ਵੱਖਰੇਵੇਂ ਸਦਕਾ ਅਸਲ ਹਨ। ਇਹ ਵੱਖਰੇਵੇਂ ਹੀ ਆਧੁਨਿਕਤਾ ਦੇ ਮੂਲ ਤੱਤ ਦਾ ਪ੍ਰਗਟਾਅ ਹਨ। Mode ਦੇ ਤੌਰ 'ਤੇ ਆਧੁਨਕਿਤਾ ਦੇ ਵਿਸ਼ੇਸ਼ ਹੋਣ ਪ੍ਰਤੀ ਸਵਾਲ ਦਾ ਇਹ ਹੀ ਉੱਤਰ ਹੈ।

ਵਿਸ਼ਵ ਰਸਮੀ ਲੋਕਾਚਾਰ ਅਤੇ ਵਿਸ਼ੇਸ਼ਤਾ ਦੀ ਦ੍ਰਿੜਤਾ ਵਿਚਲੇ ਫ਼ਰਕ ਤੋਂ ਬਿਨ੍ਹਾਂ ਵਿਅਕਤੀਗਤ ਮਨੁੱਖ ਉਸ ਅਨਿੱਖੜੇ ਬ੍ਰਹਮੰਡ ਵਿਚ ਜੋ ਵਿਸ਼ੇਸ਼ ਬੰਧਨ ਮੁਕਤ ਅਤੇ ਸੁਤੰਤਰ ਹੈ, ਵਿਚ ਗੁਆਚ ਜਾਏਗਾ। ਇਸੇ ਤਰ੍ਹਾਂ ਵਿਸ਼ੇਸ਼ਤਾ ਤੋਂ ਜਾਗਰੂਪਤਾ ਨਾ ਹੋਣਾ ਜਾਂ ਸਰਵ ਵਿਆਪਕਤਾ ਨੂੰ ਆਧੁਨਿਕ ਸਮਾਜ ਵਿਚ ਬਿਨ੍ਹਾਂ ਜਾਗਰੂਪਤਾ ਦੇ ਸਮਝਣਾ, ਉਹ ਹੀ ਸਥਿਤੀ ਹੈ ਜਿੱਥੇ ਰਾਜ ਤੇ ਧਰਮ ਮਿਲਦੇ ਹਨ। ਅਯੋਗਤਾ ਵਿਸ਼ੇਸ਼ਤਾ ਦੇ ਸਾਰ ਨੂੰ ਵੱਖਰਾਉਂਦੀ ਹੈ ਅਤੇ ਰਸਮੀ ਲੋਕਾਚਾਰ Non modern ਸਮੇਂ ਦੇ ਵਿਸ਼ੇਸ਼ ਗੁਣ ਹਨ ਫਿਰ ਵੀ Non modern ਯੁੱਗ ਦੇ ਪ੍ਰਸੰਗ ਵਿਚ ਸਵਾਲ ਦੀ ਸਪੱਸ਼ਟਤਾ ਹੈ ਕਿ ਵਿਸ਼ੇਸ਼ ਕੀ ਹੈ ਅਤੇ ਕਿਵੇਂ ਹੈ। ਇਹ ਬ੍ਰਹਮੰਡਕ ਪ੍ਰਭਾਵ ਹੈ। ਜੋ ਅਨਿੱਖੜਵੇਂ ਲਹਿਰ ਦੀ ਬ੍ਰਹਮੰਡ ਇਕਾਈ ਹੈ। ਇਸ ਤਰ੍ਹਾਂ ਵਿਸ਼ੇਸ਼ ਦੇ ਸੰਦਰਭ ਵਿਚ ਬ੍ਰਹਮ ਕੀ ਹੈ, ਸਮਝਿਆ ਜਾ ਸਕਦਾ ਹੈ ਕਿਉਂਕਿ ਵਿਸ਼ੇਸ਼ਤਾ ਬ੍ਰਹਮੰਡਕ ਸਿੱਟਾ ਕੱਢਣ ਲਈ ਇੱਕ ਸਾਧਨ ਮੰਨੀ ਜਾਂਦੀ ਹੈ। ਇਸ ਦਾ ਨਤੀਜਾ ਇਹ ਹੈ ਕਿ Non modern ਵਿਸ਼ੇਸ਼ਤਾ ਦੀ ਗੁਪਤ ਹੋਂਦ ਹੈ। ਆਧੁਨਿਕਤਾ ਦੀ ਵਿਚਾਰਧਾਰਾ ਅਨੁਸਾਰ ਇਹ ਗੁਪਤ ਹੋਂਦ ਦੋ ਤਰ੍ਹਾਂ ਹੈ। ਇੱਕ ਹੈ ਮੁਕੰਮਲ ਅਗਿਆਨਤਾ ਵਿਚ ਰਹਿਣਾ, ਜਿਸ ਤੋਂ ਵਿਸ਼ੇਸ਼ ਅਤੇ ਦੁਨੀਆ ਦੇ ਵਿਚਾਰ ਦ੍ਰਿਸ਼ਟੀਗੋਚਰ ਨਹੀਂ ਹੁੰਦੇ, ਭਾਵ Pre modern culture ਜਾਂ ਇੰਝ ਕਹੋ ਕਿ ਵਿਸ਼ੇਸ਼ਤਾ ਦੇ ਤੱਤ ਨੂੰ ਆਪਣੀ ਦੁਨੀਆ ਵਿਚ ਸਥਾਪਤ ਨਾ ਕਰਨਾ ਭਾਵ ਕੀ ਦੁਨੀਆ 'ਤੇ ਵਿਚਾਰ ਕਰਨਾ, ਇਸ ਨੂੰ ਅਗੇਰਾ ਬ੍ਰਹਮੰਡਕ ਯਤਨ ਕਿਹਾ ਜਾਂਦਾ ਹੈ ਜੋ ਵਿਸ਼ੇਸ਼ਤਾ ਦੇ ਵੱਖਰੇਵੇਂ ਨੂੰ ਮਨਫ਼ੀ ਕਰਕੇ ਪੈਦਾ ਹੁੰਦਾ ਹੈ। ਜਿਸ ਦਾ ਅਧਾਰ ਕਲਪਨਾ, ਝੂਠਾਪਣ, ਜਾਂ ਕਿਸੇ ਤਰ੍ਹਾਂ ਦੀ ਬੁਰਾਈ ਮੰਨਿਆ ਜਾ ਸਕਦਾ ਹੈ। ਇਸ ਵਿਸ਼ੇਸ਼ਤਾ ਦੇ ਸਿਮਰਨ ਕਾਰਨ ਜੋ ਪ੍ਰਾਪਤ ਹੈ, ਉਹ ਸਰਵ ਵਿਆਪਕਤਾ ਨੂੰ ਭੇਂਟ ਹੈ, ਭਾਵ Non modern ਵਿਸ਼ੇਸ਼ ਗੁਪਤ ਹੈ। ਇਹ ਆਪਣੇ-ਆਪ ਵਿਚ ਵਿਸ਼ੇਸ਼ਤਾ ਅਤੇ ਬ੍ਰਹਮੰਡਕ ਸਿਮਰਨ ਦੇ ਅਸਰ ਤੋਂ ਵਾਂਝਾ ਹੈ। ਆਧੁਨਿਕਤਾ ਇਸੇ ਵੱਖਰੇਵੇਂ ਨੂੰ ਪੇਸ਼ ਕਰਦੀ ਹੈ।

ਉਪਰ ਦੱਸੇ ਗਏ ਵਿਸ਼ੇਸ਼ ਅਤੇ ਬ੍ਰਹਮੰਡਕ ਵੱਖਰੇਵੇਂ ਵਿਚ ਕੀ ਹਾਸਿਲ ਹੈ ਅਤੇ ਸਰਵ ਵਿਆਪਕਤਾ ਕੀ ਹੈ, ਸਾਡੇ ਲਈ ਇਹ ਮਹੱਤਵਪੂਰਨ ਹੈ। ਆਧੁਨਿਕਤਾ ਜ਼ਰੂਰੀ ਤੌਰ 'ਤੇ ਮਾਨਵੀ ਸੰਬੰਧਾਂ ਦੀ ਉਤਪਤੀ ਹੈ। ਵਿਸ਼ੇਸ਼ਤਾ ਵਿਅਕਤੀਗਤ ਤੌਰ 'ਤੇ ਇਸ ਸਰਵ ਵਿਆਪਕਤਾ ਦੀ ਸ਼ਨਾਖਤ ਨਹੀਂ, ਨਾ ਹੀ

ਹੋਂਦ ਹੈ। ਰਸਮੀ ਬ੍ਰਹਮੰਡ ਰਾਹੀਂ ਉਦਾਹਰਨ ਦੇ ਤੌਰ 'ਤੇ ਦੁਨੀਆ ਦੇ ਬਰਾਬਰ ਦੇ ਵਿਸ਼ੇ ਵਲੋਂ ਵਿਸ਼ੇਸ਼ਤਾ ਦੀ ਕਾਨੂੰਨੀ ਹੋਂਦ ਦੀ ਇੱਕ ਵਿਸ਼ੇਸ਼ ਦਾ ਪੂਰਨ ਸੱਚ ਹੈ ਜੋ ਵਿਸ਼ੇਸ਼ਤਾ ਦਾ ਮੁਕੰਮਲ ਤੱਤ ਹੈ। ਉਦਾਹਰਨ ਵਜੋਂ ਧਾਰਮਿਕ ਵਿਚਾਰਧਾਰਾ ਸਿਰਫ਼ ਵਿਸ਼ੇਸ਼ ਵਿਚ ਵਿਸ਼ੇਸ਼ ਹੈ। ਵਿਸ਼ੇਸ਼ ਦੀ ਬਹੁ ਮਾਤਰਾ ਭਾਵ ਵਿਸ਼ੇਸ਼ ਦੀ ਬਹੁ ਮਾਤਰਾ Formal pluralism ਅਤੇ Multicul turalism ਹੈ ਜੋ ਵਿਸ਼ੇਸ਼ ਦੀ ਵਿਸ਼ੇਸ਼ਤਾ ਹੈ। ਇਸ ਵਿਸ਼ੇਸ਼ਤਾ ਤੱਕ ਪਹੁੰਚਣ ਦੀ ਵਿਚਾਰਕ ਕਾਰਜ ਪ੍ਰਣਾਲੀ ਵਿਸ਼ੇਸ਼ ਕਰਦੀ ਹੈ ਜਾਂ ਇੰਞ ਕਹਿ ਲਵੋ ਕਿ ਵਿਸ਼ੇਸ਼ ਵਿਚਾਰਕ ਤੌਰ 'ਤੇ ਵਿਸ਼ੇਸ਼ਤਾ ਵੱਲ ਗਤੀਸ਼ੀਲ ਹੁੰਦੀ ਹੈ ਨਾ ਕਿ ਵਿਸ਼ੇਸ਼ਤਾ ਵਿਸ਼ੇਸ਼ ਵੱਲ ਵਿਚਾਰਕ ਗਤੀ ਕਰਦੀ ਹੈ। ਵਿਸ਼ੇਸ਼ਤਾ ਤੱਕ ਪਹੁੰਚਣ ਦਾ ਵਿਚਾਰ ਵਿਸ਼ੇਸ਼ ਦੇ Mode 'ਤੇ ਨਿਰਭਰ ਹੈ ਜੋ ਵਿਰੋਧਾਭਾਸ 'ਚੋਂ ਪੈਦਾ ਹੁੰਦਾ ਹੈ।

ਇੱਕ ਪਾਸੇ ਆਧੁਨਿਕਵਾਦੀ ਨਾ ਵਾਦੀ ਪਰਿਭਾਸ਼ਤ ਕੀਤੀ ਜਾਂਦੀ ਹੈ ਕਿਉਂਕਿ ਉਹ ਬ੍ਰਹਮੰਡ ਨਾਲ ਮੇਲ ਨਹੀਂ ਖਾਂਦੀ ਤੇ ਦੂਜੇ ਪਾਸੇ ਇਸ ਫ਼ਰਕ ਨੂੰ ਜੋ ਸਪੱਸ਼ਟ ਕਰਦਾ ਹੈ, ਜਿਸ ਨੂੰ ਵਿਸ਼ੇਸ਼ਤਾ ਦੀ ਸਪੱਸ਼ਟਤਾ ਕਿਹਾ ਜਾਂਦਾ ਹੈ, ਇਸ ਸੰਬੰਧ ਵਿਚ ਵਿਸ਼ੇਸ਼ ਤੌਰ 'ਤੇ ਹਰ ਆਧੁਨਿਕ ਵਿਅਕਤੀਗਤ ਮੁੱਖ ਵਿਸ਼ੇਸ਼ ਦੇ Mode ਉਸ ਦੀ ਦ੍ਰਿੜ ਹੋਂਦ ਪ੍ਰਤੀ ਅਣਗੌਲਿਆਂ ਨਹੀਂ ਹੈ। ਇਸ ਲਈ ਬ੍ਰਹਮੰਡਕ ਵਿਸ਼ੇਸ਼ਤਾ ਜੋ ਹਰ ਵਿਅਕਤੀਗਤ ਵਿਸ਼ੇਸ਼ ਨੂੰ Mode ਪ੍ਰਦਾਨ ਕਰਦੀ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਹਰ ਵਿਅਕਤੀਗਤ ਆਪਣੇ-ਆਪ ਵਿਚ ਸ਼ਕਤੀਸ਼ਾਲੀ ਸਥਿਤੀ ਮਹਿਸੂਸ ਕਰਦਾ ਹੈ ,ਉੱਥੇ ਦੂਜੇ ਪਾਸੇ ਆਪਣੇ-ਆਪ ਵਿਚ ਜ਼ਰੂਰੀ ਤੌਰ 'ਤੇ ਸੂਖ਼ਮ ਰੂਹ ਨੂੰ ਮਹਿਸੂਸ ਕਰਦਾ ਹੈ। ਬ੍ਰਹਮੰਡਕ ਮੂਲ ਵਿਚ ਵਿਸ਼ੇਸ਼ ਅਰਥ ਅਨੁਭਵ ਕਰਨ ਲ਼ਈ ਵਿਸ਼ੇਸ਼ਤਾ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿ ਕਿਵੇਂ ਵਿਸ਼ੇਸ਼ ਦੀਆਂ ਸਰਵ ਵਿਆਪਕ ਰੂਚੀਆਂ ਨੂੰ ਉਸ ਦੀ ਵਿਸ਼ੇਸ਼ਤਾ ਨੇ ਗਤੀਸ਼ੀਲ ਰੱਖਣਾ ਹੈ ਇਹ ਅਰਥ ਹਨ ਸਾਂਝੀਵਾਲਤਾ ਦੀ ਸਿਰਜਨਾ ਦੇ ਜਿਸ ਤੋਂ ਬਿਨ੍ਹਾਂ ਵਿਅਕਤੀਗਤਾ ਬੇ-ਮਾਇਨੇ ਹੋ ਜਾਵੇਗੀ।

ਵਿਦਵਾਨਾਂ ਨੇ ਆਧੁਨਿਕਤਾ ਦੀਆਂ ਸੀਮਾ, ਸੰਭਾਵਨਾਵਾਂ, ਸੁਭਾਅ ਅਤੇ ਪ੍ਰਵਿਰਤੀਆਂ ਬਾਰੇ ਕੁੱਝ ਸਿਧਾਂਤ ਬਿਆਨੇ ਹਨ। ਆਧੁਨਿਕ ਸੰਵੇਦਨਾ ਦਰਿਆ ਦੇ ਵਹਿਣ ਵਾਂਗ ਗਤੀਸ਼ੀਲ ਹੈ। ਆਧੁਨਿਕਤਾ ਮੁੱਖ 'ਤੇ ਕੇਂਦਰਤ ਤੇ ਉਸਾਰੂ ਦ੍ਰਿਸ਼ਟੀਆਂ ਦੇ ਸੁਮੇਲ ਤੋਂ ਉਪਜੀ ਸਦਾਬਹਾਰ ਬਹਾਰ ਦ੍ਰਿਸ਼ਟੀ ਹੈ। ਇਹ ਕੌਮਾਂਤਰੀ ਸੁਭਾਅ ਵਾਲੀ ਅਜਿਹੀ ਲਹਿਰ ਹੈ। ਜਿਸ ਨੂੰ ਕਿਸੇ ਤਰ੍ਹਾਂ ਵੀ ਖੜੋਤ ਮਨਜ਼ੂਰ ਨਹੀਂ। ਆਧੁਨਿਕਤਾ ਬਹੁ-ਰੰਗੀ, ਬਹੁ-ਪੱਖੀ, ਬਹੁ-ਦਿਸ਼ਾਵੀ ਅਤੇ ਬਹੁ-ਪਾਸਾਰੀ ਜ਼ਿੰਦਗੀ ਨੂੰ ਭੂਤ, ਭਵਿੱਖ ਅਤੇ ਵਰਤਮਾਨ ਦੇ ਤ੍ਰੈਕਾਲਕ

ਹਵਾਲੇ ਦੇ ਟੋਟਿਆਂ ਦੀ ਥਾਂ ਇੱਕ ਇਕਾਈ ਦੇ ਰੂਪ ਵਿਚ ਸਮਝਣ, ਪਰਖਣ ਦੀ ਯਤਨਸ਼ੀਲਤਾ ਹੈ। ਆਧੁਨਿਕਤਾ ਵਿਗਿਆਨਿਕ ਤਰਕ ਅਤੇ ਗਿਆਨ ਨੂੰ ਆਪਣਾ ਸਿਧਾਂਤਕ ਅਧਾਰ ਮੰਨਦੀ ਹੈ। ਆਧੁਨਿਕਤਾ ਜਗਤ ਹਿੱਤੂ ਹੈ। ਸਮੁੱਚੇ ਸੰਸਾਰ ਵਿਚ ਪ੍ਰਸੰਨਤਾ, ਇਨਸਾਫ਼, ਨੈਤਿਕਤਾ, ਸ਼ਾਂਤੀ, ਏਕਤਾ, ਪਿਆਰ, ਸਾਂਝੀਵਾਲਤਾ ਅਤੇ ਸਰਬਤ ਦੇ ਭਲੇ ਦੀ ਧਾਰਨੀ ਹੈ। ਆਧੁਨਿਕਤਾ ਅੰਧਵਿਸ਼ਵਾਸ, ਅਨਿਆਏ, ਅੱਤਿਆਚਾਰ ਅਤੇ ਹਰ ਤਰ੍ਹਾਂ ਦੇ ਵਿਤਕਰੇ ਦੇ ਖ਼ਿਲਾਫ਼ ਹੈ। ਆਧੁਨਿਕਤਾ ਨਿਰੰਤਰ ਗਤੀਸ਼ੀਲ ਸੁਭਾਅ ਕਰਕੇ ਵਿਸ਼ਵ ਦੀਆਂ ਸਮੱਸਿਆਵਾਂ ਨੂੰ ਸਮਝਣ, ਸੁਲਝਾਉਣ ਲਈ ਅਤਿ ਸਮਰੱਥ ਹੈ। ਆਧੁਨਿਕਤਾ ਤ੍ਰੈਕਾਲਮੁਖੀ ਹੈ।

ਉਪਰੋਕਤ ਪਰਿਭਾਸ਼ਾ ਤੇ ਸਿਧਾਂਤਾਂ ਅਨੁਸਾਰ ਆਧੁਨਿਕਤਾ ਸੰਵੇਦਨਾਸ਼ੀਲ ਨਿਰੰਤਰ ਗਤੀਸ਼ੀਲ ਵਿਗਿਆਨਿਕ ਤਾਰਕਿਕ ਅਤੇ ਮਾਨਵਪੱਖੀ ਸਕਾਰਤਾਮਕ ਤੱਤਾਂ ਦੇ ਬੁਨਿਆਦ 'ਤੇ ਉਸਾਰੀ ਹੋਈ ਸਦਾ ਬਹਾਰ ਦ੍ਰਿਸ਼ਟੀ ਹੈ। ਇਨ੍ਹਾਂ ਸਿਧਾਂਤਾਂ ਤੋਂ ਇਲਾਵਾ ਆਧੁਨਿਕਤਾ ਬਾਰੇ ਲਿਖਤੀ ਰੂਪ ਵਿਚ ਆਧੁਨਿਕਤਾ ਦੀ ਰੂਪ-ਰੇਖਾ ਸੀਮਾ ਸੰਭਾਵਨਾਵਾਂ ਅਕਾਰ, ਪ੍ਰਯੋਜਨ, ਬਣਤਰ, ਤੱਤ, ਵਿਧੀ ਵਿਧਾਨ ਬਾਰੇ ਹੋਰ ਬਹੁਤ ਕੁੱਝ ਉਪਲੱਬਧ ਹੈ।

ਆਧੁਨਿਕਤਾ ਇਕ ਗਤੀਸ਼ੀਲ ਨਿਰੰਤਰਧਾਰਾ ਹੋਣ ਕਾਰਨ ਸਮੇਂ ਦੀ ਗਤੀ ਨਾਲ ਹੀ ਇਸ ਦੀ ਗਤੀ 'ਚੋਂ ਇਸ ਦਾ ਪ੍ਰਯੋਜਨ ਇਸ ਦੀ ਰੂਪ-ਰੇਖਾ, ਤੱਤ, Scop, ਕਾਰਜ ਪ੍ਰਣਾਲੀ, ਅਕਾਰ, ਪ੍ਰਵਿਰਤੀਆਂ ਅਤੇ ਸੀਮਾ ਸੰਭਾਵਨਾਵਾਂ ਦਾ ਖ਼ੁਲਾਸਾ ਹੁੰਦਾ ਹੈ। ਆਧੁਨਿਕਤਾ ਆਪਣਾ ਅੰਦਰ-ਬਾਹਰ, ਸੋਚ, ਦ੍ਰਿਸ਼ਟੀ ਆਪਣੀ ਗਤੀਸ਼ੀਲਤਾ 'ਚੋਂ ਉਤਪਣ ਕਰਦੀ ਹੈ। ਇਸ ਵਿਚਲੀ ਸਕਾਰਾਤਮਕਤਾ ਇਸ ਦਾ ਸੁਭਾਅ ਮਨੁੱਖਤਾ ਲਈ ਸੱਚ, ਸੁੰਦਰਤਾ, ਕਲਿਆਣ ਜਨਮਦਾ ਹੈ। ਆਪਣੇ ਵਿਕਾਸ 'ਤੇ ਗਤੀ ਦੀ ਪ੍ਰਾਪਤੀ ਆਧੁਨਿਕਤਾ ਆਪ ਹੈ।

ਕਿਸੇ ਕਾਵਿਕ ਮਨ ਦੀ ਦਾਰਸ਼ਨਿਕਤਾ ਵਿਗਿਆਨਕ ਤ੍ਰੈਕਾਲ ਮੁਖੀ ਤਰਕ ਤੇ ਜਜ਼ਬਾਤ ਦੇ ਸੰਤੁਲਨ ਦੀ ਮਨੁੱਖੀ ਕੇਂਦਰਿਤ ਅਭਿਵਿਅਕਤੀ ਆਧੁਨਿਕਤਾ ਹੈ। ਅਗਾਂਹਵਧੂ ਦ੍ਰਿਸ਼ਟੀਆਂ, ਚਿਰੰਜੀਵਤਾ ਅਤੇ ਜ਼ਿੰਦਗੀ ਨੂੰ ਸਮੇਂ ਦੇ ਸੰਦਰਭ ਵਿਚ ਤ੍ਰੈਕਾਲ ਯਥਾਰਥ ਪ੍ਰਦਾਨ ਕਰਨ ਦੀ ਸਾਧਨ ਸ਼ਕਤੀ ਆਧੁਨਿਕਤਾ ਹੈ। ਜਗਤ ਵਿਪਰੀਤ ਸੱਭ ਸੀਮਾ ਸੰਭਾਵਨਾਵਾਂ ਦੇ ਆਧੁਨਿਕਤਾ ਵਿਰੋਧ ਵਿਚ ਹੈ। ਜਿਸ ਦਾ ਕਾਰਨ ਆਧੁਨਿਕਤਾ ਦਾ ਮੂਲ ਰੂਪ ਵਿਚ ਜਗਤ ਹਿੱਤੂ ਹੋਣਾ ਹੈ।

ਪੁਰਾਤਨਤਾ 'ਚੋਂ ਜੋ ਨਵ-ਕਲੀਨ ਮਨੁੱਖ ਦਾ ਸੰਕਲਪ ਸਾਖਸ਼ਾਤ ਰੂਪ ਵਿਚ ਪਿਆ ਹੈ ਜਾਂ ਨਵੇਂ ਦ੍ਰਿਸ਼ਟੀਕੋਣਾਂ ਦੀਆਂ ਸੰਭਾਵਨਾਵਾਂ, ਸੰਕਲਪਾਂ ਤੇ

ਅਰਥਾਂ ਜਿਨ੍ਹਾਂ ਦੀ ਮਹੱਤਤਾ ਭੂਤ, ਭਵਿੱਖ, ਵਰਤਮਾਨ ਵਿਚ ਸਮਤਲ ਹੈ। ਉਸ ਸੰਕਲਪ ਦਾ ਯਥਾਰਥ ਆਧੁਨਿਕਤਾ ਹੈ। ਆਧੁਨਿਕ ਵਿਚਾਰਧਾਰਾ ਵਿਚ ਰੌਸ਼ਨੀ ਹੈ। ਨਵੇਂ ਸੂਰਜਾਂ, ਧਰਤੀਆਂ ਅਤੇ ਨਵੇਂ ਆਸਮਾਨਾਂ ਦਾ ਸੰਕਲਪ ਹੈ, ਜੋ ਅੱਜ ਹੈ। ਜਿਸ 'ਚੋਂ ਭੂਤ ਕੱਢ ਲਿਆਂ ਜਾਏ ਤਾਂ ਉਸ ਵਿਚ ਸਿਰਫ਼ ਵਰਤਮਾਨ ਹੀ ਬਚਦਾ ਹੈ। ਵਰਤਮਾਨ ਜੋ ਸੱਚ, ਸੁੰਦਰਤਾ, ਕਲਿਆਣ, ਨਾ ਕੋਈ ਵੈਰੀ ਨਾ ਹੀ ਬੈਗ਼ਾਨਾ, ਏਕ ਨੂਰ 'ਤੇ ਸਭ ਜਗ ਉਪਜਿਉ, ਸਾਂਝੀਵਾਲਤਾ, ਪਿਆਰ ਆਦਿ ਦੇ ਵਜੂਦ ਦਾ ਮੁਜ਼ਸਮਾ ਹੋਵੇ। ਉਸ ਅੱਜ ਵਰਗਾ ਆਧੁਨਿਕਤਾ ਦਾ ਰੰਗ-ਰੂਪ, ਜ਼ਮੀਰ-ਤਾਸੀਰ ਤੇ ਚਿਹਰਾ-ਮੋਹਰਾ ਹੈ।

ਆਧੁਨਿਕਤਾ ਦਾ ਸਫ਼ਰ ਲੋੜ ਅਨੁਸਾਰ ਮੁਕੰਮਲਤਾ ਤੱਕਦਾ ਹੈ। ਮਨੁੱਖੀ ਸੰਸਾਰ ਵਿਚ ਅੱਜ ਵੀ ਆਧੁਨਿਕ ਚੇਤਨਾ ਵਾਲੇ ਮਨੁੱਖ ਬਹੁਤ ਘੱਟ ਹਨ। ਮਨੁੱਖਾਂ ਨਾਲ ਤਾਂ ਦੁਨੀਆ ਭਰੀ ਹੈ ਪਰ ਮਨੁੱਖ ਕੋਈ ਵਿਰਲਾ-ਵਿਰਲਾ ਹੀ ਹੈ। ਆਦਿ ਕਾਲ ਤੋਂ ਹੁਣ ਤੱਕ ਆਧੁਨਿਕਤਾ ਦੇ ਸਫ਼ਰ ਵਾਲੇ ਮਨੁੱਖ ਨੇ ਆਪਣੇ-ਆਪ ਵਿਚ ਆਧੁਨਿਕ ਸੰਕਲਪ ਮਨੁੱਖ ਦੇ ਬੀਜ਼, ਬੀਜੇ ਹਨ। ਆਪਣੇ ਸਰੀਰ ਦੀ ਪ੍ਰਯੋਗਸ਼ਾਲਾ ਵਿਚ ਆਧੁਨਿਕ ਮਨੁੱਖ ਦੇ ਵਿਕਾਸ ਦਾ ਉਪਰਾਲਾ ਕੀਤਾ ਹੈ। ਉਸ ਵਿਚਾਰਧਾਰਾ ਦੀ ਰੂਪ-ਰੇਖਾ ਨੂੰ ਅਪਣਾਇਆ ਹੈ। ਜਿਸ ਦਾ ਆਗ਼ਮਨ 13ਵੀਂ 14ਵੀਂ ਸਦੀ ਵਿਚ ਯੂਰਪ ਵਿਚ ਹੋਇਆ ਅਤੇ ਜਿਸ ਦੀ ਪਰਿਭਾਸ਼ਾ ਅਤੇ ਰੂਪ-ਰੇਖਾ 19ਵੀਂ ਸਦੀ ਵਿਚ ਹੋਂਦ ਵਿਚ ਆਈ। "ਕਿ ਆਧੁਨਿਕਤਾ ਸਮੇਂ ਦੀ ਦਾਰਸ਼ਨਿਕਤਾ ਇਤਿਹਾਸਕ ਚੇਤਨਾ ਹੈ।" ਸਮੇਂ ਦੇ ਨਾਲ-ਨਾਲ ਮਨੁੱਖ ਨੇ ਆਪਣੇ ਵਿਚਲੇ ਆਧੁਨਿਕ ਮਨੁੱਖ ਦੇ ਹੋਂਦ ਦੀ ਵਿਕਾਸ ਗੁਣਾਂ ਅਤੇ ਪ੍ਰਵਿਰਤੀਆਂ ਦਾ ਜਾਇਜ਼ਾ ਲਿਆ। ਸਵੈ ਨਰੀਖਣ ਦੀ ਪ੍ਰਵਿਰਤੀ ਮਨੁੱਖ ਅੰਦਰ ਸਮੇਂ ਅਨੁਸਾਰ ਮਨੁੱਖੀ ਵਿਕਾਸ 'ਚੋਂ ਪੈਦਾ ਹੋਈ। ਮਨੁੱਖ ਨੇ ਇਸ ਸਮੇਂ ਦੌਰਾਨ ਕਈ ਵਾਰ ਆਪਣੇ-ਆਪ ਨੂੰ ਉਧੇੜਿਆ, ਢਾਇਆ, ਨਿਚੋੜਿਆ ਅਤੇ ਵਾਰ-ਵਾਰ ਆਧੁਨਿਕ ਮਨੁੱਖ ਦੀ ਪੁਨਰ ਸਿਰਜਣਾ ਆਪਣੇ-ਆਪ ਵਿਚ ਕੀਤੀ। ਮਨੁੱਖ ਦਾ ਇਹ ਸਿਲਸਿਲਾ ਅੱਜ ਤੱਕ ਟੁਰਿਆ ਆ ਰਿਹਾ ਹੈ। ਆਧੁਨਿਕ ਸਫ਼ਰ ਦਾ ਰਾਹੀ ਮਨੁੱਖ ਸੰਘਰਸ਼ ਵਿਚ ਜੁਟਿਆ ਰਿਹਾ ਹੈ। ਪਰ ਸਮੇਂ ਦੇ ਨਾਲ-ਨਾਲ ਜਦੋਂ ਆਧੁਨਿਕਤਾ 18ਵੀਂ ਸਦੀ ਦੇ Enlightment ਯੁੱਗ ਵਿਚ ਹੋਂਦ ਵਿਚ ਆਈ ਤਾਂ ਉਸ ਸਮੇਂ ਦੇ ਵਿਦਵਾਨਾਂ ਨੇ ਆਧੁਨਿਕਤਾ ਨੂੰ ਮਨੁੱਖ ਨਾਲੋਂ ਅਲੱਗ ਕਰਕੇ ਪਦਾਰਥਕ ਵਿਕਾਸ ਨਾਲ ਜੋੜ ਦਿੱਤਾ ਪਦਾਰਥ ਜੋ ਮਨੁੱਖੀ ਜੀਵਨ ਵਿਚ ਵਰਤੀ ਜਾਣ ਵਾਲੀ ਸਮੱਗਰੀ ਸੀ। ਇਸ ਸਮੇਂ ਦੇ ਵਿਦਵਾਨ ਨੇ ਮਨੁੱਖੀ ਵਿਕਾਸ ਨੂੰ ਜਿਸ ਨੂੰ ਮਨੁੱਖ ਨਵੀਨਤਾ ਪ੍ਰਾਪਤ ਕਰਨ ਦਾ ਵਰ ਸਮਝਦਾ ਸੀ। ਪਦਾਰਥਕ ਵਿਕਾਸ ਨੂੰ ਆਧੁਨਿਕਤਾ ਦਾ ਵਿਸ਼ਾ ਵਸਤੂ

ਗਰਦਾਨ ਕੇ ਮਨੁੱਖੀ ਵਰ ਨੂੰ ਮਨੁੱਖੀ ਸਰਾਪ ਵਿਚ ਢਾਲਣਾ ਆਰੰਭ ਕੀਤਾ। ਇੱਥੋਂ ਹੀ ਮਨੁੱਖੀ ਸ਼ਖ਼ਸੀਅਤ ਦੇ ਸਵੈ ਵਿਕਾਸ ਦਾ ਪਤਨ ਅਤੇ ਪਦਾਰਥਕ ਵਿਕਾਸ ਦਾ ਅਗ਼ਾਜ਼ ਹੁੰਦਾ ਹੈ।

ਦੂਜਾ ਜਦੋਂ 13ਵੀਂ 14ਵੀਂ ਸਦੀ ਵਿਚ ਆਧੁਨਿਕਤਾ ਦਾ ਇਤਿਹਾਸਕ ਮੁੱਢ ਬੱਝਦਾ ਹੈ, ਤਾਂ ਯੂਰਪ ਵਿਚ ਧਰਮ ਦਾ ਪਤਨ ਗਰਦਾਨਿਆ ਜਾਂਦਾ ਹੈ। ਧਰਮ ਦੇ ਫ਼ਲਸਫ਼ੇ ਨੂੰ ਜੋ ਅਹੋਂਦ ਸ਼ਕਤੀ ਨਾਲ ਸੰਬੰਧਿਤ ਹੈ। ਉਸ ਸ਼ਕਤੀ ਨੂੰ ਮੰਨਣਾ ਜਾਂ ਨਾ ਮੰਨਣਾ ਇੱਕ ਵੱਖਰੀ ਗੱਲ ਹੈ। ਪਰ Religion institution ਇੱਕ ਅਜਿਹਾ ਅਧਿਆਤਮਕ ਸਾਹਿਤ ਦਾ ਖ਼ਾਜ਼ਾਨਾ ਹੈ ਜੋ ਮਨੁੱਖ ਨੂੰ ਦੁਨੀਆ ਦੀ ਕਿਸੇ ਸੰਸਥਾ ਨਾਲੋਂ ਮਨੁੱਖੀ ਸਵੈ ਪ੍ਰਤੀ ਵਧੇਰੇ ਗਿਆਨ ਪ੍ਰਦਾਨ ਕਰਦਾ ਹੈ। ਮਨੁੱਖ ਨੂੰ ਆਪਣੇ ਸਵੈ ਜਾਣਨ ਲਈ ਧਾਰਮਿਕ ਫ਼ਲਸਫ਼ੇ ਦਾ ਉਹ ਗਿਆਨ ਜੋ ਰੱਬੀ ਹੋਂਦ ਤੋਂ ਅਲੱਗ ਹੈ। ਉਸ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਜੋ ਮਨੁੱਖੀ ਸਵੈ ਪ੍ਰਤੀ ਹੈ, ਸਰੀਰ ਪ੍ਰਤੀ, ਕ੍ਰਮ ਅਤੇ ਜੀਵਨ ਪ੍ਰਤੀ ਹੈ, ਜੀਵਨ ਜਾਂਚ ਪ੍ਰਤੀ ਹੈ। ਇਸ ਸਮੇਂ ਧਰਮ ਦਾ ਪਤਨ ਹੋਣ ਕਾਰਨ ਮਨੁੱਖ ਦਾ ਸਵੈ ਗਿਆਨ ਦਾ ਵਿਕਾਸ ਰੁੱਕ ਗਿਆ। ਮਨੁੱਖ ਆਪਣੇ-ਆਪ ਨੂੰ ਆਪਣੇ ਸਵੈ ਪ੍ਰਤੀ ਵਿਦਿਅਕ ਨਾ ਕਰ ਸਕਿਆ। ਆਧੁਨਿਕਤਾ ਦੇ ਸੰਦਰਭ ਵਿਚ ਪਦਾਰਥ ਜੋ ਚੇਤਨਾ ਰਹਿਤ ਹੈ, ਜਗਿਆਸਾ ਰਹਿਤ ਹੈ, ਵਿਕਾਸ ਦੇ ਸਿਖ਼ਰ 'ਤੇ ਪੁੱਜ ਗਿਆ ਕਿਉਂਕਿ ਪਦਾਰਥਕ ਵਿਕਾਸ ਪਿੱਛੇ ਉਸ ਸਮੇਂ ਦੇ ਵਿਦਵਾਨਾਂ Marx, Kant, Hegel, Nietzsche, Koslleck, Hanna Arednt ਅਤੇ Weber ਦਾ ਹੱਥ ਸੀ। ਇਨ੍ਹਾਂ ਵਿਦਵਾਨਾਂ ਨੇ ਮਨੁੱਖੀ ਵਿਕਾਸ ਨਾਲੋਂ ਪਦਾਰਥਕ ਵਿਕਾਸ ਦੀ ਆਧੁਨਿਕਤਾ ਦੇ ਸੰਦਰਭ ਵਿਚ ਵਧੇਰੇ ਲੋੜ ਸਮਝੀ। ਇਹ ਹੀ ਕਾਰਨ ਹੈ ਕਿ ਮਨੁੱਖੀ ਵਿਕਾਸ ਦੀ ਪਦਾਰਥਕ ਵਿਕਾਸ ਨਾਲੋਂ ਘਾਟ ਹੈ। ਅਜੋਕਾ ਮਨੁੱਖ ਵਿਗਿਆਨਕ ਮਨੁੱਖ ਤਾਂ ਹੈ ਪਰ ਆਧੁਨਿਕ ਮਨੁੱਖ ਨਹੀਂ। Modernity ਆਧੁਨਿਕਤਾ ਦਾ ਅਰਥ ਹੈ, ਮਨੁੱਖੀ ਜੀਵਨ ਵਿਚ ਵਰਤੀ ਜਾਣ ਵਾਲੀ ਸਮੱਗਰੀ। Modernism ਦਾ ਸੰਬੰਧ ਮਨੁੱਖ ਨਾਲ ਹੈ। Modern ਦਾ ਸੰਬੰਧ ਨਵੀਨਤਾ ਨਾਲ ਹੈ। ਇਨ੍ਹਾਂ ਤਿੰਨਾਂ ਲਫ਼ਜ਼ਾਂ ਦਾ ਵੱਖਰੇ-ਵੱਖਰੇ ਭਾਵ ਅਰਥਾਂ ਨਾਲ ਸੰਬੰਧ ਹੈ। Modernity ਦੀ ਪਰਿਭਾਸ਼ਾ ਦਾ ਸਿੱਧਾ ਸੰਬੰਧ ਹੀ ਪਦਾਰਥਕ ਸਮੱਗਰੀ ਨਾਲ ਸੀ ਅਤੇ ਹੈ। ਮਨੁੱਖਤਾ ਉਂਜ ਹੀ ਆਪਣੇ-ਆਪ ਦੀ ਸ਼ਖ਼ਸੀਅਤ ਨੂੰ ਆਧੁਨਿਕਤਾ ਨਾਲ ਜੋੜਦਾ ਆਇਆ ਹੈ ਅਤੇ 21ਵੀਂ ਸਦੀ ਤੱਕ ਆਧੁਨਿਕ ਹੋਣ ਦਾ ਭਰਮ ਪਾਲਦਾ ਆਇਆ ਹੈ। ਅਸਲ ਵਿਚ ਮਨੁੱਖ ਆਧੁਨਿਕ ਨਹੀਂ ਹੋਇਆ ਬਲਕਿ ਪਦਾਰਥਵਾਦੀ ਹੋਇਆ ਹੈ। ਮਨੁੱਖੀ ਸੰਦਰਭ ਵਿਚ ਭਾਵ ਮਨੁੱਖੀ ਆਪੇ ਲਈ Modern ਨਾਂ ਦੀ ਕੋਈ ਚੀਜ਼ ਨਹੀਂ।

Modernism ਭਾਵ ਆਧੁਨਿਕਵਾਦ ਹੋਂਦ ਵਿਚ ਆਇਆ, ਜਿਸ ਦਾ ਸੰਬੰਧ ਮਨੁੱਖੀ ਪ੍ਰਵਿਰਤੀਆਂ ਜਾਂ ਮਨੁੱਖ ਨਾਲ ਸੀ। ਪਰ ਵਿਕਸਤ ਨਹੀਂ ਹੋ ਸਕਿਆ। ਵਿਕਸਤ ਸਿਰਫ਼ Modernity ਆਧੁਨਿਕਤਾ ਹੋਈ ਹੈ ਜੋ ਪਦਾਰਥਵਾਦ ਦੇ ਵਿਕਾਸ ਦੀ ਪ੍ਰਤੱਖ ਪ੍ਰਤੀਕ ਹੈ।

ਪਦਾਰਥਕ ਵਿਕਾਸ ਦੇ ਪਰਸਪਰ ਜੇ ਮਨੁੱਖ ਦਾ ਵੀ ਵਿਕਾਸ ਹੁੰਦਾ ਤਾਂ ਅਜੋਕਾ ਮਨੁੱਖ ਵਿਗਿਆਨ ਮਨੁੱਖ ਦੀ ਥਾਂ ਆਧੁਨਿਕ ਮਨੁੱਖ ਹੁੰਦਾ। ਆਧੁਨਿਕ ਮਨੁੱਖ ਦਾ ਸੰਕਲਪ ਕਦੋਂ ਪੂਰਾ ਹੋਵੇਗਾ, ਇਹ ਤਾਂ ਸਮਾਂ ਹੀ ਦੱਸੇਗਾ। ਪਰ ਮੇਰੇ ਵਿਚਾਰ ਅਨੁਸਾਰ ਉਪਰੋਕਤ ਵਿਦਵਾਨਾਂ ਦਾ ਮਨੁੱਖ ਦੀ ਥਾਂ ਸਿਰਫ਼ ਪਦਾਰਥ ਨੂੰ ਆਧੁਨਿਕਤਾ ਦਾ ਵਿਸ਼ਾ ਸਵੀਕਾਰਨਾ ਸੰਤੁਲਨਤਾ ਦਾ ਧਾਰਨੀ ਨਹੀਂ। ਜੇ ਪਦਾਰਥ ਦੇ ਨਾਲ ਮਨੁੱਖੀ ਵਿਕਾਸ ਵੀ ਆਧੁਨਿਕਤਾ ਦਾ ਵਿਸ਼ਾ ਹੁੰਦਾ ਤਾਂ ਅੱਜ ਦੁਨੀਆ ਦੀ ਰੂਪ-ਰੇਖਾ ਕੁੱਝ ਹੋਰ ਹੋਣੀ ਸੀ। ਆਧੁਨਿਕਤਾ ਦੀਆਂ ਸੀਮਾ, ਸੰਭਾਵਨਾਵਾਂ ਦਾ ਆਦਿ ਤਾਂ ਹੈ ਪਰ ਅੰਤ ਕੋਈ ਨਹੀਂ। ਆਧੁਨਿਕਤਾ ਆਤਮ ਸੰਤੋਸ਼ ਦਾ ਸਫ਼ਰ ਨਹੀਂ, ਆਤਮ ਖੋਜ ਦਾ ਸਫ਼ਰ ਹੈ। ਇਸ ਸਫ਼ਰ ਦਾ ਕੋਈ ਅੰਤ ਨਹੀਂ ਹੈ। ਆਧੁਨਿਕਤਾ ਦਾ ਸੱਚ ਭੂਤ, ਵਰਤਮਾਨ ਅਤੇ ਭਵਿੱਖ ਵਿਚ ਸਮਤਲ ਰਹਿੰਦਾ ਹੈ। ਆਧੁਨਿਕਤਾ ਜੀਵਨ ਪ੍ਰਯੋਜਨ, ਜੀਵਨ ਧਰਾਤਲ ਅਤੇ ਜੀਵਨ ਦੇ ਆਦਿ, ਅੰਤ ਦੀ ਪ੍ਰਾਪਤੀ ਤੋਂ ਅਗੇਰੇ ਦਾ ਸਫ਼ਰ ਹੈ। ਕੋਈ ਵੀ ਮੰਜ਼ਿਲ ਆਧੁਨਿਕਤਾ ਦਾ ਅੰਤਿਮ ਪੜਾਅ ਨਹੀਂ ਹੈ। ਜਿੱਥੇ ਆਧੁਨਿਕਤਾ ਖੋਜੀ ਹੈ, ਉੱਥੇ ਜੀਵਨ ਨੂੰ ਸਿਆਣਪ ਪ੍ਰਦਾਨ ਵੀ ਕਰਦੀ ਹੈ। ਆਧੁਨਿਕਤਾ ਜਦ ਜੀਵਨ ਦਾ ਪ੍ਰਯੋਜਨ ਭਾਲਦੀ ਹੈ ਤਾਂ ਵਿਭਿੰਨ ਦ੍ਰਿਸ਼ਟੀਆਂ ਨੂੰ ਆਪਣਾ ਅਧਾਰ ਬਣਾਉਂਦੀ ਹੈ। ਆਪਣੇ ਲਕਸ਼ ਦੀ ਪ੍ਰਾਪਤੀ ਲਈ ਆਧੁਨਿਕਤਾ ਤਰਕਸ਼ੀਲ ਹੈ।

ਆਧੁਨਿਕਤਾ ਦੀ ਸੰਭਾਵਨਾ ਪਿੰਡ 'ਚੋਂ ਵਿਸ਼ਵ ਤੱਕ ਦੀ ਹੈ। ਵਿਸ਼ਵ ਪੱਧਰ 'ਤੇ ਮਨੁੱਖ ਦਾ ਰੰਗ, ਨਸਲ, ਜਾਤ-ਪਾਤ ਦੇ ਅਧਾਰ ਤੋਂ ਉੱਚਾ ਉੱਠ ਕੇ ਮਨੁੱਖ ਦਾ ਨਰੀਖਣ ਕਰਨਾ, ਆਧੁਨਿਕਤਾ ਦਾ ਮੂਲ ਤੱਤ ਹੈ। ਮਨੁੱਖੀ ਹੋਂਦ ਦੀ ਮਨੁੱਖੀ ਅਧਾਰ 'ਤੇ ਸਥਾਪਤੀ ਕਰਨੀ, ਆਧੁਨਿਕਤਾ ਦਾ ਧਰਮ ਹੈ। ਨਾ ਧਰਮ, ਨਾ ਨਸਲ ਦੇ ਅਧਾਰ 'ਤੇ ਨਿਆਏ ਕਰਨਾ ਆਧੁਨਿਕਤਾ ਦੀ ਰੁਚੀ ਹੈ। ਮੂਲ ਰੂਪ ਵਿਚ ਆਧੁਨਿਕਤਾ ਧਰਮ ਨਿਰਪੱਖ ਹੈ ਕਿਉਂਕਿ ਆਧੁਨਿਕਤਾ ਦਾ ਅਧਾਰ ਵਿਗਿਆਨ ਹੈ। ਅਜੋਕੇ ਜੀਵਨ ਨੂੰ ਆਧੁਨਿਕਤਾ ਵਿਗਿਆਨਿਕ ਦ੍ਰਿਸ਼ਟੀ ਤੋਂ ਵੇਖਦੀ ਹੈ। ਰੱਬੀ ਸੰਕਲਪ ਜਾਂ ਧਾਰਮਿਕਤਾ ਦਾ ਆਧੁਨਿਕਤਾ ਵਿਚ ਕੋਈ ਸਥਾਨ ਨਹੀਂ।

ਆਧੁਨਿਕਤਾ ਮਨੁੱਖੀ ਰਿਸ਼ਤਿਆਂ ਨੂੰ ਹੱਦਾਂ ਬੰਨਿਆਂ, ਕੰਧਾਂ ਵਲਗਣਾਂ ਦੀ ਸੀਮਤ ਦ੍ਰਿਸ਼ਟੀ ਤੋਂ ਨਹੀਂ ਵੇਖਦੀ। ਮਨੁੱਖੀ ਰਿਸ਼ਤੇ, ਮਨੁੱਖੀ ਸਾਂਝ, ਮਨੁੱਖ ਅਤੇ

ਮਨੁੱਖਤਾ ਵਿਚਲੀ ਇਕਾਈ ਆਧੁਨਿਕਤਾ ਦਾ ਮੂਲ ਅਧਾਰ ਹੈ। ਆਧੁਨਿਕਤਾ ਸੱਭ ਹੱਦਾਂ ਬੰਨੇ ਤੋੜ ਕੇ ਇੱਕ ਧਰਤ, ਇੱਕ ਆਸਮਾਨ, ਇੱਕ ਵਿਸ਼ਵ ਘਰ ਦਾ ਸੰਕਲਪ ਸਿਰਜਦੀ ਹੈ। ਜਿੱਥੇ ਵੱਖ-ਵੱਖ ਜਾਤੀਆਂ, ਨਸਲਾਂ, ਰੰਗਾਂ ਦੇ ਮਨੁੱਖ ਇੱਕ ਧਰਤੀ, ਇੱਕ ਆਸਮਾਨ ਹੇਠ ਵਿਸ਼ਵ ਘਰ ਦੇ ਵਿਹੜੇ ਵਿਚ ਮਨੁੱਖ ਬਣ ਕੇ ਰਹਿ ਸਕਣ। ਆਧੁਨਿਕਤਾ ਦੀ ਅੱਖ ਮਨੁੱਖਤਾ ਨੂੰ ਧਰਮੀ ਝਰੋਖੇ ਦੀ ਥਾਂ ਮਾਨਵੀ ਦ੍ਰਿਸ਼ਟੀਕੋਣ ਤੋਂ ਵੇਖਦੀ ਹੈ।

ਆਧੁਨਿਕਤਾ ਆਪਣੀ ਹੋਂਦ ਦੀ, ਆਪਣੇ ਸੱਚ ਦੀ ਤਲਾਸ਼ ਆਪ ਕਰਦੀ ਹੈ। ਆਪਣੇ ਲਹੂ 'ਚ ਟੁਰਦੀ ਹੈ। ਆਪਣੀਆਂ ਨਾੜੀਆਂ 'ਚ ਵਿਚਰਦੀ ਹੈ। ਆਪਣੇ ਅੰਦਰੋਂ ਆਪਣੇ ਦੁਆਲੇ 'ਚੋਂ ਉਸ ਸੱਚ ਦੀ ਭਾਲ ਕਰਦੀ ਹੈ, ਜੋ ਤ੍ਰੈਕਾਲ ਮੁਖੀ ਹੈ, ਜੋ ਸਦਾ ਸੱਚ ਹੈ, ਕਦੀ ਮੈਲ਼ਾ ਨਹੀਂ ਹੁੰਦਾ, ਚਾਹੇ ਉਸ ਸੱਚ ਨੂੰ ਸਮੇਂ ਦੇ ਆਦਿ, ਅੰਤ ਜਾਂ ਮੱਧ 'ਚ ਵੇਖਿਆ ਜਾਏ, ਉਹ ਸੱਚ ਹਮੇਸ਼ਾ ਇੱਕੋ ਜਿਹਾ ਰਹਿੰਦਾ ਹੈ। ਆਧੁਨਿਕਤਾ ਬੁਨਿਆਦੀ ਤੌਰ 'ਤੇ ਇਤਿਹਾਸਿਕ ਸਮੇਂ ਦੀ ਦਾਰਸ਼ਨਿਕ ਚੇਤਨਾ ਹੈ। ਇਸ ਲਈ ਇਹ ਸੱਭ ਉਸ ਲਈ ਸੰਭਵ ਹੈ।

ਆਧੁਨਿਕਤਾ ਜੀਵਨ ਪ੍ਰਯੋਜਨ, ਜੀਵਨ ਵਿਚਰਨ ਧਰਾਤਲ ਦੇ ਆਦਿ, ਅੰਤ ਵੱਲ ਤੀਬਰਤਾ ਨਾਲ ਸੰਤੁਲਨ ਅਤੇ ਸੰਜ਼ਮਮਈ ਵੇਗਸ਼ੀਲਤਾ ਵਿਚ ਰਹਿੰਦੀ ਹੈ। ਇਸ ਪੱਖੋਂ ਆਧੁਨਿਕਤਾ ਜੀਵਨ ਵਿਕਾਸ ਦੇ ਯਥਾਰਥ ਦੀ ਧਾਰਨੀ ਹੈ। ਅਜੋਕੀ ਵਿਗਿਆਨਕਤਾ ਮਨੁੱਖ ਨੂੰ ਗਿਆਨ ਅਤੇ ਰੌਸ਼ਨੀ ਤਾਂ ਦਿੰਦੀ ਹੈ ਪਰ ਸਿਆਨਫਤਾ ਪ੍ਰਦਾਨ ਨਹੀਂ ਕਰਦੀ। ਇਸ ਗਿਆਨ ਅਤੇ ਰੌਸ਼ਨੀ ਸਦਕਾ ਮਨੁੱਖ ਜਦ ਵਿਗਿਆਨਕ ਉਪਲੱਬਧੀਆਂ ਦੀ ਪ੍ਰਾਪਤੀ ਕਾਰਨ ਬਹੁਤ ਸ਼ਕਤੀਸ਼ਾਲੀ ਹੋ ਜਾਂਦਾ ਹੈ, ਤਾਂ ਆਪਣੀ ਤਾਕਤ ਦਾ ਗਲਤ ਇਸਤੇਮਾਲ ਕਰਦਾ ਹੈ। ਦੁਨੀਆ ਦੇ ਸਾਹਮਣੇ ਅਮਰੀਕਾ ਦੀ ਮਿਸਾਲ ਹੈ। ਜੋ ਦੁਨੀਆ ਦਾ ਵਿਗਿਆਨਿਕ ਅਧਾਰ 'ਤੇ ਸੱਭ ਤੋਂ ਤਾਕਤਵਰ ਮੁਲਕ ਹੈ, ਆਪਣੀ ਤਾਕਤ ਦੀ ਦੁਨੀਆ ਦਾ ਵਿਸ਼ਵ ਸੰਦਰਭ ਵਿਚ ਗਲਤ ਵਰਤੋਂ ਕਰਦਾ ਹੈ। ਮਨੁੱਖੀ ਹੱਕਾਂ ਤੇ ਮਨੁੱਖੀ ਅਜ਼ਾਦੀ ਖਿਲਾਫ਼ ਜੰਗ ਵਿਚ ਵਿਸ਼ਵਾਸ ਰੱਖਦਾ ਹੈ ਕਿਉਂਕਿ ਗਿਆਨ਼ਵਾਨ ਹੁੰਦਿਆ ਹੋਇਆ ਵੀ ਸਿਆਣਫਹੀਣ ਹੈ। ਇਹੀ ਗੱਲ ਅਜੋਕੀ ਵਿਦਿਅਕ ਪ੍ਰਣਾਲੀ ਦੀ ਹੈ। ਜੋ ਸਿਰਫ਼ ਗਿਆਨ 'ਤੇ ਰੌਸ਼ਨੀ ਪ੍ਰਦਾਨ ਕਰਦੀ ਹੈ। ਪਰ ਸਿਆਣਫ ਪੱਖੋਂ ਸੱਖਣੀ ਹੈ। ਆਧੁਨਿਕਤਾ ਦਾ ਸਵੈ ਪਦਾਰਥਕ ਵਿਕਾਸ ਹੈ। ਪਦਾਰਥਕ ਵਿਕਾਸ ਆਧੁਨਿਕਤਾ ਦਾ ਸੱਚ ਅਤੇ ਹੋਂਦ ਹੈ। ਪਰ ਇਹ ਪਦਾਰਥਕ ਵਿਕਾਸ ਕੁਦਰਤੀ ਢੰਗ ਨਾਲ ਹੋਣਾ ਲਾਜ਼ਮੀ ਹੈ, ਕਿਉਂਕਿ ਆਧੁਨਿਕ ਵਿਕਾਸ ਦੀ ਪ੍ਰਾਪਤੀ ਦੀ ਵਰਤੋਂ ਜਦ ਮਨੁੱਖ ਕਰੇ ਤਾਂ ਇਹ ਸੁਭਾਵਿਕ ਅਤੇ ਕੁਦਰਤੀ ਹੋਵੇ।

ਆਧੁਨਿਕਤਾ ਮਨੁੱਖ ਦੇ ਵਿਚਾਰਨ ਧਰਾਤਲ 'ਤੇ ਵਿਚਾਰ ਕਰਦਿਆ ਵਿਗਿਆਨ ਦਰਸ਼ਨ ਅਤੇ ਤਰਕ ਨੂੰ ਅਧਾਰ ਬਣਾਉਂਦੀ ਹੈ। ਮਨੁੱਖ ਦੇ ਵਿਚਰਨ ਧਰਾਤਲ 'ਚੋਂ ਉਪਜੇ ਪ੍ਰਭਾਵ ਅਤੇ ਪ੍ਰਤੀਕਰਮ ਸਾਰਥਕ ਹਨ ਜਾਂ ਉਲਾਰੂ ਹਨ। ਉਨ੍ਹਾਂ ਪ੍ਰਤੀ ਨਿਰਣਾ ਵਿਗਿਆਨਿਕ ਪ੍ਰਯੋਗ ਦੇ ਅਧਾਰ 'ਤੇ ਕਰਦੀ ਹੈ। ਮਨੁੱਖ ਆਪਣੇ ਦੁਆਲੇ ਪ੍ਰਤੀ ਕਿੰਨ੍ਹਾ ਕੁ Positive ਰੱਵਈਆ ਰੱਖਦਾ ਹੈ। ਸਮਾਜ ਪ੍ਰਤੀ ਉਸਦਾ ਰੋਲ ਉਸਾਰੂ ਹੈ ਜਾਂ ਨਹੀਂ ਇਸ ਦਾ ਨਿਰਣਾ ਵਿਗਿਆਨਿਕ ਆਲੋਚਨਾਤਮਕ ਦ੍ਰਿਸ਼ਟੀ ਤੋਂ ਕਰਦੀ ਹੈ। ਆਧੁਨਿਕ ਚੇਤਨਾ ਵਿਗਿਆਨਿਕ ਸ਼ਕਤੀ ਨੂੰ ਸੂਝ ਸਿਆਣਫ ਤੇ ਮਨੁੱਖਤਾ ਦੇ ਹਿੱਤਾਂ ਲਈ ਵਰਤਣ ਦੀ ਲਖਾਇਕ ਹੈ।

ਆਧਨਿਕਤਾ ਦੀ ਸੀਮਾ ਭਾਵ Scope ਵਿਅਕਤੀਗਤ ਤੋਂ ਸਮੂਹ ਤੱਕ ਹੈ। ਪਿੰਡ ਤੋਂ ਵਿਸ਼ਵ ਤੱਕ ਹੈ। ਆਧੁਨਿਕਤਾ ਮਨੁੱਖਤਾ 'ਚੋਂ ਮਨੁੱਖੀ ਇਕਾਈ ਅਤੇ ਮਨੁੱਖੀ ਇਕਾਈ 'ਚੋਂ ਸਰਵ ਵਿਆਪਕ ਮਨੁੱਖਤਾ ਵੇਖਦੀ ਹੈ। ਆਧੁਨਿਕਤਾ ਆਪਣੇ-ਆਪ 'ਚ ਬੇਸ਼ੱਕ ਧਰਮ ਨਿਰਪੱਖ ਹੈ। ਪਰ ਇਸ ਦਾ ਦਾਇਰਾ ਇੰਨ੍ਹਾ ਵਿਸ਼ਾਲ ਹੈ ਕਿ ਵਸਤੂ ਸੰਸਾਰ ਤੋਂ ਅੱਗੇ ਇਹ ਆਧਿਆਤਮਿਕ ਸੰਸਾਰ ਨੂੰ ਵੀ ਆਪਣੇ ਘੇਰੇ ਵਿਚ ਲੈਂਦੀ ਹੈ। ਆਧੁਨਿਕਤਾ ਦਾ ਮੂਲ ਤੱਤ ਹੈ ਕਿ ਇਹ ਆਤਮ ਸੰਤੋਸ਼ ਦੀ ਨਹੀਂ ਬਲਕਿ ਆਤਮ ਖੋਜ ਦੀ ਵਿਚਾਰਧਾਰਾ ਹੈ। ਇਸ ਲਈ ਅਧਿਆਤਮਿਕ ਪੱਖੋਂ ਮੌਤ ਤੋਂ ਪਿਛਲੇਰੇ ਜੀਵਨ ਦੀ ਖੋਜ ਦੀ ਧਾਰਨੀ ਵੀ ਹੈ। ਜੀਵਨ ਜੋ ਮੌਤ ਤੋਂ ਪਹਿਲਾਂ ਵੀ ਹੈ ਅਤੇ ਪਿੱਛੋਂ ਵੀ ਹੈ। ਜੀਵਨ ਜਿੱਡਾ ਹੀ ਆਧੁਨਿਕਤਾਂ ਦਾ ਘੇਰਾ ਹੈ। ਪਰ ਆਧਿਆਤਮਿਕ ਜੀਵਨ ਪ੍ਰਤੀ ਆਧੁਨਿਕਤਾ ਦੀ ਖੋਜ ਦਾ ਅਧਾਰ ਵਿਗਿਆਨਿਕ ਹੈ ਕਿਉਂਕਿ ਮਨੁੱਖੀ ਹੋਂਦ ਦੀ ਤਲਾਸ਼ ਦਾ ਜਿੱਥੇ ਇੱਕ ਸਿਰਾ ਵਸਤੂ ਸੰਸਾਰ ਨਾਲ ਜੁੜਿਆ ਹੈ, ਦੂਜਾ ਸਿਰਾ ਆਧਿਆਤਮਕਤਾ ਨਾਲ ਵੀ ਜੁੜਿਆ ਹੈ ਕਿਉਂਕਿ ਆਧੁਨਿਕਤਾ ਅਤੇ ਆਧਿਆਤਮਕਤਾ ਦਾ ਸੱਚ ਸਾਂਝਾ ਹੈ। ਦੋਹਾਂ ਦਾ ਸੱਚ ਜਗਤ ਹਿੱਤੂ ਹੈ। ਅਧਿਅਤਮਕਵਾਦ ਵਿਚ ਜੀਵਨ ਦਾ ਪ੍ਰਯੋਜਨ ਸਪੱਸ਼ਟ ਰੂਪ ਵਿਚ ਦਰਸਾਇਆ ਗਿਆ ਹੈ। ਆਧਿਆਤਮਕਤਾ ਅਨੁਸਾਰ ਮਨੁੱਖੀ ਜੀਵਨ ਦਾ ਮੰਤਵ ਹੈ ਕਿ ਮਨੁੱਖ ਆਪਣੇ ਸਵੈ ਨੂੰ ਜਿਉਂਦੇ ਜੀਅ ਹੀ ਜਾਣੇ। ਇਸ ਸਵੈ ਸੱਚ ਨੂੰ ਜਾਣਕੇ ਹੀ ਅਧਿਆਤਮਕ ਪਾਂਧੀ ਆਪਣਾ ਜੀਵਨ ਪ੍ਰਯੋਜਨ ਪੂਰਾ ਕਰਦਾ ਹੈ। ਅਸਲ ਵਿਚ ਇਹ ਕੁਦਰਤੀ ਜੀਵਨ ਦਾ ਪ੍ਰਯੋਜਨ ਹੈ। ਜਿਸ ਨੂੰ ਜਾਣ ਕੇ ਮਨੁੱਖ ਜਗਤ ਹਿੱਤੂ ਵਿਚਾਰਧਾਰਾ ਦਾ ਸਾਧਨ ਬਣਦਾ ਹੈ। ਸੰਸਾਰ ਹਿੱਤੂ ਹੋਣਾ ਸੱਚ, ਸੁੰਦਰਤਾ ਅਤੇ ਕਲਿਆਣ ਹਿੱਤੂ ਹੋਣਾ ਹੈ। ਸੱਚ, ਸੁੰਦਰਤਾ ਅਤੇ ਕਲਿਆਣ ਦਾ ਯਥਾਰਥ ਮਨੁੱਖ ਲਈ ਮਨੁੱਖੀ ਸਵੈ ਨੂੰ ਜਾਣਨ ਵਿਚ ਹੈ। ਇਸ

ਪੱਖ ਤੋਂ ਆਧੁਨਿਕਤਾ ਜੋ Kant ਅਨੁਸਾਰ ਬੁਨਿਆਦੀ ਤੌਰ 'ਤੇ ਜਗਤ ਹਿੱਤੂ ਹੈ। ਆਧੁਨਿਕਤਾ ਅਤੇ ਅਧਿਆਤਮਕਤਾ ਦੀ ਸਾਂਝ ਦਾ ਵੀ ਪ੍ਰਗਟਾਅ ਹੈ। ਸੱਚ, ਸੁੰਦਰਤਾ ਅਤੇ ਕਲਿਆਣ ਬ੍ਰਹਮੀ ਗੁਣ ਵੀ ਹਨ। ਜਗਤ ਹਿੱਤੂ ਦੀ ਪ੍ਰਾਪਤੀ ਲਈ ਜੋ ਸਫ਼ਰ ਅਧਿਆਤਮਕ ਮਨੁੱਖ ਨੂੰ ਕਰਨਾ ਪੈਂਦਾ ਹੈ। ਉਹ ਸਫ਼ਰ ਹੀ ਆਧੁਨਿਕ ਮਨੁੱਖ ਨੂੰ ਕਰਨਾ ਪੈਂਦਾ ਹੈ। ਇਸ ਪ੍ਰਕਾਰ ਆਧੁਨਿਕਤਾ ਦੀਆਂ ਸੀਮਾਵਾਂ, ਸੰਭਾਵਨਾਵਾਂ ਮੌਤ ਤੋਂ ਪਿੱਛਲੇਰੇ ਜੀਵਨ ਦੇ ਸਫ਼ਰ ਦੇ ਹਵਾਲੇ ਤੱਕ ਹਨ। ਇਸ ਲਈ ਆਧੁਨਿਕਤਾ ਚੇਤਨਾ 'ਚ ਸਮੁੰਦਰਾਂ ਦੇ ਸਮੁੰਦਰ, ਬ੍ਰਹਮੰਡਾਂ ਦੇ ਬ੍ਰਹਮੰਡ, ਖਲਾਅ, ਧਰਤੀਆਂ, ਆਕਾਸ਼, ਪਤਾਲ ਅਤੇ ਕਈ ਤਾਰਕ ਮੰਡਲ ਸਮਾਏ ਹੋਏ ਹਨ। ਆਧੁਨਿਕਤਾ ਵਰਤਮਾਨ, ਭੂਤ, ਭਵਿੱਖ ਤੱਕ ਹੀ ਸੀਮਤ ਨਹੀਂ ਸਗੋਂ ਇਸ ਤੋਂ ਵੀ ਅਗੇਰੇ ਸਮੇਂ ਦੀ ਅੰਤ ਰਹਿਤ ਨਿਰੰਤਰਤਾ ਦਾ ਧਾਰਨੀ ਹੈ। ਪਰ ਵਿਗਿਆਨਿਕ ਦ੍ਰਿਸ਼ਟੀਕੋਣ ਦੇ ਅਧਾਰ 'ਤੇ।

ਆਧੁਨਿਕਤਾ ਵਿਗਿਆਨ, ਗਿਆਨ, ਦਰਸ਼ਨ, ਬੌਧਿਕਤਾ, ਜਜ਼ਬਾਤ ਅਤੇ ਤਰਕ ਦੀ ਮਿਸ਼ਰਤ ਧਾਰਾ ਹੈ। ਵਧੇਰੇ ਵਿਗਿਆਨਿਕ ਅਤੇ ਤਰਕਸ਼ੀਲ ਆਧੁਨਿਕ ਮਨੁੱਖ ਜੋ ਵੀ ਦੁਆਲੇ ਵੇਖਦਾ ਹੈ ਜਾਂ ਜਿਸ ਦੁਆਲੇ ਵਿਚ ਵਿਚਰਦਾ ਹੈ। ਉਸ ਨੂੰ ਗਿਆਨ ਰੂਪ ਵਿਚ ਸਵੀਕਾਰ ਕਰਦਾ ਹੈ। ਇਸ ਗਿਆਨ ਰੂਪ ਸਮੱਗਰੀ ਨੂੰ ਉਹ ਆਪਣੀ ਮਾਨਸਿਕਤਾ ਦੀ ਪ੍ਰਯੋਗਸ਼ਾਲਾ 'ਚ ਉਸ ਪ੍ਰਾਪਤ ਕੀਤੇ ਗਿਆਨ ਨੂੰ ਪ੍ਰਯੋਗ ਕੇ ਉਸ ਵਿਚਲੀ Positivity, ਨਿਰੰਤਰਤਾ, ਅਸਲੀਅਤ ਅਤੇ ਸੁਭਾਆ ਨੂੰ ਜੀਵਨ ਦਾ ਅੰਗ ਬਣਾਉਂਦਾ ਹੈ। ਇਸ ਚਿਰੰਜੀਵ ਅਭਿਆਸਕ ਸੱਚ ਦੀ ਹੋਂਦ ਭੂਤ, ਵਰਤਮਾਨ ਅਤੇ ਭਵਿੱਖ ਵਿਚ ਸਥਾਪਿਤ ਕਰਦਾ ਹੈ। ਇਹ ਅਭਿਆਸਕ ਕਾਰਜ ਪ੍ਰਣਾਲੀ ਮਨੁੱਖੀ ਸੋਚ ਨੂੰ ਤ੍ਰੈਕਾਲ ਮੁੱਖਤਾ ਪ੍ਰਦਾਨ ਕਰਦੀ ਹੈ। ਦਰਸ਼ਨ ਅਤੇ ਗਿਆਨ 'ਤੇ ਅਧਾਰਤ ਜੀਵਨ ਦ੍ਰਿਸ਼ਟੀਕੋਣ ਜੀਵਨ ਵਿਚ ਸੁੰਤਲਨ ਸੰਜ਼ਮ ਦੇ ਨਾਲ-ਨਾਲ ਕੁਦਰਤੀ ਤੇ ਸੁਭਾਵਿਕ ਵੇਗ ਪ੍ਰਦਾਨ ਕਰਦਾ ਹੈ। ਆਧੁਨਿਕਤਾ ਇਸੇ ਦ੍ਰਿਸ਼ਟੀਕੋਣ ਦੇ ਅਧਾਰ 'ਤੇ ਨਾ ਵਾਦੀ ਪ੍ਰਵਿਰਤੀਆਂ ਜੋ ਅਸਲ ਵਿਚ ਮਨੁੱਖੀ ਊਰਜਾ ਹਨ। ਉਨ੍ਹਾਂ ਨੂੰ ਹਾਂ ਵਾਦੀ ਰੂਪ ਵਿਚ ਬਦਲਦੀ ਹੈ ਕਿਉਂਕਿ ਆਧੁਨਿਕਾਤਾ ਕੁਕਨੂਸੀ ਮਿੱਥਿਅਕ ਕਥਾ ਨਹੀਂ ਸਗੋਂ ਮਨੁੱਖੀ ਇਤਿਹਾਸ ਦੇ ਵਿਚਰਨ ਧਰਾਤਲ ਦੀ ਉਪਜ ਹੈ। ਦੁਨੀਆ ਦੀ ਉਤਕ੍ਰਿਸ਼ਟ ਅਤੇ ਦੁਰਲੱਭ ਵਿਚਾਰਧਾਰਾ ਹੈ। ਇਸ ਦਾ ਮੁੱਢ ਤੇ ਵਿਕਾਸ ਗਿਆਨ ਦਰਸ਼ਨ ਅਤੇ ਵਿਗਿਆਨਿਕ ਯਥਾਰਥ ਹੈ। ਆਧੁਨਿਕਤਾ ਨਿਰੰਤਰ ਵਿਕਾਸ ਦੀ ਪਾਠਸ਼ਾਲਾ ਹੈ ਅਤੇ ਮਨੁੱਖੀ ਊਰਜਾ ਦਾ ਸੋਮਾ ਹੈ।

ਆਧੁਨਿਕਤਾ ਜੀਵਨ ਨੂੰ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਦੀ ਪ੍ਰਵਿਰਤੀ ਹੈ। ਜੀਵਨ ਸੰਤੁਲਨ ਦਾ ਅਧਾਰ ਹੈ ਤਾਂ ਕਿ ਜੀਵਨ ਦੀ ਗਤੀ ਕੁਦਰਤੀ ਅਤੇ ਸੁਭਾਵਿਕ ਰਹੇ। ਉਸ ਵਿਚ ਉਲਾਰ ਦੀ ਸੰਭਾਵਨਾ ਨਾ ਰਹੇ। ਆਧੁਨਿਕਤਾ ਜੀਵਨ ਦੇ ਇੰਨ੍ਹਾ ਕਰੀਬ ਹੋਣ ਦਾ ਅਹਿਸਾਸ ਹੈ ਕਿ ਜੀਵਨ ਤੇ ਆਧੁਨਿਕਤਾ ਇਕਮਿਕ ਹੋਈ ਪ੍ਰਵਿਰਤੀ ਦਾ ਰੂਪ ਧਾਰ ਲੈਂਦੇ ਹਨ। ਹੱਦਾਂ ਬੰਨਿਆਂ ਤੋਂ ਪਰੇ ਕੁਦਰਤੀ ਸੋਮਿਆਂ ਦੀ ਤਕਸੀਮ ਤੋਂ ਅਲੱਗ ਸਰਵ ਸਾਂਝੇ ਸੰਸਾਰ ਦਾ ਜਿਸ ਦਾ ਅਧਾਰ ਸਿਰਫ਼ ਮਨੁੱਖ ਹੋਵੇ ਦਾ ਸੰਕਲਪ ਸਿਰਜਦੀ ਹੈ। ਜੀਵਨ ਸੱਚ ਦਾ ਅਸਲ ਪ੍ਰਗਟਾਅ ਕਰਦੀ ਹੈ। ਜੀਵਨ ਸੱਚ ਦੀ ਹੋਂਦ, ਜੀਵਨ ਵਿਚਲੀ ਕਾਰਜ ਪ੍ਰਣਾਲੀ, ਜੀਵਨ ਦੀਆਂ ਰਗਾਂ ਵਿਚ ਦੌੜਦੇ ਲਹੂ ਦੀ ਪਹਿਚਾਣ ਦੀ ਲਖਾਇਕ ਹੈ। ਆਧੁਨਿਕ ਮਨੁੱਖ ਜੀਵਨ ਬਤੀਤੀ ਵਿਚ ਬੋਧ 'ਤੇ ਅਧਾਰਿਤ ਰਹਿੰਦਾ ਹੈ ਤਾਂ ਕਿ ਉਸ ਦੇ ਕਰਮਾ ਦਾ ਫੱਲ ਜੀਵਨ ਹਿੱਤੂ ਹੋਵੇ। ਜੀਵਨ ਦੀ ਸੁਰੱਖ਼ਸ਼ਾ ਇਕਾਈ ਤੇ ਸੇਧ ਦਾ ਮੂਲ ਅਧਾਰ ਆਧੁਨਿਕਤਾ ਹੈ। ਘਸੇ ਪਿਟੇ ਸੰਸਕਾਰਾਂ, ਰਸਮਾਂ, ਰੀਤਾਂ, ਰਿਵਾਜ਼ਾਂ ਜਿਨ੍ਹਾਂ ਦਾ ਜੀਵਨ ਵਿਚ ਕੋਈ ਮੁੱਲ ਨਹੀਂ, ਉਨ੍ਹਾਂ ਦੀ ਅਨੁਕੂਲਤਾ ਕਾਇਆ ਕਲਪ ਕਰਨਾ ਅਤੇ ਜੀਵਨ ਪ੍ਰਤੀ ਇਨ੍ਹਾਂ 'ਚ ਸ਼ਕਤੀ ਪੈਦਾ ਕਰਨੀ ਆਧੁਨਿਕਤਾ ਦਾ ਮੂਲ ਮਕਸਦ ਹੈ, ਤਾਂ ਕਿ ਮਨੁੱਖ ਤੰਦਰੁਸਤ, ਖ਼ੁਸ਼ਹਾਲ ਅਤੇ ਆਪਣੀ ਮਰਜ਼ੀ ਅਨੁਸਾਰ ਜੀਵਨ ਜੀਅ ਸਕੇ। ਮਨੁੱਖ ਦੇ ਵਰਤਮਾਨ ਅਤੇ ਭਵਿੱਖ ਵਿਚ ਨਵੇਂ ਸੂਰਜਾਂ ਦਾ ਅਗਾਜ਼ ਕਰਨਾ ਆਧੁਨਿਕਤਾ ਦਾ ਟੀਚਾ ਹੈ।

ਆਧੁਨਿਕਤਾ ਕਿਸ ਪ੍ਰਕਾਰ ਦੇ ਆਧੁਨਿਕ ਮਨੁੱਖ ਦਾ ਸੰਕਲਪ ਸਿਰਜਦੀ ਹੈ। ਇਸ ਪ੍ਰਤੀ ਲਿਖਤੀ ਰੂਪ ਵਿਚ ਬਹੁਤ ਕੁੱਝ ਤਾਂ ਪ੍ਰਾਪਤ ਨਹੀਂ ਹੈ। ਪਰ ਆਧੁਕਿਤਾ ਦੇ ਵਿਕਾਸ ਦੇ ਅਧਾਰ 'ਤੇ ਮਨੁੱਖੀ ਸੰਕਲਪ ਬਾਰੇ ਜਾਣਿਆ ਜਾ ਸਕਦਾ ਹੈ। ਆਧੁਨਿਕਤਾ ਦੇ ਵਿਕਾਸ ਅਨੁਸਾਰ ਉਸ ਮਨੁੱਖ ਵਿਚ ਮਨੁੱਖਤਾ ਦੇ ਗੁਣ ਹੋਣ ਜੋ ਆਧੁਨਿਕਤਾ ਵਾਂਗ ਜਗਤ ਹਿੱਤੂ, ਧਰਮ ਨਿਰਪੱਖ, ਆਤਮ ਸੰਤੋਸ਼ ਦੀ ਥਾਂ ਆਤਮ ਖੋਜ ਦਾ ਧਾਰਨੀ ਹੋਵੇ। ਪ੍ਰਯੋਗਸ਼ੀਲ ਵਰਤਮਾਨ ਸਮੇਂ ਦਾ ਮੁਦੱਈ ਅਤੇ ਤ੍ਰੈਕਾਲ ਮੁੱਖ ਪ੍ਰਵਿਰਤੀ ਦਾ ਧਾਰਨੀ ਹੋਵੇ। ਜਿਸ ਮਨੁੱਖ ਦੀ ਸ਼ਖ਼ਸੀਅਤ ਆਧੁਨਿਕਤਾ ਦਾ ਯਥਾਰਥਕ ਪ੍ਰਤੀਕ ਹੋਵੇ, ਜੋ ਸੱਚ, ਸੁੰਦਰਤਾ, ਕਲਿਆਣ ਸਬਰ-ਸੰਤੋਖ, ਪਿਆਰ, ਸਾਂਝੀਵਾਲਤਾ ਤੇ ਤਿਆਗ ਦੀ ਮੂਰਤੀ ਹੋਵੇ। ਜਿਸ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਵਿਗਿਆਨਿਕ ਅਤੇ ਸੋਚ ਮਨੁੱਖ ਵਾਦੀ ਹੋਵੇ। ਜੋ ਏਕ ਨੂਰ 'ਤੇ ਸਭ ਜਗ ਉਪਜਿਉ, ਨਾ ਕੋਈ ਵੈਰੀ ਨਾ ਕੋਈ ਬੇਗ਼ਾਨਾ, ਸਰਬਤ ਦੇ ਭਲੇ ਤੇ ਵੰਡ ਛੱਕਣ ਦੇ ਸਿਧਾਂਤਾਂ ਦਾ ਧਾਰਨੀ ਹੋਵੇ। ਜਾਤ-ਪਾਤ, ਰੰਗ, ਨਸਲ ਤੋਂ ਉੱਪਰ ਹੋਵੇ। ਜਿਸ ਦੀ ਸੋਚ

ਤ੍ਰੈਕਾਲ ਮੁਖੀ ਤੇ ਵਿਚਰਨ ਧਰਾਤਲ ਮਨੁੱਖਤਾ ਅਨੁਕੂਲ ਹੋਵੇ। ਜੋ ਸੰਕਲਪ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਦਾ ਹੈ। ਉਸ ਨਾਲ ਮਿਲਦਾ-ਜੁਲਦਾ ਮਨੁੱਖੀ ਸੰਕਲਪ ਆਧੁਨਿਕਤਾ ਦਾ ਹੈ। ਜੇ ਆਧੁਨਿਕਤਾ ਪਦਾਰਥਕ ਵਿਕਾਸ ਦਾ ਸਪੱਸ਼ਟ ਰੂਪ ਵਿਚ ਪ੍ਰਤੀਕ ਹੈ। ਦੁਬਿਧਾ ਸਿਰਫ਼ ਇਸ ਗੱਲ ਦੀ ਪੈਦਾ ਹੋਈ ਕਿ ਆਧੁਨਿਕਤਾ ਦੀ ਪਰਿਭਾਸ਼ਾ ਦੇ ਅਧਾਰ 'ਤੇ ਵਿਕਾਸ ਸਿਰਫ਼ ਪਦਾਰਥ ਦਾ ਹੋਇਆ ਹੈ। ਬੇਸ਼ੱਕ ਆਧੁਨਿਕਤਾ ਦਾ ਸਿੱਧਾ ਸੰਬੰਧ ਮਨੁੱਖੀ ਜੀਵਨ ਵਿਚ ਵਰਤੀ ਜਾਣ ਵਾਲੀ ਸਮੱਗਰੀ ਹੈ, ਜਿਸ ਦਾ ਮੂਲ ਰੂਪ ਪਦਾਰਥ ਹੈ ਪਰ ਅਸਲ ਰੂਪ ਵਿਚ ਇਸ ਸਮੱਗਰੀ ਦੀ ਵਰਤੋਂ ਕਰਨ ਵਾਲਾ ਤਾਂ ਮਨੁੱਖ ਹੈ, ਜੋ ਆਧੁਨਿਕਤਾ ਦੇ ਵਿਕਾਸ 'ਚੋਂ ਮਨਫ਼ੀ ਹੈ ਜਿਸ ਮਨੁੱਖ ਲਈ ਇਹ ਪਦਾਰਥਕ ਵਿਕਾਸ ਕੀਤਾ ਗਿਆ ਹੈ। ਜੇ ਉਹ ਮਨੁੱਖ ਹੀ ਜੀਵਨ 'ਚੋਂ ਅਲੋਪ ਹੈ ਤਾਂ ਉਸ ਵਿਕਾਸ ਦਾ ਜੀਵਨ ਵਿਚ ਕੋਈ ਅਰਥ ਨਹੀਂ। ਦੂਜੀ ਗੱਲ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਨੁੱਖੀ ਸੰਕਲਪ ਦੀ ਰੂਪ-ਰੇਖਾ ਲਿਖਤੀ ਰੂਪ ਵਿਚ ਦਰਜ਼ ਹੈ, ਜਦੋਂ ਕਿ ਆਧੁਨਿਕਤਾ ਵਿਚ ਕਿਸੇ ਵੀ ਮਨੁੱਖੀ ਸੰਕਲਪ ਦੀ ਰੂਪ-ਰੇਖਾ ਉੱਕਾ ਹੀ ਨਹੀਂ ਹੈ ਕਿਉਂਕਿ ਆਧੁਨਿਕਤਾ ਦਾ ਸੰਬੰਧ ਮਨੁੱਖ ਦੀ ਥਾਂ ਪਦਾਰਥ ਨਾਲ ਹੈ। ਆਧੁਨਿਕਤਾ ਦੀਆਂ ਵਿਕਸਤ ਪ੍ਰਵਿਰਤੀਆਂ ਅਤੇ ਤੱਤਾਂ ਤੋਂ ਅਜਿਹੇ ਮਨੁੱਖ ਦਾ ਸੰਕਲਪ ਕੀਤਾ ਜਾ ਸਕਦਾ ਹੈ। ਜੋ ਵਿਗਿਆਨਿਕ ਮਨੁੱਖ ਹੈ, ਆਧੁਨਿਕ ਨਹੀਂ। ਜੋ ਪਦਾਰਥਵਾਦ ਦਾ ਪ੍ਰਤੀਕ ਹੈ। ਲਹੂ ਮਾਸ ਦੀ ਜ਼ਿੰਦਗੀ ਦਾ ਨਹੀਂ ਕਿਉਂਕਿ ਜਿਵੇਂ ਆਧੁਨਿਕਤਾ ਦਾ ਸੰਕਲਪ ਇਤਿਹਾਸਕ ਸਮੇਂ ਦੀ ਦਾਰਸ਼ਨਿਕ ਚੇਤਨਾ ਹੈ। ਇਸ ਚੇਤਨਾ ਦੇ ਰੂਪ ਦੀ ਸਥਾਪਤੀ ਤੇ ਵਿਕਾਸ ਬਾਰੇ Marx, Kant, Hegel, Nietzsche, Koslleck, Hanna Arednt ਅਤੇ Weber ਨੇ ਆਪਣੇ ਵਿਚਾਰ ਪ੍ਰਗਟਾਏ ਹਨ। ਇਨ੍ਹਾਂ ਵਿਦਵਾਨਾਂ ਦੀ ਨਜ਼ਰ ਵਿਚ Modernity ਭਾਵ ਆਧੁਨਿਕਤਾ ਦੇ ਅਰਥਾਂ ਅਨੁਸਾਰ ਆਧੁਨਿਕਤਾ ਦਾ ਵਿਸ਼ਾ ਵਸਤੂ ਜੀਵਨ ਸਮੱਗਰੀ ਹੈ, ਜੋ ਪਦਾਰਥ ਦਾ ਰੂਪ ਹੈ। ਜੇ ਇਹ ਵਿਦਵਾਨ ਵਿਸ਼ਵ ਵਿਕਾਸ ਦੇ ਸੰਤੁਲਨ ਪ੍ਰਤੀ ਵਿਚਾਰਦੇ ਤਾਂ ਪਦਾਰਥਕ ਵਿਕਾਸ ਦੇ ਨਾਲ ਮਨੁੱਖੀ ਵਿਕਾਸ ਦੀ ਮਹੱਤਤਾ ਨੂੰ ਵੀ ਦਰਸਾਉਂਦੇ ਕਿਉਂਕਿ ਜੀਵਨ ਵਿਚ ਮਨੁੱਖ ਤੇ ਪਦਰਾਥ ਬਰਾਬਰ ਦੀ ਮਹੱਤਤਾ 'ਤੇ ਕੀਮਤ ਰੱਖਦੇ ਹਨ। ਦੋਵੇਂ ਇੱਕ ਦੂਜੇ ਦੇ ਜੀਵਨ ਦਾ ਅਧਾਰ ਹਨ। ਜੇ ਇਹ ਵਿਕਾਸ ਮਨੁੱਖ ਤੇ ਪਦਾਰਥ ਦੇ ਸੰਦਰਭ ਵਿਚ ਇਕੋ ਜਿਹਾ ਹੁੰਦਾ ਤਾਂ ਅੱਜ ਜੋ ਵਿਸ਼ਵ ਵਿਚ ਉਲਾਰਪਣ ਹੈ, ਉਹ ਨਹੀਂ ਸੀ ਹੋਣਾ। ਅਜੋਕੇ ਵਿਸ਼ਵ ਦੀ ਸੋਚ ਵਿਚ ਹੁਣ ਇਹ ਨਵੀਂ ਤਬਦੀਲੀ ਆ ਰਹੀ ਨਜ਼ਰ ਆਉਂਦੀ ਹੈ। ਇਹ ਤਬਦੀਲੀ ਹੈ ਕਿ ਅਜੋਕੀ ਸੋਚ ਮਨੁੱਖੀ ਸ਼ਨਾਖਤ ਨੂੰ ਉਸ ਦੀਆਂ ਪਦਾਰਥਕ ਪ੍ਰਾਪਤੀਆਂ ਦੇ ਅਧਾਰ 'ਤੇ ਦੇਣ ਦੀ ਥਾਂ ਮਨੁੱਖੀ ਯੋਗਤਾ, ਸਮਰੱਥਾ ਅਤੇ ਗੁਣਾਂ ਦੇ ਅਧਾਰ 'ਤੇ ਮਨੁੱਖੀ ਸ਼ਨਾਖਤ ਨੂੰ

ਫ਼ਤਵਾ ਦੇਣ ਦੇ ਰੁਝਾਣ ਵੱਲ ਪਰਿਵਰਤਿਤ ਹੋਈ ਹੈ। ਆਧੁਨਿਕ ਮਨੁੱਖ ਦਾ ਸੰਕਲਪ ਆਧੁਨਿਕਤਾ ਦੇ ਪਦਾਰਥਕ ਵਿਕਾਸ ਦੇ ਸੰਕਟ 'ਚੋਂ ਹੀ ਜਨਮੇ ਹਾਂ। ਮਹੱਤਵਪੂਰਨ ਗੱਲ ਇਹ ਹੈ ਕਿ ਅਜੋਕੇ ਵਿਸ਼ਵ ਨੂੰ ਅਜਿਹੇ ਮਨੁੱਖੀ ਸੰਕਲਪ ਦੀ ਲੋੜ ਅਤੇ ਵਿਸ਼ਵ ਦੀ ਇਹ ਮੰਗ ਵੀ ਹੈ।

ਆਧੁਨਿਕਤਾ ਦੇ ਪਦਾਰਥਕ ਵਿਕਾਸ ਦਾ ਪ੍ਰਤੀਕਰਮ ਗੁਰਬਾਣੀ ਵਿਚਲੇ ਮਨੁੱਖੀ ਸੰਕਲਪ ਦਾ ਧਾਰਨੀ ਹੈ। ਫ਼ਰਕ ਸਿਰਫ਼ ਇੰਨ੍ਹਾ ਹੈ ਕਿ ਗੁਰਬਾਣੀ ਦੇ ਕੇਂਦਰੀ ਮੰਤਵ ਪਰਮਾਤਮਾ ਦੀ ਹੋਂਦ ਤੋਂ ਆਧੁਨਿਕਤਾ ਇਨਕਾਰੀ ਹੈ। ਗੁਰਬਾਣੀ ਮਨੁੱਖ ਤੇ ਮਨੁੱਖਤਾ ਨੂੰ ਗਿਆਨ ਦੇ ਨਾਲ ਨਾਲ ਸਿਆਨਫ ਵੀ ਪ੍ਰਦਾਨ ਕਰਦੀ ਹੈ ਅਤੇ ਜੀਵਨ ਜਾਂਚ ਸਿਖਾਉਂਦੀ ਹੈ। ਗੁਰਬਾਣੀ ਮਨੁੱਖ ਨੂੰ ਜੀਵਨ ਦਾ ਪ੍ਰਯੋਜਨ ਦੱਸਦੀ ਹੈ। ਆਧੁਨਿਕਤਾ ਮਨੁੱਖ ਨੂੰ ਗਿਆਨ, ਵਿਗਿਆਨ, ਰੌਸ਼ਨੀ ਤਾਂ ਪ੍ਰਦਾਨ ਕਰਦੀ ਹੈ ਪਰ ਸਿਆਨਫ ਅਤੇ ਜੀਵਨ ਜਾਂਚ ਨਹੀਂ ਸਿਖਾਉਂਦੀ ਕਿਉਂਕਿ ਆਧੁਨਿਕਤਾ ਪਦਾਰਥਕ ਵਿਕਾਸ ਦਾ ਪ੍ਰਤੀਕ ਹੈ। ਇਥੇ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਪਦਾਰਥਕ ਵਿਕਾਸ ਆਧੁਨਿਕਤਾ ਨਹੀਂ ਪਦਾਰਥਕ ਵਿਕਾਸ ਆਧੁਨਿਕਤਾ ਦੀ ਪਰਿਭਾਸ਼ਾ ਨਾਲ ਸੰਬੰਧਿਤ ਵਿਸ਼ਾ ਹੈ। ਜਿਸ ਵਿਸ਼ੇ ਦੀ ਵਰਤੋਂ ਮਨੁੱਖ ਬਿਨ੍ਹਾਂ ਹੋਂਦ ਰਹਿਤ ਹੈ। ਪਰ ਵਿਦਵਾਨਾਂ ਨੇ ਆਧੁਨਿਕਤਾ ਦੀ ਪਰਿਭਾਸ਼ਾ ਸਿਰਜਣ ਵਿਚ ਪਦਾਰਥ ਨੂੰ ਪਹਿਲ ਦਿੱਤੀ ਹੈ। ਆਧੁਨਿਕਤਾ ਦੀ ਪਰਿਭਾਸ਼ਾ ਸਿਰਜਣਾ ਤਾਂ ਯੂਰਪੀਅਨ ਵਿਦਵਾਨਾਂ ਦੀ ਸੋਚ ਉਤਪਤੀ ਹੈ। ਜੋ ਪਦਾਰਥ ਨੂੰ ਆਧੁਨਿਕਤਾ ਦਾ ਵਿਸ਼ਾ ਪ੍ਰਮਾਣਿਤ ਕਰਦੀ ਹੈ। ਇਸੇ ਕਾਰਨ 13ਵੀਂ 14ਵੀਂ ਸਦੀ ਤੋਂ ਲੈ ਕੇ 21ਵੀਂ ਸਦੀ ਤੱਕ ਮਨੁੱਖ ਆਧੁਨਿਕ ਨਹੀਂ ਬਲਕਿ ਪਦਾਰਥਵਾਦੀ ਬਣਿਆ ਹੈ। ਇਸ ਪਦਾਰਥਵਾਦੀ ਵਿਕਾਸ ਨੇ ਪੂੰਜੀਵਾਦੀ ਵਰਗ ਅਤੇ ਸਿਸਟਮ ਨੂੰ ਪਹਿਲਾਂ ਨਾਲੋਂ ਵੱਧ ਮਜ਼ਬੂਤ ਕੀਤਾ ਹੈ। ਇਹੀ ਹੁਲਾਰਾ ਸਰਮਾਏਦਾਰੀ ਨਿਜ਼ਾਮ ਨੂੰ ਮਿਲਿਆ। ਇਹੀ ਕਾਰਨ ਹੈ ਕਿ ਅੱਜ ਵਿਸ਼ਵ ਦੀ ਸੱਤਾ ਕੁੱਝ ਪਰਿਵਾਰਾਂ ਦੇ ਹੱਥਾਂ ਵਿਚ ਹੈ। ਆਮ ਲੋਕਾਂ ਦਾ ਬੁਰਾ ਹਾਲ ਹੈ। ਪੂੰਜੀਵਾਦੀ ਅਤੇ ਸਰਮਾਏਦਾਰੀ ਨੂੰ ਇਸ ਪਦਾਰਥਕ ਵਿਕਾਸ ਨੇ ਇੰਨ੍ਹਾ ਮਜ਼ਬੂਤ ਕਰ ਦਿੱਤਾ ਹੈ ਕਿ ਵਿਸ਼ਵ ਮੰਡੀ ਵਿਚ ਜੀਵਨ ਦੀਆਂ ਲੋੜਾਂ ਦੀਆਂ ਵਸਤੂਆਂ ਦੀ ਥਾਂ ਕੰਪਨੀਆਂ ਦਾ Brand ਭਾਵ Trad mark ਵਿਕਦਾ ਹੈ।

ਜੋ ਲੋਕ ਆਪਣੇ-ਆਪ ਨੂੰ ਆਧੁਨਿਕ ਕਹਿੰਦੇ ਹਨ, ਉਨ੍ਹਾਂ ਨੂੰ ਪਦਾਰਥਕ ਵਿਕਾਸ ਦੇ ਅਧਾਰ 'ਤੇ ਆਪਣੇ-ਆਪ ਨੂੰ ਪਦਾਰਥਵਾਦੀਆਂ ਨਾਲੋਂ ਵੱਖ ਕਰ ਕੇ ਸੋਚਣਾ ਚਾਹੀਦਾ ਹੈ। ਫਿਰ ਉਨ੍ਹਾਂ ਨੂੰ ਆਧੁਨਿਕ ਮਨੁੱਖ ਅਤੇ ਪਦਾਰਥਵਾਦ ਮਨੁੱਖ ਦਾ ਅੰਤਰ ਸਮਝ ਆਵੇਗਾ। ਇਸ ਸਾਰੇ ਸੰਦਰਭ ਵਿਚ ਮਨੁੱਖ ਤਾਂ

ਵਿਕਸਤ ਹੋਇਆ ਹੀ ਨਹੀਂ ਵਿਕਸਤ ਤਾਂ ਸਿਰਫ਼ ਪਦਾਰਥ ਹੋਇਆ ਹੈ ਅਤੇ ਨਾ ਹੀ ਮਨੁੱਖ ਆਧੁਨਿਕ ਹੋਇਆ ਹੈ ਪਰ ਹਰ ਸਕਸ਼ ਆਪਣੇ-ਆਪ ਨੂੰ ਆਧੁਨਿਕ ਗਰਦਾਨਦਾ ਹੈ। ਲੋਕ ਕਿੱਡੇ ਵੱਡੇ ਭਰਮ ਪਾਲ ਕੇ ਜੀਅ ਰਹੇ ਹਨ। ਇਹ ਰੁਝਾਣ ਦਿਹਾਤੀ ਵਰਗ ਤੋਂ ਲੈ ਕੇ ਮਹਾਂਨਗਰਾਂ ਦੀ ਅਬਾਦੀ ਤੱਕ ਸਿਖਰਾਂ 'ਤੇ ਕਰਜਸ਼ੀਲ ਹੈ। ਇਹ ਰੁਝਾਣ ਵੀ ਅਜੋਕੇ ਯੁੱਗ ਦਾ ਦੁਖਾਂਤ ਅਤੇ ਭਵਿੱਖ ਦਾ ਸੰਕਟ ਹੈ। ਦੂਜਾ ਬਾਣੀ ਦਾ ਦ੍ਰਿਸ਼ਟੀਕੋਣ ਅਧਿਆਤਮਕ ਹੈ ਅਤੇ ਆਧੁਨਿਕਤਾ ਦਾ ਦ੍ਰਿਸ਼ਟੀਕੋਣ ਵਿਗਿਆਨਿਕ ਹੈ। ਆਧੁਨਿਕਤਾ ਦਾ ਵਿਸ਼ਾ ਪਦਾਰਥਵਾਦ ਹੈ, ਬਾਣੀ ਦਾ ਵਿਸ਼ਾ ਮਨੁੱਖੀ ਸਵੈ ਦਾ ਵਿਕਾਸ ਹੈ, ਜੀਵਨ ਜਾਂਚ ਹੈ। ਜੀਵਨ ਜਾਂਚ ਵਿਚ ਪਦਾਰਥ ਦੀ ਮਹੱਤਤਾ ਸ਼ਾਮਿਲ ਹੈ। ਪਦਾਰਥ ਤੇ ਮਨੁੱਖਾਂ ਵਿਚਲਾ ਸੰਤੁਲਨ ਹੀ ਵਿਸ਼ਵ ਦੀ ਸਿਰਜਣਾ ਦਾ ਅਧਾਰ ਹੈ, ਜਿਸ 'ਤੇ ਆਧੁਨਿਕਤਾ ਪੂਰੀ ਨਹੀਂ ਉੱਤਰਦੀ। ਆਧੁਨਿਕਤਾ ਦੇ ਇਸ ਅਧੂਰੇਪਣ ਨੇ ਹੀ ਅਜੋਕੀ ਵਿਸ਼ਵ ਸੋਚ ਨੂੰ ਪਦਾਰਥ ਨਾਲੋਂ ਮਨੁੱਖੀ ਗੁਣਾਂ ਦੇ ਅਧਾਰ 'ਤੇ ਮਨੁੱਖੀ ਸ਼ਨਾਖਤ ਦੀ ਸਥਾਪਤੀ ਦਾ ਅਵਸਰ ਦਿੱਤਾ ਹੈ।

ਆਧੁਨਿਕਤਾ ਬੁਨਿਆਦੀ ਤੌਰ 'ਤੇ ਜਗਤ ਹਿੱਤੂ ਹੈ। ਇਸ ਲਈ ਜਗਤ ਹਿੱਤੂ ਦੇ ਮੁਖਾਲਿਫ਼ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀਆਂ ਉਰਜਕ ਪ੍ਰਵਿਰਤੀਆਂ ਨੂੰ ਉਸਾਰੂ ਰੂਪ ਵਿਚ ਜਗਤ ਹਿੱਤ ਲਈ ਕਾਇਆ ਕਲਪ ਕਰਨ ਦੀ ਧਾਰਨੀ ਹੈ। ਪਰ ਇਸਦਾ ਜਗਤ ਹਿੱਤੂ ਸੰਕਲਪ ਸਿਰਫ਼ ਪਦਾਰਥਕ ਵਿਕਾਸ ਨਾਲ ਅਮਲੀ ਰੂਪ ਵਿਚ ਸੰਬੰਧਿਤ ਹੈ, ਮਨੁੱਖ ਨਾਲ ਨਹੀਂ। ਅਧੁਨਿਕਤਾ ਦਾ ਸੁਭਾਅ ਵਿਕਾਸਮਈ ਹੈ। ਉਪਰੋਕਤ ਪ੍ਰਵਿਰਤੀਆਂ ਦੇ ਵਿਕਾਸ ਦੀ ਸਕਾਰਾਤਮਕ ਤਾਂ ਆਧੁਨਿਕਤਾ ਮਨੁੱਖੀ ਵਿਕਾਸ ਵਿਚੋਂ ਹੀ ਜਨਮ ਸਕਦੀ ਹੈ, ਨਾ ਕਿ ਪਦਾਰਥਕ ਵਿਕਾਸ ਵਿਚੋਂ। ਜੀਵਨ ਹਿੱਤ ਲਈ ਇਨ੍ਹਾਂ ਪ੍ਰਵਿਰਤੀਆਂ ਦੇ ਕਾਇਆ ਕਲਪਿਤ ਰੂਪ ਦੀ ਵਰਤੋਂ ਤਾਂ ਮਨੁੱਖ ਹੀ ਕਰ ਸਕਦਾ ਹੈ। ਪਰ ਮਨੁੱਖ ਦਾ ਆਧੁਨਿਕਤਾ ਦੇ ਵਿਕਾਸ ਨਾਲ ਕੋਈ ਸੰਬੰਧ ਹੀ ਨਹੀਂ ਕਿਉਂਕਿ ਆਧੁਨਿਕਤਾ ਦੇ ਵਿਕਾਸ ਦਾ ਵਿਸ਼ਾ ਪਦਾਰਥ ਹੈ। ਇਸ ਲਈ ਆਧੁਨਿਕਤਾ ਵਿਚ ਮਨੁੱਖੀ ਨਾ ਵਾਦੀ ਪ੍ਰਵਿਰਤੀਆਂ ਨੂੰ ਸਕਾਰਾਤਮਕਤਾ ਵਿਚ ਬਦਲਣ ਦਾ ਫ਼ਲਸਫ਼ਾ ਤਾਂ ਹੈ ਪਰ ਵਰਤੋਂ ਦੀ ਸਮਰੱਥਾ ਦਾ Scope ਨਹੀਂ। ਹਾਂ ਇੰਨ੍ਹੀ ਗੱਲ ਜ਼ਰੂਰ ਹੈ ਕਿ ਵਿਗਿਆਨਿਕ ਪ੍ਰਾਪਤੀਆਂ ਰਾਹੀਂ ਮਨੁੱਖ ਜੋ ਸ਼ਕਤੀ ਹਾਸਿਲ ਕਰਦਾ ਹੈ। ਉਸ ਦੀ ਗ਼ਲਤ ਵਰਤੋਂ ਦੀ ਆਧੁਨਿਕਤਾ ਜ਼ਰੂਰ ਹਾਮੀ ਭਰਦੀ ਹੈ। ਅਜੋਕਾ ਮਨੁੱਖ ਜਦੋਂ ਸਮੂਹਿਕ ਨਾਗਰਿਕਾਂ ਅਤੇ ਨੈਤਿਕਤਾ ਵੱਲ ਵੇਖਦਾ ਹੈ ਤਾਂ ਉਸ ਵਿਚ ਸਵੈ ਮੁਖਤਿਆਰੀ ਦੀ ਭਾਵਨਾ ਜ਼ਰੂਰ ਪੈਦਾ ਹੁੰਦੀ ਹੈ। ਇਸ ਭਾਵਨਾ ਦੀ ਪ੍ਰਾਪਤੀ ਮਨੁੱਖ ਨੂੰ ਰਾਜਨੀਤੀ ਦਾ ਭਾਗੀਦਾਰ ਬਣਾਉਂਦੀ

ਹੈ। ਰਾਜਨੀਤੀ ਦਾ ਭਾਗੀਦਾਰ ਹੋਣ ਕਾਰਨ ਮਨੁੱਖ ,ਮਨੁੱਖਤਾ ਅਨੁਕੂਲ ਸੰਸਾਰ ਸਿਰਜਣ ਵਿਚ ਸਹਾਈ ਹੁੰਦਾ ਹੈ। ਇਸ ਪੱਖ ਤੋਂ ਆਧੁਨਿਕਤਾ ਦਾ ਜਗਤ ਹਿੱਤੂ ਹੋਣ ਦਾ ਪ੍ਰਗਟਾਅ ਹੁੰਦਾ ਹੈ।

ਆਧੁਨਿਕਤਾ ਮਨੁੱਖੀ ਜੀਵਨ ਧਰਾਤਲ ਦੀ ਉਪਜ ਹੈ। ਇਹ ਜਿਊਂਦੀ ਜਾਗਦੀ ਮਨੁੱਖੀ ਵਿਚਾਰਧਾਰਾ ਹੈ। ਆਧੁਨਿਕਤਾ ਉਹ ਰੁੱਖ ਹੈ ਜੋ ਆਪਣੇ ਫਲਾਂ ਤੋਂ ਬੀਜ਼ ਬਣਾ ਕੇ ਆਪਣੇ ਜਿਉਂਦੇ ਜੀਅ ਉੱਗ ਆਉਂਦੀ ਹੈ। ਭਾਵ ਆਧੁਨਿਕਤਾ ਅੰਤ ਰਹਿਤ ਨਿਰੰਤਰ ਧਾਰਾ ਹੈ। ਜਿਵੇਂ ਬੀਜ਼ 'ਚੋਂ ਰੁੱਖ ਅਤੇ ਰੁੱਖ ਤੋਂ ਬੀਜ਼ ਦਾ ਉੱਗਣਾ ਅੰਤ ਰਹਿਤ ਨਿਰੰਤਰਤਾ ਹੈ। ਰੁੱਖ ਵਾਂਗ ਅੰਤ ਰਹਿਤ ਵਿਕਾਸਸ਼ੀਲ, ਤ੍ਰੈਕਾਲ ਮੁੱਖੀ, ਚਿਰੰਜੀਵਤਾ ਹੈ। ਆਧੁਨਿਕਤਾ ਅਮਰ ਪ੍ਰਵਿਰਤੀ ਹੈ। ਇਸਦਾ ਮੂਲ ਅਧਾਰ Positivity ਹੈ। ਆਧੁਨਿਕਤਾ ਆਪਣੇ ਸਵੈ ਸੱਚ 'ਤੇ ਅਧਾਰਿਤ ਫ਼ਲਸਫ਼ਾ ਹੈ ਅਤੇ ਇਤਿਹਾਸਕ ਸਮੇਂ ਦੀ ਊਰਜਾ ਹੈ। ਅਰਥਾਤ ਆਧੁਨਿਕਤਾ ਸੂਰਜ ਦੀ ਉਹ ਕਿਰਨ ਹੈ ਜੋ ਮੈਲ਼ੇ 'ਤੇ ਪੈਂਦੀ ਵੀ ਮੈਲ਼ੀ ਨਹੀਂ ਹੁੰਦੀ। ਆਧੁਨਿਕਤਾ ਆਮ ਮਨੁੱਖ ਨੂੰ ਵਿਸ਼ੇਸ਼ ਵਿਗਿਆਨਿਕ ਮਨੁੱਖ 'ਚ ਢਾਲਣ ਦੀ ਪ੍ਰਯੋਗਸ਼ਾਲਾ ਹੈ। ਘੁਣ ਖਾਧੇ ਅਤੇ ਗਲੇ ਸੜੇ ਸਮਾਜ 'ਚੋਂ ਸਿਹਤਮੰਦ ਤੇ ਉਤਕ੍ਰਿਸ਼ਟ ਸਮਾਜ ਸਿਰਜਣ ਦਾ ਵਿਗਿਆਨਿਕ ਯਤਨ ਹੈ। ਜੇ ਆਧੁਨਿਕਤਾ ਦੇ ਅਸਲ ਅਰਥਾਂ ਨੂੰ ਸਮਝਿਆ ਜਾਵੇ ਤਾਂ ਇਹ ਮਰਜ਼ੀ ਦੀ ਦੇਹ ਲਈ ਮਰਜ਼ੀ ਦਾ ਸਵਾਸ ਹੈ।

ਆਧੁਨਿਕਤਾ ਦੀ ਵਿਚਾਰਾਧਾਰਾ ਵਿਚ ਸਰਵ-ਮਨੁੱਖਤਾ ਤੇ ਸਮੂਹ ਵਿਸ਼ਵ ਨੂੰ ਆਪਣੇ ਕਲਾਵੇ 'ਚ ਲੈਣ ਦੀ ਸਮਰੱਥਾ ਹੈ। ਮਨੁੱਖ ਲਈ ਆਧੁਨਿਕਤਾ ਹਰ ਕੁਰੀਤੀ, ਕਮਜ਼ੋਰੀ ਅਤੇ ਹਰ ਵਰਤੀਰੇ ਦਾ ਇਲਾਜ਼ ਹੈ। ਮਨੁੱਖ ਅਤੇ ਮਨੁੱਖਤਾ ਅਨੁਕੂਲ ਜੀਵਨ ਨੂੰ ਸਾਹ ਪ੍ਰਦਾਨ ਕਰਨ ਦੀ ਸਮਰੱਥਾ ਹੈ। ਆਧੁਨਿਕਤਾ ਆਪਣੇ-ਆਪ ਵਿਚ ਰੌਸ਼ਨੀ ਹੀ ਨਹੀਂ, ਰੌਸ਼ਨੀ ਦਾ ਸੋਮਾ ਹੈ। ਜੋ ਸਮੇਂ-ਸਮੇਂ ਮਨੁੱਖ, ਮਨੁੱਖਤਾ, ਸਮਾਜ ਤੇ ਵਿਸ਼ਵ ਦੀ ਰਹਿਨੁਮਾਈ ਕਰਦਾ ਹੈ। ਆਧੁਨਿਕਤਾ ਗਿਆਨ, ਵਿਗਿਆਨ ਤੇ ਦਰਸ਼ਨ ਦੀ ਕੁੱਖ ਹੈ। ਨਿਰੰਤਰ ਵਿਕਾਸਸ਼ੀਲ ਦੀ ਪਾਠਸ਼ਾਲਾ ਹੈ। ਮਨੁੱਖ ਨੂੰ ਵਿਕਾਸਮਈ ਸ਼ਕਤੀ ਪ੍ਰਦਾਨ ਕਰਦੀ ਹੈ। ਮਨੁੱਖੀ ਊਰਜਾ ਦਾ ਸੋਮਾ ਹੈ। ਇਸ ਰਾਹੀ ਮਨੁੱਖ ਧਰਤੀ, ਆਕਾਸ਼, ਸਾਗਰ, ਸ਼ਹਿਰਾਂ ਦਾ ਸਚ ਜਾਣ ਸਕਦਾ ਹੈ। ਇਸ ਰਾਹੀਂ ਪੰਜਾਂ ਤੱਤਾਂ ਦਾ ਯਥਾਰਥਕ ਸੱਚ ਮਨੁੱਖ ਨੂੰ ਸਮਝ ਆ ਸਕਦਾ ਹੈ। ਆਧੁਨਿਕਤਾ ਮਨੁੱਖ ਲਈ ਸਿਆਨਫ ਦਾ ਸਕੂਲ ਹੈ ਜੇ ਮਨੁੱਖ ਸਮਝੇ।

ਆਧੁਨਿਕਤਾ ਮਨੁੱਖ ਨੂੰ ਸਹੀ ਰਾਹ 'ਤੇ ਟੁਰਣ ਲਈ ਆਪਣੀ ਸ਼ਕਤੀ ਨੂੰ ਸਹੀ ਢੰਗ ਨਾਲ ਇਸਤੇਮਾਲ ਕਰਨ ਦਾ ਸੰਕੇਤ ਕਰਦੀ ਹੈ। ਅਜੋਕਾ

ਵਿਗਿਆਨੀ ਮਨੁੱਖ ਆਪਣੀ ਸ਼ਕਤੀ ਰਾਹੀਂ ਸਮੁੰਦਰ ਉਬਾਲਦਾ ਹੈ। ਧਰਤੀ 'ਤੇ ਅੰਨ੍ਹੇਵਾਹ ਬਾਰੂਦ ਉਗਾਉਂਦਾ ਹੈ। ਮਨੁੱਖਤਾ ਨੂੰ ਝੁਲਸਦਾ ਹੈ। ਧਰਤੀ ਕਬਰਾਂ ਬਣਾਉਂਦਾ ਹੈ ਕਿਉਂਕਿ ਅਸਲ ਅਰਥਾਂ ਵਿਚ ਅਜੋਕਾ ਮਨੁੱਖ ਆਧੁਨਿਕ ਨਹੀਂ ਪਦਾਰਥਵਾਦੀ ਹੈ। ਪਦਾਰਥਵਾਦੀ ਹੋਣ ਕਾਰਨ ਮਨੁੱਖ ਨੇ ਬ੍ਰਹਮੰਡ ਨੂੰ ਪ੍ਰਦੂਸ਼ਿਤ ਕੀਤਾ ਹੈ। ਜਿੱਥੇ ਪਦਾਰਥਵਾਦੀ ਵਿਕਾਸ ਨੇ ਕੁਦਰਤ ਨੂੰ ਅਸ਼ੁੱਧ ਕੀਤਾ ਹੈ ਉੱਥੇ ਆਧੁਨਿਕਤਾ ਆਪਣੇ-ਆਪ ਵਿਚ ਸ਼ੁੱਧਤਾ ਦੀ ਧਾਰਨੀ ਹੈ ਕਿਉਂਕਿ ਆਧੁਨਿਕਤਾ ਆਪਣੇ-ਆਪ ਵਿਚ ਤਾਂ ਸਿਰਫ਼ ਇਤਿਹਾਸਕ ਸਮੇਂ ਦੀ ਦਾਰਸ਼ਨਿਕ ਚੇਤਨਾ ਹੈ। ਜੋ ਆਪਣੇ-ਆਪ ਵਿਚ ਦਾਰਸ਼ਨਿਕ ਚੇਤਨਾ ਹੈ, ਉਹ ਪ੍ਰਦੂਸ਼ਣਵਾਦੀ ਕਿਵੇਂ ਹੋ ਸਕਦੀ ਹੈ। ਇਹ ਤਾਂ ਉਸ ਸਮੇਂ ਦੇ ਵਿਦਵਾਨ ਸਨ ਜਿੰਨ੍ਹਾ ਇਸ ਚੇਤਨਾ ਦਾ ਮੂੰਹ ਪਦਾਰਥਕ ਵਿਕਾਸ ਵੱਲ ਮੋੜ ਦਿੱਤਾ ਅਤੇ ਇਸ ਨੂੰ ਮਨੁੱਖੀ ਸਵੈ ਵਿਕਾਸ ਨਾਲੋਂ ਅਲੱਗ ਕਰ ਦਿੱਤਾ। ਅਸੀਂ ਇਸ ਦੇ ਇਨ੍ਹਾਂ ਤੱਤਾਂ ਤੋਂ ਵੀ ਮੁਨਕਰ ਨਹੀਂ ਹੋ ਸਕਦੇ, ਕਿ ਆਧੁਨਿਕਤਾ ਮਨੁੱਖਤਾ ਅਨੁਕੂਲ ਮਨੁੱਖ ਸਮਾਜ ਅਤੇ ਵਿਸ਼ਵ ਦਾ ਸੰਕਲਪ ਸਿਰਜਦੀ ਹੈ। ਉਸ ਸੰਕਲਪ ਨੂੰ ਭਵਿੱਖ ਵਿਚ ਸਥਾਪਿਤ ਤੇ ਯਥਾਰਥਕ ਰੂਪ ਦੇਣ ਵਿਚ ਸਹਾਈ ਹੁੰਦੀ ਹੈ। ਆਧੁਨਿਕਤਾ ਮਨੁੱਖ ਨੂੰ ਅੰਦਰੂਨੀ ਤੇ ਬਾਰੂੰਨੀ ਵਿਚਾਰਧਾਰਾ ਨੂੰ ਸਮਝਣ ਲਈ ਅਤੇ ਵਿਗਿਆਨਿਕ ਢੰਗ ਨਾਲ ਨਜਿੱਠਣ ਲਈ ਆਪਣੀ ਕਾਰਜ ਪ੍ਰਣਾਲੀ ਦਾ ਅਭਿਆਸੀ ਬਣਾਉਂਦੀ ਹੈ। ਇਸ ਕਾਰਜ ਪ੍ਰਣਾਲੀ ਦੇ ਅਭਿਆਸ 'ਚੋਂ ਮਾਨਵੀ ਸ਼ਖ਼ਸੀਅਤ ਪ੍ਰੋੜ ਅਤੇ ਨਿੱਖਰਦੀ ਹੈ। ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਦੇ ਅਧਾਰ 'ਤੇ ਜੀਵਨ੍ ਅਤੇ ਜੀਵਨ ਸੱਚ ਦਾ ਅਹਿਸਾਸ ਆਧੁਨਿਕਤਾ ਮਨੁੱਖ ਨੂੰ ਕਰਵਾਉਂਦੀ ਹੈ।

ਮਿਸਾਲ ਦੇ ਤੌਰ 'ਤੇ ਮਨੁੱਖ ਦੀਆਂ ਜਮਾਂਦਰੂ ਪ੍ਰਵਿਰਤੀਆਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹਨ। ਇਹ ਪ੍ਰਵਿਰਤੀਆਂ ਮਨੁੱਖ ਵਿਚਲੀ ਊਰਜਾ ਹਨ। ਇਹ ਊਰਜਾ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਰੂਪ ਕਿਵੇਂ ਧਾਰਦੀ ਹੈ। ਇਸ ਦਾ ਗਿਆਨ ਆਧੁਨਿਕਤਾ ਮਨੁੱਖ ਨੂੰ ਕਰਵਾਉਂਦੀ ਹੈ। ਇਨ੍ਹਾਂ ਊਰਜਾਂ ਦੀ ਸਹੀ ਜਾਂ ਗਲਤ ਵਰਤੋਂ ਇਸ ਨੂੰ ਚੰਗਾ ਜਾਂ ਮਾੜਾ Negtive ਜਾਂ Positive ਰੂਪ ਦਿੰਦੀ ਹੈ। ਵਰਤੋਂ ਤੋਂ ਪਹਿਲਾਂ ਇਹ ਊਰਜਾ ਖ਼ਾਲਸ ਊਰਜਾ ਹੈ। ਇਸ ਦੀ ਵਰਤੋਂ ਦਾ ਸੰਦਰਭ ਇਸ ਨੂੰ ਹਾਂ ਵਾਦੀ ਜਾਂ ਨਾ ਵਾਦੀ ਬਣਾਉਂਦਾ ਹੈ। ਜੇ ਆਧੁਨਿਕਤਾ ਦਾ ਪ੍ਰਭਾਵ ਇਨ੍ਹਾਂ ਊਰਜਾ ਦੀ ਵਰਤੋਂ ਜਗਤ ਹਿੱਤੂ ਪੱਖ ਲਈ ਕਰਵਾਉਂਦਾ ਹੈ ਤਾਂ ਇਹ ਵਿਸ਼ਵ ਸਮਾਜ ਦੀ ਉਨਤੀ ਦਾ ਸਾਧਨ ਬਣਦੀਆਂ ਹਨ ਅਤੇ ਉਸਾਰੂ ਕਹਾਉਂਦੀਆਂ ਹਨ। ਊਰਜਾ ਨੂੰ ਸਹੀ ਇਸਤੇਮਾਲ ਕਰਨ ਦਾ ਢੰਗ ਆਧੁਨਿਕਤਾ ਦੇ ਜਗਤ ਹਿੱਤੂ ਹੋਣ ਦੇ ਸੰਦਰਭ 'ਚੋਂ ਨਿਕਲਦਾ ਹੈ।

ਦੂਜਾ ਆਧੁਨਿਕਤਾ ਦੇ ਸੰਕਲਪ ਤੇ ਅਰਥ ਵਿਚ ਨਕਾਰਾਤਮਕਤਾ ਦੀ ਥਾਂ ਸਕਾਰਾਤਮਕਤਾ ਦੀ ਪ੍ਰਧਾਨਤਾ ਹੈ। ਜਿਵੇਂ ਮਨੁੱਖ ਦਾ ਧਰਮ ਹੈ ਕਿ ਉਹ ਸੱਚ ਲਈ ਆਪਣਾ ਸੱਭ ਕੁੱਝ ਕੁਰਬਾਨ ਕਰਨਾ ਆਪਣਾ ਫਰਜ਼ ਸਮਝਦਾ ਹੈ। ਇਸੇ ਤਰ੍ਹਾਂ ਆਧੁਨਿਕਤਾ ਮਨੁੱਖ ਸਮਾਜ ਅਤੇ ਵਿਸ਼ਵ ਮਨੁੱਖਤਾ ਅਨੁਕੂਲ ਸਿਰਜਣਾ ਆਪਣਾ ਮੂਲ ਕਰਤੱਵ ਸਮਝਦੀ ਹੈ। ਆਧੁਨਿਕਤਾ ਦੀ ਦਾਰਸ਼ਨਿਕ ਚੇਤਨਾ ਸੱਚ, ਸੁੰਦਰਤਾ, ਕਲਿਆਣ, ਸਾਂਝੀਵਾਲਤਾ, ਪਿਆਰ ਅਤੇ ਏਕਤਾ 'ਤੇ ਨਿਰਭਰ ਹੈ।

ਆਧੁਨਿਕਤਾ ਵਿਸ਼ਵ ਮਨੁੱਖ ਕੁਦਰਤ ਤੇ ਕਾਦਰ ਦੀ ਇਕਾਈ ਜਿਹੀ ਸਰਵ ਵਿਆਪਕ ਵਿਗਿਆਨਿਕ ਵਿਸ਼ੇਸ਼ਤਾ ਹੈ। ਮਨੁੱਖ ਦਾ ਵਸਣ ਸਾਂਝੀ ਧਰਤੀ, ਸਾਂਝਾ ਅੰਬਰ ਤੇ ਵਿਸ਼ਵ ਘਰ ਹੈ। ਮਨੁੱਖ ਹੀ ਮਨੁੱਖਤਾ ਦਾ ਭਗਵਾਨ ਹੈ। ਮਨੁੱਖ ਹੀ ਮਨੁੱਖਤਾ ਦੀ ਪੂਜਾ ਹੈ। ਜੇ ਮਨੁੱਖ ਅਤੇ ਮਨੁੱਖਤਾ ਸਵੈ ਪਰਮ ਪੁਰਖ ਹੈ ਤਾਂ ਅਜੋਕੇ ਮਨੁੱਖ ਦਾ ਸਵੈ ਮਨੁੱਖ ਹੈ। ਮਨੁੱਖ ਹੀ ਸਮੱਗਰੀ ਸਿਮਰਨ ਤੇ ਅਰਾਧਨਾ ਹੈ। ਇਹ ਆਧੁਨਿਕਤਾ ਦੀ ਚੇਤਨਾ ਦਾ ਸੰਕਲਪ ਹੈ। ਆਧੁਨਿਕਤਾ ਦੀ ਚੇਤਨਾ ਦੀਆਂ ਸੀਮਾ ਸੰਭਾਵਨਾਵਾਂ ਨੂੰ ਮੁਕੰਮਲ ਰੂਪ ਵਿਚ ਲਿਖਤੀ ਤੌਰ 'ਤੇ ਪਰਿਭਾਸ਼ਤ ਨਹੀਂ ਕੀਤਾ ਜਾ ਸਕਦਾ। ਆਧੁਨਿਕਤਾ ਨੂੰ ਇਤਿਹਾਸਕ ਸਮੇਂ ਦੀ ਦਾਰਸ਼ਨਿਕ ਚੇਤਨਾ ਦੇ ਰੂਪ ਵਿਚ ਪਰਿਭਾਸ਼ਤ ਕੀਤਾ ਜਾ ਸਕਦਾ ਹੈ। ਪਰ ਇਸ ਚੇਤਨਾ ਦਾ Scope ਮਨੁੱਖੀ ਜ਼ਿੰਦਗੀ ਜਿੰਨ੍ਹਾ ਹੀ ਬਹੁ ਅਨੁਭਵੀ, ਬਹੁ ਦਿਸ਼ਾਵੀ, ਬਹੁ ਪਰਤੀ ਤੇ ਵਿਸ਼ਾਲ ਹੈ, ਕਿ ਸ਼ਬਦ ਇਸ ਦੀ ਅਰਥ ਸਮਰੱਥਾ ਲਈ ਊਣੇ ਹਨ। ਆਧੁਨਿਕਤਾ ਦੀ ਚੇਤਨਾ ਰੱਬੀ ਸੰਕਲਪ ਜਿੱਡੀ ਅਥਾਹ ਨਿਰੰਤਰਤਾ ਹੈ। ਵਿਸ਼ਵ ਵਿਚ ਮਨੁੱਖੀ ਸੰਦਰਭ ਵਿਚ ਆਧੁਨਿਕ ਸਮਾਜ ਦੀ ਆਧੁਨਿਕ ਮਨੁੱਖ ਅਤੇ ਆਧੁਨਿਕ ਵਿਸ਼ਵ ਦਾ ਵਜੂਦ ਬਹੁਤ ਥੋੜੀ ਮਾਤਰਾ ਵਿਚ ਹੋਂਦ ਵਿਚ ਆਇਆ ਹੈ। ਮੈਂ ਇੱਥੇ ਆਧੁਨਿਕਤਾ ਦੀ ਨਹੀਂ, ਆਧੁਨਿਕਵਾਦ ਦੀ ਗੱਲ ਕਰ ਰਿਹਾ ਹਾਂ। ਜਿਸ ਦਾ ਸੰਬੰਧ ਮਨੁੱਖ ਅਤੇ ਮਨੁੱਖੀ ਪ੍ਰਵਿਰਤੀਆਂ ਨਾਲ ਹੈ, ਨਾ ਕਿ ਆਧੁਨਿਕਤਾ ਵਾਂਗ ਪਦਾਰਥ ਨਾਲ ਹੈ। ਵਿਸ਼ਵ ਵਿਚ ਪਦਾਰਥਕ ਵਜੂਦ ਭਰਪੂਰ ਹੈ। ਮਨੁੱਖੀ ਆਧੁਨਿਕਵਾਦੀ ਸਮਾਜ ਦੀ ਮਾਨਸਿਕਤਾ ਅਜੇ ਵਿਕਸਤ ਨਹੀਂ ਹੋਈ। ਆਧੁਨਿਕਵਾਦੀ ਮਨੁੱਖ ਸਮਾਜ ਦਾ ਵਜੂਦ ਹੋਂਦ ਵਿਚ ਲਿਆਉਣ ਤੋਂ ਪਹਿਲਾਂ ਆਧੁਨਿਕਤਾ ਨੂੰ ਆਧੁਨਿਕਵਾਦੀ ਮਨੁੱਖ ਦੀ ਮਿੱਟੀ ਗੁੰਣਨੀ ਪਵੇਗੀ। ਪਦਾਰਥ ਦੇ ਨਾਲ-ਨਾਲ ਮਨੁੱਖ ਵੀ ਵਿਕਾਸ ਦਾ ਵਿਸ਼ਾ ਬਣਾਉਣਾ ਪਵੇਗਾ। ਜਿਸ ਨਾਲ ਮਨੁੱਖ ਆਪਣੀ ਮਰਜ਼ੀ ਅਨੁਸਾਰ ਤੰਦਰੁਸਤ, ਘਰੇਲੂ ਲੋੜਾਂ ਦੀ ਪੂਰਤੀ, ਸੁਰੱਖਸ਼ਾ, ਸ਼ਾਂਤੀ ਅਤੇ ਆਪਣੀ ਤਸੱਲੀ ਅਨੁਸਾਰ ਜੀਵਨ ਗੁਜ਼ਾਰ ਸਕੇ। ਸੱਭ ਤੋਂ ਵੱਧ ਪਦਾਰਥ

ਮਨੁੱਖ ਦੀ ਰਹਿਨੁਮਾਈ ਨਾ ਕਰੇ। ਬਲਕਿ ਮਨੁੱਖ ਆਪਣੀ ਰਹਿਨੁਮਾਈ ਆਪ ਕਰੇ। ਭਾਵ ਮਨੁੱਖ ਪਦਾਰਥ ਦੀ ਵਰਤੋਂ ਕਰੇ ਨਾ ਕਿ ਪਦਰਾਥ ਮਨੁੱਖ ਦੀ ਵਰਤੋਂ ਕਰੇ। ਪਦਾਰਥ ਵਿਕਾਸ ਜਿੰਨ੍ਹਾ ਹੀ ਮਨੁੱਖੀ ਸਵੈ ਵਿਕਾਸ ਹੋਵੇ। ਮਨੁੱਖ ਨੂੰ ਪਦਾਰਥ ਵਿਚ ਵਿਚਰਦਿਆਂ ਸਰੀਰਕ ਤੇ ਮਾਨਸਿਕ ਸਕੂਨ ਹਾਸਿਲ ਹੋ ਸਕੇ। ਮਨੁੱਖ ਪਦਾਰਥ ਮੁਥਾਜੀ ਰਹਿਤ ਜੀਵਨ ਗੁਜ਼ਾਰ ਸਕੇ। ਮਨੁੱਖ ਤੇ ਜੀਵਨ ਨੂੰ ਸ਼ੁੱਧ ਵਾਤਾਵਰਨ ਮੁਹੱਈਆ ਹੋ ਸਕੇ। ਮਨੁੱਖ ਆਪਣੇ ਹਿੱਸੇ ਦੀ ਰੌਸ਼ਨੀ ਦਾ ਭਾਗੀਦਾਰ ਹੋਵੇ। ਸ਼ਾਸਨ ਮਨੁੱਖੀ ਜੀਵਨ ਪਾਲਣ ਪੋਸ਼ਣ ਸਿਹਤ ਵਿਦਿਆ ਰੋਜ਼ਾਨਾ ਜੀਵਨ ਦੀਆਂ ਲੋੜਾਂ ਦੀ ਆਸਾਨੀ ਨਾਲ ਪੂਰਤੀ ਅਤੇ ਆਰਥਿਕ ਸਹੂਲਤਾਂ ਦੀ ਜ਼ਿੰਮੇਵਾਰ ਹੋਵੇ। ਸ਼ਾਸਨ ਮਨੁੱਖ ਦੀ ਸਮਰੱਥਾ ਅਨੁਸਾਰ ਮਨੁੱਖ ਤੋਂ ਵਸੂਲੇ ਅਤੇ ਮਨੁੱਖ ਦੀਆਂ ਲੋੜਾਂ ਅਨੁਸਾਰ ਉਸ ਨੂੰ ਭੇਂਟ ਕਰੇ।

ਇਸ ਮਨੁੱਖੀ ਸਮਾਜਿਕ ਸਵਰਗ ਦੇ ਅਕੂੰਰ ਆਧੁਨਿਕਤਾ ਦੀ ਚੇਤਨਾ ਵਿਚ ਮੌਜੂਦ ਹਨ। ਸਿਰਫ਼ ਆਧੁਨਿਕਤਾ ਨੂੰ ਆਧੁਨਿਕ ਜ਼ਮੀਰ ਤੇ ਤਾਸੀਰ ਅਪਣਾਉਣ ਦੀ ਲੋੜ ਹੈ। ਸਿਰਫ਼ ਆਧੁਨਿਕਤਾ ਨੂੰ ਆਧੁਨਿਕ ਚੇਤਨਾ ਤੇ ਮਨੁੱਖੀ ਮਹੱਤਤਾ ਅਤੇ ਮਨੁੱਖ ਨੂੰ ਆਪਣਾ ਵਿਸ਼ਾ ਬਣਾਉਣ ਦੀ ਲੋੜ ਹੈ। ਅਜੋਕੀ ਦੁਨੀਆ ਦਾ ਮਨੁੱਖ ਅੱਜਕੱਲ੍ਹ ਭੁੱਖਮਰੀ, ਬਿਮਾਰੀ, ਇਕੱਲਤਾ, ਸੋਗ ਅਤੇ ਉਜੜੇਪਣ ਦਾ ਸ਼ਿਕਾਰ ਹੋ ਕੇ ਆਪਣੇ-ਆਪ 'ਚੋਂ ਮਨਫ਼ੀ ਹੋ ਗਿਆ ਹੈ। ਆਪਣਾ ਸੱਚ, ਹੋਂਦ ਤੇ ਸ਼ਨਾਖਤ ਗੁਆ ਚੁੱਕਾ ਹੈ। ਏਕੇ ਤੋਂ ਸਿਫ਼ਰਾਂ ਹੋ ਗਿਆ ਹੈ। ਉਸ ਮਨੁੱਖ ਨੂੰ ਅਧੁਨਿਕ ਵਿਚਾਰਧਾਰਾ ਦੀ ਅਤੇ ਆਧੁਨਿਕ ਨੂੰ ਉਸ ਮਨੁੱਖ ਦੀ ਲੋੜ ਹੈ ਤਾਂ ਕਿ ਮਨੁੱਖਤਾ ਸਵੈ ਵਿਕਸਤ ਹੋ ਸਕੇ ਅਤੇ ਪਦਾਰਥਕ ਵਿਕਾਸ ਦੀ ਮੁਥਾਜੀ ਤੋਂ ਮੁਕਤੀ ਪਾ ਸਕੇ।

ਆਧੁਨਿਕਤਾ ਦੀ ਵਿਚਾਰਧਾਰਾ ਅਜੋਕੇ ਮਨੁੱਖ ਦੀ ਅੱਖ ਹੈ। ਜਿਸ ਨਾਲ ਉਹ ਬ੍ਰਹਮੰਡਕ ਦਿੱਸ ਹੱਦਿਆਂ ਅਤੇ ਸਮੂਹਿਕ ਵਿਸ਼ਵ ਦੀ ਹੋਂਦ ਦੇ ਨਾਲ-ਨਾਲ ਉਨ੍ਹਾਂ ਵਿਚਲੀ ਕਾਰਜ ਪ੍ਰਣਾਲੀ ਨੂੰ ਵੇਖ ਅਤੇ ਅਨੁਭਵ ਕਰ ਸਕਦਾ ਹੈ। ਇਹ ਅੱਖ ਵਿਸ਼ਵ ਦਾ ਅੱਗਾ ਵੀਂ ਵੇਖਦੀ ਹੈ ਅਤੇ ਪਿੱਛ ਵੀ। ਸਮੂਹਿਕ ਬ੍ਰਹਮੰਡ ਦਾ ਸੱਚ ਅਤੇ ਅਕਸ਼ ਇਸ ਅੱਖ ਵਿਚ ਮੌਜੂਦ ਹੈ। ਦਿਸ ਅਦਿਸ ਸੰਕਲਪ ਦਾ ਯਥਾਰਥ ਇਸ ਅੱਖ ਦੀ ਦ੍ਰਿਸ਼ਟੀਗੋਚਰਤਾ ਦਾ ਵਿਸ਼ਾ ਹੈ। ਇਹ ਅੱਖ ਆਪਣੇ ਪਿੰਡੇ 'ਤੇ ਹੰਢਾਏ ਜੀਵਨ ਸੱਚ ਦੇ ਯਥਾਰਥ ਦਾ ਅਕਸ਼ ਦੁਨੀਆ ਦੀ ਹਰ ਭਾਸ਼ਾ ਅਤੇ ਸਾਹਿਤ ਵਿਚ ਪੇਸ਼ ਕਰਦੀ ਹੈ। ਮਨੁੱਖ ਨੂੰ ਆਪਣਾ ਕਾਇਆ ਕਲਪ ਕਰਨ ਲਈ ਵਾਰ-ਵਾਰ ਪ੍ਰੇਰਿਤ ਕਰਦੀ ਹੈ। ਮਨੁੱਖ ਆਪਣੇ ਸਫ਼ਰ ਵਿਚ ਸਫ਼ਲ ਹੈ ਕਿ ਨਹੀਂ। ਆਧੁਨਿਕਤਾ ਇਸ ਵਿਚ ਵਿਸ਼ਵਾਸ ਨਹੀਂ ਰੱਖਦੀ

ਬਲਕਿ ਮਨੁੱਖੀ ਸਫ਼ਲਤਾ ਦੇ ਯਤਨ ਵਿਚ ਵਿਸ਼ਵਾਸ ਰੱਖਦੀ ਹੈ। ਇਹ ਅੱਖ ਵਰਤਮਾਨ 'ਚੋਂ ਭੂਤ ਅਤੇ ਭਵਿੱਖ ਵੇਖਣ ਦੀ ਸਮਰੱਥਾ ਰੱਖਦੀ ਹੈ।

ਆਧੁਨਿਕਤਾ ਅਨੁਭਵ ਦੀ ਅਸੀਮਤਾ ਹੈ। ਸੱਚਦੀ ਪ੍ਰਾਪਤੀ ਦਾ ਪ੍ਰਗਟਾ ਦਰਪਣ ਹੈ। ਪੱਥਰ 'ਚ ਗਤੀ ਤੇ ਪਾਣੀ 'ਚ ਪੱਥਰ ਤਾਰਨ ਦੀ ਸਮਰੱਥਾ ਰੱਖਦੀ ਹੈ। ਆਧੁਨਿਕਤਾ, ਪੱਥਰ ਦੇ ਬੁੱਤ ਨੂੰ ਪੂਜਣ ਦੀ ਥਾਂ ਉਸ ਨੂੰ ਤੋੜ ਕੇ ਉਸ ਵਿਚਲੇ ਰੱਬੀ ਭਰਮ ਦਾ ਨਿਤਾਰਾ ਕਰਦੀ ਹੈ। ਖੇਤਾਂ ਵਿਚ ਅੰਨ ਦੀ ਥਾਂ ਬਾਰੂਦ ਉਗਾਉਣ ਦੇ ਪ੍ਰਤੀਕਰਮ ਦਾ ਜੀਵਨ 'ਤੇ ਕੀ ਪ੍ਰਭਾਵ ਪੈਂਦਾ ਹੈ। ਮਨੁੱਖ ਨੂੰ ਇਸ ਪ੍ਰਭਾਵ ਦੇ ਅਸਰ ਤੋਂ ਜਾਣੂ ਕਰਵਾਉਂਦੀ ਹੈ ਆਧੁਨਿਕਤਾ। ਅੰਨ ਭੁੱਖ ਦੀ ਤ੍ਰਿਪਤੀ ਹੈ। ਖੇਤ ਅੰਨ ਪੂਰਤੀ ਦਾ ਸਾਧਨ ਹੈ। ਬਾਰੂਦ ਤਬਾਹੀ ਦਾ ਯਥਾਰਥਕ ਸੱਚ ਹੈ। ਇਸ ਸੱਭ ਦਾ ਗਿਆਨ ਮਨੁੱਖ ਨੂੰ ਆਧੁਨਿਕਤਾ ਪ੍ਰਦਾਨ ਕਰਦੀ ਹੈ। ਆਧੁਨਿਕਤਾ ਦੀ ਚੇਤਨਾ ਮੂਲ ਰੂਪ ਵਿਚ ਸੱਚ, ਸੁੰਦਰਤਾ, ਕਲਿਆਣ ਅਤੇ ਤਰਕ ਦੀ ਇਕਾਈ ਦੇ ਅਧਾਰਿਤ ਹੈ। ਇਹ ਇਕਾਈ ਮਨੁੱਖ ਅਤੇ ਮਨੁੱਖਤਾ ਦੀ ਸਾਂਝ 'ਚ ਮੌਜੂਦ ਹੈ। ਇਸ ਦਾ ਪ੍ਰਗਟਾਅ ਆਧੁਨਿਕਤਾ ਦੀ ਚੇਤਨਾ ਤੋਂ ਬਿਨ੍ਹਾਂ ਸੰਭਵ ਨਹੀਂ।

ਆਧੁਨਿਕਤਾ ਇੱਕ ਪ੍ਰਯੋਗਸ਼ਾਲਾ ਹੈ। ਜਿਸ ਵਿਚ ਮਨੁੱਖ ਆਪਣੇ-ਆਪ ਨੂੰ ਪ੍ਰਯੋਗਦਾ ਹੋਇਆ ਆਧੁਨਿਕ ਮਨੁੱਖ ਦਾ ਸੰਕਲਪ, ਅਰਥ ਅਤੇ ਵਜੂਦ ਯਥਾਰਥਕ ਰੂਪ ਵਿਚ ਮਜ਼ਬੂਤ ਕਰਦਾ ਹੈ। ਆਧੁਨਿਕ ਸੋਚ ਦੂਜੇ ਮਨੁੱਖ ਲਈ ਉਹ ਸੱਭ ਕੁੱਝ ਕਰਨ ਦਾ ਸੰਕਲਪ ਜਿਊਂਦੀ ਹੈ। ਜੋ ਮਨੁੱਖ ਆਪਣੇ ਲਈ ਚਾਹੁੰਦਾ ਹੈ। ਆਧੁਨਿਕ ਸੋਚ ਮਨੁੱਖੀ ਨਾ ਵਾਦੀ ਦੀ ਪ੍ਰਵਿਰਤੀਆਂ ਨੂੰ ਹਾਂ ਵਾਦੀ ਰੂਪ ਵਿਚ ਬਦਲ ਕੇ ਉਸ ਸਮਾਜ ਅਤੇ ਵਿਸ਼ਵ ਦੀ ਸਿਰਜਣਾ ਦਾ ਨਿਰਣਾ ਕਰਦੀ ਹੈ, ਜਿਸ ਵਿਚ ਮਨੁੱਖ ਦਾ ਉਸ ਦੇ ਯੋਗ ਸਾਥਾਨ ਹੋਵੇ। ਜਾਤ-ਪਾਤ, ਰੰਗ, ਨਸਲ ਤੋਂ ਅਲੱਗ ਲਹੂ ਦੇ ਰੰਗ 'ਤੇ ਅਧਾਰਿਤ ਸਮਾਜ ਸਿਰਜਣ ਦੀ ਇਛੁੱਕ ਹੈ। ਆਦਿ ਮਨੁੱਖ ਤੋਂ ਲੈ ਕੇ ਹੁਣ ਤੱਕ ਦਾ ਮਨੁੱਖੀ ਇਤਿਹਾਸਕ ਸਫ਼ਰ ਆਧੁਨਿਕਤਾ ਆਪਣੀ ਪ੍ਰਯੋਗਸ਼ਾਲਾ ਵਿਚ ਪ੍ਰਯੋਗਦੀ ਹੈ। ਫਿਰ ਉਸ ਸਫ਼ਰ ਨੂੰ ਆਧੁਨਿਕਤਾ ਆਪਣੀ ਆਲੋਚਨਾਤਮਕ ਦ੍ਰਿਸ਼ਟੀ ਤੋਂ ਵਿਚਾਰਦੀ ਹੈ। ਉਸ ਨੂੰ ਨਿਰੋਲ ਵਿਗਿਆਨਿਕ ਜੀਵਨ ਗਤੀ ਦੇ ਅਧਾਰ 'ਤੇ ਜੀਵਨ ਦੀ ਸ਼ਮੂਲੀਅਤ ਦੇ ਯੋਗ ਬਣਾਉਂਦੀ ਹੈ। ਜੀਵਨ ਦਾ ਵਿਕਾਸ ਤੇ ਉਨਤੀ ਦੇ ਪੜਾਅ ਆਧੁਨਿਕਤਾ ਆਪਣੀ ਪ੍ਰਯੋਗਸ਼ਾਲਾ ਵਿਚ ਪ੍ਰਯੋਗਦੀ ਹੈ ਅਤੇ ਆਪਣੀਆਂ ਕੱਸਵੱਟੀਆਂ 'ਤੇ ਪੂਰਨ ਭਾਂਤ ਉਤਾਰਨ ਤੋਂ ਬਾਅਦ ਜੀਵਨ ਗਤੀ ਦੇ ਯੋਗ ਸਮਝਦੀ ਹੈ, ਤਾਂ ਕਿ ਵਿਸ਼ਵ ਦੀ ਕਾਰਜ ਪ੍ਰਣਾਲੀ ਆਧੁਨਿਕਤਾ ਅਨੁਸਾਰ ਕਾਰਜ ਕਰ ਸਕੇ। ਆਧੁਨਿਕਤਾ ਦੀ ਹੋਂਦ ਹੀ ਜੀਵਨ ਦੀ ਉਨਤੀ ਹੈ।

ਆਦਿ ਮਨੁੱਖ ਤੋਂ ਅਜੋਕੇ ਮਨੁੱਖ ਦੀਆਂ ਪ੍ਰਾਪਤੀਆਂ ਪ੍ਰਤੱਖ ਤੇ ਪ੍ਰਮਾਣਿਤ ਰੂਪ ਜੋ ਮਨੁੱਖੀ ਸਮਾਜ ਦੀ ਰਹਿਨੁਮਾਈ ਕਰਦਾ ਹੋਵੇ। ਜਿਸ ਵਿਚ ਵਿਚਰਦਾ ਮਨੁੱਖ ਤੇ ਮਨੁੱਖਤਾ ਇਸ ਇਕਾਈ ਵਿਚ ਨਜ਼ਰ ਆਉਂਦੇ ਹੋਣ। ਮਨੁੱਖ ਲਹੂ ਅਤੇ ਮਨੁੱਖੀ ਰਿਸ਼ਤੇ ਜਿਸ ਦੀ ਹਾਮੀ ਭਰਦੇ ਹੋਣ, ਉਹ ਪ੍ਰਤੱਖ ਪ੍ਰਮਾਣਿਤ ਰੂਪ ਵਿਚ ਆਧੁਨਿਕਤਾ ਦਾ ਅਧਾਰ ਹੈ। ਨਵੀਂ ਧਰਤੀ, ਨਵੇਂ ਅੰਬਰ, ਨਵੇਂ ਚੰਨ, ਤਾਰਿਆਂ ਹੇਠ ਮਨੁੱਖ ਸਾਹ ਲੈ ਸਕੇ। ਅਜਿਹੇ ਮਾਹੌਲ ਅਤੇ ਵਾਤਾਵਰਨ ਦੀ ਲਖਾਇਕ ਆਧੁਨਿਕਤਾ ਹੈ। ਪੁਰਾਤਨ ਪਿਛਾਂਹ ਖਿੱਚੂ ਅਗਿਆਨਤਾ ਭਰਮ ਭੁਲੇਖਿਆਂ ਤੋਂ ਮੁਕਤ ਸੁੰਤਤਰ ਸੰਸਾਰ ਸਿਰਜਣ ਦੇ ਧਾਰਨੀ ਹੈ। ਸੱਚ 'ਤੇ ਅਧਾਰਿਤ ਮਨੁੱਖ ਦਾ ਕਾਰਨ, ਕਾਰਜ ਤੇ ਕਰਮ ਦੇ ਵਿਚਰਨ ਧਰਾਤਲ ਦੀ ਕੁੱਖ ਹੈ ਆਧੁਨਿਕਤਾ।

# ਆਧੁਨਿਕ ਸਾਹਿਤ ਇਤਿਹਾਸ: ਪ੍ਰਭੁਤਾ, ਸ਼ਹਿਰੀਕਰਨ ਅਤੇ ਯੁੱਗ ਪ੍ਰਵਿਰਤੀਆਂ

ਜੀਵਨ ਦੀਆਂ ਵੱਖ-ਵੱਖ ਪ੍ਰਵਿਰਤੀਆਂ ਅਤੇ ਪੱਖਾਂ ਤੇ ਜੋ ਗਲੋਬਲ ਪੱਧਰ 'ਤੇ ਆਧੁਨਿਕਤਾ ਦਾ ਅਸਰ ਪਿਆ। ਉਸ ਦੀ ਲਪੇਟ ਵਿਚ ਆਏ ਮਨੁੱਖਾ ਜੀਵਨ ਦੇ ਅਜੋਕੇ ਸੰਤਾਪ ਨੂੰ ਸਮਝਣਾ ਅਤਿ ਜ਼ਰੂਰੀ ਹੈ। ਅਸਲ ਵਿਚ ਇਹ ਅਸਰ ਆਧੁਨਿਕਤਾ ਦੀ ਥਾਂ ਪਦਾਰਥਕ ਵਿਕਾਸ ਦਾ ਕਹਿਣਾ ਦਰੁਸਤ ਹੋਵੇਗਾ। ਜਿੱਥੇ ਆਧੁਨਿਕਤਾ ਦੇ ਮੁੱਢ ਅਤੇ ਵਿਕਾਸ ਅਤੇ ਆਧੁਨਿਕਤਾ ਅਤੇ ਆਧੁਨਿਕਤਾ ਦਾ ਸੰਕਲਪ ਪੇਸ਼ ਕਰਨਾ ਜ਼ਰੂਰੀ ਹੈ। ਉੱਥੇ ਇਸੇ ਨਾਲ ਹੀ ਆਧੁਨਿਕਤਾ ਦੇ ਜੀਵਨ 'ਤੇ ਪਏ ਇਸ ਨਕਾਰਾਤਮਕ ਪ੍ਰਭਾਵ ਨੂੰ ਵੀ ਵਿਚਾਰਨਾ ਜ਼ਰੂਰੀ ਹੈ ਕਿਉਂਕਿ ਕਿਸੇ ਵੀ ਵਿਚਾਰਧਾਰਾ ਤੇ ਵਾਦ ਪ੍ਰਤੀ Positive ਜਾਂ negative ਰੂਪ ਦੀ ਕੱਸਵੱਟੀ ਹੁੰਦੀ ਹੈ।

ਜਿਵੇਂ ਸਾਗਰ ਵੱਖ-ਵੱਖ ਪ੍ਰਵਿਰਤੀਆਂ, ਬਹੁ ਪੱਖੀ ਅਨੁਭਵਾਂ ਅਤੇ ਦ੍ਰਿਸ਼ਟੀਕੋਣਾਂ ਦਾ ਬੂੰਦਕ ਸਮੂਹ ਹੈ, ਜਿਵੇਂ ਸ਼ਹਿਰਾਂ ਅਤੇ ਪਹਾੜ ਵੱਖ-ਵੱਖ ਜ਼ਰਿਆ ਅਤੇ ਕਿਣਕਿਆ ਦੀ ਮਾਨਸਿਕਤਾ ਦਾ ਵਜੂਦ ਹਨ। ਇਸੇ ਤਰ੍ਹਾਂ ਵਿਸ਼ਵ ਵੱਖ-ਵੱਖ ਮਨੁੱਖੀ ਅਨੁਭਵਾਂ ਦ੍ਰਿਸ਼ਟੀਆਂ ਦੀ ਅਭਿਆਸਕ ਮਾਨਸਿਕਤਾ ਦੀ ਇਕਾਈ ਹੈ। ਵਿਸ਼ਵ ਦੇ ਦੋ ਪੱਖ ਹਨ, ਇੱਕ ਮਾਨਸਿਕ ਅਤੇ ਇੱਕ ਪਦਾਰਥਕ। ਵਿਸ਼ਵ ਦਾ ਇਹ ਮਾਨਸਿਕ ਪੱਖ ਹੀ ਵਿਸ਼ਵ ਦੀ ਪਦਾਰਥਕ ਵਜੂਦ ਨੂੰ ਗਤੀਸ਼ੀਲ ਰੱਖਦਾ ਹੈ। ਇਹ ਪੱਖ ਹੀ ਵਿਸ਼ਵ ਦੀ ਹੋਂਦ, ਸੱਚ ਤੇ ਸ਼ਨਾਖਤ ਨੂੰ ਜਨਮਦਾ ਤੇ ਸਥਾਪਤ ਕਰਦਾ ਹੈ। ਪਦਾਰਥਕ ਵਿਕਾਸ ਜਾਂ ਜਿਸ ਨੂੰ ਆਮ ਲੋਕ ਆਧੁਨਿਕਤਾ ਦਾ ਵਿਕਾਸ ਗਰਦਾਨਦੇ ਹਨ, ਉਹ ਇਸ ਮਨੁੱਖੀ ਮਾਨਸਿਕਤਾ ਦੇ ਵਿਪਰੀਤ ਹੈ। ਮਨੁੱਖੀ ਮਾਨਸਿਕਤਾ ਵਿਸ਼ਵ ਦੇ ਵਜੂਦ ਨੂੰ ਮਨੁੱਖ ਅਤੇ ਮਨੁੱਖਤਾ ਅਨੁਕੂਲ ਢਾਲਣ ਵਿਚ ਯਤਨਸ਼ੀਲ ਰਹਿੰਦੀ ਹੈ। ਇਹ ਮਨੁੱਖੀ ਮਾਨਸਿਕਤਾ ਬਿੰਦੂਆਂ ਤੋਂ ਸ਼ੁਰੂ ਹੋ ਕੇ ਦਾਇਰਿਆਂ ਦਾ ਰੂਪ ਧਾਰਦੀ ਹੋਈ ਮਨੁੱਖੀ ਜੀਵਨ ਧਰਾਤਲ ਅਤੇ ਗਲੋਬਲ ਪੱਧਰ 'ਤੇ ਵਿਚਰਦੀ ਹੋਈ ਮਾਨਵਤਾ ਦੇ ਉਸ ਸੰਕਲਪ ਦੀ ਪੂਰਤੀ ਕਰਦੀ ਹੈ। ਜੋ ਮਨੁੱਖ ਅਨੁਸਾਰ ਵਿਸ਼ਵ ਸਿਰਜਣਾ ਦਾ ਧਾਰਨੀ ਹੈ। ਅਜੋਕੇ ਜੀਵਨ ਵਿਚ ਮਨੁੱਖੀ ਵਿਚਰਨ

ਧਰਾਤਲ ਦੇ ਸੰਦਰਭ ਵਿਚ ਪਦਾਰਥਕ ਵਿਕਾਸ ਦਾ ਬਹੁਤ ਵੱਡਾ ਹੱਥ ਹੈ। ਇਹ ਮਨੁੱਖੀ ਵਿਚਰਨ ਧਰਾਤਲ ਦੀ ਗਤੀ ਵਿਸ਼ਵ ਨੂੰ ਭਵਿੱਖ ਵੱਲ ਟੋਰਦੀ ਹੈ। ਇਹ ਵਿਕਾਸਸ਼ੀਲਤਾ ਆਧੁਨਿਕਤਾ ਦੇ ਵਿਕਾਸ ਦੀ ਦਿਸ਼ਾ 'ਤੇ ਅਧਾਰਿਤ ਹੈ। ਇਸ ਵਿਕਾਸ ਦਾ ਮਨੁੱਖੀ ਮਾਨਸਿਕਤਾ 'ਤੇ ਕੀ ਅਸਰ ਪੈਂਦਾ ਹੈ। ਇਸ ਵਿਕਾਸ ਦਾ ਕੀ ਪ੍ਰਤੀਕਰਮ ਹੈ। ਇਹ ਪੁਸਤਕ ਉਸ ਪ੍ਰਤੀਕਰਮ ਦੇ ਪ੍ਰਭਾਵ ਦੇ ਜੀਵਨ 'ਤੇ ਪਏ ਅਸਰ ਦਾ ਪ੍ਰਗਟਾਅ ਹੈ।

ਸਾਡਾ ਮੂਲ ਮਕਸਦ ਆਧੁਨਿਕਤਾ ਦੇ ਵਿਕਾਸ ਤੇ ਉਨਤੀ ਦੀ ਸਿਖ਼ਰ 'ਚੋਂ ਮਨੁੱਖ ਅਤੇ ਵਿਸ਼ਵ 'ਤੇ ਪਏ ਪ੍ਰਭਾਵਾਂ ਦਾ ਬਿਰਤਾਂਤਕ ਅਨੁਭਵ ਹੈ। ਯੂਰਪੀਅਨ ਮੁਲਕਾਂ ਵਿਚ ਆਧੁਨਿਕਤਾ ਦਾ ਅਗ਼ਾਜ਼ ਤਕਰੀਬਨ 13ਵੀਂ 14ਵੀਂ ਸਦੀ ਵਿਚ ਹੋਇਆ ਮੰਨਿਆ ਜਾਂਦਾ ਹੈ। ਆਧੁਨਿਕਤਾ ਦੀ ਪਰਿਭਾਸ਼ਾ ਰੂਪ-ਰੇਖਾ ਨਿਸ਼ਚਿਤ ਕਰਨ ਵਾਲੇ ਅਤੇ ਆਧੁਨਿਕਤਾ ਦੇ ਇਤਿਹਾਸਕ ਅਤੇ ਦਾਰਸ਼ਨਿਕ ਸੰਦਰਭ ਨੂੰ ਕਲਮਬੱਧ ਕਰਨ ਵਾਲੇ ਵਿਦਵਾਨਾਂ ਨੇ ਮਨੁੱਖ ਨਾਲੋਂ ਮਨੁੱਖੀ ਜੀਵਨ ਵਿਚ ਵਰਤੀ ਜਾਣ ਵਾਲੀ ਸਮੱਗਰੀ ਅਤੇ ਪਦਾਰਥ ਨੂੰ ਹੀ ਆਧੁਨਿਕਤਾ ਦੀ ਹੋਂਦ ਦਾ ਸੱਚ ਵਿਸ਼ਾ ਅਤੇ ਪ੍ਰਯੋਜਨ ਮੰਨਿਆ ਹੈ। ਇਸ ਸਮੱਗਰੀ ਦੇ ਵਿਕਾਸ ਤੇ ਉਨਤੀ ਤੇ ਜ਼ੋਰ ਦਿੱਤਾ ਹੈ। ਆਧੁਨਿਕਤਾ ਇਤਿਹਾਸਕ ਸਮੇਂ ਦੀ ਦਾਰਸ਼ਨਿਕ ਚੇਤਨਾ ਹੈ। ਪਰ ਇਹ ਚੇਤਨਾ ਦਾ ਸੱਚ ਅਤੇ ਵਿਸ਼ਾ ਮਨੁੱਖ ਦੀ ਥਾਂ ਪਦਾਰਥ ਨੂੰ ਬਣਾਇਆ ਹੈ। ਅਤੇ ਪਦਾਰਥਕ ਵਿਕਾਸ ਨੂੰ ਹੀ ਆਧੁਨਿਕਤਾ ਦਾ ਨਾਮ ਦਿੱਤਾ ਹੈ। ਆਧੁਨਿਕਤਾ ਦੀ ਪਦਾਰਥਕ ਸਮੱਗਰੀ ਵਿਚ ਮਨੁੱਖੀ ਆਵਾਜਾਈ ਦੇ ਸਾਧਨ, ਮਨੁੱਖੀ ਸੰਚਾਰ ਸੂਚਨਾ ਦੇ ਸਾਧਨ। New sources of power and energy. ਜੀਵਨ ਜਿਉਣ ਦੇ ਮਨੁੱਖੀ ਆਰਥਿਕ ਰਾਜਨੀਤਿਕ ਅਤੇ ਸਮਾਜਿਕ ਸਾਧਨ, ਮੋਟੇ ਤੌਰ 'ਤੇ ਸ਼ਾਮਲ ਹਨ।

Kant, Marx, Hegel, Koselleck, Hanna Arednt, Lucky, Nietzsche, Weber ਇਹ ਵਿਦਵਾਨ ਹਨ। ਜਿਨ੍ਹਾਂ ਮਾਨਵ ਜੀਵਨ ਦੇ Survival ਲਈ ਪਦਾਰਥਕ ਸਮੱਗਰੀ ਨੂੰ ਹੀ ਆਧੁਨਿਕਤਾ ਦਾ ਵਿਸ਼ਾ ਮੰਨਿਆ ਹੈ। ਇਨ੍ਹਾਂ ਵਿਦਵਾਨਾਂ ਨੇ ਆਧੁਨਿਕਤਾ ਦੇ ਇਤਿਹਾਸਕ ਪਿਛੋਕੜ ਨੂੰ ਵਿਚਾਰਿਆ ਅਤੇ ਆਧੁਨਿਕਤਾ ਨੂੰ ਪਰਿਭਾਸ਼ਤ ਕੀਤਾ। ਪਰ ਇਨ੍ਹਾਂ ਵਿਦਵਾਨਾਂ ਮਨੁੱਖੀ, ਵਿਅਕਤੀਗਤ ਸਵੈ ਉਨਤੀ ਦੀ ਆਧੁਨਿਕਤਾ ਦੇ ਸੰਦਰਭ ਵਿਚ ਕੋਈ ਗੱਲ ਨਹੀਂ ਕੀਤੀ। ਮਨੁੱਖੀ ਵਿਅਕਤੀਗਤ ਸਵੈ ਤੋਂ ਮੇਰਾ ਭਾਵ ਮਨੁੱਖ ਦੀ ਆਪਣੀ ਹੋਂਦ, ਆਪਣਾ ਸੱਚ, ਆਪਣੀ ਸ਼ਨਾਖਤ ਮਨੁੱਖ ਕੀ ਹੈ, ਕੌਣ ਹੈ। ਭਾਵ ਮਨੁੱਖ ਦਾ ਜੀਵਨ ਪ੍ਰਯੋਜਨ ਕੀ ਹੈ ? ਮਨੁੱਖ ਕਿੱਥੋਂ ਆਇਆ ਹੈ, ਕਿੱਥੇ ਜਾਣਾ

ਹੈ ਭਾਵ ਮਨੁੱਖ ਦਾ ਆਦਿ, ਅੰਤ ਕੀ ਹੈ। ਮਨੁੱਖ ਨੂੰ ਆਪਣੇ-ਆਪ ਪ੍ਰਤੀ ਵਿਦਿਅਕ ਕਰਨ ਲਈ ਕੋਈ ਲਿਖਤੀ ਦਸਤਾਵੇਜ਼ ਜਾਂ ਜ਼ੁਬਾਨੀ ਕਲਾਮੀ ਕੋਈ ਯਤਨ ਜਾਂ ਵਿਚਾਰ ਨਹੀਂ ਪ੍ਰਗਟਾਏ। ਜਿਵੇਂ ਆਧੁਨਿਕਤਾ ਦੇ ਵਿਕਾਸ ਦੇ ਸੰਦਰਭ ਪ੍ਰਤੀ ਪਦਾਰਥ ਬਾਰੇ ਪ੍ਰਗਟਾਏ ਹਨ। ਭਾਵ ਆਧੁਨਿਕਤਾ ਦੇ ਸੰਦਰਭ ਵਿਚ ਪਦਾਰਥਕ ਵਿਕਾਸ ਦੀ ਬਨਿਸਬਤ ਮਨੁੱਖੀ ਸਵੈ ਵਿਕਾਸ ਬਾਰੇ ਕੁੱਝ ਨਹੀਂ ਕਿਹਾ। ਜਿਸ ਕਾਰਨ ਪਦਾਰਥਕ ਵਿਕਾਸ ਦੇ ਮੁਕਾਬਲੇ ਵਿਚ ਮਨੁੱਖੀ ਵਿਕਾਸ ਰਤਾ ਭਰ ਵੀ ਨਹੀਂ ਹੋ ਸਕਿਆ।

ਦੂਜੀ ਗੱਲ 13ਵੀਂ 14ਵੀਂ ਸਦੀ ਵਿਚ ਹੀ ਆਧੁਨਿਕਤਾ ਦੇ ਆਰੰਭ ਦੇ ਨਾਲ ਹੀ ਯੂਰਪੀ ਵਿਦਵਾਨਾਂ ਨੇ ਯੂਰਪ ਵਿਚ ਧਰਮ ਦਾ ਪਤਨ ਐਲਾਨ ਦਿੱਤਾ। ਜੋ ਮਨੁੱਖੀ ਵਿਅਕਤੀਗਤ ਸਵੈ ਗਿਆਨ ਦਾ ਮੁੱਢਲਾ ਸੋਮਾ ਸੀ। ਭਾਵੇਂ ਅਸੀਂ ਧਾਰਮਿਕ ਫ਼ਲਸਫ਼ੇ ਨਾਲ ਸਹਿਮਤ ਹੋਈਏ, ਭਾਵੇਂ ਨਾ ਹੋਈਏ, ਇਹ ਵੱਖਰੀ ਗੱਲ ਹੈ। ਪਰ ਜਿੱਥੇ ਤੱਕ ਮਨੁੱਖੀ ਸਰੀਰਕ ਅਤੇ ਮਾਨਸਿਕ ਗਿਆਨ ਪ੍ਰਤੀ ਸਵਾਲ ਹੈ। ਧਾਰਮਿਕ ਫ਼ਲਸਫ਼ਾ ਇਸ ਗਿਆਨ ਦਾ ਬਹੁਤ ਵੱਡਾ ਖ਼ਜ਼ਾਨਾ ਹੈ। ਜਿਸ ਬਾਰੇ ਕੋਈ ਸ਼ੱਕ ਨਹੀਂ ਕਿਉਂਕਿ ਇਸ ਵਿਚ ਮਨੁੱਖੀ ਹੋਂਦ, ਮਨੁੱਖੀ ਸੱਚ, ਅੰਤ ਤੋਂ ਮਨੁੱਖੀ ਆਦਿ ਤੱਕ ਦਾ ਗਿਆਨ ਹੈ। ਇਹ ਫ਼ਲਸਫ਼ਾ ਸਿਰਫ਼ ਮਨੁੱਖੀ ਸਰੀਰਕ ਅਤੇ ਮਾਨਸਿਕ ਗਿਆਨ ਤੱਕ ਹੀ ਸੀਮਤ ਨਹੀਂ। ਸਗੋਂ ਮਨੁੱਖ ਨੂੰ ਮਨੁੱਖੀ ਸੱਚ ਦੀ ਪ੍ਰਾਪਤੀ ਦੇ ਸਾਧਨਾਂ ਬਾਰੇ ਵੀ ਗਿਆਨ ਕਰਵਾਉਂਦਾ ਹੈ। ਮਨੁੱਖ ਸਵੈ ਤੋਂ ਬ੍ਰਹਮੰਡਕ ਸਵੈ ਦਾ ਇਸ ਫ਼ਲਸਫ਼ੇ ਵਿਚ ਯਥਾਰਥਕ ਗਿਆਨ ਹੈ। ਧਰਮ ਦਾ ਯੂਰਪ ਵਿਚ ਪਤਨ ਹੋਣ ਕਾਰਨ ਵੀ ਮਨੁੱਖੀ ਸਵੈ ਵਿਕਾਸ ਵਿਚ ਰੁਕਾਵਟ ਆਈ।

ਆਧੁਨਿਕਤਾ 13ਵੀਂ 14ਵੀਂ ਸਦੀ ਤੋਂ ਆਰੰਭ ਹੋ ਕੇ 20ਵੀਂ ਸਦੀ ਵਿਚ ਉਨਤੀ ਦੇ ਵਿਕਾਸ ਦੀ ਸਿਖ਼ਰ ਛੋਹਦੀ ਹੈ। ਯੂਰਪ ਵਿਚ ਇਸ ਸਮੇਂ ਤੋਂ ਬਹੁਤ ਪਹਿਲੇ ਧਰਮ ਦਾ ਪਤਨ ਐਲਾਨਿਆ ਗਿਆ ਸੀ। ਆਵਾਜਾਈ ਦੇ ਸਾਧਨ ਮੰਗਲ ਗ੍ਰਹਿ ਤੱਕ, ਸੰਚਾਰਕ ਸਾਧਨ ਕੰਪਿਊਟਰ ਯੁੱਗ ਤੱਕ ਰਾਜਨੀਤਿਕ ਸਮਾਜਿਕ ਤੇ ਆਰਥਿਕ ਸਾਧਨ ਵਿਸ਼ਵ ਬੌਧਿਕ ਕੇਂਦਰ ਦੀ ਪ੍ਰਾਪਤੀ ਤੱਕ ਅੱਪੜ ਗਏ ਹਨ। ਹਰੀ ਕ੍ਰਾਂਤੀ ਉਦਯੋਗਿਕ ਕ੍ਰਾਂਤੀ Enlightment ਯੁੱਗ, electronic ਯੁੱਗ, ਪਲਾਸਟਿਕ ਯੁੱਗ, ਵਿਗਿਆਨਿਕ ਯੁੱਗ, ਦਾਰਸ਼ਨਿਕ ਯੁੱਗ ਸੱਭ ਹੋਂਦ ਵਿਚ ਆਏ। ਪਰ ਮਨੁੱਖ ਉੱਥੇ ਦਾ ਉੱਥੇ ਹੀ ਖੜ੍ਹਾ ਸੀ। ਮਨੁੱਖ ਨੇ ਵਿਅਕਤੀਗਤ ਤੌਰ 'ਤੇ ਨਾ ਕੋਈ ਵਿਕਾਸ ਕੀਤਾ ਨਾ ਉਨਤੀ। ਉਸ ਦੀ ਮਾਨਸਿਕਤਾ ਗਤੀ ਰਹਿਤ ਹੋ ਗਈ। ਆਧੁਨਿਕਤਾ ਦੇ ਵਿਕਾਸ ਨੇ ਮਨੁੱਖ ਅੰਦਰ ਹੀਣ ਭਾਵਨਾ ਨੂੰ ਜਨਮ ਦਿੱਤਾ। ਉਸ ਨੂੰ ਉਸ ਦੇ ਪਿੱਛੇ ਰਹਿ ਜਾਣ ਦਾ

ਅਹਿਸਾਸ ਕਰਵਾਇਆ। ਜਿਸ ਨਾਲ ਮਨੁੱਖ ਟੁੱਟ, ਭੱਜ ਤੇ ਬਿਖ਼ਰ ਗਿਆ। ਆਪਣੀ ਹੋਂਦ ਆਪਣਾ ਸੱਚ ਆਪਣੀ ਸ਼ਨਾਖਤ ਗੁਆ ਬੈਠਾ। ਆਧੁਨਿਕਤਾ ਦੇ ਵਿਕਾਸ ਦੇ ਪ੍ਰਤੀਕਰਮ 'ਚੋਂ ਜਨਮਿਆ ਸੰਤਾਪ ਮਨੁੱਖ ਨੇ ਕਈ ਸਦੀਆਂ ਹੰਢਾਇਆ। ਜਿਸ ਕਾਰਨ ਮਨੁੱਖ ਆਪਣੀ ਇਕਾਈ 'ਚ ਤਕਸੀਮਿਆ ਗਿਆ। ਪੁਰਜਾ-ਪੁਰਜਾ ਹੋ ਗਿਆ। ਆਧੁਨਿਕਤਾ ਦੀ ਉਨਤੀ ਤੇ ਵਿਕਾਸ ਨੇ ਇਹ ਸੰਤਾਪ ਮਨੁੱਖ ਦੇ ਮੱਥੇ ਮੜ੍ਹਿਆ। ਮਨੁੱਖ ਜਦ ਵੇਖਦਾ ਹੈ ਕਿ ਉਸ ਦੀ ਵਰਤੋਂ ਦੀ ਸਮੱਗਰੀ ਉਸ ਤੋਂ ਬਹੁਤ ਅੱਗੇ ਨਿਕਲ ਗਈ ਹੈ। ਮਨੁੱਖ ਦੀਆਂ ਪ੍ਰਾਪਤੀਆਂ ਹੀ ਮਨੁੱਖ ਨੂੰ ਵਰਤ ਰਹੀਆਂ ਹਨ। ਜਦੋਂ ਕਿ ਮਨੁੱਖ ਉਨਾਂ ਵਸਤੂਆਂ ਦੀਆਂ ਪ੍ਰਾਪਤੀਆਂ ਦਾ ਖ਼ੁਦ ਸਿਰਜਕ ਹੈ, ਕਰਤਾ ਹੈ। ਮਨੁੱਖ ਮਹਿਸੂਸ ਕਰਦਾ ਹੈ ਕਿ ਉਹ ਬਲਹੀਣ ਅਤੇ ਪਦਾਰਥਕ ਮੁਥਾਜੀ ਗ਼ੁਲਾਮ ਹੋ ਕੇ ਰਹਿ ਗਿਆ ਹੈ। ਇਹ ਹੀਣ ਭਾਵਨਾ ਹੀ ਮਨੁੱਖ ਨੂੰ ਅੰਦਰੋਂ ਅੰਦਰੀ ਖਾਹ ਰਹੀ ਹੈ। ਮਨੁੱਖ ਨੂੰ ਜਿਊਂਦੀ ਜਾਗਦੀ ਲਾਸ਼ ਬਣਾ ਦਿੱਤਾ ਹੈ। ਜੋ ਆਪਣੀ ਲਾਸ਼ ਮੋਢਿਆਂ 'ਤੇ ਚੁੱਕੀ ਜ਼ਿੰਦਗੀ ਭਾਲ ਰਿਹਾ ਹੈ। ਜਿਸ 'ਚੋਂ ਮੰਨਫ਼ੀ ਹੋ ਗਿਆ। ਜਿਸ 'ਚੋਂ ਉਹ ਮੰਨਫ਼ੀ ਹੋ ਗਈ ਹੈ। ਤੁਸੀਂ ਆਦਿ ਕਾਲ ਤੋਂ ਅਜੋਕੇ ਕਾਲ ਤੱਕ ਦਾ ਇਤਿਹਾਸ ਵਿਚਾਰੋਂ ਤੁਸੀਂ ਵੇਖੋਗੇ ਕਿ ਇਤਿਹਾਸ ਵਿਚ ਕਈ ਯੁੱਗ ਆਏ ਪਰ ਮਨੁੱਖ ਦਾ ਯੁੱਗ ਕਦੀ ਨਹੀਂ ਆਇਆ। ਇਹੀ ਆਧੁਨਿਕਤਾ ਦੇ ਵਿਕਾਸ 'ਚ ਮਨੁੱਖੀ ਸੰਤਾਪ ਹੈ।

ਮਨੁੱਖ ਆਪਣੇ-ਆਪ ਵਿਚ ਗਿਰ ਗਿਆ ਹੈ। ਜਦੋਂ ਮਨੁੱਖ ਇਹ ਮਹਿਸੂਸ ਕਰਦਾ ਹੈ ਕਿ ਉਸ ਦੀ ਪਹਿਚਾਣ ਮਨੁੱਖੀ ਅਧਾਰ ਦੀ ਥਾਂ ਪਦਾਰਥਕ ਜ਼ਾਇਦਾਦ ਦੇ ਘੱਟ ਜਾਂ ਵੱਧ ਹੋਣ ਦੇ ਅਧਾਰ 'ਤੇ ਨਿਰਭਰ ਹੈ। ਇਹ ਸਥੂਲ ਵਸਤੂਆਂ ਵਲੋਂ ਜਿਊਂਦੇ ਜਾਗਦੇ ਮਨੁੱਖ ਦੀ ਸ਼ਨਾਖਤ ਦਾ ਪ੍ਰਗਟਾਅ ਹੈ। ਆਧੁਨਿਕਤਾ ਦਾ ਸਿਰਜਕ ਬੇਸ਼ੱਕ ਮਨੁੱਖ ਹੈ ਪਰ ਮਨੁੱਖ ਫਾਡੀ ਹੈ। ਪਦਾਰਥ ਮਨੁੱਖ ਦਾ ਰਹਿਨੁਮਾ ਹੈ। ਮਨੁੱਖ ਬਹੁਤ ਵੱਡਾ ਸੰਤਾਪ ਗਲੋਬਲ ਪੱਧਰ 'ਤੇ ਹੰਢਾਅ ਰਿਹਾ ਹੈ। ਮਨੁੱਖਤਾ ਜਿਸ ਸੰਤਾਪ ਨੂੰ ਆਪਣੇ ਲਹੂ 'ਚ ਜੀਅ ਰਹੀ ਹੈ। ਅਜੋਕੇ ਵਿਗਿਆਨ ਯੁੱਗ ਦੀ ਇਹ ਬਹੁਤ ਵੱਡੀ ਤ੍ਰਾਸਦੀ ਹੈ। ਜਿਸ ਨੂੰ ਉਸ ਦਾ ਸਿਰਜਕ ਹੀ ਭੋਗ ਰਿਹਾ ਹੈ। ਮਨੁੱਖ ਆਪਣੇ ਹੀ ਦਰਪਣ 'ਚੋਂ ਆਪਣੇ ਚਿਹਰੇ ਨੂੰ ਪਹਿਚਾਣ ਨਹੀਂ ਸਕਦਾ। ਮਨੁੱਖ ਦੀ ਇਸ ਤੋਂ ਵੱਡੀ ਤ੍ਰਾਸਦੀ ਕੀ ਹੋ ਸਕਦੀ ਹੈ।

ਆਧੁਨਿਕਤਾ ਦੇ ਪਦਾਰਥਕ ਵਿਕਾਸ ਨੇ ਸੱਭ ਤੋਂ ਪਹਿਲਾਂ ਮਨੁੱਖ ਨੂੰ ਕੁਦਰਤ ਨਾਲੋਂ ਤੋੜਿਆ। ਆਧੁਨਿਕਤਾ ਦੇ ਪਦਾਰਥਕ ਵਿਕਾਸ ਦਾ ਜੋ ਮਨੁੱਖ 'ਤੇ ਅਸਰ ਪਿਆ, ਉਹ ਅਸਰ ਮਨੁੱਖੀ ਢਹਿੰਦੀ ਕਲਾ ਦਾ ਪ੍ਰਗਟਾਅ ਹੈ। ਇਸ ਪ੍ਰਭਾਵ ਅਧੀਨ ਮਨੁੱਖ ਕੁਦਰਤ ਤੋਂ ਟੁੱਟ ਕੇ ਆਪਣੀ ਜੜ੍ਹ ਤੋਂ ਦੂਰ ਹੋ ਗਿਆ।

ਇਸ ਹਾਲਤ ਵਿਚ ਮਨੁੱਖੀ ਵਿਚਰਨ ਧਰਾਤਲ ਦੀ ਸਥਿਤੀ ਜਿੰਨੀ ਸ਼ਿਦਤ ਨਾਲ ਵਿਸ਼ਵ ਸਾਹਿਤ ਦੀਆਂ ਭਾਸ਼ਾਵਾਂ ਵਿਚ ਪੇਸ਼ ਕੀਤੀ ਗਈ ਹੈ, ਕਿਸੇ ਹੋਰ ਮਾਧਿਅਮ ਵਿਚ ਉਪਲੱਬਧ ਨਹੀਂ ਹੈ। ਆਧੁਨਿਕਤਾ ਅੰਤਰਮੁਖੀ ਹੈ। ਇਸ ਲਈ ਆਧੁਨਿਕ ਸਾਹਿਤ ਦੀ ਪ੍ਰਵਿਰਤੀ ਮਨੁੱਖੀ ਅੰਦਰੂਨੀ ਵਿਅਕਤੀਗਤ ਵਿਚਾਰਧਾਰਾ ਦੀ ਧਾਰਨੀ ਹੈ। ਮਨੁੱਖ ਦੇ ਅੰਦਰ-ਬਾਹਰ ਦੀ ਮਾਨਸਿਕ ਸਥਿਤੀ ਉਸ ਦੀ ਸਰੀਰਕ ਦਸ਼ਾ, ਦਿਲ ਦੀ ਧੜਕਣ, ਮਨ ਦੀ ਦੌੜ ਸਾਹਿਤਕ ਵਿਅਕਤੀਗਤ ਵਿਚਾਰਧਾਰਾ ਦੀ ਲਖਾਇਕ ਹੈ।

ਮਨੁੱਖ ਪ੍ਰਕਿਰਤੀ 'ਚੋਂ ਜਨਮਿਆ ਪ੍ਰਕਿਰਤੀ 'ਚੋਂ ਮਨੁੱਖ ਨੇ ਉੱਠਣਾ, ਬੈਠਣਾ ਤੇ ਬੋਲਣਾ ਸਿੱਖਿਆ। ਪ੍ਰਕਿਰਤੀ ਮਨੁੱਖ ਦਾ ਮਦਰਸਾ ਸੀ। ਜਿਸ 'ਚੋਂ ਮਨੁੱਖ ਨੇ ਜੀਵਨ ਜਾਂਚ ਸਿੱਖੀ, ਦੁੱਖ-ਸੁੱਖ ਵਿਚ ਵਿਚਰਨਾ ਅਤੇ ਹਲਾਤ ਦਾ ਸਾਹਮਣਾ ਕਰਨਾ ਸਿੱਖਿਆ। ਕਦੀ ਮਨੁੱਖ ਪ੍ਰਕਿਰਤੀ ਸੀ, ਪ੍ਰਕਿਰਤੀ ਮਨੁੱਖ ਸੀ। ਪ੍ਰਕਿਰਤੀ ਹੀ ਮਨੁੱਖ ਦਾ ਆਸਰਾ ਤੇ ਸੁਰੱਖਸ਼ਾ ਸੀ। ਪ੍ਰਕਿਰਤੀ ਨੇ ਮਨੁੱਖ ਨੂੰ ਸਮੇਂ ਅਤੇ ਸਮੇਂ ਦੀ ਗਤੀ ਦਾ ਗਿਆਨ ਕਰਵਾਇਆ। ਮਨੁੱਖ ਨੂੰ ਕੁਦਰਤ ਨੇ ਆਪਣੀ ਉਂਗਲੀ ਲਾ ਕੇ ਰਾਹ ਵਿਖਾਏ ਅਤੇ ਆਪਣੇ ਅਨੇਕਾਂ ਪ੍ਰਕਾਰ ਦੇ ਭੇਦਾਂ ਤੋਂ ਜਾਣੂ ਕਰਵਾਇਆ। ਜੀਵਨ ਦੇ ਕਈ ਰਹੱਸ ਪ੍ਰਕਿਰਤੀ ਨੇ ਮਨੁੱਖ ਨੂੰ ਸਮਝਾਏ। ਮਨੁੱਖ ਨੂੰ ਮਨੁੱਖ ਦੇ ਪੈਰਾਂ 'ਤੇ ਖੜਾ ਕੀਤਾ। ਮਨੁੱਖ ਦਾ ਜਿਸ ਕੁਦਰਤ ਦੀ ਗੋਦ ਵਿਚ ਵਿਕਾਸ ਹੋਇਆ। ਪਦਾਰਥਕ ਵਿਕਾਸ ਦੇ ਪ੍ਰਭਾਵ ਅਧੀਨ ਮਨੁੱਖ ਉਸ ਕੁਦਰਤ ਨਾਲੋਂ ਟੁੱਟ ਗਿਆ। ਡਰ, ਨਫ਼ਰਤ, ਪਿਆਰ, ਸਾਂਝੀਵਾਲਤਾ, ਸੁਰੱਖਸ਼ਾ, ਉੱਧਮ ਅਤੇ ਇੱਛਾ ਪੂਰਤੀ ਦੇ ਸਾਧਨਾਂ ਦਾ ਗਿਆਨ ਮਨੁੱਖ ਨੂੰ ਕੁਦਰਤ ਤੋਂ ਪ੍ਰਾਪਤ ਹੋਇਆ। ਦਲੀਲ ਅਤੇ ਜਜ਼ਬਾਤ ਦੇ ਅਰਥ ਮਨੁੱਖ ਨੇ ਕੁਦਰਤ ਤੋਂ ਗ੍ਰਹਿਣ ਕੀਤੇ। ਮਨੁੱਖ ਦੇ ਮੂੰਹੋਂ ਮਾਂ ਸ਼ਬਦ ਦਾ ਉਚਾਰਣ ਵੀ ਕੁਦਰਤ ਦੀ ਗੋਦ ਵਿਚ ਹੋਇਆ ਅਸਲ ਵਿਚ ਮਾਂ ਦੀ ਮਮਤਾ ਦੇ ਨਿੱਘ ਦਾ ਅਹਿਸਾਸ ਹੀ ਮਨੁੱਖ ਕੁਦਰਤ ਦੀ ਗੋਦ 'ਚੋਂ ਹੋਇਆ। ਸ਼ਬਦਾਂ ਦੀ ਸਿਰਜਣਾ ਹੀ ਮਨੁੱਖ ਬੋਲੀ ਤੇ ਭਾਸ਼ਾ ਦਾ ਵਿਕਾਸ ਅਤੇ ਮਨੁੱਖੀ ਦੇਹ ਵਿਚਲੇ ਬੀਜ਼ ਨੇ ਰੁੱਖ ਦਾ ਰੂਪ ਵੀ ਕੁਦਰਤ ਵਿਚ ਹੀ ਧਾਰਿਆ। ਸੰਕਲਪ, ਅਰਥ ਤੇ ਸ਼ਬਦ ਤੱਕ ਦਾ ਸਫ਼ਰ ਮਨੁੱਖ ਨੇ ਕੁਦਰਤ ਦੀ ਸ਼ਕਤੀ ਦੇ ਹੱਥਾਂ 'ਚ ਤਹਿ ਕੀਤਾ। ਦ੍ਰਿਸ਼, ਦ੍ਰਿਸ਼ਟੀ ਅਤੇ ਦ੍ਰਿਸ਼ਟਾਂਤ ਦਾ ਯਥਾਰਥਕ ਰੂਪ ਵੀ ਮਨੁੱਖ ਨੇ ਕੁਦਰਤ ਦੇ ਚਿਹਰੇ 'ਚੋਂ ਤੱਕਿਆ। ਮਨੁੱਖੀ ਦ੍ਰਿਸ਼ਟੀ ਨੇ ਦਿੱਸ ਹੱਦਿਆਂ ਤੋਂ ਪਾਰ ਵੇਖਣ ਦੇ ਵੱਲ ਕੁਦਰਤ ਦੀ ਨਿਗ਼ਾਹ 'ਚੋਂ ਸਿੱਖਿਆ। ਦਿਲ ਦਾ ਦਰਦ ਜੋ ਅੱਖਾਂ 'ਚ ਅੱਥਰੂ ਦੀ ਰੂਪਧਾਰ ਜਨਮਦਾ ਹੈ, ਉਸ ਦਾ ਅਹਿਸਾਸ ਮਨੁੱਖ ਨੇ ਕੁਦਰਤ ਦੀ ਗਲਵੱਕੜੀ 'ਚੋਂ ਅਨੁਭਵ ਕੀਤਾ। ਭਾਵ ਮਨੁੱਖੀ ਮਾਨਸਿਕ ਸ਼ਖ਼ਸੀਅਤ ਦੇ

ਵਿਕਾਸ ਅਤੇ ਸਰੀਰਕ ਬਣਤਰ ਦੀ ਹੋਂਦ ਵਿਚ ਕੁਦਰਤ ਦੀ ਕਾਰਜ ਪ੍ਰਣਾਲੀ ਦਾ ਵਿਸ਼ੇਸ਼ ਯੋਗਦਾਨ ਹੈ।

ਮਨੁੱਖ ਦੇ ਅੰਦਰੋਂ ਕਈ ਦਿਸ਼ਾਵਾਂ ਤੇ ਰਾਹ ਕੁਦਰਤ ਦੀ ਗੋਦ 'ਚੋਂ ਜਨਮੇ ਅਤੇ ਮਨੁੱਖ ਦੁਆਲੇ ਫੈਲ ਗਏ। ਕੁਦਰਤ ਦੇ ਮਦਰਸੇ ਵਿਚ ਹੀ ਮਨੁੱਖ ਨੇ ਸ਼ਬਦਾਂ ਨੂੰ ਅਰਥਾਂ ਦਾ ਰੂਪ ਦਿੱਤਾ। ਜਿਸ ਨਾਲ ਅਰਥਾਂ ਦੇ ਅੰਦਰੋਂ ਰਾਹਾਂ, ਮੰਜ਼ਿਲ ਅਤੇ ਸ਼ਬਦਾਂ ਕਈ ਹਜ਼ੂਮ ਉੱਠੇ। ਮਨੁੱਖ, ਮਨੁੱਖ ਤੋਂ ਕਾਫ਼ਲੇ ਦਾ ਰੂਪ ਧਾਰਨ ਕਰ ਗਿਆ। ਆਪਣੇ ਦੁਆਲੇ 'ਚ ਮਨੁੱਖ ਇੰਨ੍ਹਾ ਵਿਕਸਤ ਹੋਇਆ ਕਿ ਮਨੁੱਖ ਨੂੰ ਆਪਣਾ ਹੀ ਚਿਹਰਾ ਦੁਆਲੇ ਪਸਰਿਆ ਜਾਪਿਆ। ਮਨੁੱਖ ਨੇ ਜੰਗਲ 'ਚੋਂ ਕੱਚ ਦੀ ਦੁਨੀਆ ਉਸਾਰੀ ਰੌਸ਼ਨੀਆਂ 'ਚ ਜਗਮਗ ਕਰਦੇ ਸ਼ੀਸ਼ੇ ਦੇ ਸ਼ਹਿਰਾਂ ਤੇ ਮਹਾਂਨਗਰਾਂ ਦੀ ਨਿਰਮਾਣ ਕੀਤਾ। ਪ੍ਰਕਿਰਤੀ ਦਾ ਹਰ ਵਰਕਾ ਖੁਲ੍ਹਿਆ। ਮਨੁੱਖ ਹਵਾ 'ਚ ਉੱਡਿਆ, ਜਲ 'ਤੇ ਟੁਰਿਆ, ਧਰਤੀਆਂ ਗਾਹੀਆਂ, ਅੰਬਰ ਚੱਪਾ-ਚੱਪਾ ਫੋਲਿਆ। ਜਿਉਂ-ਜਿਉਂ ਮਨੁੱਖ ਸਮੱਗਰੀ ਆਧੁਨਿਕਤਾ ਦਾ ਰੂਪ ਧਾਰਦੀ ਗਈ। ਮਨੁੱਖ ਆਪਣੀ ਕੁਦਰਤ ਮਾਂ ਤੋਂ ਦੂਰ ਹੁੰਦਾ ਗਿਆ। ਇੰਨ੍ਹਾ ਦੂਰ ਹੋ ਗਿਆ ਕਿ ਆਪਣੀ ਹੋਂਦ, ਆਪਣਾ ਸੱਚ ਤੇ ਸ਼ਨਾਖਤ ਗੁਆ ਬੈਠਾ। ਆਧੁਨਿਕਤਾ ਦੇ ਸੁਭਾਅ ਵਾਂਗ ਮਨੁੱਖ ਅੰਦਰ-ਮੁਖੀ ਹੰਦਾ ਹੋਇਆ ਆਪਣੇ ਬਿੰਦੂ 'ਚ ਸੁਘੜਦਾ ਆਪਣੇ ਅੰਦਰ ਦੇ ਹਨ੍ਹੇਰੇ 'ਚੋਂ ਇੰਨ੍ਹਾ ਘਿਰ ਗਿਆ ਕਿ ਹਨ੍ਹੇਰਾ ਬਣ ਕੇ ਰਹਿ ਗਿਆ। ਇਹ ਹਨ੍ਹੇਰਾ ਮਨੁੱਖ ਦੀ ਸੀਮਤ ਚਾਰ ਦਿਵਾਰੀ ਦਾ ਸੀ। ਜਿਸ ਦੀਆਂ ਕੰਧਾਂ ਪਦਾਰਥਕ ਵਿਕਾਸ ਨੇ ਮਨੁੱਖ ਦੁਆਲੇ ਉਸਾਰੀਆਂ ਸਨ। "ਮਨ ਤੋਂ ਜੋਤ ਸਰੂਪ ਹੈ" ਦਾ ਚਿਰਾਗ ਤਾਂ ਮਨੁੱਖ ਆਧੁਨਿਕਤਾ ਦੇ ਆਰੰਭ ਨਾਲ ਹੀ ਬੁੱਝ ਚੁੱਕਾ ਸੀ। ਇਸ ਲਈ ਅੰਦਰਲਾ ਹਨ੍ਹੇਰਾ ਦੂਰ ਕਰਨ ਦੇ ਸਮਰੱਥ ਨਹੀਂ ਸੀ।

ਮਨੁੱਖੀ ਅਭਿਵਿਅਕਤੀ ਦਾ ਸੱਚ ਸ਼ਬਦਾਂ ਤੇ ਅਰਥਾਂ ਦਾ ਮੁਥਾਜ਼ ਹੋ ਕੇ ਰਹਿ ਗਿਆ। ਮਨੁੱਖੀ ਅਭਿਵਿਅਕਤੀ ਦੀ ਰੂਹ ਮੁਰਦਾ ਹੋ ਗਈ ਮਨੁੱਖ ਨੇ ਜਿੱਥੇ ਆਪਣੇ-ਆਪ 'ਤੇ ਕੁਦਰਤ ਵਿਚ ਫ਼ਾਸਲਾ ਸਿਰਜਿਆ। ਉੱਥੇ ਪ੍ਰਕਿਰਤੀ ਤੇ ਰੁਪਾਂਤਰ ਪ੍ਰਕਿਰਤੀ ਵੀ ਸਿਰਜੀ, ਜਿਸ ਨੂੰ ਧਾਤੂ ਪ੍ਰਕਿਰਤੀ ਕਿਹਾ ਜਾਂਦਾ ਹੈ। ਜਿਸਨੇ ਕੁਦਰਤੀ ਯਥਾਰਥ ਨੂੰ ਭਰਮ ਵਿਚ ਬਦਲ ਵਿਚ ਬਦਲ ਦਿੱਤਾ। ਇਸ ਪਲਾਸਟਿਕ ਦੀ ਧਾਤੂ ਪ੍ਰਕਿਰਤੀ ਨੇ ਮਨੁੱਖ ਇਸ ਦੇ ਦੁਆਲੇ ਨੂੰ ਇੱਕ ਵੱਖਰਾ ਰੂਪ ਦਿੱਤਾ। ਮਨੁੱਖ ਨੇ ਰੁੱਖ, ਜੰਗਲ, ਜੰਗਲੀ ਜਾਨਵਰ, ਜੀਵ ਜੰਤੂ, ਫੁੱਲ ਬੂਟੇ ਪਲਾਸਟਿਕ ਦੀ ਪ੍ਰਵਿਰਤੀ ਕੁਦਰਤ ਦੇ ਸਰੂਪ ਵਿਚ ਕਰ ਦਿੱਤਾ, ਇਹ ਪਦਾਰਥਕ ਵਿਕਾਸ ਦੀ ਹੀ ਨਿਰੰਤਰਤਾ ਸੀ।

ਮਨੁੱਖ ਨੇ ਜਿੱਥੇ ਕੁਦਰਤ ਸੱਚ, ਸੁੰਦਰਤਾ ਅਤੇ ਕਲਿਆਣ ਦਾ ਖੰਡਨ ਕੀਤਾ ਉੱਥੇ ਕੁਦਰਤੀ ਸੱਚ ਨੂੰ ਵੀ ਝੂਠ ਵਿਚ ਬਦਲ ਦਿੱਤਾ। ਜਿੱਥੇ ਕੁਦਰਤੀ ਰੁੱਖ, ਜੰਗਲ ਮੁੱਢਲੇ ਰੂਪ ਵਿਚ ਕਾਰਬਨ ਚੂਸਦੇ ਸਨ ਅਤੇ ਆਕਸੀਜਨ ਪ੍ਰਦਾਨ ਕਰਦੇ ਸਨ। ਉੱਥੇ ਪਲਾਸਟਿਕ ਦੀ ਪ੍ਰਕਿਰਤੀ ਲਈ ਇਹ ਸੰਭਵ ਨਹੀਂ ਸੀ। ਮਨੁੱਖ ਨੇ ਆਪਣੇ ਦੁਆਲੇ ਆਕਾਸ਼ ਨੂੰ ਛੂਹੰਦਿਆਂ ਉੱਚੀਆਂ-ਉੱਚੀਆਂ ਇਮਾਰਤਾਂ ਦਾ ਨਿਰਮਾਣ ਕਰ ਲਿਆ। ਸਮੁੰਦਰੀ ਤੱਲ 'ਤੇ ਸ਼ੀਸ਼ੇ ਦੇ ਮਹਾਂਨਗਰ ਉਸਾਰ ਲਏ। ਪਦਾਰਥੀਕਰਨ ਨੇ ਜੀਵਨ ਵਿਚ ਬਣਾਵਟੀਪਣ ਨੂੰ ਜਨਮ ਦਿੱਤਾ। ਸ਼ੀਸੇ ਦੀਆਂ ਸੜਕਾਂ, ਸ਼ੀਸੇ ਦੇ ਸ਼ਹਿਰ, ਸ਼ੀਸ਼ੇ ਦੇ ਰੁੱਖ, ਮਨੁੱਖੀ ਦੁਆਲੇ ਵਿਚ ਨਜ਼ਰ ਆਉਣ ਲੱਗੇ। ਮਨੁੱਖੀ ਘਰਾਂ ਵਿਚ ਸ਼ੀਸ਼ੇ ਦੇ ਡੱਬਿਆਂ ਵਿਚ ਮੱਛੀਆਂ ਅਤੇ ਸਮੁੰਦਰੀ ਜੀਵ ਜੰਤੂ ਦਿੱਸਣ ਲੱਗੇ। ਕਮਰਿਆਂ ਦੀਆਂ ਕੰਧਾਂ 'ਤੇ ਲੱਗੇ Wall paper 'ਚੋਂ ਜੰਗਲੀ ਜਾਨਵਰਾਂ ਦੇ ਝੁੰਡ, ਪਹਾੜ, ਦਰਿਆ, ਨਦੀਆਂ, ਨਕਲੀ ਦ੍ਰਿਸ਼ ਅਸਲ ਦਾ ਝਾਉਲਾ ਪਾਉਣ ਲੱਗੇ। ਘਰਾਂ ਦਿਆਂ Backyard 'ਚੋਂ ਨਕਲੀ ਪਲਾਸਟਿਕ ਦੇ ਫੁੱਲ-ਬੂਟੇ, ਨਕਲੀ ਖ਼ੂਹੀਆਂ ਤੇ ਝਰਨਿਆਂ ਦੀ ਭਰਮਾਰ ਨਜ਼ਰ ਆਉਣ ਲੱਗੀ। ਇਹ ਪਦਾਰਥਕ ਵਿਕਾਸ ਕਾਰਨ ਜੀਵਨ ਵਿਚ ਆਏ ਬਣਾਵਟੀਪਣ ਦਾ ਪ੍ਰਗਟਾਅ ਸੀ। ਮਨੁੱਖ ਕੁਦਰਤੀ ਤੌਰ 'ਤੇ ਸੁੰਦਰ ਦਿੱਸਣ ਲਈ ਨਕਲੀ ਸਮੱਗਰੀ ਦੀ ਵਰਤੋਂ ਕਰਨ ਲੱਗਾ। ਇਸਤਰੀ ਸੁੰਦਰਤਾ ਦੇ ਸੰਦਰਭ ਵਿਚ ਨਕਲੀ ਸਮੱਗਰੀ ਦੀ ਵਰਤੋਂ ਵਧੇਰੇ ਵੇਖਣ ਵਿਚ ਆਉਂਦੀ ਹੈ।

ਆਧੁਨਿਕਤਾ ਦੇ ਪਦਾਰਥਕ ਵਿਕਾਸ ਦੋ ਤਰ੍ਹਾਂ ਦਾ ਬਣਾਵਟੀਪਣ ਜੀਵਨ ਵਿਚ ਲਿਆਂਦਾ। ਇੱਕ ਬਰੂਨੀ, ਦੂਜਾ ਅੰਦਰੂਨੀ। ਬਾਰੂਨੀ ਬਣਾਵਟੀਪਣ ਦਾ ਜ਼ਿਕਰ ਅਸਾਂ ਉਪਰ ਕੀਤਾ ਹੈ। ਅੰਦਰੂਨੀ ਬਣਾਵਟੀਪਣ 'ਚ ਮਨੁੱਖ ਨੇ ਮਨੁੱਖੀ ਸਰੀਰ ਵਿਚ ਵੀ ਪਲਾਸਟਿਕ ਦੀਆਂ ਹੱਡੀਆਂ, ਲੱਤਾਂ, ਬਾਹਾਂ, ਗੋਡਿਆਂ ਅਤੇ ਬਹੁਤ ਸਾਰੇ ਮਨੁੱਖੀ ਅੰਗਾਂ ਤੇ ਨਕਸ਼ਾਂ ਦਾ ਬਦਲ ਪਲਾਸਟਿਕ ਵਿਚ ਕੀਤਾ ਹੈ। ਪਹਿਲਾਂ ਧਾਤੂ ਪ੍ਰਕਿਰਤੀ ਦਾ ਮਨੁੱਖ ਦੀ ਬਾਹਰਲੀ ਦੁਨੀਆ ਨਾਲ ਸੰਬੰਧ ਸੀ। ਪਰ ਆਹਸਤਾ-ਆਹਸਾਤਾ ਇਹ ਧਾਤੂ ਪ੍ਰਕਿਰਤੀ ਮਨੁੱਖੀ ਸਰੀਰਕ ਅੰਗਾਂ ਦਾ ਵੀ ਹਿੱਸਾ ਬਣ ਗਈ। ਜਿਸ ਨੇ ਮਨੁੱਖੀ ਮਾਨਸਿਕਤਾ ਨੂੰ ਵੀ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਇਹ ਪਲਾਸਟਿਕ ਦੀ ਪ੍ਰਕਿਰਤੀ ਮਨੁੱਖੀ ਸਰੀਰ ਦੀ ਅੰਦਰੂਨੀ ਕਾਰਜ ਪ੍ਰਣਾਲੀ ਦੀ ਊਰਜਾ ਦਾ ਰੂਪ ਧਾਰ ਗਈ। ਕੁਦਰਤੀ ਸੱਚ ਦੀ ਥਾਂ ਭਰਮ ਅਤੇ ਕੁਦਰਤੀ ਸੁੰਦਰਤਾ ਦੀ ਥਾਂ ਪਲਾਸਟਿਕ ਪ੍ਰਕਿਰਤੀ ਵਿਚ ਖ਼ੁਸ਼ਬੂ ਰਹਿਤ ਕੋਹਜ਼ੀ ਅਤੇ ਅਰਥਹੀਣ ਪ੍ਰਕਿਰਤੀ ਦੀ ਸਿਰਜਣਾ ਮਨੁੱਖ ਨੇ ਪਦਾਰਥਕ ਵਿਕਾਸ ਅਧੀਨ ਕੀਤੀ।

ਕੁਦਰਤੀ ਕਲਿਆਣ ਨੂੰ ਕਲਿਆਣ ਰਹਿਤਤਾ ਦਾ ਰੂਪ ਦਿੱਤਾ ਕਿਉਂਕਿ ਪਲਾਸਟਿਕ ਦੀ ਪ੍ਰਕਿਰਤੀ ਕੁਦਰਤੀ ਪ੍ਰਕਿਰਤੀ ਵਾਂਗ ਮਨੁੱਖ ਲਈ ਕਲਿਆਣਕਾਰੀ ਸਾਬਤ ਨਹੀਂ ਹੋ ਸਕੀ। ਇੱਥੋਂ ਤੱਕ ਹੀ ਨਹੀਂ ਬਲਕਿ ਆਧੁਨਿਕਤਾ ਦਾ ਵਿਕਾਸ ਸਦਕਾ ਮਨੁੱਖ ਨੇ ਆਕਾਸ਼, ਹਵਾ, ਜਲ, ਧਰਤੀ ਨੂੰ ਤਕਸੀਮਿਆ ਅਤੇ ਪ੍ਰਦੂਸ਼ਿਤ ਕੀਤਾ।

ਕਿਉਂਕਿ ਮਨੁੱਖੀ ਸਵੈ ਵਿਕਾਸ ਵਿਚ ਪਦਾਰਥ ਵਿਕਾਸ ਕਾਰਨ ਜੋ ਖਲੋਤ ਆਈ ਹੈ, ਉਸ ਨੇ ਮਨੁੱਖੀ ਅਨੁਭਵ ਨੂੰ ਪੱਥਰ ਕਰ ਦਿੱਤਾ ਹੈ। ਮਨੁੱਖ ਵਿਚਲੀ ਇਕੱਲਤਾ ਫੈਲ ਕੇ ਚੁੱਪ, ਉਦਾਸੀ ਇਕਾਂਤ ਤੇ ਵੀਰਾਨੀ ਦਾ ਰੂਪ ਧਾਰਨ ਕਰ ਗਈ ਹੈ। ਇਸ ਨੇ ਮਨੁੱਖ ਨੂੰ ਅੰਦਰੋਂ-ਬਾਹਰੋਂ ਘੇਰ ਲਿਆ ਹੈ। ਮਨੁੱਖ ਵਿਚਲੀ ਜ਼ਰਖੇਜ ਜ਼ਮੀਨ ਬੰਜਰ ਹੋ ਗਈ ਹੈ। ਮਨੁੱਖ ਦਾ ਰੂਪਾਂਤਰ ਰੋਹ ਬਾਟ ਦੇ ਰੂਪ ਵਿਚ ਸਿਰਜਿਆ ਗਿਆ। ਇਸ ਦੀ ਵਰਤੋਂ ਨੇ ਮਨੁੱਖੀ ਜੀਵਨ ਵਿਚ ਬਹੁਤ ਤਬਦੀਲੀ ਲਿਆਂਦੀ। ਜਦੋਂ ਧਾਤੂ ਪ੍ਰਕਿਰਤੀ ਮਨੁੱਖੀ ਸਰੀਰ ਦੀ ਕਾਰਜ ਪ੍ਰਣਾਲੀ ਦਾ ਹਿੱਸਾ ਬਣ ਗਈ। ਇਸ ਦੇ ਅਸਰ ਦੇ ਅਧੀਨ ਮਨੁੱਖ ਅਸਲੀਅਤ ਦੀ ਥਾਂ ਧਾਤੂ ਪ੍ਰਕਿਰਤੀ ਦੇ ਬਣਾਵਟੀਪਣ 'ਤੇ ਨਿਰਭਰ ਕਰਨ ਲੱਗਾ। ਜੀਵਨ ਵਿਚ ਬਣਾਵਟੀਪਣ ਅਤੇ ਵਿਖਾਵੇ ਦੀ ਪ੍ਰਵਿਰਤੀ ਵਧੀ। ਲੋਕ ਪਿਆਰ, ਮੁਹੱਬਤ ਅਤੇ ਸਾਂਝੇਪਣ ਤੋਂ ਸੱਖਣੇ ਹੋ ਗਏ। ਖੁਲ੍ਹੇਪਣ ਨਾਲੋਂ Privacy ਨੂੰ ਤਰਜ਼ੀਹ ਦੇਣ ਲੱਗੇ। ਲੋਕ ਇੱਕ ਛੱਤ ਹੇਠ ਰਹਿੰਦੇ ਵੀ ਇੱਕ ਦੂਜੇ ਤੋਂ ਅਣਜਾਣ ਰਹਿਣ ਲੱਗੇ। ਲੋਕਾਂ ਦੇ ਘਰਾਂ ਤੇ ਰਸੋਈਆਂ ਨੇ Resturents ਅਤੇ Hotals ਦਾ ਰੂਪ ਧਾਰ ਲਿਆ। ਬੱਚਿਆਂ ਦੀ ਮਾਂ ਬੇਬੀ ਸਿਟਰ 'ਚ ਰੁਪਾਂਤਰ ਹੋ ਗਈ। ਇਸ ਤਰ੍ਹਾਂ ਮਨੁੱਖ ਦਾ ਪਦਾਰਥੀਕਰਨ ਹੋ ਗਿਆ।

ਅਜੋਕੇ ਸਭਿਅਕ ਲੋਕਾਂ ਵਿਚ ਇੱਕ ਅਜਨਬੀਪਣ ਭਾਵ ਓਪਰੇਪਣ ਦਾ ਬੋਲਬਾਲਾ ਹੋਗਿਆ। ਜਿਸ ਦਾ ਕਾਰਨ ਪਦਾਰਥਵਾਦ ਸੀ। ਆਧੁਨਿਕਤਾ ਸੁਭਾਅ ਤੋਂ ਅੰਤਰਮੁਖੀ ਹੈ। ਇਸ ਸੁਭਾਅ ਅਨੁਸਾਰ ਲੋਕ ਆਪਣੇ ਸਾਏ ਆਪਣੀ ਦੇਹ 'ਚ ਛੁਪਾ ਲੈਂਦੇ ਹਨ। ਸਾਇਆ ਜੋ ਦੇਹ ਦਾ ਅੰਦਰਲਾ ਸੱਚ ਹੈ। ਅਜੋਕੇ ਲੋਕ ਇਸ ਸੱਚ ਬਿਨ੍ਹਾਂ ਜੀਅ ਰਹੇ ਹਨ ਕਿਉਂਕਿ ਇਹ ਲੋਕ ਆਪਣੀ Privacy ਦੇ ਆਦੀ ਹਨ। ਇਸ ਲਈ ਇਹ ਲੋਕ ਆਪਣੇ ਸੱਚ ਦੀ ਸਾਂਝ ਬਰਦਾਸ਼ਤ ਨਹੀਂ ਕਰਦੇ। ਇਸ ਵਰਗ ਦੇ ਲੋਕ ਆਪਣੇ-ਆਪ ਨੂੰ ਉੱਚ Society ਵਜੋਂ ਮੁਖ਼ਾਤਬ ਹੁੰਦੇ ਹਨ ਅਤੇ ਆਪਣੇ-ਆਪ ਨੂੰ ਸਮਾਜ ਦਾ ਸਭ ਤੋਂ ਵੱਧ ਅਗਾਂਹਵਧੂ ਵਰਗ ਸਮਝਦੇ ਹਨ। ਆਪਣੇ-ਆਪ ਨੂੰ ਪਦਾਰਥਵਾਦੀ ਹੋਣ ਦੀ ਥਾਂ ਆਧੁਨਿਕ ਕਹਿੰਦੇ ਹਨ। ਜਦੋਂ ਕਿ ਆਧੁਨਿਕ ਨਾਮ ਦੀ ਅਜੇ ਤੱਕ ਕੋਈ ਚੀਜ਼ ਇਤਿਹਾਸ ਵਿਚ ਨਾ ਵਿਕਸਤ ਹੋਈ ਤੇ ਨਾ ਸਾਹਮਣੇ ਆਈ ਹੈ।

ਵਿਕਸਤ ਹੋਈ ਹੈ ਤਾਂ ਸਿਰਫ਼ ਆਧੁਨਿਕਤਾ ਜਿਸ ਦਾ ਸਿੱਧਾ ਸੰਬੰਧ ਮਨੁੱਖ ਦੀ ਥਾਂ ਜੀਵਨ ਸਮੱਗਰੀ ਨਾਲ ਹੈ। ਇਹ ਲੋਕ ਆਪਣੇ-ਆਪ ਵਿਚ ਅਜ਼ਨਬੀ ਜੀਵਨ ਗੁਜ਼ਾਰ ਰਹੇ ਹਨ। ਇਨ੍ਹਾਂ ਨੂੰ ਆਪਣੀ ਪਹਿਚਾਣ, ਸਿਆਣ, ਸੱਚ, ਸ਼ਨਾਖਤ ਦਾ ਕੋਈ ਗਿਆਨ ਅਹਿਸਾਸ ਨਹੀਂ। ਇਹ ਅਜੋਕੇ ਸਮਾਜਿਕ ਵਰਗ ਦੇ ਉਨ੍ਹਾਂ ਲੋਕਾਂ ਦਾ ਚਿੱਤਰ ਹੈ। ਕੋ ਆਪਣੇ-ਆਪ ਨੂੰ ਸਮੇਂ ਦੇ ਮੋਹਰੀ ਅਤੇ ਸਮਾਜਿਕ ਉੱਚ ਵਰਗ ਦੀ ਆਪਣੇ-ਆਪ ਨੂੰ ਕਲਗੀ ਸਮਝਦੇ ਹਨ। ਜਿਨ੍ਹਾਂ ਦਾ ਪਦਾਰਥ ਤੋਂ ਬਿਨ੍ਹਾਂ ਕਿਸੇ ਮਨੁੱਖ, ਮਨੁੱਖਤਾ ਨਾਲ ਕੋਈ ਸੰਬੰਧ ਨਹੀਂ ਹੈ। ਇਨ੍ਹਾਂ ਦੇ ਘਰਾਂ ਵ੍ਹਿਚ ਚੁੱਲ੍ਹੇ ਨਹੀਂ ਬਲਦੇ। ਇਨ੍ਹਾਂ ਦੀਆਂ ਘਰੇਲੂ ਫਰਿਜ਼ਾਂ ਵਿਚ ਪਾਣੀ ਉਬੱਲਦਾ ਹੈ। ਇਨ੍ਹਾਂ ਦੀ ਭੁੱਖ Resturents ਨੂੰ ਲੱਗਦੀ ਹੈ ਅਤੇ ਨੀਂਦਰ Hotals ਨੂੰ ਆਉਂਦੀ ਹੈ। ਇਹ ਲੋਕ ਸੁਫ਼ਨਮਈ ਯਥਾਰਥ ਅਨੁਭਵ 'ਤੇ ਜੀਉਂਦੇ ਹਨ। ਅੰਦਰੂਨੀ ਅਤੇ ਬਾਰੂਨੀ ਨਕਲੀ Decoration ਨਾਲ ਆਪਣੀ ਸਰੀਰਕ ਤੇ ਮਾਨਸਿਕ ਭੁੱਖ ਮਿਟਾਉਂਦੇ ਹਨ।

ਆਧੁਨਿਕਤਾ ਦੇ ਵਿਕਾਸ ਦਾ ਸੰਤਾਪਿਆ। ਮਨੁੱਖ ਇਕੱਲਤਾ ਦਾ ਸ਼ਿਕਾਰ ਹੋ ਗਿਆ ਹੈ। ਇਕੱਲਤਾ ਮਨੁੱਖੀ ਦੇਹ ਅਤੇ ਮਾਨਸਿਕਤਾ ਵਿਚ ਪਸਰ ਗਈ ਹੈ। ਜਿਵੇਂ ਜੰਗਲ ਵਿਚ ਵਸਦਾ ਰੁੱਖ ਇਕੱਲਾ ਹੋਵੇ। ਇਸੇ ਤਰ੍ਹਾਂ ਵਿਸ਼ਵ ਵਿਚ ਵਸਦਾ ਅਜੋਕੇ ਮਨੁੱਖ ਇਕੱਲਾ ਹੈ। ਮਨੁੱਖ ਇਕਲੱਤਾ ਜੀਅ ਅਤੇ ਹੰਢਾਅ ਰਿਹਾ ਹੈ। ਉਹ ਪਦਾਰਥਕ ਵਿਕਾਸ ਦੀ ਹੀਣ ਭਾਵਨਾ ਹੇਠ ਇੰਨ੍ਹਾ ਆ ਗਿਆ ਹੈ। ਕਿ ਉਸ ਦਾ ਅੰਦਰਲਾ ਮਨੁੱਖ ਉਸ 'ਚੋਂ ਨੁੱਚੜ ਗਿਆ ਹੈ। ਉਸ ਦੀ ਚੇਤਨਾ ਲਹੂ ਅਤੇ ਦਿਲ ਵਿਚ ਇਕੱਲਤਾ ਵਹਿ ਰਹੀ ਹੈ। ਪਦਾਰਥਕ ਵਿਕਾਸ ਦੇ ਸੰਤਾਪੇ ਮਨੁੱਖ ਦੀ ਇਕੱਲਤਾ ਮਨੁੱਖ 'ਚੋਂ ਨੁੱਚੜ ਕੇ ਮਨੁੱਖ ਦਾ ਅਫ਼ਸੋਸ ਕਰ ਰਹੀ ਜਾਪਦੀ ਹੈ ਕਿਉਂਕਿ ਇਕੱਲਤਾ ਦੀ ਆਪਣੀ ਕੋਈ ਹੋਂਦ ਨਹੀਂ ਹੁੰਦੀ। ਇਕੱਲਤਾ ਮਨੁੱਖ ਕਰਕੇ ਹੀ ਇਕਲੱਤਾ ਹੈ, ਭਾਵ ਆਧੁਨਿਕਤਾ ਦੇ ਵਿਕਾਸ ਦਾ ਮਾਰਿਆ ਸਿਰਫ਼ ਮਨੁੱਖ ਹੀ ਨਹੀਂ, ਬਲਕਿ ਕੁਦਰਤੀ ਪ੍ਰਕਿਰਤੀ ਅਤੇ ਇਕੱਲਤਾ ਵੀ ਆਪਣੇ ਅਰਥਾਂ ਦੇ ਸੱਚ ਤੋਂ ਹੀਣਤਾ ਮਹਿਸੂਸ ਕਰਦੀ ਹੈ। ਆਪਣੀ ਸ਼ਕਲ ਸੂਰਤ ਤੋਂ ਅਜਨਬੀ ਹੋ ਗਈਆਂ ਹਨ ਇਹ ਆਧੁਨਿਕਤਾ ਦੇ ਪਦਾਰ੍ਥਕ ਵਿਕਾਸ ਦੀ ਹੱਦ ਹੈ। ਇਹ ਸੰਤਾਪ ਹੈ, ਜੋ ਮਨੁੱਖ ਭੋਗ ਰਿਹਾ ਹੈ। ਵਿਚਾਰ ਵਾਲੀ ਗੱਲ ਹੈ ਕਿ ਮਨੁੱਖ 'ਚ ਇਹ ਇਕੱਲਤਾ ਆਈ ਕਿੱਥੋਂ। ਇਸ ਇਕੱਲ਼ਤਾ ਦੀ ਕੁੱਖ ਕਿਹੜੀ ਸੀ। ਉੱਤਰ ਸਪੱਸ਼ਟ ਹੈ, ਕਿ ਆਧੁਨਿਕਤਾ ਦਾ ਬੁਨਿਆਦੀ ਤੌਰ 'ਤੇ ਆਤਮ ਮੁਖੀ ਪ੍ਰਵਿਰਤੀ ਦਾ ਧਾਰਨੀ ਹੋਣਾ। ਜਿਉਂ-ਜਿਉਂ ਆਧੁਨਿਕਤਾ ਦਾ ਵਿਕਾਸ ਹੋਇਆ, ਇਸਦਾ ਅਸਰ ਮਨੁੱਖੀ ਜੀਵਨ 'ਤੇ ਲਾਜ਼ਮੀ ਸੀ ਕਿਉਂਕਿ ਆਧੁਨਿਕਤਾ ਦਾ ਵਿਕਾਸ ਪਦਾਰਥ ਦਾ ਵਿਕਾਸ ਹੈ।

ਪਦਾਰਥ ਨਾਲੋਂ ਮਨੁੱਖ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਦੋਹਾਂ ਦਾ ਜੀਵਨ ਇੱਕ ਦੂਜੇ 'ਤੇ ਨਿਰਭਰ ਹੈ। ਇਸ ਲਈ ਪਦਾਰਥਕ ਵਿਕਾਸ ਰਾਹੀਂ ਆਧੁਨਿਕਤਾ ਦੀ ਆਤਮ ਮੁੱਖੀ ਪ੍ਰਵਿਰਤੀ ਦਾ ਪ੍ਰਭਾਵ ਮਨੁੱਖੀ ਸਰੀਰ ਅਤੇ ਮਾਨਸਿਕਤਾ 'ਤੇ ਲਾਜ਼ਮੀ ਸੀ। ਇਸ ਲਈ ਮਨੁੱਖ ਅੰਦਰ ਇਕੱਲਤਾ ਦੀ ਪ੍ਰਭਾਵਸ਼ੀਲ ਪ੍ਰਵਿਰਤੀ ਦਾ ਪ੍ਰਵੇਸ਼ ਪਦਾਰਥਕ ਵਿਕਾਸ ਰਾਹੀਂ ਹੋ ਗਿਆ ਕਿਉਂਕਿ ਆਤਮ ਮੁਖੀ ਹੋਣ ਦਾ ਅਰਥ ਹੈ ਬਾਹਰ ਨਾਲੋਂ ਟੁੱਟਣ ਅਤੇ ਅੰਦਰਲੀ Privacy ਭਾਵ ਅੰਦਰਲੀ ਗੋਪਨੀਅਤਾ ਨਾਲ ਜੁੜਨਾ। ਰੌਣਕ ਤੋਂ ਇਕੱਲਤਾ ਵੱਲ ਪਰਤਣਾ। ਜਿਉਂ-ਜਿਉਂ ਪਦਾਰਥਕ ਵਿਕਾਸ ਦਾ ਸਿਖ਼ਰ ਹੋਇਆ ਮਨੁੱਖ ਬਾਹਰੀ ਦੁਨੀਆ ਦੀ ਰੌਣਕ ਨਾਲੋਂ ਟੁੱਟਾ, ਅੰਦਰਲੀ ਬੇਰੌਣਕੀ ਨਾਲ ਜੋੜਿਆ, ਜਿਸ ਨੇ ਮਨੁੱਖ ਆਪਣੀ ਇਕੱਲਤਾ ਦੀ ਲਪੇਟ ਵਿਚ ਲੈ ਲਿਆ। ਜਿਸ ਦਾ ਸਾਖ਼ਸ਼ਾਤ ਪ੍ਰਗਟਾਅ ਅਜੋਕਾ ਮਨੁੱਖ ਹੈ। ਅਜੋਕਾ ਸਾਹਿਤ ਵੀ ਇਸ ਮਨੁੱਖੀ ਸੰਤਾਪ ਦੀ ਭਰਪੂਰ ਚਰਚਾ ਕਰਦਾ ਹੈ। ਅਜੋਕਾ ਮਨੁੱਖ ਜੋ ਆਪਣੀ ਹੋਂਦ ਸੱਚ ਤੇ ਸ਼ਨਾਖਤ ਖੋਹ ਚੁੱਕਾ ਹੈ। ਆਪਣੇ ਸੱਚ, ਹੋਂਦ ਤੇ ਸ਼ਨਾਖਤ ਲਈ ਤਰਲੋਮੱਛੀ ਹੋ ਰਿਹਾ ਹੈ। ਮਨੁੱਖ ਕੀ ਹੈ, ਕੋਣ ਹੈ, ਕਿੱਥੋਂ ਆਇਆ ਹੈ, ਕਿੱਥੇ ਜਾਣਾ ਹੈ। ਮਨੁੱਖ ਦਾ ਜੀਵਨ ਪ੍ਰਯੋਜਨ ਕੀ ਹੈ। ਇਨ੍ਹਾਂ ਸਵਾਲਾਂ ਦਾ ਸਾਹਮਣਾ ਕਰਦਾ ਮਨੁੱਖ ਪਲ-ਪਲ ਟੁੱਟ ਰਿਹਾ ਹੈ। ਆਪਣੇ ਦੁਆਲੇ ਦੀ ਇਕੱਲਤਾ, ਉਦਾਸ ਤੇ ਚੁੱਪ 'ਚ ਘਿਰ ਗਿਆ ਹੈ। ਮਨੁੱਖ ਦੇ ਅੰਗ ਅਤੇ ਨਕਸ਼ ਉਸਦੇ ਦੁਆਲੇ ਖਿਲੱਰੇ ਪਏ ਹਨ। ਜਿਨ੍ਹਾਂ ਨੂੰ ਜੋੜਨ ਦੀ ਮਨੁੱਖ ਦੀ ਇੱਛਾ ਹੈ ਪਰ ਸਮਰੱਥਾਂ ਨਹੀਂ ਹੈ।

ਮਨੁੱਖੀ ਇਤਿਹਾਸ ਨੂੰ ਜੇ ਘੋਖਿਆ ਜਾਏ ਤਾਂ ਗਿਆਨ ਹੋਵੇਗਾ ਕਿ ਮਨੁੱਖ ਨੇ ਜੋ ਅੱਜ ਤੱਕ ਪਾਇਆ ਹੈ, ਉਸ ਤੋਂ ਵੱਧ ਗੁਆਇਆ ਹੈ ਮਨੁੱਖ ਆਪਣੇ-ਆਪ ਤੋਂ ਟੁੱਟ ਕੇ, ਸਮਾਜ ਤੋਂ ਟੁੱਟ ਕੇ, ਬਾਹਰੀ ਦੁਨੀਆ ਤੋਂ ਟੁੱਟ ਕੇ, ਇਕੱਲਤਾ ਦਾ ਸੰਤਾਪ ਹੰਢਾਅ ਰਿਹਾ ਹੈ। ਮਨੁੱਖੀ ਲਹੂ ਮਾਸ ਦੇ ਰਿਸ਼ਤੇ ਪਾਣੀ ਹੋ ਗਏ ਹਨ। ਨਾ ਸਮਾਜ ਮਨੁੱਖੀ ਸੰਗਠਨ ਦੀ, ਨਾ ਮਨੁੱਖ ਸਮਾਜਿਕ ਸੰਗਠਨ ਦੀ ਨੀਂਹ ਰਿਹਾ ਹੈ। ਇਸ ਸਥਿਤੀ ਨੇ ਮਨੁੱਖ ਨੂੰ ਇੰਨ੍ਹਾ Private ਬਣਾ ਦਿੱਤਾ ਹੈ ਕਿ ਮਨੁੱਖ ਆਪਣੇ ਦੁਆਲੇ ਨਾਲੋਂ ਟੁੱਟ ਕੇ ਸਵੈ ਕੇਂਦਰਿਤ ਹੋ ਕੇ ਰਹਿ ਗਿਆ ਹੈ। ਉਸ ਨੂੰ ਆਪਣੇ ਤੋਂ ਵਧੇਰੇ ਮੂਲਵਾਨ ਪਦਾਰਥ ਲੱਗਦਾ ਹੈ ਅਤੇ ਮਨੁੱਖ ਆਪਣੀ ਸਮਾਜਿਕ ਸ਼ਨਾਖਤ ਤੇ ਪਹਿਚਾਣ ਪਦਾਰਥਕ ਸਮੱਗਰੀ ਦੀ ਵਧੇਰੀ ਪ੍ਰਾਪਤੀ ਜਾਂ ਮਾਲਕੀ 'ਤੇ ਅਧਾਰਿਤ ਸਮਝਦਾ ਹੈ। ਇਹ ਹੈ ਵੀ ਸੱਚ ਅਜੋਕੇ ਮਨੁੱਖ ਦੀ ਸ਼ਨਾਖਤ ਦੀ ਪ੍ਰਮਾਣਿਕਤਾ ਉਸ ਦੀ ਜ਼ਾਇਦਾਦ, ਕਾਰਾਂ, ਕੋਠੀਆਂ ਅਤੇ Bank balance ਹੈ। ਆਧੁਨਿਕਤਾ ਦੇ ਵਿਕਾਸ ਦੀ ਚੜ੍ਹਤ ਨੇ ਪਹਿਲਾਂ

ਮਨੁੱਖ ਨੂੰ ਪ੍ਰਕਿਰਤੀ 'ਚੋਂ ਮਨਫ਼ੀ ਕਰ ਦਿੱਤਾ ਜਿੱਥੇ ਮਨੁੱਖੀ ਵਿਗਿਆਨਿਕ ਪ੍ਰਾਪਤੀ ਨੇ ਮਨੁੱਖ ਨੂੰ ਸ਼ਕਤੀ ਪ੍ਰਦਾਨ ਕੀਤੀ, ਉੱਥੇ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਲਈ ਵਿਗਿਆਨਿਕ-ਗਿਆਨ ਮਨੁੱਖ ਨੂੰ ਸਿਆਣਫ਼ ਪ੍ਰਦਾਨ ਨਹੀਂ ਕਰ ਸਕਿਆ। ਇਸੇ ਲਈ ਨਾ ਤਾਂ ਮਨੁੱਖ ਸੁਲਝਿਆ ਕਿਰਦਾਰ ਬਣ ਸਕਿਆ ਅਤੇ ਨਾ ਹੀ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਮਨੁੱਖਤਾ ਦੀ ਭਲਾਈ ਲਈ ਕਰ ਸਕਿਆ। ਇਸ ਵਿਚ ਮਨੁੱਖੀ ਆਧੁਨਿਕਤਾ ਦੀ ਵਿਕਾਸ ਪ੍ਰਣਾਲੀ ਦਾ ਦੋਸ਼ ਹੈ ਜੋ ਮਨੁੱਖ ਨੂੰ ਸਿਆਣਫ਼ ਪ੍ਰਦਾਨ ਕਰਨ ਵਿਚ ਅਸਫ਼ਲ ਰਹੀ ਹੈ।

ਅਜੋਕੇ ਸਮਾਜ ਵਿਚ ਮਨੁੱਖ ਦੁਨਿਆਵੀ ਰਿਸ਼ਤਿਆਂ ਤੋਂ ਅਲੱਗ ਹੋ ਚੁੱਕਾ ਹੈ। ਮਨੁੱਖ 'ਚ ਪੈਸਾ ਪ੍ਰਧਾਨ ਹੈ, ਰਿਸ਼ਤਿਆਂ ਦੀ ਕੋਈ ਮਹੱਤਤਾ ਨਹੀਂ। ਇਹ ਪ੍ਰਭਾਵ ਮਨੁੱਖ ਉੱਪਰ ਸਿੱਧੇ ਤੌਰ 'ਤੇ ਪਦਾਰਥਕ ਵਿਕਾਸ ਦਾ ਹੈ। ਆਧੁਨਿਕਤਾ ਆਪਣੇ ਦਰਪਣ 'ਚੋਂ ਆਪਣੇ ਪ੍ਰਤੀਕਰਮ ਦਾ ਚਿਹਰਾ ਵੇਖਣ ਦੀ ਸੁਭਾਵਕ ਆਦੀ ਹੈ ਕਿਉਂਕਿ ਇਹ ਇਤਿਹਾਸਕ ਸਮੇਂ ਦੀ ਦਾਰਸ਼ਨਿਕ ਚੇਤਨਾ ਹੈ। ਆਧੁਨਿਕਤਾ ਦੇ ਵਿਕਾਸੀ ਪ੍ਰਤੀਕਰਮ ਦੇ ਸੰਤਾਪ ਅਧੀਨ ਅਜੋਕੇ ਮਨੁੱਖੀ ਸਮਾਜ ਦਾ ਚਿਹਰਾ ਤਿੜਕਿਆ ਪਿਆ ਹੈ। ਇਸ ਤਿੜਕੇ ਚਿਹਰੇ ਦੀ ਬੇ-ਪਹਿਚਾਣੀ ਕਾਰਨ ਮਨੁੱਖ, ਮਨੁੱਖ ਤੋਂ ਦੂਰ ਹੁੰਦਾ ਜਾ ਰਿਹਾ ਹੈ। ਸਮਾਜਿਕ ਅਤੇ ਪਰਿਵਾਰਕ ਇਕਾਈ ਦਿਨ-ਬ-ਦਿਨ ਕਮਜ਼ੋਰ ਹੁੰਦੀ ਜਾ ਰਹੀ ਹੈ, ਜਿਸ ਦਾ ਹੁੰਗਾਰਾ ਆਧੁਨਿਕ ਸੋਚ ਭਰਦੀ ਹੈ। ਮਨੁੱਖ ਨਾਲ ਮਨੁੱਖ ਵਾਰਤਾਲਾਪ ਕਰਨ ਲਈ ਤਰਸ ਗਿਆ ਹੈ। ਆਦਮੀ ਆਪਣੇ-ਆਪ 'ਚ ਇੰਨ੍ਹਾ ਇਕੱਲਾ ਰਹਿ ਗਿਆ ਹੈ, ਕਿ ਲੋਕਾਂ ਨੂੰ ਤਾਂ ਕਿ ਆਪਣੇ-ਆਪ ਨੂੰ ਵੀ ਮਿਲਣ ਦੀ ਜਾਂਚ ਭੁੱਲ ਗਿਆ ਹੈ।

ਆਪਣੀ ਇਕੱਲਤਾ ਤੇ ਗੋਪਨੀਅਤਾ ਦੀ ਭਾਵਨਾ ਨਾਲ ਮਨੁੱਖ ਇੰਨ੍ਹਾ ਜੁੜ ਗਿਆ ਹੈ ਕਿ ਉਸ ਦੇ ਦੁਆਲੇ ਲੋਕਾਂ ਨਾਲ ਸੰਪਰਕ ਹੀ ਨਹੀਂ ਰਿਹਾ। ਉਸ ਦੀ ਬਾਹਰਲੇ ਸੰਸਾਰ ਨਾਲ ਸੰਪਰਕ ਦੀ ਇੱਛਾ ਹੀ ਨਹੀਂ ਰਹੀ। ਅਸਲ ਵਿਚ ਮਨੁੱਖ ਨਾਲੋਂ ਮਨੁੱਖ ਦੀ ਇਕੱਲਤਾ ਮਨੁੱਖ 'ਤੇ ਭਾਰੂ ਹੈ। ਉਸ ਦੇ ਅੰਦਰ ਬਾਹਰਲੀ ਦੁਨੀਆ ਦਾ ਅਹਿਸਾਸ ਹੀ ਨਹੀਂ ਜਾਗਦਾ ਕਿਉਂਕਿ ਅੰਦਰਲੀ ਉਦਾਸੀ ਉਸ ਦੇ ਬਾਹਰਲੇ ਦ੍ਰਿਸ਼ਟੀਕੋਣ ਵਿਚ ਵੀ ਪਸਰੀ ਹੋਈ ਹੈ। ਉਸ ਨੂੰ ਬਾਹਰ ਦੀ ਉਦਾਸੀ ਅੰਦਰਲੀ ਉਦਾਸੀ 'ਚੋਂ ਨਜ਼ਰ ਆਉਂਦੀ ਹੈ। ਇਸ ਉਦਾਸੀ ਦੀ ਹੋਂਦ ਮਨੁੱਖ ਅੰਦਰ ਸਵਾਲ ਪੈਦਾ ਕਰਦੀ ਹੈ ਕਿ ਕਿਉਂ ਮਨੁੱਖ ਬਾਹਰਲੀ ਦੁਨੀਆ ਵਿਚ ਨਹੀਂ ਵਿਚਰਦਾ। ਕਿਉਂ ਇਕੱਲਾ ਹੈ ? ਕੀ ਉਹ ਗਲਤ ਹੈ ? ਇਸ ਅਹਿਸਾਸ ਦਾ ਪ੍ਰਤੀਕਰਮ ਹੀ ਉਸ ਨੂੰ ਇਸ ਇਕੱਲਤਾ ਦੇ ਸੰਤਾਪ ਤੋਂ ਬਾਹਰ ਕੱਢ ਸਕਦਾ ਹੈ। ਜੀਵਨ ਦਾ ਕੀ ਮਕਸਦ ਹੈ। ਜੇ ਤੁਸੀਂ

ਜੀਵਨ ਦੂਜਿਆਂ ਨਾਲ ਸਾਂਝਾ ਹੀ ਨਹੀਂ ਕਰਦੇ। ਦੂਜਿਆਂ ਦੀ ਥੋੜ ਮਹਿਸੂਸ ਕਰਨੀ ਹੀ ਇਸ ਆਧੁਨਿਕਤਾ ਦੇ ਸੰਤਾਪ ਤੋਂ ਛੁਟਕਾਰੇ ਦਾ ਅਕੂੰਰ ਹੈ ਜਾਂ ਇੰਝ ਕਹਿ ਲਵੋ ਦੂਜਿਆਂ ਨਾਲੋਂ ਵੱਖ ਹੋਣ ਦੇ ਅਨੁਭਵ ਨੂੰ ਮਹਿਸੂਸ ਕਰਨਾ ਹੀ ਇਸ ਸੰਤਾਪ ਤੋਂ ਛੁਟਕਾਰੇ ਦੀ ਕਿਰਨ ਹੈ। ਜੋ ਮਨੁੱਖ ਨੂੰ ਖ਼ੁਦ 'ਤੇ ਕੇਂਦਰ ਕਰਦੀ ਹੈ ਅਤੇ ਸਮਝਾਉਂਦੀ ਹੈ, ਦੂਜੇ ਤੁਹਾਡੇ ਤੋਂ ਕਿਵੇਂ ਤੇ ਕਿਉਂ ਵੱਖਰੇ ਹਨ। ਜਦੋਂ ਤੁਸੀਂ ਆਪਣੇ-ਆਪ 'ਚ ਵੱਖਰੇ ਮਹਿਸੂਸ ਕਰਦੇ ਹੋ, ਜਦੋਂ ਤੁਸੀਂ ਆਪਣਾ ਵਕਤ ਆਪਣੇ ਵੱਖਰੇਵੇਂ ਤੇ ਇਕੱਲਤਾ ਨੂੰ ਸਮਝਣ ਵਿਚ ਲਾਉਂਦੇ ਹੋ। ਕੀ ਤੁਹਾਡੀ ਇਕੱਲਤਾ ਦਾ ਕੀ ਕਾਰਨ ਹੈ, ਤਾਂ ਤੁਹਾਡੇ ਮਨ ਵਿਚ ਆਵੇਗਾ ਕਿ ਇਕੱਲਾ ਮਨੁੱਖ, ਮਨੁੱਖੀ ਇਕਾਈ 'ਚੋਂ ਮਨਫ਼ੀ ਹੈ। ਉਹ ਗੱਲਾਂ ਜੋ ਦੂਜਿਆਂ ਨਾਲੋਂ ਅਲੱਗ ਕਰਦੀਆਂ ਹਨ। ਤੁਸੀਂ ਇਹ ਵੀ ਸਮਝੋਗੇ ਕਿ ਉਹ ਗੱਲਾਂ ਅਤੇ ਸਥਿਤੀਆਂ ਆਧੁਨਿਕਤਾ ਦੇ ਪਦਾਰਥਕ ਵਿਕਾਸ ਦਾ ਪ੍ਰਤੀਕਰਮ ਹਨ। ਜੋ ਮਨੁੱਖ, ਮਨੁੱਖ ਨਾਲੋਂ ਅਤੇ ਆਪਣੇ-ਆਪ ਨਾਲੋਂ ਤੋੜ ਕੇ ਇਸ ਇਕੱਲਤਾ ਦੀ ਦਲਦਲ ਵਿਚ ਧੱਕਦੀਆਂ ਹਨ ਅਤੇ ਇਸ ਦਲਦਲ ਤੋਂ ਛੁਟਕਾਰਾ ਪਾਉਣ ਦਾ ਅਹਿਸਾਸ ਵੀ ਕਰਵਾਉਂਦੀਆਂ ਹਨ। ਜਿੱਥੇ ਹਨ੍ਹੇਰਾ ਆਪਣੇ-ਆਪ 'ਚ ਫ਼ੈਲਣ ਦਾ ਧਾਰਨੀ ਹੈ, ਉੱਥੇ ਸੂਰਜ ਜਗਮਗ ਦੇ ਅਕੂੰਰ ਦਾ ਵੀ ਪ੍ਰਮਾਣ ਹੈ। ਪਦਾਰਥਕ ਵਿਕਾਸ ਦੀਆਂ ਪ੍ਰਾਪਤੀਆਂ ਦੀ ਪ੍ਰਾਪਤੀ ਲਈ ਮਨੁੱਖ ਇਨ੍ਹਾਂ ਦੇ ਪਿੱਛੇ ਦੌੜਦਾ ਹੈ। ਇੰਨ੍ਹਾ ਦੌੜਦਾ ਹੈ ਕਿ ਦੁਨੀਆ, ਮਨੁੱਖ, ਜੀਵਨ ਸੱਭ ਪਿੱਛੇ ਰਹਿ ਜਾਂਦੇ ਹਨ। ਇੱਥੋਂ ਤੱਕ ਕਿ ਇਸ ਦੌੜ ਵਿਚ ਮਨੁੱਖ ਦਾ ਆਪਾ ਵੀ ਪਿੱਛੇ ਰਹਿ ਜਾਂਦਾ ਹੈ। ਜਦੋਂ ਮਨੁੱਖ ਦਾ ਦੁਆਲਾ ਪਿੱਛੇ ਰਹਿ ਜਾਂਦਾ ਹੈ, ਤਾਂ ਮਨੁੱਖ ਇਕੱਲਾ ਰਹਿ ਜਾਂਦਾ ਹੈ। ਮਨੁੱਖ ਲਈ ਵੱਖਰੇ ਹਲਾਤਾਂ 'ਤੇ ਸਥਿਤੀਆਂ ਦਾ ਹੋਣਾ ਸੰਭਵ ਹੈ। ਜਿਸ ਵਿਚੋਂ ਮਨੁੱਖ ਨੂੰ ਵਿਚਰਨਾ ਪੈਂਦਾ ਹੈ ਪਰ ਹਲਾਤਾਂ ਅਤੇ ਸਥਿਤੀਆਂ ਦਾ ਵਖਰੇਵਾਂ ਹੁੰਦਾ ਹੋਇਆ ਵੀ ਸਾਨੂੰ ਸਾਂਝੇ ਮਾਨਵੀ ਤਜ਼ਰਬਿਆਂ ਦੇ ਭਾਗੀਦਾਰ ਬਣੇ ਰਹਿਣਾ ਚਾਹੀਦਾ ਹੈ। ਇਹ ਵੀ ਆਧੁਨਿਕਤਾ ਦੀ ਸੁਭਾਵਿਕ ਮੂਲ ਪ੍ਰਵਿਰਤੀ ਹੈ। ਜੋ ਮਨੁੱਖ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਗਤੀਸ਼ੀਲ ਰੱਖਦੀ ਹੈ ਕਿਉਂਕਿ ਅਸੀਂ ਜੀਵਨ ਅਨੁਭਵ ਦੇ ਧਾਰਨੀ ਹਾਂ ਅਸੀਂ ਜੀਵਨ ਜਿਉਂਦੇ ਹਾਂ ਅਤੇ ਆਪਣੇ-ਆਪਣੇ ਵਿਚਰਨ ਧਰਾਤਲ 'ਚੋਂ ਉਪਜੇ ਕੌੜੇ-ਮਿੱਠੇ ਅਨੁਭਵਾਂ ਦੇ ਅਭਿਆਸੀ ਹਾਂ। ਇਸ ਲਈ ਸਾਨੂੰ ਬਹਾਦਰੀ ਨਾਲ ਆਪਣੇ ਕੌੜੇ-ਮਿੱਠੇ ਅਨੁਭਵਾਂ ਦਾ ਪ੍ਰਗਟਾਅ ਦੂਜਿਆਂ ਨਾਲ ਆਰੰਭਨਾ ਚਾਹੀਦਾ ਹੈ। ਇਸ ਕਾਰਨ ਤੁਸੀਂ ਦੂਜਿਆਂ ਲੋਕਾਂ ਨੂੰ ਆਪਣੇ ਨਾਲ ਅਤੇ ਆਪਣੇ ਵਲੋਂ ਉਨ੍ਹਾਂ ਨਾਲ ਵਾਰਤਾਲਾਪ ਕਰਨ ਲਈ ਜੀ ਆਇਆ ਆਖਦੇ ਹੋ। ਇਸ ਨਾਲ ਇੱਕ ਤਾਂ ਬੋਲਾਂ ਦੀ ਸਾਂਝ ਵੱਧਦੀ ਹੈ, ਦੂਜਾ ਮਨੁੱਖੀ ਇਕਾਈ ਦੀ ਪਕੜ ਮਜ਼ਬੂਤ ਹੁੰਦੀ ਹੈ, ਤੀਜਾ ਤੁਸੀਂ ਆਪਣੀ ਇਕੱਲਤਾ ਤੋਂ ਛੁਟਕਾਰਾ ਪਾਉਂਦੇ ਹੋ। ਇਹ ਜੜ੍ਹ ਰੂਪੀ

ਤੱਤ ਹੈ, ਦੂਜਿਆਂ ਨਾਲ ਸੰਪਰਕ ਕਰਨ ਦਾ। ਇਸ ਕਿਸਮ ਦਾ ਉਤਸ਼ਾਹ ਅਤੇ ਸੋਚ ਆਧੁਨਿਕਤਾ ਦੇ ਵਿਕਾਸ ਦੇ ਪ੍ਰਤੀਕਰਮ ਅਧੀਨ ਆਏ ਸੰਤਾਪ ਹੰਢਾਉਂਦੇ ਮਨੁੱਖੀ ਮਨ 'ਚੋਂ ਹੀ ਜਨਮ ਸਕਦੀ ਹੈ ਕਿਉਂਕਿ ਆਧੁਨਿਕਤਾ ਦਾ ਅੰਤ ਹੀ ਆਦਿ ਹੈ ਤੇ ਆਦਿ ਹੀ ਅੰਤ ਹੈ। ਨਾ ਆਦਿ ਦਾ ਅੰਤ ਹੈ, ਨਾ ਅੰਤ ਦਾ ਅੰਤ ਹੈ। ਆਧੁਨਿਕਤਾ ਦਾ ਆਦਿ ਹੀ ਪਹਿਲਾ ਅਤੇ ਆਦਿ ਹੀ ਅੰਤਿਮ ਸੀਰਾ ਹੈ। ਆਧੁਨਿਕਤਾ ਆਦਿ ਤੋਂ ਆਦਿ ਦਾ ਵਿਕਾਸ ਹੈ। ਜਦੋਂ ਤੁਸੀਂ ਦੂਜਿਆਂ ਦੇ ਹਾਵ-ਭਾਵ ਜਾਨਣਾ ਵਧੇਰੇ ਸਿੱਖਦੇ ਹੋ, ਤੁਸੀਂ ਆਪਣੇ ਵਿਕਾਸ ਦੇ ਧਾਰਨੀ ਹੋ ਜਾਂਦੇ ਹੋ। ਇਕੱਲਤਾ ਨਾਲ ਵਿਚਾਰ ਵਟਾਂਦਰਾ ਕਰਨਾ ਬੜਾ ਕਠਿਨ ਹੈ। ਇਹ ਇੱਕ ਉਦਾਸਮਈ ਯਥਾਰਥ ਹੈ। ਬਹੁਤ ਸਾਰੇ ਲੋਕਾਂ ਦੇ ਨੇੜੇ ਦੇ ਮਿੱਤਰ ਨਹੀਂ ਹੁੰਦੇ ਅਤੇ ਨਾ ਹੀ ਸੰਬੰਧ ਹੁੰਦੇ ਹਨ। ਅਜਿਹੇ ਲੋਕ ਮਹਾਂਨਗਰਾਂ ਦੇ ਨੇੜੇ ਜਾਂ ਵਿਚ ਰਹਿੰਦੇ ਹਨ। ਇਹ ਸਥਾਨ ਆਧੁਨਿਕਤਾ ਦੇ ਵਿਕਾਸੀ ਸਥਾਨਾਂ 'ਚੋਂ ਇੱਕ ਹੁੰਦਾ ਹੈ ਪਰ ਲੋਕ ਤਾਂ ਹਰ ਪਾਸੇ ਰਹਿੰਦੇ ਹਨ, ਤੁਸੀਂ ਕਿਸੇ ਨਾਲ ਵੀ ਆਪਣੀ ਸਾਂਝ ਪਾ ਸਕਦੇ ਹੋ। ਅਜੋਕੇ ਸਮੇਂ ਵਿਚ ਮਿੱਤਰਤਾ ਲਈ ਇਸ ਸਥਿਤੀ ਨੂੰ ਸਮਝਦੇ ਹੋਏ ਬਹੁਤ ਸਾਰੀਆਂ Private ਅਤੇ ਸਰਕਾਰੀ Agences ਕੰਮ ਕਰਦੀਆਂ ਹਨ। ਇਕੱਲਤਾ ਕਈ ਵਾਰੀ

Deep Depression ਦਾ ਰੂਪ ਧਾਰਨ ਕਰ ਜਾਂਦੀ ਹੈ ਜੋ ਖ਼ਤਰਨਾਕ ਬਿਮਾਰੀ ਹੈ। ਇਸ ਲਈ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਪਰ ਇਸ ਦਾ ਜਨਮ ਆਧੁਨਿਕਤਾ ਦੇ ਪਦਾਰਥਕ ਵਿਕਾਸ ਦਾ ਹੀ ਸਿੱਟਾ ਹੈ

ਇਕੱਲਤਾ Western ਸਮਾਜ ਦੀ ਅਜੋਕੀ ਬਿਮਾਰੀ ਹੈ, ਜਿੱਥੋਂ ਲੋਕ ਗੈਰ ਕੁਦਰਤੀ, ਓਪਰੇਪਣ, ਅਲੱਗ ਹਲਾਤਾਂ ਅਤੇ ਸਥਿਤੀਆਂ ਵਿਚ ਰਹਿੰਦੇ ਹਨ। Depression ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਜਾਂਦਾ ਹੈ। ਜਿੱਥੇ ਲੋਕ ਇਕੱਠੇ ਅਤੇ ਇੱਕ ਦੂਜੇ ਦੇ ਭਾਈਵਾਲ ਹੁੰਦੇ ਹਨ। ਉਥੇ Depression ਦੀ ਹੋਂਦ ਅਸੰਭਵ ਹੈ ਕਿਉਂਕਿ ਮਨੁੱਖ ਸਮਾਜਿਕ ਜੀਵ ਹੈ। ਇਸ ਲਈ ਸਮਾਜ ਵਿਚ ਅਤੇ ਸਮਾਜਿਕ ਹਲਾਤਾਂ ਵਿਚ ਰਹਿਣਾ, ਉਸ ਲਈ ਜ਼ਰੂਰੀ ਹੈ ਤਾਂ ਕਿ ਉਹ ਆਧੁਨਿਕਤਾ ਦੇ ਪ੍ਰਤੀਕਰਮ Depression ਤੋਂ ਬਚ ਸਕੇ। ਇਕੱਲਤਾ ਵਿਚ ਮਨੁੱਖ ਆਪਣੀ ਸਮਾਜਿਕ ਯੋਗਤਾ ਦੂਜਿਆਂ ਨਾਲ ਦੋਸਤੀ ਦੇ ਸੰਬੰਧ ਕਾਇਮ ਰੱਖਣੇ ਖੋਹ ਬਹਿੰਦਾ ਹੈ। ਇਕੱਲਤਾ ਮਹਿਸੂਸ ਕਰਦਾ ਹੈ। ਇਕੱਲਤਾ ਮਨੁੱਖੀ ਮਾਨਸਿਕ ਸਥਿਤੀ ਹੈ। ਜਿਸ ਕਾਰਨ ਮਨੁੱਖ ਆਪਣੇ-ਆਪ 'ਚ ਖਾਲੀ-ਖਾਲੀ ਮਹਿਸੂਸ ਕਰਦਾ ਹੈ। ਇਕੱਲਤਾ ਸਿਰਫ਼ ਇਕੱਲਿਆ ਰਹਿਣ ਨਾਲ ਹੀ ਸੰਬੰਧਿਤ ਨਹੀਂ। ਇਕੱਲਤਾ ਇਕੱਲੇ ਮਹਿਸੂਸ ਕਰਨ ਅਤੇ ਅਲੱਗਤਾ ਕਾਰਨ ਵੀ ਹੁੰਦੀ ਹੈ। John calioppo ਜੋ ਇੱਕ ਮਹਾਨ ਮਨੋਵਿਗਿਆਨੀ ਸੀ।

ਲਿਖਦਾ ਹੈ ਕਿ ਇਕੱਲਤਾ Genetics ਸੰਬੰਧ ਹੈ। ਇਸ ਦੇ ਵਾਪਰਣ ਦੇ ਦੋ ਕਾਰਨ ਹਨ। ਪਹਿਲਾਂ ਸਥਿਤੀਆਂ ਦੀ ਵਿਭਿੰਨਤਾ ਜਿਵੇਂ ਕਿ ਸਰੀਰਕ ਇਕੱਲਤਾ ਇੱਕ ਥਾਂ ਤੋਂ ਨਵੀਂ ਥਾਂ 'ਤੇ ਜਾਣ ਜਾਂ Divorce ਜਾਂ ਕਿਸੇ ਚਹੇਤੇ ਦੀ ਮੌਤ ਇਕੱਲਤਾ ਪੈਦਾ ਕਰਦੀ ਹੈ। Depression ਲੋਕਾਂ ਵਿਚ ਸਵੈ ਅਭਿਮਾਨ ਦੀ ਕਮੀ ਕਾਰਨ ਵੀ ਹੁੰਦਾ ਹੈ ਪਰ ਇਹ ਸਭ ਸਥਿਤੀਆਂ ਆਧੁਨਿਕਤਾ ਦੇ ਵਿਕਾਸ ਦੀ ਉਪਜ ਹਨ। The health consequences of lonliness ਅਨੁਸਾਰ ਇਕੱਲਤਾ ਦੇ ਸਿਹਤ ਪ੍ਰਤੀ ਹੇਠ ਲਿਖੇ ਸਿੱਟੇ ਨਿਕਲ ਸਕਦੇ ਹਨ।

1. Depression and sucide
2. Cardiovascular disease and stroks
3. Increased stress levels
4. Decreased memory and learning
5. Antisocial behavior
6. Alcoholism and drug abuse
7. Poor decision making
8. The progression of Alzheimer 's disease
9. Alteed brain fuction

ਸਮਾਜਿਕਤਾ ਅਲੱਗਤਾ Social isolation and lonliness ਇਹ ਮਨੁੱਖੀ ਮੌਤ ਦੀ ਗਿਣਤੀ ਵਧਾਉਂਦੀਆਂ ਹਨ ਪਰ ਇਨ੍ਹਾਂ ਦੀ ਕੁੱਖ ਪਦਾਰਥਕ ਵਿਕਾਸ ਦੀ ਉਨਤੀ ਦਾ ਪ੍ਰਤੀਕਰਮ ਹੈ।

ਪਦਾਰਥੀ ਵਿਕਾਸ ਕਾਰਨ ਸ਼ਹਿਰੀਕਰਨ ਹੋਂਦ ਵਿਚ ਆਇਆ। ਸ਼ਹਿਰੀਕਰਨ ਵਿਚ ਮਨੁੱਖੀ ਪੇਂਡੂ ਜੀਵਨ ਸ਼ਹਿਰਾਂ ਵਿਚ ਬਦਲ ਗਿਆ। ਸ਼ਹਿਰੀ ਸਭਿਆਚਾਰ, ਰਸਮਾਂ, ਰੀਤਾਂ, ਰਿਵਾਜ਼ਾਂ ਅਤੇ ਕਲਚਰ ਨੂੰ ਤਾਂ ਮਨੁੱਖ ਨੇ ਕੁੱਝ ਹੱਦ ਤੱਕ ਸਵੀਕਾਰ ਕਰ ਲਿਆ ਪਰ ਸ਼ਹਿਰੀਕਰਨ ਹੇਠ ਆਇਆ ਮਨੁੱਖ ਦਾ ਮੁੱਢਲਾ ਪੇਂਡੂ ਕਲਚਰ ਸਭਿਆਚਾਰ ਭਾਸ਼ਾ ਅਤੇ ਵਿਰਸਾ ਜੋ ਅਲੋਪ ਹੋ ਗਿਆ, ਮਨੁੱਖ ਉਸ ਨਾਲੋਂ ਪੂਰੀ ਤਰ੍ਹਾਂ ਟੁੱਟ ਨਹੀਂ ਸਕਿਆ। ਉਸ ਸਭਿਆਚਾਰ ਦੀ ਅਲੋਪਤਾ ਲਈ ਮਨੁੱਖ ਅੱਜ ਵੀ ਪਛਤਾਉਂਦਾ ਹੈ। ਆਪਣੇ ਮਨ ਦੀ ਸ਼ਾਂਤੀ ਲਈ ਦਿਹਾਂਤ ਵਿਚਲੇ ਪਿੰਡ 'ਚ ਫਾਰਮ ਘਰਾਂ ਵਿਚ ਕੁੱਝ ਸਮੇਂ ਲਈ ਇਸ ਵਿਰਸੇ ਦੀ ਭੁੱਖ ਲਈ ਜਾਂਦਾ ਹੈ ਕਿਉਂਕਿ ਮਨੁੱਖ ਨੂੰ ਮਹਾਂਨਗਰਾਂ ਵਿਚ ਵੱਡੇ-ਵੱਡੇ ਘਰਾਂ ਵਿਚ ਜਿੱਥੇ ਜੀਵਨ ਦੀ ਹਰ ਸਹੂਲਤ ਮੁਹੱਈਆ ਹੈ,

ਸੁੱਖ-ਚੈਨ, ਆਰਾਮ ਤੇ ਨੀਂਦਰ ਨਹੀਂ ਆਉਂਦੀ। ਸ਼ਹਿਰੀਕਰਨ ਵਿਚੋਂ ਉਤਪਣ ਹੋਏ ਅਜੋਕੇ ਮਾਹੌਲ ਅਤੇ ਗ਼ੈਰਕੁਦਰਤੀ ਵਸੇਬੇ ਵਿਚ ਮਨੁੱਖ ਨੂੰ ਮਨ ਦਾ ਸਕੂਨ ਨਹੀਂ ਮਿਲਦਾ। ਜੀਵਨ ਦੀ ਤਸੱਲੀ ਅਤੇ ਸੁਰੱਖ਼ਸ਼ਾ ਪ੍ਰਾਪਤ ਨਹੀਂ ਹੁੰਦੀ। ਪੁਰਾਤਨ ਸਭਿਆਚਾਰ ਅਤੇ ਵਿਰਸੇ ਵਿਚ ਬਹੁਤ ਸਾਰੀਆਂ ਅਜਿਹੀਆਂ ਚੀਜ਼ਾਂ ਹੁੰਦੀਆ ਹਨ ਜੋ ਤ੍ਰੈਕਾਲ ਮੁਖੀ ਸਰਵ ਵਿਆਪਕ ਅਤੇ ਚਿਰੰਜੀਵੀ ਹੁੰਦੀਆਂ ਹਨ, ਜਿਵੇਂ ਪਿਆਰ, ਮੁਹੱਬਤ, ਰਿਸ਼ਤੇ-ਨਾਤੇ, ਸਬਰ-ਸੰਤੋਖ, ਭਾਈਚਾਰਾ, ਸੱਚ, ਸੁੰਦਰਤਾ, ਕਲਿਆਣ, ਸ਼ਾਂਤੀ ਅਤੇ ਕੁਦਰਤ ਦਾ ਭਰਪੂਰ ਸੁੱਖ ਜੋ ਸ਼ਹਿਰੀਕਰਨ ਵਿਚੋਂ ਅਲੋਪ ਹੈ ਪਰ ਇਹ ਸਾਰੇ ਗੁਣ ਮਨੁੱਖੀ ਵਿਅਕਤੀਗਤ ਸਵੈ ਵਿਕਾਸ ਨਾਲ ਸੰਬੰਧਿਤ ਹਨ। ਜੋ ਸਨਾਤਨੀ ਸਭਿਆਚਾਰ ਦਾ ਅੰਗ ਹਨ ਪਰ ਆਧੁਨਿਕਤਾ ਸਨਾਤਨੀਵਾਦ ਨਾਲ ਸਹਿਮਤ ਨਹੀਂ। ਇਸ ਲਈ ਇਨ੍ਹਾਂ ਗੁਣਾਂ ਦਾ ਵਿਕਾਸ ਮਨੁੱਖ ਵਿਚ ਹੋਣਾ ਕੁੱਝ ਕਠਿਨ ਹੈ ਕਿਉਂਕਿ ਆਧੁਨਿਕਤਾ ਦਾ ਪ੍ਰਯੋਜਨ ਹੀ ਪਦਾਰਥਵਾਦ ਹੈ। ਪਰ ਜਦੋਂ ਆਧੁਨਿਕਤਾ ਦਾ ਜਨਮ ਹੋਇਆ ਧਰਮ ਦਾ ਪਤਨ ਹੋ ਗਿਆ। ਆਧੁਨਿਕਤਾ ਧਰਮ ਨਿਰਪੱਖ ਹੈ। ਇਸ ਦਾ ਅਧਾਰ ਅਧਿਆਤਮਕਤਾ ਨਹੀਂ ਸਗੋਂ ਵਿਗਿਆਨ ਹੈ। ਜਿਸ ਕਾਰਨ ਮਨੁੱਖੀ ਆਤਮ ਵਿਕਾਸ ਦੀ ਸੰਭਾਵਤਾ ਬਹੁਤ ਘੱਟ ਸੀ। ਪਿਆਰ, ਮੁਹੱਬਤ, ਰਿਸ਼ਤੇ-ਨਾਤੇ, ਸਬਰ-ਸੰਤੋਖ, ਤਿਆਗ, ਸ਼ਾਂਤੀ, ਸਰਲਤਾ ਇਹ ਮਨੁੱਖੀ ਸੁਭਾਅ ਦੀਆਂ ਸਕਾਰਾਤਮਕ ਪ੍ਰਵਿਰਤੀਆਂ ਹਨ। ਇਨ੍ਹਾਂ ਦਾ ਵਿਕਾਸ ਜੀਵ ਦੀ ਸੁਹਿਰਦਤਾ ਲਈ ਲਾਜ਼ਮੀ ਹੈ ਪਰ ਜਦੋਂ ਮਨੁੱਖੀ ਵਿਅਕਤੀਗਤ ਵਿਕਾਸਸ਼ੀਲ ਆਧੁਨਿਕਤਾ ਦੇ ਵਿਸ਼ੇ ਪੱਖੋਂ ਅਤੇ ਧਰਮ ਦੇ ਪਤਨ ਕਾਰਨ ਅਸੰਭਵ ਹੋ ਗਿਆ ਤਾਂ ਇਨ੍ਹਾਂ ਪ੍ਰਵਿਰਤੀਆਂ ਦਾ ਵਿਕਾਸ ਕੀ ਹੋਣਾ ਸੀ। ਸ਼ਹਿਰੀਕਰਨ ਵਿਚੋਂ ਉਤਪਣ ਹੋਏ ਸਭਿਆਚਾਰ ਤੇ ਭਾਈਚਾਰੇ 'ਚੋਂ ਅਜਿਹੀਆਂ ਵੱਡਮੁੱਲੀਆਂ ਪ੍ਰਵਿਰਤੀਆਂ ਦਾ ਅਲੋਪ ਹੋਣਾ ਲਾਜ਼ਮੀ ਸੀ। ਦੂਜਾ ਪੱਥਰ ਦੀ ਬੁੱਕਲ 'ਚ ਚੰਬਾ ਕਿਵੇਂ ਖਿੜ ਸਕਦਾ ਹੈ। ਇਹ ਹਾਂ ਵਾਦੀ ਪ੍ਰਵਿਰਤੀਆਂ ਹੀ ਮਨੁੱਖ ਲਈ ਸ਼ਹਿਰਕਰਨ ਵਿਚੋਂ ਉਪਜੇ ਸਭਿਆਚਾਰ ਅਤੇ ਮਾਹੌਲ ਨੂੰ ਭਲੀਭਾਂਤ ਸਵੀਕਾਰ ਕਰਨ ਵਿਚ ਸਹਾਈ ਹੋ ਸਕਦੀਆਂ ਸਨ। ਜੇ ਪੇਂਡੂ ਸਭਿਆਚਾਰ ਦਾ ਅਲੋਪ ਹੋਣਾ ਅਤੇ ਸ਼ਹਿਰੀਕਰਨ ਦਾ ਹੋਂਦ ਵਿਚ ਆਉਣਾ ਆਧੁਨਿਕਤਾ ਦੇ ਵਿਕਾਸ ਦਾ ਪ੍ਰਤੀਕਰਮ ਨਾ ਹੁੰਦਾ। ਸ਼ਹਿਰੀਕਰਨ ਵਿਚੋਂ ਉਤਪਣ ਹੋਏ ਸਭਿਆਚਾਰ ਨੂੰ ਸਵੀਕਾਰਾਨਾ ਜਾਂ ਨਿਕਾਰਨਾ ਇਨ੍ਹਾਂ ਮਨੁੱਖੀ ਪ੍ਰਵਿਰਤੀਆਂ 'ਤੇ ਅਧਾਰਿਤ ਹੈ। ਜੋ ਮਨੁੱਖ ਅਤੇ ਮਨੁੱਖਤਾ ਨੂੰ ਇੱਕ ਇਕਾਈ ਵਿਚ ਬੰਨਦੀਆਂ ਹਨ। ਸ਼ਹਿਰੀਕਰਨ ਵਿਚ ਇਨ੍ਹਾਂ ਪ੍ਰਵਿਰਤੀਆਂ ਦੀ ਅਣਹੋਂਦ ਕਾਰਨ ਮਨੁੱਖ ਮੁਕੰਮਲ ਤੌਰ 'ਤੇ ਮਹਾਂਨਗਰਾਂ ਦੇ ਸਭਿਆਚਾਰ ਨੂੰ ਅਪਣਾ ਨਹੀਂ ਸਕਿਆ। ਦੂਜਾ ਇਨ੍ਹਾਂ ਪ੍ਰਵਿਰਤੀਆਂ ਦੀ ਅਣਹੋਂਦ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਮਨੁੱਖ ਨੇ

ਸ਼ਹਿਰੀਕਰਨ ਦਾ ਪ੍ਰਭਾਵ ਸਰੀਰਕ ਤੌਰ 'ਤੇ ਹੀ ਨਹੀਂ ਬਲਕਿ ਮਾਨਸਿਕ ਤੌਰ 'ਤੇ ਵੀ ਕਬੂਲਿਆ ਹੀ ਨਾ ਹੋਵੇ। ਇਸ ਲਈ ਮਨੁੱਖੀ ਮਾਨਸਿਕਤਾ 'ਚੋਂ ਇਨ੍ਹਾਂ ਪ੍ਰਵਿਰਤੀਆਂ ਦਾ ਅਲੋਪ ਹੋਣਾ ਕੁਦਰਤੀ ਹੈ। ਕਿਉਂਕਿ ਸ਼ਹਿਰੀਕਰਨ ਦਾ ਵਜੂਦ ਧਾਤੂ ਪ੍ਰਕਿਰਤੀ ਦੀ ਸਮੱਗਰੀ ਹੈ। ਮਨੁੱਖ ਕੁਦਰਤੀ ਪ੍ਰਕਿਰਤੀ ਦੀ ਉਪਜ ਹੈ। ਇਹ ਕੁਦਰਤੀ ਪ੍ਰਕਿਰਤੀ ਅਤੇ ਧਾਤੂ ਪ੍ਰਕਿਰਤੀ ਦੇ ਸੁਭਾਅ ਵਿਚਲੇ ਵਖਰੇਵੇ ਦਾ ਸਿੱਟਾ ਹੈ।

ਪਦਾਰਥਕ ਵਿਕਾਸ ਨੇ ਲਾਲਚੀ ਭਰਿਸ਼ਟ ਅਤੇ ਹੰਕਾਰੀ ਬਣਾਇਆ ਹੈ। ਆਧੁਨਿਕਤਾ ਦੇ ਸੰਦਰਭ ਵਿਚ ਵਿਕਸਤ ਹੋਈਆਂ ਜੀਵਨ ਲੋੜਾਂ ਇੰਨ੍ਹੀਆਂ ਦਿਲਕਸ਼ ਆਕਰਸ਼ਿਤ ਅਤੇ ਸੁੱਖਦਾਇਕ ਹਨ, ਕਿ ਮਨੁੱਖ 'ਚ ਇਨ੍ਹਾਂ ਨੂੰ ਪਾਉਣ ਦਾ ਲਾਲਚ ਸਪੱਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ। ਮਨੁੱਖ ਸਦਾ ਲਈ ਇਨ੍ਹਾਂ ਵਸਤੂਆਂ ਨੂੰ ਜਿਊਂਦਾ ਹੈ ਅਤੇ ਜਿਉਂਦੇ ਰਹਿਣਾ ਚਾਹੁੰਦਾ ਹੈ। ਮਿਸਾਲ ਦੇ ਤੌਰ 'ਤੇ ਸਾਇਕਲ ਵਾਲੇ ਨੂੰ ਕਾਰ ਦਾ ਲਾਲਚ ਹੈ, ਕਾਰ ਵਾਲੇ ਨੂੰ ਹਵਾਈ ਜ਼ਹਾਜ ਦਾ ਲਾਲਚ ਹੈ। ਇਸ ਲਾਲਚ ਦੀ ਪੂਰਤੀ ਲਈ ਮਨੁੱਖ ਭਰਿਸ਼ਟ ਦੁਰਾਚਾਰੀ ਅਤੇ ਰਿਸ਼ਵਤ ਖੋਰ ਹੁੰਦਾ ਜਾ ਰਿਹਾ ਹੈ। ਉਹ ਇਨ੍ਹਾਂ ਵਸਤੂਆਂ ਦੀ ਪ੍ਰਾਪਤੀ ਲਈ ਜਾਇਜ਼ ਨਜਾਇਜ਼ ਹਰ ਰਾਹ ਅਖਤਿਆਰ ਕਰਨ ਲਈ ਤਿਆਰ ਹਨ। ਇੱਥੋਂ ਤੱਕ ਕਿ ਮਨੁੱਖ ਆਪਣੀ ਇਸ ਲਾਲਚੀ ਇੱਛਾ ਲਈ ਆਪਣੀ ਜੀਵਨ ਸੁਤੰਤਰਤਾ ਨੂੰ ਦਾਅ 'ਤੇ ਲਾਉਣ ਲਈ ਤਿਆਰ ਹਨ। ਇੱਥੋਂ ਤੱਕ ਕਿ ਕੈਦ ਕੱਟਣ ਲਈ ਵੀ ਤਿਆਰ ਹੋ ਜਾਂਦਾ ਹੈ। ਪਦਾਰਥਕ ਵਿਕਾਸ ਦਾ ਘੇਰਾ ਇੰਨਾ ਮਜ਼ਬੂਤ ਹੈ ਕਿ ਇਹ ਘੇਰਾ ਮਨੁੱਖ ਨੂੰ ਆਪਣੇ 'ਚੋਂ ਨਿਕਲਣ ਹੀ ਨਹੀਂ ਦਿੰਦਾ ਅਤੇ ਨਾ ਹੀ ਇਸ 'ਚੋਂ ਮਨੁੱਖ ਨਿਕਲਣਾ ਚਾਹੁੰਦਾ ਹੈ। ਆਧੁਨਿਕਤਾ ਦੀ ਵਿਕਾਸੀ ਚਕਾਚੌਂਧ ਨੇ ਮਨੁੱਖ ਅੰਦਰ ਲਾਲਚ ਨੂੰ ਜਨਮ ਦਿੱਤਾ। ਇਸੇ ਆਕਰਸ਼ਨ ਕਾਰਨ ਮਨੁੱਖ ਵਿਚਲਾ ਸਬਰ-ਸੰਤੋਖ ਅਲੋਪ ਹੋ ਗਿਆ। ਜੀਵਨ ਜਿਉਣ ਅਤੇ ਨਿਰਬਾਹ ਲਈ ਆਧੁਨਿਕਤਾ ਦਾ ਆਕਰਸ਼ਨ ਮਨੁੱਖੀ ਜੀਵਨ ਵਿਚ ਅਸ਼ਾਂਤੀ ਪੈਦਾ ਕਰਦਾ ਹੈ। ਮਨੁੱਖੀ ਮਨ ਵਿਚ ਸਬਰ-ਸੰਤੋਖ ਦੀ ਅਲੋਪਤਾ ਆਸ਼ਾਂਤੀ ਦੇ ਬੀਜ਼ ਸਮਾਜ ਅਤੇ ਵਿਸ਼ਵ ਵਿਚ ਵੀ ਬੀਜਦੀ ਹੈ। ਇਹ ਅਸ਼ਾਂਤੀ ਦਾ ਬੀਜ਼ ਜਦ ਰੁੱਖ ਬਣਦਾ ਹੈ ਤਾਂ ਮਨੁੱਖ ਇਕੱਲਤਾ, ਵੀਰਾਨੀ ਅਤੇ ਦੁੱਖਾਂ ਦਾ ਭਾਗੀਦਾਰ ਬਣਦਾ ਹੈ। ਇਹ ਸੱਭ ਪਦਾਰਥਕ ਵਿਕਾਸ ਦਾ ਸਿੱਟਾ ਹੈ।

ਮਨੁੱਖ ਨੇ ਆਪਣੇ ਲਾਲਚ ਕਾਰਨ ਧਰਤੀ, ਆਕਾਸ਼, ਹਵਾ, ਜਲ ਤਕਸੀਮੇ ਹਨ। ਸਮੁੰਦਰੀ ਇਕਾਈ ਦਾ ਜੀਵਨ ਵੰਡਿਆ ਹੈ। ਮਨੁੱਖ ਨੇ ਕੁਦਰਤ ਨੂੰ ਵੰਡਿਆ ਹੈ। ਮਨੁੱਖ ਨੇ ਕੁਦਰਤ ਨੂੰ ਵੰਡਿਆ ਹੀ ਨਹੀਂ ਬਲਕਿ

ਪ੍ਰਦੂਸ਼ਿਤ ਵੀ ਕੀਤਾ ਹੈ। ਲੱਖਾ ਗੈਲਨ Oil ਸਮੁੰਦਰ ਵਿਚ ਰੋੜ੍ਹਿਆ ਜਾਂਦਾ ਹੈ। ਮਹਾਂਨਗਰਾਂ ਦੀ ਗੰਧਗੀ ਦਾ ਨਿਕਾਸ ਨਦੀਆਂ, ਦਰਿਆਵਾਂ, ਸਮੁੰਦਰਾਂ 'ਚ ਹੁੰਦਾ ਹੈ। ਐਟਮੀ ਧਮਾਕਿਆਂ ਦੇ ਪ੍ਰਯੋਗ ਸਮੁੰਦਰ ਵਿਚ ਹੁੰਦੇ ਹਨ, ਜਿਨ੍ਹਾਂ ਸਮੁੰਦਰੀ ਜੀਵਨ ਦੀ ਤਬਾਹੀ ਹੀ ਨਹੀਂ ਕੀਤੀ ਸਗੋਂ ਸਮੁੰਦਰੀ ਜਲ ਨੂੰ ਵਰਤੋਂ ਯੋਗ ਵੀ ਨਹੀਂ ਛੱਡਿਆ। ਪਦਾਰਥੀ ਵਿਕਾਸ ਕੁਦਰਤੀ ਸੁੰਦਰਤਾ ਦਾ ਅੰਤ ਹੈ। ਕੁਦਰਤੀ ਸੁੰਦਰਤਾ ਜੋ ਜੀਵਨ ਨੂੰ ਸੌਂਦਰਯਾ ਬੋਧ ਬਖਸ਼ਦੀ ਹੈ। ਉਸ ਸੌਂਦਰਯਾ ਬੋਧ ਨੂੰ ਵੀ ਕੋਹਜ਼ਾ ਕੀਤਾ ਹੈ।

ਸੱਚ, ਇਮਾਨਦਾਰੀ ਦੇ ਬਲਬੁੱਤੇ 'ਤੇ ਮਨੁੱਖ ਆਧੁਨਿਕ ਵਿਕਾਸ ਦੀਆਂ ਪ੍ਰਾਪਤੀਆਂ ਨੂੰ ਹਾਸਿਲ ਨਹੀਂ ਕਰ ਸਕਦਾ ਕਿਉਂਕਿ ਮਨੁੱਖੀ ਵਿਗਿਆਨਿਕ ਪ੍ਰਾਪਤੀਆਂ ਇੰਨੀਆਂ ਮਹਿੰਗੀਆਂ ਹਨ, ਕਿ ਇਮਾਨਦਾਰ ਅਤੇ ਮਿਹਨਤਕਸ਼ ਮਨੁੱਖ ਦੀ ਪਹੁੰਚ ਤੋਂ ਬਾਹਰ ਹਨ। ਇਸ ਲਈ ਇਨ੍ਹਾਂ ਵਸਤੂਆ ਦੀ ਪ੍ਰਾਪਤੀ ਲਈ ਮਨੁੱਖ ਦੀ ਸੱਚੀ ਊਰਜਾ, ਝੂਠ ਦਾ ਰੂਪ ਧਾਰਨ ਕਰਦੀ ਹੈ। ਇਸ ਤਰ੍ਹਾਂ ਉੱਚੀ ਸੋਚ ਅਤੇ ਸਧਾਰਨ ਰਹਿਣੀ ਬਹਿਣੀ ਦਾ ਸਿਧਾਂਤ ਭਰਿਸ਼ਟ ਸੋਚ ਅਤੇ ਅਸ਼ਾਂਤੀ ਦੇ ਰੂਪ 'ਚ ਬਦਲ ਜਾਂਦਾ ਹੈ। ਮਨੁੱਖ ਆਪਣਾ ਸੱਚ ਅਤੇ ਸੰਤੁਲਨ ਖੋਹ ਜਾਂਦਾ ਹੈ। ਜਦ ਜੀਵਨ 'ਚੋਂ ਸ਼ਾਂਤੀ ਅਲੋਪ ਹੁੰਦੀ ਹੈ ਤਾਂ ਪਦਾਰਥਕ ਸਮੱਗਰੀ 'ਚ ਜਿਉਂਦਾ ਮਨੁੱਖ ਆਧੁਨਿਕਤਾ ਦੇ ਮੂਲ ਸਿਧਾਂਤ ਅੰਤਰ ਮੁਖੀ ਦੀ ਰੁਚੀ ਆਪਣਾਉਂਦਾ ਹੈ। ਪਿਆਰ ਮੁਹੱਬਤ ਰਿਸ਼ਤੇ-ਨਾਤੇ ਸੱਭ ਤਿਆਗ ਮਨੁੱਖ ਸ਼ਾਂਤੀ ਦੀ ਤਲਾਸ਼ 'ਚ ਆਪਣੇ ਅੰਦਰ ਵੱਲ ਮੁੜਦਾ ਹੈ। ਮਨ ਦੀ ਸ਼ਾਂਤੀ ਜੋ ਮਨੁੱਖ ਆਧੁਨਿਕਤਾ ਦੀ ਚਕਾਚੌਂਧ ਵਿਚ ਗੁਆ ਚੁੱਕਾ ਹੁੰਦਾ ਹੈ। ਮਨੁੱਖ ਕੁਦਰਤ ਤੇ ਕਾਦਰ ਦੀ ਇਕਾਈ ਤੋਂ ਟੁੱਟ ਕੇ ਜੀਵਨ ਦੇ ਵਿਚਰਨ ਧਰਾਤਲ 'ਤੇ ਸਰੀਰਕ ਅੰਗਾਂ ਵਾਂਗ ਤਕਸੀਮਿਆਂ ਜਾ ਚੁੱਕਾ ਹੁੰਦਾ ਹੈ। ਇਹ ਤਕਸੀਮ ਮਨੁੱਖੀ ਜੀਵਨ ਦੀ ਤੇਜ਼ ਦੌੜ ਅਤੇ ਪਦਾਰਥਕ ਵਿਕਾਸ ਦੀ ਤੇਜ਼ ਰਫ਼ਤਾਰ 'ਚੋਂ ਜਨਮਦੀ ਹੈ।

ਕੀ ਜੀਵਨ ਮਨੁੱਖ ਤੋਂ ਬਹੁਤ ਅੱਗੇ ਨਿਕਲ ਗਿਆ ਹੈ। ਭਾਵ ਉਹ ਜੀਵਨ ਜੋ ਮਨੁੱਖੀ ਨਹੀਂ, ਮਨੁੱਖੀ ਪ੍ਰਾਪਤੀਆਂ ਦੀ ਦੇਣ ਹੈ। ਮਨੁੱਖ ਆਪਣੇ-ਆਪ ਨਾਲੋਂ ਟੁੱਟ ਕੇ, ਲਹੂ ਦੇ ਰਿਸ਼ਤਿਆਂ, ਕੁਦਰਤ ਤੇ ਸਮਾਜ ਨਾਲੋਂ ਟੁੱਟ ਕੇ ਵੀ ਆਪਣੀ Privacy ਵਿਚ ਜਿਉਣਾ ਚਾਹੁੰਦਾ ਹੈ। ਮਨੁੱਖ ਆਧੁਨਿਕਤਾ ਦੇ ਵਿਕਾਸ ਦੀ ਸਿਖ਼ਰ ਇਸ ਹੱਦ ਤੱਕ ਮਹਿਸੂਸ ਕਰਦਾ ਹੈ, ਕਿ ਪਦਾਰਥਕ ਵਿਕਾਸ ਦੀ ਉੱਚਾਈ ਮਨੁੱਖ ਅੰਦਰ ਇੱਕ ਹੀਣ ਭਾਵਨਾ ਨੂੰ ਜਨਮ ਦਿੰਦੀ ਹੈ। ਮਨੁੱਖ ਆਪਣੇ-ਆਪ ਨੂੰ ਫਾਡੀ ਰਹਿ ਗਿਆ ਮਹਿਸੂਸ ਕਰਦਾ ਹੈ। ਇਸ ਹੀਣ ਭਾਵਨਾ ਸਦਕਾ ਮਨੁੱਖ ਸਮਝ ਨਹੀਂ ਸਕਦਾ ਕਿ ਉਹ ਕੀ ਹੈ, ਕੌਣ ਹੈ। ਉਸ ਦਾ

ਜੀਵਨ ਪ੍ਰਯੋਜਨ ਕੀ ਹੈ। ਉਸ ਦਾ ਯਥਾਰਥ ਅਤੇ ਜਨਮ-ਮਰਨ ਦਾ ਸੱਚ ਕੀ ਹੈ। ਅਸਲ ਕੀ ਹੈ, ਭਰਮ ਕੀ ਹੈ, ਇਹ ਸਾਰੇ ਸਵਾਲ ਉਸ ਦੇ ਸਾਹਮਣੇ ਇਕ-ਇਕ ਕਰਕੇ ਆਉਂਦੇ ਹਨ। ਆਧੁਨਿਕਤਾ ਦੇ ਵਿਕਾਸ ਪ੍ਰਤੀਕਰਮ ਅਧੀਨ ਉਹ ਆਪਣੇ ਚੌਗਿਰਦੇ ਨਾਲੋਂ ਟੁੱਟਕੇ ਆਪਣੇ ਅੰਦਰ ਵੱਲ ਮੁੜਦਾ ਹੈ।

ਜੋ ਹਨ੍ਹੇਰਾ ਉਸ ਦੁਆਲੇ ਪਦਾਰਥਕ ਵਿਕਾਸ ਕਾਰਨ ਬੀਜਿਆ ਜਾਂਦਾ ਹੈ। ਉਸ ਤੋਂ ਵੱਧ ਹਨੇਰਾ ਉਸ ਦੇ ਅੰਦਰ ਹੈ ਕਿਉਂਕਿ ਉਸ ਦੇ ਦੁਆਲ਼ੇ ਦਾ ਬ੍ਰਹਮੰਡ ਉਜਲਾ ਨਹੀਂ, ਕੋਹਜ਼ਾ ਤੇ ਹਨ੍ਹੇਰਾ ਹੈ। ਬਾਣੀ ਫਰਮਾਉਂਦੀ ਹੈ ਜੋ ਬ੍ਰਹਮੰਡੇ ਸੋਈ ਪਿੰਡੇ ਜੇ ਬਾਹਰ ਉਜਾਲਾ ਹੈ ਤਾਂ ਅੰਦਰ ਉਜਾਲਾ ਹੈ, ਜੇ ਬਾਹਰ ਹਨ੍ਹੇਰਾ ਹੈ ਤਾਂ ਅੰਦਰ ਹਨ੍ਹੇਰਾ ਹੈ। ਆਧੁਨਿਕਤਾ ਦੇ ਜਨਮ ਨਾਲ ਹੀ ਮਨੁੱਖੀ ਸਵੈ ਅਧਿਆਤਮਕ ਦੇ ਗਿਆਨ ਦਾ ਆਧਿਆਇ ਜੋ ਧਰਮ ਦਾ ਫ਼ਲਸਫ਼ਾ ਹੈ। ਮਨੁੱਖ 'ਚੋਂ ਅਲੋਪ ਹੋ ਜਾਂਦਾ ਹੈ। ਇਸ ਹਨ੍ਹੇਰੇ ਵਿਚ ਮਨੁੱਖ ਨੂੰ ਮਨ ਤੂੰ ਜੋਤ ਸਰੂਪ ਹੈ ਦਾ ਗਿਆਨ ਹੋਣਾ ਜ਼ਰੂਰੀ ਸੀ, ਜੋ ਮਨੁੱਖ ਨੂੰ ਨਹੀਂ ਹੈ। ਇਸ ਗਿਆਨ ਰੂਪੀ ਕਿਰਨ ਤੋਂ ਬਿਨ੍ਹਾਂ ਮਨੁੱਖ ਆਪਣਾ ਸਵੈ ਨੂੰ ਸਮਝ ਨਹੀਂ ਸਕਦਾ। ਆਪਣੀ ਹੋਂਦ ਦਾ ਸੱਚ ਮਨ ਦੀ ਸ਼ਾਤੀ ਪ੍ਰਾਪਤ ਨਹੀਂ ਕਰ ਸਕਦਾ। ਜੇ ਮਨੁੱਖ ਮਨ ਤੂੰ ਜੋਤ ਸਰੂਪ ਹੈ, ਰੂਪੀ ਕਿਰਨ ਦਾ ਗਿਆਤਾ ਹੁੰਦਾ ਤਾਂ ਉਹ ਜਾਣ ਸਕਦਾ ਸੀ, ਉਹ ਕੀ ਹੈ, ਕੌਣ ਹੈ, ਉਸ ਦੀ ਹੋਂਦ ਸੱਚ ਕੀ ਹੈ। ਜੀਵਨ ਧਾਰਤਲ, ਜੀਵਨ ਪ੍ਰਯੋਜਨ, ਜਨਮ-ਮਰਨ ਦਾ ਸੱਚ ਤੇ ਭਰਮ ਕੀ ਹੈ। ਮਨ ਤੂੰ ਜੋਤ ਸਰੂਪ ਹੈ, ਦੇ ਚਾਨਣ ਰਾਹੀਂ ਉਹ ਅੰਦਰਲਾ ਹਨ੍ਹੇਰਾ ਦੂਰ ਕਰ ਸਕਦਾ ਸੀ। ਮਨੁੱਖ ਲਈ ਆਪਣਾ ਸੱਚ ਜਾਣਨਾ ਇਸ ਲਈ ਜ਼ਰੂਰੀ ਹੈ, ਕਿ ਉਹ ਦੂਜੇ ਮਨੁੱਖ ਦਾ ਸੱਚ ਜਾਣ ਸਕੇ, ਇਸ ਨਾਲ ਉਸ ਨੂੰ ਸਮਾਜਿਕ ਅਤੇ ਵਿਸ਼ਵ ਸੱਚ ਜਾਣਨ ਵਿਚ ਔਖਿਆਈ ਨਹੀਂ ਆਉਂਦੀ। ਇਹ ਸੱਚ ਜਾਣਨਾ ਹੀ ਅਜੋਕੇ ਵਿਸ਼ਵ ਲਈ ਜਗਤ ਹਿੱਤੂ ਹੋਣਾ ਅਤੇ ਪਿਆਰ ਮੁਹੱਬਤ ਦੇ ਬੀਜ਼ ਬੀਜਦਾ ਹੈ।

ਮਨੁੱਖ ਜਦ ਆਪਣਾ ਸੱਚ ਜਾਣ ਲੈਂਦਾ ਹੈ ਤਾਂ ਦੂਜੇ ਮਨੁੱਖ ਦਾ ਸੱਚ ਪਹਿਚਾਣ ਲੈਂਦਾ ਹੈ। ਇਹ ਮਨੁੱਖ ਲਈ ਮਨੁੱਖਤਾ ਦੇ ਯਥਾਰਥਕ ਸੱਚ ਨੂੰ ਜਾਣਨ ਦਾ ਅਗਾਂਹਵਧੂ ਢੰਗ ਹੈ। ਇਸ ਢੰਗ ਰਾਹੀਂ ਮਨੁੱਖ, ਮਨੁੱਖਤਾ ਦੇ ਸਰਵ ਸਾਂਝੇ ਸਵੈ ਤੱਕ ਅਪੜਦਾ ਹੈ, ਜਿਸ ਨੂੰ ਵਿਸ਼ਵ ਹੋਂਦ ਕਿਹਾ ਜਾਂਦਾ ਹੈ। ਇਸ ਤਰੀਕੇ ਨਾਲ ਮਨੁੱਖ ਨੂੰ ਵਿਸ਼ਵ ਹੋਂਦ ਦਾ ਗਿਆਨ ਅਤੇ ਅਭਿਆਸ ਸਮਝ ਆਉਂਦਾ ਹੈ। ਜੋ ਮਨੁੱਖ ਸਮਾਜ ਅਤੇ ਵਿਸ਼ਵ ਵਿਚਲੀ ਇਕਾਈ ਹੈ। ਜਿਸ ਨੂੰ ਅਨੁਭਵ ਕਰਦਾ ਮਨੁੱਖ ਇਸ ਇਕਾਈ ਦਾ ਅਟੁੱਟ ਹਿੱਸਾ ਹੋ ਜਾਂਦਾ ਹੈ। ਆਪਣੇ 'ਚੋਂ ਮਨੁੱਖਤਾ, ਮਨੁੱਖਤਾ 'ਚੋਂ ਆਪਾ ਅਨੁਭਵ ਕਰਦਾ ਹੈ। ਇਹ ਸਾਂਝ ਮਨੁੱਖ ਨੂੰ ਮਨੁੱਖ ਦੇ ਇੰਨ੍ਹਾ ਨੇੜੇ ਲੈ ਜਾਂਦੀ ਹੈ, ਕਿ ਮਨੁੱਖ ਦੇ ਅੰਦਰ ਏਕ ਨੂਰ 'ਤੇ ਸਭ

ਜਗ ਉਪਜਿਉ, ਨਾ ਕੋਈ ਵੈਰੀ ਨਾ ਹੀ ਬੈਗਾਨਾ, ਸਰਬਤ ਦਾ ਭਲਾ, ਪਿਆਰ, ਸਾਂਝੀਵਾਲਤਾ, ਜਿਹੇ ਗੁਣ ਮਨੁੱਖ ਅੰਦਰ ਜਨਮਦੇ ਅਤੇ ਵਿਕਸਤ ਹੁੰਦੇ ਹਨ। Kant ਦਾ ਸਿਧਾਂਤ ਕਿ ਆਧੁਨਿਕਤਾ ਜਗਤ ਹਿੱਤੂ ਹੈ। ਇਸੇ ਸੰਕਲਪ ਦਾ ਯਥਾਰਥ ਹੈ, ਮਨੁੱਖ ਨਫ਼ਰਤ, ਕ੍ਰੋਧ, ਵੈਰ, ਵਿਰੋਧ ਤੋਂ ਦੂਰ ਹੁੰਦਾ ਹੈ।

ਮਨੁੱਖਤਾ ਨੂੰ ਜਾਣਨ ਦੀ ਇਹ ਪ੍ਰਵਿਰਤੀ ਤੇ ਸਾਧਨ ਵਿਸ਼ਵ ਵਿਚੋਂ ਭਰਿਸ਼ਟਾਚਾਰ, ਰਿਸ਼ਵਤ ਖੋਰੀ, ਬੇਈਮਾਨੀ, ਝੂਠ-ਫਰੇਬ, ਲੁੱਟ-ਖਸੁੱਟ ਦਾ ਖ਼ਾਤਮਾ ਕਰਦਾ ਹੈ, ਭਾਈਵਾਲਤਾ ਅਤੇ ਸਾਂਝਾਪਣ ਜਨਮਦਾ ਹੈ। ਜਦ ਇੱਕ ਮਨੁੱਖੇ ਦੂਜੇ 'ਚੋਂ ਆਪਣਾ ਸੱਚ ਵੇਖਦਾ ਹੈ। ਫਿਰ ਇੱਕ ਦੂਜੇ ਨੂੰ ਦੁੱਖ ਪਹੁੰਚਾਉਣ ਦਾ ਤਾਂ ਸਵਾਲ ਹੀ ਨਹੀਂ ਉੱਠਦਾ ਕਿਉਂਕਿ ਦੂਜਾ ਉਸ ਲਈ ਦੂਜਾ ਨਹੀਂ ਰਹਿੰਦਾ। ਉਸਦਾ ਆਪਣਾ-ਆਪਾ ਹੋ ਜਾਂਦਾ ਹੈ। ਆਧੁਨਿਕਤਾ ਦੇ ਜਗਤ ਹਿੱਤੂ ਹੋਣ ਦਾ ਇਹੀ ਸੱਚ ਅਤੇ ਯਥਾਰਥ ਹੈ। ਪਰ ਇਹ ਤਾਂ ਹੀ ਸੰਭਵ ਸੀ ਜੇ ਵਿਸ਼ਵ ਦੇ ਦਾਰਸ਼ਨਿਕ ਵਿਦਵਾਨ ਜਿਨ੍ਹਾਂ ਆਧੁਨਿਕਤਾ ਦੀ ਰੂਪ-ਰੇਖਾ ਅਤੇ ਪਰਿਭਾਸ਼ਾ ਨਿਸ਼ਚਿਤ ਕੀਤੀ ਜੇ ਉਹ ਪਦਾਰਥ ਦੇ ਨਾਲ ਮਨੁੱਖ ਨੂੰ ਵੀ ਆਧੁਨਿਕਤਾ ਦਾ ਵਿਸ਼ਾ ਗਰਦਾਨਦੇ, ਕੋਈ ਵੀ ਕਿਸੇ ਕਿਸਮ ਦਾ ਵਿਕਾਸ ਜਿਸ 'ਚੋਂ ਮਨੁੱਖ ਮਨਫ਼ੀ ਹੋ ਜਾਂਦਾ ਹੈ, ਉਹ ਵਿਕਾਸ ਜੀਵਨ ਲਈ ਅਧੂਰਾ ਹੈ।

ਵਿਸ਼ਵ ਦੇ ਵਿਦਵਾਨ ਨੇ ਮਨੁੱਖੀ ਸਵੈ ਵਿਕਾਸ ਦੇ ਅਧਿਐਨ ਲਈ ਆਧੁਨਿਕਤਾ ਦੇ ਵਿਕਾਸ ਨਾਲ ਧਰਮ ਦੇ ਉਸ ਪੱਖ 'ਤੇ ਵੀ ਜ਼ੋਰ ਦਿੰਦੇ ਜੋ ਮਨੁੱਖੀ ਸਰੀਰਕ ਅਤੇ ਮਾਨਸਿਕ ਸਵੈ ਸੱਚ ਤੇ ਹੋਂਦ ਪ੍ਰਤੀ ਗਿਆਨ ਪ੍ਰਦਾਨ ਕਰਦਾ ਹੈ। ਰੱਬੀ ਹੋਂਦ, ਅਹੋਂਦ ਦੀ ਵਿਚਾਰਧਾਰਾ ਨੂੰ ਬੇਸ਼ੱਕ ਮਨਫ਼ੀ ਕਰ ਦਿੰਦੇ ਤਾਂ ਹੋ ਸਕਦਾ ਸੀ ਮਨੁੱਖ ਆਪਣੇ ਆਪ 'ਚ ਵਿਅਕਤੀਗਤ ਤੌਰ 'ਤੇ ਇੰਨ੍ਹਾ ਹੀ ਵਿਕਸਤ ਹੁੰਦਾ, ਜਿੰਨ੍ਹਾ ਵਿਕਸਤ ਅੱਜ ਪਦਾਰਥ ਹੈ। ਇਸ ਪ੍ਰਕਾਰ ਪਦਾਰਥਕ ਵਿਕਾਸ ਦਾ ਉੱਚਾ ਕੱਦ ਕਾਠ ਸ਼ਾਇਦ ਮਨੁੱਖ ਅੰਦਰ ਹੀਣ ਭਾਵਨਾ ਦਾ ਜਜ਼ਬਾ ਪੈਦਾ ਨਾ ਕਰ ਸਕਦਾ। ਪਦਾਰਥਕ ਵਿਕਾਸ ਦੇ ਨਾਲ-ਨਾਲ ਆਧੁਨਿਕਤਾ ਦੇ ਸਦਰਭ ਵਿਚ ਮਨੁੱਖੀ ਸਵੈ ਵਿਕਾਸ ਵੀ ਲਾਜ਼ਮੀ ਹੈ। ਮਨੁੱਖ ਜੇ ਵਿਕਾਸ ਕਰਦਾ ਤਾਂ ਸ਼ਹਿਰੀਕਰਨ ਤੇ ਮਹਾਂਨਗਰਾਂ ਦੇ ਸਭਿਆਚਾਰ ਨੂੰ ਉਨ੍ਹੀਂ ਸ਼ਿਦਤ ਨਾਲ ਹੀ ਅਪਣਾਉਂਦਾ ਜਿੰਨ੍ਹੀ ਸ਼ਿਦਤ ਨਾਲ ਸ਼ਹਿਰੀਕਰਨ 'ਚੋਂ ਮਨੁੱਖੀ ਮੁੱਢਲੀਆਂ ਪ੍ਰਵਿਰਤੀਆਂ ਅਲੋਪ ਹੋਈਆਂ ਸਨ।

ਮਨੁੱਖ ਅਤੇ ਆਧੁਨਿਕਤਾ ਦੇ ਪਦਾਰਥਕ ਵਿਕਾਸ ਦੀਆਂ ਪ੍ਰਾਪਤੀਆਂ ਵਿਚ ਸੰਤੁਲਨ ਹੁੰਦਾ। ਅਜੋਕੇ ਸਿਰਜੇ ਵਿਸ਼ਵ ਵਿਚ ਮਨੁੱਖ ਦੀਆਂ ਪ੍ਰਾਪਤੀਆਂ ਤਾਂ ਨਜ਼ਰ ਆਉਂਦੀਆਂ ਹਨ ਪਰ ਮਨੁੱਖ ਨਜ਼ਰ ਨਹੀਂ ਆਉਂਦਾ। ਜੇ ਇਹ ਵਿਕਾਸ ਸੰਤੁਲਨ ਹੁੰਦਾ ਤਾਂ ਅਜੋਕਾ ਸਿਰਜਿਆ ਵਿਸ਼ਵ ਵੀ ਅਨੁਕੂਲ ਹੋਣਾ

ਸੀ, ਜੋ ਹੁਣ ਵਿਪਰੀਤ ਹੈ। ਮਨੁੱਖ ਆਧੁਨਿਕਤਾ ਦੇ ਵਿਕਾਸ ਦੀ ਸਮੱਗਰੀ ਨੂੰ ਸੰਤਾਪ ਦੀ ਥਾਂ ਵਰ ਦੇ ਰੂਪ ਵਿਚ ਹੰਢਾਂਉਂਦਾ।

ਇਸ ਸਾਰੇ ਆਧੁਨਿਕਤਾ ਦੇ ਵਿਕਾਸ ਵਿਚ ਮਨੁੱਖੀ ਪ੍ਰਾਪਤੀਆਂ ਮਨੁੱਖ ਨੂੰ ਵਰਤ ਰਹੀਆਂ ਹਨ, ਨਾ ਕਿ ਮਨੁੱਖ ਇਨ੍ਹਾਂ ਨੂੰ ਵਰਤ ਰਿਹਾ ਹੈ। ਪੁਰਾਤਨ ਸਮੇਂ ਵਿਚ ਮਨੁੱਖੀ ਜੀਵਨ ਦਾ ਸੁੱਖਦਾਇਕ ਨਾ ਹੋਣਾ, ਇਸ ਸੁੱਖ ਦੀ ਪ੍ਰਾਪਤੀ ਨੂੰ ਮੁੱਖ ਰੱਖ ਕੇ ਮਨੁੱਖ ਸੰਘਰਸ਼ ਤੇ ਖੋਜ ਕਰ ਰਿਹਾ ਸੀ। ਮਨੁੱਖ ਨੇ ਆਧੁਨਿਕਤਾ ਦੀ ਖੋਜ ਅਤੇ ਵਿਕਾਸ ਵੀ ਕੀਤਾ ਪਰ ਜੀਵਨ ਸੁੱਖ ਦੀ ਆਧੁਨਿਕਤਾ ਦੇ ਵਿਕਾਸ ਦੀ ਉਚਾਈ ਹੇਠ ਆ ਕੇ ਦਮ ਤੋੜ ਗਿਆ।

ਅੱਜ ਮਨੁੱਖ ਦੁਨੀਆ ਦੇ ਇੱਕ ਸਿਰੇ ਤੋਂ ਦੂਜੇ ਤੱਕ ਕੁੱਝ ਹੀ ਘੰਟਿਆਂ ਵਿਚ ਪਹੁੰਚ ਜਾਂਦਾ ਹੈ। ਇਹ ਪਦਾਰਥਕ ਵਿਕਾਸ ਕਾਰਨ ਆਵਾਜਾਈ ਦੇ ਸਾਧਨਾਂ ਦੀ ਉਪਲੱਬਧੀ ਹੈ। ਮਸ਼ੀਨੀ ਯੰਤਰ ਮਨੁੱਖ ਨੂੰ ਆਪਣੀ ਪਿੱਠ 'ਤੇ ਬਿਠਾ ਕੇ ਸਾਲਾਂ ਦਾ ਸਫ਼ਰ ਕੁੱਝ ਘੰਟਿਆਂ ਵਿਚ ਤਹਿ ਕਰਵਾ ਦਿੰਦਾ ਹੈ। ਪਰ ਮਨੁੱਖ ਆਪਣੇ ਸਵੈ ਨੂੰ ਵਿਦਿਅਕ ਕਰਨ ਵਿਚ ਇਕ ਵੀ ਕਦਮ ਨਹੀਂ ਪੁੱਟ ਸਕਿਆ। ਮਨੁੱਖ ਉੱਥੇ ਦਾ ਉੱਥੇ ਹੀ ਖੜ੍ਹਾ ਹੈ, ਜਿੱਥਾ ਖੜ੍ਹਾ ਸੀ। ਵਿਕਸਤ ਤਾਂ ਸਿਰਫ਼ ਪਦਾਰਥ ਹੋਇਆ ਹੈ।

ਕੰਪਿਊਟਰ ਯੁੱਗ ਵਿਚ ਮਿੰਟਾਂ ਸੈਕਿੰਡਾਂ ਵਿਚ Email ਦੁਨੀਆ ਦੇ ਇੱਕ ਕੋਨੇ ਤੋਂ ਦੂਜੇ ਤੱਕ ਅੱਪੜ ਜਾਂਦੀ ਹੈ। Facebook ਨਵੇਂ ਸਮਾਜ ਦੀ ਸਿਰਜਣਾ ਅਤੇ ਸੰਗਠਨ ਦਾ ਇਕ ਬਹੁਤ ਹੀ ਦੁਰਲੱਭ ਜ਼ਰੀਆ ਹੈ। ਕਿਸੇ ਵੀ ਦੇਸ਼ ਦੇ ਗਿਆਨ, ਵਿਗਿਆਨ, ਖੋਜ ਜਾਂ ਇਤਿਹਾਸਕ ਸਫ਼ਰ ਲਈ ਕਮਰੇ 'ਚ ਕੰਪਿਊਟਰ 'ਤੇ ਬੈਠੇ ਬਿਠਾਏ ਅਜੋਕਾ ਮਨੁੱਖ ਜਾਣਕਾਰੀ ਹਾਸਿਲ ਕਰ ਸਕਦਾ ਹੈ। ਤੁਸੀਂ ਆਪਣੇ ਭੈਣ-ਭਰਾ, ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਨਾਲ ਗੱਲਾਂ ਕਰਨ ਦੀ ਥਾਂ ਉਨ੍ਹਾਂ ਦੇ ਚਿਹਰੇ ਵੀ ਵੇਖ ਸਕਦੇ ਹੋ। Facebook ਵਿਸ਼ਵ ਘਰ ਦੇ ਸੰਗਠਨ ਲਈ ਉਤਕ੍ਰਿਸ਼ਟ ਸਾਧਨ ਹੈ। ਭਾਸ਼ਾ ਤੋਂ ਭਾਸ਼ਾ ਦਾ ਉਲੱਥਾ ਪਲ 'ਚ ਕੀਤਾ ਜਾ ਸਕਦਾ ਹੈ। ਕੰਪਿਊਟਰ 'ਤੇ ਘਰ ਬੈਠੇ ਬਿਠਾਏ ਤੁਸੀਂ ਦੁਨੀਆ ਦੇ ਕਿਸੇ ਵੀ ਮੁਲਕ ਦੀ ਯਾਤਰਾ ਕਰ ਸਕਦੇ ਹੋ । ਉਸ ਮੁਲਕ ਦੇ ਸਭ ਸਾਧਾਨਾਂ ਤੋਂ ਜਾਣੂ ਹੋ ਸਕਦੇ ਹੋ। ਦਨੀਆ ਦੇ ਉਨ੍ਹਾਂ ਸਥਾਨਾਂ 'ਤੇ ਜਿੱਥੇ ਮਨੁੱਖ ਲਈ ਅੱਪੜਣਾ ਮੁਸ਼ਕਲ ਹੈ। ਉਨ੍ਹਾਂ ਥਾਵਾਂ ਨੂੰ ਕੰਪਿਊਟਰ 'ਤੇ ਵੇਖਿਆ ਜਾ ਸਕਦਾ ਹੈ।

ਕਿਸੇ ਧਰਮ, ਅਰਥ, ਸਮਾਜ, ਰਾਜਨੀਤਿਕ ਸ਼ਾਸਤਰ ਦਾ ਗਿਆਨ ਘਰ ਵਿਚ ਹੀ ਉਪਲੱਬਧ ਹੈ। ਅਜੋਕੇ ਮਨੁੱਖ ਨੂੰ ਗਿਆਨ ਪ੍ਰਾਪਤ ਕਰ ਲਈ ਬਾਹਰ ਜਾਣ ਦੀ ਲੋੜ ਨਹੀਂ। ਗਿਆਨ ਦਾ ਖ਼ਜ਼ਾਨਾ ਘਰ ਵਿਚ ਹੀ ਪਿਆ ਹੈ। ਤੁਸਾਂ

ਸਿਰਫ਼ ਇੱਕ ਬੱਟਨ ਹੀ ਨੱਪਣਾ ਹੈ। ਤੁਸੀਂ ਘਰ ਬੈਠੇ ਬਿਠਾਏ ਖ਼ਰੀਦੋ-ਫ਼ਰੋਖ਼ਤ ਕਰ ਸਕਦੇ ਹੋ। ਅਖ਼ਬਾਰਾਂ, ਨਾਟਕ, ਸਿਨਮਾ ਵੇਖ ਸਕਦੇ ਹੋ। 13ਵੀਂ 14ਵੀਂ ਸਦੀ ਦੇ ਵਿਕਾਸ ਤੋਂ 21ਵੀਂ ਸਦੀ ਦੇ ਵਿਕਾਸਕ ਸਫ਼ਰ ਦਾ ਸਿੱਟਾ ਹੈ। ਇਹ ਸੱਭ ਪ੍ਰਵਿਰਤੀਆ ਮਨੁੱਖ ਦੀ ਰਹਿਨੁਮਾਈ ਕਰਦੀਆਂ ਹਨ। ਮਨੁੱਖ ਇਨ੍ਹਾਂ ਨੂੰ ਨਹੀਂ, ਮਨੁੱਖ ਨੂੰ ਇਹ ਵਰਤ ਰਹੀਆਂ ਹਨ। ਖਾਣ-ਪੀਣ ਦੀਆਂ ਵਸਤੂਆਂ ਕੱਪੜੇ, ਕਾਰ, ਟੈਲੀਫ਼ੋਨ ਭਾਵ ਜੀਵਨ ਦੀਆਂ ਰੋਜ਼ਾਨਾ ਵਰਤਣ ਦੀਆਂ ਚੀਜ਼ਾਂ Advertise ਰਾਹੀਂ ਖ਼ਰੀਦੀਆਂ ਵੇਚੀਆਂ ਜਾ ਸਕਦੀਆਂ ਹਨ। ਚੀਜ਼ਾਂ, ਚੀਜ਼ਾਂ ਕਰਕੇ ਨਹੀਂ Brand ਕਰਕੇ ਵਿੱਕ ਰਹੀਆਂ ਹਨ। ਗਤੀਹੀਣ ਪਦਾਰਥਕਵਾਦ ਮਨੁੱਖ ਜੀਵਨ ਨੂੰ ਟੋਰ ਰਿਹਾ ਹੈ। ਪਦਾਰਥਕ ਵਿਕਾਸ ਦੀ ਰਫ਼ਤਾਰ ਮਨੁੱਖ ਨਾਲੋਂ ਤੇਜ਼ ਹੈ। ਇਸ ਲਈ ਅਜੋਕੀ ਜ਼ਿੰਦਗੀ ਅੱਗੇ ਨਿਕਲ ਗਈ ਹੈ। ਜ਼ਿੰਦਗੀ ਦਾ ਸਿਰਜਕ ਮਨੁੱਖ ਪਿੱਛੇ ਰਹਿ ਗਿਆ ਹੈ।

ਇਨ੍ਹਾਂ ਵਿਗਿਆਨਕ ਪ੍ਰਾਪਤੀਆਂ ਦੀ ਸ਼ਕਤੀ ਨੇ ਮਨੁੱਖ ਨੂੰ ਮਨੁੱਖ ਦੀ ਥਾਂ ਜੰਗਲੀ ਜਾਨਵਰ ਬਣਾ ਦਿੱਤਾ ਹੈ। ਇਨ੍ਹਾਂ ਪ੍ਰਾਪਤੀਆਂ ਨੇ ਮਨੁੱਖੀ ਗਿਆਨ ਵਿਗਿਆਨ ਤੇ ਦਰਸ਼ਨ ਵਿਚ ਬਹੁਤ ਵਾਧਾ ਕੀਤਾ ਹੈ ਪਰ ਇਸ ਵਿਗਿਆਨਿਕ ਵਿਕਾਸ ਨੇ ਮਨੁੱਖ ਨੂੰ ਇਨ੍ਹਾਂ ਸ਼ਕਤੀਸ਼ਾਲੀ ਪ੍ਰਾਪਤੀਆਂ ਦੀ ਵਰਤੋਂ ਲਈ ਸਿਆਣਫ ਪ੍ਰਦਾਨ ਨਹੀਂ ਕੀਤੀ। ਮਨੁੱਖ ਨੇ ਐਟਮ ਬਣਾਇਆ, ਜਿਸ ਦੀ ਵਰਤੋਂ ਹੀਰੋ ਸ਼ੀਮਾ ਤੇ ਨਾਗਾਸਾਕੀ 'ਤੇ ਕੀਤੀ। ਲੱਖਾਂ ਏਕੜ ਧਰਤੀ ਬੰਜਰ ਅਤੇ ਲੱਖਾਂ ਮਨੁੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਐਟਮ ਦੇ ਵਰਤਾਰੇ ਨਾਲ ਅਜਿਹੀਆਂ ਬੀਮਾਰੀਆਂ ਜਨਮੀਆਂ ਜਿਨ੍ਹਾਂ ਦਾ ਸੰਤਾਪ ਜਪਾਨੀ ਲੋਕ ਅੱਜ ਵੀ ਹੰਢਾਅ ਰਹੇ ਹਨ। ਵੀਅਤਨਾਮ ਈਰਾਨ, ਈਰਾਕ ਵਿਚ ਜੰਗੀ ਹੱਥਿਆਰਾਂ ਦਾ ਖੁੱਲ੍ਹਾ ਵਿਉਪਾਰ ਹੋਇਆ। ਅਫ਼ਗ਼ਾਨਿਸਤਾਨ ਹੁਣ ਤੱਕ ਯੁੱਧ ਦਾ ਖੇਤਰ ਬਣਿਆ ਪਿਆ ਹੈ। ਇਸ ਦਾ ਇਹੀ ਕਾਰਨ ਹੈ ਕਿ ਇਨ੍ਹਾਂ ਵਿਗਿਆਨਿਕ ਪ੍ਰਾਪਤੀ ਨੇ ਮਨੁੱਖ ਨੂੰ ਸ਼ਕਤੀ ਪ੍ਰਦਾਨ ਤਾਂ ਕੀਤੀ ਪਰ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਕਰਨ ਲਈ ਬੁੱਧ ਵਿਵੇਕ ਨਹੀਂ ਦਿੱਤਾ ਜਾਂ ਇੰਝ ਕਿਹਾ ਜਾ ਸਕਦਾ ਹੈ ਕਿ ਆਧੁਨਿਕਤਾ ਦੇ ਵਿਕਾਸ ਨੇ ਮਨੁੱਖ ਨੂੰ ਗਿਆਨਵਾਨ ਤਾਂ ਬਣਾਇਆ, ਸਿਆਣਾ ਨਹੀਂ ਬਣਾਇਆ। Computer culture ਨੇ ਜਿੱਥੇ ਮਨੁੱਖ ਨੂੰ ਭਰਪੂਰ ਗਿਆਨ ਦਾ ਖ਼ਜ਼ਾਨਾ ਬਖ਼ਸ਼ਿਆ ਹੈ ਉੱਥੇ ਮਨੁੱਖ ਨੂੰ ਵਿਅਕਤੀਗਤ ਤੌਰ 'ਤੇ ਬਾਹਰਲੀ ਦੁਨੀਆ ਤੋਂ ਤੋੜ ਕੇ ਮਨੁੱਖ ਦਾ ਮਸ਼ੀਨੀਕਰਨ ਕਰ ਦਿੱਤਾ ਹੈ। ਇਹ ਮਨੁੱਖੀ ਸੋਚ ਦਾ ਪਦਾਰਥਿਕ ਵਿਕਾਸ ਦੇ ਸੰਦਰਭ ਵਿਚ ਪਦਾਰਥੀਕਰਨ ਹੈ। ਮਨੁੱਖ ਨੇ ਜਿਸ ਦੁਨੀਆ ਨੂੰ ਘਰੋਂ ਬਾਹਰ ਨਿਕਲਕੇ ਵੇਖਣਾ ਸੀ। ਉਹ ਉਸ ਨੂੰ ਕੰਪਿਊਟਰ ਰਾਹੀਂ ਕਮਰੇ ਵਿਚ ਬੈਠ ਕੇ

ਹੀ ਵੇਖ ਸਕਦਾ ਹੈ। ਇਹ ਇੱਕ ਦ੍ਰਿਸ਼ਟਾਤਮਕ ਪ੍ਰਾਪਤੀ ਹੈ। ਗਿਆਨਤਮਕ ਸੱਚਾਈ ਨਹੀਂ ਕਿਉਂਕਿ ਇਹ ਗਿਆਨ ਦੇ ਯਥਾਰਥ ਤੋਂ ਸੱਖਣੀ ਹੈ। ਗਿਆਨ ਦਾ ਯਥਾਰਥ ਮਨੁੱਖੀ ਵਿਚਾਰ-ਵਟਾਂਦਰੇ ਦੀ ਆਲੋਚਨਾਤਮਕ ਦ੍ਰਿਸ਼ਟੀ ਦੇ ਅਨੁਭਵ 'ਤੇ ਅਧਾਰਿਤ ਹੁੰਦਾ ਹੈ। ਜਿਸ ਵਿਚ ਵਿਅਕਤੀਗਤ ਦੀ, ਵਿਅਕਤੀਗਤ ਨਾਲ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਭੂਗੋਲਿਕ ਸਾਂਝ ਹੁੰਦੀ ਹੈ। ਵਾਰਤਾਲਾਪ ਹੁੰਦਾ ਹੈ। ਵਿਪਰੀਤ ਵਿਚਾਰਧਾਰਾਵਾਂ ਦਾ ਵਿਖੰਡਣ ਅਤੇ ਏਕੀਕਰਨ ਹੁੰਦਾ ਹੈ।

ਮਨੁੱਖ ਨੇ ਜੋ ਗਿਆਨ ਪਾਠਸ਼ਾਲਾ, ਯੂਨੀਵਰਸਿਟੀਆਂ, ਕਾਲਜ਼ਾਂ, ਲਾਇਬਰੇਰੀਆਂ, ਰੇਡੀਓ, ਟੈਲੀਵਿਜ਼ਨ, ਅਖ਼ਬਾਰਾਂ ਤੇ ਮੈਗਜ਼ੀਨਾਂ ਤੋਂ ਹਾਸਿਲ ਕਰਨਾ ਹੁੰਦਾ ਹੈ। ਉਹ ਉਸ ਨੂੰ ਘਰ ਵਿਚ ਹੀ ਉਪਲੱਬਧ ਹੁੰਦਾ ਹੈ। ਦੁਨੀਆ ਦੀ ਹਰ ਜਾਣਕਾਰੀ ਜਿਸ ਦੀ ਮਨੁੱਖ ਨੂੰ ਲੋੜ ਹੈ। ਉਹ ਕੰਪਿਊਟਰ 'ਤੇ ਮੁਹੱਈਆ ਹੈ। ਦੁਨੀਆ ਵਿਚ ਕੀ ਵਾਪਰ ਰਿਹਾ ਹੈ। ਦੁਨੀਆ ਕਿੱਧਰ ਨੂੰ ਜਾ ਰਹੀ ਹੈ। ਉਹ ਕੰਪਿਊਟਰ ਮਾਧਿਅਮ ਰਾਹੀਂ ਘਰ ਵਿਚ ਹੀ ਪ੍ਰਾਪਤ ਹੋ ਰਹੀ ਹੈ। ਤੁਹਾਨੂੰ ਖ਼ਰੀਦੋ ਫ਼ਰੋਖਤ ਕਰਨ ਲਈ ਮਾਰਕਿਟ ਵਿਚ ਜਾਣ ਦੀ ਲੋੜ ਨਹੀਂ। ਤੁਸੀਂ ਇਹ ਕੰਮ ਕੰਪਿਊਟਰ 'ਤੇ ਅਸਾਨੀ ਨਾਲ ਕਰ ਸਕਦੇ ਹੋ। ਕੰਪਿਊਟਰ ਨੇ ਬੂੰਦ ਵਿਚ ਸਾਗਰ ਬੰਦ ਕਰ ਦਿੱਤਾ ਹੈ। ਇਹ ਪਦਾਰਥਕ ਵਿਕਾਸ ਦੀ ਸਿਖ਼ਰ ਹੈ। ਇਹ ਕਿਹਾ ਜਾ ਸਕਦਾ ਹੈ ਕਿ ਮਨੁੱਖ ਦਾ ਮਾਨਸਿਕ ਅਤੇ ਸਰੀਰਕ ਭਾਵ ਮਨੁੱਖੀ ਸ਼ਖਸੀਅਤ ਦਾ ਮੁਕੰਮਲ ਤੇ ਪੂਰਨ ਰੂਪ ਵਿਚ ਕੰਪਿਊਟਰੀਕਰਨ ਹੈ। ਸਵੈ Promotion ਮਸ਼ਹੂਰੀ ਸੱਭ ਕੰਮ ਕੰਪਿਊਟਰ ਕਰਦਾ ਹੈ। ਚਿੱਠੀ-ਪੱਤਰ, ਫ਼ੋਨ ਸੱਭ Email ਅਤੇ Facebook ਨੇ ਆਪਣੇ ਦਾਇਰੇ ਵਿਚ ਲੈ ਲਿਆ ਹੈ। ਤੁਸੀਂ ਆਪਣਾ ਸਵਾਲ Google 'ਤੇ Type ਕਰੋ ਉੱਤਰ ਤਹਾਡੇ ਸਾਹਮਣੇ ਹੈ। ਦੁਨੀਆ ਦੀ ਕਿਸੇ ਵੀ ਭਾਸ਼ਾ ਦਾ ਉਲੱਥਾ ਪਲਾਂ ਦਾ ਕੰਮ ਹੈ। ਇਸ ਸੱਭ ਨੇ ਬੂੰਦ ਨੂੰ ਸਮੁੰਦਰ ਨਾਲੋਂ ਤੋੜ ਕੇ ਬੂੰਦ ਵਿਚ ਹੀ ਸਮੁੰਦਰ ਪੈਦਾ ਕਰ ਦਿੱਤਾ ਹੈ।

ਸਿਆਣਫ ਮਨੁੱਖ ਨੂੰ ਆਪਣੇ-ਆਪ ਨੂੰ ਆਪਣੇ ਸਵੈ ਪ੍ਰਤੀ ਵਿਦਿਅਕ ਕਰਨ ਨਾਲ ਹੀ ਪ੍ਰਾਪਤ ਹੁੰਦੀ ਹੈ। ਲੋੜ ਸੀ ਜੀਵਨ ਨੂੰ ਸਮਝਣ ਦੀ, ਮਨੁੱਖ ਅਤੇ ਮਨੁੱਖਤਾ ਨੂੰ ਸਮਝਣ ਦੀ, ਮਨੁੱਖੀ ਹਿੱਤਾਂ ਦੀ ਰੱਖਿਆ ਦੀ, ਖੇਤਾਂ 'ਚ ਬਾਰੂਦ ਦੀ ਥਾਂ ਫਸਲਾਂ ਉਗਾਉਣ ਦੀ। ਸਿਆਣਫ ਅਤੇ ਵਿਗਿਆਨਿਕ ਪ੍ਰਾਪਤੀਆਂ ਦੀ ਵਰਤੋਂ ਮਨੁੱਖ ਨਾਲ ਸੰਬੰਧਿਤ ਹੈ। ਮਨੁੱਖ ਜਿੰਨ੍ਹਾ ਆਪਣੇ-ਆਪ ਪ੍ਰਤੀ ਅਧਿਐਨ ਕਰੇਗਾ। ਆਪਣੇ ਸਵੈ, ਆਪਣੀ ਹੋਂਦ, ਆਪਣੇ ਸੱਚ ਨੂੰ ਸਮਝੇਗਾ ਉਨ੍ਹਾ ਹੀ ਮਨੁੱਖ ਦਾ ਵਿਚਰਨ ਧਰਾਤਲ ਸਾਫ਼ ਸੁੱਥਰਾ ਅਤੇ ਜਗਤ

ਹਿੱਤੂ ਹੋਵੇਗਾ। ਮਨੁੱਖ ਨੂੰ ਮਨੁੱਖ ਦੇ ਦੁੱਖ ਨੂੰ ਸਮਝਣ ਵਿਚ ਹੀ ਜੀਵਨ ਜਾਂਚ ਆਵੇਗੀ। ਜੀਵਨ ਅਭਿਆਸ 'ਚੋਂ ਹੀ ਮਨੁੱਖੀ ਸ਼ਕਤੀ ਦੀ ਸਹੀ ਜਾਂ ਗਲਤ ਵਰਤੋਂ ਸਿਖਦਾ ਹੈ। ਗਲਤ ਵਰਤੋਂ ਦੇ ਗਲਤ ਸਿੱਟਿਆਂ ਤੋਂ ਮਨੁੱਖ ਸਬਕ ਸਿੱਖਦਾ ਹੈ, ਬਾਸ਼ਰਤੇ ਮਨੁੱਖ ਸਿਆਣਾ ਹੋਵੇ। ਸਹੀ ਵਰਤੋਂ 'ਚੋਂ ਨਿਕਲੇ ਸਹੀ ਸਿੱਟਿਆਂ ਦਾ ਜਿੱਥੇ ਸਿਆਣਾ ਮਨੁੱਖ ਵਿਕਾਸ ਕਰਦਾ ਹੈ, ਗ਼ਲਤ ਸਿੱਟਿਆਂ ਦੀ ਪਰਖ ਪੜਚੋਲ ਕਰਕੇ ਆਪਣੀਆਂ ਕਮੀਆਂ ਅਤੇ ਕਮਜ਼ੋਰੀਆਂ ਨੂੰ ਦੂਰ ਕਰਦਾ ਹੈ ਤਾਂ ਕਿ ਗਲਤੀ ਮੁੜ ਕੇ ਦੁਹਰਾਈ ਨਾ ਜਾਵੇ। ਇਸ ਤਰੀਕੇ ਨਾਲ ਮਨੁੱਖ ਜਿੱਥੇ ਵਿਅਕਤੀਗਤ ਤੌਰ 'ਤੇ ਸਿਆਣਾ ਅਤੇ ਪ੍ਰਫੁਲਤ ਹੁੰਦਾ ਹੈ, ਉੱਥੇ ਸਮਾਜ ਅਤੇ ਵਿਸ਼ਵ ਨੂੰ ਵੀ ਖ਼ੁਸ਼ਹਾਲ ਬਣਾਉਂਦਾ ਹੈ। ਮਨੁੱਖ ਦਾ ਸਿਆਣਾ ਨਾ ਹੋਣਾ ਵੀ ਆਧੁਨਿਕਤਾ ਦੇ ਆਰੰਭ ਵਿਚ ਪਤਨ ਹੋਣਾ ਹੈ। ਆਧੁਨਿਕਤਾ ਦਾ ਵਿਕਾਸ ਪਦਾਰਥਕ ਵਿਕਾਸ ਹੈ, ਮਨੁੱਖੀ ਸਵੈ ਵਿਕਾਸ ਨਹੀਂ। ਧਾਰਮਿਕ ਫ਼ਲਸਫ਼ੇ ਦਾ ਰੱਬੀ ਮੰਤਵ ਤੋਂ ਬਿਨ੍ਹਾਂ ਬਹੁਤ ਸਾਰਾ ਭਾਗ ਅਜਿਹਾ ਹੈ ਜੋ ਮਨੁੱਖ ਨੂੰ ਜੀਵਨ ਜਾਂਚ ਸਿਖਾਉਂਦਾ ਹੈ। ਜੀਵਨ ਵਿਚ ਆਏ ਹਰ ਪੜਾਅ 'ਚੋਂ ਗੁਜ਼ਰਨ ਦਾ ਸਹੀ ਤਰੀਕਾ ਦੱਸਦਾ ਹੈ। ਜਿਸ ਤਰੀਕੇ ਨੂੰ ਮਨੁੱਖ ਜੀਵਨ ਵਿਚ ਆਪਣਾ ਕੇ ਵਿਸ਼ਵ ਸੰਦਰਭ ਵਿਚ ਸਿਆਣਫ ਦਾ ਪ੍ਰਮਾਣਿਤ ਹਸ਼ਤਾਖ਼ਸਰ ਸਿੱਧ ਹੁੰਦਾ ਹੈ। ਆਧੁਨਿਕਤਾ ਦੇ ਵਿਕਾਸ 'ਚੋਂ ਪੈਦਾ ਹੋਏ ਮਨੁੱਖੀ ਸੰਤਾਪ ਦਾ ਇਲਜਾਮ ਮਨੁੱਖ ਕਿਸੇ 'ਤੇ ਨਹੀਂ ਧਰਦਾ ਕਿਉਂਕਿ ਇਸ ਸੰਤਾਪ ਦਾ ਸਿਰਜਕ ਮਨੁੱਖ ਆਪ ਹੈ। ਇਸ ਸੰਤਾਪ ਦੀ ਸਿਰਜਣਾਤਮਿਕ ਮਨੁੱਖ ਦੀ ਪ੍ਰਕਿਰਤੀ ਤੋਂ ਦੂਰ ਹੋਇਆ। ਅਜੋਕੇ ਮਨੁੱਖ ਦੀ ਅੱਜ ਜੋ ਦਸ਼ਾ ਹੈ ਉਸ ਦਾ ਜ਼ਿੰਮੇਵਾਰ ਖ਼ੁਦ ਮਨੁੱਖ ਆਪ ਹੈ। ਮਨੁੱਖ ਦੇ ਇਸੇ ਅਨੁਭਵ ਦੀ ਸਵੀਕਾਰਤਾ ਵਿਚ ਹੀ ਮਨੁੱਖੀ ਉਜਲੇ ਭਵਿੱਖ ਦੇ ਬੀਜ਼ ਹਨ। ਇਹੀ ਆਧੁਨਿਕਤਾ ਦੀ ਅੰਤ ਰਹਿਤ ਨਿਰੰਤਰਤਾ ਦਾ ਗੁਣ ਹੈ। ਹੁਣ ਤੱਕ ਅਸੀਂ ਪਦਾਰਥਕ ਵਿਕਾਸ 'ਚੋਂ ਉਪਜੇ ਪ੍ਰਤੀਕਰਮਾਂ ਅਤੇ ਪ੍ਰਵਿਰਤੀਆਂ ਦਾ ਵਿਸ਼ਵ ਜੀਵਨ ਅਤੇ ਮਨੁੱਖ 'ਤੇ ਪਏ ਅਸਰ ਨੂੰ ਸਾਹਿਤਕ ਅਤੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਪ੍ਰਗਟਾਇਆ ਹੈ। ਇਹ ਪ੍ਰਭਾਵ ਅਤੇ ਪ੍ਰਵਿਰਤੀਆਂ ਇੰਨੀਆਂ ਗਹਿਰੀਆਂ ਅਤੇ ਵਿਸ਼ਾਲ ਹਨ ਕਿ ਸਮੂਹ ਵਿਸ਼ਵ ਮਨੁੱਖਤਾ ਅਤੇ ਬ੍ਰਹਿਮੰਡਕ ਪ੍ਰਕਿਰਤੀ ਇਸ ਸੰਤਾਪ ਦੇ ਘੇਰੇ ਵਿਚ ਸਮਾਏ ਇਸ ਸੰਤਾਪ ਨੂੰ ਹੰਢਾਅ ਰਹੇ ਹਨ। ਜੀਵਨ ਦੇ ਪੰਜਾਂ ਤੱਤਾਂ ਦੀ ਹੋਂਦ ਵਲੂੰਦਰੀ ਗਈ ਹੈ। ਹਵਾ, ਪਾਣੀ, ਆਕਾਸ਼, ਧਰਤੀ ਗੰਧਲੇ ਅਤੇ ਬਲਹੀਣਤਾ ਦਾ ਸ਼ੀਕਾਰ ਹੋ ਗਏ ਹਨ। ਮਨੁੱਖ ਵਿਚਲੀ ਅਗਨੀ ਦਾ ਤੇਜ਼ ਠਰ ਗਿਆ ਹੈ। ਆਧੁਨਿਕਤਾ ਦੇ ਵਿਕਾਸ 'ਚੋਂ ਜਨਮੀਆਂ ਬਿੰਦੂ ਪ੍ਰਵਿਰਤੀਆਂ ਅਕਾਰ ਰਹਿਤ ਦਾਇਰਿਆਂ ਦਾ ਰੂਪ ਧਾਰਨ ਕਰ ਗਈਆ ਹਨ ਅਤੇ ਆਧੁਨਿਕਤਾ ਦਾ ਜੋ ਮੁੱਢਲਾ ਗੁਣ ਹੈ, ਜਗਤ ਹਿੱਤੂ ਉਸਦੇ ਸੱਚ ਨੂੰ ਨਿਰਹੋਂਦ ਕਰ ਗਈਆ ਹਨ

ਕਿਉਂਕਿ ਆਧੁਨਿਕਤਾ ਦੀਆਂ ਵਿਗਿਆਨਿਕ ਪ੍ਰਾਪਤੀਆਂ ਦਾ ਜਗਤ ਹਿੱਤੂ ਵਰਤੋਂ ਦਾ ਨਜ਼ਰੀਆ ਮਨੁੱਖ ਆਪਣੇ-ਆਪ 'ਚ ਵਿਕਸਤ ਨਹੀਂ ਕਰ ਸਕਿਆ।

ਆਧੁਨਿਕਤਾ ਦੇ ਪਦਾਰਥਕ ਵਿਕਾਸ ਦਾ ਸੰਤਾਪ ਮਨੁੱਖ ਸਦੀਆਂ ਤੋਂ ਹੰਢਾਅ ਰਿਹਾ ਹੈ, ਪਤਾ ਨਹੀਂ ਕਿੰਨ੍ਹਾ ਸਮਾਂ ਹੋਰ ਹੰਢਾਏਗਾ ਕਿਉਂਕਿ ਸੰਤਾਪ ਮਨੁੱਖ ਦਾ ਅਤੇ ਮਨੁੱਖ ਨੇ ਸੰਤਾਪ ਦਾ ਰੂਪ ਧਾਰ ਲਿਆ ਹੈ। ਇਸ ਸੰਤਾਪ ਦੇ ਚੱਕਰ 'ਚ ਮਨੁੱਖ ਆਦਿ ਤੋਂ ਅੰਤ ਅਤੇ ਅੰਤ ਤੋਂ ਆਦਿ ਦਾ ਨਿਰੰਤਰ ਸਫ਼ਰ ਕਰ ਰਿਹਾ ਹੈ। ਮਨੁੱਖ ਦੀ ਤਲੀ 'ਤੇ ਉਸਦੇ ਅੰਗਾਂ ਦੀ ਵਿਭਿੰਨਤਾ ਪਈ ਹੈ। ਮਨੁੱਖ ਦਾ ਵਜੂਦ ਇਸ ਸੰਤਾਪ ਨੇ ਖਾਹ ਲਿਆ ਹੈ।

ਇਸ ਆਧੁਨਿਕਤਾ ਦੇ ਵਿਕਾਸ ਦੇ ਪ੍ਰਤੀਕਰਮ 'ਚੋਂ ਉਪਜੀ ਮਨੁੱਖੀ ਮਾਨਸਿਕਤਾ ਸਦਕਾ ਮਨੁੱਖ ਦੋਹਰੀ ਦੁਬਿਧਾ ਦਾ ਸ਼ਿਕਾਰ ਹੋ ਗਿਆ ਹੈ। ਮਨੁੱਖ ਇਸ ਮੋੜ 'ਤੇ ਖੜ੍ਹਾ ਹੈ ਕਿ ਮਨੁੱਖ ਦੀ ਸ਼ਨਾਖਤ ਮਨੁੱਖ ਕਰਕੇ ਹੈ ਜਾਂ ਪਦਾਰਥ ਕਰਕੇ ਹੈ ਕਿਉਂਕਿ ਆਧੁਨਿਕਤਾ ਦੇ ਪਦਾਰਥਕ ਵਿਕਾਸ ਨੇ ਜਿਸ ਪਦਾਰਥਵਾਦੀ ਸਮਾਜ ਨੂੰ ਜਨਮ ਦਿੱਤਾ ਹੈ। ਉਹ ਸਮਾਜ ਸਿਰਫ਼ ਉਸ ਦੀ ਪਹਿਚਾਣ ਜਾਂ ਸ਼ਨਾਖਤ ਨੂੰ ਸਵੀਕਾਰਦਾ ਹੈ। ਜਿਸ ਮਨੁੱਖ ਕੋਲੋਂ ਪਦਾਰਥ ਸਮੱਗਰੀ ਦੀ ਜ਼ਾਇਦਾਦ ਦਾ ਖ਼ਜ਼ਾਨਾ ਦੂਜੇ ਨਾਲੋਂ ਵਧੇਰੇ ਹੈ। ਪਦਾਰਥਵਾਦੀ ਸਮਾਜ ਮਨੁੱਖ ਦੀ ਸ਼ਨਾਖਤ ਉਸ ਦੀ ਸ਼ਖਸੀਅਤ ਜਾਂ ਗੁਣਾਂ ਦੇ ਅਧਾਰ 'ਤੇ ਨਹੀਂ ਸਵੀਕਾਰਦਾ। ਸੋ ਆਜੋਕਾ ਮਨੁੱਖ ਇਸ ਪਦਾਰਥਵਾਦੀ ਦੁਬਿਧਾ ਦਾ ਸੰਤਾਪ ਵੀ ਭੋਗ ਰਿਹਾ ਹੈ।

ਪਹਿਲਾਂ ਆਪਣੀ ਹੋਂਦ ਤਿਆਗ ਕੇ ਦੂਜੇ ਦੀ ਹੋਂਦ ਨੂੰ ਪਾਉਣਾ ਇੱਕ ਕੁਰਬਾਨੀ, ਪਰਉਪਕਾਰ ਜਾਂ ਤਿਆਗ ਸਮਝਿਆ ਜਾਂਦਾ ਸੀ। ਨੈਤਿਕ ਸੱਚ ਦੀ ਮਾਨਤਾ ਅਤੇ ਵਿਸਥਾਰ ਸਮਝਿਆ ਜਾਂਦਾ ਸੀ, ਜਿਵੇਂ ਪੁਰਾਤਨ ਕਿੱਸਾ ਸਾਹਿਤ ਵਿਚ ਇਸ ਦੀਆਂ ਉਦਾਹਰਾਣਾਂ ਮਿਲਦੀਆਂ ਹਨ। "ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ, ਆਖੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ।" ਇਸ ਉਦਾਹਰਣ ਤੋਂ ਪੁਰਾਤਨ ਸਮਾਜ ਦੀ ਨੈਤਿਕਤਾ ਸਰਵਸ੍ਰੇਸ਼ਟ ਪ੍ਰਗਟਾਅ ਹੁੰਦੀ ਹੈ। ਜੋ ਉਸ ਸਮੇਂ ਦੀ ਉੱਚੀ ਨੈਤਿਕਤਾ ਦਾ ਤਿਆਗਮਈ ਵਿਚਾਰ ਤੇ ਕਰਮ ਸੀ ਪਰ ਆਧੁਨਿਕਤਾ ਦੇ ਵਿਕਾਸ ਨੇ ਤਾਂ ਇਸ ਤਿਆਗਮਈ ਵਿਚਾਰ ਤੇ ਕਰਮ ਦੇ ਅਰਥ ਹੀ ਬਦਲ ਕੇ ਰੱਖ ਦਿੱਤੇ ਹਨ। ਮਨੁੱਖੀ ਅਤੇ ਸਮਾਜਿਕ ਮਾਨਸਿਕਤਾ ਵਿਚ ਆਧੁਨਿਕਤਾ ਦੇ ਪਦਾਰਥਕ ਵਿਕਾਸ ਨੇ ਬਹੁਤ ਨਿੰਦਣਮਈ ਕੋਹਜ਼ੀ ਤਬਦੀਲੀ ਲਿਆਂਦੀ ਹੈ। ਜਿਸ ਨੇ ਅਜੋਕੇ ਮਨੁੱਖ ਦੀ ਸਮਾਜਿਕ ਨੈਤਿਕਤਾ ਨੂੰ ਭਰਿਸ਼ਟ ਕਰ ਦਿੱਤਾ ਹੈ ਕਿ ਮਨੁੱਖ ਦੀ ਸ਼ਨਾਖਤ ਦੀ ਸਵੀਕਾਰਤਾ ਪਦਾਰਥ 'ਤੇ ਅਧਾਰਿਤ ਹੈ।

ਆਧੁਨਿਕਤਾ ਦੇ ਵਿਕਾਸ ਨੇ ਮਨੁੱਖ ਅੰਦਰ ਹੀਣ ਭਾਵਨਾ ਪੈਦਾ ਕੀਤੀ ਹੈ। ਮਨੁੱਖੀ ਹੀਣ ਭਾਵਨਾ ਤੋਂ ਮਤਲਬ ਹੈ ਕਿ ਮਨੁੱਖ ਨੂੰ ਯਕੀਨੀ ਤੌਰ 'ਤੇ ਵਿਸ਼ਵਾਸ ਹੋ ਗਿਆ ਹੈ ਕਿ ਆਧੁਨਿਕਤਾ ਦਾ ਸਿਰਜਕ ਮਨੁੱਖ ਹੈ ਪਰ ਮਨੁੱਖ ਪਿੱਛੇ ਰਹਿ ਗਿਆ ਹੈ ਅਤੇ ਪਦਾਰਥਕ ਵਿਕਾਸ ਦੀ ਪ੍ਰਤੀਕ ਆਧੁਨਿਕਤਾ ਅੱਗੇ ਨਿਕਲ ਗਈ ਹੈ। ਮਨੁੱਖੀ ਰਹਿਨੁਮਾਈ ਪਦਾਰਥ ਕਰ ਰਿਹਾ ਹੈ। ਮਨੁੱਖ ਪਦਾਰਥ ਦੀ ਮੁਥਾਜ਼ੀ ਜੀਅ ਰਿਹਾ ਹੈ। ਪਦਾਰਥ ਮਨੁੱਖ ਨੂੰ ਵਰਤ ਰਿਹਾ ਹੈ। ਇਹ ਹੀਣ ਭਾਵਨਾ ਮਨੁੱਖ ਵਿਚ ਆਧੁਨਿਕਤਾ ਦੇ ਵਿਕਾਸ ਨੇ ਜਨਮੀ ਹੈ।

ਪਦਾਰਥਕ ਵਿਕਾਸ ਦੀ ਆਕਰਸ਼ਤਾ ਨੇ ਮਨੁੱਖ ਅੰਦਰ ਬਣਾਵਟੀਪਣ ਅਤੇ ਵਿਖਾਵੇ ਨੁਮਾ ਵਿਧੀਆਂ ਨੂੰ ਜਨਮ ਦਿੱਤਾ ਹੈ। ਆਧੁਨਿਕਤਾ ਦੇ ਵਿਕਾਸ ਨੇ ਮਨੁੱਖ ਨੂੰ ਅਸਲੀ ਕੁਦਰਤ ਨਾਲੋਂ ਤੋੜ ਉਸ ਨੂੰ ਬਣਾਵਟੀ ਭਾਵ ਧਾਤੂ ਪ੍ਰਕਿਰਤੀ ਨਾਲ ਜੋੜਿਆ ਹੈ, ਜਿਵੇਂ ਧਾਤੂ ਪ੍ਰਕਿਰਤੀ ਦਾ ਪਲਾਸਟਿਕ ਸਿਰਜਣਾ ਹੋਂਦ ਵਿਚ ਆਈ ਘਰਾਂ ਦੇ ਘਰ ਸ਼ਹਿਰਾਂ ਦੇ ਸ਼ਹਿਰ ਇਸ ਠੱਗਨੁਮਾ ਪ੍ਰਵਿਰਤੀ ਦੇ ਸ਼ਿਕਾਰ ਹੋ ਗਏ। ਬੇਸ਼ੱਕ ਅਜਿਹੇ ਲੋਕਾਂ ਦਾ ਅੰਤ ਨਿੰਦਣਮਈ ਹੈ ਪਰ ਇਸ ਬਣਾਵਟੀ ਠੱਗਨੁਮਾ ਪ੍ਰਵਿਰਤੀ ਦਾ ਪ੍ਰਸਾਰ ਬਹੁਤ ਤੇਜ਼ੀ ਨਾਲ ਹੋਇਆ ਹੈ। ਮਿਸਾਲ ਦੇ ਤੌਰ 'ਤੇ ਜਿਵੇਂ ਭਾਰਤ ਵਿਚ ਟਰੈਵਲ ਏਜੰਟ ਕਿਸ ਤਰ੍ਹਾਂ ਕੈਨੇਡਾ ਅਮਰੀਕਾ ਜਿਹੇ ਆਧੁਨਿਕਤਾ ਦੇ ਤੌਰ 'ਤੇ ਵਿਕਸਤ ਅਤੇ ਉਨਤ ਮੁਲਕਾਂ ਦੀ ਚਮਕ ਦਮਕ ਵਾਲੇ ਪੋਸਟਰ ਜਾਂ ਤਸਵੀਰਾਂ, ਸੀਨ, ਸੀਨਰੀਆਂ ਆਦਿ ਦਾ ਪ੍ਰਗਟਾਵਾ ਕਰਕੇ ਸਿੱਧੇ ਸਾਧੇ ਭਾਰਤੀ ਲੋਕਾਂ ਨੂੰ ਇੱਕ ਕਸ਼ਿਸ਼ ਦੇ ਜਾਲ ਵਿਚ ਫਸਾਉਂਦੇ ਹਨ ਅਤੇ ਲੱਖਾਂ ਰੁਪਏ ਬਟੋਰ ਦੇ ਹਨ। ਇਹ ਪਦਾਰਥਕ ਵਿਕਾਸ ਦੀ ਚਮਕ-ਦਮਕ ਅਤੇ ਲਿਸਕ-ਪੁਸ਼ਕ ਵਾਲਾ ਦਿਖਾਵਾ ਲੋਕਾਂ ਵਿਚ ਠੱਗੀਖੋਰੀ ਦੀ ਪ੍ਰਵਿਰਤੀ ਪੈਦਾ ਕਰਦਾ ਹੈ। ਇਨ੍ਹਾਂ ਮੁਲਕਾਂ ਦੀ ਠਾਠ-ਬਾਠ ਅਤੇ ਪਦਾਰਥਕ ਵਿਕਾਸ ਦੀ ਆਕਰਸ਼ਤ ਲਿਸ਼ਕ-ਪੁਸ਼ਕ ਕਾਰਨ ਲੋਕ ਟਰੈਵਲ ਏਜੰਟਾਂ ਦੇ ਜਾਲ ਵਿਚ ਫਸਦੇ ਹਨ। ਹਲਾਂਕਿ ਜਿੰਨ੍ਹੀ ਮਿਹਨਤ ਇਨ੍ਹਾਂ ਮੁਲਕਾਂ ਵਿਚ ਕਰਨੀ ਪੈਂਦੀ ਹੈ ਇੰਨ੍ਹੀ ਮਿਹਨਤ ਭਾਰਤ ਵਿਚ ਕਰਨ ਤਾਂ ਉੱਥੇ ਵੀ ਚੰਗੀ ਜ਼ਿੰਦਗੀ ਬਸਰ ਕਰ ਸਕਦੇ ਹਨ।

ਪਦਾਰਥਕ ਵਿਕਾਸ ਨੇ ਸਮਾਜਿਕ ਜੀਵਨ ਵਿਚ ਇੰਨੀ ਵੱਡੀ ਤਬਦੀਲੀ ਲਿਆਂਦੀ ਹੈ ਕਿ ਜੀਵਨ ਦੀ ਰੂਪ-ਰੇਖਾ ਹੀ ਬਦਲ ਦਿੱਤੀ ਹੈ। Western ਸਮਾਜ ਵਿਚ ਮਾਵਾਂ ਨੂੰ ਆਪਣੇ ਬੱਚਿਆਂ ਦੇ ਬਾਪ ਦਾ ਨਾਂ ਪਤਾ ਨਹੀਂ । ਇਸ ਲਈ ਉਨ੍ਹਾਂ ਨੂੰ D.N.A.Test ਦਾ ਆਸਰਾ ਲੈਣਾ ਪੈਂਦਾ ਹੈ ਕਿਉਂਕਿ ਇੱਕ ਇਸਤਰੀ ਦੇ ਕਈ-ਕਈ ਪਤੀ ਹਨ ਅਤੇ ਉਨ੍ਹਾਂ ਦੇ ਅਲੱਗ-ਅਲੱਗ ਧੀਆਂ ਪੁੱਤਰ ਹਨ। ਬੱਚੇ ਜਦ ਸਕੂਲ ਵਿਚ ਦਾਖ਼ਲਾ ਲੈਂਦੇ ਹਨ ਤਾਂ ਆਪਣੇ ਪਤੀਆਂ

ਤੋਂ ਵੱਖ-ਵੱਖ ਬੱਚਿਆਂ ਨਾਲ ਰਹਿ ਰਹੀਆਂ ਮਾਂਵਾਂ ਨੂੰ ਬਾਪ ਦੇ ਨਾਮ ਦੀ ਸਮੱਸਿਆ ਆਉਂਦੀ ਹੈ। ਕਈ ਵਾਰੀ ਬੱਚੇ ਦੇ ਜਨਮ 'ਤੇ ਹਸਪਤਾਲਾਂ ਵਿਚ ਬੱਚੇ ਦੇ Birth certificate 'ਤੇ ਬਾਪ ਦਾ ਨਾਮ ਕਈ ਕਾਰਨਾਂ ਕਰਨ ਮੁਹੱਈਆ ਨਹੀਂ ਹੁੰਦਾ। ਯੂਰਪੀਅਨ ਸਮਾਜ ਵਿਚ ਪਿਉ ਦੀਆਂ ਸੇਜਾਂ 'ਤੇ ਧੀਆਂ ਦੇ ਨੰਗੇ ਜਿਸਮ ਕਰਵਟੇ ਬਦਲਦੇ ਹਨ। ਯੂਰਪੀਅਨ ਸਮਾਜ ਦੇ ਕਈ ਵਰਗਾਂ ਵਿਚ ਪਿਤਾ ਧੀਅ ਨੂੰ Sexualinter course ਲਈ ਪ੍ਰਯੋਗਿਕ ਤਰੀਕਿਆਂ ਨਾਲ ਤਿਆਰ ਕਰਦੇ ਹਨ। ਇਸ ਦੀਆਂ ਬਹਤੁ ਸਾਰੀਆਂ ਉਦਾਹਰਨਾਂ ਅਮਰੀਕਾ ਵਿਚ ਮਿਲਦੀਆਂ ਹਨ। ਯੂਰਪ ਦੇ ਮਹਾਂਨਗਰਾਂ ਵਿਚ ਸੜਕਾਂ 'ਤੇ ਮਰਦਾਨਾ ਹੁਕਰਾਂ ਦੀ ਭੀੜ ਹੈ। ਇਹ ਆਧੁਨਿਕਤਾ ਜਿਉਂਦੇ ਸਭਿਅਕ ਲੋਕਾਂ ਦੀ ਤਾਸੀਰ ਤੇ ਜ਼ਮੀਰ ਹੈ ਜੋ ਪਦਾਰਥਕ ਵਿਕਾਸ ਦਾ ਪ੍ਰਤੀਕਰਮ ਹਨ। ਇਹ ਲੋਕ ਨਾ ਧਰਤੀ 'ਤੇ, ਨਾ ਅੰਬਰ 'ਤੇ ਬਲਕਿ ਖਲਾਅ ਵਿਚ ਲਟਕ ਰਹੇ ਹਨ। ਆਧੁਨਿਕਤਾ ਦਾ ਵਿਕਾਸ ਇਸ ਸਮਾਜ ਦੇ ਵਰਗ ਦੇ ਲੋਕਾਂ ਦਾ ਜਨਮ ਦਾਤਾ ਹੈ। ਮਹਾਂਨਗਰਾਂ ਵਿਚ ਥਾਂ-ਥਾਂ 'ਤੇ Group sex ਦੇ Center ਖੁਲ੍ਹੇ ਹੋਏ ਹਨ। ਜਿੱਥੇ ਪੰਜਾਹ-ਪੰਜਾਹ, ਸੱਠ-ਸੱਠ, ਮਰਦ ਇਸਤਰੀ ਦੇ ਜੋੜੇ ਮੰਚ 'ਤੇ ਸ਼ਰੇਆਮ Sex ਕਰ ਰਹੇ ਹਨ। ਆਉਣ ਵਾਲੀਆਂ ਨੌਜੁਵਾਨ ਪੀੜੀਆਂ ਮਾਂ ਬਾਪ ਦੀ ਜ਼ਿੰਮੇਵਾਰੀ ਤੋਂ ਮੁਕਤੀ ਪਾਉਣ ਖ਼ਾਤਿਰ ਵਿਆਹ ਦੇ ਬੰਧਨ 'ਚ ਬੱਝਣ ਦੇ ਇਨਕਾਰੀ ਹਨ। ਕਾਮਨ ਲਾਅ ਅਧੀਨ ਰਹਿ ਕੇ ਬੱਚੇ ਪੈਦਾ ਕਰਨਾ ਚਾਹੁੰਦੇ ਹਨ। ਕਾਮਨ ਲਾਅ ਤੋਂ ਭਾਵ ਹੈ ਕਿ ਔਰਤ ਮਰਦ ਵਿਆਹ ਬੰਧਨ ਤੋਂ ਬਿਨ੍ਹਾਂ ਕਾਨੂੰਨੀ ਤੌਰ 'ਤੇ ਇਕੱਠੇ ਰਹਿ ਸਕਦੇ ਹਨ ਅਤੇ ਬੱਚੇ ਜਨਮ ਸਕਦੇ ਹਨ ਕਿਉਂਕਿ ਨਵੀਂ ਨਸਲ ਘਰੇਲੂ ਜ਼ਿੰਮੇਵਾਰੀਆ ਗ੍ਰਹਿਸਤੀ ਜੀਵਨ ਅਤੇ ਬੱਚਿਆਂ ਦੀ ਜ਼ਿੰਮੇਵਾਰੀ ਤੋਂ ਮੁਕਤੀ ਚਾਹੁੰਦੀ ਹੈ। ਇਹ ਲੋਕ ਸਿਰਫ਼ ਆਪਣੇ-ਆਪਣੇ ਬਿੰਦੂ ਨਾਲ ਬੱਝੇ ਹਨ। ਇਨ੍ਹਾਂ ਨੂੰ ਆਪਣੇ ਸਾਏ ਤੱਕ ਦਾ ਵੀ ਖਿਆਲ ਨਹੀਂ। ਇਹ ਲੋਕ ਸ਼ੀਸ਼ਿਆਂ ਦੇ ਘਰਾਂ ਵਿਚ ਰਹਿੰਦੇ ਹਨ। ਸਵੈ ਗ਼ੁਲਾਮੀ ਦੇ ਆਦੀ ਇਹ ਲੋਕ ਸੁਤੰਤਰਤਾ ਦੇ ਅਰਥ ਦੇ ਭਰਮ ਜੀਅ ਰਹੇ ਹਨ। ਇਨ੍ਹਾਂ ਵਿਚ Escapism ਦੀ ਪ੍ਰਵਿਰਤੀ ਵਧੇਰੇ ਪ੍ਰਧਾਨ ਹੈ। ਜੀਵਨ ਸੰਘਰਸ਼ ਦੀ ਯਥਾਰਥ ਤੋਂ ਮੁਕਤੀ ਇਨ੍ਹਾਂ ਲਈ ਸੁਤੰਤਰਤਾ ਹੈ

ਇਹ ਲੋਕ ਉਧਾਰੇ ਚਾਨਣ ਤੇ ਉਧਾਰੀ ਦ੍ਰਿਸ਼ਟੀ ਦੇ ਬਲ 'ਤੇ ਜੀਵਨ ਜੀਅ ਰਹੇ ਹਨ। ਸ਼ੀਸ਼ੇ ਦੇ ਘਰਾਂ 'ਚ ਬਾਹਰੋਂ ਅੰਦਰ, ਅੰਦਰੋਂ ਬਾਹਰ ਵੇਖਿਆ ਜਾ ਸਕਦਾ ਹੈ ਪਰ ਸ਼ੀਸ਼ੇ ਦੇ ਘਰਾਂ 'ਚ ਵਸਦੇ ਲੋਕ ਨਾ ਦੂਜੇ ਜਿਸਮ 'ਚ ਝਾਕਦੇ ਹਨ ਨਾ ਆਪਣੇ ਜਿਸਮ 'ਚ ਝਾਕਣ ਲਈ ਦੂਜਿਆਂ ਨੂੰ ਆਗਿਆ ਦਿੰਦੇ ਹਨ। ਇਹ ਲੋਕ ਦੀਵਾਰਾਂ 'ਚ ਜੀਅ ਰਹੇ ਹਨ ਪਰ ਦਿੱਸ ਹੱਦਿਆਂ ਦਾ ਭਰਮ

ਪਾਲ ਰਹੇ ਹਨ। ਇਹ ਮਨੁੱਖੀ ਇਕਾਈ ਦੀ ਤਕਸੀਮ ਹਨ ਜੋ ਆਪਣੀ ਗ਼ੁਲਾਮੀ ਦੀ ਦੁਨੀਆ ਜਿਉਂਦੇ ਆਪਣੀ-ਆਪਣੀ ਗੋਪਨੀਅਤਾ ਦੀ ਕਬਰ ਹੰਢਾਅ ਰਹੇ ਹਨ ਪਦਾਰਥਕ ਦੌੜ ਪਿੱਛੇ ਦੌੜ ਰਹੇ ਪਤੀ-ਪਤਨੀ ਕਈ-ਕਈ ਮਹੀਨੇ ਇਕ ਦੂਜੇ ਦਾ ਮੂੰਹ ਨਹੀਂ ਵੇਖ ਪਾਉਂਦੇ। ਜਦ ਇੱਕ ਕੰਮ 'ਤੇ ਜਾਂਦਾ ਹੈ ਤਾਂ ਦੂਜਾ ਕੰਮ ਤੋਂ ਆਉਂਦਾ ਹੈ। ਫਿਰ ਇਹ ਲੋਕ ਪਦਾਰਥਕ ਲਾਲਚ ਵਿਚ ਦੋ-ਦੋ ਸ਼ਿਫਟਾਂ ਕੰਮ ਕਰਦੇ ਹਨ। ਵੀਕਐਂਡ ਵੀਕਡੇਜ਼ ਨਾਲੋਂ ਵੀ ਵਧੇਰੇ Busy ਰਹਿੰਦੇ ਹਨ।

ਆਧੁਨਿਕਤਾ ਦੇ ਪ੍ਰਭਾਵ ਹੇਠ ਮਨੁੱਖ ਕੁਦਰਤੀ ਸੁੰਦਰਤਾ ਦੀ ਦਿੱਖ ਲਈ ਆਪਣੇ ਆਕਰਸ਼ਨ ਦੇ ਪ੍ਰਗਟਾਅ ਲਈ ਨਕਲੀ ਸਾਧਨਾਂ ਦੀ ਵਰਤੋਂ ਕਰਦਾ ਹੈ। ਮਨੁੱਖ ਉਹ ਸਾਧਨ ਆਪਣਾਉਂਦਾ ਹੈ ਜੋ ਦੁਨੀਆ ਨੂੰ ਪਸੰਦ ਹਨ। ਮਨੁੱਖ ਆਪਣੇ-ਆਪ ਨੂੰ ਨਹੀਂ ਦੁਨੀਆ ਨੂੰ ਸੋਹਣਾ ਲੱਗਣ ਲਈ ਦੁਨੀਆ ਦੇ ਪਸੰਦੀਦਾ ਢੰਗ ਅਤੇ ਸਾਧਨ ਆਪਣਾਉਂਦਾ ਹੈ। ਇਨ੍ਹਾਂ ਸਾਧਨਾਂ ਦਾ ਪੱਧਰ 'ਤੇ ਵਿਖਾਵਾ ਭਾਵੇਂ ਕਿੰਨ੍ਹਾ ਵੀ ਘਟੀਆ ਤੇ ਨੀਵਾਂ ਹੋਵੇ। ਪਰ ਕਈ ਵਾਰੀ ਅਜਿਹਾ ਪ੍ਰਗਟ ਕਰਨ ਵਾਲੇ ਮਨੁੱਖ ਦਾ ਨਜ਼ਰੀਆ ਗਲਤ ਸਾਬਤ ਵੀ ਹੋ ਜਾਂਦਾ ਹੈ ਅਤੇ ਹੁੰਦਾ ਹੈ ਕਿਉਂਕਿ ਦੁਨੀਆ ਵਿਚ ਕੁੱਝ ਅਜਿਹੇ ਲੋਕ ਵੀ ਹਨ ਜੋ ਸੂਰਤ ਦੇ ਨਹੀਂ ਸੀਰਤ ਦੇ ਕਾਇਲ ਹਨ। ਪਰ ਦੁਨੀਆ ਦਾ ਕਾਰੋਬਾਰ ਇਨ੍ਹਾਂ ਨਕਲੀ ਤੇ ਘਟੀਆ ਸਾਧਨਾਂ ਨੂੰ ਅਪਣਾਉਣ ਵਾਲੇ ਲੋਕਾਂ ਨਾਲ ਹੀ ਚਲਦਾ ਹੈ ਪਰ ਕੁਦਰਤੀ ਸੱਚ, ਸੁੰਦਰਤਾ ਤੇ ਕਲਿਆਣ ਨੂੰ ਕਿਸੇ ਵੀ ਨਕਲੀ ਹਾਰ ਸ਼ਿੰਗਾਰ ਜਾਂ ਵਿਖਾਵੇ ਦੀ ਲੋੜ ਨਹੀਂ । ਕੁਦਰਤੀ ਸੁੰਦਰਤਾ ਆਪਣੇ ਆਪ 'ਚ ਹੀ ਆਕਰਸ਼ਨ ਦਾ ਮੁਜ਼ਸਮਾ ਹੈ, ਖਿੱਚ ਦਾ ਕੇਂਦਰ ਹੈ। ਇਸ ਕਿਸਮ ਦੀ ਘਟੀਆ ਪ੍ਰਵਿਰਤੀ ਵੀ ਮਨੁੱਖ ਵਿਚ ਮਨੁੱਖੀ ਸਵੈ ਵਿਕਾਸ ਦੀ ਅਹੋਂਦ ਕਾਰਨ ਆਉਂਦੀ ਹੈ।

ਆਧੁਨਿਕਤਾ ਦੇ ਵਿਕਾਸ ਸਦਕਾ ਮਨੁੱਖ ਵਿਚ ਆਈ ਹੀਣ ਭਾਵਨਾ ਕਾਰਨ ਮਨੁੱਖ ਆਪਣੇ ਸੱਚ ਦੀ ਤਲਾਸ਼ ਆਪਣੇ ਅੰਦਰੋਂ ਕਰਨ ਦੀ ਥਾਂ ਬਾਹਰਲੀ ਦੁਨੀਆ 'ਚੋਂ ਕਰਦਾ ਹੈ। ਸੱਚ ਜੋ ਮਨੁੱਖ ਗੁਆ ਚੁੱਕਾ ਹੈ। ਮਨੁੱਖ ਇਸ ਹੀਣ ਭਾਵਨਾ ਕਾਰਨ ਆਪਣੇ-ਆਪ ਨੂੰ ਇਸ ਯੋਗ ਨਹੀਂ ਸਮਝਦਾ ਕਿ ਉਸ ਦਾ ਅੰਦਰ ਉਸ ਦੇ ਸੱਚ ਦੇ ਰਹਿਣ ਦਾ ਸਥਾਨ ਹੈ। ਕਿਉਂਕਿ ਪਦਾਰਥਕ ਵਿਕਾਸ ਨੇ ਮਨੁੱਖ ਵਿਚਲੇ ਸਵੈ ਪ੍ਰਤੀ ਵਿਸ਼ਵਾਸ ਨੂੰ ਖ਼ਤਮ ਕਰ ਦਿੱਤਾ ਹੈ ਕਿਉਂਕਿ ਆਧੁਨਿਕਤਾ ਦੀ ਵਿਗਿਆਨਿਕ ਪ੍ਰਵਿਰਤੀ ਸਵੈ ਸੱਚ ਨੂੰ ਆਧਿਆਤਮਕ ਦਾ ਅਧਾਰ ਮੰਨਦੀ ਹੈ, ਇਸ ਵਿਚ ਵਿਸ਼ਵਾਸ ਨਹੀਂ ਰੱਖਦੀ। ਆਧੁਨਿਕਤਾ ਅਤੇ ਆਧਿਆਤਮਕਤਾ ਦੋਵੇਂ ਇੱਕ ਦੂਜੀ ਦੇ ਵਿਪਰੀਤ

ਵਿਚਾਰਧਾਰਾਵਾਂ ਹਨ। ਇਸ ਲਈ ਅਜੋਕਾ ਮਨੁੱਖ ਆਪਣੇ ਅੰਦਰਲੇ ਸਵੈ ਦੇ ਵਿਸ਼ਵਾਸ ਦਾ ਪਾਤਰ ਨਹੀਂ ਹੈ। ਸੱਚ ਮਨੁੱਖ ਦੇ ਅੰਦਰ ਹੈ ਪਰ ਹੀਣ ਭਾਵਨਾ ਇਸ ਨੂੰ ਸਮਝਣ ਵਿਚ ਵੱਡੀ ਰੁਕਾਵਟ ਹੈ। ਇਸ ਬੇ-ਵਿਸ਼ਵਾਸੀ ਕਾਰਨ ਮਨੁੱਖ ਸੱਚ ਦੀ ਤਲਾਸ਼ ਬਾਹਰੋਂ ਉਸ ਵਜੂਦ 'ਚੋਂ ਕਰਦਾ ਹੈ ਜੋ ਵਜੂਦ ਪਦਾਰਥ ਦਾ ਹੈ। ਬਾਹਰ ਆਧੁਨਿਕਤਾ ਦੇ ਵਿਕਾਸ ਦਾ ਦੈਂਤ ਪਦਾਰਥਕ ਵਿਕਾਸ ਮਨੁੱਖ ਵਿਚਲੀ ਹੀਣ ਭਾਵਨਾ ਨੂੰ ਵੀ ਬੜਾਵਾ ਦਿੰਦਾ ਹੈ। ਬਾਹਰਲੇ ਕੌੜੇ ਅਨੁਭਵ ਤੋਂ ਬਾਅਦ ਵੀ ਮਨੁੱਖ ਆਪਣੇ ਅੰਦਰਲੇ ਸੱਚ ਵੱਲ ਪਰਤਣ ਤੋਂ ਅਸਮਰੱਥ ਹੈ। ਬਾਹਰਲੇ ਦੁਨੀਆਵੀ ਅਨੁਭਵ ਨੇ ਮਨੁੱਖ ਨੂੰ ਨਿਰਾਸ਼ਾ ਤੋਂ ਸਿਵਾ ਕੁੱਝ ਨਹੀਂ ਦਿੱਤਾ। ਦੁਨੀਆ ਦੀ ਸਮੁੰਦਰ ਰਿੜਕਣ ਤੋਂ ਬਾਅਦ ਮਨੁੱਖ ਨੂੰ ਇਸ ਤੋਂ ਸਿਵਾ ਕੁੱਝ ਹਾਸਿਲ ਨਹੀਂ ਹੋਇਆ। ਜੋ ਨਜ਼ਰ ਆਇਆ ਤਾਂ ਮਨੁੱਖ ਉਸ ਦਾ ਤਿੜਕਿਆ ਚਿਹਰਾ ਆਪਸੀ ਤਕਸੀਮੀ ਸ਼ਖ਼ਸੀਅਤ ਬਿੱਖਰੇ ਅੰਗ ਨਖ਼ਸ਼ ਤੇ ਵਜੂਦ। ਤਕਸੀਮੀ ਸ਼ਖਸੀਅਤ ਦਾ ਦੁੱਖ ਮਨੁੱਖ ਨੂੰ ਇਸ ਲਈ ਹੁੰਦਾ ਹੈ ਕਿ ਮਨੁੱਖ ਮੁਕੰਮਲ  ਸਾਲਮ ਨਜ਼ਰ ਨਹੀਂ ਆਉਂਦਾ ਜਦੋਂ ਕਿ ਕਾਦਰ ਸਰਵ ਵਿਆਪਕ ਹੁੰਦਿਆਂ ਹੋਇਆ ਵੀ ਸਵੈ ਰੂਪ ਵਿਚ ਮਾਨਵਤਾ ਵਿਚ ਵੰਡਿਆ ਹੋਇਆ ਵੀ ਆਪਣੇ-ਆਪ ਵਿਚ ਮੁਕੰਮਲ ਇਕਾਈ ਹੈ। ਮਨੁੱਖ ਵਿਚ ਇੰਨ੍ਹੀ ਸਮਰੱਥਾ ਨਹੀਂ ਕਿ ਆਪਣੀ ਸਿਰਜਣਾ ਆਧੁਨਿਕਤਾ ਵਿਚ ਤਕਸੀਮਿਆ ਹੋਇਆ ਕਾਦਰ ਵਾਂਗ ਇੱਕ ਮੁਕੰਮਲ ਇਕਾਈ ਵਾਂਗ ਨਜ਼ਰ ਆਵੇ। ਦੂਜੀ ਗੱਲ ਕਾਦਰ ਆਪਣੀ ਸਿਰਜਣਾ 'ਚ ਸਦਾ ਮੌਜੂਦ ਨਜ਼ਰ ਆਉਂਦਾ ਹੈ ਅਤੇ ਰਹਿੰਦਾ ਹੈ ਪਰ ਮਨੁੱਖ ਦੀ ਸਿਰਜਣਾ ਆਧੁਨਿਕਤਾ ਵਿਚ ਮਨੁੱਖੀ ਪ੍ਰਾਪਤੀਆਂ ਤਾਂ ਨਜ਼ਰ ਆਉਂਦੀਆਂ ਹਨ ਪਰ ਮਨੁੱਖ ਨਜ਼ਰ ਨਹੀਂ ਆਉਂਦਾ। ਕਰਤਾ ਆਪਣੀ ਸਿਰਜਣਾ 'ਚ ਮੌਜੂਦ ਹੈ। ਮਨੁੱਖ ਆਪਣੀ ਸਿਰਜਣਾ 'ਚੋਂ ਅਲੋਪ ਹੈ। ਇਸ ਹੀਣ ਭਾਵਨਾ ਦੀ ਉਪਜ ਵੀ ਮਨੁੱਖੀ ਮਨ ਅੰਦਰ ਆਧੁਨਿਕਤਾ ਦੇ ਵਿਕਾਸ ਸਦਕਾ ਹੈ।

ਆਧੁਨਿਕ਼ਤਾ ਦੇ ਵਿਕਾਸ ਨੇ ਮਨੁੱਖ ਦੇ ਮੱਥੇ ਇਹ ਸੰਤਾਪ ਜੜ੍ਹ ਦਿੱਤਾ ਹੈ ਕਿ ਮਨੁੱਖ ਆਪ ਸਿਰਜੀ ਰੂਹ ਦੀ ਨਗਰੀ ਆਧੁਨਿਕਤਾ ਵਿਚ ਆਪਣੇ-ਆਪ 'ਚ ਇੱਕ ਮੁਰਦਾ ਕਲਬੂਤ ਹੈ। ਮਨੁੱਖ ਨਾ ਆਪਣੀ ਹੋਂਦ ਆਪਣੇ ਕਲਬੂਤ 'ਚ ਨਾ ਆਪਣੀ ਸਿਰਜਣਾ ਆਧੁਨਿਕਤਾ ਵਿਚ ਮਹਿਸੂਸ ਕਰ ਸਕਦਾ ਹੈ। ਮਨੁੱਖ ਲਈ ਇਹ ਇਕ ਬਹੁਤ ਵੱਡੀ ਦੁਬਿਧਾ ਤੇ ਦੁਖਾਂਤ ਹੈ ਕਿਉਂਕਿ ਆਧੁਨਿਕਤਾ ਦੇ ਜੀਵਨ ਜੋ ਵਿਗਿਆਨਿਕ ਹੋਣ ਕਾਰਨ ਮਨੁੱਖ ਨੂੰ ਉਸ ਦੇ ਸਵੈ ਨਾਲੋਂ ਤੋੜ ਦਿੱਤਾ ਹੈ, ਇਹ ਮਨੁੱਖ ਦਾ ਅੰਦਰੂਨੀ ਦੁਖਾਂਤ ਹੈ। ਬਾਹਰੀ ਤੌਰ 'ਤੇ ਆਧੁਨਿਤਕਾ ਦੇ ਵਿਕਾਸ ਨੇ ਮਨੁੱਖ ਨੂੰ ਆਪਣੇ 'ਚੋਂ ਮਨਫ਼ੀ ਕਰ ਦਿੱਤਾ ਹੈ।

ਇਹ ਮਨੁੱਖ ਦਾ ਬਾਹਰੂਨੀ ਦੁਖਾਂਤ ਹੈ ਜੋ ਮਨੁੱਖ ਆਪਣਾ ਤਿੜਕਿਆ ਚਿਹਰਾ ਲੈ ਕੇ ਅੰਦਰ ਪਰਤਦਾ ਹੈ ਤਾਂ ਉਸ ਦਾ ਅੰਦਰ ਉਸ ਨੂੰ ਪਹਿਚਾਣਦਾ ਨਹੀਂ ਕਿਉਂਕਿ ਮਨੁੱਖ ਆਧੁਨਿਕਤਾ ਦੇ ਆਗਮਨ ਤੇ ਵਿਕਾਸ ਕਾਰਨ ਅੰਦਰ ਨਾਲੋਂ ਤਾਂ ਪਹਿਲਾਂ ਹੀ ਟੁੱਟ ਚੁੱਕਾ ਹੈ। ਸੱਚ ਦੀ ਤਲਾਸ਼ ਤੇ ਬਾਹਰੀ ਦੁਨੀਆਵੀ ਅਨੁਭਵ ਵਿਚ ਮਨੁੱਖ ਨੂੰ ਆਪਣਾ-ਆਪ ਹੀ ਨਜ਼ਰ ਨਹੀਂ ਆਉਂਦਾ ਮਨੁੱਖੀ ਸੋਚ ਦਾ ਨਜ਼ਰ ਆਉਣਾ ਤਾਂ ਵੱਖਰੀ ਗੱਲ ਹੈ। ਮਨੁੱਖ ਆਪ ਹੀ ਆਪਣੀ ਦੇਹ ਦੇ ਦਰਵਾਜ਼ੇ, ਰੌਸ਼ਨਦਾਨ ਤੇ ਖਿੜਕੀਆਂ ਬੰਦ ਕਰ ਬੈਠਾ ਹੈ। ਆਪਣੇ-ਆਪ ਲਈ ਅਜ਼ਨਬੀ ਹੋ ਗਿਆ, ਆਪਣਾ ਸੱਚ ਭਾਲਦਾ-ਭਾਲਦਾ ਆਪਾ ਗੁਆ ਚੁੱਕਾ ਹੈ। ਮਨੁੱਖ ਆਪਣੀ ਦੇਹ 'ਚ ਹੀ ਆਪਣੀ ਨਾ ਵਾਕਫ਼ੀ ਦਾ ਸੰਤਾਪ ਹੰਢਾਅ ਰਿਹਾ ਹੈ। ਇਸ ਅਵਸਥਾ ਵਿਚ ਮਨੁੱਖ ਦੀ ਅਸਲ ਮੌਤ ਦੀ ਸੰਭਾਵਨਾ ਸਪੱਸ਼ਟ ਹੈ। ਇਸ ਪ੍ਰਕਾਰ ਦੀ ਅਵਸਥਾ ਮਨੁੱਖ ਲਈ ਪਦਾਰਥਕ ਵਿਕਾਸ ਦੀ ਉਪਜ ਹੈ। ਜਿਸ ਨੂੰ ਲੋਕ ਆਧੁਨਿਕ ਵਿਕਾਸ ਦਾ ਭਰਮ ਰੂਪੀ ਨਾਲ ਦਿੰਦੇ ਹਨ। ਜੋ ਅਸਲ 'ਚ ਆਧੁਨਿਕਤਾ ਦਾ ਪਦਾਰਥਕ ਵਿਕਾਸ ਹੈ।

ਅਣਮਨੁੱਖੀ ਪ੍ਰਵਿਰਤੀਆਂ ਵੀ ਪਦਾਰਥਕ ਵਿਕਾਸ ਦਾ ਹੀ ਪ੍ਰਤੀਕਰਮ ਹੈ। ਮਨੁੱਖ ਦਾ ਵਿਅਤਕੀਗਤ ਤੌਰ 'ਤੇ ਵਿਕਸਤ ਨਾ ਹੋਣਾ ਅਣਮਨੁੱਖੀ ਪ੍ਰਵਿਰਤੀ ਦੇ ਵਿਸਥਾਰ ਦਾ ਵੀ ਕਾਰਨ ਹੈ। ਮਨੁੱਖ, ਮਨੁੱਖ ਦਾ ਸੱਚ ਅਤੇ ਆਪਣਾ ਸੱਚ ਸਮਝਣ ਦੇ ਅਸਮਰੱਥ ਹੈ। ਉਸ ਨੂੰ ਦੂਸਰਾ ਮਨੁੱਖ, ਮਨੁੱਖ ਨਹੀਂ ਲੱਗਦਾ ਕਿਉਂਕਿ ਉਹ ਆਪਣੇ ਸਵੈ ਸੱਚ ਤੋਂ ਅਣਜਾਣ ਹੈ। ਇਸ ਲਈ ਮਨੁੱਖ, ਮਨੁੱਖ 'ਤੇ ਜ਼ੁਲਮ ਅਤਿਆਚਾਰ ਅਤੇ ਨਫ਼ਰਤ ਕਰਨ ਦਾ ਭਾਗੀਦਾਰ ਹੈ। ਸੱਚ ਨੂੰ ਦੇਗਾਂ 'ਚ ਉਬਾਲਦਾ ਹੈ। ਤਪਦੀ ਰੇਤ ਸਿਰ 'ਤੇ ਪਾਉਂਦਾ ਹੈ। ਸੱਚ ਨੂੰ ਤੱਤੀਆਂ ਤਵੀਆਂ 'ਤੇ ਬੈਠਾਉਂਦਾ ਹੈ। ਮਾਸੂਮ ਬੱਚਿਆਂ ਨੂੰ ਜੀਉਂਦੇ ਨੀਹਾਂ 'ਚ ਚਿਣਵਾਉਂਦਾ ਹੈ। ਬੇਦੋਸ਼ਿਆ ਨੂੰ ਆਰਿਆਂ ਨਾਲ ਚਿਰਵਾਉਂਦਾ ਹੈ। ਖੋਪੜੀਆਂ ਲੁਹਾਉਂਦਾ ਹੈ। ਸੱਚ ਦਾ ਬੰਦ-ਬੰਦ ਕਟਵਾਉਂਦਾ ਹੈ। ਮਨੁੱਖਤਾ ਦਾ ਕਤਲ ਜੰਜੂਆਂ ਦੇ ਭਾਰ ਨਾਲ ਤੋਲਦਾ ਹੈ। ਆਪਣੀ ਫ਼ਤਹਿ ਲਈ ਲੋਕਾਂ ਦਾ ਕਤਲ ਕਰਾਉਂਦਾ ਹੈ। ਬੱਚਿਆਂ, ਔਰਤਾਂ, ਬਜ਼ੁਰਗਾਂ ਨੂੰ ਨੇਜ਼ਿਆਂ 'ਤੇ ਟੰਗਦਾ ਹੈ। ਭੁੱਖ, ਬਿਮਾਰੀ ਅਤੇ ਸਹਿਮ ਫੈਲਾਉਂਦਾ ਹੈ। ਕੁੱਲੀਆਂ, ਕੋਠਿਆਂ ਨੂੰ ਅਗਨ ਭੇਂਟ ਚੜ੍ਹਾਉਂਦਾ ਹੈ। ਇਹ ਸੱਭ ਅਣਮਨੁੱਖੀ ਪ੍ਰਵਿਰਤੀਆਂ ਦਾ ਕਾਰਾ ਹੈ। ਮਨੁੱਖ ਦਾ ਆਪਣੇ-ਆਪ ਨੂੰ ਆਪਣੇ ਸਵੈ ਪ੍ਰਤੀ ਵਿਦਿਅਕ ਨਾ ਕਰਨ। ਇਸ ਦਾ ਮੂਲ ਕਾਰਨ ਹੈ। ਇਹ ਸੱਭ ਕੁੱਝ ਮਨੁੱਖ ਕੋਲ ਵਿਦਿਅਕ ਗਿਆਨ ਅਤੇ ਸਿਆਨਫ ਨਾ ਹੋਣ ਕਾਰਨ ਵਾਪਰਦਾ ਹੈ। ਵਿਦਿਅਕ ਗਿਆਨ ਤੇ ਸਿਆਨਫ ਨਾ ਹੋਣ

ਕਾਰਨ ਮਨੁੱਖ ਵਿਚ ਵਿਅਕਤੀਗਤ ਵਿਕਾਸ ਦੀ ਸਮਰੱਥਾ ਜਾਂ ਊਰਜਾ ਨਹੀਂ ਹੁੰਦੀ।

ਇਹ ਸਮਰੱਥਾ ਸਿਰਫ਼ ਮਨੁੱਖ ਵਿਚ ਜਾਂ ਜੀਵੰਤ ਅੰਸ਼ਾਂ 'ਚ ਹੁੰਦੀ ਹੈ। ਪੱਥਰ ਆਪਣੇ-ਆਪ 'ਚੋਂ ਬੁੱਤ ਨਹੀਂ ਸਿਰਜ ਸਕਦਾ। ਬੁੱਤ ਸਿਰਜਣ ਲਈ ਬੁੱਤ ਘਾੜੇ ਦੀ ਊਰਜਾ ਅਤੇ ਚੇਤਨਾ ਲਾਜ਼ਮੀ ਹੈ। ਪੱਥਰ 'ਚੋਂ ਬੁੱਤ ਸਿਰਜਣ ਦੀ ਚੇਤਨਾ ਤੇ ਊਰਜਾ ਬੁੱਤਘਾੜੇ 'ਚ ਪਈ ਹੈ। ਪੱਥਰ 'ਚ ਬੁੱਤ ਦੀ ਹੋਂਦ ਹੈ ਪਰ ਪੱਥਰ ਇਸ ਹੋਂਦ ਦੇ ਸੱਚ ਤੋਂ ਅਣਜਾਣ ਹੈ ਕਿਉਂਕਿ ਚੇਤਨਾ ਅਤੇ ਜਗਿਆਸਾ ਰਹਿਤ ਹੈ। ਇਸ ਲਈ ਪਦਾਰਥਕ ਵਿਕਾਸ ਦੀਆਂ ਪ੍ਰਾਪਤੀਆਂ ਦੀ ਮਨੁੱਖਤਾ ਅਨੁਕੂਲ ਵਰਤੋਂ ਮਨੁੱਖ ਅਤੇ ਮਨੁੱਖੀ ਚੇਤਨਾ ਦਾ ਵਿਸ਼ਾ ਹੀ ਨਹੀਂ ਤਾਂ ਆਧੁਨਿਕਤਾ ਦੇ ਵਿਕਾਸ ਦੀਆਂ ਪ੍ਰਾਪਤੀਆਂ ਦੀ ਵਰਤੋਂ ਮਨੁੱਖਤਾ ਅਨੁਕੂਲ ਕਿਵੇਂ ਹੋ ਸਕਦੀ ਹੈ।

ਮਨੁੱਖੀ ਵਿਕਾਸ ਹੀ ਮਨੁੱਖ ਨੂੰ ਮਨੁੱਖਤਾ ਦੀਆਂ ਪੀੜਾਂ ਦਾ ਅਹਿਸਾਸ ਕਰਵਾਉਂਦਾ ਹੈ। ਕੁਦਰਤੀ ਸੋਮਿਆਂ ਦਾ ਅੰਤ ਕਰਨਾ, ਧਰਤੀ ਬੰਜਰ ਕਰਨੀ, ਆਸਮਾਨਾਂ 'ਚ ਅੱਗਾਂ ਬੀਜਨੀਆਂ, ਜੰਗਲ ਰਾਖ, ਸਮੁੰਦਰ ਥੱਲ ਕਰਨੇ। ਅਣਮਨੁੱਖੀ ਪ੍ਰਵਿਰਤੀਆਂ ਦਾ ਪ੍ਰਯੋਜਨ ਹੈ। ਅਣਮਨੁੱਖੀ ਸੋਚ ਅਤੇ ਪ੍ਰਵਿਰਤੀਆਂ ਦਾ ਵਿਕਾਸ ਅਜੋਕੇ ਵਿਸ਼ਵ ਵਿਚ ਭਰਪੂਰ ਹੋਇਆ ਹੈ। ਇਹ ਸਿਰਫ਼ Lack of self education ਦਾ ਸਿੱਟਾ ਹੈ। ਸਵੈ ਵਿਕਾਸ ਵਿਚ ਹੀ ਮਨੁੱਖਤਾ ਦਾ ਵਿਕਾਸ ਹੈ। ਸਰਬਤ ਦਾ ਭਲਾ ਹੈ। ਆਧੁਨਿਕਤਾ ਦੇ ਵਿਕਾਸ ਵਿਚ ਮਨੁੱਖ ਦੀ ਥਾਂ ਪਦਾਰਥ ਦਾ ਵਿਕਾਸ ਹੋਇਆ। ਨਾ ਹੀ ਸਮੇਂ ਦੇ ਦਾਰਸ਼ਨਿਕ ਵਿਦਵਾਨਾਂ ਨੇ ਮਨੁੱਖੀ ਵਿਕਾਸ ਨੂੰ ਆਧੁਨਿਕਤਾ ਦੇ ਸੰਦਰਭ ਵਿਚ ਜ਼ਰੂਰੀ ਸਮਝਿਆ ਹੈ। ਇਹ ਸਮੇਂ ਦੇ ਵਿਦਵਾਨਾਂ ਦੀ ਬਹੁਤ ਵੱਡੀ ਭੁੱਲ ਸੀ। ਚਾਹੀਦਾ ਸੀ ਕਿ ਪਦਾਰਥ ਤੇ ਮਨੁੱਖ ਦੋਹਾਂ ਨੂੰ ਆਧੁਨਿਕਤਾ ਦੇ ਵਿਕਾਸ ਦਾ ਵਿਸ਼ਾ ਸਮਝਿਆ ਜਾਂਦਾ। ਦਾਰਸ਼ਨਿਕਾਂ ਦੀ ਇਸ ਭੁੱਲ ਸਦਕਾ ਮਨੁੱਖ ਨੂੰ ਮਨੁੱਖੀ ਪ੍ਰਵਿਰਤੀਆਂ ਦਾ ਯਥਾਰਥਕ ਗਿਆਨ ਪ੍ਰਾਪਤ ਨਹੀਂ ਹੋ ਸਕਿਆ ਕਿਉਂਕਿ ਮਨੁੱਖ ਆਪਣੇ ਸਵੈ ਦੀ ਘਾਟ ਕਾਰਨ ਸਰੀਰਕ ਪੰਜਾਂ ਤੱਤਾਂ ਦਾ ਸੰਤੁਲਨ ਕਾਇਮ ਨਹੀਂ ਰੱਖ ਸਕਿਆ। ਸਵੈ ਸੱਚ ਨੂੰ ਜਾਣਨ ਤੋਂ ਬਾਅਦ ਮਨੁੱਖ ਲਈ ਸਰੀਰਕ ਤੱਤਾਂ ਦੀਆਂ ਪ੍ਰਵਿਰਤੀਆਂ ਵਿਚ ਸੰਤੁਲਨ ਰੱਖਣਾ ਸੰਭਵ ਹੈ। ਸਵੈ ਸੱਚ ਦੇ ਗਿਆਨ ਦੇ ਅਧਾਰ 'ਤੇ ਹੀ ਮਨੁੱਖ ਆਪਣੀਆਂ ਪ੍ਰਵਿਰਤੀਆਂ 'ਤੇ ਕਾਬੂ ਪਾ ਸਕਦਾ ਹੈ। ਪੰਜਾਂ ਤੱਤਾਂ ਦੀ ਕਾਰਜ ਪ੍ਰਣਾਲੀ 'ਚੋਂ ਉਪਜੀ ਊਰਜਾ ਦਾ ਮਨੁੱਖੀ ਸੋਚ ਨਾਲ ਸਿੱਧਾ ਸੰਬੰਧ ਹੈ। ਜੇ ਇਨ੍ਹਾਂ ਪੰਜਾਂ ਤੱਤਾਂ ਦੀਆਂ ਪ੍ਰਵਿਰਤੀਆਂ ਵਿਚ ਬਰਾਬਰ ਦਾ ਸੰਤੁਲਨ ਹੈ ਤਾਂ ਮਨੁੱਖ ਦੀ ਸੋਚ ਵੀ

ਸੰਤੁਲਿਤ ਹੋਵੇਗੀ ਅਤੇ ਜਗਤ ਹਿੱਤੂ ਕਾਰਜ ਕਰਮ ਵਿਚ ਰੁਚਿਤ ਰਹੇਗੀ। ਜੇ ਇਨ੍ਹਾਂ ਪ੍ਰਵਿਰਤੀਆਂ ਵਿਚ ਸੰਤੁਲਨ ਨਹੀਂ ਤਾਂ ਮਾਨਵ ਦੀ ਸੋਚ ਵਿਚ ਵੀ ਸੰਤੁਲਨ ਨਹੀਂ। ਵਿਸ਼ਵ ਪੱਧਰ 'ਤੇ ਇਹ ਪੰਜਾਂ ਤੱਤਾਂ ਦੀਆਂ ਪ੍ਰਵਿਰਤੀਆਂ ਸਮੂਹਕ ਮਾਨਵਤਾ ਦੀ ਹੋਂਦ ਵਿਚਲੀ ਕਾਰਜ ਪ੍ਰਣਾਲੀ ਦੇ ਅਧਾਰ 'ਤੇ ਕਰਮਸ਼ੀਲ ਰਹਿੰਦੀਆਂ ਹਨ ਅਤੇ ਸਮੂਹਕ ਵਿਸ਼ਵ ਸੋਚ ਦੀ ਇਕਾਈ ਨੂੰ ਪ੍ਰਭਾਵਿਤ ਕਰਦੀਆਂ ਹਨ। ਵਿਸ਼ਵ ਸੋਚ ਇਨ੍ਹਾਂ ਪ੍ਰਵਿਰਤੀਆਂ ਦੀ ਕਾਰਜ ਪ੍ਰਣਾਲੀ ਦੇ ਅਧਾਰ 'ਤੇ ਹੀ ਸੰਤੁਲਨਤਾ ਜਾਂ ਅਸੰਤੁਲਨਤਾ ਦਾ ਰੂਪ ਧਾਰਦੀ ਹੈ। ਇਸ ਸੋਚ ਦੀ ਵਰਤੋਂ ਦੇ ਪ੍ਰਤੀਕਰਮ 'ਚੋਂ ਵਿਸ਼ਵ ਚੰਗਾ ਜਾਂ ਮਾੜਾ ਰੂਪ ਧਾਰਦੀ ਹੈ। ਇਸ ਸੋਚ ਦੇ ਅਧਾਰ 'ਤੇ ਹੀ ਵਿਸ਼ਵ ਵਿਚ ਸ਼ਾਂਤੀ ਜਾਂ ਯੁੱਧ ਦਾ ਅਗਾਜ਼ ਹੁੰਦਾ ਹੈ ਪਰ ਮਨੁੱਖ ਸਵੈ ਗਿਆਨ ਦੇ ਅਧਾਰ 'ਤੇ ਇਨ੍ਹਾਂ ਪ੍ਰਵਿਰਤੀਆਂ ਦੀ ਵੱਧਦੀ-ਘੱਟਦੀ ਊਰਜਾ 'ਤੇ ਕਾਬੂ ਪਾ ਸਕਦਾ ਹੈ। ਇਨ੍ਹਾਂ ਪ੍ਰਵਿਰਤੀਆਂ ਦਾ ਸਵੈ ਗਿਆਨ ਦੇ ਅਧਾਰ 'ਤੇ ਕਾਇਆ ਕਲਪ ਕਰਕੇ। ਵਿਸ਼ਵ ਸ਼ਾਂਤੀ ਲਈ ਇਨ੍ਹਾਂ 'ਚੋਂ ਉਪਜੀ ਵਿਸ਼ਵ ਸੋਚ ਨੂੰ ਵਰਤੋਂ ਵਿਚ ਲਿਆ ਜਾ ਸਕਦਾ ਹੈ ਪਰ ਇਹ ਤਾਂ ਹੀ ਸੰਭਵ ਹੈ ਜੇ ਮਨੁੱਖ ਆਪਣੇ-ਆਪ ਨੂੰ ਆਪਣੇ ਸਵੈ ਪ੍ਰਤੀ ਵਿਦਿਅਕ ਕਰੇ।

ਮਨੁੱਖ ਵਿਚਲੇ ਸਵੈ ਗਿਆਨ ਦੀ ਘਾਟ ਕਾਰਨ ਸਮੂਹਕ ਅਜੋਕੀ ਵਿਸ਼ਵ ਸੋਚ ਸੰਤੁਲਨ ਨਹੀਂ ਹੈ। ਇਸ ਲਈ ਵਿਸ਼ਵ ਅਸ਼ਾਂਤੀ ਯੁੱਧ ਭਰਿਸ਼ਟਾਚਾਰ, ਰਿਸ਼ਵਤਖੋਰੀ, ਨਫ਼ਰਤ, ਵੈਰ-ਵਿਰੋਧ ਅਤੇ ਸਮਾਜਿਕ ਕੁਰੀਤੀਆਂ ਦੀ ਭਰਮਾਰ ਹੈ ਕਿਉਂਕਿ ਵਿਸ਼ਵ ਵਿਚ Unbalance ਫੈਲਾਉਣ ਵਾਲੀਆਂ ਪ੍ਰਵਿਰਤੀਆਂ ਦੀ ਭਰਮਾਰ ਹੈ। ਇਨ੍ਹਾਂ ਪ੍ਰਵਿਰਤੀਆਂ ਦਾ ਅਸੰਤੁਲਨ ਹੋਣ ਕਾਰਨ ਵਿਸ਼ਵ ਵਿਚ ਯੁੱਧ, ਮੁਸੀਬਤਾਂ, ਔਕੜਾਂ ਅਤੇ ਕੁਰੀਤੀਆਂ ਦੀ ਹੋਂਦ ਹੈ ਕਿਉਂਕਿ ਮਨੁੱਖ ਵਿਗਿਆਨਿਕ ਪ੍ਰਾਪਤੀਆਂ ਰਾਹੀਂ ਹਾਸਿਲ ਕੀਤੀ ਸ਼ਕਤੀ ਨੂੰ ਇਨ੍ਹਾਂ ਪ੍ਰਵਿਰਤੀਆਂ ਦੇ ਅਸੰਤੁਲਨ ਸਦਕਾ ਹੀ ਵਿਸ਼ਵ ਹਿੱਤ ਵਿਚ ਵਰਤਣ ਦੀ ਸੋਚ ਨਹੀਂ ਰੱਖਦਾ। ਇੱਕ ਬੋਧ ਹੀ ਹੈ ਜੋ ਮਨੁੱਖੀ ਰੁਚੀਆਂ ਨੂੰ ਸਕਾਰਤਮਕ ਰੂਪ ਪ੍ਰਦਾਨ ਕਰਨ ਦੀ ਸਮਰੱਥਾ ਰੱਖਦਾ ਹੈ। ਮਨੁੱਖੀ ਬੋਧ ਦੇ ਵਿਕਾਸ ਲਈ ਮਨੁੱਖ ਨੂੰ ਵਿਅਕਤੀਗਤ ਤੌਰ 'ਤੇ ਆਪਣੇ-ਆਪ ਨੂੰ ਵਧੇਰੇ ਵਿਦਿਅਕ ਕਰਨ ਦੀ ਲੋੜ ਹੈ। ਬੋਧ ਦਾ ਧਾਰਨੀ ਸ਼ਬਦ ਗੁਰੂ ਹੈ। ਜਿਸ ਦਾ ਭਾਵ ਹੈ ਅਭੇਦੇ ਦਾ ਭੇਦ ਜਾਣਨ ਦਾ ਗੁਰ। ਅਭੇਦੇ ਦਾ ਭੇਦ ਜਾਣਨ ਤੋਂ ਬਾਅਦ ਗੁਰੂ, ਗੁਰੂ ਨਹੀਂ ਰਹਿੰਦਾ ਅਭੇਦਾ ਹੋ ਜਾਂਦਾ ਹੈ, ਅਭੇਦਾ ਉਹ ਗਿਆਨ ਹੈ। ਜਿਸ ਨੇ ਸ੍ਰਿਸ਼ਟੀ ਰਚੀ ਹੈ, ਉਸ ਨੂੰ ਜਾਣਨ ਵਾਲਾ ਮਨੁੱਖ ਹੀ ਮਨੁੱਖੀ ਸਵੈ ਦੀ ਤ੍ਰਿਪਤੀ ਪੂਰਤੀ ਨੂੰ ਜਾਣਨ ਵਾਲਾ ਗੁਰੂ ਅਖਵਾਉਂਦਾ ਹੈ। ਅਭੇਦੇ ਦੇ ਗਿਆਨ ਦਾ ਆਰੰਭ ਮਨੁੱਖ

ਸਵੈ ਤੋਂ ਹੁੰਦਾ ਹੈ। ਇਸ ਲਈ ਮਨੁੱਖ ਨੂੰ ਵਸਤੂ ਸੰਸਾਰ ਪ੍ਰਤੀ ਤਕਰੀਬਨ ਮੁਕੰਮਲ ਗਿਆਨਵਾਨ ਹੋਣ ਲਈ ਆਪਣੇ ਸਵੈ ਦਾ ਗਿਆਨ ਲਾਜ਼ਮੀ ਹੈ। ਇਸੇ ਕਰਕੇ ਮੈਂ ਬਾਰ-ਬਾਰ ਇਸ ਪੁਸਤਕ ਵਿਚ ਮਨੁੱਖੀ ਸਵੈ ਗਿਆਨ 'ਤੇ ਜ਼ੋਰ ਦਿਤਾ ਹੈ। ਜੋ ਮਨੁੱਖੀ ਬੋਧ ਨੂੰ ਵਿਸ਼ਾਲ ਤੇ ਤ੍ਰੈਕਾਲ ਮੁਖੀ ਰੂਪ ਦੇਣ ਦਾ ਮੁੱਢਲਾ ਅਤੇ ਮੂਲ ਤੱਤ ਹੈ।

ਗੁਰੂ ਸ਼ਬਦ ਗਿਆਨੀ ਵੀ ਹੈ, ਗਿਆਨ ਦਾ ਸੋਮਾ ਵੀ ਹੈ। ਗੁਰੂ ਸ਼ਬਦ ਮਨੁੱਖ ਨੂੰ ਕਾਦਰ, ਕੁਦਰਤ ਤੇ ਮਨੁੱਖ ਵਿਚਲੀ ਇਕਾਈ ਦਾ ਗਿਆਨ ਕਰਵਾਉਂਦਾ ਹੈ। ਗੁਰੂ ਸ਼ਬਦ ਰੁੱਖ ਤੋਂ ਜੰਗਲ ਤੱਕ ਵਿਚਰਦਾ ਹੈ। ਗੁਰੂ ਸ਼ਬਦ ਜੋਤ ਸਰੂਪ ਹੈ। ਜੋ ਸਵਾਸਾ ਸੰਗ ਮਨੁੱਖ ਦੀ ਤ੍ਰਿਕੂਟੀ 'ਚ ਜਗਦਾ ਹੈ। ਮਨੁੱਖੀ ਸੀਮਤ ਦ੍ਰਿਸ਼ਟੀ ਨੂੰ ਦਿਸ ਹੱਦਿਆਂ ਤੋਂ ਪਾਰ ਲੈ ਜਾਂਦਾ ਹੈ। ਮਨੁੱਖ ਆਪਣੇ ਸਵੈ ਦੀ ਤ੍ਰਿਸ਼ਣਾ ਜਾਂ ਪ੍ਰਯੋਜਨ ਨੂੰ ਜਾਣ ਕੇ ਸਰਵ ਵਿਆਪੀ ਸਰਵਸ਼ਕਤੀਮਾਨ ਦਾ ਅਨੁਭਵ ਕਰਦਾ ਹੈ। ਜੋ ਮਨੁੱਖ ਦਾ ਸੱਚ ਹੈ, ਹੋਂਦ ਹੈ, ਸ਼ਨਾਖਤ ਹੈ। ਗਿਆਨਾਂ ਦਾ ਗਿਆਨ ਹੈ। ਇਸ ਗਿਆਨ ਕਾਰਨ ਮਨੁੱਖ ਨੂੰ ਜੀਵਨ ਦਾ ਪ੍ਰਯੋਜਨ ਸਮਝ ਆਉਂਦਾ ਹੈ। ਗੁਰੂ ਸ਼ਬਦ ਪੌਣ ਰੂਪ ਵਿਚ ਮਨੁੱਖੀ ਦੇਹ ਅੰਦਰ ਪ੍ਰਾਣ ਹੋ ਵਿਚਰਦਾ ਹੈ। ਮਨੁੱਖ ਨੂੰ ਜੀਵਨ ਅਰਪਨ ਕਰਨ ਵਾਲੀ ਸ਼ਕਤੀ ਦਾ ਜਨਮ ਤੋਂ ਮਰਨ ਤੱਕ ਅਭਿਆਸਕ ਅਹਿਸਾਸ ਕਰਾਉਂਦਾ ਹੈ। ਇਹ ਗੁਰੂ ਸ਼ਬਦ ਹੀ ਮਨੁੱਖੀ ਸਵੈ ਦਾ ਭਾਵ ਆਤਮਾ ਦਾ ਸੱਚ ਹੈ ਅਤੇ ਪਰਮ ਆਤਮਾ ਦੀ ਸੱਚਾਈ ਹੈ। ਇਹ ਸ਼ਬਦ ਹੀ ਵਿਸ਼ਵ ਦਾ ਸਵੈ ਹੈ। ਮਨੁੱਖ ਦਾ ਸਵੈ ਪਰਮ ਆਤਮਾ ਭਾਵ ਵਿਸ਼ਵ ਸਵੈ ਵੱਲ ਖੁੱਲ੍ਹਦਾ ਦਰ ਹੈ। ਮਨੁੱਖ ਲਈ ਮੁੱਖ ਦੁਆਰ ਹੈ। ਆਤਮਾ ਅਤੇ ਪਰਮ ਆਤਮਾ ਦੇ ਮੇਲ ਤੱਕ ਗੁਰੂ ਸ਼ਬਦ ਜਲਵਾ ਫ਼ਿਰੋਸ਼ ਹੈ ਪਰ ਆਤਮਾ ਤੇ ਪਰਮ ਆਤਮਾ ਤੋਂ ਬਾਅਦ ਗੁਰੂ ਸ਼ਬਦ ਦਾ ਜਲਵਾ ਤਾਂ ਹੈ ਪਰ ਜਲਵੇ 'ਚੋਂ ਗੁਰੂ ਸ਼ਬਦ ਅਲੋਪ ਹੈ। ਮਨੁੱਖ ਨੂੰ ਜਿਵੇਂ ਆਪਣੇ ਸਵੈ ਸੱਚ, ਆਪਣੀ ਹੋਂਦ, ਜਾਣਨ ਲਈ ਗੁਰੂ ਸ਼ਬਦ ਦੀ ਲੋੜ ਹੈ। ਇਸੇ ਤਰਾਂ ਹੀ ਮਨੁੱਖ ਨੂੰ ਮਾਨਵਤਾ ਦਾ ਸੱਚ ਜਾਣਨ ਲਈ ਵਿਸ਼ੇਸ਼ ਬੋਧ ਦੀ ਲੋੜ ਹੈ। ਬੋਧ ਦੀ ਕੁੱਖ ਮਨੁੱਖ ਦਾ ਸਵੈ ਹੈ। ਬੋਧ ਮਨੁੱਖੀ ਸੁਤੰਤਰਤਾ ਦਾ ਸੋਮਾ ਹੈ। ਮਨੁੱਖ ਆਦਿ ਤੋਂ ਮੁਥਾਜ਼ੀ ਰਹਿਤ ਸੁਤੰਤਰਤਾ ਦੀ ਖੋਜ ਵਿਚ ਹੈ। ਚਿਰੰਜੀਵੀ ਖ਼ੁਸ਼ੀ ਦੀ ਪ੍ਰਾਪਤੀ ਦੀ ਤਲਾਸ਼ ਵਿਚ ਹੈ। ਜਿਸ ਦੀ ਪ੍ਰਾਪਤੀ ਦਾ ਸਾਧਨ ਬੋਧ ਹੈ। ਇਸ ਲਈ ਮਾਨਵੀ ਬੋਧ ਦਾ ਵਿਕਸਤ ਮਾਨਵੀ ਰਹਿਨੁਮਾਈ ਲਈ ਜ਼ਰੂਰੀ ਹੈ ਜੋ ਆਧੁਨਿਕਤਾ ਦੇ ਵਿਕਾਸ 'ਚੋਂ ਹੁਣ ਤੱਕ ਅਲੋਪ ਨਜ਼ਰ ਆਉਂਦਾ ਹੈ।

ਸਰੀਰਕ ਪੰਜਾਂ ਤੱਤਾਂ ਦੀ ਸੰਚਾਲਕ ਸ਼ਕਤੀ ਬੋਧ ਹੈ। ਜੋ ਮਨੁੱਖ ਨੂੰ ਮਨੁੱਖੀ ਦੇਹ ਦੇ ਸਵੈ ਤੱਕ ਲੈ ਜਾਂਦਾ ਹੈ। ਬੋਧ ਹੀ ਚੇਤਨਾ ਦਾ ਸਰੂਪ ਹੈ। ਦੇਹ

ਦਾ ਚਾਨਣ ਬੋਧ ਹੈ। ਮਨੁੱਖੀ ਸਵੈ ਦਾ ਸੰਕਲਪ ਦੇਹ ਵਿਚ ਸਹਿਕਾਰ ਕਰਨ ਵਾਲੀ ਅਤੇ ਉਸ ਸੰਕਲਪ ਦਾ ਯਥਾਰਥ ਰੂਪ ਮਨੁੱਖ ਨੂੰ ਜਿਉਂਦੇ ਜੀਅ ਵਿਖਾਉਣ ਵਾਲੀ ਸ਼ਕਤੀ ਬੋਧ ਹੈ। ਧਰਤੀ 'ਤੇ ਆਕਾਸ਼ ਨੂੰ ਨਿਖਾਰਨ ਦਾ ਜ਼ਰੀਆ ਬੋਧ ਹੈ। ਮਨੁੱਖ ਨੂੰ ਮਨੁੱਖਤਾ 'ਚ ਮਨੁੱਖਤਾ ਨੂੰ ਮਨੁੱਖ 'ਚ ਵਿਸਥਾਰਨ ਦੀ ਸਮਰੱਥਾ ਬੋਧ ਹੈ। ਬੋਧ ਮਨੁੱਖ ਨੂੰ ਨਿੱਜਤਾ ਤੋਂ ਅਨਿੱਜਤਾ ਦਾ ਰੂਪ ਵਿਖਾਉਂਦਾ ਹੈ। ਬਿੰਦੂਆਂ 'ਚੋਂ ਦਾਇਰੇ, ਦਾਇਰਿਆਂ ਦਾ ਦਾਇਰਾ ਉਸਾਰਦਾ ਹੈ। ਰੁੱਖ ਨੂੰ ਜੰਗਲ ਦਾ ਦਰਿਆਵਾਂ, ਨਦੀਆਂ, ਚਸ਼ਮਿਆਂ, ਝਰਨਿਆਂ ਨੂੰ ਸਾਗਰ ਦਾ ਰਾਹ ਵਿਖਾਂਉਂਦਾ ਹੈ। ਵਿਸ਼ਵ ਦੀ ਕਿਸੇ ਵੀ ਵਿਚਾਰਧਾਰਾ ਨੂੰ ਲੋਕ ਵਿਚਾਰਧਾਰਾਵਾਂ ਬਣਾਉਣ ਲਈ ਸੱਭ ਤੋਂ ਸ੍ਰੇਸ਼ਟ ਤੇ ਵਿਗਿਆਨਿਕ ਸਾਧਨ ਬੋਧ ਹੈ।

ਬੋਧ ਬ੍ਰਹਮੰਡਾਂ, ਆਕਾਸ਼ਾਂ, ਪਤਾਲਾਂ, ਨੂੰ ਉਨ੍ਹਾਂ ਦੀ ਹੋਂਦ ਦਾ ਸੱਚ ਸਮਝਾਉਂਦਾ ਹੈ। ਸੱਚ, ਸੁੰਦਰਤਾ ਅਤੇ ਕਲਿਆਣ ਦੀ ਕੁੱਖ ਅਤੇ ਪਰਖ ਬੋਧ ਹੈ। ਮੌਤ ਤੋਂ ਪਹਿਲਾਂ ਦਾ ਅਤੇ ਬਾਅਦ ਦੇ ਸੱਚ ਦਾ ਅਨੁਭਵ ਮਨੁੱਖ ਨੂੰ ਬੋਧ ਕਰਵਾਉਂਦਾ ਹੈ। ਮਨੁੱਖ ਲਈ ਮੋਖਸ਼ਾਂ ਦਾ ਦੁਆਰ ਬੋਧ ਖੋਲਦਾ ਹੈ। ਬੋਧ ਦੀ ਲੋਅ ਸਦਕਾ ਮਨੁੱਖ ਆਪਣੇ ਅੰਦਰ ਅਤੇ ਦੁਆਲੇ ਦੀ ਦੁਨੀਆ ਦੀ ਸ਼ਨਾਖਤ ਕਰਦਾ ਹੈ। ਬੋਧ ਮਨੁੱਖੀ ਵਿਸ਼ਵ ਦੇ ਨਿਰੀਖਣ ਦਾ ਮੂਲ ਅਧਾਰ ਅਤੇ ਸਾਧਨ ਹੈ। ਦੁਨੀਆ ਦੀ ਸੁੰਦਰਤਾ ਅਤੇ ਆਕਰਸ਼ਨ ਬੋਧ ਹੈ। ਬੋਧ ਦੁਨੀਆਵੀ ਤੀਰਥਾਂ ਦਾ ਮੂਲ ਕੇਂਦਰ ਹੈ। ਪ੍ਰੇਮ, ਸਾਂਝੀਵਾਲਤਾ, ਏਕਤਾ ਅਤੇ ਸ਼ਾਂਤੀ ਦੇ ਚਸ਼ਮੇ ਬੋਧ 'ਚੋਂ ਫੁੱਟਦੇ ਹਨ। ਮਾਨਵਤਾ ਦਾ ਸੂਰਜ ਬੋਧ 'ਚੋਂ ਉਦੈ ਹੁੰਦਾ ਹੈ। ਬੋਧ ਸਦਕਾ ਹੀ ਵੱਖ-ਵੱਖ ਭਾਸ਼ਾਵਾਂ, ਬੋਲੀਆਂ, ਜਾਤੀਆਂ, ਧਰਮਾਂ ਦੇ ਲੋਕ ਏਕੇ ਦੀ ਧਰਤੀ ਏਕੇ ਦੇ ਅੰਬਰ ਅਤੇ ਵਿਸ਼ਵ ਇਕਾਈ ਵਿਚ ਪਰੋਏ ਜਾ ਸਕਦੇ ਹਨ। ਮਨੁੱਖ ਅਤੇ ਮਨੁੱਖਤਾ ਵਿਚ ਲਿਆ ਹੱਦਾਂ ਬੰਨਿਆਂ ਨੂੰ ਬੋਧ ਹੀ ਮਿਟਾਉਂਦਾ ਹੈ।

ਕਿਰਨਾਂ ਦਾ ਬੋਧ ਸੂਰਜ ਹੈ। ਬੂੰਦਾਂ ਦਾ ਬੋਧ ਸਾਗਰ ਹੈ। ਰੁੱਖਾਂ ਦਾ ਬੋਧ ਜੰਗਲ ਹੈ। ਕਿਸੇ ਵੀ ਫ਼ਲਸਫੇ ਦੇ ਮੂਲ ਦੀ ਹੋਂਦ ਬੋਧ ਹੈ। ਅਜੋਕੇ ਸਮੇਂ ਦੀ ਲੋੜ ਬੋਧ ਹੈ। ਬੋਧ ਸਮੇਂ ਦੀ ਤ੍ਰੈਕਾਲ ਮੁਖੀ ਮਹੱਤਤਾ ਹੈ। ਹਰ ਯੁੱਗ ਦਾ ਵਰਤਮਾਨ ਤੇ ਭਵਿੱਖ ਬੌਧਿਕ ਬੁਨਿਆਦ 'ਤੇ ਅਧਾਰਿਤ ਹੈ। ਨਵ ਵਿਸ਼ਵ, ਮੰਦਿਰ, ਮਸੀਤਾਂ, ਵਿਸ਼ਵ ਵਿਦਿਆਲੇ, ਪਾਠਸ਼ਾਲੇ ਮਾਨਸਿਕ ਅਤੇ ਪਦਾਰਥ ਹੋਂਦ ਦਾ ਨਿਰਮਾਤਾ ਬੋਧ ਹੈ। ਮਨੁੱਖ ਹੀ ਪੂਜਾ, ਮਨੁੱਖ ਹੀ ਭਗਵਾਨ ਮਨੁੱਖਤਾ ਹੀ ਮਨੁੱਖ ਦਾ ਧਰਮ ਸੱਭ ਦਾ ਬੋਧ ਮਨੁੱਖ ਨੂੰ ਬੋਧ ਹੀ ਕਰਵਾਉਂਦਾ ਹੈ। ਮਨੁੱਖ ਦੀ ਹਸਤੀ 'ਚ ਮਨੁੱਖਤਾ ਦਾ ਵਜੂਦ ਹੈ। ਮਨੁੱਖਤਾ ਦੇ ਵਜੂਦ 'ਚ ਮਨੁੱਖ ਦੀ ਹਸਤੀ ਹੈ। ਇਸ ਦਾ ਅਨੁਭਵ ਬੋਧ ਹੀ ਹੈ। ਮਨੁੱਖ ਅਤੇ ਮਨੁੱਖਤਾ ਦਾ ਚਿਹਰਾ

ਅਤੇ ਦਰਪਣ ਬੋਧ ਹੈ। ਬੋਧ ਦੀ ਕੁੱਖ ਮਨੁੱਖੀ ਸਵੈ ਹੈ। ਮਨੁੱਖੀ ਸਵੈ ਦਾ ਵਿਕਾਸ ਹੀ ਬੋਧ ਦਾ ਵਿਕਾਸ ਹੈ। ਬੋਧ ਦਾ ਵਿਕਾਸ ਮਨੁੱਖ ਲਈ ਆਪਣੀ ਹੋਂਦ ਸੱਚ ਅਤੇ ਸ਼ਨਾਖਤ ਸਮਝਣ ਦਾ ਚਾਨਣ ਮੁਨਾਰਾ ਹੈ।

ਮਨੁਖੀ ਸਰੀਰ ਸੱਚ, ਹੋਂਦ ਤੇ ਸ਼ਨਾਖਤ ਦਾ ਵਿਸ਼ਾ ਮੂਲ ਰੂਪ ਵਿਚ ਅਧਿਆਤਮਕ ਸਾਹਿਤ ਹੈ। ਕਿਸੇ ਵੀ ਫ਼ਲਸਫ਼ੇ ਦੇ ਮੂਲ ਤੱਤ ਦੀ ਹੋਂਦ ਹੈ ਜਾਂ ਨਹੀਂ ਇਹ ਵੱਖਰੀ ਗੱਲ ਹੈ ਪਰ ਉਹ ਫ਼ਲਸਫ਼ਾ ਮਨੁੱਖੀ ਸੱਚ, ਹੋਂਦ, ਸ਼ਨਾਖਤ ਜਾਂ ਮਨੁੱਖੀ ਜੀਵਨ ਪ੍ਰਤੀ ਮਨੁੱਖ ਨੂੰ ਕਿੰਨਾ ਗਿਆਨ ਪ੍ਰਦਾਨ ਕਰਦਾ ਹੈ। ਅਜੋਕੇ ਸਮੇਂ ਦੀ ਲੋੜ ਦੀ ਮਹੱਤਤਾ ਇਸ ਗੱਲ ਵਿਚ ਹੈ। ਹਰ ਯੁੱਗ ਵਿਚ ਹਰ ਫ਼ਲਸਫ਼ੇ ਦਾ ਵਸਤੂ ਸੰਸਾਰ ਦੇ ਵਿਕਾਸ ਲਈ ਇਹ ਪਹਿਲੂ ਮਹੱਤਵਪੂਰਨ ਹੈ। ਆਧਿਆਤਮਕ ਫ਼ਲਸਫ਼ੇ ਦਾ ਮੂਲ ਤੱਤ ਰੱਬ ਹੈ। ਰੱਬ ਹੈ ਜਾਂ ਨਹੀਂ ਵਸਤੂ ਸੰਸਾਰ ਦੇ ਵਿਕਾਸ ਲਈ ਇਹ ਗੱਲ ਮਹੱਤਵਪੂਰਨ ਨਹੀਂ। ਮਹੱਤਵਪੂਰਨ ਇਹ ਹੈ ਕਿ ਅਧਿਆਤਮਕ ਫ਼ਲਸਫ਼ਾ ਮਨੁੱਖ ਨੂੰ ਕਿੰਨੀ ਜੀਵਨ ਜਾਂਚ ਸਿਖਾਉਂਦੀ ਹੈ। ਮਨੁੱਖ ਪ੍ਰਤੀ ਮਨੁੱਖ ਨੂੰ ਕਿੰਨਾ ਗਿਆਨ ਪ੍ਰਦਾਨ ਕਰਦਾ ਹੈ ਕਿਉਂਕਿ ਵਿਕਸਤ ਮਨੁੱਖ ਹੀ ਵਸਤੂ ਸੰਸਾਰ ਦੀ ਵਿਕਸਤ ਦਾ ਮੂਲ ਅਧਾਰ ਹੈ। ਵਿਕਸਤ ਮਨੁੱਖ ਹੀ ਜਗਤ ਹਿੱਤੂ ਸੰਸਾਰ ਸਿਰਜਣਾ ਵਿਚ ਵਧੇਰੇ ਸਹਿਯੋਗੀ ਹੋ ਸਕਦਾ ਹੈ। ਬੋਧ ਦਾ ਵਿਕਾਸ ਮਨੁੱਖੀ ਸੰਦਰਭ ਵਿਚ ਆਧੁਨਿਕਤਾ ਦੇ ਵਿਕਾਸ ਦੇ ਭਾਗੀਦਾਰ ਨਾ ਹੋਣ ਕਾਰਨ ਮਨੁੱਖ ਇੰਨ੍ਹੀ ਉਨਤੀ ਨਹੀਂ ਕਰ ਸਕਿਆ, ਜਿੰਨੀ ਪਦਾਰਥ ਨੇ ਕੀਤੀ ਹੈ।

ਅੱਜ ਪਦਾਰਥ ਵਿਕਾਸ ਨੇ ਜਿਨ੍ਹਾਂ ਸਵਾਲਾਂ ਸਾਂਵੇ ਮਨੁੱਖ ਨੂੰ ਲਿਆ ਕੇ ਖੜ੍ਹਾ ਕੀਤਾ ਹੈ, ਉਨ੍ਹਾਂ ਸਵਾਲਾਂ ਦਾ ਜੁਆਬ ਅਧਿਆਤਮਿਕ ਸਾਹਿਤ ਵਿਚ ਕਈ ਸਦੀਆਂ ਪਹਿਲਾਂ ਮਨੁੱਖ ਲਈ ਉਪਲੱਬਧ ਹੈ। ਅਜੋਕੇ ਮਨੁੱਖ ਅੱਗੇ ਪ੍ਰਸ਼ਨ ਹਨ ਕਿ ਮਨੁੱਖ ਕੀ ਹੈ, ਕੌਣ ਹੈ, ਕਿੱਥੋਂ ਆਇਆ ਹੈ, ਕਿੱਥੇ ਜਾਣਾ ਹੈ। ਮਨੁੱਖ ਦਾ ਜੀਵਨ ਪ੍ਰਯੋਜਨ ਕੀ ਹੈ। ਸਿਹਤਮੰਦ ਸੰਸਾਰ ਦੀ ਰੂਪ-ਰੇਖਾ ਕੀ ਹੈ। ਜੇ ਵਿਚਾਰਿਆ ਜਾਏ ਤਾਂ ਅਧਿਆਤਮਿਕ ਸਾਹਿਤ ਇਨ੍ਹਾਂ ਸਵਾਲਾਂ ਦਾ ਜੁਆਬ ਹੈ। ਇਨ੍ਹਾਂ ਸਵਾਲਾਂ ਦੀ ਸਪਸ਼ੱਟ ਰੂਪ ਵਿਆਖਿਆ ਹੈ। ਕਿਸੇ ਵਿਚਾਰਧਾਰਾ ਦੇ ਅਭਿਆਸ ਵਿਚ ਆਉਣ ਨਾਲ ਜੇ ਉਪਰੋਕਤ ਸਵਾਲ ਪ੍ਰਤੀਕਰਮ ਦੇ ਰੂਪ ਵਿਚ ਉੱਠਦੇ ਹਨ। ਇਨ੍ਹਾਂ ਸਵਾਲਾਂ ਦੇ ਜੁਆਬ ਕੋਈ ਦੂਸਰੀ ਵਿਚਾਰਧਾਰਾ ਯਥਾਰਥਕ ਰੂਪ ਵਿਚ ਦਿੰਦੀ ਹੈ। ਤਾਂ ਉਹ ਵਿਚਾਰਧਾਰਾ ਜਿਸ ਦੇ ਅਭਿਆਸ 'ਚੋਂ ਇਹ ਸਵਾਲ ਉੱਠਦੇ ਹਨ ਉਸ ਵਿਚਾਰਧਾਰਾ ਨੂੰ ਵਿਪਰੀਤ ਵਿਚਾਰਧਾਰਾ ਨਾਲ ਸਹਿਮਤੀ ਪ੍ਰਗਟਾਉਣੀ ਚਾਹੀਦੀ ਹੈ। ਜੋ ਸਵਾਲਾਂ ਦੇ ਜੁਆਬ ਦਿੰਦੀ ਹੈ। ਨਾ ਕਿ ਉਸ ਨੂੰ ਨਿਕਾਰਨਾ ਚਾਹੀਦਾ ਹੈ। ਮੇਰਾ ਭਾਵ ਆਧੁਨਿਕਤਾ ਦੇ

ਵਿਪਰੀਤ ਆਧਿਆਤਮਿਕ ਤੋਂ ਹੈ। ਪੁਰਾਤਨ ਵਿਚਾਰਧਾਰਾ ਹੈ ਕਿ ਬੁਰਾਈਆਂ ਨੂੰ ਅਣਗੌਲਿਆਂ ਕਰੋ ਅਤੇ ਚੰਗੀਆਈਆਂ ਨੂੰ ਅਪਣਾਉ।

ਬੌਧਿਕ ਉਨਤੀ ਮਨੁੱਖ ਦੀ ਸਵੈ ਵਿਅਕਤੀਗਤ ਉਨਤੀ ਵਿਚ ਹੈ। ਜੇ ਮਨੁੱਖੀ ਵਿਅਕਤੀਗਤ ਸਵੈ ਅਤੇ ਆਧੁਨਿਕਤਾ ਕਦਮ ਨਾਲ ਕਦਮ ਮੇਲ ਕੇ ਵਿਕਾਸ ਕਰਦੇ ਤਾਂ ਅੱਜ ਵਿਸ਼ਵ ਦੀ ਰੂਪ-ਰੇਖਾ, ਸ਼ਕਲ-ਸੂਰਤ ਕੁੱਝ ਹੋਰ ਹੋਣੀ ਸੀ ਕਿਉਂਕਿ ਬੋਧ ਮਨੁੱਖੀ ਮਾਨਸਿਕਤਾ ਦੀ ਉਹ ਸ਼ਕਤੀ ਹੈ ਜੋ ਪਹਾੜ 'ਚ ਗਤੀ, ਸ਼ਹਿਰਾਂ 'ਚ ਸਾਗਰ, ਧਰਤੀ 'ਚੋਂ ਅੰਬਰ ਪੈਦਾ ਕਰਨ ਦੀ ਸਮਰੱਥਾ ਰੱਖਦੀ ਹੈ। ਮਨੁੱਖ ਅਤੇ ਵਿਸ਼ਵ ਦੀ ਚੜ੍ਹਦੀ ਕਲਾ ਦਾ ਅਧਾਰ ਬੋਧ ਹੈ। ਅਸੀਂ ਉੱਪਰ ਆਧੁਨਿਕਤਾ ਦੇ ਵਿਕਾਸ ਦੇ ਸੰਦਰਭ ਵਿਚ ਅਧਿਆਤਮਿਕ ਸਾਹਿਤ ਵਿਚ ਮਨੁੱਖੀ ਸੱਚ ਅਤੇ ਹੋਂਦ ਨੂੰ ਰੱਖ ਕੇ ਚਰਚਾ ਕੀਤੀ ਹੈ। ਅਧਿਆਤਮਿਕ ਸਾਹਿਤ ਜਿੱਥੇ ਮਨੁੱਖ ਨੂੰ ਮਨੁੱਖੀ ਸੱਚ ਅਤੇ ਹੋਂਦ ਦੀ ਪ੍ਰਾਪਤੀ ਲਈ ਸਾਧਨ ਮਾਤਰ ਹੈ, ਉੱਥੇ ਮਨੁੱਖ ਨੂੰ ਉਸ ਦੀ ਪ੍ਰਾਪਤੀ ਲਈ ਯਥਰਾਥਕ ਤੌਰ 'ਤੇ ਚੇਤੰਨ ਵੀ ਕਰਦਾ ਹੈ।

ਮਨੁੱਖੀ ਹੋਂਦ, ਸੱਚ ਤੇ ਸ਼ਨਾਖਤ ਕੀ ਹੈ ? ਇਨ੍ਹਾਂ ਸਵਾਲਾਂ ਦੇ ਜੁਆਬ ਜਿੱਥੇ ਅਧਿਆਤਮਿਕ ਸਾਹਿਤ ਪਹਿਲਾਂ ਦਿੰਦਾ ਹੈ, ਉੱਥੇ ਇਨ੍ਹਾਂ ਦੀ ਪ੍ਰਾਪਤੀ ਲਈ ਸਬਰ, ਸੰਤੋਖ, ਸਯਮ, ਅਨੁਸ਼ਾਸ਼ਨ ਅਤੇ ਸਾਧਨ ਪ੍ਰਦਾਨ ਵੀ ਕਰਦਾ ਹੈ। ਅਧਿਆਤਮਿਕਤਾ ਅਨੁਸਾਰ ਮਨੁੱਖ ਦੀ ਆਪਣੀ ਦੇਹ ਹੀ ਇਨ੍ਹਾਂ ਸਵਾਲਾਂ ਦੀ ਪ੍ਰਾਪਤੀ ਦੀ ਪ੍ਰਯੋਗਸ਼ਾਲਾ ਹੈ। ਮਨੱਖ ਇਸ ਪ੍ਰਯੋਗਸ਼ਾਲਾ ਦੀ ਪ੍ਰਯੋਗਿਕ ਕਿਰਿਆ ਦੇ ਅਭਿਆਸ 'ਚੋਂ ਇਨ੍ਹਾਂ ਸਵਾਲਾਂ ਦੇ ਜੁਆਬ ਪ੍ਰਾਪਤ ਕਰ ਸਕਦਾ ਹੈ। ਪਦਾਰਥਕ ਵਿਕਾਸ ਅਤੇ ਮਨੁੱਖੀ ਵਿਕਾਸ ਵਿਚ ਸੰਤੁਲਨ ਪੈਦਾ ਕਰਨ ਲਈ ਇਨ੍ਹਾ ਸਵਾਲਾਂ ਦੇ ਉੱਤਰ ਦੀ ਪ੍ਰਾਪਤੀ ਲਾਜ਼ਮੀ ਹੈ। ਵਿਗਿਆਨਿਕ ਪ੍ਰਾਪਤੀਆਂ ਦੀ ਵਰਤੋਂ ਲਈ ਮਨੁੱਖ ਬੋਧ ਦਾ ਵਿਕਾਸ ਲਾਜ਼ਮੀ ਹੈ। ਬੌਧਿਕ ਸਿਆਣਪ ਮਨੁੱਖ ਜੀਵਨ ਜਾਂਚ ਦੇ ਅਭਿਆਸ ਤੋਂ ਸਿੱਖਦਾ ਹੈ। ਇਹ ਜੀਵਨ ਜਾਂਚ ਜਿੱਥੇ ਮਨੁੱਖ ਨੂੰ ਜ਼ਿੰਦਗੀ ਖ਼ੁਦ ਸਿਖਾਉਂਦੀ ਹੈ। ਉੱਥੋਂ ਇਸ ਵਿਚ ਅਧਿਆਤਮਿਕ ਸਾਹਿਤ ਦਾ ਵੀ ਬਹੁਤ ਵੱਡਾ ਯੋਗਦਾਨ ਹੈ। ਇਸ ਲਈ ਵਿਦਵਾਨਾਂ ਦਾ ਪਦਾਰਥਕ ਵਿਕਾਸ ਦੇ ਨਾਲ-ਨਾਲ ਮਨੁੱਖੀ ਵਿਕਾਸ ਨੂੰ ਆਧੁਨਿਕਤਾ ਦੇ ਸੰਦਰਭ ਵਿਚ ਅਣਗੌਲਿਆ ਕਰਨਾ ਬੜੀ ਵੱਡੀ ਭੁੱਲ ਸੀ। ਅਜੇ ਬੇਸ਼ੱਕ ਆਧੁਨਿਕਤਾ ਦਾ ਅੰਤ ਅਤੇ ਉੱਤਰ-ਆਧੁਨਿਕਤਾ ਦਾ ਆਰੰਭ ਹੈ। ਪਰ ਇਨ੍ਹਾਂ ਦਾ ਸੰਬੰਧ ਸਿਰਫ਼ ਤੇ ਸਿਰਫ਼ ਪਦਾਰਥ ਨਾਲ ਹੀ ਸੀ ਅਤੇ ਹੈ।

ਮਨੁੱਖੀ ਆਧੁਨਿਕਤਾ ਦਾ ਤਾਂ ਅਜੇ ਪੂਰਨ ਰੂਪ ਵਿਚ ਆਰੰਭ ਵੀ ਨਹੀਂ ਹੋਇਆ, ਉਸ ਦਾ ਅੰਤ ਕੀ ਹੋਣਾ ਸੀ। ਆਧੁਨਿਕਤਾ ਦਾ ਹੁਣ ਤੱਕ ਜੋ ਵਿਕਾਸ

ਹੋਇਆ, ਜਿਸਨੂੰ ਅਸੀਂ ਆਧੁਨਿਕ ਵਿਕਾਸ ਕਹਿੰਦੇ ਹਾਂ। ਉਹ ਅਸਲ ਵਿਚ ਪਦਾਰਥਕ ਵਿਕਾਸ ਹੈ, ਆਧੁਨਿਕ ਵਿਕਾਸ ਨਹੀਂ। ਸਾਨੂੰ ਇਹ ਭੁਲੇਖਾ ਦੂਰ ਕਰ ਲੈਣਾ ਚਾਹੀਦਾ ਹੈ ਕਿ ਆਧੁਨਿਕਤਾ ਦੇ ਨਾਂ ਦੀ ਕੋਈ ਚੀਜ਼ ਨਹੀਂ ਜਿਸ ਦਾ ਵਿਕਾਸ ਹੋਇਆ ਹੋਵੇ। ਆਧੁਨਿਕਤਾ ਤਾਂ ਸਿਰਫ਼ ਪਰਿਭਾਸ਼ਾ ਤੱਕ ਸੀਮਤ ਹੋ ਕੇ ਰਹਿ ਗਈ ਸੀ, ਇਕ ਕਦਮ ਵੀ ਅੱਗੇ ਨਹੀਂ ਟੁਰੀ। ਜੇ ਅੱਗੇ ਟੁਰਿਆ ਹੈ ਤਾਂ ਆਧੁਨਿਕਤਾ ਦੀ ਪਰਿਭਾਸ਼ਾ ਦੇ ਅਧਾਰ 'ਤੇ ਪਦਾਰਥ ਟੁਰਿਆ ਹੈ। ਆਧੁਨਿਕਤਾ ਦੇ ਨਾਂ ਹੇਠ ਪਦਾਰਥ ਵਿਕਸਤ ਹੋਇਆ ਹੈ। ਇੱਕ ਗੱਲ ਮੈਂ ਸਪੱਸ਼ਟ ਕਰ ਦਿਆ ਹੁਣ ਤੱਕ ਜੋ ਵੀ ਵਿਚਾਰ ਵਟਾਂਦਰਾ ਹੋਇਆ ਹੈ, ਉਹ ਪਦਾਰਥਕ ਵਿਕਾਸ ਬਾਰੇ ਹੋਇਆ ਹੈ। ਇਸ ਨੂੰ ਆਧੁਨਿਕ ਵਿਕਾਸ ਦਾ ਨਾਂ ਇਸ ਲਈ ਦਿੱਤਾ ਗਿਆ ਕਿ ਲੋਕ ਇਸ ਪਦਾਰਥਕ ਵਿਕਾਸ ਨੂੰ ਹੀ ਆਧੁਨਿਕ ਵਿਕਾਸ ਦੀ ਸ਼ਬਦਾਵਲੀ ਵਿਚ ਸਮਝਦੇ ਹਨ। ਉਂਝ ਅੱਜ ਮਨੁੱਖੀ ਸੰਦਰਭ ਵਿਚ ਆਧੁਨਿਕ ਵਿਕਾਸ ਦੇ ਨਾਂ ਦੀ ਕੋਈ ਚੀਜ਼ ਇਸ ਦੁਨੀਆ ਵਿਚ ਨਹੀਂ। ਇਹੀ ਇਸ ਵਿਕਾਸ ਦਾ ਯਥਾਰਥ ਤੇ ਸੱਚ ਹੈ ਕਿਉਂਕਿ ਪਦਾਰਥਕ ਵਿਕਾਸ ਦੇ ਪ੍ਰਤੀਕਰਮ ਨੇ ਆਧੁਨਿਕਤਾ ਦੇ ਸ਼ਬਦ ਨੂੰ ਪਦਾਰਥ ਦਾ ਰੂਪ ਦਿੱਤਾ ਹੈ। ਆਧੁਨਿਕਤਾ ਦੇ ਅੱਜ ਤੱਕ ਲਿਖਤੀ ਵਿਸਥਾਰ ਵਿਚ ਆਧੁਨਿਕਤਾ ਬਾਰੇ ਇਹ ਸ਼ਬਦ ਵਰਤੇ ਗਏ ਹਨ ਕਿ "ਆਧੁਨਿਕਤਾ ਪਦਾਰਥਕ ਵਿਕਾਸ ਦਾ ਪ੍ਰਤੀਕ ਹੈ।" ਆਧੁਨਿਕਤਾ ਦੇ ਵਿਕਾਸ ਦੇ ਅੰਤ ਤੋਂ ਬਾਅਦ ਜੋ ਆਧੁਨਿਕਤਾ ਦਾ ਰੂਪ ਸਾਹਮਣੇ ਆਇਆ ਹੈ। ਉਹ ਸਿਰਫ਼ ਵਿਖਾਵੇ ਦਾ, ਵੇਸਭੂਸ਼ਾ ਦਾ ਜਾਂ ਸਜਾਵਟ ਦਾ ਹੈ ਜਾਂ ਮਨੁੱਖੀ ਜੀਵਨ ਵਿਚ ਵਰਤੀ ਜਾਣ ਵਾਲੀ ਸਮੱਗਰੀ ਦਾ ਹੈ। ਅਸੀਂ ਵਿਖਾਵੇਕਾਰੀ, ਫੈਸ਼ਨੇਬਲ ਅਤੇ ਪਦਾਰਥਵਾਦੀ ਹੋਏ ਹਾਂ, ਨਾ ਕਿ ਸਹੀ ਅਰਥਾਂ ਵਿਚ ਵਿਅਕਤੀਗਤ ਵਿਕਸਤ ਮਨੁੱਖ ਹੋਏ ਹਾਂ। ਨਾ ਹੀ ਅਸੀਂ ਸਹੀ ਅਰਥਾਂ ਵਿਚ ਇਨਸਾਨ ਬਣੇ ਹਾਂ। ਜੋ ਜਗਤ ਹਿੱਤੂ, ਸਰਬਤ ਦੇ ਭਲੇ, ਨਾ ਕੋਈ ਵੈਰੀ ਨਾ ਕੋਈ ਬੇਗਾਨਾ, ਏਕ ਨੂਰ 'ਤੇ ਸਭ ਜਗ ਉਪਜਿਉ, ਵੰਡ ਛੱਕਣ, ਕਿਰਤ ਕਰਨ, ਸਾਂਝੀਵਾਲਤਾ ਅਤੇ ਸੱਚ, ਸੁੰਦਰਤਾ ਤੇ ਕਲਿਆਣ ਦੇ ਧਾਰਨੀ ਹੁੰਦੇ ਹਨ। ਇਸ ਦੇ ਵਿਪਰੀਤ ਅਸੀਂ ਕਾਮ, ਕ੍ਰੋਧ, ਮੋਹ, ਲੋਭ ਹੰਕਾਰ ਦੇ ਧਾਰਨੀ ਵਧੇਰੇ ਹੋਏ ਹਾਂ ਅਸੀਂ ਤਾਂ ਆਪਣੀਆਂ ਪੁਰਾਤਨ ਹਾਂ ਵਾਦੀ ਪ੍ਰਵਿਰਤੀਆਂ ਵੀ ਤਿਆਗ ਦਿੱਤੀਆਂ ਹਨ। ਅਸੀਂ ਪਿਆਰ ਦੀ ਥਾਂ ਨਫ਼ਰਤ ਦੇ ਧਾਰਨੀ ਬਣੇ ਹਾਂ। ਪੁਰਾਣੇ ਸਮੇਂ ਦੇ ਪਿਆਰ, ਮਿਲਵਰਤਣ, ਸਾਂਝੀਵਾਲਤਾ, ਚਾਹ ਮਲਾਰ ਤੇ ਨਿੱਘ ਅੱਜ ਕਿਤੇ ਨਜ਼ਰ ਨਹੀਂ ਆਉਂਦਾ। ਅਸੀਂ ਮਨੁੱਖ ਦੇ ਤੌਰ 'ਤੇ ਆਪਣਾ ਕਿਰਦਾਰ ਨੈਤਿਕਤਾ, ਦੇਇਆ, ਵਿਸ਼ਵਾਸ ਅਤੇ ਇਨਸਾਨੀਅਤ ਪੱਖੋਂ ਬਨਿਸਬਤ ਪੁਰਾਣੇ ਸਮੇਂ ਦੇ ਅਜੋਕੇ ਸਮੇਂ ਵਿਚ ਗਿਰੇ ਹਾਂ ਉੱਪਰ ਨਹੀਂ ਉੱਠੇ। ਪਹਿਲੀਆਂ ਮਾਨਵੀ ਸੰਦਰਭਾਂ ਵਿਚ ਮਨੁੱਖ ਨਾਲ ਮਨੁੱਖ ਦਾ ਰਿਸ਼ਤਾ ਪ੍ਰਧਾਨ

ਸੀ, ਅੱਜ ਪੈਸਾ ਪ੍ਰਧਾਨ ਹੈ। ਅਸੀਂ ਪਦਾਰਥਕ ਵਿਕਾਸ ਵਿਚ ਭਾਵੇਂ ਕਈ ਆਸਮਾਨ ਫ਼ਤਹਿ ਕਰ ਲਏ ਹਨ ਪਰ ਅਸੀਂ ਇਖ਼ਲਾਕੀ ਤੌਰ 'ਤੇ ਇੰਨੇ ਗਿਰ ਗਏ ਹਾਂ ਕਿ ਸਾਨੂੰ ਆਪਣਾ ਲਹੂ ਵੀ ਆਪਣਾ ਨਜ਼ਰ ਨਹੀਂ ਆਉਂਦਾ। ਇਖ਼ਲਾਕ ਨੈਤਿਕਤਾ ਤੇ ਕੌਮੀ ਕਿਰਦਾਰ ਇਹ ਤਿੰਨ ਗੁਣ ਹਨ ਇੱਕ ਚੰਗੇ ਇਨਸਾਨ ਦੇ। ਤੁਸੀਂ ਖ਼ੁਦ ਸੋਚੋ ਕਿ ਅਜੋਕਾ ਮਨੁੱਖ ਜਾਂ ਖ਼ੁਦ ਤੁਸੀਂ ਇਨ੍ਹਾਂ ਗੁਣਾਂ 'ਤੇ ਪੂਰਾ ਉੱਤਰਦੇ ਹੋ। ਸਾਡੇ ਪੱਲੇ ਭਰਿਸ਼ਟਾਚਾਰ, ਰਿਸ਼ਵਤਖੋਰੀ, ਬੇਈਮਾਨੀ, ਫਰੇਬ ਅਤੇ ਧੋਖੇਬਾਜ਼ੀ ਤੋਂ ਬਿਨ੍ਹਾਂ ਕੁੱਝ ਨਹੀਂ।

ਅਸੀਂ ਮਨੁੱਖ ਬਣਨ ਦੀ ਥਾਂ ਜਾਨਵਰ ਬਣ ਗਏ ਹਾਂ। ਆਧੁਨਿਕਤਾ ਦੀ ਪਰਿਭਾਸ਼ਾ ਦੇ ਮੁੱਢਲੇ ਗੁਣ ਜਿਨ੍ਹਾਂ ਦੇ ਅਧਾਰ 'ਤੇ ਆਧੁਨਿਕਤਾ ਪਰਿਭਾਸ਼ਤ ਕੀਤੀ ਗਈ ਸੀ। ਜਿਵੇਂ ਜਗਤ ਹਿੱਤੂ, ਧਰਮ ਨਿਰਪੱਖਤਾ, ਜਾਤੀਪਾਤੀ, ਰਹਿਤਤਾ, ਸਰਬ ਵਿਆਪਕਤਾ, ਸਾਂਝੀਵਾਲਤਾ, ਬਰਾਬਰਤਾ, ਸਰਬਤ ਦਾ ਭਲਾ, ਵੰਡ ਛਕਣਾ, ਨਾ ਕੋਈ ਵੈਰੀ ਨਾ ਕੋਈ ਬੇਗਾਨਾ, ਏਕਸ ਕੇ ਹਮ ਬਾਲਕ, ਤ੍ਰੈਕਾਲ ਮੁੱਖਤਾ, ਅੰਤਰਮੁੱਖਤਾ, ਸਾਕਾਰਤਾ ਇਨ੍ਹਾ ਗੁਣਾਂ 'ਤੇ ਨਾ ਹੀ ਅਸੀਂ ਪੂਰੇ ਉੱਤਰਦੇ ਹਾਂ, ਨਾ ਹੀ ਅਸੀਂ ਇਨ੍ਹਾਂ ਗੁਣਾਂ ਦੇ ਧਾਰਨੀ ਹਾਂ। ਇਹ ਗੁਣ ਇੱਕ ਚੰਗੇ ਮਨੁੱਖ ਅਤੇ ਸਮਾਜ ਦੇ ਹਨ। ਨਾ ਹੀ ਤਾਂ ਅਸੀਂ ਇਨ੍ਹਾਂ ਗੁਣਾਂ ਅਨੁਸਾਰ ਸਮਾਜ ਸਿਰਜ ਸਕੇ ਹਾਂ। ਆਧੁਨਿਕਤਾ ਦੇ ਵਿਗਿਆਨਿਕ ਵਿਕਾਸ ਦੀਆਂ ਉਪਲੱਬਧੀਆਂ ਦੀ ਪ੍ਰਾਪਤੀ ਭਾਵੇਂ ਇਨ੍ਹਾਂ ਗੁਣਾਂ ਦੇ ਅਧਾਰ 'ਤੇ ਕੀਤੀ ਗਈ ਹੋਵੇ। ਪਰ ਇਹ ਸੱਚ ਹੈ ਕਿ ਇਨ੍ਹਾਂ ਉਪਲੱਬਦੀਆਂ ਦੀ ਵਰਤੋਂ ਇਨ੍ਹਾਂ ਗੁਣਾਂ ਦੇ ਵਿਪਰੀਤ ਕੀਤੀ ਗਈ ਹੈ ਕਿਉਂਕਿ ਮਨੁੱਖੀ ਵਿਅਕਤੀਗਤ ਸਵੈ ਵਿਕਸਤ ਨਹੀਂ ਹੋ ਸਕਿਆ, ਇਸ ਲਈ ਮਨੁੱਖ 'ਚ ਇਨ੍ਹਾਂ ਦੀ ਸਹੀ ਵਰਤੋਂ ਕਰਨ ਦੀ ਸੋਚ ਸ਼ਕਤੀ ਦੀ ਅਸਮਰੱਥਾ ਹੈ।

ਮਨੁੱਖੀ ਇਤਿਹਾਸ ਅਨੁਸਾਰ ਵਿਕਾਸਸ਼ੀਲ ਉਹ ਹੀ ਵਸਤੂਆਂ ਹੁੰਦੀਆਂ ਹਨ ਜੋ ਚੇਤੰਨ ਹਨ। ਪ੍ਰਵਿਰਤੀ ਦੇ ਸੰਦਰਭ ਵਿਚ ਮਨੁੱਖੀ ਵਿਕਾਸ ਪ੍ਰਕਿਰਤੀ ਨਾਲੋਂ ਅਲੱਗ ਹੈ। ਪ੍ਰਕਿਰਤੀ ਦਾ ਵਿਕਾਸ ਕੁਦਰਤੀ ਪ੍ਰਣਾਲੀ ਰਾਹੀਂ ਹੁੰਦਾ ਹੈ। ਕੁਦਰਤੀ ਪ੍ਰਣਾਲੀ ਵਿਚ ਵਿਕਸਤ ਹੋਣ ਵਾਲੀ ਹਰ ਚੀਜ਼ ਆਪਣੀ ਵਿਕਸਤ ਹੋਣ ਦੀ ਸਮਰੱਥਾ ਅਨੁਸਾਰ ਵਿਕਸਤ ਹੁੰਦੀ ਹੈ। ਮਨੁੱਖ ਪ੍ਰਣਾਲੀ ਵਿਚ ਵਿਕਸਤ ਹੋਣ ਵਾਲੀ ਹਰ ਚੀਜ਼ ਨੂੰ ਵਿਕਸਤ ਹੋਣ ਦੀਆਂ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਂਦੀਆ ਹਨ ਅਤੇ ਵਿਕਸਤ ਹੋਣ ਦੇ ਯੋਗ ਬਣਾਇਆ ਜਾਂਦਾ ਹੈ। ਬਲਹੀਣ ਨੂੰ ਬਲਵਾਨ ਕਰਨ ਦੇ ਯਤਨ ਕੀਤੇ ਜਾਂਦੇ ਹਨ ਤਾਂ ਉਹ ਆਪਣੇ ਜੀਵਨ ਮੰਤਵ ਦੀ ਪ੍ਰਾਪਤੀ ਕਰ ਸਕੇ ਨਾਂ ਵਾਦੀ ਵਿਚਾਰਾਂ ਦੇ ਅੰਸ਼ਾਂ ਨੂੰ ਵਿਕਸਤ ਹੋਣ 'ਤੇ ਰੋਕ ਲਾਈ ਜਾਂਦੀ ਹੈ। ਪਰ ਕੁਦਰਤੀ ਵਿਕਾਸ ਵਿਚ

ਅਨੁਕੂਲ ਅਤੇ ਵਿਪਰੀਤ ਸਮੱਗਰੀਆਂ 'ਤੇ ਵਿਕਸਤ ਹੋਣ ਲਈ ਕੁਦਰਤ ਵਿਚ ਰੋਕ ਨਹੀਂ। ਮਨੁੱਖ ਵਿਕਾਸ ਪ੍ਰਣਾਲੀ ਵਿਚ ਇੰਝ ਨਹੀਂ ਹੁੰਦਾ।

ਮਨੁੱਖ ਅਰਥਾਂ ਦਾ ਵਿਕਾਸ ਮਨੁੱਖੀ ਸ਼ਬਦ ਵਿਚ ਹੈ। ਮਨੁੱਖੀ ਸ਼ਬਦ ਅਰਥ ਦੀ ਪਰਤ ਦਰ ਪਰਤ ਖੋਲਦਾ ਹੋਇਆ ਅਰਥ ਸੱਚ ਨੂੰ ਪ੍ਰਾਪਤ ਕਰਦਾ ਹੈ। ਮਨੁੱਖੀ ਸ਼ਬਦ ਅਰਥ ਨੂੰ ਸਿਰਜਦਾ ਹੈ। ਉਸ ਦੀ ਪਰਿਕਰਮਾ ਕਰਦਾ ਹੈ। ਮਨੁੱਖੀ ਸ਼ਬਦ ਆਪਣੇ 'ਚੋਂ ਅਰਥ ਸੱਚ ਦੇ ਅੰਸ਼ਾਂ ਦੀ ਤਲਾਸ਼ ਕਰਦਾ ਹੈ। ਇਸ ਅਰਥ ਸੱਚ ਦਾ ਅੰਸ਼ ਮਨੁੱਖੀ ਸਵੈ ਹੈ, ਮਨੁੱਖੀ ਆਤਮਾ ਹੈ। ਜਿਸ ਰਾਹੀਂ ਮਨੁੱਖੀ ਸ਼ਬਦ ਆਪਣੇ ਅਰਥ ਸੱਚ ਨੂੰ ਪ੍ਰਾਪਤ ਹੁੰਦਾ ਹੈ। ਮਨੁੱਖੀ ਸ਼ਬਦ ਤੋਂ ਭਾਵ ਮਨੁੱਖੀ ਚੇਤਨਾ ਹੈ। ਇਸ ਦੇ ਉਲਟ ਪ੍ਰਕਿਰਤੀ ਬੀਜ਼, ਭਾਵ ਰੁੱਖ ਦਾ ਬੀਜ਼ ਆਪਣੇ-ਆਪ 'ਚ ਚੇਤਨਾ ਰਹਿਤ ਹੈ। ਪਰ ਇਸ ਵਿਚ ਰੁੱਖ ਚੇਤਨਾਸ਼ੀਲ ਹੈ। ਇਸ ਲਈ ਬੀਜ਼ ਦਾ ਰੁੱਖ ਬੀਜ਼ ਨੂੰ ਆਪਣਾ ਸੱਚ ਸਮਝਾਉਣ ਲਈ ਬੀਜ਼ ਵੱਲ ਗਤੀਸ਼ੀਲ ਰਹਿੰਦਾ ਹੈ। ਜਦ ਬੀਜ਼ 'ਚੋਂ ਰੁੱਖ ਉੱਗਦਾ ਹੈ, ਤਾਂ ਉਹ ਰੁੱਖ ਬੀਜ਼ ਦੇ ਅਕਾਰ ਤੋਂ ਵੱਡਆਕਾਰੀ ਹੁੰਦਾ ਹੈ। ਬੀਜ਼ ਬਿੰਦੂ ਹੈ, ਚੇਤਨਾ ਰਹਿਤ ਹੈ। ਰੁੱਖ ਚੇਤਨਾ ਹੈ, ਬਿੰਦੂ ਦਾ ਦਾਇਰਾ ਹੈ। ਇਸ ਲਈ ਬੀਜ਼ ਵੱਲ ਟੁਰਦਾ ਹੈ। ਬੀਜ਼ 'ਚ ਆਪਣਾ ਸੱਚ ਘੋਲਦਾ ਹੈ। ਬੀਜ਼ 'ਚੋਂ ਕੁੱਝ ਬੋਲਦਾ ਹੈ। ਬੀਜ਼ ਵਿਚਲਾ ਰੁੱਖ. ਦਾਇਰਿਆ ਦੇ ਦਾਇਰੇ ਦਾ ਅਕਾਰ ਹੈ। ਬੀਜ਼ ਝਰੋਖਾ ਹੈ, ਰੁੱਖ ਬੀਜ਼ ਦਾ ਅਰਥ ਸੰਚਾਰ ਹੈ। ਬੀਜ਼ ਦੀ ਜੋਤ ਰੁੱਖ ਹੈ। ਰੁੱਖ ਹੀ ਬੀਜ਼ ਦਾ ਆਦਿ ਹੈ, ਰੁੱਖ ਹੀ ਬੀਜ਼ ਦਾ ਅੰਤ ਹੈ। ਰੁੱਖ ਬੀਜ਼ ਦੇ ਖੋਲ 'ਚ ਸਮਾਇਆ ਹੈ। ਬੀਜ਼ ਦੇ ਮੱਥੇ 'ਚ ਰੁੱਖ ਦਾ ਸੂਰਜ ਉੱਗ ਆਇਆ ਹੈ।

ਬੀਜ਼ ਚੇਤਨਾ ਰਹਿਤ ਹੈ ਇਸ ਲਈ ਆਪਣੇ ਅੰਦਰਲੇ ਰੁੱਖ ਤੋਂ ਅਣਜਾਣ ਹੈ। ਉਸ ਲਈ ਰੁੱਖ ਪਰਾਇਆ ਹੈ। ਬੀਜ਼ ਆਪਣੇ ਪ੍ਰਯੋਜਨ ਤੋਂ ਗਿਆਨ ਰਹਿਤ ਹੈ। ਬੀਜ਼ ਚੇਤਨਾ ਰਹਿਤ ਹੋਣ ਕਾਰਨ ਆਪਣਾ ਜੀਵਨ ਬਿੰਨ ਲੋਅ ਗੁਜ਼ਾਰਦਾ ਹੈ। ਆਪਣੇ ਵਿਚਲੇ ਰੁੱਖ ਦਾ ਸੱਚ ਨਾ ਬੀਜ਼ ਜਾਣਦਾ ਹੈ ਨਾ ਬੀਜ਼ ਨੇ ਬੀਜ਼ ਹੋ ਕੇ ਡਿੱਠਾ ਹੈ ਕਿਉਂਕਿ ਰੁੱਖ ਦਾ ਰੂਪ ਧਾਰਨ ਤੱਕ ਬੀਜ਼ ਆਪਣੀ ਹੋਂਦ ਗੁਆ ਬਹਿੰਦਾ ਹੈ। ਬੀਜ਼ 'ਚ ਕਿਸ ਰੁੱਖ ਦੀ ਲੋਅ ਹੈ। ਬੀਜ਼ ਨਹੀਂ ਜਾਣਦਾ। ਬੀਜ਼ ਚੇਤਨਹੀਣ ਹੋਣ ਕਾਰਨ ਆਪਣੀ ਪਹਿਚਾਣ ਦੇ ਅਸਮਰੱਥ ਹੈ। ਰੁੱਖ ਕਦਮ ਦਰ ਕਦਮ ਆਪਣੇ ਬੀਜ਼ 'ਚ ਉੱਤਰਦਾ ਹੈ ਅਤੇ ਫੁੱਲਾਂ ਰਾਹੀਂ ਬੀਜ਼ ਤੱਕ ਅਪੜਦਾ ਹੈ ਆਪਣੇ ਆਦਿ, ਅੰਤ ਦਾ ਸੱਚ ਬੀਜ਼ ਨੂੰ ਅਨੁਭਵ ਕਰਵਾਉਂਦਾ ਹੈ। ਰੁੱਖ ਬੀਜ਼ ਨੂੰ ਆਪਣੀ ਦੇਹ ਦੇ ਆਰ-ਪਾਰ ਵਿਸਥਾਰਦਾ ਹੈ। ਜੜ੍ਹ ਤੋਂ ਲੈ ਕੇ ਫੁੱਲਾਂ ਵਾਲੇ ਬੀਜ਼ ਤੱਕ ਜਿਸ ਵਿਚ ਰੁੱਖ ਵੀ ਹੈ ਜੜ੍ਹ ਵੀ ਹੈ। ਭਾਵ ਸਾਲਮ ਰੁੱਖ ਬੀਜ਼ ਸਮੇਤ ਬੀਜ਼ ਵਿਚ ਬਰਾਜ਼ਮਾਨ ਹੈ।

ਦੂਜਾ ਸਾਰੀ ਪ੍ਰਕਿਰਤੀ ਸ਼ੂਨਯ ਦੀ ਉਪਜ ਹੈ। ਜਿਸ ਵਿਚ ਬੀਜ਼ ਸ਼ੂਨਯ ਹੈ। ਪਰ ਬੀਜ਼ ਵਿਚਲਾ ਸ਼ੂਨਯ ਸਿਰਜਨਾਤਮਿਕ ਹੈ ਕਿਉਂਕਿ ਸਿਰਜਣਾ ਦਾ ਸੱਚ ਆਦਿ ਤੇ ਅੰਤ ਸ਼ੂਨਯ ਹੈ। ਪਰ ਇਸ ਸ਼ੂਨਯ 'ਚੋਂ ਸਿਰਜਣਾ ਦਾ ਪ੍ਰਗਟਾਅ ਇਸ ਗੱਲ ਦਾ ਸਬੂਤ ਹੈ ਕਿ ਉਹ ਸ਼ੂਨਯ ਸਿਰਜਕ ਸ਼ੂਨਯ ਹੈ। ਜਿਸ ਨੂੰ ਮਾਨਵੀ ਭਾਸ਼ਾ ਵਿਚ ਬ੍ਰਹਮ ਕਿਹਾ ਜਾਂਦਾ ਹੈ। ਰੁੱਖ ਦਾ ਚਾਨਣ ਜਦ ਬੀਜ਼ ਦੇ ਜਿਸਮ ਵਿਚ ਟੁਰਦਾ ਹੈ ਜਾਂ ਬੀਜ਼ 'ਚ ਰੁੱਖ ਦਾ ਸੱਚ ਪ੍ਰਵੇਸ਼ਦਾ ਹੈ ਤਾਂ ਰੁੱਖ ਦੇ ਨੈਣ ਨਖਸ਼ ਬੀਜ਼ ਦੇ ਚਿਹਰੇ 'ਤੇ ਉੱਗ ਆਉਂਦੇ ਹਨ। ਰੁੱਖ ਦਾ ਅਕਾਰ ਬੀਜ਼ 'ਚ ਬੀਜ਼ ਦਾ ਆਕਾਰ ਰੁੱਖ 'ਚ ਢਲ ਜਾਂਦਾ ਹੈ। ਬੀਜ਼ ਆਪਣੀ ਹੋਂਦ ਖੋਹ ਜਾਂਦਾ ਹੈ। ਰੁੱਖ ਦਾ ਰੂਪ ਧਾਰਦਾ ਹੈ। ਇਹ ਬੀਜ਼ ਦਾ ਉਹ ਕਾਇਆ ਕਲਪ ਹੈ ਜੋ ਰੁੱਖ ਦੇ ਫੱਲ ਵਿਚ ਹੈ। ਬੀਜ਼ ਨੂੰ ਇਸ ਕਾਇਆ ਕਲਪ ਦਾ ਅਹਿਸਾਸ ਨਹੀਂ ਹੁੰਦਾ ਜਦੋਂ ਬੀਜ਼ ਫੱਲ ਦੇ ਖੋਲ ਤੋਂ ਬਾਹਰ ਹੁੰਦਾ ਹੈ। ਰੁੱਖ ਚੇਤਨਾ ਹੋਣ ਕਾਰਨ ਬੀਜ਼ ਵੱਲ ਟੁਰਦਾ ਹੈ। ਬੀਜ਼ ਦੇ ਪਿੰਡੇ 'ਚੋਂ ਆਪ ਉੱਗਦਾ ਹੈ। ਬੀਜ਼ 'ਚੋਂ ਰੁੱਖ ਦੇ ਉੱਗਣ ਦੀ ਇਸ ਕ੍ਰਿਰਿਆ ਸਮੇਂ ਬੀਜ਼ ਦਾ ਪਿੰਡਾ ਅਰਥ ਹੀ ਅਰਥ ਹੋਇਆ ਹੁੰਦਾ ਹੈ। ਰੁੱਖ ਦਾ ਸੱਚ ਬੀਜ਼ ਦੇ ਅੰਦਰ ਤੱਕ ਫੈਲ ਜਾਂਦਾ ਹੈ। ਬੀਜ਼ ਰੁੱਖ ਹੋ ਜਾਂਦਾ ਹੈ। ਬੀਜ਼ ਰੂਪੀ ਮੰਦਿਰ ਵਿਚ ਰੁੱਖ ਸੱਚ ਦਾ ਦੀਪ ਜਗਦਾ ਹੈ। ਰੁੱਖ ਬੀਜ਼ ਦੇ ਸਵੈ ਤੋਂ ਸਵੈ ਦਾ ਸੱਚ ਹੋ ਜਾਂਦਾ ਹੈ।

ਹਰ ਇੱਕ ਮਨੁੱਖ ਸ਼ਬਦ ਹੈ। ਪਰ ਬੀਜ਼ ਵਾਂਗ ਮਨੁੱਖ ਚੇਤਨਹੀਣ ਨਹੀਂ ਹੈ। ਮਨੁੱਖ ਬੌਧਿਕ ਜਗਿਆਸੂ ਅਤੇ ਚੇਤਨ ਹੈ। ਮਨੁੱਖ ਬੌਧਿਕ ਅਤੇ ਚੇਤਨ ਹੁੰਦਿਆਂ ਵੀ ਆਪਣੇ ਆਤਮਿਕ ਸੱਚ ਤੋਂ ਅਣਜਾਣ ਰਹਿੰਦਾ ਹੈ। ਨਾ ਮਨੁੱਖ ਆਪਣੇ-ਆਪ ਤੋਂ ਵਾਕਿਫ਼ ਹੈ ਨਾ ਮਨੁੱਖ ਨੂੰ ਆਪਣੇ ਅਰਥ ਸੱਚ ਦੀ ਪਹਿਚਾਣ ਹੈ। ਇਹ ਮਨੁੱਖ ਦਾ ਚੇਤਨ ਹੁੰਦਿਆਂ ਵੀ ਦੁਖਾਂਤ ਹੈ। ਮਨੁੱਖ ਨੇ ਆਪਣੇ ਅਰਥ ਦੇ ਸੱਚ ਨੂੰ ਨਿਰਗੁਣ ਦੇਹ ਦਾ ਕਵਚ ਪਹਿਨਾ ਰੱਖਿਆ ਹੈ। ਇਸ ਕਵਚ ਦੀ ਸੁੰਦਰਤਾ ਅਤੇ ਮਹੱਤਤਾ ਦਾ ਯਥਾਰਥ ਸਮਝਣ ਦੀ ਬਜਾਏ ਇਸ ਤੋਂ ਦੂਰ ਰਹਿ ਕੇ ਸਾਰੀ ਉਮਰ ਗੁਆ ਬਹਿੰਦਾ ਹੈ। ਮਨੁੱਖ ਆਪਣੇ-ਆਪ 'ਚ ਇਹ ਓਪਰਾਪਣ ਨਾ ਸਮਝ ਸਕਿਆ ਹੈ, ਨਾ ਭਰ ਸਕਿਆ ਹੈ। ਮਨੁੱਖ ਨੇ ਆਪਣੇ ਸੱਚ ਦੇ ਦਰਪਣ 'ਚ ਆਪਣਾ ਕੂੜਾ ਲਾਲਚ 'ਤੇ ਹੰਕਾਰ ਸਜਾ ਰੱਖਿਆ ਹੈ। ਚੇਤਨ ਬੁੱਧ ਹੁੰਦਿਆ ਵੀ ਮਨੁੱਖ ਨੇ ਆਪਣੇ ਅੰਦਰ ਹਨ੍ਹੇਰੇ ਉਤਾਰ ਰੱਖੇ ਹਨ। ਚੇਤਨ ਬੁੱਧ ਹੁੰਦਿਆ ਵੀ ਆਪਣੇ ਅੰਤਰੀਵ ਸੱਚ ਤੋਂ ਅੱਖਾਂ ਮੀਚ ਰੱਖੀਆ ਹਨ। ਆਪਣੇ ਵਿਖਾਵੇ ਦੇ ਹੰਕਾਰ 'ਚ ਅੰਨ੍ਹਾ ਹੋਇਆ ਫਿਰਦਾ ਹੈ। ਨਾ ਹੀ ਤਾਂ ਮਨੁੱਖ ਆਪਣੇ ਅੰਦਰ ਦੇ ਰੂ-ਬ-ਰੂ ਹੋਇਆ ਹੈ ਅਤੇ ਨਾ ਹੀ ਆਪਣੇ ਸੱਚ ਤੋਂ ਭਰਮੀ ਦੇਹ ਨੂੰ ਉਤਾਰਿਆ ਹੈ। ਨਾ ਆਪਾ ਜੀਵਿਆ ਹੈ, ਨਾ ਆਪਾ ਮਾਰਿਆ ਹੈ। ਨਾ

ਹੀ ਦੇਹ ਦੀ ਸੀਮਾ ਟੱਪਿਆ, ਮਨੁੱਖ ਦਾ ਸੱਚ ਸਦਾ ਮਨੁੱਖ ਦਾ ਰਿਹਾ ਹੈ ਪਰ ਮਨੁੱਖ ਆਪਣੇ ਸੱਚ ਦਾ ਕਦੀ ਨਹੀਂ ਹੋਇਆ।

ਮਨੁੱਖ ਨਿਰਜੀਵ ਨਹੀਂ। ਮਨੁੱਖ 'ਚ ਚੇਤਨਾ ਹੈ ਜੋ ਮਨੁੱਖੀ ਸ਼ਖਸੀਅਤ ਨੂੰ ਵਿਕਸਤ ਕਰਨ ਦਾ ਸਾਰੇ ਬ੍ਰਹਮੰਡ ਵਿਚ ਇੱਕੋ-ਇੱਕ ਮਨੁੱਖ ਕੋਲ ਸਾਧਨ ਮਾਤਰ ਹੈ। ਮਨੁੱਖ ਜੇ ਆਪਣੇ ਸੱਚ ਵੱਲ ਟੁਰਦਾ ਤਾਂ ਸੱਚ ਤੋਂ ਆਪਣਾ ਖੋਲ ਉਤਾਰ ਕੇ ਜੀਵਨ ਧਰਾਤਲ 'ਤੇ ਵਿਚਰਦਾ। ਜੀਵਨ 'ਚ ਸੱਚ ਦੇ ਅਰਥ ਬੀਜ਼ਦਾ, ਆਪਣੀ ਦੁਨਿਆਵੀ ਮੁਥਾਜ਼ੀ ਤੋਂ ਮੁਕਤ ਹੁੰਦਾ, ਬਿੰਦੂ ਤੋਂ ਦਾਇਰੇ ਦਾ ਅਕਾਰ ਧਾਰਦਾ, ਸੱਚ ਦੀ ਅਸੀਮਤਾ 'ਚ ਅੱਪੜਦਾ, ਮਨੁੱਖ ਦੇਹ ਦੀ ਪ੍ਰਕਿਰਤੀ ਤਿਆਗ ਪ੍ਰਕਿਰਤੀ ਦੇ ਸਿਰਜਕ ਦਾ ਸੱਚ ਦੇਹੀ 'ਚ ਉਤਾਰਦਾ, ਆਪਣੀ ਧਰਤੀ ਆਪਣਾ ਆਪਣਾ ਅੰਬਰ ਸਿਰਜਦਾ। ਸੱਚ ਦਾ ਨੂਰ ਹੋ ਸ੍ਰਿਸਟੀ, ਪ੍ਰਕਿਰਤੀ ਤੇ ਧਰਤੀ 'ਤੇ ਵਿਚਰਦਾ ਹੈ। ਆਪਣੀ ਨੁਹਾਰ ਬਦਲਦਾ ਨਵੀਂ ਦੁਨੀਆ ਦਾ ਨਿਰਮਾਣ ਕਰਦਾ ਹੈ। ਮਨੁੱਖ ਜੇ ਆਪਣੇ ਅਰਥ ਦਾ ਸੱਚ ਸਮਝਦਾ ਤਾਂ ਅੰਬਰ ਨਜ਼ਰਾਂ 'ਚ ਸਾਗਰ ਕੰਠਾਂ 'ਚ ਉਤਾਰਦਾ। ਆਪਣੇ ਅਰਥ ਦੀ ਲੋਅ ਆਕਾਸ਼ਾਂ, ਪਤਾਲਾਂ, ਧਰਤੀਆਂ, ਚੰਨਾਂ, ਸੂਰਜਾਂ, ਤਾਰਿਆਂ 'ਚ ਖਿਲਾਰਦਾ ਅੰਬਰੀ ਸਵਰਗ ਧਰਤੀ 'ਤੇ ਉਤਾਰਦਾ।

ਮਨੁੱਖ ਆਪੇ 'ਚ ਗੁਆਚਾ ਵੀ ਚੇਤਨ ਹੈ। ਗੁੰਮਨਾਮੀ 'ਚੋਂ ਬਾਹਰ ਨਿਕਲਣ ਲਈ ਤਤਪਰ ਰਹਿੰਦਾ ਹੈ। ਆਪਣੀ ਸਦਾ ਹੀ ਸੁਰੱਖਸ਼ਾ ਲੋਚਦਾ ਹੈ। ਹਨ੍ਹੇਰੇ ਤੋਂ ਚਾਨਣ ਵੱਲ ਟੁਰਨ ਦਾ ਇੱਛਕ ਹੈ। ਵਿਚਾਰਨ ਵਾਲੀ ਗੱਲ ਹੈ, ਫਿਰ ਮਨੁੱਖ ਆਪਣਾ ਸੱਚ ਜਾਣਨ ਲਈ ਕਿਉਂ ਅਵੇਸਲਾ ਹੈ ਕਿਉਂਕਿ ਆਧੁਨਿਕਤਾ ਦੇ ਵਿਕਾਸੀ ਪ੍ਰਤੀਕਰਮ ਕਾਰਨ ਮਨੁੱਖ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਦੀ ਆਕਰਸ਼ਕਤਾ ਵਿਚ ਇੰਨ੍ਹਾ ਗ੍ਰਸਿਆ ਹੋਇਆ ਹੈ ਕਿ ਬਾਹਰ ਨਿਕਲਣਾ ਚਾਹੁੰਦਾ ਹੋਇਆ ਵੀ ਬਾਹਰ ਨਹੀਂ ਨਿਕਲ ਸਕਦਾ ਕਿਉਂਕਿ ਪਦਾਰਥਕ ਵਿਕਾਸ ਦੀ ਸੁੰਦਰਤਾ ਮਨੁੱਖ ਅੰਦਰ ਲੋਭ, ਮੋਹ ਤੇ ਲਾਲਚ ਪੈਦਾ ਕਰਦੀ ਹੈ। ਪਦਾਰਥਕ ਵਿਕਾਸ ਨੇ ਮਨੁੱਖ ਨੂੰ ਆਪਣੀ ਮੁਥਾਜ਼ੀ ਦਾ ਇੰਨ੍ਹਾ ਆਦੀ ਬਣਾ ਲਿਆ ਹੈ ਕਿ ਇਸ ਬਿੰਨ ਮਨੁੱਖ ਲਈ ਜੀਉਣਾ ਅਸੰਭਵ ਹੈ। ਦੂਜਾ ਮਨੁੱਖ ਲਈ ਆਪਣਾ ਸੱਚ ਜਾਣੇ ਤੋਂ ਬਿਨ੍ਹਾਂ ਵੀ ਜੀਵਨ ਗੁਜ਼ਾਰਨਾ ਬਹੁਤ ਮੁਸ਼ਕਿਲ ਨਹੀਂ। ਸ਼ਾਇਦ ਇਸ ਲਈ ਵੀ ਮਨੁੱਖ ਆਪਣਾ ਸੱਚ ਜਾਣਨਾ ਨਹੀਂ ਚਾਹੁੰਦਾ। ਪਦਾਰਥਕ ਵਿਕਾਸ ਰਾਹੀਂ ਪ੍ਰਾਪਤ ਪ੍ਰਾਪਤੀਆਂ ਦੀਆਂ ਸ਼ਕਤੀਆਂ ਨੇ ਮਨੁੱਖ ਅੰਦਰ ਸ਼ਕਤੀ ਦਾ ਅਜਿਹਾ ਅਹਿਸਾਸ ਪੈਦਾ ਕਰ ਦਿੱਤਾ ਹੈ ਕਿ ਮਨੁੱਖ ਹੰਕਾਰੀ ਤੇ ਲਾਲਚੀ ਹੋ ਗਿਆ ਹੈ। ਪਦਾਰਥਕ ਵਿਕਾਸ ਦੀਆਂ ਪ੍ਰਾਪਤੀਆਂ 'ਚੋਂ ਮਨੁੱਖ ਸੁੱਧ ਅਤੇ ਆਰਾਮ ਮਹਿਸੂਸ ਕਰਦਾ ਹੈ। ਪਦਾਰਥਕ ਵਿਕਾਸ ਦੀ

ਕਾਰਜ ਪ੍ਰਣਾਲੀ ਵਿਚ ਇੰਨੀ ਚਹਿਲ ਪਹਿਲ ਰੌਣਕਾਂ ਰੰਗੀਨੀਆਂ ਖਿੱਚ ਅਤੇ ਸੁੱਖ ਆਰਾਮ ਹੈ ਕਿ ਮਨੁੱਖ ਇਨ੍ਹਾਂ ਦੇ ਮੋਹ ਵਿਚ ਸੱਭ ਕੁੱਝ ਵਿਸਰ ਗਿਆ ਹੈ। ਮਨੁੱਖੀ ਚੇਤਨਾ ਨੂੰ ਪਦਾਰਥਕ ਵਿਕਾਸ ਨੇ ਕਾਰਜਸ਼ੀਲ ਰਹਿਣ ਦੇ ਯੋਗ ਛੱਡਿਆ ਹੀ ਨਹੀਂ। ਇਸੇ ਕਾਰਨ ਵੀ ਮਨੁੱਖੀ ਆਪਣੇ ਸੱਚ ਦੀ ਤਲਾਸ਼ ਵੱਲ ਕਦਮ ਨਹੀਂ ਪੁੱਟਦਾ।

ਬੀਜ਼ ਚੇਤਨ ਰਹਿਤ ਹੈ ਇਸ ਲਈ ਰੁੱਖ ਦਾ ਸੱਚ ਬੀਜ਼ ਵੱਲ ਗਤੀਸ਼ੀਲ ਹੈ। ਇਹ ਕੁਦਰਤ ਦੇ ਵਿਕਸਤ ਹੋਣ ਦਾ ਸਿਧਾਂਤ ਹੈ। ਪਰ ਮਨੁੱਖ ਜੀਵਨ ਦਾ ਵਿਕਾਸਮਈ ਸਿਧਾਂਤ ਇਸ ਦੇ ਉਲਟ ਹੈ। ਜੀਵਨ ਵਿਚ ਮਨੁੱਖ ਨੂੰ ਆਪਣਾ ਸੱਚ ਭਾਲਣ ਲਈ ਗਤੀਸ਼ੀਲ ਰਹਿਣਾ ਪੈਂਦਾ ਹੈ ਅਤੇ ਸੰਘਰਸ਼ ਕਰਨਾ ਪੈਂਦਾ ਹੈ। ਜੀਵਨ ਵਿਚ ਮਨੁੱਖ ਸੱਚ ਵੱਲ ਟੁਰਦਾ ਹੈ। ਕੁਦਰਤ ਵਿਚ ਸੱਚ ਬੀਜ਼ ਵੱਲ ਟੁਰਦਾ ਹੈ। ਪ੍ਰਕਿਰਤੀ ਵਿਚ ਸਿਰਜਕ ਸਿਰਜਣਾ ਵੱਲ ਟੁਰਦਾ ਹੈ। ਮਨੁੱਖੀ ਜੀਵਨ ਵਿਚ ਸਿਰਜਣਾ ਸਿਰਜਕ ਵੱਲ ਟੁਰਦੀ ਹੈ। ਮਨੁੱਖੀ ਜੀਵਨ ਵਿਚ ਮਨੁੱਖ ਨੂੰ ਆਪਣਾ ਸੱਚ ਭਾਲਣ ਦੀ ਲੋੜ ਹੈ ਕਿਉਂਕਿ ਅਧਿਆਤਮਿਕ ਅਨੁਸਾਰ ਮਨੁੱਖੀ ਜੀਵਨ ਦਾ ਪ੍ਰਯੋਜਨ ਮਨੁੱਖ ਨੂੰ ਜੀਉਂਦੇ ਜੀਅ ਜਾਣਨਾ ਚਾਹੀਦਾ ਹੈ। ਇਸ ਪ੍ਰਯੋਜਨ ਲਈ ਮਨੁੱਖ ਨੂੰ ਸੱਭ ਤੋਂ ਪਹਿਲਾਂ ਆਪਣਾ-ਆਪ ਜਾਣਨ ਦੀ ਲੋੜ ਹੈ ਕਿ ਮਨੁੱਖ ਕੀ ਹੈ, ਕੌਣ ਹੈ, ਕਿੱਥੋਂ ਆਇਆ ਹੈ। ਕਿੱਥੇ ਜਾਣਾ ਹੈ। ਮਨੁੱਖ ਦਾ ਆਦਿ ਅੰਤ ਕੀ ਹੈ। ਜੀਵਨ ਦਾ ਪ੍ਰਯੋਜਨ ਕੀ ਹੈ। ਉਂਝ ਵੀ ਪਦਾਰਥਕ ਵਿਕਾਸ ਨੇ ਇਹ ਸਵਾਲ ਅਜੋਕੇ ਮਨੁੱਖ ਦੇ ਮੱਥੇ 'ਚ ਪੈਦਾ ਕਰ ਦਿੱਤੇ ਹਨ। ਇਨ੍ਹਾਂ ਸਵਾਲਾਂ ਦੇ ਜਵਾਬਾਂ ਦੀ ਅਜੋਕੇ ਮਨੁੱਖ ਨੂੰ ਲੋੜ ਹੈ। ਇਸ ਲਈ ਮਨੁੱਖੀ ਸ਼ਬਦ ਸੱਚ ਵੱਲ ਵਿਕਾਸ ਕਰਦਾ ਹੈ ਪਰ ਬੀਜ਼ ਅਤੇ ਮਨੱਖੀ ਸ਼ਬਦ ਦੇ ਵਿਕਾਸ ਦਾ ਭਾਵ ਅਤੇ ਮੰਤਵ ਸਿਰਫ਼ ਸੱਚ ਦੀ ਪ੍ਰਾਪਤੀ ਹੈ। ਸਿਰਫ਼ ਵਿਕਾਸ ਕਰਨ ਦੀਆਂ ਵਿਧੀਆਂ ਅਲੱਗ-ਅਲੱਗ ਹਨ। ਇਹ ਵਿਕਾਸ ਕਿਸ ਵਲੋਂ ਕਿਸ ਵੱਲ ਹੁੰਦਾ ਹੈ, ਇਹ ਇੱਕ ਵੱਖਰੀ ਗੱਲ ਹੈ ਪਰ ਦੋਹਾਂ ਦਾ ਮਕਸਦ ਇੱਕੋ ਹੈ। ਬੀਜ਼ ਤੋਂ ਰੁੱਖ ਅਤੇ ਮਨੁੱਖ ਤੋਂ ਮਨੁੱਖੀ ਸੱਚ ਦਾ ਵਿਕਾਸ ਕੁਦਰਤੀ ਜੀਵਨ ਅਤੇ ਮਨੁੱਖੀ ਜੀਵਨ ਦੋਹਾਂ ਪੱਖਾਂ ਤੋਂ ਇਸ ਲਈ ਮਹੱਤਵਪੂਰਨ ਹੈ ਕਿ ਸੱਚ ਦੀ ਪ੍ਰਾਪਤੀ 'ਚੋਂ ਹੀ ਵਿਸ਼ਵ ਸੱਚ ਦੀ ਰੂਪ-ਰੇਖਾ ਸਿਰਜੀ ਜਾ ਸਕਦੀ ਹੈ। ਮਾਨਵੀ ਤੌਰ 'ਤੇ ਵੀ ਅਤੇ ਕੁਦਰਤੀ ਤੌਰ 'ਤੇ ਵੀ। ਵਿਸ਼ਵ ਜੀਵਨ ਮਨੁੱਖਤਾ ਅਨੁਕੂਲ ਹੋ ਸਕਦਾ ਹੈ ਪਰ ਇਹ ਮਨੁੱਖੀ ਸੰਘਰਸ਼ ਅਤੇ ਮਨੁੱਖੀ ਵਿਚਾਰਧਾਰਾ 'ਤੇ ਨਿਰਭਰ ਹੈ। ਮਨੁੱਖ ਜੀਵਨ ਵਿਚ ਕਿਸੇ ਵੀ ਸਫ਼ਰ ਲਈ ਕਦਮ ਪੁੱਟੇ ਜਾਣ, ਉਸ ਸਫ਼ਰ ਦਾ ਅਗਾਜ਼ ਅਤੇ ਹਸ਼ਰ ਮਨੁੱਖੀ ਪੁੱਟੇ ਪਹਿਲੇ ਕਦਮ ਵਿਚ ਹੀ ਹੁੰਦਾ ਹੈ। ਲੋਕ ਜੀਵਨ ਵਿਚ ਜਿਉਣ ਦੇ ਆਦੀ ਹੋ ਜਾਂਦੇ ਹਨ, ਆਦਤਨ

ਰਾਹਾਂ 'ਤੇ ਹੀ ਸਫ਼ਰ ਕਰਦੇ ਹਨ। ਬਹੁਤ ਘੱਟ ਲੋਕ ਹਨ ਜੋ ਨਵੀਆਂ ਰਾਹਾਂ, ਨਵੀਆਂ ਮੰਜ਼ਿਲਾਂ, ਨਵੇਂ ਦਿਸਹੱਦੇ ਸਿਰਜਦੇ ਹਨ। ਜੀਵਨ ਤਬਦੀਲੀ ਦਾ ਨਾਮ ਹੈ। ਤਬਦੀਲੀ 'ਚ ਜੀਵਨ ਦਾ ਸੱਜਰਾਪਣ, ਨਿਵੇਕਲਾਪਣ ਅਤੇ ਬਲਵਾਨ ਗਤੀਸ਼ੀਲਤਾ ਦੇ ਅਕੂੰਰ ਹੁੰਦੇ ਹਨ। ਜੀਵਨ ਬਿੰਦੂਆਂ ਤੋਂ ਦਾਇਰਿਆ ਦੇ ਸਫ਼ਰ ਦੇ ਵਿਕਾਸ ਦਾ ਨਾਮ ਹੈ। ਜਿਸ 'ਚੋਂ ਨਿਰੋਏ ਭਵਿੱਖ ਸੰਤੁਲਨ ਵਰਤਮਾਨ ਅਤੇ ਅਮੀਰ ਭੂਤ ਦੀ ਸਿਰਜਣਾ ਸੰਭਵ ਹੁੰਦੀ ਹੈ। ਜੀਵਨ ਦੀ ਤਾਜ਼ਗੀ ਅਤੇ ਨਿਰੋਆਪਣ ਦੇ ਵਿਕਾਸ ਲਈ ਮਨੁੱਖ ਵਲੋਂ ਪੁੱਟੇ ਪਹਿਲੇ ਕਦਮ ਦੀ ਮਹੱਤਤਾ ਦਰਸਾਉਂਦੀ ਹੈ ਕਿ ਅਗਾਜ਼ ਹੀ ਮੰਤਵ ਦੀ ਪ੍ਰਾਪਤੀ ਹੈ। ਇਸ ਲਈ ਜੀਵਨ ਜਿਨ੍ਹਾਂ ਵਿਕਾਸ ਪਦਾਰਥ ਦਾ ਜ਼ਰੂਰੀ ਹੈ ਉਨ੍ਹਾ ਵਿਕਾਸ ਹੀ ਮਨੁੱਖ ਦਾ ਜ਼ਰੂਰੀ ਹੈ। ਇਸ ਬਾਰੇ ਆਧੁਨਿਕਤਾ ਦਾ ਵਿਸ਼ਾ ਨਿਸ਼ਚਿਤ ਕਰਨ ਵਾਲੇ ਜਾਂ ਪਦਾਰਥਕ ਵਿਕਾਸ ਨੂੰ ਪਹਿਲ ਦੇਣ ਵਾਲੇ ਵਿਦਵਾਨਾਂ ਨੂੰ ਸੋਚਣਾ ਚਾਹੀਦਾ ਸੀ ਕਿਉਂਕਿ ਵਿਕਸਤ ਮਾਨਵੀ ਚੇਤਨਾ ਹੀ ਵਿਸ਼ਵ ਦੀ ਕਾਰਜ ਪ੍ਰਣਾਲੀ ਵਿਚ ਸੰਤੁਲਨ ਰੱਖਣ ਦੀ ਸਮਰੱਥਾ ਰੱਖਦੀ ਹੈ।

ਜੀਵਨ ਦੇ ਵਿਕਾਸ ਲਈ ਇੱਕ ਮੂਲ ਤੱਤ ਹੈ ਵਰਤਮਾਨ। ਵਰਤਮਾਨ ਦੀ ਮਹੱਤਤਾ ਬਾਰੇ ਮਨੁੱਖ ਨੂੰ ਵਧੇਰੇ ਚੇਤਨ ਅਤੇ ਕਾਰਜਸ਼ੀਲ ਹੋਣ ਦੀ ਲੋੜ ਹੈ। ਮਨੁੱਖੀ ਇਤਿਹਾਸਕ ਅਭਿਆਸ 'ਤੇ ਅਧਾਰਿਤ ਵਰਤਮਾਨ ਦੀ ਮਹੱਤਤਾ ਸਮੇਂ ਦੀਆਂ ਮੂਲ ਪ੍ਰਵਿਰਤੀਆਂ 'ਚੋਂ ਇੱਕ ਹੈ। ਜੀਵਨ ਦੀ ਨੀਂਹ ਅਤੇ ਵਿਕਾਸ ਦਾ ਅਧਾਰ ਵਰਤਮਾਨ ਹੈ। ਵਰਤਮਾਨ ਦੀ ਮਹੱਤਤਾ ਸਮਝਣ ਵਾਲੀ ਮਨੁੱਖੀ ਪ੍ਰਵਿਰਤੀ ਵਿਸ਼ਵ ਭਵਿੱਖ ਦੇ ਲਹੂ ਦੀ ਗਤੀ ਸਮਾਨ ਹੈ। ਮਨੁੱਖੀ ਇਤਿਹਾਸ ਇਸ ਗੱਲ ਨੂੰ ਸਿੱਧ ਕਰਦਾ ਹੈ। ਕਿ ਵਰਤਮਾਨ ਹੀ ਉਜਲੇ ਭਵਿੱਖ ਦਾ ਚਿਹਰਾ-ਮੋਹਰਾ, ਰੰਗ-ਰੂਪ ਅਤੇ ਗੌਰਵਮਈ ਭੂਤ ਦੀ ਕੁੱਖ ਹੈ। ਮਨੁੱਖ ਇੱਕ ਰੁੱਖ ਵਾਂਗ ਹੈ। ਜਿਸ ਦੇ ਪਿੱਛੇ ਅਣਸੁਖਾਵੇ ਭੂਤ ਦੀ ਸੰਕੇਤਕ ਭਵਿੱਖਮਈ ਹਨ੍ਹੇਰੀ ਹੈ। ਜਿਸ ਵਿਚ ਰੁੱਖ ਨੂੰ ਜੜ੍ਹ ਤੋਂ ਉਖਾੜ ਦੇਣ ਦੀ ਸ਼ਕਤੀ ਹੈ। ਰੁੱਖ ਦੇ ਅੱਗੇ ਇੱਕ ਜੰਗਲ ਦਾ ਕਵਚ ਹੈ। ਭਵਿੱਖ ਵਿਚ ਰੁੱਖ ਦੀ ਯਥਾਰਥਕ ਦਸ਼ਾ ਦਾ ਅਕਸ਼ ਰੁੱਖ ਨੂੰ ਵਰਤਮਾਨ ਵਿਖਾਉਂਦਾ ਹੈ। ਜੇ ਰੁੱਖ ਜੰਗਲ ਦਾ ਕਵਚ ਪਹਿਨ ਲੈਂਦਾ ਹੈ ਤਾਂ ਉਸ ਦੇ ਪਿੱਛੇ ਆ ਰਹੀ ਹਨ੍ਹੇਰੀ ਅਸਫ਼ਲ ਹੈ ਅਤੇ ਭਵਿੱਖ ਵਿਚ ਰੁੱਖ ਦੀ ਸੁਰੱਖਸ਼ਾ ਨਿਸ਼ਚਿਤ ਹੈ। ਰੁੱਖ ਲਈ ਵਰਤਮਾਨ 'ਚੋਂ ਇਸ ਦੇ ਜੰਗਲੀ ਕਵਚ ਦੀ ਮਹੱਤਤਾ ਸਮਝਣ ਦੀ ਲੋੜ ਹੈ। ਜਿਸ ਨਾਲ ਰੁੱਖ ਦੀ ਸੁਰੱਖਸ਼ਾ ਭਵਿੱਖ 'ਚ ਕਾਇਮ ਰਹਿ ਸਕਦੀ ਹੈ।

ਭੂਤ ਮਨੁੱਖੀ ਕੰਡ ਦਾ ਪ੍ਰਤੀਕ ਹੈ। ਕੰਡ ਤੋਂ ਭਾਵ ਭੂਤ 'ਚੋਂ ਮਨੁੱਖੀ ਅਸਫ਼ਲਤਾ ਮਨੁੱਖ ਦਾ ਪਿੱਛਾ ਕਰਦੀਆਂ ਆ ਰਹੀ ਹੈ। ਮਨੁੱਖ ਦਾ ਅੱਗਾ

ਭਵਿੱਖ ਦਾ ਪ੍ਰਤੀਕ ਹੈ। ਜਿਸ ਵਿਚ ਸਭ ਕੁੱਝ ਤਿੜਕਿਆ ਪਿਆ ਹੈ, ਖੰਡਰ ਹੋਇਆ ਪਿਆ ਹੈ। ਮਨੁੱਖ ਦਾ ਵਿਚਲਾ ਜੋ ਪਿੱਠ ਅਤੇ ਅੱਗੇ ਦੇ ਵਿਚਕਾਰ ਹੈ ਵਰਤਮਾਨ ਦਾ ਪ੍ਰਤੀਕ ਹੈ। ਜੋ ਮਨੁੱਖੀ ਦੇਹ ਦੀ ਸਿੱਧ ਪੁੱਠ ਭਾਵ ਭਵਿੱਖ ਅਤੇ ਭੂਤ ਨੂੰ ਸਮਰਪਤ ਹੈ। ਜੇ ਮਨੁੱਖ ਭਵਿੱਖ ਵਿਚ ਤੱਕਦਾ ਹੈ ਤਾਂ ਮਨੁੱਖੀ ਦਰਪਣ ਤਿੜਕਿਆ ਨਜ਼ਰ ਆਉਂਦਾ ਹੈ, ਜੇ ਭੂਤ ਵਿਚ ਪਰਤਦਾ ਹੈ ਤਾਂ ਵਿਚਲਾ ਹਿੱਸਾ ਭਾਵ ਵਰਤਮਾਨ ਅਣਗੌਲਿਆ ਰਹਿ ਜਾਂਦਾ ਹੈ। ਨਾ ਭੂਤ ਵਿਚ ਲਿਖਿਆ ਪੜ੍ਹਿਆ ਜਾਂਦਾ ਹੈ ਨਾ ਭਵਿੱਖ 'ਚ ਉਸਾਰਿਆ ਤਸੱਲੀਬਖ਼ਸ਼ ਨਜ਼ਰ ਆਉਂਦਾ ਹੈ। ਪਦਾਰਥਕ ਵਿਕਾਸ ਨੇ ਮਨੁੱਖ ਦੀ ਕੁੱਝ ਇਹੋ ਜਿਹੀ ਦਸ਼ਾ ਕਰ ਦਿੱਤੀ ਹੈ ਕਿ ਜੀਵਨ ਦੀ ਤੇਜ਼ ਰਫ਼ਤਾਰ, ਰੁਝੇਵਿਆ ਅਤੇ ਮਨੁੱਖ ਦੀ ਵਿਖੰਡਤ ਸ਼ਖ਼ਸੀਅਤ ਮਨੁੱਖ ਨੂੰ ਆਪਣੀ ਇਕਾਈ ਆਪਣੇ ਸੱਚ ਹੋਂਦ ਤੇ ਸ਼ਨਾਖਤ ਦੇ ਅਰਥ ਜਾਣਨ ਦਾ ਮੌਕਾ ਹੀ ਨਹੀਂ ਦਿੰਦੀ। ਮਨੁੱਖ ਪਦਾਰਥਕ ਵਿਕਾਸ ਹੇਠ ਆਇਆ ਇੰਨ੍ਹਾ ਅਸਮਰੱਥ ਹੈ ਕਿ ਉਸ ਲਈ ਆਪਣੇ ਸਵੈ ਤੇ ਕੇਂਦਰਿਤ ਕਰਨਾ ਤਾਂ ਦੂਰ ਉਸ ਲਈ ਆਪਣੇ-ਆਪ ਵਿਚ ਸਾਹ ਲੈਣਾ ਵੀ ਕਠਿਨ ਹੈ। ਦੂਜਾ ਪਦਾਰਥਕ ਵਿਕਾਸ ਦੇ ਪ੍ਰਭਾਵ ਦੇ ਬਰਾਬਰ ਖੋਲਣ ਲਈ ਅਤੇ ਆਪਣੇ ਸੱਚ ਦੀ ਪਹਿਚਾਣ ਲਈ ਮਨੁੱਖੀ ਸਵੈ ਵਿਕਾਸ ਦਾ ਹੋਣਾ ਜ਼ਰੂਰੀ ਸੀ ਤਾਂ ਕਿ ਮਨੁੱਖ ਸ਼ਕਤੀ ਨਾਲ ਪਦਾਰਥਕ ਵਿਕਾਸ ਦਾ ਸਾਹਮਣਾ ਕਰ ਸਕਦਾ ਅਤੇ ਸਵੈ ਵਿਕਾਸ ਲਈ ਊਰਜਿਤ ਰਹਿੰਦਾ ਪਰ ਪਦਾਰਥਕ ਵਿਕਾਸ ਨੇ ਮਨੱਖੀ ਵਰਤਮਾਨ ਵਿਚ ਇਸ ਦੀ ਸੰਭਾਵਾਨਾ ਰਹਿਣ ਹੀ ਨਹੀਂ ਦਿੱਤੀ। ਤੁਸੀਂ ਆਪ ਹੀ ਸੋਚੋ ਕਿੰਨ੍ਹਾ ਵਕਤ ਆਪਣੇ ਨਾਲ ਬਹਿ ਕੇ ਗੁਜ਼ਾਰਦੇ ਹੋ। ਕਿਨ੍ਹੀ ਵਾਰੀ ਆਪਣੀ ਦੇਹ ਦੇ ਦਰਵਾਜ਼ੇ 'ਤੇ ਦਸਤਕ ਦਿੰਦੇ ਹੋ। ਆਪਣੇ ਅੰਦਰ ਆਪਣੀ ਹਾਜ਼ਰੀ ਅਨੁਭਵ ਕਰਨ ਲਈ ਕਦੋਂ ਆਪਣੇ ਸਨਮੁੱਖ ਹੋ ਕੇ ਆਪਣੇ-ਆਪ ਵਿਚ ਵਿਚਰਦੇ ਹੋ। ਆਪਣੇ ਆਪ ਨਾਲ ਵਾਰਤਾਲਾਪ ਕਰਦੇ ਹੋ। ਜਵਾਬ ਹੋਵੇਗਾ ਕਦੀ ਵੀਂ ਨਹੀਂ। ਸਾਡਾ ਕੋਲ ਇੰਨਾ ਵਕਤ ਕਿੱਥੇ ਹੈ। ਪਦਾਰਥਕ ਵਿਕਾਸ ਦੀ ਤੇਜ਼ ਰਫ਼ਤਾਰ ਵਿਚ ਤੁਹਾਡੇ ਕੋਲ ਇਹ ਸੱਭ ਕਰਨ ਦੀ ਗੁੰਜ਼ਾਇਸ਼ ਹੀ ਨਹੀਂ, ਵੇਹਲ ਹੀ ਨਹੀਂ। ਤੁਹਾਡੀ ਇਸ ਹਾਲਤ ਵਿਚ ਇਸ ਅਵਸਥਾ 'ਤੇ ਸਥਿਤੀ ਵਿਚ ਕਿਸ ਨੇ ਲਿਆ ਕੇ ਖੜ੍ਹਾ ਕੀਤਾ ਹੈ। ਜੁਆਬ ਹੈ ਪਦਾਰਥਕ ਵਿਕਾਸ ਨੇ।

ਇਸ ਮਨੁੱਖੀ ਦੁਬਿਧਾ ਦੀ ਅਵਸਥਾ ਵਿਚ ਮਨੁੱਖੀ ਜਿਸਮ ਦੇ ਮੱਧ ਨੂੰ ਜੋ ਵਰਤਮਾਨ ਦਾ ਪ੍ਰਤੀਕ ਹੈ। ਉਸ ਨੂੰ ਭੂਤ ਤੇ ਭਵਿੱਖ ਤਿਆਗਣਾ ਪਏਗਾ। ਭੂਤ ਤੇ ਭਵਿੱਖ ਦੀ ਦੇਹ ਤੋਂ ਬਾਹਰ ਆਉਣਾ ਪਵੇਗਾ। ਵਰਤਮਾਨ ਨੂੰ ਆਪਣੇ-ਆਪ 'ਚੋਂ ਆਪਣਾ ਭੂਤ ਤੇ ਭਵਿੱਖ ਨਿਚੋੜਨਾ ਪਵੇਗਾ। ਵਰਤਮਾਨ ਨੂੰ ਵਰਤਮਾਨ ਦੀ ਦੇਹ ਤੇ ਆਪਣੀ ਹਾਜ਼ਰੀ ਭਰਨ ਲਈ ਦਸਤਕ ਦੇਣੀ ਪਵੇਗੀ। ਆਪਣੀ

ਹੋਂਦ ਦਾ ਸੱਚ ਕਿ ਵਰਤਮਾਨ ਹੀ ਭੂਤ ਅਤੇ ਭਵਿੱਖ ਦੀ ਜੜ੍ਹ ਹੈ, ਦੀ ਪ੍ਰਤੀਤੀ ਕਰਨੀ ਪਵੇਗੀ। ਇਸ ਤਰ੍ਹਾਂ ਵਰਤਮਾਨ ਆਪਣੇ 'ਚੋਂ ਭਵਿੱਖ ਲਈ ਅਤੇ ਭੂਤ ਲਈ ਸ਼ਕਤੀਸ਼ਾਲੀ ਭੂਤ ਸਿਰਜਣ ਦੇ ਯੋਗ ਹੋ ਸਕੇਗਾ। ਵਰਤਮਾਨ ਦੇ ਸੱਚ ਨੂੰ ਅਪਣਾਉਣ ਲਈ ਇਹ ਤਰਕਸ਼ੀਲ ਵਿਧੀ ਅਤੇ ਅਨੁਭਵ ਮਨੁੱਖ ਲਈ ਲਾਜ਼ਮੀ ਹੈ ਤਾਂ ਕਿ ਮਨੁੱਖਤਾ ਅਨੁਕੂਲ ਭਵਿੱਖ ਅਤੇ ਭੂਤ ਸਿਰਜਿਆ ਜਾ ਸਕੇ। ਇਹ ਪ੍ਰਵਿਰਤੀ ਵਰਤਮਾਨ ਵਾਂਗ ਮਨੁੱਖੀ ਹੋਂਦ ਦੇ ਵਿਕਾਸ 'ਚੋਂ ਜਨਮਦੀ ਹੈ ਅਤੇ ਆਕਾਰ ਰਹਿਤ ਮਾਨਵਤਾ ਦਾ ਰੂਪ ਧਾਰਨ ਕਰਦੀ ਹੋਈ ਵਾਪਰਦੀ ਹੈ ਅਤੇ ਮਨੁੱਖਤਾ ਅਨੁਕੂਲ ਵਿਚਰਦੀ ਹੈ। ਪਰ ਇਸ ਦੀ ਪ੍ਰਾਪਤੀ ਮਨੁੱਖੀ ਸਵੈ ਬੋਧ ਦੇ ਕਿਸੇ ਦੀ ਲਖਾਇਕ ਹੈ ਤਾਂ ਕਿ ਮਨੁੱਖ ਪਦਾਰਥਵਾਦ ਤੋਂ ਉੱਚਾ ਉਠ ਕੇ ਵਿਸ਼ਵ ਜੀਵਨ ਵਿਚ ਸੰਤੁਲਨਤਾ ਦਾ ਨਿਰਮਾਣ ਕਰ ਸਕੇ।

ਪਦਾਰਥਕ ਵਿਕਾਸ 'ਚੋਂ ਪੈਦਾ ਹੋਈਆਂ ਮਾਨਸਿਕ ਪ੍ਰਵਿਰਤੀਆਂ ਦੋ ਤਰ੍ਹਾਂ ਦੀਆਂ ਹਨ। ਇਕ ਮਾਯੂਸੀ ਦਾ ਰੂਪ ਹੈ। ਜੋ ਮਨੁੱਖੀ ਮਾਨਸਿਕਤਾ ਦੀ ਬਲਹੀਣ ਪ੍ਰਵਿਰਤੀ ਹੈ। ਦੂਸਰਾ ਰੂਪ ਹੈ ਹਿੰਮਤ ਦਾ ਜੋ ਮਨੁੱਖੀ ਮਾਨਸਿਕਤਾ ਦੀ ਬਲਵਾਨ ਰੁੱਚੀ ਹੈ। ਮਨੁੱਖ ਮਾਯੂਸੀ ਅਧੀਨ ਵਿਚਰਦਾ ਹੋਇਆ ਵੀ ਆਪਣੀ ਬਲਵਾਨ ਪ੍ਰਵਿਰਤੀ ਦੀ ਸ਼ੁਰੂ ਤੋਂ ਮੁਕੰਮਲ ਰੂਪ ਵਿਚ ਟੁੱਟਦਾ ਨਹੀਂ। ਇਹ ਮਨੁੱਖੀ ਕੁਦਰਤੀ ਸੁਭਾਅ ਹੈ ਕਿ ਮਾਯੂਸ ਸਥਿਤੀ ਵਿਚ ਵੀ ਮਾਯੂਸੀ ਦਾ ਟਾਕਰਾ ਕਰਨ ਲਈ ਮਨੁੱਖ ਬਲਵਾਨ ਰੁਚੀ ਦਾ ਪੱਲਾ ਨਹੀਂ ਛੱਡਦਾ ਕਿਉਂਕਿ ਮਨੁੱਖੀ ਜੀਵਨ ਦਾ ਇਹ ਉਦੇਸ਼ ਹੈ ਕਿ ਮਾਯੂਸ ਪ੍ਰਵਿਰਤੀ 'ਤੇ ਫ਼ਤਹਿ ਹਾਸਿਲ ਕਰਨੀ ਇਹ ਮਨੁੱਖ ਦਾ ਕੁਦਰਤੀ ਸੁਭਾਵਕ ਕਾਰਜ ਹੈ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਬਲਵਾਨ ਰੁਚੀ ਦੀ ਕੁੱਖ ਬਲਹੀਣ ਰੁਚੀ ਹੈ। ਇਸ ਲਈ ਮਨੁੱਖ ਬਲਹੀਣ ਹੁੰਦਾ ਹੋਇਆ ਵੀ ਚੜ੍ਹਦੀ ਕਲਾ ਦਾ ਧਾਰਨੀ ਰਹਿੰਦਾ ਹੈ। ਦੋਹਾਂ ਪ੍ਰਵਿਰਤੀਆਂ ਦਾ ਆਦਿ ਅੰਤ ਦਾ ਸੰਬੰਧ ਹੈ ਕਿਉਂਕਿ ਦੋਹਾਂ ਪ੍ਰਵਿਰਤੀਆਂ ਦੇ ਕੇਂਦਰ ਬਿੰਦੂ ਮਨੁੱਖੀ ਪੰਜਾਂ ਤੱਤਾਂ ਦੀ ਕਾਰਜ ਪ੍ਰਣਾਲੀ 'ਚੋਂ ਉਪਜੀ ਊਰਜਾ ਹੈ। ਅਗੇਰੇ ਜਾ ਕੇ ਇਹ ਊਰਜਾ ਹੀ ਵਰਤੋਂ ਦਾ ਅਧਾਰ ਤੇ ਮਾਯੂਸੀ ਜਾਂ ਸ਼ਕਤੀ ਦਾ ਰੂਪ ਧਾਰਦੀ ਹੈ। ਇਸ ਊਰਜਾ ਦੀ ਵਰਤੋਂ ਦਾ ਅਧਾਰ ਮਨੁੱਖੀ ਚੇਤਨਾ ਜਾਂ ਬੋਧ ਹੈ। ਇਸ ਪਦਾਰਥਕ ਵਿਕਾਸ ਵਿਚ ਵੀ ਨਵ ਮਾਨਵ ਅਤੇ ਨਵ ਜੀਵਨ ਦੇ ਅਕੂੰਰ ਦੀ ਸੰਭਾਵਤਾ ਹੈ ਕਿਉਂਕਿ ਆਧੁਨਿਕਤਾ ਨਿਰੰਤਰ ਗਤੀਸ਼ੀਲਤਾ ਹੈ, ਨਾ ਇਸ ਦੀ ਮੰਜ਼ਿਲ ਸੰਤਾਪ ਹੈ ਨਾ ਵਰ ਹੈ। ਇਸ ਦੀ ਨਿਰੰਤਰਤਾ ਹੀ ਇਸ ਦੀ ਮੰਜ਼ਿਲ ਹੈ, ਮੰਜ਼ਿਲ ਹੀ ਇਸ ਦੀ ਨਿਰੰਤਰਤਾ ਹੈ। ਪਰ ਇਸ ਦੀ ਪ੍ਰਯੋਗਸ਼ਾਲਾ ਸਮਾਂ ਹੈ। ਸਮਾਂ ਆਪਣੀ ਪ੍ਰਯੋਗਸ਼ਾਲਾ ਵਿਚ ਹੀ ਭਵਿੱਖ ਦਾ

ਪ੍ਰਯੋਗਿਕ ਸਿੱਟਾ ਕੱਢਦਾ ਹੈ। ਪਰ ਇਹ ਪਦਾਰਥਕ ਵਿਕਾਸ ਦਾ ਸੰਤਾਪ ਕਦੋਂ ਵਰ ਦਾ ਰੂਪ ਧਾਰੇਗਾ ਇਹ ਸਮਾਂ ਹੀ ਜਾਣਦਾ ਹੈ।

ਮੌਜੂਦਾ ਵਿਸ਼ਵ ਮਨੁੱਖ ਅਨੁਕੂਲ ਨਹੀਂ ਹੈ। ਇਸ ਲਈ ਇਸ ਵਿਸ਼ਵ ਪ੍ਰਤੀ ਮਨੁੱਖੀ ਚੇਤਨਾ 'ਚ ਉਪਗਮਤਾ ਉਪਜੀ ਹੈ ਕਿਉਂਕਿ ਮਨੁੱਖ ਜੀਵਨ ਅਤੇ ਜੀਵਨ ਪ੍ਰਣਾਲੀ ਤੋਂ ਉਕਤਾ ਗਿਆ ਹੈ। ਆਪਣੇ-ਆਪ 'ਚ ਨੁੱਚੜ ਅਤੇ ਸੁੰਗੜ ਗਿਆ ਹੈ। ਮਨੁੱਖ ਤੇ ਮਨੱਖ ਦੇ ਲਹੂ 'ਚ ਅਜ਼ਨਬੀਪਣ ਦਾ ਹਨ੍ਹੇਰਾ ਪਸਰ ਗਿਆ ਹੈ। ਇਸ ਉਪਗਮਤਾ ਦਾ ਅਸਰ ਕੁਦਰਤ 'ਤੇ ਵੀ ਪਿਆ ਹੈ। ਮਾਨਵ ਚੇਤਨਾ ਦੀ ਉਗਮਤਾ ਮਾਨਵਤਾ ਦੀ ਉਗਮਤਾ ਦਾ ਰੂਪ ਧਾਰ ਗਈ ਹੈ। ਜੀਵਨ ਨਦੀ ਸੁੱਕ ਗਈ ਹੈ। ਜ਼ਿੰਦਗੀ ਅੱਗ ਦਾ ਸਮੁੰਦਰ ਤਰ ਰਹੀ ਹੈ। ਇਸ ਉਗਮਤਾ ਦੇ ਆਲਮ ਵਿਚ ਮਨੁੱਖੀ ਮਾਸਿਕਤਾ ਦੀ ਬਲਵਾਨ ਰੂਚੀ ਆਸ਼ਾ ਦੀ ਉਮੀਦ ਜਗਾਉਂਦੀ ਹੈ। ਬਲਵਾਨ ਪ੍ਰਵਿਰਤੀ ਥੋੜੀ ਹੋਰ ਆਸ਼ਾਜਨਕ ਹੋ ਕੇ ਮਨੁੱਖੀ ਜ਼ਿਹਨ ਵਿਚ ਡੂੰਘਾ ਉਤਰਦੀ ਹੋਈ ਮਨੁੱਖ ਦੇ ਪ੍ਰਾਣਾਂ ਨੂੰ ਸੰਬੋਧਿਤ ਹੁੰਦੀ ਹੈ, ਪ੍ਰਾਣ ਜੋ ਜੀਵਨ ਦਾ ਸੱਚ ਹੈ। ਜੀਵਨ ਪ੍ਰਾਣਾਂ ਦੇ ਨਾਲ-ਨਾਲ ਇਹ ਪ੍ਰਵਿਰਤੀ ਜੀਵਨ ਨੂੰ ਵੀ ਸੰਬੋਧਨ ਹੁੰਦੀ ਹੈ। ਮਾਯੂਸੀ 'ਚੋਂ ਉਮੀਦ ਅਤੇ ਹਿੰਮਤ 'ਚੋਂ ਨਵ ਜੀਵਨ ਦੀ ਦੁਹਾਈ ਵਿਸ਼ਵ ਨੂੰ ਸੁਣਾਉਂਦੀ ਹੈ ਤਾਂ ਕਿ ਚੜ੍ਹਦੀ ਕਲਾ ਦਾ ਅਹਿਸਾਸ ਕਾਦਰ ਕੁਦਰਤ ਤੇ ਮਨੁੱਖੀ ਇਕਾਈ ਵਿਚ ਕਾਇਮ ਰਹੇ।

ਇਹ ਉਪਗਮਤਾ ਪ੍ਰਕਿਰਤੀ ਦੀ ਥਾਂ ਜੀਵਨ ਦੇ ਪੰਜਾਂ ਤੱਤਾਂ ਵਿਚ ਫੈਲ ਗਈ। ਇੱਕ ਬਲਵਾਨ ਪ੍ਰਵਿਰਤੀ ਜਦ ਪੂਰਨ ਵਿਸ਼ਵ 'ਚ ਉਦਾਸੀ ਇਕੱਲਤਾ ਤੇ ਉਪਗਮਤਾ ਅਨੁਭਵ ਕਰਦੀ ਹੈ ਤਾਂ ਇਹ ਬਲਵਾਨ ਰੂਚੀ ਰਹਿਨੁਮਾ ਦੀ ਸ਼ਕਲ ਇਖਿਤਿਆਰ ਕਰਦੀ ਹੈ ਮਨੁੱਖ ਨੂੰ ਉਦਾਸੀ ਇਕੱਲਤਾ ਇਕਾਂਤ, ਧੁੰਧੂਕਾਰਾ, ਚੁੱਪ ਤੇ ਸ਼ੂਨਯ ਦਾ ਸੱਚ ਵਿਖਾਉਂਦੀ ਹੈ। ਜਿਸ ਤੋਂ ਮਨੁੱਖ ਸਮਝਦੇ ਹੈ ਕਿ ਇਹ ਵਿਸ਼ਵ ਦੇ ਆਦਿ ਦਾ ਦ੍ਰਿਸ਼ ਹੈ ਭਾਵ ਵਿਸ਼ਵ ਹੋਂਦ ਤੋਂ ਪਹਿਲਾਂ ਦੀ ਅਵਸਥਾ ਤੇ ਸਥਿਤੀ ਹੈ ਭਾਵ ਅਜੋਕੇ ਪਦਾਰਥਕ ਵਿਕਾਸ ਦੇ ਪ੍ਰਤੀਕਰਮ ਦੀ ਲਪੇਟ 'ਚ ਆਇਆ ਮਨੁੱਖ ਦੁਨੀਆ ਦੇ ਆਦਿ ਰੂਪ ਨੂੰ ਮਹਿਸੂਸ ਕਰਦਾ ਹੈ ਜਾਂ ਇੰਝ ਕਹੋ ਕਿ ਪਦਾਰਥਕ ਵਿਕਾਸ ਦਾ ਇਹ ਸੰਤਾਪ ਰੂਪੀ ਪ੍ਰਤੀਕਰਮ ਮਨੁੱਖ ਨੂੰ ਉਸ ਅਵਸਥਾ ਵਿਚ ਲੈ ਜਾਂਦਾ ਹੈ। ਜਦ ਨਾ ਸੂਰਜ, ਨਾ ਚੰਨ-ਸਿਤਾਰੇ, ਨਾ ਧਰਤੀ-ਆਕਾਸ਼ ਸੀ ਸਿਰਫ਼ ਇੱਕ ਸ਼ੂਨਯ ਸੀ। ਪਦਾਰਥਕ ਵਿਕਾਸ 'ਚੋਂ ਉਪਜ ਇਹ ਮਨੁੱਖੀ ਮਾਨਸਿਕ ਪ੍ਰਵਿਰਤੀ ਮਨੁੱਖ ਨੂੰ ਸਮਝਾਉਂਦੀ ਹੈ ਕਿ ਪ੍ਰਕਿਰਤੀ ਤੇ ਜ਼ਿੰਦਗੀ ਨੇ ਆਪਣਾ-ਆਪ ਦੁਹਰਾਇਆ ਹੈ। ਮਨੁੱਖ ਨੂੰ ਇਹ ਪ੍ਰਵਿਰਤੀ ਜੀਵਨ ਅਤੇ ਪ੍ਰਕਿਰਤੀ ਦੀ ਜੜ੍ਹ ਭਾਵ ਜਨਮ ਦੀ ਕੁੱਖ ਵਿਖਾਉਂਦੀ ਹੈ ਕਿਉਂਕਿ ਜ਼ਿੰਦਗੀ ਅਤੇ ਪ੍ਰਕਿਰਤੀ ਦੇ ਜਨਮ ਤੋਂ ਪਹਿਲਾਂ ਚੁੱਪ,

ਉਦਾਸੀ, ਇਕੱਲਤਾ, ਇਕਾਂਤ, ਧੁੰਧੂਕਾਰਾ ਤੇ ਸ਼ੂਨਯ ਹੀ ਸੀ। ਸਮਾਂ ਭਵਿੱਖ ਵਰਤਮਾਨ ਤੋਂ ਭੂਤ 'ਚ ਉੱਤਰ ਆਇਆ ਹੈ। ਇਹ ਬਲਵਾਨ ਰੂਪੀ ਰਹਿਨੁਮਾ ਪ੍ਰਵਿਰਤੀ ਨੇ ਮਨੁੱਖ ਨੂੰ ਪਦਾਰਥਕ ਪਸਾਰੇ ਵਿਚਲੇ ਖੋਲ ਦਾ ਸੱਚ ਵਿਖਾਇਆ ਹੈ। ਜਿਸ ਖੋਲ 'ਚ ਪ੍ਰਕਿਰਤੀ ਅਤੇ ਜੀਵਨ ਨੂੰ ਉਤਾਰਿਆ ਗਿਆ ਸੀ। ਇਹ ਪ੍ਰਵਿਰਤੀ ਅਜੋਕੇ ਪਦਾਰਥਕ ਜੀਵਨ ਸੋਚ ਬਾਰੇ ਮਨੁੱਖ ਨੂੰ ਚੇਤਨ ਕਰਦੀ ਹੈ।

ਮਾਯੂਸੀ 'ਚੋਂ ਉਪਜੀ ਇਕੱਲਤਾ, ਚੁੱਪ, ਉਦਾਸੀ ਅਤੇ ਇਕਾਂਤ ਨੂੰ ਪੂਰਨ ਸਿਖ਼ਰ ਰੂਪ 'ਚ ਵਿਸਥਾਰ ਕੇ ਇਹ ਪ੍ਰਵਿਰਤੀ ਮਨੁੱਖ ਲਈ ਸ਼ੂਨਯ ਸਾਕਾਰ ਕਰਦੀ ਹੈ। ਜੋ ਇਸ ਪਦਾਰਥਕ ਵਿਕਾਸ ਦਾ ਅੰਤ ਹੈ ਅਤੇ ਇਹ ਅੰਤ ਹੀ ਇਸ ਪਦਾਰਥਕ ਵਿਕਾਸ ਦਾ ਆਦਿ ਸੀ। ਇਹ ਸਮੇਂ ਦਾ ਚੱਕਰ ਹੈ। ਇਹੀ ਸਮੇਂ ਦੀ ਨਿਰੰਤਰਤਾ ਦਾ ਨਿਰੰਤਰ ਰੂਪ ਹੈ। ਜਿਸ ਦਾ ਆਦਿ ਹੀ ਅੰਤ ਹੈ ਅੰਤ ਹੀ ਆਦਿ ਹੈ। ਅਤੇ ਨਿਰੰਤਰਤਾ ਜਿਸ ਦਾ ਸੱਚ ਹੈ ਤਾਂ ਕਿ ਮਨੁੱਖ ਸਮਝ ਸਕੇ ਵੇਖ ਸਕੇ ਕਿ ਉਸ ਦੀ ਅਜੋਕੀ ਦੁਨੀਆ ਦਾ ਆਦਿ ਕੀ ਸੀ ਅਤੇ ਇਹ ਆਦਿ ਹੀ ਅਜੋਕੀ ਦੁਨੀਆ ਦਾ ਅੰਤ ਹੈ। ਇਸ ਤਰ੍ਹਾਂ ਇਹ ਪ੍ਰਵਿਰਤੀ ਮਨੁੱਖ ਨੂੰ ਅਜੋਕੇ ਵਿਸ਼ਵ ਦੀ ਕੁੱਖ ਦਾਂ ਯਥਾਰਥਕ ਸੱਚ ਵਿਖਾਉਂਦੀ ਹੈ। ਕਿ ਸਾਰੀ ਸ੍ਰਿਸ਼ਟੀ ਦੀ ਉਤਪਤੀ ਸ਼ੂਨਯ 'ਚੋਂ ਹੋਈ ਹੈ। ਇਸ ਸ਼ੂਨਯ ਵਿਚ ਹੀ ਇਸ ਵਿਸ਼ਵ ਨੇ ਸਮਾਉਣਾ ਹੈ। ਇਸ ਅਵਸਥਾ ਵਿਚ ਆਧੁਨਿਕਤਾ ਅਤੇ ਅਧਿਆਤਮਕਵਾਦ ਦੇ ਵਿਪਰੀਤ ਸਿਰੇ ਇੱਕ ਹੁੰਦੇ ਜਾਪਦੇ ਹਨ। ਇਹ ਸ਼ੂਨਯ ਸਿਰਜਕ ਸ਼ੂਨਯ ਹੈ। ਇਸੇ ਤਰ੍ਹਾਂ ਪਦਾਰਥਕ ਵਿਕਾਸ ਦੇ ਸੰਤਾਪੀ ਪ੍ਰਤੀਕਰਮ 'ਚੋਂ ਉਪਜੀ ਮਾਯੂਸੀ ਵੀ ਸਿਰਜਕ ਹੈ। ਕਿਸੇ ਨਵੇਂ ਸੰਕਲਪ ਨੂੰ ਜਨਮ ਦੇਣ ਦੀ ਧਾਰਨੀ ਹੈ। ਜਿਸ 'ਚੋਂ ਮਨੁੱਖ ਦਾ ਕਾਇਆ ਕਲਪ ਸੰਭਵ ਹੈ। ਜਿਵੇਂ Modernity ਨੇ Post Modernity ਨੂੰ ਜਨਮ ਦਿੱਤਾ ਹੈ। ਇਸ ਲਈ ਮਨੁੱਖ ਨੂੰ ਉਦਾਸ ਹੋ ਕੇ ਹਿੰਮਤ ਤਿਆਗਣ ਦੀ ਲੋੜ ਨਹੀਂ ਹੈ ਕਿਉਂਕਿ ਸ਼ੂਨਯ ਹੀ ਜੀਵਨ ਦਾ ਅਮਰ ਸੱਚ ਹੈ। ਜੀਵਨ ਤੋਂ ਪਹਿਲਾਂ ਵੀ ਸ਼ੂਨਯ ਸੀ। ਜੀਵਨ ਤੋਂ ਬਾਅਦ ਵੀ ਸ਼ੂਨਯ ਹੈ। ਜੀਵਨ ਸਫ਼ਰ ਸ਼ੂਨਯ ਤੱਕ ਦਾ ਹੈ। ਇਹੀ ਆਦਿ ਸੱਚ ਹੈ ਇਹੀ ਜੁਗਾਦਿ ਸੱਚ ਹੈ। ਇਸ ਤਰ੍ਹਾਂ ਇਹ ਪ੍ਰਵਿਰਤੀ ਅਜੋਕੇ ਮਨੁੱਖ ਨੂੰ ਆਦਿ ਤੋਂ ਪਹਿਲਾਂ ਦਾ ਅਤੇ ਅੰਤ ਤੋਂ ਬਾਅਦ ਦਾ ਅਮਰ ਸੱਚ ਜਿਉਂਦੇ ਜੀਅ ਅਨੁਭਵ ਕਰਾਉਂਦੀ ਹੈ। ਜੀਵਨ ਦੇ ਅਮਰ ਸੱਚ ਨੂੰ ਜਾਣਨਾ ਹੀ ਜੀਵਨ ਮਰਨ ਤੋਂ ਮੁਕਤੀ ਹੈ। ਇਸ ਨੁਕਤੇ ਤੋਂ ਵੀ ਆਧੁਨਿਕਤਾ ਅਤੇ ਆਧਿਆਤਮਕਤਾ ਦਾ ਪ੍ਰਯੋਜਨ ਇਕ ਜਾਪਦਾ ਹੀ ਸਿੱਧ ਹੁੰਦਾ ਹੈ। ਇਹ ਪਦਾਰਥਕ ਵਿਕਾਸ 'ਚੋਂ ਉਪਜੇ ਸੰਤਾਪ ਦੀ ਮਨੁੱਖ ਅਤੇ ਜੀਵਨ ਨੂੰ ਮਹਾਨ ਦੇਣ ਹੈ। ਜਿਸ ਦਾ ਰੂਪ ਸੰਤਾਪਿਆ ਹੈ। ਰੂਪ ਪੱਖ ਤੋਂ ਆਧੁਨਿਕਤਾ ਅਤੇ ਅਧਿਆਤਮਕਤਾ ਵਿਚ

ਫ਼ਰਕ ਹੈ। ਆਧਿਆਤਮਕਤਾ ਅਨੁਸਾਰ ਮੁਕਤੀ ਪ੍ਰਾਪਤੀ ਦਾ ਰੂਪ ਸਰਾਪ ਹੈ। ਇਸ ਤੋਂ ਇਹ ਵੀ ਗਿਆਨ ਪ੍ਰਾਪਤ ਹੁੰਦਾ ਹੈ ਕਿ ਆਧੁਨਿਕਤਾ ਦੇ ਵਿਕਾਸ ਦਾ ਦਾਇਰਾ ਜੀਵਨ ਤੱਕ ਸੀਮਤ ਨਹੀਂ ਬਲਕਿ ਜੀਵਨ ਤੋਂ ਬਹੁਤ ਵਿਸ਼ਾਲ ਹੈ ਪਰ ਇਹ ਤਾਂ ਹੀ ਸੰਭਵ ਹੈ ਜੇ ਮਨੁੱਖ ਇਸ ਬਲਵਾਨ ਪ੍ਰਵਿਰਤੀ ਦੇ ਸੱਚ ਨੂੰ ਸਮਝੇ ਅਤੇ ਆਉਣ ਵਾਲੇ ਸਮੇਂ ਵਿਚ ਪਦਾਰਥ ਤੇ ਮਨੁੱਖ ਕਦਮ ਨਾਲ ਕਦਮ ਮੇਲ ਕੇ ਵਿਕਾਸ ਕਰਨ ਅਤੇ ਮਨੁੱਖਤਾ ਅਨੁਕੂਲ ਨਵਵਿਸ਼ਵ ਸਿਰਜਣਾ ਦੇ ਸਮਰੱਥ ਹੋ ਸਕਣ।

ਪਦਾਰਥਕ ਵਿਕਾਸ ਨੇ ਦੁਨਿਆਵੀ ਭਾਈਚਾਰੇ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਆਧੁਨਿਕਤਾ ਨੇ Privacy ਦੀ ਧਾਰਨੀ ਹੋਣ ਕਾਰਨ ਦੁਨਿਆਵੀ ਭਾਈਚਾਰੇ ਦੇ ਸੰਗਠਨ ਦੀ ਇਕਾਈ ਨੂੰ ਬਹੁਤ ਭਾਰੀ ਸੱਟ ਮਾਰੀ ਹੈ। ਲੋਕ ਸਰਵਸਾਂਝੀ ਭਾਈਚਾਰਕ ਵਿਚਾਰਧਾਰਾ ਤੋਂ ਟੁੱਟ ਕੇ ਵਿਅਕਤੀਗਤ ਸੋਚ ਦੇ ਧਾਰਨੀ ਹੋ ਗਏ ਹਨ। ਇਸ ਦੇ ਨਾਲ ਹੀ ਪਦਾਰਥਕ ਵਿਕਾਸ ਨੇ ਸਾਰੀ ਵਿਸ਼ਵ ਵਿਚ ਬਹੁਤ ਭਾਰੀ ਸਭਿਆਚਾਰਕ ਤਬਦੀਲੀ ਲਿਆਂਦੀ ਹੈ। ਪਦਰਾਥਵਾਦ ਦੀ ਵਸਤੂ ਪ੍ਰਾਪਤੀ ਦੀ ਇੱਛਾ ਨੇ Gang and drug culture ਨੂੰ ਜਨਮ ਦਿੱਤਾ ਹੈ। ਪਦਾਰਥਕ ਵਿਕਾਸ ਦੀਆਂ ਆਕਰਸ਼ਤ ਪ੍ਰਾਪਤੀਆਂ ਨੇ ਮਨੁੱਖ ਨੂੰ ਇੰਨ੍ਹਾ ਲਾਲਚੀ ਬਣਾ ਦਿੱਤਾ ਹੈ ਕਿ ਮਨੁੱਖ ਇਨ੍ਹਾਂ ਪ੍ਰਾਪਤੀਆਂ ਲਈ ਰਾਤੋਂ ਰਾਤ ਹੀ ਅਮੀਰ ਹੋਣਾ ਅਤੇ ਸੱਤਾ ਦੀ ਪ੍ਰਾਪਤੀ ਚਾਹੁੰਦਾ ਹੈ। ਇਸ ਸੱਤਾ ਦੀ ਪ੍ਰਾਪਤੀ ਅਤੇ ਇੱਕ ਦਮ ਅਮੀਰ ਹੋਣ ਦੀ ਇੱਛਾ ਨੇ Gangism ਨੂੰ ਜਨਮ ਦਿੱਤਾ ਹੈ। ਮਨੁੱਖ ਬਿਨ੍ਹਾਂ ਜਾਇਜ਼ ਸੰਘਰਸ਼ ਕਰਨ ਦੇ ਆਪਣੀਆਂ ਹਸੂਲਤੀ ਵਸਤੂਆਂ ਦੀ ਪ੍ਰਾਪਤੀ ਚਾਹੁੰਦਾ ਹੈ। ਚਾਹੇ ਉਸ ਨੂੰ ਗਲਤ ਰਾਹ ਹੀ ਕਿਉਂ ਨਾ ਇਖਤਿਆਰ ਕਰਨਾ ਪਵੇ। ਇਸ ਲਈ ਮਨੁੱਖ Gangism ਵੱਲ ਰੁਚਿਤ ਹੋ ਗਿਆ। ਇਸ ਅਜੋਕੇ ਵਿਸ਼ਵ ਵਿਚ Gangism ਨੂੰ ਵਿਕਸਤ ਕਰਨ ਵਾਲੀਆਂ ਪਦਾਰਥਕ ਵਿਕਾਸ ਦੀਆਂ ਆਕਰਸ਼ਤ ਪ੍ਰਾਪਤੀਆਂ ਹਨ। ਇਸ Gangism ਸਦਕਾ ਵਿਸ਼ਵ ਵਿਚ crime ਬਹੁਤ ਵਧਿਆ ਅਤੇ ਕਾਨੂੰਨੀ ਅਵਸਥਾ ਦਾ ਬੁਰਾ ਹਾਲ ਹੋਇਆ। ਵਿਸ਼ਵ ਦੀ ਆਉਣ ਵਾਲੀ ਨੌਜੁਆਨ ਪੀੜ੍ਹੀ Gangism ਵੱਲ ਵਧੇਰੇ ਰੁਚਿਤ ਹੋਈ ਵਿਸ਼ਵ ਵਿਚ ਜੇਲਾਂ ਦੀ ਗਿਣਤੀ ਵਧਣ ਦੇ ਨਾਲ-ਨਾਲ ਬਹੁਤ ਸਾਰੇ ਸਭਿਅਕ ਪਰਿਵਾਰ ਵੀ ਇਸ ਇਸ Gangism ਦੇ ਸ਼ਿਕਾਰ ਹੋਏ। ਵਿਸ਼ਵ ਦੇ ਆਮ ਨਾਗਰਿਕ ਦੀ ਸੁਤੰਤਰਤਾ ਇਸ Gangism ਕਾਰਨ ਖ਼ਤਰੇ ਵਿਚ ਪੈ ਗਈ। ਲੋਕਾਂ ਲਈ ਅਜ਼ਾਦੀ ਫਿਜ਼ਾ ਵਿਚ ਘੁੰਮਣ, ਫਿਰਨਾ ਅਤੇ ਸਮਾਂ ਗੁਜ਼ਾਰਨਾ ਦੁਬਰ ਹੋ ਗਿਆ ਹੈ। ਸੜਕਾਂ, ਬਾਜ਼ਾਰਾਂ ਵਿਚ ਲੁੱਟ-ਖੋਹ ਦੀਆਂ ਵਾਰਦਾਤਾਂ ਰੋਜ਼ਾਨਾ ਜੀਵਨ ਦਾ ਹਿੱਸਾ ਬਣ ਗਈਆਂ। ਨਾਗਰਿਕਾਂ ਦੀ

ਸੁਰੱਖਸ਼ਾ ਜਾਂਦੀ ਲੱਗੀ। ਇਸ Gangism ਨੇ ਦਿਨ ਦਿਹਾੜੇ ਕਾਨੂੰਨ ਦੀਆਂ ਧੱਜੀਆਂ ਉਡਾ ਦਿੱਤੀਆਂ। ਬੜੇ-ਬੜੇ ਅਸਰ ਰਸੂਖ਼ ਅਤੇ ਸੱਤਾਧਾਰੀ ਅਮੀਰ ਘਿਰਾਨਿਆਂ ਦੇ ਬੱਚੇ ਇਸ Gangism ਦੀ ਭਾਗੀਦਾਰੀ ਵਿਚ ਸ਼ਾਮਿਲ ਪਾਏ ਗਏ। ਅਜੋਕੇ ਵਿਸ਼ਵ ਵਿਚਲਾ ਅੱਤਵਾਦ ਵੀ ਇਸੇ ਹੀ ਰੁੱਖ ਦੀ ਸ਼ਾਖ ਹੈ। ਪਰ ਉਸ ਦਾ ਰੂਪ Gangism ਨਾਲੋਂ ਵਧੇਰਾ ਡਰਾਉਣਾ ਅਤੇ ਵਿਕਰਾਲ ਹੈ।

ਆਧੁਨਿਕਤਾ ਦੀ ਆਕਰਸ਼ਤ ਪ੍ਰਾਪਤੀ ਅਸਫ਼ਲਤਾ ਨੇ Drug culture ਨੂੰ ਜਨਮ ਦਿੱਤਾ, ਭਾਵ ਮਨੁੱਖ ਜਦ ਮਨ ਭਾਉਂਦੀ ਚੀਜ਼ ਪ੍ਰਾਪਤ ਨਹੀਂ ਕਰ ਸਕਦਾ ਜਾਂ ਇਸ ਦੀ ਪ੍ਰਾਪਤੀ ਵਿਚ ਅਸਫ਼ਲ ਰਹਿੰਦਾ ਹੈ ਤਾਂ ਉਸ ਦਾ ਦਿੱਲ ਟੁੱਟ ਜਾਂਦਾ ਹੈ। ਉਸ ਵਿਚ ਬਲਹੀਣਤਾ ਜਨਮਦੀ ਹੈ। ਇਹ ਬਲਹੀਣਤਾ ਦੀ ਪ੍ਰਵਿਰਤੀ ਮਨੁੱਖ 'ਤੇ ਇੰਨੀ ਭਾਰੂ ਹੋ ਜਾਂਦੀ ਹੈ ਕਿ ਮਨੁੱਖ ਦਾ ਆਪਣੇ-ਆਪ 'ਤੇ ਕਾਬੂ ਨਹੀਂ ਰਹਿੰਦਾ। ਇਸ ਦਾ ਸਿੱਧਾ ਪ੍ਰਭਾਵ ਮਨੁੱਖ ਦੇ Nervous-system ਤੇ ਪੈਂਦਾ ਹੈ ਜਿਸ ਕਾਰਨ ਮਨੁੱਖ ਦੀ ਮਾਨਸਿਕਤਾ ਹੀਣ ਭਾਵਨਾ ਦੀ ਸ਼ਿਕਾਰ ਹੋ ਜਾਂਦੀ ਹੈ। ਇਹ ਹੀਣ ਭਾਵਨਾ ਜੀਉਂਦੇ ਮਨੁੱਖ ਲਈ ਬਰਦਾਸ਼ਤ ਕਰਨ ਸੰਭਵ ਨਹੀਂ ਹੁੰਦੀ। ਇਸ ਨੂੰ ਬਰਦਾਸ਼ਤ ਕਰਨ ਲਈ ਮਨੁੱਖ ਆਸਰਾ ਭਾਲਦਾ ਹੈ ਅਤੇ ਇਹ ਭਾਲ ਸੰਘਰਸ਼ ਰਹਿਤ ਕਾਰਜ ਦਾ ਫੱਲ ਚਾਹੁੰਦੀ ਹੈ। ਇਸ ਲਈ ਮਨੁੱਖ ਸਹਿਜੇ ਹੀ ਨਸ਼ੇ ਜਾਂ Drug ਵੱਲ ਰੁਚਿਤ ਹੋ ਜਾਂਦਾ ਹੈ। ਨਸ਼ੇ ਤੇ Drug ਦੀ ਪ੍ਰਾਪਤੀ ਲਈ ਮਨੁੱਖ ਚੋਰੀ-ਚਿਕਾਰੀ, ਲੁੱਟ-ਖਸੁੱਟ ਅਜਿਹੀਆਂ ਭੈੜੀਵਾਦੀਆਂ ਦਾ ਗ਼ੁਲਾਮ ਬਣ ਜਾਂਦਾ ਹੈ। ਦੂਜਾ ਪਦਾਰਥਕ ਵਿਕਾਸ ਕਾਰਨ ਉਦਯੋਗਿਕ ਵਿਕਾਸ ਬਹੁਤ ਹੋਇਆ ਹੈ। ਸ਼ਿਲਪੀ ਵਿਕਾਸ ਨੇ ਤਾਂ ਅੰਬਰ ਛੂਹਿਆ ਹੈ। ਪੰਜਾਹ-ਪੰਜਾਹ ਬੰਦਿਆਂ ਦਾ ਕੰਮ ਇਕੱਲੀ ਮਸ਼ੀਨ ਕਰਦੀ ਹੈ। ਜਿਸ ਦਾ ਸਰਮਾਏਦਾਰੀ ਨਿਜ਼ਾਮ ਨੇ ਭਰਪੂਰ ਫਾਇਦਾ ਉਠਾਇਆ ਹੈ ਅਤੇ ਬੇਇੰਨਤਹਾ ਬੇਰੁਜ਼ਗਾਰੀ ਨੂੰ ਜਨਮ ਦਿਤਾ ਹੈ। ਅਜੋਕੇ ਯੁੱਗ ਵਿਚ Drug addiction ਦੀ ਰੁਚੀ ਨੌਜਵਾਨਾਂ ਵਿਚ ਬੇਰੁਜ਼ਗਾਰੀ ਕਾਰਨ ਵੀ ਪੈਦਾ ਹੋਈ। ਨੌਜੁਵਾਨ ਆਪਣੇ ਵਿਦਿਆ ਪ੍ਰਾਪਤੀ ਲਈ ਪਹਿਲਾਂ ਤਾਂ ਮਾਂ-ਬਾਪ ਦੀ ਸਾਰੀ ਪੂੰਜੀ ਦਾ ਨਬੇੜਾ ਕਰਦੇ ਹਨ ਫਿਰ ਆਪਣੀ ਜਵਾਨੀ ਵਿਦਿਅਕ ਜਮਾਤਾਂ ਨੂੰ ਭੇਂਟ ਕਰਦੇ ਹਨ। ਵਿਦਿਅਕ ਪ੍ਰਾਪਤੀ ਤੋਂ ਬਾਅਦ ਉਨ੍ਹਾਂ ਲਈ ਸਰਕਾਰਾਂ ਕੋਲ ਕੋਈ ਨੌਕਰੀ ਨਹੀਂ, ਨਾ ਤਾਂ ਉਨ੍ਹਾਂ ਦੇ ਪਿੱਛੇ ਕੁੱਝ ਹੈ, ਨਾ ਹੀ ਉਨ੍ਹਾਂ ਦੇ ਅੱਗੇ ਕੁੱਝ ਹੈ। ਇਸ ਸਥਿਤੀ ਵਿਚ ਉਹ ਆਪਣਾ ਮਾਨਸਿਕ ਸੰਤੁਲਨ ਖੋਹ ਬਹਿੰਦੇ ਹਨ ਅਤੇ Drug ਦੇ ਅਸਾਨੀ ਨਾਲ ਸ਼ਿਕਾਰ ਹੋ ਜਾਂਦੇ ਹਨ। ਪਦਾਰਥਕ ਵਿਕਾਸ ਤੋਂ ਉਪਜੀ ਪਦਾਰਥਕ ਵਿਕਾਸ ਦੀਆਂ ਪ੍ਰਾਪਤੀਆਂ ਦੀ ਲਾਲਚੀ ਭੁੱਖ ਦੀ

ਅਪੂਰਤੀ 'ਚੋਂ ਵੀ Drug ਵਰਤੋਂ ਦੀ ਇੱਛਾ ਨੇ ਵੀ ਜਨਮ ਲਿਆ ਹੈ। ਇਹ ਸੱਭ ਅਣਮਨੁੱਖੀ ਸਭਿਆਚਾਰ ਪੱਖ ਪਦਾਰਥਕ ਵਿਕਾਸ ਦਾ ਸਿੱਟਾ ਹਨ।

Western ਸਭਿਆਚਾਰ ਵਿਚ ਪਦਾਰਥਕ ਵਿਕਾਸ ਦੀ ਚਮਕ-ਦਮਕ ਪਿੱਛੇ ਦੌੜਦੇ ਲੋਕ ਆਪਣੇ ਬੱਚਿਆਂ ਤੋਂ ਆਪਣੇ ਮਾਂ-ਬਾਪ ਤੋਂ ਭੈਣ-ਭਰਾਵਾਂ ਤੇ ਰਿਸ਼ਤੇਦਾਰਾਂ ਤੋਂ ਅਲੱਗ ਹੋ ਰਹੇ ਹਨ। ਜੀਵਨ ਰਫ਼ਤਾਰ ਇੰਨੀ ਤੇਜ਼ ਹੈ ਕਿ ਮਾਂ ਬਾਪ ਪਾਸ ਬੱਚਿਆਂ ਪਾਸ ਬੈਠਣ ਦਾ ਸਮਾਂ ਹੀ ਨਹੀ ਹੈ। ਪਦਾਰਥਕ ਵਿਕਾਸ ਦੀ ਆਕਰਸ਼ਤ ਸਮੱਗਰੀ ਲਈ ਲੋਕ ਧੰਨ, ਸਮਾਂ ਤੇ ਆਪਣੀ ਊਰਜਾ ਖ਼ਰਚਣ ਵਿੱਚ ਲੱਗੇ ਹੋਏ ਹਨ। ਆਪਣੇ ਬਜ਼ੁਰਗ ਮਾਂ ਬਾਪ ਦੀਆਂ ਸੁੱਖ ਸੁਵਿਧਾਵਾ ਦਾ ਖਿਆਲ ਨਹੀਂ ਰੱਖਦੇ। ਕੈਨੇਡਾ ਵਿਚ ਕਿਸ਼ਤਾਂ ਮੁਕਤ ਘਰਾਂ ਵਿਚ ਵਸਦੇ ਲੋਕ ਜੋ ਅਬਲ ਦਰਜ਼ੇ ਦੇ ਅਮੀਰ ਪਰਿਵਾਰ ਹਨ ਇੰਨੇ ਪਦਾਰਥਵਾਦੀ ਹਨ ਕਿ Basement ਵਿਚ ਰਹਿ ਰਹੇ ਆਪਣੇ ਹੀ ਮਾਂ-ਬਾਪ ਤੋਂ ਹਰ ਮਹੀਨੇ ਕਿਰਾਇਆ ਵਸੂਲਦੇ ਹਨ। ਸੋਚਦੇ ਹਨ, ਜੋ ਰਾਸ਼ੀ ਮਾਂ ਬਾਪ ਦੀ ਸੁੱਖ ਸੁਵਿਧਾ ਲਈ ਖ਼ਰਚਣੀ ਹੈ। ਉਸ ਰਾਸ਼ੀ ਨਾਲ ਪਦਾਰਥਕ ਸਮੱਗਰੀ ਖ਼ਰੀਦ ਕੇ ਕਿਉਂ ਨਾ ਆਪਣਾ ਜੀਵਨ ਪੱਧਰ ਉੱਚਾ ਕੀਤਾ ਜਾਏ। ਵਿਖਾਵਾਕਾਰੀ ਅਤੇ ਦੂਜੇ ਨਾਲੋਂ ਵਧੇਰੇ ਅਮੀਰ ਦਿਸਣ ਦੀ ਲਾਲਸਾ ਵਿਚ ਡਾਲਰਾਂ ਦੇ ਪਿੱਛੇ ਦੌੜਦੇ ਲੋਕ ਆਪਣੀ ਜ਼ਿੰਦਗੀ ਦਾ ਅੰਤ ਕਰ ਲੈਂਦੇ ਹਨ।

ਲੋਕ ਦਿਖਾਵੇ ਤੇ Fashion ਲਈ ਆਪਣੇ ਰਸਮਾਂ, ਰਿਵਾਜ਼ਾਂ ਅਤੇ ਜੀਵਨ ਦੇ ਮੂਲ ਸਿਧਾਂਤਾਂ ਨੂੰ ਵਿਸਰ ਗਏ ਹਨ। ਰਿਸ਼ਤੇ-ਨਾਤੇ ਭੁੱਲ ਗਏ ਹਨ। Western culture ਵਿਚ ਬਿਰਧ ਘਰਾਂ ਦਾ ਪ੍ਰਸਾਰ ਵੱਧ ਗਿਆ ਹੈ। ਜਿਨ੍ਹਾਂ ਵਿਚ ਬਜ਼ੁਰਗ ਆਪਣੀ ਔਲਾਦ ਤੋਂ ਅਲੱਗ ਪਿਆਰ, ਮੁਹੱਬਤ ਤੋਂ ਅਲੱਗ ਸੀਮੇਂਟ, ਸਰੀਏ ਅਤੇ ਪੱਥਰਾਂ ਦੀਆਂ ਇਮਾਰਤਾਂ ਵਿਚ ਆਪਣੀ ਮਜ਼ਬੂਰੀ ਸਦਕਾ ਆਪਣੀ ਮਰਜ਼ੀ ਤੋਂ ਬਿਨ੍ਹਾਂ ਗ਼ੁਲਾਮੀ ਭਰਿਆ ਜੀਵਨ ਗੁਜ਼ਾਰਦੇ ਹਨ ਅਤੇ ਮੌਤ ਦੀ ਉਡੀਕ ਕਰਦੇ ਹਨ। ਮਨੁੱਖ ਆਪਣੀ ਮਰਜ਼ੀ ਨਾਲ ਆਪਣੇ ਘਰ ਪਰਿਵਾਰ ਵਿਚ ਆਪਣੇ ਅੰਤਿਮ ਦਿਨ ਬਿਤਾਏ। ਉਸ ਦਾ ਇਹ ਸੁਫਨਾ ਖੰਡਰ ਹੋ ਚੁੱਕਾ ਹੈ। ਜਿੱਥੇ ਆਪਣੇ ਘਰ ਪਰਿਵਾਰ ਵਿਚ ਰਹਿ ਕੇ ਮਨੁੱਖ ਦਸ ਸਾਲ ਹੋਰ ਜਿਉਂਦਾ ਰਹਿ ਸਕਦਾ ਹੈ। ਉੱਥੇ ਬਿਰਧ ਘਰਾਂ ਵਿਚ ਇਸ ਅਪਣੱਤ ਤੋਂ ਬਿਨਾਂ ਬਜ਼ੁਰਗ ਦਸ ਸਾਲ ਪਹਿਲਾਂ ਹੀ ਮਰ ਜਾਂਦੇ ਹਨ।

ਆਧੁਨਿਕਤਾ ਦਾ ਆਕਰਸ਼ਤ ਵਿਕਾਸ ਪਦਾਰਥਕ ਰੂਪ ਵਿਚ ਇਨ੍ਹਾਂ ਵਿਕਸਤ ਹੋਇਆ ਹੈ ਕਿ ਬੀਜ਼ ਤੋਂ ਜੰਗਲ ਬਣ ਗਿਆ ਹੈ। ਸਮੂਹਕ ਪ੍ਰਕਿਰਤੀ ਦਾ ਰੂਪ ਧਾਰ ਗਿਆ ਹੈ। ਅਕੂੰਰ ਤੋ ਸ੍ਰਿਸ਼ਟੀ ਜ਼ਰੇ ਤੋਂ ਬ੍ਰਹਮੰਡ ਹੋ ਗਿਆ ਹੈ। ਇਸ ਦੇ ਵਿਪਰੀਤ ਮਨੁੱਖ ਇੰਨਾ ਸੁੰਗੜ ਗਿਆ ਹੈ ਕਿ ਆਪਣੇ-ਆਪ ਨੂੰ ਨਜ਼ਰ

ਆਉਣਾ ਹੱਟ ਗਿਆ ਹੈ। ਮਨੁੱਖ ਆਪਣੇ-ਆਪ 'ਚ ਗੁਆਚ ਗਿਆ ਹੈ। ਮਨੁੱਖ ਨੇ ਪਦਾਰਥ ਨੂੰ ਵਿਕਸਤ ਕਰਕੇ ਜੋ ਪਾਇਆ ਹੈ, ਉਸ ਤੋਂ ਵੱਧ ਗੁਆਇਆ ਹੈ।

ਪਦਾਰਥਕ ਵਿਕਾਸ ਇੰਨ੍ਹਾ ਵਿਕਸਤ ਹੋ ਗਿਆ ਕਿ ਉਸ ਮਨੁੱਖ 'ਚੋਂ ਜ਼ਿੰਦਗੀ ਗੁਆਚ ਗਈ। ਕਾਰਾਂ ਵਿਚ GPS system ਲੱਗਾ ਹੋਇਆ ਹੈ। ਜਿਸ ਨੂੰ ਪੰਜਾਬੀ ਵਿਚ ਰਾਹ ਵਿਖਾਓ ਯੰਤਰ ਕਿਹਾ ਜਾਂਦਾ ਹੈ। ਤੁਸੀਂ ਜਿੱਥੇ ਜਾਣਾ ਹੈ, ਉਸ ਥਾਂ ਦਾ ਪਤਾ ਉਸ ਵਿਚ ਫੀਡ ਕਰ ਦਿਓ ਉਹ ਤੁਹਾਨੂੰ Sound ਰਾਹੀਂ ਉਸ ਥਾਂ ਦਾ ਰਾਹ ਦੱਸਦਾ ਜਾਏਗਾ। ਭਾਵ ਅਜੋਕੇ ਸਮੇਂ ਵਿਚ ਪਦਾਰਥਕ ਵਿਕਾਸ ਦੀ ਪ੍ਰਾਪਤੀ GPS system ਮਨੁੱਖ ਦੀ ਰਹਿਨੁਮਾਈ ਕਰ ਰਿਹਾ ਹੈ। ਮੁਰਦੇ ਜਿਉਂਦਿਆ ਨੂੰ ਜਿਊਣਾ ਸਿਖਾ ਰਹੇ ਹਨ। ਮਨੁੱਖ ਨੂੰ ਦਫ਼ਤਰ ਦਾ ਰਾਹ GPS system ਦੱਸ ਰਿਹਾ ਹੈ। ਦਫ਼ਤਰ ਵਿਚ ਮਨੁੱਖ ਦਾ ਕੰਮ ਕੰਪਿਊਟਰ ਕਰ ਰਿਹਾ ਹੈ। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਲੋਹੇ ਤੇ ਪਲਾਸਟਿਕ ਦਾ ਵਿਕਸਤ ਰੂਪ ਕਾਰ ਹੈ ਜੋ ਮਨੁਖ ਨੂੰ ਢੋਅ ਰਹੀ ਹੈ। ਘਰ ਤੋਂ ਦਫ਼ਤਰ, ਦਫ਼ਤਰ ਤੋਂ ਘਰ GPS system ਰਾਹ ਦੱਸ ਰਿਹਾ ਹੈ। ਮਨੁੱਖ ਚੇਤਨਾ ਰਹਿਤ ਪੱਥਰ ਹੋਇਆ ਕਾਰ 'ਚ ਬੈਠਾ ਹੈ। ਸਾਰੀ ਕਾਰਜ ਪ੍ਰਣਾਲੀ 'ਚੋਂ ਮਨੁੱਖ ਮਨਫ਼ੀ ਹੈ। ਪਦਾਰਥ ਕਾਰਜਸ਼ੀਲ ਹੈ।

ਇੱਥੇ ਹੀ ਬੱਸ ਨਹੀਂ ਛੋਟੀ ਉਮਰ ਦੇ ਬੱਚੇ ਪਦਾਰਥਕ ਵਿਕਾਸ ਅਧੀਨ ਅਤੇ ਪੂੰਜੀਵਾਦੀ ਸੋਚ ਕਾਰਨ ਚੇਤਨਾ ਤੇ ਜਗਿਆਸਾ ਤੋਂ ਵਾਂਝੇ ਰੱਖੇ ਜਾਂਦੇ ਹਨ। GPS ਦੀ ਸਹਾਇਤਾ ਨਾਲ ਬੱਚਾ ਸਕੂਲ ਜਾਂਦਾ ਹੈ। GPS ਤੋਂ ਮਤਲਬ ਹੈ, Global positioning system ਸਕੂਲ ਵਿਚ ਬੱਚੇ ਨੂੰ ABC ਕੰਪਿਊਟਰ ਪੜ੍ਹਾਉਂਦਾ ਹੈ। ਭੁਲਾਵੇਂ ਅੱਖਰਾਂ ਦੀ ਪਹਿਚਾਣ ਕੰਪਿਊਟਰ ਕਰਵਾਉਂਦਾ ਹੈ। ਬੱਚੇ ਦੇ ਸਕੂਲ ਜਾਣ ਤੋਂ ਪਹਿਲਾਂ ਬੱਚੇ ਨੇ ਕਿੰਝ ਤਿਆਰ ਹੋਣਾ ਹੈ। ਇਹ ਕੰਪਿਊਟਰ ਬੱਚੇ ਨੂੰ ਸਿਖਾਉਂਦਾ ਹੈ। ਬੱਚਾ ਕਮੀਜ਼ ਦੇ ਬਟਨ ਬੰਦ ਕਰਨੇ ਅਤੇ ਬੂਟਾਂ ਦੇ ਤਸਮੇਂ ਬੰਨਣੇ ਕੰਪਿਊਟਰ ਤੋਂ ਸਿਖਦਾ ਹੈ। ਭਾਵ ਬਚਪਨ ਤੋਂ ਬੁੱਢਾਪੇ ਤੱਕ ਪਦਾਰਥਕ ਵਿਕਾਸ ਮਨੁੱਖ ਦੀ ਚੇਤਨਾ ਅਤੇ ਜਗਿਆਸਾ 'ਤੇ ਕਾਬੂ ਰੱਖਦਾ ਹੈ। ਭਾਵ ਪਹਾੜ ਪੌਣਾਂ ਨੂੰ ਗਤੀ ਸਿਖਾ ਰਹੇ ਹਨ। ਕੁਦਰਤੀ ਜ਼ਿੰਦਗੀ ਨੇ ਪਦਾਰਥ ਦਾ ਰੂਪ ਧਾਰਿਆ ਹੈ। ਕਾਇਨਾਤ ਦੀ ਸਾਰੀ ਕਾਰਜ ਪ੍ਰਣਾਲੀ ਦੀ ਸ਼ਕਤੀ ਪਦਾਰਥ ਹੈ। ਸੂਰਜ, ਚੰਨ, ਸਿਤਾਰੇ, ਅਕਾਸ਼, ਧਰਤੀ ਸੱਭ 'ਚੋਂ ਪ੍ਰਕਿਰਤਕ ਨੁਹਾਰ ਅਲੋਪ ਹੋ ਰਹੀ ਹੈ। ਪਦਾਰਥ ਸਾਰੀ ਕਾਇਨਾਤ ਦਾ ਕੇਂਦਰ ਬਣ ਗਿਆ ਹੈ। ਜ਼ਿੰਦਗੀ ਖੰਡਰਾਂ ਦਾ ਰੂਪ ਧਾਰਨ ਕਰ ਗਈ ਹੈ। ਮਨੁੱਖ ਦੇ ਦੁਆਲੇ ਦਾ ਦ੍ਰਿਸ਼ਟਾਂਤ ਪਦਾਰਥਕ ਰੂਪ ਹੈ। ਦੁਨਿਆਵੀ ਰੂਪ ਰੇਖਾ ਅਤੇ ਕਾਰਜ ਪ੍ਰਣਾਲੀ ਵਿਚ ਸੱਭ ਕੁੱਝ ਹੀ ਹੈ, ਸਿਰਫ਼ ਮਨੁੱਖ ਹੀ ਮਨਫ਼ੀ ਹੈ।

ਤੁਸੀਂ ਆਦਿ ਮਨੁੱਖ ਤੋਂ ਅਜੋਕੇ ਮਨੁੱਖ ਦਾ ਇਤਿਹਾਸ ਵੇਖ ਲਓ ਤੁਹਾਨੂੰ ਮਨੁੱਖੀ ਪ੍ਰਾਪਤੀਆਂ ਤਾਂ ਨਜ਼ਰ ਆਉਣਗੀਆਂ ਪਰ ਮਨੁੱਖ ਨਜ਼ਰ ਨਹੀਂ ਆਵੇਗਾ। ਪਦਾਰਥ ਦੇ ਫੈਲਾਅ ਦੇ ਵਿਪਰੀਤ ਮਨੁੱਖ ਸਿਫ਼ਰਾ ਹੋ ਗਿਆ ਹੈ। ਜ਼ਿੰਦਗੀ ਵਿਚ ਪਦਾਰਥ ਦੀ ਇੰਨ੍ਹੀ ਭਰਮਾਰ ਹੈ ਕਿ ਮਨੁੱਖ ਦੀ ਹੋਂਦ ਦੀ ਅਹਿਸਾਸ ਹੀ ਮਰ ਗਿਆ ਹੈ। ਮਨੁੱਖ ਦੀ ਇੱਕ ਤਲੀ 'ਤੇ ਪਦਾਰਥਕ ਫੈਲਾਅ ਹੈ ਦੂਜੀ 'ਤੇ ਮਨੁੱਖ ਦਾ ਆਪਣਾ ਸਿਫ਼ਰਾ ਆਕਾਰ ਹੈ। ਫੈਲਾਅ ਤੇ ਸੁੰਗੜਣ ਦਾ ਸਫ਼ਰ ਤਾਂ ਨਿਰੰਤਰ ਹੈ ਪਰ ਮਨੁੱਖ ਜਿਉਂਦਾ, ਮੁਰਦਾ ਪ੍ਰਤੀਤ ਹੁੰਦਾ ਹੈ।

ਆਧੁਨਿਕਤਾ ਦੇ ਵਿਕਾਸ 'ਚੋਂ ਮਨੁੱਖੀ ਰੂਪ ਦਾ ਅਜਿਹਾ ਰੁੱਖ ਉੱਗ ਆਇਆ ਹੈ। ਜਿਸ ਦੇ ਸਿਰ 'ਚ ਜੜ੍ਹਾਂ ਹਨ ਅਤੇ ਜੜ੍ਹਾਂ 'ਚ ਸਿਰ ਹੈ ਅਤੇ ਇਹ ਰੁੱਖ ਸਮੇਂ ਦੇ ਵਿਪਰੀਤ ਹੈ। ਸਮੇਂ ਨੂੰ ਜੜਾਂ ਦੀ ਥਾਂ ਜੜ੍ਹਾਂ ਸਿਰ ਦੀ ਥਾਂ ਸਿਰ ਧਰਨ ਲਈ ਆਪਣੇ ਇਤਿਹਾਸਕ ਵਜੂਦ ਵਿਚਲੇ ਅੰਦਰਲੇ ਟੋਇਆ ਟਿੱਬਿਆਂ ਨੂੰ ਇੱਕ ਸਾਰ ਪੱਧਰਾ ਕਰਨਾ ਪਵੇਗਾ ਅਤੇ ਪਤਾ ਨਹੀਂ ਕਿੰਨਾ ਕੁ ਚਿਰ ਸੰਘਰਸ਼ ਦੀ ਸੂਲੀ 'ਤੇ ਲਟਕਣਾ ਪਵੇਗਾ। ਆਪਣੇ ਪੈਰਾਂ ਦੀ ਧਰਤੀ ਲੱਭਣ ਲਈ ਆਪਣੇ ਅਨੁਕੂਲ ਮਨੁੱਖੀ ਰੁੱਖ ਉਗਾਉਣ ਲਈ ਆਪਣੇ-ਆਪ 'ਚ ਗੁਆਚੇ ਸਮੇਂ ਦੀ ਸਾਹਿਰਾ ਹੋ ਗਏ ਸਮੁੰਦਰ ਦੀ ਭਾਲ ਹੈ। ਜੀਵਨ ਦੇ ਦਰਿਆਵਾਂ ਨਦੀਆਂ ਦੀ ਭਾਲ ਹੈ। ਆਪਣੇ ਹੀ ਭਾਰ ਹੇਠ ਆਈ ਧਰਤੀ ਨੂੰ ਉੱਪਰ ਉਠਾਉਣ ਦੀ ਚਿੰਤਾ ਹੈ। ਸਮੇਂ ਨੇ ਪਤਾ ਨਹੀਂ ਕਿੰਨ੍ਹਾ ਚਿਰ ਆਪਣੇ ਜਲ 'ਚ ਸੁੱਕਣਾ ਹੈ। ਆਪਣੇ ਜੰਗਲ 'ਚ ਲੱਕੜ ਹੋਣਾ ਹੈ ਸਮਾਂ ਜੋ ਹੋਰਾਂ ਲਈ ਹੋਣੀ ਦਾ ਰੂਪ ਧਰਾਦਾ ਹੈ। ਇਸ ਮਨੁੱਖੀ ਲਕਸ਼ ਦੀ ਪ੍ਰਾਪਤੀ ਲਈ ਪਤਾ ਨਹੀਂ ਸਮੇਂ ਨੇ ਕਿੰਨਾ ਚਿਰ ਗਤੀ ਰਹਿਤ ਰਹਿਣਾ ਹੈ ਕਿਉਂਕਿ ਸਮੇਂ ਨੇ ਕੁੱਝ ਸਿਰਜਣਾ ਹੈ, ਕੁੱਝ ਹੰਢਾਉਣਾ ਹੈ, ਕੁੱਝ ਬਦਲਣਾ ਹੈ। ਸਮੇਂ ਨੇ ਜੋ ਵਿਪਰੀਤ ਰੁੱਖ ਉਗਾਇਆ ਹੈ। ਉਸ ਦੇ ਬੀਜ਼ 'ਚੋਂ ਗੁਜ਼ਰਨਾ ਹੈ। ਉਸ ਬੀਜ਼ ਦੇ ਦਰਪਣ 'ਚੋਂ ਆਪਣਾ ਚਿਹਰਾ ਕਾਇਆ ਕਲਪ ਕਰਨਾ ਹੈ। ਵਿਪਰੀਤ ਰੁੱਖ ਦੀ ਥਾਂ ਅਨੁਕੂਲ ਰੁੱਖ ਉਗਾਉਣਾ ਹੈ।

ਸਮਾਂ ਇਤਿਹਾਸਕ ਬੀਜ਼ 'ਚੋਂ ਗੁਜ਼ਰ ਰਿਹਾ ਹੈ। ਬੀਜ਼ 'ਚੋਂ ਜੋ ਕੁੱਝ ਵੀ ਉੱਗਿਆ ਹੈ ਉਸ ਨੂੰ ਨਿਚੋੜ ਰਿਹਾ ਹੈ। ਸਮਾਂ ਭੂਤ 'ਚੋਂ ਨਿਕਲ ਕੇ ਵਰਤਮਾਨ ਅਤੇ ਵਰਤਮਾਨ 'ਚੋਂ ਨਿਕਲ ਕੇ ਭਵਿੱਖ ਹੋਣਾ ਚਾਹੁੰਦਾ ਹੈ। ਇਹ ਜੋ ਸਮੇਂ ਦੀ ਪਿੱਠ 'ਤੇ ਉੱਗਿਆ ਹੈ। ਉਸ ਨੂੰ ਪੁੱਟਣਾ, ਛਾਨਣਾ ਤੇ ਉਸ 'ਚੋਂ ਅੱਜ ਨੂੰ ਅਲੱਗ ਕਰਨਾ ਚਾਹੁੰਦਾ ਹੈ। ਛਾਂਣੇ ਹੋਏ ਭੂਤ 'ਚੋਂ ਜੋ ਕੁੱਝ ਨਿਕਲਿਆ ਹੈ, ਉਸ ਨੂੰ ਦੁਬਾਰਾ ਬੀਜਣਾ ਚਾਹੁੰਦਾ ਹੈ ਜੋ ਉਸ 'ਚੋਂ ਫਿਰ ਭੂਤ ਉਗਦਾ ਹੈ ਤਾਂ ਬਾਕੀ ਜੋ ਨਹੀਂ ਉੱਗਿਆ, ਉਹ ਭਵਿੱਖ ਸੀ। ਜਿਸ ਨੂੰ ਉਗਾਉਣ ਦੀ ਸਮੇਂ ਦੀ ਚੇਸ਼ਟਾ ਹੈ।

ਸਮਾਂ ਇਹ ਪ੍ਰਯੋਗ ਆਪਣੀ ਪ੍ਰਯੋਗਸ਼ਾਲਾ ਵਿਚ ਕਰ ਰਿਹਾ ਹੈ। ਇਹ ਸਮਾਂ ਵਿਸ਼ਵ ਦੇ ਪਦਾਰਥਕ ਵਿਕਾਸ ਦੇ ਪ੍ਰਤੀਕਰਮ 'ਚੋਂ ਜਨਮੀ ਅਜੋਕੀ ਚੇਤਨਾ ਹੈ। ਇਸ ਦੇ ਨਾਲ ਸਮੇਂ ਨੂੰ ਉਸ ਧਰਤੀ ਦਾ ਗਿਆਨ ਵੀ ਹੋਵੇਗਾ, ਜਿਸ 'ਚੋਂ ਭਵਿੱਖ ਉਗਾਉਣਾ ਹੈ। ਇਸ ਲਈ ਸਮਾਂ ਆਪਣੇ ਅੰਦਰ ਤੂਫ਼ਾਨ ਤੇ ਝੱਖੜ ਜੜ੍ਹਾਂ ਤੋਂ ਉਖਾੜ ਰਿਹਾ ਹੈ। ਜੰਗਲ ਤੋਂ ਲੱਕੜ ਹੁੰਦਾ ਜਾ ਰਿਹਾ ਹੈ। ਸਿਰਫ਼ ਜੀਵਨ ਦੀ ਕਾਇਆ ਕਲਪ ਕਰਨ ਲਈ ਵਿਪਰੀਤ ਰੁੱਖ ਦੀ ਥਾਂ ਅਨੁਕੂਲ ਬੀਜ਼ ਬੀਜ਼ਣ ਲਈ ਤਾਂ ਕਿ ਭਵਿੱਖ 'ਚ ਉਗਿਆ ਰੁੱਖ ਸਮੇਂ ਦਾ ਚਿਹਰਾ ਲੱਗੇ, ਪਿੱਠ ਨਾ ਲੱਗੇ। ਭਵਿੱਖ ਲੱਗੇ ਭੂਤ ਨਾ ਲੱਗੇ। ਇਹ ਅਨੁਭਵ ਸਮੇਂ ਦੀ ਇਤਿਹਾਸਕ ਚੇਤਨਾ ਵਿਚ ਉਸ ਸਮੇਂ ਤੋਂ ਹੀ ਪਲਰ ਰਿਹਾ ਹੈ। ਜਿਸ ਸਮੇਂ ਤੋਂ ਦੁਨੀਆ ਦੇ ਦਾਰਸ਼ਨਿਕਾਂ ਨੇ ਮਨੁੱਖ ਦੀ ਥਾਂ ਇਕੱਲੇ ਪਦਰਾਥ ਦੇ ਵਿਕਾਸ ਲਈ ਯੋਜਨਾਬੱਧ ਸਿਲਸਿਲਾ ਸ਼ੁਰੂ ਕੀਤਾ ਸੀ, ਜਿਵੇਂ ਕੁਦਰਤ ਵਿਚ ਕੁੱਝ ਵੀ ਫਾਲਤੂ ਨਹੀਂ ਇਵੇਂ ਹੀ ਕੁਦਰਤ ਮਨੁੱਖ ਵਲੋਂ ਸਮੇਂ ਦੀ ਧਰਾਤਲ 'ਤੇ ਵਾਪਰੀਆਂ ਗਲਤੀਆਂ ਦੀ ਸੋਧ ਲਈ ਵੀ ਆਪਣਾ ਯੋਗਦਾਨ ਪਾਉਂਦੀ ਹੈ।

ਅਜੋਕੀ ਵਿਸ਼ਵ ਚੇਤਨਾ ਜੋ ਪਦਾਰਥ ਦਾ ਪ੍ਰਤੀਕਰਮ ਹੈ। ਮਨੁੱਖ ਨੂੰ ਪਦਾਰਥ ਦੀ ਦ੍ਰਿਸ਼ਟੀ ਦੀ ਥਾਂ ਮਨੁੱਖੀ ਦ੍ਰਿਸ਼ਟੀ ਤੋਂ ਵੇਖਦੀ ਹੈ। ਉਸ ਤੋਂ ਨਜ਼ਰ ਬਚਾ ਕੇ ਨਹੀਂ ਲੰਘਦੀ, ਬਲਕਿ ਉਸ ਵਿਚ ਵਿਚਰਦੀ ਹੈ। ਉਸ ਨਾਲ ਵਾਰਤਾਲਾਪ ਕਰਦੀ ਹੈ, ਮਨੁੱਖ ਦੇ ਅੰਦਰ ਉੱਤਰ ਦੀ ਹੈ, ਮਨੁੱਖ ਨੂੰ ਆਪਣੇ ਅੰਦਰ ਉਤਾਰਦੀ ਹੈ। ਅਜੋਕੀ ਸਮੇਂ ਦੀ ਚੇਤਨਾ ਨੇ ਮਨੁੱਖ ਨੂੰ ਜਦ ਅੰਦਰੋਂ ਵੇਖਿਆ ਤਾਂ ਹੈਰਾਨ ਹੋ ਗਈ, ਸੋਚਾਂ 'ਚ ਪੈ ਗਈ ਕਿ ਸ੍ਰਿਸ਼ਟੀ ਦੀ ਗਤੀ ਬ੍ਰਹਮੰਡ ਦਾ ਕਾਰੋਬਾਰ ਕੁਦਰਤ ਦਾ ਸਿਲਸਿਲਾ ਸਾਗਰਾਂ, ਪਹਾੜਾਂ, ਜੰਗਲਾਂ ਦਾ ਆਰੰਭ ਸੱਭ ਮਨੁੱਖ ਦੇ ਸਵੈ ਸੱਚ ਤੋਂ ਹੋਇਆ ਹੈ। ਸਵੈ ਸੱਚ ਜੋ ਸ਼ੂਨਯ ਹੈ, ਅਫੁਰ ਹੈ, ਨਿਰਜਨ ਹੈ, ਅੰਤ ਰਹਿਤ ਹੈ। ਹਵਾ ਦੀ ਗਤੀ, ਅਗਨ ਦਾ ਤੇਜ਼, ਮਨੁੱਖੀ ਸੋਚ 'ਚੋਂ ਜਨਮਦੇ ਹਨ। ਜਲ ਦਾ ਵੇਗ, ਧਰਤੀ ਦੀ ਗਤੀ ਮਨੁੱਖੀ ਸੱਚ ਹੈ। ਅੰਬਰ ਦਾ ਸ਼ਬਦ ਧਰਤੀ ਦੀ ਸੁਗੰਧ ਮਨੁੱਖ ਦਾ ਸੱਚ ਹੀ ਬੀਜ਼ ਹੈ, ਰੁੱਖ ਹੈ, ਜੰਗਲ ਹੈ, ਮਨੁੱਖ ਦਾ ਸੱਚ ਸ਼ੂਨਯ ਹੈ, ਜਿਸ 'ਚੋਂ ਸੱਭ ਦਿੱਸ-ਅਦਿੱਸ ਜਨਮਿਆ ਹੈ। ਮਨੁੱਖ ਦਾ ਸੱਚ ਹੀ ਪ੍ਰਾਣਾਂ ਦੀ ਗਤੀ ਹੈ, ਇਨਸਾਨਾਂ ਦੀ ਗਤੀ ਹੈ, ਜੀਵਨ ਦੀ ਜਾਨ ਹੈ, ਸ੍ਰਿਸ਼ਟੀ ਦਾ ਪ੍ਰਾਣ ਹੈ। ਬੇਸ਼ੱਕ ਮਨੁੱਖੀ ਸੱਚ ਜਿੱਥੇ ਸ਼ੂਨਯ ਹੈ, ਉੱਥੇ ਬ੍ਰਹਮੰਡਕ ਗਤੀ ਦਾ ਪ੍ਰਾਣ ਹੈ। ਸਮੇਂ ਦੀ ਚੇਤਨਾ ਜਦ ਮਨੁੱਖ ਦੀ ਅੰਦਰਲੀ ਪਰਿਕਰਮਾ 'ਚੋਂ ਬਾਹਰ ਆਈ ਤਾਂ ਸਮੇਂ ਦੀ ਚੇਤਨਾ ਦੀ ਸੋਚ ਤੇ ਦ੍ਰਿਸ਼ਟੀ ਮਾਨਵੀ ਦ੍ਰਿਸ਼ਟੀ ਵਿਚ ਬਦਲ ਗਈ।

ਪਦਾਰਥਕ ਵਿਕਾਸ ਵਿਚ ਮਨੁੱਖ ਦੀ ਸਥਿਤੀ ਥੱਲ ਦਾ ਸਫ਼ਰ ਹੈ। ਮਨੁੱਖੀ ਦੇਹ ਵਿਚ ਕਈਆ ਸੂਰਜਾਂ ਦੀ ਅੱਗ ਦਾ ਸੇਕ ਹੈ। ਮਨੁੱਖੀ ਤੰਦੂਰ ਹੋਏ ਤੰਨ ਵਿਚ ਦੇਹ ਅਤੇ ਸਾਹਾਂ ਦਾ ਫਾਸਲਾਂ ਵੱਧ ਗਿਆ ਹੈ। ਇਹ ਪਦਾਰਥਕ ਵਿਕਾਸ ਵਿਚ ਮਨੁੱਖੀ ਜੀਵਨ ਦੇ ਸਫ਼ਰ ਦਾ ਸੰਘਰਸ਼ ਹੈ। ਇਸ ਸਫ਼ਰ ਵਿਚ ਮਨੁੱਖ ਦੇਹ ਨੁੱਚੜ ਕੇ ਪਸੀਨੇ ਦੀ ਬੂੰਦ ਹੋ ਗਈ ਹੈ। ਮਨੁੱਖ ਬਲਦੇ ਦਾਵਾਨਲ ਦਾ ਰੂਪ ਹੋ ਗਿਆ ਹੈ। ਜੀਵਨ ਦਾ ਥਲ ਤਪ ਰਿਹਾ ਹੈ। ਅਜੋਕਾ ਮਨੁੱਖ ਸੜ ਰਿਹਾ ਹੈ। ਪਦਾਰਥ ਵਿਕਾਸ ਦੇ ਪ੍ਰਤੀਕਰਮ 'ਚੋਂ ਉਪਜੇ ਜੀਵਨ ਦਾ ਇਹ ਯਥਾਰਥਕ ਅਕਸ਼ ਹੈ। ਇਸ ਥੱਲ 'ਚੋਂ ਗੁਜ਼ਰਦੇ ਮਨੁੱਖ ਦਾ ਸੰਘਰਸ਼ ਮਾਨਵਤਾ ਦੀ ਤਲੀ 'ਤੇ ਇੱਕ ਸ਼ਾਂਤੀ ਸਰੂਪ ਸਾਗਰ ਧਰ ਰਿਹਾ ਹੈ, ਤਾਂ ਕਿ ਮਨੁੱਖ ਆਪਣੀ ਹੋਂਦ ਸੱਚ ਤੇ ਸ਼ਨਾਖਤ ਜੀਅ ਸਕੇ। ਜੀਵਨ ਥਲ ਹੋਰ ਤਪਦਾ ਜਾ ਰਿਹਾ ਹੈ ਅਤੇ ਮਨੁੱਖੀ ਦੇਹ ਦੀ ਬੂੰਦ ਨੂੰ ਭਾਫ ਵਿਚ ਬਦਲ ਰਿਹਾ ਹੈ, ਭਾਵ ਮਨੁੱਖੀ ਜਲ ਜੀਵਨ ਵਿਚ ਤਬਦੀਲੀ ਆ ਰਹੀ ਹੈ।

ਅਜੋਕਾ ਮਨੁੱਖ ਜਿੰਨ੍ਹਾ ਸੰਘਰਸ਼ ਤੇ ਔਕੜਾਂ 'ਚੋਂ ਗੁਜ਼ਰੇਗਾ, ਜਿੰਨ੍ਹਾ ਵੱਧ ਪਦਾਰਥਕ ਵਿਕਾਸ ਦਾ ਥਲ ਹੋਰ ਤਪੇਗਾ ਉਨ੍ਹਾ ਹੀ ਸ਼ਾਂਤੀ ਅਤੇ ਸਕੂਨ ਦਾ ਮੀਂਹ ਮਨੁੱਖੀ ਧਰਤੀ 'ਤੇ ਹੋਰ ਵਰ੍ਹੇਗਾ। ਇਸ ਆਸ 'ਤੇ ਮਨੁੱਖ ਜੀਵਨ ਵਿਚਲੀ ਪਦਾਰਥਕ ਵਿਕਾਸ ਦੀ ਅਗਨ ਨਾਲ ਲੜ ਰਿਹਾ ਹੈ। ਜਿੱਥੇ ਇਸ ਸੰਘਰਸ਼ ਵਿਚ ਮਨੁੱਖ ਆਪਣੀ ਦੇਹ ਕੋਲੇ ਕਰ ਰਿਹਾ ਹੈ, ਉੱਥੇ ਥਲ ਦੀ ਤਪਸ਼ ਵਿਚ ਹਰਿਆਉਲ ਦੇ ਰੰਗ ਵੀ ਭਰ ਰਿਹਾ ਹੈ। ਅਜੋਕੇ ਮਨੁੱਖ ਦਾ ਸਫ਼ਰ ਪਦਾਰਥਕ ਵਿਕਾਸ ਵਿਚ ਭਾਵੇਂ ਥਲ ਚਿੱਥਣ ਦਾ ਹੈ, ਭਾਵ ਤਪਦਾ ਸੂਰਜ ਢਿੱਡ 'ਚ ਉਤਾਰਨ ਦਾ ਹੈ ਪਰ ਇਸ ਸਫ਼ਰ ਦਾ ਮਕਸਦ ਸਿਰਫ਼ ਥਲ ' ਚੋਂ ਸਾਗਰ ਪੈਦਾ ਕਰਨ ਦਾ ਹੈ। ਮਨੁੱਖ ਲਈ ਇਹ ਜੀਵਨ ਸਫ਼ਰ ਕੁੱਝ ਕਰਕੇ ਮਰਨ ਦਾ ਹੈ। ਆਸ ਦੀ ਬੂੰਦ ਪੁੰਗਰਨ ਦੇ ਸਹਾਰੇ ਅਜੋਕਾ ਮਨੁੱਖ ਇਸ ਸੰਘਰਸ਼ ਵਿਚ ਵਿਚਰ ਰਿਹਾ ਹੈ। ਲਹੂ ਤੋਂ ਥਲ ਦੀ ਰੇਤ ਵਿਚ ਢਲ ਰਿਹਾ ਹੈ। ਮਨੁੱਖੀ ਹੋਂਦ ਦਾ ਆਖ਼ਰੀ ਕਤਰਾ ਥਲ 'ਚ ਥਲ ਹੋਣ ਤੋਂ ਪਹਿਲਾਂ ਸਾਗਰ 'ਚੋਂ ਉੱਠੀ ਲਹਿਰ ਦਾ ਨਜ਼ਾਰਾ ਹੋਣਾ ਲੋਚਦਾ ਹੈ। ਪਦਾਰਥਕ ਵਿਕਾਸ ਦੇ ਪ੍ਰਤੀਕ਼ਰਮ 'ਚੋਂ ਜਨਮੀ ਮਨੁੱਖੀ ਚੇਤਨਾ ਇਸ ਸੰਘਰਸ਼ ਵਿਚ ਥਲ ਦਾ ਅਗਾਜ਼ ਹੋ ਕੇ ਵਿਚਰ਼ਦੀ ਹੈ। ਸਾਗਰ ਦਾ ਹਸ਼ਰ ਹੋ ਕੇ ਇਸ ਸਫ਼ਰ ਦੀ ਸਮਾਪਤੀ ਚਾਹੁੰਦੀ ਹੈ।

ਅਜੋਕਾ ਮਨੁੱਖ ਆਪਣੇ ਹੀ ਸਿਰਜੇ ਪਦਾਰਥੀ ਵਿਕਾਸ ਨਾਲ ਜਦ ਟੁਰਦਾ ਹੈ ਤਾਂ ਆਪਣੀ ਗੁਆਚੀ ਸ਼ਨਾਖਤ ਦੀ ਤਲਾਸ਼ 'ਚ ਆਪਣੇ ਅੰਦਰ ਵੱਲ ਮੁੜਦਾ ਹੈ। ਵੇਖਦਾ ਹੈ ਕਿ ਉਸ ਦੇ ਅੰਦਰ ਕਿੰਨੇ ਪਹਾੜ, ਅਕਾਸ਼, ਧਰਤੀਆਂ, ਸੂਰਜ, ਚੰਨ ਤੇ ਤਾਰਕਾ ਮੰਡਲ ਹਨ, ਕਿੰਨ੍ਹੇ ਸਾਗਰ, ਜੰਗਲ, ਚਸ਼ਮੇ ਤੇ ਝਰਨੇ

ਹਨ। ਕਿੰਨ੍ਹੀ ਮਨੁੱਖਤਾ ਤੇ ਸੰਸਾਰ ਹਨ। ਮਨੁੱਖ ਜਦ ਆਪਣੇ-ਆਪ ਨੂੰ ਪਾ ਲੈਂਦਾ ਹੈ, ਤਾਂ ਕੁੱਝ ਬ੍ਰਹਮੰਡ ਮਨੁੱਖ ਨੂੰ ਆਪਣੇ 'ਚ ਸਮਾਇਆ ਲਗਦਾ ਹੈ। ਮਨੁੱਖ ਜਦ ਵੀ ਆਪਣੀ ਸੀਮਾ ਜਾਂ ਅਸੀਮਾ ਤੋਂ ਪਾਰ ਵੇਖਦਾ ਹੈ। ਲੱਖਾਂ ਆਕਾਸ਼ਾਂ ਤੇ ਧਰਤੀਆਂ 'ਚ ਫੈਲਿਆ ਆਪਣਾ ਅਕਾਰ ਵੇਖਦਾ ਹੈ। ਉਹ ਮਹਿਸੂਸ ਕਰਦਾ ਹੈ, ਕਿੰਨ੍ਹੇ ਮੌਸਮ, ਰੁੱਤਾਂ, ਬਾਹਾਰਾਂ ਉਸ ਦੀ ਦੇਹ 'ਚ ਵਸਦੀਆਂ ਹਨ। ਕਿੰਨੀਆਂ ਅੱਗ ਤੇ ਪੌਣਾਂ ਉਸ 'ਚੋਂ ਜਨਮ ਰਹੀਆਂ ਹਨ।

ਮਨੁੱਖ ਦੇ ਸਿਰ 'ਚ ਅਣਗਣਿਤ ਸਿਰ ਉੱਗੇ ਹਨ। ਮਨੁੱਖ ਅੰਦਰ ਮਨੁੱਖਤਾ ਦੇ ਹਜ਼ੂਮ ਵਸਦੇ ਹਨ। ਕਈ ਸ਼ਹਿਰ, ਕਈ ਜੰਗਲ, ਮਨੁੱਖੀ ਦ੍ਰਿਸ਼ਟੀ 'ਚ ਜਿਊਂਦੇ ਹਨ। ਕਈਆਂ ਸੂਰਜਾਂ ਦੇ ਕਾਫ਼ਲੇ ਉਸ ਦੀ ਦੇਹ 'ਚੋਂ ਉਦੈ ਹੁੰਦੇ ਹਨ। ਜਿਸ ਨਾਲ ਮਨੁੱਖਾ ਦੇਹ ਰੌਸ਼ਨ ਹੈ। ਮਨੁੱਖ ਅੰਦਰ ਪਸ਼ੂ, ਪੰਖਸ਼ੀਆਂ, ਜੀਵ ਜੰਤੂਆਂ ਦੀਆਂ ਬਿਰਤੀਆਂ ਦੇ ਅੰਬਾਰ ਹਨ। ਸਦੀਆਂ ਦੀ ਭੁੱਖੀ ਤ੍ਰਿਸ਼ਨਾ ਲਈ ਮਨੁੱਖ ਦਾ ਅੰਦਰ ਰਿਜਕ ਦਾ ਭੰਡਾਰ ਹੈ। ਮਨੁੱਖ ਦੇ ਅੰਦਰ ਆਦਿ ਮਨੁੱਖ ਤੋਂ ਅਜੋਕੇ ਮਨੁੱਖ ਦੇ ਸੰਘਰਸ਼ ਦਾ ਇਤਿਹਾਸ ਜਿਊਂਦਾ ਹੈ। ਮਨੁੱਖ ਜਨਮ ਤੋਂ ਪਹਿਲਾਂ ਕਾਦਰ ਤੇ ਕੁਦਰਤ ਦਾ ਅਹਿਸਾਸ ਜਿਊਂਦਾ ਹੈ। ਮੌਸਮਾਂ, ਬਹਾਰਾਂ, ਪੱਤਝੜੀ ਤੇ ਸਮੇਂ ਨੇ ਜੋ ਮਨੁੱਖ ਦੇ ਚਿਹਰੇ ਤੇ ਸਭਿਅਤਾ ਉੱਗਾਈ ਹੈ, ਉਸ ਦਾ ਪਾਸਟ ਜਿਊਂਦਾ ਹੈ ਮਨੁੱਖ ਆਪਣੇ-ਆਪ ਵਿਚ ਇੱਕ ਇਤਿਹਾਸਕ ਦਸਤਾਵੇਜ਼ ਦਾ ਰੂਪ ਹੈ। ਮਨੁੱਖ ਦੀ ਆਪਣੀ ਸਿਰਜੀ ਭਾਸ਼ਾ ਨੇ ਜਦ ਅਰਥਾਂ ਦੀ ਸਰਬ ਵਿਆਪਕਤਾ ਤੇ ਅਸੀਮਤਾ ਨੂੰ ਸ਼ਬਦਾਂ 'ਚ ਲਪੇਟਿਆ ਤਾਂ ਭਾਸ਼ਾ ਦੀ ਸਮਰੱਥਾ ਤੋਂ ਬਾਹਰ ਵਸਦੀ ਜ਼ਿੰਦਗੀ 'ਚ ਮਨੁੱਖੀ ਅਰਥਾਂ ਦਾ ਤਿੜਕਿਆ ਚਿਹਰਾ ਭਾਸ਼ਾ ਨੇ ਅਨੁਭਵਿਆ, ਭਾਵ ਮਨੁੱਖ ਦਾ ਅੰਦਰ ਮਨੁੱਖ ਦੇ ਆਪਣੇ ਆਪੇ ਤੋਂ ਵੀ ਵਸੀਹ ਹੈ। ਇਹ ਵਸੀਹਤਤਾ ਅੰਦਰ ਵੀ ਹੈ, ਬਾਹਰ ਵੀ ਹੈ। ਇਸ ਅੰਦਰ ਤੇ ਬਾਹਰ ਦੀ ਕੀ ਇਕਾਈ ਹੈ। ਜਨਮ ਤੇ ਮਰਨ ਦਾ ਸੱਚ ਕੀ ਹੈ। ਮਨੁੱਖ ਦੇ ਅੰਦਰ ਕੀ ਹੈ, ਬਾਹਰ ਕੀ ਹੈ। ਮਨੁੱਖ ਆਪਣੀ ਅਸੀਮਤਾ ਨੂੰ ਜਾਣ ਕੇ ਹੀ ਇਨ੍ਹਾਂ ਸਵਾਲਾਂ ਦੇ ਸਨਮੁੱਖ ਖਲੋਅ ਸਕਦਾ ਹੈ। ਇਸ ਲਈ ਪਦਾਰਥਕ ਵਿਕਾਸ ਦੇ ਨਾਲ-ਨਾਲ ਮਨੁੱਖੀ ਸਵੈ ਦਾ ਵਿਕਾਸ ਵੀ ਜ਼ਰੂਰੀ ਹੈ, ਤਾਂ ਮਨੁੱਖ ਪਦਾਰਥਕ ਵਿਕਾਸ ਦੇ ਪ੍ਰਤੀਕਰਮਾਂ ਦਾ ਸਾਹਮਣਾ ਦ੍ਰਿੜਤਾ ਨਾਲ ਕਰ ਸਕੇ। ਸੰਤਾਪ ਇਹ ਹੈ ਕਿ ਮਨੁੱਖ ਆਪਣੀ ਵਿਸ਼ਾਲਤਾ ਅਕਾਰ ਅਤੇ ਪਹਿਚਾਣ ਖੋਹ ਬੈਠਾ ਹੈ। ਖ਼ੁਦ ਆਪਣੇ ਹੀ ਦਾਇਰੇ ਦੀ ਸੀਮਾ ਜਾਣ ਨਹੀਂ ਸਕਿਆ। ਇਹ ਪਦਾਰਥਕ ਵਿਕਾਸ ਦੇ ਅਧੀਨ ਮਨੁੱਖ ਸਿਫ਼ਰ ਬਣਕੇ ਰਹਿ ਗਿਆ ਹੈ। ਆਪਣੇ ਹੀ ਪਰਾਂ 'ਤੇ ਮਨੁੱਖ ਨੇ ਪਦਾਰਥਕ ਵਿਕਾਸ ਦੇ ਪੱਥਰ ਧਰ ਲਏ ਹਨ। ਆਪਣੇ ਹੀ ਮੱਥੇ ਦਾ ਕਲੰਕ ਬਣ ਗਿਆ ਹੈ। ਸਮੇਂ ਦੇ ਇਤਿਹਾਸ 'ਚੋਂ ਜਦ ਵੀ

ਆਦਿ ਮਨੁੱਖ ਬੋਲਦਾ ਹੈ, ਉਹ ਅਜੋਕੇ ਮਨੁੱਖ ਲਈ ਅੰਬਰੀ ਚੇਤਨਾ ਦਾ ਦਰ ਖੋਲਦਾ ਹੈ, ਜਿਸ 'ਚੋਂ ਸਿਰਜਣਾ ਝਾਕਦੀ ਹੈ, ਕਾਦਰ ਬੋਲਦਾ ਹੈ, ਨਜ਼ਰਾਂ 'ਚੋਂ ਨੂਰ ਝਰਦਾ ਹੈ। ਕੁੱਲ ਬ੍ਰਹਮੰਡ ਮਨੁੱਖ ਦਾ ਚਿਹਰਾ ਮਨੁੱਖਤਾ ਦੀ ਵਜੂਦ ਲੱਗਦਾ ਹੈ। ਜਿਸ ਦੀ ਪਹਿਚਾਣ ਤੋਂ ਅਜੋਕਾ ਮਨੁੱਖ ਅਣਜਾਣ ਹੈ।

ਅਜੋਕਾ ਮਨੁੱਖ ਅੱਖਾਂ ਖੋਲ੍ਹ ਕੇ ਜਦ ਆਦਿ ਮਨੁੱਖ ਦੇ ਪ੍ਰਵਚਨਾਂ ਨੂੰ ਵਿਚਾਰਦਾ ਹੈ ਤਾਂ ਉਸ ਨੂੰ ਕਾਦਰ ਤੇ ਕੁਦਰਤ ਦੀ ਨੇੜਤਾ ਦੇ ਸਕੂਨ ਤੇ ਨੂਰ ਦਾ ਅਹਿਸਾਸ ਹੁੰਦਾ ਹੈ। ਉਸ ਦੀ ਦੇਹ 'ਚੋਂ ਸਿਰਜਕ ਤੇ ਸਥਾਪਤ ਪਦਾਰਥਕ ਵਿਕਾਸ ਦੀ ਪ੍ਰਵਿਰਤੀ ਬੋਲਦੀ ਹੈ। ਮੈਂ ਬੁੱਤ ਹਾਂ, ਜਿਸ 'ਚੋਂ ਜੀਵਨ ਨੁੱਚੜ ਗਿਆ ਹੈ। ਮੈਂ ਬੁੱਤ ਹਾਂ, ਸਿਰਫ਼ ਬੁੱਤ, ਸਿਰਜਕ ਨਹੀਂ, ਬੁੱਤ ਸਿਰਜਕ ਨਹੀਂ, ਸਿਰਜਕ ਦੀ ਸਿਰਜਣਾ ਦਾ ਪ੍ਰਤੀਕ ਹੁੰਦਾ ਹੈ। ਮਨੁੱਖ ਤੇ ਬੁੱਤ 'ਚ ਹਵਾ ਜਿਹੀ ਪਤਲੀ ਲੀਕ ਹੁੰਦੀ ਹੈ, ਜੋ ਬੁੱਤ 'ਚੋਂ ਵਹਿ ਟੁਰੇ ਤਾਂ ਬੁੱਤ ਹਕੀਕਤ ਹੋ ਜਾਂਦਾ ਹੈ। ਮਨੁੱਖ 'ਚੋਂ ਜੇ ਮਿਟ ਜਾਏ ਤਾਂ ਮਨੁੱਖ ਪੱਥਰ ਹੋ ਜਾਂਦਾ ਹੈ। ਆਦਿ ਮਨੁੱਖ ਦਾ ਪ੍ਰਵਚਨ ਅਜੋਕੇ ਮਨੁੱਖ ਨੂੰ ਅਹਿਸਾਸ ਕਰਵਾਉਂਦਾ ਹੈ ਕਿ ਉਹ ਪਦਾਰਥਕ ਵਿਕਾਸ ਦੇ ਪ੍ਰਤੀਕਰਮ ਵਜੋਂ ਪੱਥਰ ਹੋ ਚੁੱਕਾ ਹੈ ਕਿਉਂਕਿ ਅਜੋਕੇ ਮਨੁੱਖ ਦੀ ਰਹਿਨੁਮਾਈ ਪਦਾਰਥ ਕਰ ਰਿਹਾ ਹੈ। ਪਦਾਰਥਕ ਵਿਕਾਸ ਦਾ ਮਨੁੱਖ ਲਈ ਇਹ ਕਿੰਨ੍ਹਾ ਵੱਡਾ ਦੁਖਾਂਤ ਹੈ।

ਅਜੋਕਾ ਮਨੁੱਖ ਜ਼ਿੰਦਗੀ ਦੀ ਦੌੜ 'ਚ ਜ਼ਿੰਦਗੀ ਲਈ ਨਹੀਂ ਸਗੋਂ ਪਿੱਛੇ ਰਹਿਣ ਦੇ ਡਰ ਤੋਂ ਆਪਣੇ ਦੁਆਲੇ ਨਾਲ ਦੌੜ ਰਿਹਾ ਹੈ ਕਿਉਂਕਿ ਮਨੁੱਖ ਵਿਖ਼ਾਵੇਕਾਰੀ ਹੋਣ ਕਾਰਨ ਇਹ ਵਿਖਾਉਣਾ ਚਾਹੁੰਦਾ ਹੈ ਕਿ ਉਹ ਜ਼ਿੰਦਗੀ ਵਿਚ ਪਿੱਛੇ ਨਹੀਂ। ਮਨੁੱਖ ਦੇ ਦੁਆਲੇ 'ਚ ਸਿਰ, ਪੈਰ ਅਤੇ ਲੋਕ ਦੌੜ ਰਹੇ ਹਨ। ਲੋਕਾਂ ਦੇ ਪੈਰਾਂ ਦੀ ਭੀੜ ਹੇਠ ਆ, ਉਹ ਮਰਨਾ ਨਹੀਂ ਚਾਹੁੰਦਾ, ਅਪਣੇ-ਆਪ ਨੂੰ ਬਲਹੀਣ ਸਾਬਤ ਕਰਨਾ ਨਹੀਂ ਚਾਹੁੰਦਾ। ਭੀੜ ਕਿੱਧਰ ਜਾ ਰਹੀ ਹੈ। ਕਿਉਂ ਨੱਸ ਰਹੀ ਹੈ। ਇਸ ਦਾ ਭੀੜ ਨੂੰ ਵੀ ਗਿਆਨ ਨਹੀਂ, ਭੀੜ ਬਸ ਨੱਸ ਰਹੀ ਹੈ। ਕਈ ਵਾਰ ਭੀੜ ਜਿਊਣ ਦੇ ਡਰ ਤੋਂ ਨੱਸ ਰਹੀ ਹੁੰਦੀ ਹੈ। ਕਈ ਵਾਰ ਭੀੜ ਮਰਨ ਦੇ ਡਰ ਤੋਂ ਨੱਸ ਰਹੀ ਹੈ। ਭੀੜ ਵਿਚ ਕੋਈ ਟਾਂਵਾ ਟਾਂਵਾ ਕੋਈ ਐਸਾ ਸਖਸ਼ ਵੀ ਹੁੰਦਾ ਹੈ ਜੋ ਜੀਣ ਲਈ ਜੀਵਨ ਪਿੱਛੇ ਨੱਸ ਰਿਹਾ ਹੁੰਦਾ ਹੈ। ਪਰ ਭੀੜ ਵਿਚ ਜਿਊਣ ਦੇ ਡਰ ਤੋਂ ਨੱਸਣ ਵਾਲਾ ਵੀ ਸੁਰੱਖਸ਼ਤ ਨਹੀਂ ਕਿਉਂਕਿ ਜ਼ਿੰਦਗੀ ਤੋਂ ਕੋਈ ਵੀ ਜੀਂਦੇ ਜੀਅ ਨੱਸ ਨਹੀਂ ਸਕਿਆ। ਜੋ ਮਰਨ ਦੇ ਡਰ ਤੋਂ ਨੱਸ ਰਹੇ ਹਨ ਉਹ ਸੁਰੱਖਸ਼ਤ ਨਹੀਂ ਕਿਉਂਕਿ ਮੌਤ ਤੋਂ ਕੋਈ ਬਚ ਨਹੀ ਸਕਿਆ। ਜੋ ਜੀਵਨ ਜਿਊਣ ਲਈ ਭੀੜ ਨਾਲ ਨੱਸ ਰਹੇ ਹਨ। ਉਨ੍ਹਾਂ ਦੀ ਜੀਵਨ ਜਿਊਣ ਦੀ ਆਪਣੀ ਕੋਈ ਵਿਅਕਤੀਗਤ ਵਿਚਾਰਧਾਰਾ ਨਹੀਂ। ਜੋ

ਹੁੰਦੀ ਤਾਂ ਉਹ ਭੀੜ ਦਾ ਹਿੱਸਾ ਨਾ ਹੁੰਦੇ। ਲੋਕ ਜ਼ਿੰਦਗੀ ਦੀ ਦੌੜ ਵਿਚ ਵੇਖੋ ਵੇਖੀ ਨੱਸ ਰਹੇ ਹਨ। ਕਿਸੇ ਮੰਤਵ ਜਾਂ ਪ੍ਰਯੋਜਨ ਪਿੱਛੇ ਨਹੀਂ ਨੱਸ ਰਹੇ ਕਿਉਂਕਿ ਪਦਾਰਥਕ ਵਿਕਾਸ ਦੇ ਪ੍ਰਭਾਵ ਹੇਠਾਂ ਮਨੁੱਖ ਆਪਣਾ ਮੰਤਵ, ਆਪਣਾ ਪ੍ਰਯੋਜਨ ਗੁਆ ਚੁੱਕਾ ਹੈ ਜਾਂ ਇੰਝ ਕਹਿ ਲਉ ਕਿ ਆਧੁਨਿਕਤਾ ਦੇ ਵਿਕਾਸ ਨੇ ਮਨੁੱਖ ਨੂੰ ਆਪਣਾ ਮੰਤਵ ਜਾਂ ਪ੍ਰਯੋਜਨ ਸਮਝਣ ਦੇ ਯੋਗ ਛੱਡਿਆ ਹੀ ਨਹੀਂ ਜਾਂ ਮਨੁੱਖ ਨੂੰ ਇਸ ਦਾ ਮੌਕਾ ਹੀ ਨਹੀਂ ਦਿੱਤਾ।

ਅਜੋਕੀ ਮਨੁੱਖੀ ਦੌੜ ਵਿਚ ਚੇਤਨਾ ਦਾ ਗੁਪਤ ਇੱਕ ਅਜਿਹਾ ਪਰਿਵਾਰ ਹੈ। ਜੋ ਮਨੁੱਖ ਨੂੰ ਇਸ ਬੇਮਾਇਨਾ ਦੌੜ ਪ੍ਰਤੀ ਅਗਾਂਹ ਕਰਦਾ ਹੈ। ਮਨੁੱਖ ਨੂੰ ਮਨੁੱਖ ਦੀ ਮੈਂ ਪਿੱਛੇ ਦੌੜਣ ਤੋਂ ਰੋਕਦਾ ਹੈ। ਇਸ ਬੇਮਾਇਨਾ ਗਤੀਸ਼ੀਲਤਾ ਦੇ ਪੈਰਾਂ ਵਿਚ ਕਿੱਲ ਠੋਕਦਾ ਹੈ। ਚੇਤਨਾ ਦੀ ਇਹ ਪ੍ਰਵਿਰਤੀ ਦੌੜਦੀ ਮਨੁੱਖੀ ਚੇਤਨਾ ਨੂੰ ਠਹਿਰਾਓ ਅਤੇ ਸਹਿਜ ਦਾ ਸੰਕੇਤ ਦਿੰਦੀ ਹੈ। ਪਰ ਮਨੁੱਖ ਆਪਣੇ ਆਪ 'ਚ ਇੰਨ੍ਹਾ ਤੇਜ਼ ਦੌੜ ਰਿਹਾ ਹੈ ਕਿ ਆਪਣੇ-ਆਪ ਨੂੰ ਪਿੱਛੇ ਛੱਡ ਗਿਆ ਹੈ। ਅੰਬਰਾਂ ਤੋਂ ਅਗੇਰੇ ਉੱਤਰ ਗਿਆ ਹੈ, ਧਰਤੀਆਂ ਤੋਂ ਡੂੰਘਾ ਲਹਿ ਗਿਆ ਹੈ। ਮਨੁੱਖ ਨੇ ਲਾਲਚ ਦੇ ਪਹਾੜ ਤਲੀਆਂ 'ਤੇ ਧਰ ਲਏ ਹਨ। ਹੰਕਾਰ ਦਾ ਸਾਗਰ ਚੂਲੀ-ਚੂਲੀ ਕਰ ਪੀ ਲਿਆ ਹੈ। ਆਪਣੀਆਂ ਨਜ਼ਰਾਂ ਵਿਚ ਹਕੂਮਤ ਦੀ ਸਲਤਨਤ ਉਸਾਰ ਲਈ ਹੈ। ਸਾਰੇ ਬ੍ਰਹਮੰਡ ਦੀ ਪੋਟਲੀ ਬੰਨ ਕੇ ਸਿਰ ਤੇ ਧਰ ਲਈ ਹੈ। ਇੰਨ੍ਹਾ ਭਾਰ ਉਠਾਈ ਇੰਨੀ ਤੇਜ਼ ਦੌੜ ਰਿਹਾ ਹੈ ਕਿ ਆਪਣੇ-ਆਪ ਨੂੰ, ਆਪਣੇ ਦੁਆਲੇ ਨੂੰ, ਬਹੁਤ ਪਿੱਛੇ ਛੱਡ ਗਿਆ ਹੈ। ਦੌੜਦੇ ਮਨੁੱਖ ਦੇ ਪੈਰਾਂ ਹੇਠ ਜਦ ਧਰਤੀ ਨਹੀਂ ਰਹੀ ਤੇ ਆਸਮਾਨ ਨਹੀਂ ਰਿਹਾ ਤਾਂ ਸੋਚਦਾ ਹੈ, ਉਸ ਦੁਆਲੇ ਖਲੋਤ ਆ ਗਈ ਹੈ। ਜਿਸ ਦੁਆਲੇ ਨਾਲ ਉਹ ਦੌੜ ਰਿਹਾ ਸੀ, ਉਹ ਗਤੀਹੀਣ ਹੋ ਗਿਆ ਹੈ। ਇਸ ਖਲੋਤ ਦੀ ਸਥਿਤੀ ਵਿਚ ਮਨੁੱਖ ਸੋਚਦਾ ਹੈ ਕਿ ਮੈਂ ਤੇਜ਼ ਦੌੜ ਕੇ ਜੋ ਕੁੱਝ ਹਾਸਿਲ ਕੀਤਾ, ਉਸ ਵਿਚ ਠਹਿਰਾ, ਵਿਚਾਰਾਂ ਉਸ ਨੂੰ ਜੀਅ ਹੰਢਾਅ ਸਕਾ, ਉਸ ਦਾ ਸੁੱਖ ਆਨੰਦ ਮਾਨ ਸਕਾ। ਪਰ ਉਸ ਵਿਚਲੀ ਮੈਂ ਕਿੱਥੇ ਠਹਿਰਦੀ ਹੈ। ਮੈਂ ਤਾਂ ਬਿਨ੍ਹਾਂ ਧਰਤ, ਬਿਨ੍ਹਾਂ ਅੰਬਰ, ਬਿਨ੍ਹਾਂ ਪੈਰਾਂ ਤੋਂ ਵੀ ਦੌੜਦੀ ਜਾ ਰਹੀ ਹੈ, ਬਸ ਦੌੜਦੀ ਹੀ ਜਾ ਰਹੀ ਹੈ।

ਆਧੁਨਿਕਤਾ ਦੇ ਪਦਾਰਥਕ ਵਿਕਾਸ ਨੇ ਮਨੁੱਖ ਨੂੰ ਪਦਾਰਥਕ ਪ੍ਰਾਪਤੀਆਂ ਦਾ ਇੰਨ੍ਹਾ ਮੁਥਾਜ਼ ਕਰ ਦਿੱਤਾ ਹੈ ਕਿ ਉਹ ਆਪਣੀ ਮੈਂ ਦਾ ਰੂਪ ਧਾਰ ਇਨ੍ਹਾਂ ਪ੍ਰਾਪਤੀਆਂ ਪਿੱਛੇ ਦੌੜਨ ਦਾ ਆਦੀ ਹੋ ਗਿਆ ਹੈ। ਪਲ ਦੀ ਪਲ ਇਹ ਚੁੱਪ ਚੇਤਨਾ ਦੀ ਪ੍ਰਵਿਰਤੀ ਭਾਵ ਉਸ ਦਾ ਅੰਦਰ ਉਸ ਨੂੰ ਰੁਕਣ ਲਈ ਮਜ਼ਬੂਰ ਕਰਦਾ ਹੈ ਪਰ ਪਦਾਰਥਕ ਵਿਕਾਸ ਦਾ ਲਾਲਚੀ ਮਾਹੌਲ ਮਨੁੱਖ ਵਿਚਲੀ ਚੁੱਪ ਚੇਤਨਾ ਦੀ ਪ੍ਰਵਿਰਤੀ ਨੂੰ ਵਿਕਸਤ ਹੋਣ ਦਾ ਮੌਕਾ ਹੀ ਨਹੀਂ

ਦਿੰਦਾ। ਮਨੁੱਖ ਆਪਣੇ ਹੀ ਸਾਏ ਨੂੰ ਫੜਣ ਦੀ ਦੌੜ ਵਿਚ ਜੀਵਨ ਦਾ ਅੰਤ ਕਰ ਲੈਂਦਾ ਹੈ। ਸਾਏ ਦਾ ਅਲੋਪ ਹੋਣਾ ਮਨੁੱਖੀ ਸੱਚ ਦਾ ਮਨੁੱਖੀ ਦੇਹ 'ਚ ਸਮਾਉਣਾ ਹੈ। ਇਥੇ ਇਸ ਦੌੜ ਦਾ ਅੰਤ ਹੁੰਦਾ ਹੈ। ਮਨੁੱਖ ਦਾ ਦੁਆਲਾ ਤਾਂ ਉੱਥੇ ਹੀ ਖੜ੍ਹਾ ਰਹਿੰਦਾ ਹੈ, ਜਿੱਥੋਂ ਮਨੁੱਖ ਪੈਰ ਪੁੱਟਦਾ ਹੈ। ਮਨੁੱਖ ਅਸਲ ਵਿਚ ਆਪਣੀ ਹੀ ਮੈਂ ਨਾਲ ਆਪਣੇ-ਆਪ ਨਾਲ ਹੀ ਨੱਸਦਾ ਹੈ। ਜਿੰਨ੍ਹਾ ਵੀ ਪੰਧ ਮੁਕਾਉਂਦਾ ਹੈ, ਉਸ ਨਾਲੋਂ ਦੁੱਗਣਾ ਪੰਧ ਆਪਣੇ ਅੱਗੇ ਹੋਰ ਪਾਉਂਦਾ ਹੈ ਕਿਉਂਕਿ ਇਹ ਮਨੁੱਖ ਦੀ ਨਹੀਂ ਮਨੁੱਖੀ ਮੈਂ ਦੀ ਦੌੜ ਹੈ, ਜੋ ਅਮੁੱਕ ਹੈ। ਨਾ ਪੰਧ ਮੁੱਕਦਾ ਹੈ, ਨਾ ਮਨੁੱਖ ਦੀ ਮੈਂ ਮੁਕਦੀ ਹੈ। ਮਨੁੱਖ ਦੇ ਅੰਦਰੋਂ ਇਸ ਮੈਂ ਦੇ ਵਿਪਰੀਤ ਕਈ ਵਾਰੀ ਆਵਾਜ਼ ਉੱਠਦੀ ਹੈ। ਜੋ ਮਨੁੱਖੀ ਤ੍ਰਿਸ਼ਨਾ ਦੀ ਬਲਵਾਨਤਾ ਅੱਗੇ ਗੋਡੇ ਟੇਕ ਦਿੰਦੀ ਹੈ। ਫਿਰ ਮਨੁੱਖ ਤ੍ਰਿਸ਼ਨਾ ਦਾ ਅਤੇ ਤ੍ਰਿਸ਼ਨਾ ਮਨੁੱਖ ਦਾ ਰੂਪ ਧਾਰ ਲੈਂਦੀ ਹੈ।

ਜਦ ਮਨੁੱਖ ਅੱਗੇ ਦੌੜਦਾ ਅਜਿਹੀ ਥਾਂ 'ਤੇ ਪੁੱਜਦਾ ਹੈ, ਜਿੱਥੇ ਮਨੁੱਖ ਨੂੰ ਆਪਣਾ ਸਾਇਆ ਨਜ਼ਰ ਨਹੀਂ ਆਉਂਦਾ, ਤਾਂ ਮਨੁੱਖ ਸੋਚਦਾ ਹੈ, ਉਸ ਅੱਗੇ ਦੌੜਦਾ ਸਾਇਆ ਵੀ ਪਿੱਛੇ ਰਹਿ ਗਿਆ ਹੈ। ਇੱਥੇ ਹੁਣ ਕੋਈ ਨਹੀਂ ਅੱਗੇ ਨਾ ਪਿੱਛੇ, ਅੰਦਰ ਨਾ ਬਾਹਰ। ਮਨੁੱਖ ਭੁੱਲ ਜਾਂਦਾ ਹੈ, ਉਸ ਦੇ ਅੰਦਰ ਉਹ ਅਜੇ ਵੀ ਹੈ, ਜੋ ਉਸ ਦੇ ਮੈਂ ਦੇ ਵਿਪਰੀਤ ਸੀ। ਮੈਂ ਦੀ ਵਿਪਰੀਤ ਉਹ ਤੂੰ ਦਾ ਸੱਚ ਸੀ। ਜੋ ਮਨੁੱਖ ਦੀ ਮੈਂ ਨੂੰ ਤੂੰ ਦੇ ਸੰਬੋਧਨ ਵਿਚ ਸੰਕੇਤ ਕਰ ਰਿਹਾ ਸੀ ਕਿ ਮੈਂ ਤੂੰ ਸੋਚ ਨੂੰ ਕੀ ਕਰ ਰਹੀ ਹੈ ਕਿਉਂ ਨੱਸ ਰਹੀ ਹੈ ਪਰ ਇਸ ਤੂੰ ਨੂੰ, ਜੋ ਮੈਂ ਦੀ ਵਿਪਰੀਤਤਾ ਹੈ, ਨੂੰ ਮਨੁੱਖ ਤਾਂ ਹੀ ਸਮਝ ਸਕਦਾ ਸੀ ਜੇ ਮਨੁੱਖ ਦਾ ਵਿਅਕਤੀਗਤ ਸਵੈ ਵਿਕਾਸ ਪਦਾਰਥਕ ਵਿਕਾਸ ਦੇ ਨਾਲ-ਨਾਲ ਹੁੰਦਾ। ਪਦਾਰਥਕ ਵਿਕਾਸ ਦੇ ਨਾਲ ਮਨੁੱਖ ਵੀ ਆਪਣੇ-ਆਪ ਨੂੰ ਵਿਦਿਅਕ ਕਰਦਾ, ਆਪਣੀ ਹੋਂਦ ਆਪਣਾ ਸੱਚ ਆਪਣਾ ਅੰਦਰ ਸਮਝਦਾ। ਮਨ ਤੂੰ ਜੋਤ ਸਰੂਪ ਹੈ, ਦਾ ਪ੍ਰਵਚਨ ਸੁਣਦਾ, ਇਸ ਦਾ ਅਰਥ ਸਮਝਦਾ। ਪਰ ਨਹੀਂ ਮਨੁੱਖ ਆਪਣੀ ਮੈਂ ਪਿੱਛੇ ਦੌੜਦਾ-ਦੌੜਦਾ ਮੈਂ ਦਾ ਸਫ਼ਰ ਮੁਕਾ ਨਹੀਂ ਸਕਿਆ। ਇਹ ਸੱਭ ਮਨੁੱਖੀ ਵਿਅਕਤੀਗਤ ਸਵੈ ਅਗਿਆਨਤਾ ਕਾਰਨ ਹੈ। ਇਸ ਦਾ ਜ਼ਿੰਮੇਵਾਰ ਪਦਾਰਥਕ ਵਿਕਾਸ ਹੈ। ਜੋ ਮਨੁੱਖ ਨੂੰ ਮੈਂ ਦੇ ਪਿੱਛੇ ਦੌੜਣ ਲਈ ਮਜ਼ਬੂਰ ਕਰਦਾ ਹੈ, ਆਪਣੀ ਪ੍ਰਾਪਤੀਆਂ ਦੀ ਪ੍ਰਾਪਤੀ ਲਈ।

ਆਧੁਨਿਕਤਾ ਦੇ ਪਦਾਰਥਕ ਵਿਕਾਸ ਦੀ ਚਕਾਚੌਂਧ ਨੇ ਮਨੁੱਖ ਨੂੰ ਇਸ ਮੋੜ 'ਤੇ ਖੜ੍ਹਾ ਕਰ ਦਿੱਤਾ ਹੈ, ਜਿੱਥੇ ਰੁੱਖ ਫੁੱਲ ਹਨ, ਪੱਤੀਆਂ ਹਨ, ਛਾਵਾਂ ਹਨ। ਮਨੁੱਖੀ ਨਜ਼ਰ ਨੂੰ ਇਹ ਰੁੱਖ, ਫੁੱਲ, ਪੱਤੀਆਂ ਲੱਗਦੀਆਂ ਹਨ। ਮਨੁੱਖ ਜੋ ਵੇਖ ਰਿਹਾ ਹੈ, ਉਹ ਸੱਚ ਹੈ ਪਰ ਮਨੁੱਖ ਜੋ ਅਨੁਭਵ ਕਰ ਰਿਹਾ ਹੈ, ਉਹ

ਭਰਮ ਹੈ। ਮਨੁੱਖ ਦੀ ਦ੍ਰਿਸ਼ਟੀ ਨੂੰ ਪਦਾਰਥਕ ਵਿਕਾਸ ਨੇ ਦੁਬਿਧਾ ਵਿਚ ਪਾ ਦਿੱਤਾ ਹੈ। ਮਨੁੱਖ ਦੀ ਦ੍ਰਿਸ਼ਟੀ ਤੇ ਅਨੁਭਵ ਇਕਾਈ ਵਿਚ ਫ਼ਰਕ ਆ ਗਿਆ ਹੈ। ਮਨੁੱਖ ਵੇਖਦਾ ਕੁੱਝ ਹੋਰ ਹੈ, ਅਨੁਭਵ ਕੁੱਝ ਹੋਰ ਕਰਦਾ ਹੈ। ਵੇਖਣ ਅਤੇ ਅਨੁਭਵ ਕਰਨ ਦੀ ਇਕਾਈ ਵਿਚਲਾ ਫ਼ਰਕ ਪਦਾਰਥਕ ਵਿਕਾਸ ਦੀ ਦੇਣ ਹੈ।

ਪਦਾਰਥਕ ਵਿਕਾਸ ਨੇ ਮਨੁੱਖ ਦੁਆਲੇ ਕੁਦਰਤੀ ਸੱਚ ਦੇ ਵਿਪਰੀਤ ਅਨੇਕਾਂ ਭਰਮ ਸਿਰਜ ਦਿੱਤੇ ਹਨ। ਜਿਸ ਵਿਚ ਵਿਚਰਦਾ ਮਨੁੱਖ ਸੱਚ ਦਾ ਸ਼ੱਕੀ ਅਤੇ ਭਰਮ ਦਾ ਵਿਸ਼ਵਾਸ਼ੀ ਹੋ ਗਿਆ ਹੈ। ਪਹਾੜ, ਦਰਿਆ, ਨਦੀਆਂ, ਸਾਗਰ ਹਨ, ਸੱਭ ਚੁੱਪ ਹਨ, ਸੱਭ ਚੁੱਪ ਹਨ ਬੋਲਦੇ ਨਹੀਂ ਨਜ਼ਰ ਆਉਂਦੇ, ਅਨੁਭਵ ਨਹੀਂ ਹੁੰਦੇ। ਇਹ ਆਪਣੀ-ਆਪਣੀ ਸ਼ਨਾਖਤ ਦੀ ਹਾਮੀ ਨਹੀਂ ਭਰਦੇ ਕੁਦਰਤ ਨੂੰ ਪਦਾਰਥਕ ਵਿਕਾਸ ਨੇ ਐਸਾ ਭਰਮੀ ਰੂਪ ਦਿੱਤਾ ਹੈ ਕਿ ਦਿੱਸਦਾ ਸੱਚ ਵੀ ਭਰਮ ਲੱਗਦਾ ਹੈ, ਭਾਵ ਪਲਾਸਟਿਕ ਦੀ ਕੁਦਰਤ ਕਿਵੇਂ ਆਪਣੇ-ਆਪ ਨੂੰ ਕੁਦਰਤ ਆਖ ਸਕਦੀ ਹੈ। ਪਲਾਸਟਿਕ ਦਾ ਫੁੱਲ ਕਿਵੇਂ ਆਪਣੇ-ਆਪ 'ਚ ਖ਼ੁਸ਼ਬੂ ਦੀ ਭਾਸ਼ਾ ਬੋਲ ਸਕਦਾ ਹੈ। ਕਿਵੇਂ ਆਪਣਾ ਰੰਗ ਤੇ ਮਹਿਕ ਅਭਿਵਿਅਕਤ ਕਰ ਸਕਦਾ ਹੈ। ਇਹੀ ਮਨੁੱਖੀ ਦ੍ਰਿਸ਼ਟੀ ਅਤੇ ਅਨੁਭਵ ਦੀ ਇਕਾਈ ਵਿਚਲੀ ਦੁਬਿਧਾ ਹੈ। ਜਿਸ ਦਾ ਜ਼ਿਕਰ ਮੈਂ ਉਪਰ ਕੀਤਾ ਹੈ।

ਬਜ਼ਾਰ ਹਨ, ਸੜਕਾਂ ਹਨ, ਗਲੀਆ, ਚੌਂਕ, ਚੌਰਾਹੇ ਹਨ, ਲੋਕ ਹਨ, ਲੋਕਾਂ ਦੀ ਭੀੜ ਹੈ। ਸੱਭ ਇੱਕ ਟੱਕ ਵੇਖ ਰਹੇ ਹਨ, ਸੁਣਦੇ ਕਿਉਂ ਨਹੀਂ, ਕੀ ਹਨ, ਕੌਣ ਹਨ, ਦੱਸਦੇ ਕਿਉਂ ਨਹੀਂ। ਆਪਣੇ ਸੱਚ ਨਾਲ ਤੁਰਦੇ ਕਿਉਂ ਨਹੀਂ। ਆਪਣੇ ਦਰ ਖੋਲਦੇ ਕਿਉਂ ਨਹੀਂ, ਸ਼ਾਇਦ ਆਪਣੇ ਸੱਚ ਤੋਂ ਅਣਜਾਣ ਹਨ। ਆਧੁਨਿਕਤਾ ਦੇ ਪਦਾਰਥਕ ਵਿਕਾਸ ਨੇ ਇੱਥੋਂ ਤੱਕ ਭਰਮ ਵਿਸਥਾਰ ਦਿੱਤਾ ਹੈ ਕਿ ਅਸਲ ਪਦਾਰਥ ਦੀ ਸ਼ਕਲ ਸੂਰਤ ਅਤੇ ਰੂਪ ਪਛਾਣਿਆ ਹੀ ਨਹੀਂ ਜਾ ਸਕਦਾ। ਪੱਥਰ ਮੋਮ ਲੱਗਦਾ ਹੈ, ਮੋਮ ਪੱਥਰ ਲੱਗਦੀ ਹੈ। ਬਜ਼ਾਰਾਂ ਵਿਚ ਪੱਥਰ ਦੇ ਖਿਡੌਣੇ ਤੇ ਬੁੱਤ ਚੰਗੇ ਭਲੇ ਮਨੁੱਖ ਦੀ ਨਜ਼ਰ ਨੂੰ ਮੋਮ ਦਾ ਭੁਲੇਖਾ ਪਾਉਂਦੇ ਹਨ। ਕੱਚ ਅਤੇ ਪਲਾਸਟਿਕ ਦੀ ਪਾਰਦਰਸ਼ਕਤਾ ਵਿਚ ਫ਼ਰਕ ਤੁਸੀਂ ਅੱਖ ਨਾਲ ਵੇਖ ਨਹੀਂ ਸਕਦੇ। ਦ੍ਰਿਸ਼ਟੀ ਦਾ ਭਰਮ ਹੱਥਾਂ ਨਾਲ ਟੋਹ ਕੇ ਹੀ ਤੁਸੀਂ ਨਿਵਿਰਤ ਕਰ ਸਕਦੇ ਹੋ। ਭਾਵ ਆਧੁਨਿਕਤਾ ਦੇ ਵਿਕਾਸ ਵਿਚ ਜੋ ਪਦਾਰਥ ਆਧੁਨਿਕਤਾ ਦਾ ਵਿਸ਼ਾ ਬਣਿਆ ਹੈ। ਉਸ ਦਾ ਯਥਾਰਥਕ ਸੱਚ ਉਸਦੀ ਵਿਕਸਤ ਸ਼ਕਲ ਸੂਰਤ ਵਿਚ ਗੁਆਚ ਗਿਆ ਹੈ। ਮਨੁੱਖੀ ਦ੍ਰਿਸ਼ਟੀ ਤੇ ਅਨੁਭਵ ਵਿਚ ਇਹ ਅੰਤਰ ਇਸੇ ਵਿਕਾਸ ਦੀ ਉਪਜ ਹੈ। ਜਿਸ ਦਾ ਅਸਰ ਮਨੁੱਖੀ ਜੀਵਨ ਤੇ ਆਪਣੀ ਪਹਿਚਾਣ ਲਈ ਦੁਵੱਲੀ ਮਨੁੱਖੀ ਊਰਜਾ ਦੀ ਮੰਗ ਕਰਦਾ ਹੈ। ਇਹ ਊਰਜਾ ਹੈ, ਦ੍ਰਿਸ਼ਟੀ ਨਾਲ ਵੇਖ ਤੇ ਹੱਥਾਂ ਨਾਲ ਛੂਹ ਕੇ ਇੱਕੋ

ਚੀਜ਼ ਦੀ ਪਹਿਚਾਣ ਕਰਨੀ। ਪਦਾਰਥਕ ਵਿਕਾਸ ਨੇ ਸੱਚ ਅਤੇ ਭਰਮ ਦੀ ਪਹਿਚਾਣ ਲਈ ਮਨੁੱਖੀ ਮਾਨਸਿਕਤਾ ਲਈ ਅਜਿਹਾ ਦਵੰਦ ਖੜ੍ਹਾ ਕਰ ਦਿੱਤਾ ਹੈ ਕਿ ਮਨੁੱਖ ਦੀ ਦ੍ਰਿਸ਼ਟੀ ਅੱਖੀਂ ਵੇਖੇ ਸੱਚ ਨੂੰ ਸੱਚ ਸਮਝਣ ਲਈ ਉਸ ਦੀ ਹੋਂਦ ਹੱਥਾਂ ਨਾਲ ਟੋਹ ਕੇ ਵੇਖਦੀ ਹੈ।

ਵੱਡੀਆਂ-ਵੱਡੀਆਂ ਤੇ ਉੱਚੀਆਂ-ਉੱਚੀਆਂ ਇਮਾਰਤਾਵਾਂ ਵਿਚ ਲੱਗੇ ਸ਼ੀਸ਼ੇ ਦੇ ਦਰਵਾਜ਼ੇ ਦੀ ਪਾਰਦਰਸ਼ਕਤਾ ਅਤੇ ਧੁੱਪ ਦੇ ਰੰਗ ਵਿਚ ਫ਼ਰਕ ਕਰਨਾ ਮਨੁੱਖੀ ਦ੍ਰਿਸ਼ਟੀ ਲਈ ਔਖਾ ਹੈ। ਨੌਰਥ ਅਮਰੀਕਾ ਵਿਚ ਸ਼ੀਸ਼ੇ ਦੇ ਦਰਵਾਜ਼ਿਆਂ ਨਾਲ ਟਕਰਾਕੇ ਕਈ ਲੋਕ ਗੰਭੀਰ ਘਟਨਾਵਾਂ ਦੇ ਸ਼ਿਕਾਰ ਹੋਏ ਹਨ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਰਸਤਾ ਸਾਫ਼ ਹੈ। ਉਨ੍ਹਾ ਨੂੰ ਲੱਗਦਾ ਹੈ ਕਿ ਰਾਹ ਵਿਚ ਕੋਈ ਸ਼ੀਸ਼ੇ ਦਾ ਦਰਵਾਜ਼ਾ ਨਹੀਂ, ਧੁੱਪ ਹੈ। ਸ਼ੀਸ਼ਾ ਇੰਨ੍ਹੇ ਉਤਕ੍ਰਿਸ਼ਟ ਰੂਪ ਵਿਚ ਵਿਕਸਤ ਕੀਤਾ ਗਿਆ ਹੈ ਕਿ ਮਨੁੱਖੀ ਦ੍ਰਿਸ਼ਟੀ ਰਸਤੇ ਵਿਚ ਸ਼ੀਸ਼ੇ ਦੀ ਹੋਂਦ ਮਹਿਸੂਸ ਹੀ ਨਹੀਂ ਕਰਦੀ ਅਤੇ ਮਨੁੱਖ ਇਸ ਨਾਲ ਟਕਰਾ ਕੇ ਘਟਨਾ ਗ੍ਰਸਤ ਹੋ ਜਾਂਦਾ ਹੈ। ਪਦਾਰਥਕ ਵਿਕਾਸ ਨੇ ਇਹ ਦੁਬਿਧਾ ਮਨੁੱਖ ਲਈ ਪੈਦਾ ਕੀਤੀ। ਦੁਬਿਧਾ ਹੈ ਕਿ ਮਨੁੱਖ ਅੱਖ ਨਾਲ ਵੇਖੇ ਜਾਂ ਹੱਥਾਂ ਨਾਲ ਰਸਤਾ ਟੋਹ ਕੇ ਕਦਮ ਪੁੱਟੇ।

ਮਨੁੱਖ ਕੋਲ ਅਤੇ ਪ੍ਰਕਿਰਤੀ ਕੋਲ ਆਪਣੇ ਵਜੂਦ ਦੇ ਸੰਬੋਧਨੀ ਭਾਵ ਲਈ ਯਥਾਰਥਕ ਸੱਚ ਨਹੀਂ ਹੈ। ਇਸ ਯਥਾਰਥਕ ਸੱਚ ਦੀ ਤਲਾਸ਼ 'ਚ ਕੁਦਰਤ ਤੇ ਮਨੁੱਖ ਆਪਣੇ-ਆਪ 'ਚ ਬਿਖਰ ਤੇ ਤਿੜਕ ਗਏ ਹਨ। ਆਪਣੇ ਸੱਚ ਦੀ ਭਾਲ ਵਿਚ ਆਪਾ ਵਿਸਰ ਗਏ ਹਨ। ਸ਼ਾਇਦ ਲੋਕ ਆਪਣੇ ਅੰਗਾਂ ਤੇ ਨਕਸ਼ਾਂ ਨੂੰ ਜੋੜਨ ਦੇ ਯਤਨਾਂ ਵਿਚ ਹਨ। ਜ਼ਰਿਆ 'ਚੋਂ ਪਹਾੜ, ਬੂੰਦ 'ਚੋਂ ਸਾਗਰ, ਰੁੱਖ 'ਚੋਂ ਜੰਗਲ ਉਸਾਰਨ ਲਈ ਯਤਨਸ਼ੀਲ ਹਨ। ਆਪਣਾ-ਆਪ ਸ਼ਾਲਮ ਕਰਕੇ ਹੀ ਤਾਂ ਪਿੱਛੇ ਰਹਿ ਗਏ ਖੋਲਾਂ ਵੱਲ ਆਪਣਾ ਮੂੰਹ ਮੋੜਣਗੇ। ਖੋਲਾਂ ਨੂੰ ਕੀ ਪਤਾ ਉਹ ਕੀ ਹਨ, ਕੌਣ ਹਨ। ਖੋਲ ਤਾਂ ਕਬਰਾਂ ਦੇ ਘਰ ਹੁੰਦੇ ਹਨ, ਜਿਨ੍ਹਾਂ 'ਚ ਕੋਈ ਜੀਵਨ ਚਿਰਾਗ ਨਹੀਂ ਜਗਦਾ, ਨਾ ਹੀ ਇਨ੍ਹਾਂ ਦੇ ਖੁਲ੍ਹੇ ਦਰ ਹੁੰਦੇ ਹਨ। ਅਜੋਕਾ ਮਨੁੱਖ ਬੇਜ਼ਾਨ ਪੱਥਰ ਦੇ ਬੁੱਤਾਂ ਦੀ ਦੁਨੀਆ ਵਿਚ ਵਿਚਰ ਰਿਹਾ ਹੈ, ਜਿੱਥੇ ਚੁੱਪ ਦਾ ਜੰਗਲ ਹੈ। ਅਰਥਾਂ ਦਾ ਭੁਲੇਖਾ ਹੈ, ਸੱਚ ਦਾ ਭਰਮ ਹੈ।

ਪਦਾਰਥਕ ਵਿਕਾਸ 'ਚੋਂ ਇੱਕ ਹੋਰ ਰੂਪ ਮਨੁੱਖ ਦਾ ਉੱਘੜ ਕੇ ਸਾਹਮਣੇ ਆਇਆ ਹੈ। ਮਨੁੱਖ ਆਪਣੇ ਸਿਰ 'ਚੋਂ ਉੱਘੇ ਸਿਰਾਂ ਨੂੰ ਹੱਥਾਂ 'ਚੋਂ ਉਘੇ ਹੱਥਾਂ ਨੂੰ, ਪੈਰਾਂ 'ਚੋਂ ਉੱਘੇ ਪੈਰਾਂ ਨੂੰ, ਦੇਹ 'ਚੋਂ ਉੱਘੀਆਂ ਦੇਹਾਂ ਨੂੰ ਤਿਆਗ ਆਪਣੇ ਸਵੈ ਦੇ ਦਰ ਆ ਗਿਆ ਹੈ। ਸਵੈ ਦੇ ਦਰ 'ਤੇ ਆਉਣ ਦਾ ਵੈਰਾਗ ਅਤੇ ਉਪਗਮਤਾ ਪਦਾਰਥਕ ਜੀਵਨ ਦੇ ਪ੍ਰਭਾਵ ਦੀ ਉਪਜ ਹੈ। ਮਨੁੱਖ ਦੀ ਇਸ ਪ੍ਰਵਿਰਤੀ ਦੀ

ਵਿਆਖਿਆ ਵਿਸ਼ਵ ਸਾਹਿਤ ਵਿਚ ਵੇਖੀ ਜਾ ਸਕਦੀ ਹੈ। ਮਨੁੱਖ ਜੀਵਨ ਮੰਚ ਤੇ ਇੰਝ ਵੰਡਿਆ ਗਿਆ ਹੈ ਕਿ ਧਰਤੀ ਤੋਂ ਕਿਣਕਾ, ਅੰਬਰ ਤੋਂ ਜ਼ਰਾ, ਸਮੁੰਦਰ ਤੋਂ ਕਤਰਾ ਹੋ ਗਿਆ ਹੈ। ਮਨੁੱਖ ਦੀ ਇਕਾਈ ਸਿਫ਼ਰਿਆਂ 'ਚ ਤਕਸੀਮੀ ਗਈ ਹੈ। ਕਿਸੇ ਅੱਖ 'ਚ ਮਨੁੱਖ ਦਾ ਸਿਰ ਹੈ, ਕਿਸੇ ਤਲੀ 'ਤੇ ਮਨੁੱਖ ਦਾ ਧੜ ਹੈ, ਕਿਸੇ ਕੰਨ 'ਚ ਜੀਭ ਹੈ, ਕਿਸੇ ਨੱਕ 'ਚ ਸਾਹ ਹੈ, ਕਿਸੇ ਵਜੂਦ 'ਚ ਪੈਰ ਹਨ, ਭਾਵ ਮਨੁੱਖ ਦੁਨੀਆ ਦੇ ਰੰਗਮੰਚ 'ਤੇ ਕਟੇ ਬੱਕਰੇ ਵਾਂਗ ਇੱਕ-ਇੱਕ ਅੰਗ ਇਕ-ਇਕ ਨਕਸ਼ ਦੇ ਰੂਪ ਵਿਚ ਵਿੱਕ ਰਿਹਾ ਹੈ।

ਅਜੋਕਾ ਮਨੁੱਖ ਆਪਣੀ ਵਿਖੰਡਤ ਸ਼ਖ਼ਸੀਅਤ ਰਾਹੀਂ ਜਿਸ ਕਿਸੇ ਦੀ ਵੀ ਭੁੱਖ ਮਿਟਾਉਂਦਾ ਹੈ। ਉਹ ਭੁੱਖਾ ਮਨੁੱਖ ਉਸ ਦੇ ਇੱਕਲੇ ਅੰਗਾਂ 'ਚੋਂ ਪੂਰਨ ਵਜੂਦ ਦਾ ਸਵਾਦ ਭਾਲਦਾ ਹੈ। ਇਹ ਅਜੋਕੇ ਮਨੁੱਖ ਦੇ ਵਿਚਰਨ ਧਰਾਤਲ ਦੇ ਸੰਦਰਭ ਵਿਚ ਪਦਾਰਥਕ ਵਿਕਾਸ ਦੇ ਪ੍ਰਤੀਕਰਮ ਦਾ ਦੁਖਾਂਤ ਹੈ। ਦੂਜੀ ਗੱਲ ਮਨੁੱਖ ਆਪਣੇ ਸਵੈ ਨੂੰ ਸਵਾਲ ਕਰਦਾ ਹੈ ਕਿ ਮੈਂ ਕਿਵੇਂ ਸਾਲਮ ਸਬੂਤਾ ਇੱਕ ਹੀ ਘਰ ਦੇ ਚੂਲ੍ਹੇ 'ਤੇ ਰਿੱਝਾ ਤੇ ਬਾਕੀਆਂ ਘਰਾਂ ਦੇ ਚੁੱਲ੍ਹੇ ਠੰਡੇ ਸੀਤ ਰਹਿਣ, ਇਹ ਹੈ ਇਸ ਦੁਖਾਂਤ ਦਾ ਭੁੱਖ ਵਲੋਂ ਦੁਖਾਂਤ ਪ੍ਰਤੀਕਰਮ। ਮਨੁੱਖ ਕਿਵੇਂ ਆਪਣੇ ਤਕਸੀਮੇ ਅੰਗਾਂ ਤੇ ਨਕਸ਼ਾਂ ਨੂੰ ਇਕੱਠਿਆਂ ਕਰੇ ਅਤੇ ਆਪਣੇ ਸਵੈ ਸੱਚ ਦੇ ਦਰਪਣ 'ਚ ਆਪਣਾ ਸਾਲਮ ਸਬੂਤਾ ਚਿਹਰਾ ਧਰੇ, ਇਹ ਹੈ ਸਵੈ ਸੱਚ ਅੱਗੇ ਪ੍ਰਗਟਾਅ ਦਾ ਦੁਖਾਂਤ।

ਇਹ ਦੁਖਾਂਤ ਮਨੁੱਖ ਅੰਦਰ ਦੋ ਤਰ੍ਹਾਂ ਦੀ ਦੁਬਿਧਾ ਪੈਦਾ ਕਰਦਾ ਹੈ। ਜੇ ਮਨੁੱਖ ਸਾਲਮ ਸਬੂਤਾ ਹੈ ਤਾਂ ਉਸ ਤੋਂ ਸਿਵਾ ਉਸ ਦਾ ਕੋਈ ਨਹੀਂ ਹੈ। ਜੇ ਤਕਸੀਮਿਆ ਹੈ ਤਾਂ ਮਨੁੱਖ ਆਪਣੇ-ਆਪ ਦਾ ਨਹੀਂ। ਪਦਾਰਥਕ ਵਿਕਾਸ ਦਾ ਇਹ ਸੱਭ ਤੋਂ ਮਹੱਤਵਪੂਰਨ ਅਤੇ ਦਰਦਨਾਕ ਦੁਖਾਂਤ ਹੈ, ਜੋ ਅਜੋਕੇ ਮਨੁੱਖ ਦੀ ਭੇਂਟ ਹੈ, ਜੋ ਮਨੁੱਖ ਹੰਢਾਅ ਰਿਹਾ ਹੈ। ਰੰਗਮੰਚ 'ਤੇ ਮਨੁੱਖ ਨਾਟਕ ਕਰ ਸਕਦਾ ਹੈ ਪਰ ਆਪ ਆਪਣਾ ਨਾਟਕ ਵੇਖ ਨਹੀਂ ਸਕਦਾ। ਵੇਖਣ ਲਈ ਅੱਖਾਂ, ਸੁਨਣ ਲਈ ਕੰਨ, ਰੰਗਮੰਚ 'ਤੇ ਆਉਣ ਲਈ ਪੈਰ ਅਤੇ ਅਭਿਨੈ ਦ ਸਫ਼ਲਤਾ ਦੇ ਇਜ਼ਹਾਰ ਲਈ ਹੱਥ ਚਾਹੀਦੇ ਹਨ, ਤਾੜੀਆਂ ਮਾਰਨ ਲਈ, ਸ਼ਾਇਦ ਇਸੇ ਲਈ ਮਨੁੱਖ ਸਾਲਮ ਨਹੀਂ ਹੈ। ਸਾਲਮ ਧੜ ਅੰਗਾਂ ਤੇ ਨਕਸ਼ਾਂ 'ਚ ਵੰਡਿਆ ਪਿਆ ਹੈ। ਜਿੱਥੇ ਮਨੁੱਖ ਮਾਨਸਿਕ ਸੰਤਾਪ ਹੰਢਾਅ ਰਿਹਾ ਹੈ, ਉੱਥੇ ਇਹ ਮਨੁੱਖੀ ਸਰੀਰਕ ਸੰਤਾਪ ਦੀ ਵੀ ਹੋਂਦ ਹੈ। ਮਨੁੱਖ ਆਪਣੇ ਸਵੈ ਸਾਂਵੇ ਖੜ੍ਹਾ ਵੀ ਸੰਤਾਪਿਆ ਹੈ ਕਿਉਂਕਿ ਮਨੁੱਖ ਇੰਨ੍ਹਾ ਸਮਰੱਥ ਨਹੀਂ ਜਿੰਨ੍ਹਾ ਸਵੈ ਹੈ। ਸਵੈ ਤਕਸੀਮਿਆ ਹੋਇਆ ਵੀ ਇੱਕ ਇਕਾਈ ਹੈ। ਮਨੁੱਖੀ ਇਕਾਈ ਵੀ ਤਕਸੀਮੀ ਹੈ ਪਰ ਸਵੈ ਆਪਣੀ ਤਕਸੀਮ ਵਿਚ ਪੂਰਨ ਹੈ, ਸਾਲਮ ਤੋਂ ਮੁਕੰਮਲ ਹੈ।

ਮਨੁੱਖ ਆਪਣੀ ਇਕਾਈ ਵਿਚ ਵੀ ਅਤੇ ਤਕਸੀਮ ਵਿਚ ਵੀ ਅਧੂਰਾ ਹੈ। ਸਵੈ ਹਰ ਮਨੁੱਖ ਵਿਚ ਤਕਸੀਮਿਆ ਹੋਇਆ ਵੀ ਪੂਰਾ ਹੈ। ਸਵੈ ਦੇ ਸੰਦਰਭ ਵਿਚ ਵੀ ਇਹ ਦੁਖਾਂਤ ਮਨੁੱਖ ਨੂੰ ਪਦਾਰਥ ਕਾਰਨ ਹੀ ਹੰਢਾਉਣਾ ਪੈਂਦਾ ਹੈ।

ਆਧੁਨਿਕਤਾ ਦੇ ਵਿਕਾਸ 'ਚ ਪਦਾਰਥਕ ਫੈਲ ਕੇ ਬੀਜ਼ ਤੋਂ ਪ੍ਰਕਿਰਤੀ ਹੋ ਗਿਆ ਹੈ। ਅਕੂੰਰ ਤੋਂ ਬ੍ਰਹਮੰਡ, ਕਿਣਕੇ ਤੋਂ ਸ੍ਰਿਸ਼ਟੀ ਹੋ ਗਿਆ ਹੈ। ਇਸ ਦੇ ਵਿਪਰੀਤ ਮਨੁੱਖ ਇੰਨਾ ਸੁੰਗੜ ਗਿਆ ਹੈ ਕਿ ਆਪਣੇ ਆਪ ਨੂੰ ਵੀ ਨਜ਼ਰ ਆਉਣੋਂ ਹੱਟ ਗਿਆ ਹੈ। ਆਧੁਨਿਕਤਾ ਦੇ ਪਦਾਰਥ ਵਿਕਾਸ ਵਿਚ ਜਿੱਥੇ ਮਨੁੱਖੀ ਜੀਵਨ ਸਮੱਗਰੀ ਦੇ ਤੌਰ 'ਤੇ ਛਲਕਦਾ ਸਾਗਰ ਹੋਇਆ ਹੈ, ਉੱਥੇ ਆਪਣੇ ਆਪ 'ਚ ਮਨਫ਼ੀ ਵੀ ਹੋਇਆ ਹੈ ਪਰ ਮਨੁੱਖ ਨੇ ਪਦਾਰਥਕ ਵਿਕਾਸ ਦੀ ਬਰਸਾਤ 'ਚ ਭਿੱਜਣ ਤੋਂ ਆਪਾ ਢੱਕਿਆ ਨਹੀਂ। ਸਗੋਂ ਆਪਣੀ ਹੋਂਦ ਨੂੰ ਰਾਖ ਹੋਣ ਦੇ ਸੰਤਾਪ ਹੋਣ ਦਾ ਅਨਜ਼ਾਮ ਦਿੱਤਾ ਹੈ ਤਾਂ ਕਿ ਇਨ੍ਹਾਂ ਦੋਹਾਂ ਹਲਾਤਾਂ ਵਿਚ ਪਦਾਰਥਕ ਵਿਕਾਸ ਅਤੇ ਸ਼ਨਾਖਤ ਰਹਿਤ ਮਨੁੱਖੀ ਜੀਵਨ ਵਿਚ ਕਈ ਤਬਦੀਲੀ ਵਾਪਰ ਸਕੇ। ਪਦਾਰਥਕ ਵਿਕਾਸ ਦੇ ਜਲ ਨੂੰ ਭਾਫ ਦਾ ਰੂਪ ਦੇ ਸਕੇ। ਅਤੇ ਆਧੁਨਿਕਤਾ ਦੇ ਵਿਕਾਸ ਦੀ ਥਾਂ ਮਨੁੱਖ ਦਾ ਵਿਅਕਤੀਗਤ ਸਵੈ ਵਿਕਾਸ ਹੋਣ ਦੀ ਕੋਈ ਵਿਚਾਰਧਾਰਾ ਮਨੁੱਖੀ ਅੰਬਰ 'ਤੇ ਬੱਦਲ ਦਾ ਰੂਪ ਧਾਰ ਸਕੇ। ਜੇ ਪਦਾਰਥਕ ਜਲ, ਭਾਫ, 'ਚ ਢਲੇਗਾ ਜਲ ਦੇ ਸੱਚ ਦਾ ਗਿਆਨ ਹੋਵੇਗਾ ਅੱਗ 'ਤੇ ਟੁਰੇਗਾ ਤਾਂ ਜਲ ਦੀ ਠੰਡਕ ਦਾ ਅਹਿਸਾਸ ਹੋਵੇਗਾ।

ਅਜੋਕੇ ਮਨੁੱਖ ਨੇ ਆਪਣੇ ਸਿਰ 'ਤੇ ਜੋ ਔਕੜਾਂ ਦੇ ਪਹਾੜ ਉਠਾਏ ਹਨ। ਪਦਾਰਥਕ ਵਿਕਾਸ ਦੇ ਪ੍ਰਤੀਕਰਮ ਦੇ ਸੰਤਾਪ ਅਧੀਨ ਨਜ਼ਰਾਂ ਵਿਚ ਪੀੜਾਂ ਦੇ ਦਿਸਹੱਦੇ, ਜ਼ਿਹਨ ਵਿਚ ਭਟਕਣ ਅਤੇ ਸਰੀਰਕ ਮਾਨਸਿਕ ਅਸ਼ਾਂਤੀ ਦੇ ਪਹਾੜ ਹਨ। ਫੁੱਲਾਂ ਦੀ ਥਾਂ ਕੰਡਿਆਂ ਸੰਗ ਰਾਫ਼ਤਾ ਹੈ। ਮਨੁੱਖੀ ਸਰੀਰਕ ਪ੍ਰਣਾਲੀ ਅੱਗ 'ਚੋਂ ਗੁਜ਼ਰ ਰਹੀ ਹੈ। ਮਨੁੱਖ ਦਾ ਆਪਾ ਰੇਤ ਹੋਇਆ ਥਲ ਦੀ ਜੂੰਨ ਹੰਢਾਅ ਰਿਹਾ ਹੈ ਪਰ ਰੇਤ ਤੋਂ ਸ਼ਾਹਿਰਾਂ ਦੀ ਇਕਾਈ ਤੇ ਕਣੀਆਂ ਤੋਂ ਬੱਦਲ ਦਾ ਸੱਚ ਅਜੋਕੇ ਮਨੁੱਖ ਦੇ ਮੱਥੇ 'ਚ ਜਗਿਆ ਹੈ। ਮਨੁੱਖ ਇਸ ਸੰਘਰਸ਼ ਵਿਚ ਥੱਕ ਟੁੱਟ ਕੇ ਜਦ ਚੂਰ-ਚੂਰ, ਪੁਰਜਾ-ਪੁਰਜਾ, ਕਤਰਾ-ਕਤਰਾ ਹੋਇਆ, ਸਾਲਮ ਨਾ ਰਿਹਾ ਤਾਂ ਉਸ ਨੇ ਆਪਣਾ ਆਪਾ ਅੰਗਾਂ ਤੇ ਨਕਸ਼ਾਂ 'ਚ ਤਕਸੀਮਿਆ ਪਾਇਆ। ਪਦਾਰਥਕ ਵਿਕਾਸ ਦੇ ਪ੍ਰਭਾਵ ਕਾਰਨ ਮਨੁੱਖ ਦੁੱਖ ਤੇ ਦੁੱਖ ਮਨੁੱਖ ਦਾ ਰੂਪ ਹੋ ਗਿਆ। ਜਦ ਮਨੁੱਖ ਨੇ ਦੁੱਖ 'ਚ ਆਪਾ ਚਿੱਥਿਆ, ਤਿੜਕਿਆ, ਉਧੜਿਆ ਪਾਇਆ ਤਾਂ ਉਸ ਦੇ ਮੱਥੇ 'ਚ ਹੋਂਦ ਦੀ ਇਕਾਈ ਦਾ ਸੱਚ ਨਜ਼ਰ ਆਇਆ। ਉਸ ਨੂੰ ਇਕ ਅੰਗੀਆਰ ਦੇ ਮਗਣ ਦਾ ਅਹਿਸਾਸ

ਹੋਇਆ। ਇੱਕ ਦੀਵੇ ਦੇ ਬਲਣ ਦਾ ਅਨੁਭਵ ਹੋਇਆ, ਇਹ ਦੁੱਖ ਹੀ ਉਸ ਦੇ ਸੁੱਖਾਂ ਦੀ ਕੁੱਖ ਹਨ। ਉਹ ਦੁੱਖਾਂ ਨੂੰ ਜਪਦਾ, ਸਿਮਰਦਾ, ਧਿਆਉਂਦਾ, ਆਪਣੀ ਸੁਰਤੀ 'ਚ ਉੱਤਰਦਾ ਗਿਆ। ਉਸ ਨੂੰ ਪਤਾ ਹੀ ਨਹੀਂ ਲੱਗਾ ਕਿ ਉਸ ਵਿਚਲੇ ਥਲ ਵਿਚ ਕਦ ਸੀਤ ਜਲ ਦੀ ਲਹਿਰ ਦੌੜ ਗਈ। ਸਮੁੰਦਰ ਵਿਚ ਜਿਊਣ ਦੇ ਸੱਚ ਦਾ ਸੰਕਲਪ ਉਸ ਦੇ ਅੰਤਾਂ ਕਰਨ ਤੇ ਚਿਤਰਿਆ ਗਿਆ। ਭਵਿੱਖ ਵਿਚ ਆਉਣ ਵਾਲੇ ਮਨੁੱਖ ਦੀ ਇਹੀ ਸੰਕਲਪ ਹੈ। ਗਾਲਿਬ ਸਾਹਿਬ ਦਾ ਸ਼ੇਅਰ ਹੈ, "ਇਸ਼ਰਤੇ ਬੂੰਦ ਕਾ ਦਰਿਆ ਮੇਂ ਫਨਾਹ ਹੋਣਾ ਦਰਦ ਨਾ ਹੱਦ ਸੇ ਗੁਜ਼ਰਨਾ ਔਰ ਦਵਾ ਹੋਣਾ"

ਅਜੋਕਾ ਮਨੁੱਖ ਰੁੱਖ ਹੁੰਦਾ ਹੋਇਆ ਵੀ ਪਦਾਰਥਕ ਵਿਕਾਸ ਦੇ ਥਲ ਵਿਚ ਸੜ ਰਿਹਾ ਹੈ। ਥਲ ਦੀ ਤਪਸ਼ 'ਚ ਉਸਦਾ ਪੱਤਾ-ਪੱਤਾ ਝੜ ਗਿਆ ਹੈ। ਉਸ ਦਾ ਜਿਸਮ ਛਾਲਾ ਰੂਪ ਹੈ। ਫਿਰ ਵੀ ਉਹ ਥਲ ਦੇ ਸੂਰਜ ਲਈ ਦੁਆ ਕਰਦਾ ਹੈ। ਸਿਰ ਤੋਂ ਲੈ ਕੇ ਪੈਰਾਂ ਤੀਕ ਆਪਣੇ ਦੁਆਲੇ ਸੂਰਜ ਓੜ ਕੇ ਸੂਰਜ ਹੀ ਸੂਰਜ ਜਪਦਾ ਤੇ ਸਿਮਰਦਾ ਹੈ। ਥਲ 'ਚ ਭੁੱਜ ਕੇ ਮਨੁੱਖ ਕੋਲੇ ਹੋ ਗਿਆ ਹੈ। ਕੋਲੇ ਹੋਣ ਦੀ ਕਾਰਜਪ੍ਰਣਾਲੀ ਰਾਹੀਂ ਥਲ ਨੂੰ, ਸੂਰਜ ਨੂੰ, ਥਲ ਦੀ ਤਪਸ਼ ਨੂੰ, ਉਨ੍ਹਾਂ ਵਿਚ ਤੇਜ਼ ਦਾ ਗਿਆਨ ਕਰਵਾ ਰਿਹਾ ਹੈ। ਇਹ 'ਤੇਜ਼ ਮਾਨਵੀ ਉਹ ਪ੍ਰਕਿਰਤੀ ਹੈ, ਜਿਸ ਨੇ ਪਦਾਰਥਕ ਵਿਕਾਸ ਦੀ ਵਿਚਾਰਧਾਰਾ ਆਧੁਨਿਕਤਾ ਨੂੰ ਜਨਮ ਦਿੱਤਾ। ਇਸ ਅਵਸਥਾ ਵਿਚ ਮਨੁੱਖ ਆਪ ਹੀ ਦਰਪਣ, ਆਪ ਹੀਂ ਚਿਹਰਾ ਹੈ। ਅਜੋਕਾ ਮਨੁੱਖ ਥਲ ਵਿਚ ਸੁਰਜ ਦੀ ਅੱਗ ਜਾਂ ਥਲ ਦੀ ਤਪਸ਼ ਲਈ ਨਹੀਂ ਸੜ ਰਿਹਾ ਬਲਕਿ ਉਨ੍ਹਾਂ ਵਿਚਲੀ ਅੱਗ ਦੇ ਤੇਜ਼ ਲਈ ਸੜ ਰਿਹਾ ਹੈ, ਜੋ ਉਹ ਆਪ ਹੈ, ਉਸ ਦਾ ਆਪਣਾ ਸੱਚ ਹੈ। ਆਧੁਨਿਕਤਾ ਦੇ ਪਦਾਰਥਕ ਵਿਕਾਸ ਦੀ ਵਿਚਾਰਧਾਰਾ ਬਾਰੇ ਅਜੋਕੇ ਮਨੁੱਖ ਦੀ ਇਹ ਵੀ ਇੱਕ ਪ੍ਰਵਿਰਤੀ ਹੈ, ਸੱਚ ਹੈ, ਸੱਚ ਜੋ ਪਦਾਰਥਕ ਵਿਕਾਸ ਤੋਂ ਪਹਿਲਾਂ ਜੰਗਲ ਦੀ ਹਰਿਆਉਲ ਵਰਗ ਸ਼ਾਂਤ ਤੇ ਸ਼ੀਤਲ ਸੀ। ਮਨੁੱਖ ਦੁਆਲੇ ਜੋ ਸੂਰਜ ਦੀ ਅੱਗ ਸੀ, ਥਲ ਦੀ ਤਪਸ਼ ਸੀ, ਉਸ਼ ਨੂੰ ਮਨੁੱਖ ਨੇ ਕਿਵੇਂ ਹੰਢਾਇਆ ਤੇ ਜੀਵਿਆ ਹੈ। ਪਦਾਰਥਕ ਵਿਕਾਸ ਦੇ ਅਭਿਆਸ ਤੋਂ ਬਾਅਦ ਮਨੁੱਖ ਨੇ ਮਨੁੱਖ, ਮਨੁੱਖਤਾ ਅਨੁਸਾਰ ਯਥਾਰਥਕ ਵਿਸ਼ਵ ਜੀਵਨ ਤੇ ਸਮਾਜ ਦੀ ਸਿਰਜਣਾ ਦਾ ਸੰਕਲਪ ਦੀ ਸਮਝ ਪੈਂਦੀ ਹੈ, ਤਾਂ ਉਹ ਵੀ ਮਨੁੱਖ ਸੰਘਰਸ਼ ਨਾਲ ਆਪਣੀ ਸਹਿਮਤੀ ਪ੍ਰਗਟਾਉਂਦਾ ਹੈ। ਇਹ ਮਾਨਵੀ ਸੰਘਰਸ਼ ਵਿਅਕਤੀਗਤ ਬ੍ਰਹਮੰਡਕ ਸਰਵ ਵਿਆਪਕਤਾ ਦਾ ਰੂਪ ਧਾਰਦਾ ਹੈ। ਇਸ ਕਿਸਮ ਦੀ ਪ੍ਰਵਿਰਤੀ ਅਜੋਕੀ ਵਿਸ਼ਵ ਚੇਤਨਾ 'ਚੋਂ ਨਜ਼ਰ ਆਉਂਦੀ ਹੈ। ਪਦਾਰਥਕ ਵਿਕਾਸ ਦੀ ਪ੍ਰਯੋਗਸ਼ਾਲਾ ਵਿਚ ਹੀ ਭਵਿੱਖ ਵਿਚ ਆਉਣ ਵਾਲੇ ਵਿਸ਼ਵ ਦੀ ਰੂਪ-ਰੇਖਾ ਪ੍ਰਯੋਗੀ ਜਾ ਸਕਦੀ ਹੈ, ਅਤੇ

ਮੌਜੂਦਾ ਪ੍ਰਸਥਿਤੀਆਂ ਦੇ ਅਧਾਰ 'ਤੇ ਆਲੋਚਨਾਤਮਿਕ ਦ੍ਰਿਸ਼ਟੀ ਤੋਂ ਮਨੁੱਖਤਾ ਅਨੁਕੂਲ ਵਿਸ਼ਵ ਸਮਾਜ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਸ਼ਾਂਤੀ ਮਨੁੱਖ ਮੰਤਵ ਦੀ ਜਮਾਂਦਰੂ ਅਤੇ ਮੁੱਢਲੀ ਪ੍ਰਵਿਰਤੀ ਹੈ। ਜਿਸ ਦੀ ਪ੍ਰਾਪਤੀ ਲਈ ਮਨੁੱਖ ਤਵੀਆਂ 'ਤੇ ਬਹਿੰਦਾ ਹੈ, ਦੇਗ਼ਾਂ ਵਿਚ ਉਬੱਲਦਾ ਹੈ, ਅੱਗ ਦੀ ਅੱਖ 'ਚ ਵਿਚਰਦਾ ਹੈ, ਆਪਣੇ ਅੰਦਰਲੀ ਅੱਗ ਦੀ ਤ੍ਰਿਪਤੀ ਲਈ ਅੱਗ ਪੀਂਦਾ, ਖਾਂਦਾ ਤੇ ਸਾਹਾਂ ਸੰਗ ਧਿਆਉਂਦਾ ਹੈ। ਆਪਣੀ ਅੰਦਰਲੀ ਅੱਗ ਨੂੰ ਸਾਕਾਰ ਕਰਨ ਲਈ ਅੱਗ ਦੀਆਂ ਨਿਹਮਤਾ ਤੇ ਰਹਿਮਤਾ ਦੇ ਗੀਤ ਗਾਉਂਦਾ ਹੈ। ਅੱਗ ਸੰਗ ਜਿਉਂਦਾ ਹੈ, ਅੱਗ ਸੰਗ ਮਰ ਜਾਂਦਾ ਹੈ, ਤਾਂ ਕਿ ਉਸ ਦੀ ਅੰਦਰਲੀ ਅੱਗ ਜੋ ਠੰਡੀ ਚਾਂਦਨੀ ਦਾ ਰੂਪ ਹੈ, ਜਿਸ ਦਾ ਪ੍ਰਯੋਜਨ ਸ਼ਾਂਤੀ ਹੈ, ਉਸ ਦੁਆਲੇ ਸਾਕਾਰ ਹੋ ਸਕੇ।

ਮਨੁੱਖ ਇਸ ਠੰਡੀ ਸੀਤ ਚਾਂਦਨੀ ਖ਼ਾਤਿਰ ਅੱਗ ਦਾ ਰੂਪ ਧਾਰਦਾ ਹੈ। ਅੰਤ ਆਪਣੇ ਮਕਸਦ ਦੀ ਪੂਰਤੀ ਲਈ ਉਹ ਸਾਰੇ ਸੰਸਾਰ ਦੀ ਅੱਗ ਆਪਣੇ ਢਿੱਡ ਵਿਚ ਪਾ ਵਿਸ਼ਵ ਸਮਾਜ ਤੇ ਮਨੁੱਖਤਾ 'ਚ ਖੰਡ ਵਰਤਾਉਂਦਾ ਹੈ, ਜਿਵੇਂ ਰੁੱਖ ਕਾਰਬਨ ਸੋਕਦੇ ਹਨ ਅਤੇ ਆਕਸੀਜਨ ਪ੍ਰਦਾਨ ਕਰਦੇ ਹਨ। ਇਸੇ ਤਰ੍ਹਾਂ ਨੇਕ ਮਾਨਵੀ ਪ੍ਰਵਿਰਤੀ ਸੰਸਾਰਕ ਦੁੱਖਾਂ ਨੂੰ ਆਪਣੀ ਝੋਲੀ ਵਿਚ ਪਾ ਸਾਰੀ ਮਨੁੱਖਤਾ ਦੀ ਝੋਲੀ ਸੁੱਖਾਂ ਨਾਲ ਭਰਦੀ ਹੈ।

ਪਦਾਰਥਕ ਵਿਕਾਸ ਕਾਰਨ ਨਿਰਜਲਤਾ ਦਾ ਅਹਿਸਾਸ ਜਨਮਿਆ। ਜੰਗਲ, ਦਰਿਆ, ਝੀਲਾਂ, ਛੱਪੜ ਸਿਰ ਤੋਂ ਲੈ ਕੇ ਪੈਰਾਂ ਤੀਕ ਤਿੜਕੇ, ਖੇਤਾਂ ਵਿਚ ਫਸਲਾਂ ਦੀ ਥਾਂ ਔੜਾਂ ਲਹਿਰਉਂਦੀਆਂ ਰਹੀਆਂ। ਮਨੁੱਖਤਾ ਦੇ ਨਕਸ਼ ਝੁਲਸੇ, ਅੰਗ ਪਿਘਲੇ, ਜ਼ਿੰਦਗੀ ਹੱਡੀਆਂ ਦੀ ਮੁੱਠ ਹੋ ਗਈ। ਸੁੱਕੇ ਸਾਗਰ, ਮੋਈਆਂ ਮੱਛੀਆਂ, ਨਜ਼ਰਾਂ ਦਾ ਵਿਸ਼ਾ ਬਣੀਆਂ, ਰੌਣਕਾਂ ਦੀ ਦੇਹੀ ਉਜਾੜਾ ਵੱਸੀਆਂ। ਕੁਦਰਤ ਵਿਚਲੀ ਜੀਵਨ ਤਰਲਤਾ ਨੇ ਥਲ ਦਾ ਰੂਪ ਧਾਰਿਆ। ਪਦਾਰਥਕ ਵਿਕਾਸ ਕਾਰਨ ਜ਼ਿੰਦਗੀ ਦੀ ਤੇਜ਼ ਰਫ਼ਤਾਰ ਨੇ ਮਨੁੱਖੀ Stress ਨੂੰ ਜਨਮ ਦਿੱਤਾ। ਰੁੱਖਾਂ ਅਤੇ ਮਨੁੱਖਾਂ ਦੀਆਂ ਲਾਸ਼ਾਂ ਖਿਲਰੇ ਪਿੰਜਰ, ਮੋਇਆ ਮਾਲ ਡੰਗਰ, ਸੁੱਕੀ ਧਰਤੀ ਦੀ ਕੁੱਖ 'ਚੋਂ ਹਰਿਆਉਲ ਭਾਲਦਾ ਹੈ। ਘਰ, ਬੂਹੇ-ਬਾਰੀਆਂ, ਵਿਹੜੇ, ਸੀਤ ਹਵਾ ਦੇ ਬੁਲ੍ਹਿਆਂ ਨੂੰ ਤਰਸਦੇ ਹਨ। ਤਪਸ਼ ਵਿਚ ਉਬਲਦੇ ਘਰਾਂ ਦੇ ਵੱਸਣ ਕੰਧਾਂ ਉੱਤੇ ਰੁੱਖ ਉਲੀਕਦੇ ਹਨ। ਧਰਤੀ ਜਲਹੀਣ, ਖੂਹ, ਖੂਹੀਆਂ ਪਿਆਸ-ਪਿਆਸ ਪੁਕਾਰਦੇ ਹਨ। ਪਸ਼ੂ, ਪੰਖਸ਼ੀ, ਕੋਇਲਾਂ, ਘੁੱਗੀਆਂ ਦਾਤੇ ਤੋਂ ਜੀਵਨ ਤਰਲਤਾ ਤੇ ਹਰਿਆਉਲ ਦੀ ਖ਼ੈਰ ਮੰਗਦੇ ਹਨ। ਮਨੁੱਖ ਆਪ ਹੀ ਚਿਹਰਾ, ਆਪ ਹੀ ਦਰਪਣ ਹੈ। ਜ਼ਿੰਦਗੀ ਰੁੱਕ ਗਈ ਹੈ। ਕਬਰਾਂ ਵਰਗੀ ਚੁੱਪ ਨੇ ਮਨੁੱਖ ਨੂੰ ਘੇਰ ਲਿਆ ਹੈ। ਜਿਸ ਵਿਚ ਚੁੱਪ ਤੋਂ ਚੁੱਪ

ਤੱਕ ਦਾ ਹੀ ਬੋਲ ਗੂੰਜਦਾ ਹੈ। ਮਨੁੱਖ ਅੰਦਰ ਪ੍ਰਛਾਂਵੇ ਜਮਾਂ ਕਰਨ ਅਤੇ ਫੜਣ ਦੀ ਤ੍ਰਿਸ਼ਨਾ ਪ੍ਰਬਲ ਹੈ।

ਦੂਜੇ ਪਾਸੇ ਪਦਾਰਥਕ ਵਿਕਾਸ ਦੀਆਂ ਪ੍ਰਾਪਤੀਆਂ ਦੀ ਸ਼ਕਤੀ ਨੇ ਮਨੁੱਖ ਨੂੰ ਮਨੁੱਖ ਤੋਂ ਜਾਨਵਰ ਬਣਾ ਦਿੱਤਾ ਹੈ। ਮਨੁੱਖ ਦੇ ਅੰਦਰ ਕਈ ਲੂੰਬੜ, ਬਘਿਆੜ, ਸ਼ੇਰ ਚੀਤੇ ਤੇ ਜੰਗਲੀ ਜਾਨਵਰ ਜਨਮੇਂ ਹਨ। ਜਿਉਂ-ਜਿਉਂ ਮਨੁੱਖ ਨੂੰ ਸ਼ਕਤੀ ਮਿਲਦੀ ਗਈ ਹੈ, ਮਨੁੱਖ 'ਚੋਂ ਮਨੁੱਖ ਮਰਦਾ ਅਤੇ ਜਾਨਵਰ ਜਨਮਦਾ ਗਿਆ ਹੈ। ਮਨੁੱਖ ਆਪਣੀ ਖ਼ੁਦ ਮੁਖਤਿਆਰੀ ਸ਼ਕਤੀ ਕਾਰਨ ਕਦੀ ਆਪਣੇ ਆਪ ਤੇ ਹਾਰ ਜਾਂਦਾ ਹੈ ਕਦੀ ਹਿਰਨਾਂ, ਖ਼ਰਗੋਸ਼ਾਂ, ਘੁੱਗੀਆਂ ਤੇ ਮੋਰਾਂ ਦਾ ਸ਼ਿਕਾਰ ਕਰਦਾ ਹੈ। ਕਦੀ ਲੂੰਬੜ, ਬਘਿਆੜ, ਬਾਂਦਰ ਬਣ ਆਪਣੇ ਦੁਆਲੇ ਵਿਚਰਦੇ ਚਿਹਰਿਆਂ ਘਰਾਂ ਦੀਆਂ ਕੰਧਾਂ, ਕੌਲਿਆ ਨੂੰ ਠੱਗਦਾ ਹੈ। ਪਦਾਰਥਕ ਵਿਕਾਸ ਦੀਆਂ ਪ੍ਰਾਪਤੀਆਂ ਦੀ ਸ਼ਕਤੀ ਨੇ ਮਨੁੱਖ 'ਚੋਂ ਮਨੁੱਖ ਮਾਰ ਕੇ ਉਸ ਨੂੰ ਵੈਹਸ਼ੀ ਦਰਿੰਦਾ ਬਣਾ ਦਿੱਤਾ ਹੈ। ਮਨੁੱਖ ਨੂੰ ਮਨੁੱਖੀ ਹੰਕਾਰ ਨੇ ਹਰ ਪਾਸੀਉਂ ਘੇਰ ਰੱਖਿਆ ਹੈ। ਮਨੁੱਖ ਨੂੰ ਆਪਣੇ ਤੋਂ ਸਿਵਾ ਹੋਰ ਕੋਈ ਨਜ਼ਰ ਨਹੀਂ ਆਉਂਦਾ। ਮਨੁੱਖਤਾ ਦਾ ਕਤਲ, ਮਜ਼ਲੂਮਾਂ ਨੂੰ ਸੂਲੀ, ਗ਼ਰੀਬਾਂ ਦੀ ਲੁੱਟ-ਖਸੁੱਟ ਅਤੇ ਆਪਣੇ ਖ਼ਜ਼ਾਨੇ ਦੀ ਭਰਪੂਰੀ, ਮਨੁੱਖ ਦਾ ਧਰਮ ਬਣ ਗਿਆ ਹੈ।

ਪਦਾਰਥਕ ਵਿਕਾਸ ਦੀ ਸ਼ਕਤੀ ਨੇ ਮਨੁੱਖ ਨੂੰ ਜੰਗਲ ਦੀ ਅੱਗ ਅਤੇ ਲਾਵੇ ਦਾ ਰੂਪ ਬਣਾ ਦਿੱਤਾ ਹੈ। ਜਿਉਂਦਾ ਮਨੁੱਖ ਅੱਗ ਦੀ ਤਾਸੀਰ ਤੇ ਜਮੀਰ ਹੋ ਗਿਆ ਹੈ। ਕਾਮ, ਕ੍ਰੋਧ, ਮੋਹ ,ਲੋਭ, ਹੰਕਾਰ ਨੇ ਮਨੁੱਖ ਨੂੰ ਬਾਰੂਦ ਦਾ ਵਿਉਪਾਰੀ ਅਤੇ ਮਨੁੱਖਤਾ ਦਾ ਕਾਤਲ ਬਣਾ ਦਿੱਤਾ ਹੈ। ਮਨੁੱਖ ਖੇਤਾਂ 'ਚ ਬਾਰੂਦ ਉਗਾਉਂਦਾ ਹੈ। ਜੰਗਲ ਰਾਖ ਕਰਦਾ ਹੈ। ਸਾਗਰਾਂ 'ਚ ਥਲ ਧਰਦਾ ਹੈ। ਪ੍ਰਕਿਰਤੀ ਪਸ਼ੂਆਂ, ਪੰਖਸ਼ੀਆਂ ਦੇ ਰਾਖ ਹੋਏ ਪਿੰਜਰ ਆਪਣੇ ਹੰਕਾਰ ਨੂੰ ਅਰਪਣ ਕਰਦਾ ਹੈ। ਮਨੁੱਖ ਸੋਚਦਾ ਹੈ ਮੈਂ ਹਾਂ ਤਾਂ ਜਹਾਨ ਹੈ, ਮੈਂ ਨਹੀਂ ਤਾਂ ਕੁੱਝ ਵੀ ਨਹੀਂ। ਮਨੁੱਖ ਆਪਣੇ ਮੂੰਹ 'ਚ ਸੂਰਜ, ਤਲੀ 'ਤੇ ਚੰਦਰਮਾ, ਪੈਰਾਂ 'ਚ ਧਰਤ ਤੇ ਮੁੱਠੀ 'ਚ ਆਸਮਾਨ ਫੜੀ ਫਿਰਦਾ ਹੈ। ਮਨੁੱਖ 'ਚੋਂ ਮਨੁੱਖਤਾ ਮਰ ਗਈ ਹੈ। ਵੈਸ਼ੀਪਣ ਅਤੇ ਦਰਿੰਦਗੀ ਪਲਰ ਪਈ ਹੈ।

ਮਨੁੱਖ ਸੋਚਦਾ ਹੈ, ਜੇ ਉਹ ਨਹੀਂ ਤਾਂ ਜ਼ਿੰਦਗੀ ਦੇ ਅੰਗਾਂ 'ਚ ਤਾਅ ਨਹੀਂ। ਜ਼ਿੰਦਗੀ ਕੋਲ ਉਤਪਤੀ ਦਾ ਕੋਈ ਰਾਹ ਨਹੀਂ। ਆਂਡੇ 'ਚ ਬੋਟਾਂ ਦੀ ਹੋਂਦ ਉਸ ਤੋਂ ਬਿਨ੍ਹਾਂ ਅਸੰਭਵ ਹੈ। ਉਹ ਹੈ ਤਾਂ ਜੀਵਨ ਵਿਚ ਸਾਰ ਹੈ, ਨਹੀਂ ਤਾਂ ਜੀਵਨ ਸ਼ਮਸ਼ਾਨ ਹੈ। ਇਹ ਹੰਕਾਰ ਮਨੁੱਖ ਵਿਚ ਪਦਾਰਥਕ ਵਿਕਾਸ ਦੀ ਆਕਰਸ਼ਤਾ ਅਤੇ ਲਾਲਚ ਕਾਰਨ ਪੈਦਾ ਹੁੰਦਾ ਹੈ। ਸੱਚ, ਸੁੰਦਰਤਾ, ਕਲਿਆਣ ਮਨੁੱਖੀ ਵਿਅਕਤੀਗਤ ਸਵੈ ਵਿਕਾਸ ਦੀ ਅਗਤੀ ਕਾਰਨ ਅਲੋਪ ਹੈ।

ਆਧੁਨਿਕਤਾ ਦੇ ਪਦਾਰਥਕ ਵਿਕਾਸ ਨੇ ਮਨੁੱਖ 'ਚੋਂ ਕਬਰਾਂ ਉੱਗਾ ਦਿੱਤੀਆਂ ਹਨ। ਜੀਵਨ ਵਿਚਲੀ ਹਰਿਆਵਲ ਸਾੜ ਕੇ ਜੀਵਨ ਨੂੰ ਮੌਸਮਾਂ, ਬਹਾਰਾਂ, ਮਹਿਕਾਂ ਵਿਹੂਣਾ ਕਰ ਦਿੱਤਾ ਹੈ। ਮਨੁੱਖ 'ਚ ਜੀਵਨ ਹੈ, ਪਰ ਗਤੀਹੀਣ ਹੈ। ਚੇਤਨਾ ਜਗਿਆਸਾ ਅਨੁਭਵ ਕੁੱਝ ਵੀ ਮਨੁੱਖ ਦੇ ਪਾਸ ਨਹੀਂ। ਮਨੁੱਖ ਨੂੰ ਮਨੁੱਖ ਹੋਣ ਦਾ ਵੀ ਅਹਿਸਾਸ ਨਹੀਂ। ਪਦਾਰਥਕ ਵਿਕਾਸ ਨੇ ਬਹੁਤ ਸਾਰੀਆਂ ਜਾਨ ਲੇਵਾ ਬਿਮਾਰੀਆਂ ਪੈਦਾ ਕੀਤੀਆਂ ਹਨ। ਇਸ ਪਦਾਰਥਕ ਵਿਕਾਸ ਨੇ ਜੀਵਨ ਰਫ਼ਤਾਰ ਵਿਚ ਤੇਜ਼ੀ ਲਿਆਂਦੀ ਹੈ। ਜਿਸ 'ਚੋਂ Stress ਦਾ ਜਨਮ ਹੋਇਆ। ਜਿਸ ਤੋਂ ਰਾਹਤ ਪਾਉਣ ਲਈ ਮਨੁੱਖ ਨੇ ਨਸ਼ਿਆਂ ਅਤੇ Drug ਦਾ ਆਸਰਾ ਲਿਆ। ਤੁਬਾਕੂ ਦੀ ਵਰਤੋਂ ਇਸ ਦਾ ਮੂਲ ਕਾਰਨ ਹੈ ਜੋ ਕੈਂਸਰ, Heart Attack, ਦਮਾ ਅਤੇ ਫੇਫੜਿਆਂ ਦੇ ਅਨੇਕਾਂ ਰੋਗਾਂ ਦੀਆਂ ਜਾਨ ਲੇਵਾ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਸ਼ਰਾਬ ਅਤੇ ਹੋਰ ਬਹੁਤ ਸਾਰੀਆਂ Drug ਦੀ ਵਰਤੋਂ ਪਦਾਰਥਕ ਵਿਕਾਸ ਦਾ ਸਿੱਟਾ ਹੈ।

Marx, Kant, Hegel, Koselleck, Hanna Arednt, Weber ਆਦਿ ਵਿਦਵਾਨਾਂ ਮਨੁੱਖੀ ਇਤਿਹਾਸਕ ਪਿਛੋਕੜ ਨੂੰ ਵਿਚਾਰਿਆ ਅਤੇ ਆਧੁਨਿਕਤਾ ਨੂੰ ਪਰਿਭਾਸ਼ਤ ਕੀਤਾ। "ਆਧੁਨਿਕਤਾ ਦਾਰਸ਼ਨਿਕ ਸਮੇਂ ਦੀ ਇਤਿਹਾਸਕ ਚੇਤਨਾ ਹੈ" ਪਰ ਇਸ ਦਾ ਵਿਸ਼ਾ ਮਨੁੱਖ ਦੀ ਥਾਂ ਪਦਾਰਥ ਨੂੰ ਦੱਸਿਆ।

ਵਿਸ਼ਵ ਦੇ ਦੋ ਪੱਖ ਹਨ। ਇੱਕ ਮਾਨਸਿਕ ਦੂਜਾ ਪਦਾਰਥਕ। ਵਿਸ਼ਵ ਦਾ ਮਾਨਸਿਕ ਪੱਖ ਹੀ ਵਿਸ਼ਵ ਹੋਂਦ ਅਤੇ ਪਦਾਰਥਕ ਪੱਖ ਦੀ ਗਤੀ ਹੈ ਮਾਨਸਿਕ ਪੱਖ ਹੀ ਵਿਸ਼ਵ ਹੋਂਦ ਤੇ ਸੱਚ ਜਨਮਦਾ ਅਤੇ ਸਥਾਪਤ ਕਰਦਾ ਹੈ। ਵਿਚਾਰਵਾਲੀ ਗੱਲ ਹੈ, ਕਿ ਆਧੁਨਿਕਤਾ ਦਾ ਵਿਕਾਸ ਵਿਸ਼ਵ ਦੇ ਮਾਨਸਿਕ ਪੱਖ ਦੇ ਵਿਪਰੀਤ ਹੋਇਆ ਹੈ। ਵਿਸ਼ਵ ਦੀ ਮਾਨਸਿਕ੍ਰਤਾ ਮਨੁੱਖ ਨਾਲ ਸੰਬੰਧਿਤ ਹੈ। ਮਨੁੱਖ ਹੀ ਆਧੁਨਿਕਤਾ ਦੇ ਵਿਕਾਸ ਦਾ ਵਿਸ਼ਾ ਨਹੀਂ, ਨਾ ਹੀ ਉਪਰੋਕਤ ਵਿਦਵਾਨਾਂ ਆਧੁਨਿਕਤਾ ਦੇ ਸੰਦਰਭ ਵਿਚ ਮਨੁੱਖੀ ਵਿਕਾਸ ਦੀ ਕੋਈ ਗੱਲ ਕੀਤੀ ਹੈ।

ਅਜੋਕੇ ਜੀਵਨ ਵਿਚ ਜੋ ਅਸੰਤੁਲਨ ਹੈ, ਉਸ ਨੂੰ ਸੰਤੁਲਨ ਮਨੁੱਖੀ ਬੋਧ ਹੀ ਕਰ ਸਕਦਾ ਹੈ। ਪਰ ਮਨੁੱਖੀ ਚੇਤਨਾ ਜਾਂ ਬੋਧ ਲਈ ਆਧੁਨਿਕਤਾ ਵਿਚ ਕੋਈ ਥਾਂ ਨਹੀਂ ਕਿਉਂਕਿ ਆਧੁਨਿਕਤਾ ਵਿਗਿਆਨਿਕ ਹੈ, ਧਾਰਮਿਕ ਨਹੀਂ। ਧਰਮ ਇੱਕ ਅਜਿਹੀ ਸੰਸਥਾ ਹੈ ਜੋ ਮਨੁੱਖ ਦੇ ਸਵੈ ਵਿਕਾਸ ਬਾਰੇ ਸੱਭ ਤੋਂ ਵੱਧ ਜਾਣਕਾਰੀ ਮੁਹੱਈਆ ਕਰਦੀ ਹੈ। ਪਰ 13ਵੀਂ 14ਵੀਂ ਸਦੀ ਵਿਚ ਆਧੁਨਿਕਤਾ ਦੇ ਆਰੰਭ ਵਿਚ ਹੀ ਯੂਰਪ ਵਿਚ ਵਿਦਵਾਨਾਂ ਵਲੋਂ ਧਰਮ ਦਾ ਪਤਨ

ਗਰਦਾਨਿਆ ਗਿਆ ਸੀ । ਇਸ ਆਧੁਨਿਕਤਾ ਵਿਚ ਮਨੁੱਖੀ ਵਿਕਾਸ ਲਈ ਕੋਈ ਵੀ ਥਾਂ ਨਾ ਹੋਣ ਕਾਰਨ ਦੂਜਾ ਧਰਮ ਦਾ ਪਤਨ ਹੋਣ ਕਾਰਨ ਮਨੁੱਖੀ ਚੇਤਨਾ ਵਿਕਾਸ ਨਹੀਂ ਕਰ ਸਕੀ।

ਅਧੁਨਿਕਤਾ ਦਾਰਸ਼ਨਿਕ ਵਲੋਂ ਜਾਣੂ ਕਰਵਾਈ ਗਈ ਇੱਕ ਪਾਸੜ ਵਿਚਾਰਧਾਰਾ ਹੈ। ਇਹ ਵਿਚਾਰਧਾਰਾ ਸੰਤੁਲਨ ਨਹੀਂ ਕਿਉਂਕਿ ਇਹ ਸਿਰਫ਼ ਪਦਾਰਥਕ ਵਿਕਾਸ ਦਾ ਹੀ ਪੱਖ ਪੂਰਦੀ ਹੈ, ਮਨੁੱਖੀ ਵਿਕਾਸ ਦਾ ਨਹੀਂ। ਜੋ ਵਿਦਵਾਨ ਇਹ ਸਮਝਦੇ ਹਨ ਕਿ ਪਦਾਰਥਕ ਵਿਕਾਸ ਵਿਚ ਹੀ ਮਨੁੱਖੀ ਵਿਕਾਸ ਹੈ, ਤਾਂ ਇਹ ਵਿਚਾਰ ਗਲਤ ਹੈ। ਮਨੁੱਖ ਮਾਨਸਿਕਤਾ ਦਾ ਧਾਰਨੀ ਹੈ। ਪਦਾਰਥ ਜੀਵਨ ਸਮੱਗਰੀ ਦਾ ਧਾਰਨੀ ਹੈ। ਦੋਹਾਂ ਦੀ ਹੋਂਦ ਸੱਚ ਤੇ ਸ਼ਨਾਖਤ ਵੱਖਰੀ-ਵੱਖਰੀ ਹੈ। ਜੇ ਆਧੁਨਿਕਤਾ ਸੰਤੁਲਨ ਵਿਚਾਰਧਾਰਾ ਹੁੰਦੀ ਤਾਂ ਅਜੋਕੇ ਵਿਸ਼ਵ ਦੀ ਰੂਪ-ਰੇਖਾ ਤੇ ਨੁਹਾਰ ਕੁੱਝ ਹੋਰ ਹੋਣੀ ਸੀ। ਪਦਾਰਥਕ ਵਿਕਸ ਵਾਂਗ ਮਨੁੱਖ ਵੀ ਚੜਦੀ ਕਲਾ ਦਾ ਧਾਰਨੀ ਹੋਣਾ ਸੀ। ਜਦੋਂ ਪਦਾਰਥ ਸਿੱਟੇ ਵਜੋਂ ਜੀਵਨ ਦੀ ਸ਼ਨਾਖਤ ਹੈ। ਮਨੁੱਖ ਜੀਵਨ 'ਚੋਂ ਮਨਫ਼ੀ ਹੈ।

ਪਦਾਰਥਕ ਵਿਕਾਸ ਪ੍ਰਤੀ ਅਜੋਕੀ ਵਿਸ਼ਵ ਚੇਤਨਾ ਵਿਚ ਤਬਦੀਲੀ ਆਈ ਪਦਾਰਥਕ ਵਿਕਾਸ ਦਾ ਰੁੱਖ ਜੋ ਵਰਤਮਾਨ ਹੈ। ਅਜੋਕੇ ਸਮੇਂ ਦੀ ਵਿਸ਼ਵ ਚੇਤਨਾ ਨੂੰ ਇਸ ਰੁੱਖ ਦੀਆਂ ਜੜ੍ਹਾਂ ਦੀ ਥਾਂ ਜੜ੍ਹਾਂ ਅਤੇ ਸਿਰ ਦੀ ਥਾਂ ਸਿਰ ਧਰਨ ਦਾ ਅਹਿਸਾਸ ਹੋਇਆ ਹੈ। ਪਤਾ ਨਹੀਂ ਇਸ ਨੂੰ ਸੁਧਾਰਨ ਵਿਚ ਕਿੰਨਾ ਸਮਾਂ ਲੱਗੇਗਾ ਕਿਉਂਕਿ ਅਜੋਕੀ ਵਿਸ਼ਵ ਚੇਤਨਾ ਦਾ ਪਦਾਰਥਕ ਵਿਕਾਸ ਪ੍ਰਤੀ ਦ੍ਰਿਸ਼ਟੀਕੋਣ ਬਦਲ ਗਿਆ ਹੈ। ਇੱਥੇ ਮੈਂ ਇਹ ਗੱਲ ਸਾਫ਼ ਕਰ ਦਿਆਂ ਕਿ ਮੇਰਾ ਭਾਵ ਉਸ ਵਿਸ਼ਵ ਚੇਤਨਾ ਤੋਂ ਹੈ ਜਿਸ ਦੀਆਂ ਜੜ੍ਹਾਂ ਧਰਤੀ ਵਿਚ ਹਨ। ਇਸ ਵਿਸ਼ਵ ਚੇਤਨਾ ਨੇ ਬਹੁਤ ਕੁੱਝ ਬਦਲਣਾ ਹੈ, ਬਹੁਤ ਕੁੱਝ ਸਿਰਜਣਾ ਹੈ, ਆਪਣੇ-ਆਪ ਦਾ ਸਵੈ ਨਰੀਖਣ ਕਰਨਾ ਹੈ। ਇਹ ਚੇਤਨਾ ਵਰਤਮਾਨ 'ਚੋਂ ਆਪਣਾ ਭਵਿੱਖ ਭਾਲ ਰਹੀ ਹੈ। ਵਰਤਮਾਨ 'ਚੋਂ ਮਨੁੱਖਤਾ ਅਨੁਕੂਲ ਭਵਿੱਖ ਸਿਰਜਣ ਦਾ ਪ੍ਰਯੋਗ ਇਸ ਨੇ ਆਪਣੀ ਪ੍ਰਯੋਗਸ਼ਾਲਾ 'ਚ ਸ਼ੁਰੂ ਕਰ ਦਿੱਤਾ ਹੈ। ਇਹ ਚੇਤਨਾ ਮਨੁੱਖ ਨੂੰ ਮਨੁੱਖੀ ਦ੍ਰਿਸ਼ਟੀਕੋਣ ਤੋਂ ਵੇਖਦੀ ਹੈ, ਮਨੁੱਖ ਨਾਲ ਵਾਰਤਾਲਾਪ ਰਚਾਉਂਦੀ ਹੈ, ਮਨੁੱਖ ਅੰਦਰ ਉੱਤਰਦੀ ਹੈ, ਮਨੁੱਖ ਨੂੰ ਆਪਣੇ ਅੰਦਰ ਉਤਾਰਦੀ ਹੈ। ਜਦੋਂ ਅਜੋਕੀ ਚੇਤਨਾ ਨੇ ਮਨੁੱਖ ਦਾ ਅੰਤਰੀਵ ਅਧਿਐਨ ਕੀਤਾ ਤਾਂ ਹੈਰਾਨ ਰਹਿ ਗਈ, ਇਹ ਵੇਖਕੇ ਕਿ ਸ੍ਰਿਸ਼ਟੀ ਦੀ ਗਤੀ ਬ੍ਰਹਿਮੰਡ ਦਾ ਕਾਰੋਬਾਰ ਕੁਦਰਤ ਦੀ ਕਾਰਜ ਪ੍ਰਣਾਲੀ ਅਤੇ ਸਿਲਸਿਲਾ ਸੱਭ ਦਾ ਆਰੰਭ ਮਨੁੱਖੀ ਸਵੈ ਸੱਚ ਤੋਂ ਹੋਇਆ ਹੈ। ਅਜਿਹਾ ਅਭਿਆਸਕ ਅਨੁਭਵ ਨੇ ਵਿਸ਼ਵ ਚੇਤਨਾ ਦੀ ਸੋਚ ਦਾ ਮਾਨਵੀਕਰਨ ਕਰ ਦਿੱਤਾ।

ਉਪਰੋਕਤ ਸਾਰੀ ਵਿਚਾਰਧਾਰਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਮਨੁੱਖ ਪਦਾਰਥਕ ਵਿਕਾਸ ਦਾ ਸੰਤਾਪ ਹੰਢਾਅ ਰਿਹਾ ਹੈ ਅਤੇ ਪਦਾਰਥਕ ਵਿਕਾਸ ਦੀ ਮੁਥਾਜ਼ੀ ਅਤੇ ਇਸ 'ਚੋਂ ਉਪਜੀ ਮਨੁੱਖੀ ਹੀਣ ਭਾਵਨਾ ਦਾ ਦਰਦ ਪੀ ਰਿਹਾ ਹੈ।

# ਆਧੁਨਿਕ ਸਾਹਿਤ : ਰੂਪ ਰਚਨਾ ਅਤੇ ਕਾਵਿ ਸ਼ਾਸਤਰ

Ancient ਮਿਸ਼ਰ ਸਾਹਿਤ ਅਤੇ Sumerian ਸਾਹਿਤ ਦੁਨੀਆ ਦੇ ਸੱਭ ਤੋਂ ਪੁਰਤਨ ਸਾਹਿਤ ਵਿਚ ਗਿਣੇ ਜਾਂਦੇ ਹਨ। ਮਿਸਰ ਦਾ ਮੁੱਢਲਾ ਸ਼ੈਲੀ ਸਾਹਿਤ ਉਪਦੇਸ਼ਾਤਮਕ ਪੁਸਤਕ ਪਾਠ ਸੀ। ਜਿਸ ਵਿਚ ਭਜਨ, ਸ਼ਬਦ, ਮੰਤਰ, ਪੂਜਾ ਅਤੇ ਕਹਾਣੀਆਂ ਆਦਿ ਹੁੰਦੀਆਂ ਸਨ। ਜੋ ਛੰਦਬੰਦੀ ਵਿਚ ਲਿਖੀਆਂ ਗਈਆਂ ਸਨ। ਕਾਵਿ ਬਣਤਰ ਸਾਫ਼ ਤੌਰ 'ਤੇ ਸਪਸ਼ੱਟ ਰੂਪ ਵਿਚ ਪਛਾਣੀ ਜਾਂਦੀ ਸੀ ਪਰ ਇਸ ਸਮੇਂ ਕਵਿਤਾ ਦਾ ਕਾਵਿ ਸ਼ਾਸਤਰ ਅਲੋਪ ਸੀ।

ਵੱਖ-ਵੱਖ ਇਤਿਹਾਸਕ ਕਾਲ ਚੱਕਰ (Period) ਸਾਹਿਤ ਵਿਚ ਪ੍ਰਤੀਰੂਪ ਹੁੰਦੇ ਹਨ, ਜੋ ਕੌਮੀ ਅਤੇ ਕਬੀਲਿਆਂ ਦੀਆਂ ਬੀਰਗਾਥਾ ਅਤੇ ਦੁਨੀਆ ਦੇ ਰਸਮਾਂ, ਰੀਤਾਂ ਅਤੇ ਰਿਵਾਜ਼ਾਂ ਦੇ ਆਰੰਭ ਦਾ ਵੇਰਵਾ ਦਿੰਦੇ ਹਨ। Myths ਕਦੀ-ਕਦੀ ਪੂਰਵ ਪ੍ਰਭੂਤਾ, ਸ਼ਹਿਰੀਕਰਨ ਅਤੇ ਯੁੱਗ ਪ੍ਰਵਿਰਤੀਆਂ ਦੇ ਅਧਿਆਤਮਿਕ ਸੁਨੇਹੇ ਨਾਲ-ਨਾਲ ਟੋਰਦੀਆਂ ਹਨ। Homer ਦਾ ਮਹਾਂਕਾਵਿ ਜੋ ਪੂਰਵ ਤੋਂ Middleiron ਸਮੇਂ ਦੀ ਮਿਤੀ ਦਾ ਸਮਾਂ ਮਿੱਥਦਾ ਹੈ। ਇਹ ਸਿੱਧ ਕਰਦਾ ਹੈ ਕਿ ਭਾਰਤੀ ਮਹਾਂਕਾਵਿ ਕੁੱਝ ਬਾਅਦ ਦੇ ਸਮੇਂ ਵਿਚ ਲਿਖੇ ਗਏ ਹਨ। ਇਸ ਪ੍ਰਤੀ ਵਿਚਾਰਵਾਨ ਸਹਿਤਕ ਲਿਖਤਾਂ ਦੇ ਵਧੇਰੇ ਸਬੂਤ ਮਿਲਦੇ ਹਨ। ਪੁਰਾਤਨ Myths ਦੀ ਜ਼ੁਬਾਨੀ ਰਸਮਾਂ, ਰੀਤਾਂ ਦੇ ਸਮੇਂ ਵਿਚ ਜੀਵਨ ਵੇਰਵੇ ਦਾ ਪਿੱਛੇ ਰਹਿ ਜਾਣਾ, ਲਿਖਤੀ ਰੂਪ ਵਿਚ ਨਾ ਮਿਲਣਾ, ਇਨ੍ਹਾਂ ਮਹਾਂਕਾਵਿ ਕਿਰਤਾਂ ਤੋਂ ਪ੍ਰਗਟ ਹੁੰਦਾ ਹੈ, ਕਿਵੇਂ ਵੱਧ ਤੋਂ ਵੱਧ ਸ਼ਹਿਰੀਕਰਨ ਸਭਿਆਚਾਰ ਦਾ ਵਿਕਾਸ ਹੋਇਆ ਤਾਂ ਵਿਦਿਅਕ ਸੰਸਥਾਵਾਂ ਨੇ ਸਾਹਿਤ ਨੂੰ ਅੱਗੇ ਟੋਰਨ ਦੇ ਵਸੀਲੇ ਪੈਦਾ ਕੀਤੇ। ਇਸ ਸਮੇਂ ਜਿਸ ਸਾਹਿਤ ਦਾ ਵਿਕਾਸ ਹੋਇਆ, ਉਹ ਸਾਹਿਤ ਕਿਆਸਮਈ ਅਤੇ ਦਾਰਸ਼ਨਿਕ ਸੀ। ਜੋ ਪੂਰਵ ਸਭਿਅਤਾ ਦੀ ਪ੍ਰਤੀਨਿਧਤਾ ਕਰਦਾ ਸੀ। ਸਿੱਟੇ ਵਜੋਂ ਇਸ ਵੇਲੇ ਪੁਰਾਤਨ ਚੀਨ ਵਿਚ ਸਾਹਿਤਕ ਬੋਲਬਾਲਾ ਸੀ। ਪੁਰਾਤਨ ਭਾਰਤ Persia and ancient Greece ਅਤੇ Rome ਵੀ ਸਾਹਿਤਕ ਗਤੀਵਿਧੀਆਂ ਵਿਚ ਪਿੱਛੇ ਨਹੀਂ ਸਨ। ਬਹੁਤ ਸਾਰਾ ਸਾਹਿਤ ਪੁਰਵਕਾਲ ਵਿਚ ਬ੍ਰਿਤਾਂਤਕ ਵਿਧੀ ਵਿਚ

ਉਪਦੇਸ਼ਾਤਮਿਕ ਅਤੇ ਲੁਕਵੇਂ ਨੈਤਿਕ ਮਕਸਦ ਲਈ ਲਿਖਿਆ ਜਾਂਦਾ ਸੀ। ਸੰਸਕ੍ਰਿਤ ਸਾਹਿਤ ਵਿਚ ਨਾਟਕ ਅਤੇ ਵਿਅੰਗ ਆਦਿ ਵੀ ਸ਼ਹਿਰੀਕਰਨ ਦੇ ਰੂਪ ਵਿਚ ਵਿਕਸਤ ਹੋਏ। ਇਹ ਵਿਕਾਸ ਇਕ ਬਹੁਤ ਵੱਡੇ ਲੋਕ ਸਰੋਤ ਵਰਗ ਵਿਚ ਹੋਏ, ਜੋ ਬਾਅਦ ਵਿਚ ਸਾਹਿਤਕ ਸੰਬੰਧਾਂ ਦਾ ਹਿੱਸਾ ਬਣ ਗਿਆ। ਸੰਗੀਤਕ ਕਵਿਤਾ ਮਹਾਂਕਾਵਿ ਦੇ ਵਿਪਰੀਤ ਉੱਚੇ ਸਮਾਜਿਕ ਵਰਗ ਦੇ ਲੋਕਾਂ ਦੀਆਂ ਖ਼ਾਮੀਆਂ ਦੇ ਰੂਪ ਵਿਚ ਆਰੰਭ ਹੋਈ । ਖ਼ਾਸ ਤੌਰ 'ਤੇ East Asia ਵਿਚ ਜਿੱਥੇ ਗੀਤ, ਕਵਿਤਾ ਨੂੰ ਸੁਣਨ ਲਈ ਚੀਨੀ ਰਹੀਸ ਸਮਾਜ ਦੇ ਲੋਕ ਵਰਗ ਵਲੋਂ ਸਮਾਗਮ ਆਯੋਜਿਤ ਕੀਤੇ ਜਾਂਦੇ ਸਨ। ਉਸ ਵੇਲੇ ਦੀ ਸੱਭ ਤੋਂ ਮਹੱਤਵਪੂਰਨ ਪੁਸਤਕ Shijing ਭਾਵ Book of songs ਸੀ

ਪੁਰਾਤਨ ਚੀਨ ਵਿਚ ਮੁੱਢਲੇ ਤੌਰ 'ਤੇ ਪੂਰਵ ਸਾਹਿਤ ਉਪਰ ਹੀ ਧਿਆਨ ਦਿੱਤਾ ਜਾਂਦਾ ਸੀ। ਦਰਸ਼ਨ, ਇਤਿਹਾਸ, ਸਾਇੰਸ, ਖੇਤੀਬਾੜੀ ਅਤੇ ਫੌਜ ਆਦਿ ਵੀ ਇਸ ਧਿਆਨ ਦੇ ਕੇਂਦਰ ਸਨ। ਉਸ ਵੇਲੇ ਚੀਨ ਆਧੁਨਿਕ ਕਾਗਜ਼ ਅਤੇ wood block printing ਉਤਪਤੀ ਦਾ ਦੁਨੀਆ ਦੇ ਪਹਿਲੇ ਸਭਿਆਚਾਰ 'ਚੋਂ ਇੱਕ ਸੀ। ਬਹੁਤ ਸਾਰਾ ਚੀਨੀ ਸਾਹਿਤ ਸੈਂਕੜੇ ਵਿਚਾਰਕ ਪਾਠਸ਼ਾਲਾ 'ਚੋਂ (769-269 BCE) ਸਮੇਂ ਦੇ ਦੌਰਾਨ ਪੈਦਾ ਹੋਇਆ। ਉਦਾਹਰਣ ਦੇ ਤੌਰ 'ਤੇ ਬ੍ਰਿਤਾਂਤਕ ਇਤਿਹਾਸ ਦਾ ਪੁਰਾਤਨ ਸਮੇਂ ਦਾ ਇੱਕ ਹਿੱਸਾ ਜਿਸ ਦਾ ਨਾਮ Zuo Zhuan ਸੀ, (389 BCE) ਤੋਂ ਪਹਿਲਾਂ Compiled ਕੀਤਾ ਗਿਆ। ਜੋ ਪੰਜਵੀਂ ਸਦੀ ਦੇ ਇਤਿਹਾਸਕਾਰ Zuo Qiuming ਨੂੰ ਭੇਂਟ ਕੀਤਾ ਗਿਆ।

ਭਾਰਤ ਵਿਚ ਸਾਹਿਤ ਉਸ ਵਕਤ ਹੋਂਦ ਵਿਚ ਆਇਆ, ਜਦੋਂ ਸਾਹਿਤਕ ਸਮੱਗਰੀ ਜ਼ੁਬਾਨੀ ਸਫ਼ਰ ਕਰਦੀ ਸੀ। ਪੂਰਵ ਸ਼ੈਲੀਆਂ ਜਿਨ੍ਹਾਂ ਵਿਚ Drama, fables, sutars and epic poetry ਸ਼ਾਮਿਲ ਸੀ। ਸੰਸਕ੍ਰਿਤ ਵਿਚ ਸਾਹਿਤ ਵੇਦਾਂ ਤੋਂ ਸ਼ੁਰੂ ਹੋਇਆ, ਜਿਸ ਦਾ ਸਮਾਂ(1500-100 BCE) ਮੰਨਿਆ ਜਾਂਦਾ ਹੈ, ਜੋ Iron age of India ਤੱਕ ਆਉਂਦਾ ਹੈ। Veads ਭਾਰਤੀ ਸੰਸਕ੍ਰਿਤੀ ਦੇ ਪੁਰਾਤਨ ਗ੍ਰੰਥ ਹਨ। 16ਵੀਂ ਸਦੀ ਤੋਂ ਪਹਿਲੀ ਸਦੀ ਦੇ ਦਰਮਿਆਨ ਭਾਰਤੀ ਮਹਾਂ-ਕਾਵਿ ਮਹਾਂਭਾਰਤ ਅਤੇ ਰਮਾਇਣ ਦੀ ਸਿਰਜਣਾ ਮੰਨੀ ਜਾਂਦੀ ਹੈ। ਭਾਰਤੀ ਗ੍ਰੰਥ ਸ਼ਿਵ ਪੁਰਾਣ ਅਨੁਸਾਰ ਭਗਵਾਨ ਸ਼ਿਵ ਨੇ ਪੰਜ ਲੱਖ ਚਾਲੀ ਹਜ਼ਾਰ ਸਲੋਕਾਂ ਦੀ ਰਚਨਾ ਕੀਤੀ। ਉਸ ਸਮੇਂ ਭਾਸ਼ਾ ਹੋਂਦ ਵਿਚ ਨਹੀਂ ਸੀ ਆਈ। ਇਨ੍ਹਾਂ ਸਲੋਕਾਂ ਦੇ ਵਰਕੇ ਜੁਬਾਨੀ ਸਨ। ਦੋ ਲੱਖ ਚਾਲੀ ਹਜ਼ਾਰ ਸਲੋਕ ਵੀ ਲਿਖਤੀ ਰੂਪ ਵਿਚ ਮੁਹੱਈਆ ਹੈ।

ਪੁਰਾਤਨ ਯੂਨਾਨ ਵਿਚ Homer ਦੇ ਮਹਾਂ ਕਾਵਿ ਜਿਸ ਨੇ Iliad and odyssey ਵੀ ਲਿਖੇ। Heiod ਜਿਸ ਨੇ Works and days ਅਤੇ

Theogony ਲਿਖੇ, ਇਹ ਕੁੱਝ ਪੁਰਾਤਨ ਅਤੇ ਪ੍ਰਭਾਵਸ਼ਾਲੀ ਸਾਹਿਤਕ ਕਿਰਤਾਂ ਹਨ। ਯੂਨਾਨੀ ਪੁਰਾਤਨ ਸਾਹਿਤ ਵਿਚ ਯੂਨਾਨੀ ਸ਼ੈਲੀਆਂ ਸ਼ਾਮਿਲ ਹਨ, ਜਿਨ੍ਹਾਂ ਵਿਚ ਦਰਸ਼ਨ, ਇਤਿਹਾਸ, ਹਾਸਰੱਸ ਅਤੇ ਨਾਟਕ ਸ਼ੈਲੀਆਂ ਪ੍ਰਮੁੱਖ ਹਨ। Plato ਅਤੇ Aristotle ਨੇ ਦਾਰਸ਼ਨਿਕ ਗ੍ਰੰਥ ਲਿਖੇ, ਜੋ Western philosophy ਦੀ ਨੀਂਹ ਪੱਥਰ ਹਨ। Sappho and Pinder ਨੇ ਸੰਗੀਤਕ ਕਵੀਆਂ ਨੂੰ ਅਤੇ Hero dotus ਅਤੇ Thucydides ਜੋ Greek ਇਤਿਹਾਸਕਾਰ ਸਨ, ਨੂੰ ਪ੍ਰਭਾਵਿਤ ਕੀਤਾ। ਬੇਸ਼ੱਕ ਨਾਟਕ ਪੁਰਾਤਨ ਗਰੀਕ ਵਿਚ ਮਸ਼ਹੂਰ ਸੀ। ਸੈਂਕੜੇ ਦੁਖਾਂਤ ਗਰੀਕ ਦੇ ਸਨਾਤਨੀ ਸਮੇਂ ਵਿਚ ਲਿਖੇ ਅਤੇ ਪੇਸ਼ ਕੀਤੇ ਗਏ। ਪਰ ਹੁਣ ਕੁੱਝ ਨਾਟਕ Aeshylus, Sophocles ਅਤੇ Euripdes ਦੇ ਲਿਖੇ ਮਿਲਦੇ ਹਨ। Aristophanes ਦੇ ਨਾਟਕ ਅਮਲੀ ਸ਼ੈਲੀਆਂ ਦੀ ਉਦਾਹਰਣ ਪੇਸ਼ ਕਰਦੇ ਹਨ। ਜੋ ਹਾਸਰੱਸ ਦੇ ਨਾਟਕਾਂ ਦੇ ਤੌਰ 'ਤੇ Old comedy ਵੱਲੋਂ ਜਾਣੇ ਜਾਂਦੇ ਹਨ ਅਤੇ ਸ਼ੈਲੀਆਂ ਦੀ ਪਰਿਭਾਸ਼ਾ ਨਿਯੁਕਤ ਕਰਦੇ ਹਨ।

Roman ਇਤਿਹਾਸ ਅਤੇ ਜੀਵਨੀ ਸਾਹਿਤ ਮੱਧਯੁੱਗ ਵਿਚਲੇ ਪੂਰਵ ਸਾਧੂਆਂ ਅਤੇ ਚਮਤਕਾਰੀ ਰੋਜ਼ਨਾਮਚਿਆਂ ਦੇ ਗਿਆਨ ਵਿਚ ਵਾਧਾ ਦਰਸਾਉਂਦਾ ਹੈ। ਪ੍ਰੰਤੂ ਮੱਧਯੁੱਗ ਦੇ ਵਧੇਰੇ ਚਿੱਤਰ ਚਿਤਰਨ ਰੁਮਾਂਚਕ ਹਨ, ਜੋ ਖੋਜੀ ਅਤੇ ਜਾਦੂਈ ਬ੍ਰਿਤਾਂਤ ਦੀ ਪ੍ਰਸਿੱਧਤਾ ਦੇ ਨਿਗਰ ਨਮੂਨੇ ਹਨ। ਵਿਵਾਦ ਪੂਰਨ ਧਰਮ ਰਾਜਨੀਤੀ ਅਤੇ ਉਪਦੇਸ਼ਕ ਸੰਗਠਨਾਂ ਨਾਲੋਂ ਸਾਹਿਤ ਦਾ ਪਸਾਰ ਨਵਯੁੱਗ ਵਿਚ ਵਧੇਰੇ ਹੋਇਆ। ਇਸ ਸਮੇਂ Roman ਵਿਚ ਛਾਪੇਖਾਨੇ ਦੀ ਈਜ਼ਾਦ ਹੋ ਚੁੱਕੀ ਸੀ। ਮਨੋਯੁੱਗ ਦੇ ਰੋਮਾਂਸ ਦਾ ਵਿਕਾਸ ਮਨੋਵਿਗਿਆਨਿਕ ਬ੍ਰਿਤਾਂਤ ਚਿੱਤਰ ਚਿਤਰਨ ਦੇ ਅਧਾਰ 'ਤੇ ਹੋਇਆ। ਨਾਵਲ ਇਸ ਦੀ ਬ੍ਰਿਤਾਂਤਕ ਉਦਾਹਰਣ In the age of reason ਵਿਚ ਦਰਸ਼ਨ ਖੰਡਾਂ ਦੀ ਇਤਿਹਾਸਕ ਪੂਰਤੀ ਅਤੇ ਮਨੁੱਖੀ ਸੁਭਾਅ, ਸਮਾਜਿਕ ਅਤੇ ਰਾਜਨੀਤਿਕ ਕਾਰਨਾ ਸਦਕਾ ਸਾਹਿਤਕ ਤੌਰ 'ਤੇ ਆਪਣੀ ਸਿਖ਼ਰ ਛੋਹਦਾ ਹੈ। ਰੋਮਾਂਸਵਾਦ ਦਾ ਐਟਮੀ ਧਮਾਕਾ 18ਵੀਂ ਸਦੀ ਦੇ ਬਾਅਦ ਵਿਚ ਹੁੰਦਾ ਹੈ, ਜੋ ਕਾਲਪਨਿਕ ਅਤੇ ਸੁਪਨਮਈ ਪੱਖਪਾਤ ਦਾ ਪੂਰਨ ਲਾਭ ਪੁਰਾਤਨ ਰੋਮਾਂਸ ਅਤੇ ਲੋਕ ਸਾਹਿਤ ਦੇ ਵਿਅਕਤੀਗਤ ਨਿਸ਼ਚਿਤ ਤਜ਼ਰਬੇ ਤੇ ਜਜ਼ਬਾਤ ਦੇ ਅਧਾਰ 'ਤੇ ਲੈਣਾ ਚਾਹੁੰਦਾ ਸੀ।

ਪ੍ਰੰਤੂ 19ਵੀਂ ਸਦੀ ਦੇ ਬੀਤਣ ਤੇ European ਗਲਪ ਯਥਾਰਥਵਾਦ ਅਤੇ ਕੁਦਰਤੀਵਾਦ ਵੱਲ ਢਲੀ, ਜਿਸ ਨੇ ਅਮਲੀ ਜੀਵਨ ਅਤੇ ਸਮਾਜਿਕ ਵਿਧੀਆਂ ਨੂੰ ਸਾਵਧਾਨ ਕੀਤਾ। ਕੁਦਰਤੀਵਾਦ ਦੇ ਸਿੱਟੇ ਗੁਪਤ ਵਿਵਾਦ ਦਾ ਰੂਪ ਧਾਰਨ

ਕਰ ਗਏ, ਜਿਨ੍ਹਾਂ ਦਾ ਪ੍ਰਭਾਵ ਸਮਾਜਿਕ ਅਤੇ ਰਾਜਨੀਤਿਕ ਤਬਦੀਲੀਆਂ 'ਤੇ ਪਿਆ। ਪ੍ਰੰਤੂ 20ਵੀਂ ਸਦੀ ਵਿਚ ਗਲਪ ਤੇ ਨਾਟਕ ਮੁੜ ਮਨੁੱਖੀ ਮਨ ਦੀ ਅੰਤਰੀਵਤਾ ਵੱਲ ਮੁੜਿਆ। ਜਿਸ ਨੇ ਅਚੇਤ ਪ੍ਰੇਰਨਾ ਸਮਾਜਿਕ ਅਤੇ ਵਾਤਾਵਰਣ ਦੇ ਵਿਅਕਤੀਗਤ ਦਬਾਅ 'ਤੇ ਜ਼ੋਰ ਦਿੱਤਾ। ਪ੍ਰਸਿੱਧ ਲੇਖਕਾਂ ਜਿਵੇਂ Proust, Eliot, Kafka, Joyce ਅਤੇ Pirandello ਨੇ ਮਨੁੱਖੀ ਅੰਦਰੂਨੀ ਪ੍ਰਵਿਰਤੀਆਂ ਦੀਆਂ ਵਿਧੀਆਂ ਦੀ ਵਿਆਖਿਆ ਕੀਤੀ, ਬਜਾਏ ਬਾਹਰ-ਮੁਖੀ ਅਸਲੀਅਤ ਦੇ। 20ਵੀਂ ਸਦੀ ਦੇ ਨਿਸ਼ਚਿਤ ਸਿਧਾਂਤਾਂ ਦੀਆਂ ਗਲਪ ਸ਼ਕਤੀਆਂ ਨੇ ਵੀ ਇਨ੍ਹਾਂ ਦੀ ਬਣਤਰ ਦਾ ਅਸਲ ਸਵਾਲ ਪੇਸ਼ ਕੀਤਾ। ਖੋਜੀਆਂ ਦੀ ਪੁੱਛ ਪੜਤਾਲ ਰਾਹੀਂ ਅਤੇ ਵਿਗਿਆਨਿਕ ਗਲਪ ਸੋਚ ਦੇ ਬਦਲ ਬਾਰੇ ਇਹ ਸਵਾਲ ਵਿਸ਼ੇਸ਼ ਧਿਆਨ ਦੀ ਖਿੱਚ ਬਣੇ। Mainstream ਅਤੇ ਸ਼ੈਲੀਆਂ ਦੇ ਵਿਖਰੇਵੇਂ ਦੀ ਵਿਧੀ ਇਸ ਸਮੇਂ ਤੱਕ ਧੁੰਧਲੇਪਣ ਦੀ ਸ਼ਿਕਾਰ ਸੀ। William burroughs ਆਪਣੀ ਮੁੱਢਲੀ ਲਿਖਤ ਵਿਚ ਅਤੇ Hunters thomson ਆਪਣੇ ਲਿਖਤੀ ਦਸਤਾਵੇਜ਼ਾਂ ਦੀ Report ਅਤੇ ਆਪਣੀ ਮਜ਼ਬੂਤ ਅੰਤਰਮੁਖੀ ਬਿਆਨਬਾਜ਼ੀ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪ੍ਰਸਾਰਨ ਕਰਦੇ ਹਨ ਤਾਂ ਕਿ Mainstrean ਅਤੇ ਸ਼ੈਲੀਆਂ ਦੇ ਵਿਖਰੇਵੇਂ ਦੀ ਵਿਧੀ ਸਪੱਸ਼ਟ ਹੋ ਸਕੇ।

ਆਧੁਨਿਕ ਸਾਹਿਤ ਦੇ ਬਰੀਫ਼ ਇਤਿਹਾਸਕ ਵੇਰਵੇ ਤੋਂ ਬਾਅਦ ਅਸੀਂ ਆਧੁਨਿਕ ਸਾਹਿਤ ਦੀ ਪਰਿਭਾਸ਼ਾ ਤੇ ਲੱਛਣਾਂ ਬਾਰੇ ਚਰਚਾ ਕਰਦੇ ਹਾਂ। ਜਦ ਤੱਕ ਅਸੀਂ ਆਧੁਨਿਕਤਾ ਸਾਹਿਤ ਦੀ ਪਰਿਭਾਸ਼ਾ ਪ੍ਰਤੀ ਕਿਸੇ ਸਿੱਟੇ 'ਤੇ ਨਹੀਂ ਅੱਪੜਦੇ, ਉਨ੍ਹੀਂ ਦੇਰ ਤੱਕ ਆਧੁਨਿਕ ਸਾਹਿਤ ਦੇ ਲੱਛਣਾਂ ਦਾ ਜ਼ਿਕਰ ਸ਼ਪੱਸ਼ਟ ਅਤੇ ਯਥਾਰਥਕ ਰੂਪ ਵਿਚ ਨਹੀਂ ਕੀਤਾ ਜਾ ਸਕਦਾ। ਇਸ ਆਧੁਨਿਕ ਸਾਹਿਤ ਦੀ ਪਰਿਭਾਸ਼ਾ ਨਿਸ਼ਚਿਤ ਕਰਨੀ ਜਾਂ ਮੋਟੇ ਤੌਰ 'ਤੇ ਇਸ ਦੀ ਰੂਪ ਰੇਖਾ ਸਮਝਣੀ ਜ਼ਰੂਰੀ ਹੈ।

ਸਾਹਿਤ ਦੀ ਪਰਿਭਾਸ਼ਾ ਬਾਰੇ Encyclopedia birtannacia ਦੇ ਗਿਆਰਵੇਂ ਐਡੀਸ਼ਨ ਵਿਚ ਦਰਜ਼ ਹੈ, ਇਹ ਪਰਿਭਾਸ਼ਾ ਇਸ ਪ੍ਰਕਾਰ ਹੈ, "The best expression of the best thought reduced to writing" ਸਾਹਿਤ ਦੀ ਪਰਿਭਾਸ਼ਾ ਦਾ ਮੂਲ ਦੱਸਦਾ ਹੈ, ਭਾਵੇ ਕੁੱਝ ਵੀ ਹੋਵੇ, ਸਿੱਟਾ ਇਹ ਹੈ ਕਿ ਸਾਹਿਤ ਦੀ ਕੋਈ ਵੀ ਸਪੱਸ਼ਟ ਪਰਿਭਾਸ਼ਾ ਨਹੀਂ ਹੈ ਜੋ ਸਾਹਿਤ ਦਾ ਸਹੀ ਅਰਥਾਂ ਵਿਚ ਨਿਰਮਾਣ ਕਰਦੀ ਹੈ। ਕੋਈ ਵੀ ਵਸਤੂ ਸਾਹਿਤ ਹੋ ਸਕਦੀ ਹੈ ਅਤੇ ਕੋਈ ਵੀ ਵਸਤੂ ਜੋ ਬ੍ਰਹਮੰਡਕ ਤੌਰ 'ਤੇ ਸਾਹਿਤ ਸਮਝੀ ਜਾਂਦੀ ਹੈ, ਉਹ ਵਸਤੂ ਉਦੋਂ ਤੱਕ ਵੰਚਿਤ ਰਹਿਣ ਦੀ ਸਮਰੱਥਾ ਰੱਖਦੀ ਹੈ, ਜਦ ਤੱਕ ਉਸ

ਦੀ ਪਰਖ ਦਾ ਮੁੱਲ ਸਮੇਂ ਨੂੰ ਬਦਲਦਾ ਨਹੀਂ। ਲੋਕਾਚਾਰ ਅਨੁਸਾਰ ਸਾਹਿਤਕ ਪਰਿਭਾਸ਼ਾ ਉਹ ਭਾਸ਼ਾ ਹੈ ਜੋ ਕਾਵਿਕ ਪ੍ਰਭਾਵ ਦੀ ਮੁੱਖ ਭੂਮੀ ਹੈ।

ਸਾਹਿਤ ਨੂੰ ਪਰਿਭਾਸ਼ਤ ਕਰਨ ਦੇ ਬਹੁਤ ਸਾਰੇ ਯਤਨ ਕੀਤੇ ਗਏ ਹਨ। Simon and Delyse Ryan ਸਾਹਿਤ ਪ੍ਰਤੀ ਲਿਖਦੇ ਹਨ ਕਿ ਸਾਹਿਤ ਦੀ ਪਰਿਭਾਸ਼ਾ ਲੱਛਣ ਦੀ ਤਾਂਘ ਉਹ ਸੜਕ ਹੈ, ਜਿਸ ਦਾ ਸਫ਼ਰ ਬਹੁਤ ਲੰਮਾ ਹੈ। ਜਿੱਥੇ ਗੱਲ ਪਹੁੰਚਦੀ ਹੈ, ਜੇ ਕਦੀ ਉੱਥੇ ਪਹੁੰਚਿਆ ਜਾਵੇ ਜੋ ਬਹੁਤ ਘੱਟ ਤਸੱਲੀ ਬਖ਼ਸ਼ ਹੈ। ਇਸ ਲਈ ਸਾਹਿਤ ਦੀ ਪਰਿਭਾਸ਼ਾ ਭਾਲ ਪ੍ਰਤੀ ਬਹੁਤ ਸਾਰੇ ਯਤਨ ਅਵਰਗੀ ਦੇ ਪ੍ਰਤੀਕ ਹਨ, ਭਾਵ ਬੱਚਕਾਨਾ ਹਨ ਅਤੇ ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਯਤਨਾਂ ਦੀ ਅਟੱਲਤਾ ਸਮੇਂ ਨਾਲ ਬਦਲਦੀ ਹੈ। ਇਸ ਲਈ ਸਾਹਿਤ ਦੀ ਪਰਿਭਾਸ਼ਾ ਇੱਕੋ ਗੱਲ ਨਿਸ਼ਚਿਤ ਕਰਦੀ ਹੈ, ਉਹ ਹੈ ਕਿ ਸਾਹਿਤ ਦੀ ਪਰਿਭਾਸ਼ਾ ਤਬਦੀਲੀ ਹੈ। ਤਬਦੀਲੀ ਹੀ ਸਾਹਿਤ ਹੈ। ਮੋਟੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ "Change is the deffination of literature" ਕਿਉਂਕਿ ਸਾਹਿਤ ਦਾ ਸੰਕਲਪ ਹਰ ਸਮੇਂ ਬਦਲਦਾ ਹੈ। ਇਸ ਲਈ ਸਾਹਿਤ ਉਹ ਹੈ, ਜਿਸ ਦੀ ਪਰਿਭਾਸ਼ਾ ਦਾ ਬਦਲਣਾ ਯਕੀਨੀ ਹੈ। 18ਵੀਂ ਸਦੀ ਤੋਂ ਪਹਿਲਾਂ Western Europe ਵਿਚ ਸਾਹਿਤਕ ਘੇਰੇ ਵਿਚ ਸੱਭ ਲਿਖਤਾਂ ਆਉਂਦੀਆਂ ਹਨ। ਆਧੁਨਿਕ ਚੇਤਨਾ ਦਾ ਪਦ ਸਾਹਿਤ ਵਿਚ ਰੋਮਾਂਚਕ ਸਮੇਂ ਵਿਚ ਸ਼ਾਮਿਲ ਹੁੰਦਾ ਹੈ। ਜਿਸ ਨਾਲ ਸਾਹਿਤ ਵਿਚ ਇੱਕ ਨਾਟਕੀ ਕਲਪਣਾ ਦਾ ਆਰੰਭ ਹੁੰਦਾ ਹੈ। ਜੋ ਸਾਹਿਤ ਦਾ ਨਿਰਮਾਣ ਕਰਦਾ ਹੈ। ਇਸ ਸਾਹਿਤਕ ਨਿਰਮਾਣ ਪ੍ਰਤੀ ਇਸ ਸਮੇਂ ਦਾ ਸਮਕਾਲੀ ਵਾਦ-ਵਿਵਾਦ ਵੀ ਵੇਖਿਆ ਜਾ ਸਕਦਾ ਹੈ। ਪੁਰਾਤਨ ਸਮੇਂ ਵਲੋਂ ਨਿਰਮਾਣ ਕੀਤੀ ਸਮੱਗਰੀ ਦਾ ਵਿਰੋਧ ਸੱਭ ਤੋਂ ਵੱਧ ਸਾਹਿਤਕ ਨਿਰਮਾਣ ਦਾ ਨਿਵੇਕਲਾ ਵਿਚਾਰ ਅਤੇ ਸਭਿਆਚਾਰਕ ਅਧਿਐਨ ਸੀ। ਜੋ ਸਾਹਿਤਕ ਵਿਸ਼ੇ ਦੇ ਵਿਸ਼ਲੇਸ਼ਣ ਦੇ ਰੂਪ ਵਿਚ ਪ੍ਰਿਜਾ ਅਤੇ ਸੰਯੁਕਤ ਸ਼ੈਲੀ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ।

ਸਾਹਿਤ ਦੀ ਪਰਿਭਾਸ਼ਾ ਦੀ ਪਰਖ ਦਾ ਮੁੱਲ ਉਹ ਨਵੇਕਲੀ ਸਾਹਿਤਕ ਗੁਣਾਵਲੀ ਲਿਖਣ ਵਿਧੀ ਹੈ। ਜੋ ਸਾਹਿਤਕ ਮੰਤਵ ਨੂੰ ਵੱਖਰੇਪਣ ਦੀ ਸ਼ਕਲ ਦਿੰਦੀ ਹੈ। ਪੁਰਾਤਨ ਵਧੀਆਂ ਲਿਖਤਾਂ ਲਈ ਇਹ ਪਰਿਭਾਸ਼ਾ ਸਾਹਿਤ ਲਈ ਵਰਤੀ ਜਾਂਦੀ ਸੀ। ਆਧੁਨਿਕ ਸਾਹਿਤ ਦਾ ਸੰਬੰਧ ਆਧੁਨਿਕਵਾਦ ਨਾਲ ਹੈ, ਇਸ ਲਈ ਆਧੁਨਿਕ ਸਾਹਿਤ ਤੋਂ ਪਹਿਲਾਂ ਆਧੁਨਿਕਵਾਦ ਨੂੰ ਪਰਿਭਾਸ਼ਿਤ ਕਰਨਾ ਪਵੇਗਾ। ਇਹ ਕਠਿਨ ਕਾਰਜ ਹੈ ਕਿਉਂਕਿ ਆਧੁਨਿਕਵਾਦੀ Term ਨੂੰ ਨਿਸ਼ਚਿਤ ਕਰਨ ਲਈ ਬਹੁਤ ਸਾਰੇ ਕਲਾਮਈ ਅਤੇ ਦਾਰਸ਼ਨਿਕ ਅੰਦੋਲਨਾਂ

ਨੂੰ ਇਸ ਵਿਚ ਸ਼ਾਮਿਲ ਕਰਨਾ ਪਏਗਾ, ਜਿਵੇਂ ਚਿੰਨ੍ਹਵਾਦ (Symbolism) ਤਕਨੀਕੀਵਾਦ (Technicalism) ਭਵਿੱਖਵਾਦ (Futurism) ਪੜ੍ਹਾਯਥਾਰਥਵਾਦ (Surrealism) ਅਭਿਵਿਅਕਤਵਾਦ (Expressionism) ਬਿੰਬਵਾਦ (imagism) ਸ਼ਿਲਪਵਾਦ ਅਤੇ ਚਿੱਤਰ ਗਤੀਸ਼ੀਲਤਾ ਆਦਿ। ਇਹ ਆਧੁਨਿਕਵਾਦ ਦੀ Term ਨੂੰ ਪਰਿਭਾਸ਼ਤ ਕਰਨ ਲਈ ਸਮੇਂ-ਸਮੇਂ ਇਤਿਹਾਸਕ ਅੰਦੋਲਨਾਂ ਦੇ ਵਿਸ਼ੇ ਵਿਚ ਆਈਆਂ ਲਹਿਰਾਂ ਹਨ, ਜਿਨ੍ਹਾਂ ਆਧੁਨਿਕਤਾਵਾਦ ਦਾ ਰੂਪ ਧਾਰਿਆ।

ਬਹੁਤ ਸਾਰੇ ਆਧੁਨਿਕਵਾਦੀ ਜਿਨ੍ਹਾਂ ਵਿਚੋਂ ਬਹੁਤ ਸਾਰੇ ਸਥਾਪਤ ਵਿਦਵਾਨ ਹਨ, ਉਪਰੋਕਤ ਵਾਦਾਂ ਨਾਲ ਸੰਬੰਧਿਤ ਨਹੀਂ ਹਨ। ਆਧੁਨਿਕਵਾਦੀ ਸਮੇਂ ਲਈ ਕੁੱਝ ਮੁੱਢਲੇ ਤੱਤ ਹਨ, ਜਿਨ੍ਹਾਂ ਨਾਲ ਉਹ ਸੱਭ ਵਿਦਵਾਨ ਜੋ ਉਪਰੋਕਤ ਵਾਦਾਂ ਸਹਿਮਤ ਹਨ ਜਾਂ ਅਸਹਿਮਤ ਹਨ ਪਰ ਆਧੁਨਿਕ ਵਾਦ ਦੇ ਇਨ੍ਹਾਂ ਮੁੱਢਲੇ ਤੱਤਾਂ ਨਾਲ ਸਹਿਮਤ ਹਨ। ਆਧੁਨਿਕਵਾਦੀ ਸਾਹਿਤ ਦਾ ਚਿਤਰਨ 19ਵੀਂ ਸਦੀ ਦੀਆਂ ਰਸਮਾਂ, ਰੀਤਾਂ ਦੀ ਇਨਕਾਰੀ ਵਜੋਂ ਹੋਇਆ। ਬੇਸ਼ੱਕ ਇਸ ਦਾ ਸੰਕਲਪ ਆਧੁਨਿਕਤਾ ਵਾਂਗ 13ਵੀਂ-14ਵੀਂ ਸਦੀ ਤੋਂ ਹੋਂਦ ਵਿਚ ਆਇਆ। ਲੇਖਕਾਂ ਅਤੇ ਪਾਠਕਾਂ ਦੀ ਸਹਿਮਤੀ ਦੇ ਅਧਾਰ 'ਤੇ ਆਧੁਨਕਵਾਦੀ ਸਰੂਪੰ ਦਾ ਸਪੱਸ਼ਟ ਵੱਖਰੇਵਾ ਪੁਰਾਤਨਤਾ ਦੇ ਵਿਪਰੀਤ ਵਿਰੋਧੀ ਸੰਮੇਲਨਾਂ ਦੇ ਸੰਦਰਭ ਵਿਚ ਹੋਇਆ। ਵਿਰੋਧੀ ਯੁੱਗ ਦੇ ਸੰਮੇਲਨਾਂ ਤੋਂ ਭਾਵ ਉਹ ਸੰਗਠਨ ਜੋ ਨਵਯੁੱਗ ਦੀ ਧਾਰਨਾ ਸਨ ਅਤੇ ਸਨਾਤਨੀ ਯੁੱਗ ਦੀ ਖੜੋਤ ਨੂੰ ਨਿਕਾਰਦੇ ਸਨ। ਨਵਯੁੱਗ ਦੀ ਧਾਰਨਾ ਅਤੇ ਸਨਾਤਨੀ ਯੁੱਗ ਦੀ ਖੜੋਤ 'ਚੋਂ ਆਧੁਨਿਕਤਾ ਦਾ ਵੱਖਰੇਵਾ ਵੀ ਸਪੱਸ਼ਟ ਹੁੰਦਾ ਹੈ। ਇਸ ਵੱਖਰੇਵੇ ਦਾ ਆਰੰਭ 19ਵੀਂ ਸਦੀ ਤੋਂ ਹੋਇਆ। ਜਿਸ ਦਾ ਅਧਾਰ ਸਾਹਿਤ ਅਤੇ ਕਲਾ ਦੇ ਸਿਧਾਂਤ ਸਨ। ਆਧੁਨਿਕਵਾਦੀ ਆਪਣੇ-ਆਪ ਨੂੰ ਮੁਕੰਮਲ ਇਤਿਹਾਸਕ ਅਤੇ ਸਾਹਿਤਕ ਰੂਪਾਂ ਵਜੋਂ ਵੱਖਰਾ ਕਰਨਾ ਚਾਹੁੰਦੇ ਸਨ।

Ezra Pound ਨੇ ਆਧੁਨਿਕਤਾ ਦੀ ਸੁਗੰਧ ਮਹਿਸੂਸ ਕੀਤੀ। Ezra ਨੇ ਇਹ ਸੁਗੰਧ ਇੱਕ ਮਸ਼ਹੂਰ ਕਹਾਵਤ ਨਾਲ ਮਹਿਸੂਸ ਕੀਤੀ। ਕਹਾਵਤ ਸੀ, “Make it now” ਬਹੁਤ ਸਾਰੇ ਆਧੁਨਿਕਵਾਦੀਆਂ ਦੀ ਕਹਾਣੀ ਇੱਕ ਜਾਂ ਦੂਜੇ ਤਰੀਕੇ ਨਾਲ ਪਹਿਲਾਂ ਹੀ ਕਹੀ ਜਾ ਚੁੱਕੀ ਸੀ। ਇਸ ਲਈ ਕੁੱਝ ਨਵਾਂ ਸਿਰਜਣ ਲਈ ਬਹੁਤ ਸਾਰੇ ਲੇਖਕ ਲਿਖਤਾਨ ਦੀਆਂ ਨਵੀਂਆਂ ਵਿਧੀਆਂ ਅਤੇ ਤਰੀਕੇ ਤਲਾਸ਼ ਰਹੇ ਸਨ। ਇਸ ਸਮੇਂ ਬਹੁਤ ਸਾਰੀਆਂ ਪ੍ਰਯੋਗਸ਼ੀਲ ਸ਼ੈਲੀਆਂ ਦਾ ਜਨਮ ਹੋਇਆ। ਸ਼ਾਇਦ ਸੱਭ ਤੋਂ ਵੱਧ ਜਾਣੇ ਜਾਣ ਵਾਲੇ ਵਾਰਤਕ ਲੇਖਕ

James, Joyee, Virginia Woolf, ਕਵੀ T.S.Eliot ਅਤੇ Ezra Pound ਇਸ ਸਮੇਂ ਦੇ ਨਾਮ ਹਨ।

ਆਧੁਨਿਕਵਾਦ ਦੀ ਮਿੱਟੀ ਨਿਰਧਾਰਤ ਕਰਨੀ ਸਮੱਸਿਆ ਜਨਕ ਹੈ ਕਿਉਂਕਿ ਇਸ ਮਿੱਟੀ ਦੀ ਬੁਨਿਆਦ ਲਈ ਕੋਈ ਇੱਕ ਅਦੋਲਨ ਨਹੀਂ ਸੀ, ਇਸ ਲਈ ਮਿੱਟੀ ਦਾ ਆਰੰਭ ਦੱਸਣਾ ਮੁਸ਼ਕਿਲ ਹੈ। ਫਿਰ ਵੀ 20ਵੀਂ ਸਦੀ ਦਾ ਆਰੰਭ ਇਸ ਦੀ ਸ਼ੁਰੂਆਤ ਦਾ ਸੰਭਵ ਨੁਕਤਾ ਸੀ। ਇਹ ਰਾਣੀ Victoria ਦੀ ਪ੍ਰਭੁਸੱਤਾ ਦਾ ਅੰਤਿਮ ਸਮਾਂ ਸੀ। ਇਸ ਸਮੇਂ ਹੀ ਆਧੁਨਿਕਵਾਦ ਦੀ ਸਥਾਪਤੀ ਅਗੇਰੇ ਵੱਧ ਰਹੀ ਸੀ। The turn of the century also roughly coincided with the publication of several ground breaking theories, such as freud 's interpretation of dreams and Einstein 's theory of special relativity. ਇੰਝ ਹੋਇਆ ਜਿਵੇਂ ਇਸ ਸਦੀ ਵਿਚ ਅਸਲ ਤਬਦੀਲੀ ਆਈ ਹੋਵੇ। ਇਹ ਤਬਦੀਲੀ ਕੁਦਰਤੀ ਵਿਗਿਆਨ, ਸਮਾਜਿਕ ਵਿਗਿਆਨ ਅਤੇ ਸੁੰਤਤਰ ਕਲਾ ਦੇ ਵਾਪਰਨ ਵਿਚ ਆਈ।

ਕੁੱਝ ਵੀ ਸਮਝੋ 19ਵੀਂ ਸਦੀ ਆਧੁਨਿਕਵਾਦ ਦੀ ਸ਼ੁਰੂਆਤ ਲਈ ਬੜੀ ਮੁਸ਼ਕਿਲ ਭਰੀ ਸੀ ਕਿਉਂਕਿ 18ਵੀਂ ਸਦੀ ਵਿਚ ਕੁੱਝ ਲੇਖਕਾਂ ਦੀਆਂ ਰਚਨਾਵਾਂ ਦਾ ਬਾਈਕਾਟ ਕਰ ਦਿੱਤਾ ਗਿਆ ਸੀ ਕਿਉਂਕਿ ਉਹ ਲੇਖਕ ਅਤੇ ਰਚਨਾਵਾਂ ਜ਼ਰੂਰੀ ਤੌਰ 'ਤੇ ਆਧੁਨਿਕਵਾਦ ਦੀਆਂ ਰੁਚੀਆਂ ਦੀ ਦਾਅਵੇਦਾਰੀ ਪੇਸ਼ ਕਰਦੀਆਂ ਸਨ। ਬਹੁਤ ਸਾਰੇ ਵਿਦਵਾਨ ਆਧੁਨਿਕਵਾਦ ਦਾ ਆਰੰਭ 1890 ਤੋਂ ਗਿਣਦੇ ਹਨ। ਇਹ ਸਦੀ ਅਤੇ ਰਾਣੀ ਵਿਕਟੋਰੀਆ ਦੀ ਪ੍ਰਭੁਸਤਾ ਦਾ ਅੰਤਿਮ ਸਮਾਂ ਸੀ। ਦੂਜੇ ਵਿਸ਼ਵਯੁੱਧ ਤੋਂ ਬਾਅਦ ਭਾਵ 20ਵੀਂ ਸਦੀ ਦੀ ਮਹੱਤਤਾ ਵਿਸ਼ਵ ਦੀ ਰਾਜਨੀਤੀ ਦੀ ਧਾਰਨੀ ਸੀ। ਇਸ ਸਮੇਂ ਸਮਾਜ ਸਭਿਆਚਾਰ ਅਤੇ ਸਾਹਿਤਕ ਕੀਮਤਾਂ ਵਿਚ ਬਹੁਤ ਵਾਧਾ ਹੋਇਆ। 1939 ਦਾ ਸਾਲ ਆਧੁਨਿਕਵਾਦ ਦੀ ਹੋਂਦਬੰਦੀ ਦਾ ਸਮਾਂ ਮੰਨਿਆ ਜਾਂਦਾ ਹੈ। ਜੋ ਰਾਜਨੀਤਿਕ ਅਤੇ ਸਭਿਆਚਾਰਕ ਪੇਸ਼ਗੋਈ ਕਰਦਾ ਹੈ। ਇਸੇ ਸਮੇਂ James Joyee ਦੀ ਰਚਨਾ "Finnegans wake" ਪ੍ਰਕਾਸ਼ਿਤ ਹੋਈ ਸੀ, ਜੋ ਮੁੱਖ ਤੌਰ 'ਤੇ ਆਧੁਨਿਕਵਾਦੀ ਸਮੱਗਰੀ ਦੀ ਸਾਹਿਤ ਅਭਿਵਿਅਕਤੀ ਸੀ। ਇਹ ਰਚਨਾ ਇੱਕ ਅੱਦਭੁੱਦ ਪ੍ਰਯੋਗਸ਼ੀਲ ਅਭਿਵਿਅਕਤੀ ਦਾ ਸੱਚਾ-ਸੁੱਚਾ ਯਥਾਰਥ ਸੀ। ਇਸ ਰਚਨਾ ਤੋਂ ਬਾਅਦ ਇਕ ਲੇਖਕ ਲਈ ਇਹ ਜਲਦੀ ਹੀ ਸੰਭਵ ਹੋ ਗਿਆ ਕਿ ਉਹ ਆਪਣੀ ਪੂਰਵ ਆਧੁਨਿਕਤਾ ਨੂੰ ਇਸ ਤਰੀਕਾ ਨਾਲ ਛੱਡਦਾ ਸੀ, ਜਿਸ ਤਰੀਕੇ ਨਾਲ ਆਧੁਨਿਕਵਾਦੀ ਇਸ ਨੂੰ ਛੱਡਣ ਦਾ ਸੰਘਰਸ਼ ਕਰਦੇ ਹਨ

ਕਿਉਂਕਿ ਇਸ ਸਮੇਂ ਤੱਕ ਆਧੁਨਿਕਵਾਦੀ ਅੰਦੋਲਨ ਆਪਣੇ ਕੁਦਰਤੀ ਉਦੇਸ਼ਵਾਦ ਦੇ ਸਿੱਟੇ ਤੱਕ ਪਹੁੰਚ ਚੁੱਕਾ ਸੀ ਅਤੇ ਇਸ ਤੋਂ ਬਾਅਦ ਜੋ ਆਉਂਦਾ ਹੈ, ਉਹ ਸਾਹਿਤਕ ਇਤਿਹਾਸ ਦਾ ਵੱਖਰਾ ਹਿੱਸਾ ਹੈ।

Image ਪ੍ਰਤੀਬਿੰਬ :- ਆਧੁਨਿਕ ਸਾਹਿਤ ਅਕਸਰ ਪ੍ਰਤੀਬਿੰਬ ਪੇਸ਼ ਕਰਦਾ ਹੈ। ਇਨ੍ਹਾਂ ਪ੍ਰਤੀਬਿੰਬਾਂ ਦਾ ਸੰਬੰਧ ਉਸ ਵੱਖਰੇਵੇ ਅਤੇ ਉਦਾਸੀ ਨਾਲ ਹੁੰਦਾ ਹੈ, ਜੋ ਆਧੁਨਿਕ ਹਲਾਤਾਂ 'ਚੋਂ ਉਪਜਦੇ ਹਨ। ਇਸ ਦਾ ਹੋਰ ਵੀ ਗੁਣ ਹੈ ਜੋ ਸੰਬੰਧਿਤ ਬੌਧਿਕ ਯੁੱਗ ਅਤੇ ਰੋਮਾਂਚਕ ਰੁਝਾਣਾਂ ਨੂੰ ਸਵੀਕਾਰ ਕਰਦਾ ਹੈ। Realism (ਯਥਾਰਥਵਾਦ) ਜੋ ਆਧੁਨਿਕ ਸਾਹਿਤ ਦਾ ਪਹਿਲਾ ਗੁਣ ਹੈ। ਜੋ ਸਾਨੂੰ ਅਨੁਭਵ ਕਰਵਾਉਂਦਾ ਹੈ ਕਿ ਸਾਨੂੰ ਬੌਧਿਕ ਯੁੱਗ ਦੇ ਅਨੁਭਵੀ ਤੱਤਾਂ ਦੀ ਪਾਲਣਾ ਅਤੇ ਧਿਆਨ ਕਰਨਾ ਚਾਹੀਦਾ ਹੈ। ਜਿਸ ਦੀ ਅਸਲੀਅਤ ਵਿਚ ਅਸੀਂ ਘਿਰੇ ਹਾਂ। ਇਸ ਬੌਧਿਕ ਯੁੱਗ ਦੀ ਕਲਾਮਈ ਯਥਾਰਥਕ ਅਭਿਵਿਅਕਤੀ ਦੀ ਭਾਲ ਕਰਨੀ, ਇਸ ਸਧਾਰਨ ਯਥਾਰਥਵਾਦੀ ਸੀਮਾ ਦੀ ਪਕੜ ਹੈ। ਇਹ ਕਲਮਮਈ ਅਭਿਵਿਅਕਤੀ ਬਾਹਰ ਮੁਖੀ ਅਰੁਮਾਂਚਿਕ ਲੋਕਾਂ ਦੇ ਚਿਹਰੇ, ਥਾਂਵਾਂ ਉੱਪਰ ਵਾਪਰਦੀਆਂ ਘਟਨਾਵਾਂ ਦੇ ਚਿਤਰਨ ਲਈ ਜ਼ਰੂਰੀ ਹੈ। ਇਹ ਚਿਤਰਨ ਲੋਕਾਂ ਦੀਆਂ ਅਸਲੀਅਤਾ ਪੇਸ਼ ਕਰਦੇ ਹਨ, ਜਿਨ੍ਹਾਂ ਵਿਚ ਲੋਕਾਂ ਦੀਆਂ ਕਮਜ਼ੋਰੀਆਂ ਅਤੇ ਭੈੜੇ ਦ੍ਰਿਸ਼ਟੀਕੋਣ ਦਾ ਵਰਣਨ ਹੁੰਦਾ ਹੈ ਜਿਨ੍ਹਾਂ ਦੇ ਅਭੀਨੈ ਵਿਚ ਲੇਖਕ ਦਾ ਸਭਿਆਚਾਰਕ ਜਾਂ ਨੈਤਿਕਤਾ ਦੀ ਅਧੀਨਤਾ ਨਜ਼ਰ ਨਹੀਂ ਆਉਂਦੀ। ਇਹ ਕਲਾਮਈ ਕਿਰਤਾਂ ਇਸ ਤਰ੍ਹਾਂ ਹਨ ਜਿਵੇਂ ਵਸਤੂਆਂ ਵਿਖਾਈਆਂ ਗਈਆਂ ਹਨ, ਨਾ ਕਿ ਵਸਤੂਆਂ ਜਿਵੇਂ ਹੋਣੀਆਂ ਚਾਹੀਦੀਆਂ ਹਨ।

ਯਥਾਰਥਵਾਦ ਆਧੁਨਿਕ ਸਾਹਿਤ ਦਾ ਮੁੱਢਲਾ ਗੁਣ ਹੈ, ਜਿਸ ਵਿਚ ਸਿੱਧੇ ਤੌਰ 'ਤੇ ਸਧਾਰਨ ਜੀਵਨ ਦਾ ਪ੍ਰਗਟਾਅ ਕੀਤਾ ਜਾਂਦਾ ਹੈ। ਇਹ ਯਥਾਰਥ ਨੇਕ ਸਨਾਤਨੀ ਸਿੱਖਿਆਵਾਂ ਦੇ ਵਰਣਨ ਤੋਂ ਰਹਿਤ ਹੁੰਦਾ ਹੈ। ਯਥਾਰਥ ਵਿਚ ਜੀਵਨ ਦੇ ਲੱਛਣ ਸਿੱਧੇ ਤੌਰ 'ਤੇ ਅਸਲੀ ਰੂਪ ਵਿਚ ਢਲ ਜਾਂਦੇ ਹਨ, ਬਜਾਇ ਨੇਕ ਜਾਂ ਸਨਾਤਨੀ ਮਿਥਿਹਾਸਿਕ ਰੂਪਾਂ ਨਾਲੋਂ। ਯਥਾਰਥਵਾਦ ਦੀ ਇਹ ਕੇਂਦਰੀ ਦ੍ਰਿਸ਼ਟੀ ਰੋਮਾਂਸਵਾਦ ਵਿਚ ਜੜ੍ਹ ਰੱਖਦੀ ਹੈ। ਇਹ ਵਿਚਾਰ ਪ੍ਰਸਿੱਧ ਲੇਖਕ Rousseau ਦੀ ਰਚਨਾ Confessions ਅਤੇ ਸਾਫ਼ ਤੌਰ 'ਤੇ Words Worth ਦੀ ਰਚਨਾ "Preface of lyrical ballads" ਵਿਚ ਸਪੱਸ਼ਟ ਹੈ। ਯਥਾਰਥਵਾਦ ਰੁਮਾਂਸਵਾਦੀ ਜਿਆਦਤੀ ਵਿਚੋਂ ਨਿਕਲਿਆ ਪ੍ਰਤੀਕਰਮ ਹੈ। ਰੋਮਾਂਸਵਾਦ ਆਪਣੇ ਭਾਵਾਂ ਦੀ ਅੰਨਦਾਤਾ ਅਧਿਆਤਮਿਕ ਕਾਰਜ ਸੂਚੀ ਦੇ ਅਧਾਰ 'ਤੇ ਪ੍ਰਾਪਤ ਕਰਦਾ ਹੈ ਜਾਂ ਆਪਣੇ ਭਾਵਾਂ ਨੂੰ ਦ੍ਰਿਸ਼ਚਿੱਤਰ ਸਰੂਪ ਵਿਚ

ਮਾਣਦਾ ਹੈ। ਪਦਾਰਥਵਾਦੀ ਅਤਿਕਥਨੀ ਦੇ ਖ਼ਿਲਾਫ ਹਨ। ਕਲਾ ਨੂੰ ਸਾਫ਼ ਸੁੱਥਰੇ ਸ਼ੀਸ਼ੇ ਵਾਂਗ ਸਾਫ਼ ਸਪੱਸ਼ਟ ਅਤੇ ਨਾਇਕ ਰੂਪ ਵਿਚ ਪੇਸ਼ ਕਰਨਾ ਆਪਣਾ ਧਰਮ ਸਮਝਦੇ ਹਨ। ਆਮ ਲੋਕ ਜੋ ਸਾਧਾਰਨ ਜੀਵਨ ਜੀਅ ਰਹੇ ਹਨ, ਉਸ ਜੀਵਨ ਨੂੰ Freudian ਦੇ ਮਨੋਵਿਗਿਆਨ ਦਾ ਆਧੁਨਿਕ ਦਰਸ਼ਨ ਗੁੰਝਲਦਾਰ ਬਣਾਉਂਦਾ ਹੈ। ਇਹ ਅਸਲੀਅਤ ਨੂੰ ਅਸਲੀਅਤ ਦੇ ਰੂਪ ਵਿਚ ਨਹੀਂ ਬਲਕਿ ਮਸ਼ਹੂਰੀ ਦੇ ਰੂਪ ਵਿਚ ਪੇਸ਼ ਕਰਦਾ ਹੈ।

Psychology ਮਨੋਵਿਗਿਆਨ:- ਆਧੁਨਿਕ ਸਹਿਤ ਦਾ ਮਨੋਵਿਗਿਆਨ ਇੱਕ ਹੋਰ ਮਹੱਤਵਪੂਰਨ ਗੁਣ ਹੈ। ਮਨੋਵਿਗਿਆਨ ਆਧੁਨਿਕ ਸਾਹਿਤ ਦੀ ਮੁੱਖ ਅਭਿਵਿਅਕਤੀ ਹੈ। ਮਨੁੱਖੀ ਮਾਨਸਿਕਤਾ ਦਾ ਪ੍ਰਗਟਾਅ ਆਧੁਨਿਕ ਸਾਹਿਤ ਮਨੋਵਿਗਿਆਨ ਵਿਧੀ ਰਾਹੀਂ ਵਧੇਰੇ ਅਸਰ ਭਰਪੂਰ ਕਰਦਾ ਹੈ। ਮਨੋਵਿਗਿਆਨਿਕਤਾ ਆਧੁਨਿਕ ਸਾਹਿਤ ਦਾ ਮੰਤਵ ਹੈ। ਕਿਉਂਕਿ ਮਨੁੱਖੀ ਬਾਹਰੀ ਵਜੂਦ ਦਾ ਰੂਪ-ਰੰਗ ਸੱਭ ਮਨੁਖੀ ਮਾਨਸਿਕਤਾ 'ਤੇ ਅਧਾਰਿਤ ਹੈ। ਮਨੁੱਖੀ ਮਾਨਸਿਕਤਾ ਮਨੁੱਖ ਅਨੁਕੂਲ ਸਮਾਜ ਅਤੇ ਵਿਸ਼ਵ ਸਿਰਜਣਾ ਵਿਚ ਸਾਹਈ ਹੁੰਦਾ ਹੈ, ਜਿਸ ਵਿਚ ਮਨੁੱਖ ਨੇ ਵਿਚਰਨਾ ਹੈ। ਸਰੀਰਕ ਗਤੀ ਦੀ ਸੰਤੁਲਨਤਾ ਮਾਨਸਿਕਤਾ 'ਤੇ ਅਧਾਰਿਤ ਹੈ। ਜੀਵਨ ਦਾ ਸੋਹਜ ਸੁਆਦ ਸੱਭ ਮਨੁੱਖੀ ਮਾਨਸਿਕਤਾ ਦਾ ਜੜ੍ਹ ਰੂਪੀ ਗੁਣ ਹੈ। ਇਸ ਲਈ ਮਨੁੱਖ ਦੇ ਅੰਦਰਲੇ ਸੰਸਾਰ ਦਾ ਬਾਹਰੀ ਪ੍ਰਗਟਾਅ ਮਨੁੱਖੀ ਸੋਚ ਅਤੇ ਦ੍ਰਿਸ਼ਟੀਕੋਣ 'ਤੇ ਨਿਰਭਰ ਕਰਦਾ ਹੈ। ਪਾਠਕ ਜਿੱਥੇ ਪ੍ਰਗਟਾਅ ਸੰਤੁਲਨਤਾ ਅਨੁਭਵ ਕਰਦਾ ਹੈ, ਉੱਥੇ ਮਾਨਸਿਕ ਸਕੂਨ ਦੀ ਉਪਲੱਬਧੀ ਵੀ ਇਸ ਵਿਚੋਂ ਪ੍ਰਾਪਤ ਹੁੰਦੀ ਹੈ। ਇੱਕ ਵਾਰ ਫਿਰ ਅਸੀਂ Locke ਦੀ Tabula Rasa ਰਚਨਾ ਵਿਚ ਦਰਸ਼ਨ ਨੂੰ ਕਲਾ ਵਿਚ ਬਦਲ ਕੇ ਵਖਦੇ ਹਾਂ। Locke ਮੰਨਦਾ ਹੈ ਕਿ ਸੱਭ ਸਮਝਦਾਰੀਆਂ, ਤਜ਼ਰਬਿਆਂ ਅਤੇ ਪ੍ਰਤੀਕਰਮਾਂ 'ਚੋਂ ਆਉਂਦੀਆਂ ਹਨ। ਇਸ ਲਈ ਯਥਾਰਥਵਾਦੀ ਉਤਸੁੱਕ ਹਨ, ਇਸ ਵਿਚ ਕਿ ਕਿਵੇਂ ਤਜ਼ਰਬੇ ਅਤੇ ਪ੍ਰਤੀਕਰਮ ਦੋਵੇਂ ਪੱਖ ਸਮਝੇ ਜਾਂਦੇ ਹਨ ਅਤੇ ਕਿਵੇਂ ਤਜ਼ਰਬਿਆਂ ਅਤੇ ਪ੍ਰਤੀਕਰਮਾਂ ਦੀ ਸਮਝਦਾਰੀ ਸਾਨੂੰ ਸਾਡੀ ਨਿਰਧਾਰਤਾ ਵੱਲ ਲੈ ਜਾਂਦੀ ਹੈ। ਆਧੁਨਿਕ ਯਥਾਰਥਵਾਦੀ ਧਰਤੀ ਦਾ ਦ੍ਰਿਸ਼ ਜੋ ਮਨੋਵਿਗਿਆਨਕਤਾ ਨਾਲ ਅਤੇ ਮਨੁੱਖੀ ਤਜ਼ਰਬਿਆਂ ਦੀ ਅਸਲੀਅਤ ਦੇ ਅਧਾਰ 'ਤੇ ਮਨੁੱਖੀ ਪੁੜ-ਪੁੜੀਆਂ ਤੱਕ ਹੀ ਸੀਮਿਤ ਸਮਝਦੇ ਹਨ। ਇਸ ਗੱਲ ਨੂੰ ਮਹੱਤਵ ਦਿੰਦੇ ਹਨ ਕਿ ਲੋਕ ਕੀ ਸੋਚਦੇ ਹਨ ਅਤੇ ਕੀ ਮਹਿਸੂਸ ਕਰਦੇ ਹਨ। ਜੋ ਅਸੀਂ ਕਹਿੰਦੇ ਹਾਂ ਉਹ ਸਾਡਾ ਵਿਸ਼ਵਾਸ਼ ਹੈ। ਸਾਡਾ ਵਿਸ਼ਵਾਸ਼ ਵੱਧ ਤੋਂ ਵੱਧ ਸਾਡੀਆਂ ਆਸ਼ਾ ਵਿਚ ਸਾਡੀਆਂ ਉਮੀਦਾਂ ਅਨੁਸਾਰ ਢਲਦਾ ਹੈ।

Anna Karenina ਆਪਣੇ ਗ਼ੈਰਵਾਜ਼ਬ ਡਰ ਅਤੇ ਈਰਖਾ ਕਾਰਨ ਸਮਾਜਿਕ ਭਰਿਸ਼ਟ ਤਾਕਤਾਂ ਹੱਥੋਂ ਇੰਨ੍ਹੀ ਤਬਾਹ ਹੋਈ ਕਿ ਉਹ ਸ਼ੈਕਸਪੀਅਰ ਦੇ Hamlet ਵਾਂਗ ਆਪਣੇ ਮਨ 'ਚੋਂ ਉਪਜੇ ਦੁਖਾਂਤ ਵਿਚ ਹੀ ਗਰਕ ਹੋ ਗਈ। ਜੀਵਨ ਦੁਆਲੇ ਅਸਲ ਹਲਾਤਾਂ ਦੀ ਬਜਾਇ ਇੱਕ ਮਨੋਵਿਗਿਆਨਕ ਝੁਕਾਅ ਜੋ ਆਧੁਨਿਕ ਸਾਹਿਤ ਵਿਚ ਬਹੁਤ ਸਾਰੇ ਗੁਣਾਂ ਦਾ ਧਾਰਨੀ ਹੈ, ਆਧੁਨਿਕ ਸਾਹਿਤ ਦੀ ਬੁਨਿਆਦ ਹੈ।

Symbolism ਪ੍ਰਤੀਕ ਵਿਧਾਨ :- ਭਾਵੇਂ ਸਾਰਾ ਆਧੁਨਿਕ ਸਾਹਿਤ ਘਟਨਾਵਾਂ ਨੂੰ ਉਂਝ ਹੀ ਚਿਤਰਦਾ ਹੈ, ਜਿਵੇਂ ਉਹ ਹਨ। ਇਹ ਚਾਹੇ ਪਾਤਰ ਹਨ, ਚਾਹੇ ਘਟਨਾਵਾਂ ਹਨ। ਇਹ ਪ੍ਰਦਰਸ਼ਨ ਆਪਣੀ ਅਦਾਕਾਰੀ ਦੀ ਵੇਸ਼ਭੂਸ਼ਾ ਵਿਚ ਹਨ। ਪ੍ਰੰਤੂ ਪ੍ਰਤੀਕ ਵਿਧਾਨ ਆਧੁਨਿਕ ਸਾਹਿਤ ਦੀ ਅਭਿਵਿਅਕਤੀ ਦਾ ਪ੍ਰਮੁੱਖ ਤੱਤ ਹੈ। ਆਧੁਨਿਕ ਸਾਹਿਤ ਭਾਵੇਂ ਪ੍ਰਤੀਕਾਂ ਰਾਹੀਂ ਕਾਵਿ ਦ੍ਰਿਸ਼ਟਮਾਨ ਕਰਦਾ ਹੈ। ਆਧੁਨਿਕ ਸਾਹਿਤ ਪ੍ਰਤੀਕਾਂ ਰਾਹੀਂ ਕਾਵਿਕ ਵਜੂਦ ਵਿਚਲੇ ਸੱਚ ਦੇ ਯਥਾਰਥ ਪਾਠਕਾਂ ਸਾਂਵੇ ਪੇਸ਼ ਕਰਦਾ ਹੈ ਅਤੇ ਸਮਝਾਉਂਦਾ ਹੈ ਕਿਉਂਕਿ ਪ੍ਰਤੀਕਾਂ ਰਾਹੀਂ ਕਾਵਿਕ ਸੱਚ ਇੱਕ ਦ੍ਰਿਸ਼ਟਾਂਤ ਰੂਪ ਵਿਚ ਸਾਕਾਰ ਹੁੰਦਾ ਹੈ। ਜਿਸ ਨੂੰ ਦ੍ਰਿਸ਼ਟੀ ਸੋਚ ਜਗਿਆਸਾ ਅਤੇ ਚੇਤਨਾ ਇੱਕ ਇਕਾਈ ਦੇ ਰੂਪ ਵਿਚ ਸਵੀਕਾਰਦੀ ਹੈ। ਕਾਵਿਕ ਪ੍ਰਤੀਕ ਵਿਧੀ ਵਿਧਾਨ ਰਾਹੀਂ ਕਾਵਿ ਦਾ ਪ੍ਰਯੋਜਨ ਪਾਠਕ ਦੇ ਅੰਦਰ ਉੱਤਰ ਜਾਂਦਾ ਹੈ। ਪਾਠਕ ਸਰੀਰਕ ਅਤੇ ਮਾਨਸਿਕ ਤੌਰ 'ਤੇ ਦਲੀਲ ਅਤੇ ਜਜ਼ਬਾਤ ਦਾ ਸੰਤੁਲਨ ਅਨੁਭਵ ਕਰਦਾ ਹੈ। ਕਾਵਿਕ ਸੌਂਦਰਯ ਵਿਚ ਵੀ ਪ੍ਰਤੀਕ ਵਾਧਾ ਕਰਦਾ ਹੈ। ਕਾਵਿਕ ਦਿਲਖ਼ੁਸ਼ੀ ਲਈ ਪ੍ਰਤੀਕ ਬਹੁਤ ਮਹੱਤਵਪੂਰਨ ਹਨ। ਜਿੱਥੇ ਕਾਵਿਕ ਵਿਸ਼ੇ ਦੇ ਪ੍ਰਗਟਾਅ ਲਈ ਭਾਸ਼ਾ ਮਾਧਿਅਮ ਹੁੰਦੀ ਹੈ, ਉੱਥੇ ਇਹ ਕਾਰਜ ਪ੍ਰਣਾਲੀ ਭਾਸ਼ਾ ਨਾਲੋਂ ਵਧੇਰੇ ਸਰਲ ਅਤੇ ਸਪੱਸ਼ਟ ਰੂਪ ਵਿਚ ਕਰਦਾ ਹੈ। ਪ੍ਰਤੀਕ ਦਾ ਕੱਦ ਕਾਠ ਭਾਸ਼ਾ ਦੇ ਸ਼ਬਦਾਂ ਨਾਲੋਂ ਵਧੇਰੇ ਉੱਚਾ ਅਤੇ ਵਿਸ਼ਾਲ ਹੁੰਦਾ ਹੈ। ਸ਼ਬਦ ਨਾਲੋਂ ਪ੍ਰਤੀਕ ਵਿਚ ਅਰਥ ਨੂੰ ਸਮਾਉਣ ਦੀ ਸ਼ਕਤੀ ਵਧੇਰੇ ਅਤੇ ਖੁੱਲ੍ਹਤਾ ਹੁੰਦੀ ਹੈ। ਪ੍ਰਤੀਕ ਕਾਵਿਕ ਅਰਥ ਦਾ ਸਿੱਧਾ ਪ੍ਰਗਟਾਅ ਹੈ। ਸ਼ਬਦ ਕਾਵਿਕ ਅਰਥ ਦਾ ਅਸਿੱਧਾ ਪ੍ਰਗਟਾਅ ਹੈ। ਕਵਿਤਾ ਵਿਚਲੀ ਕਾਰਜ ਪ੍ਰਣਾਲੀ ਦੀ ਸਪੱਸ਼ਟਤਾ ਪ੍ਰਤੀਕ ਰਾਹੀਂ ਸ਼ਬਦ ਨਾਲੋਂ ਵਧੇਰੇ ਸਪੱਸ਼ਟ ਹੁੰਦੀ ਹੈ। ਕਾਵਿ ਵਿਚਲਾ ਅਰਥ ਸ਼ਬਦ ਰਾਹੀਂ ਪਾਠਕ ਨੂੰ ਸਿਰ ਅਨੁਭਵ ਹੁੰਦਾ ਹੈ। ਪਰ ਪ੍ਰਤੀਕ ਰਾਹੀਂ ਕਾਵਿਕ ਅਰਥ ਜਿੱਥੇ ਪਾਠਕਾਂ ਨੂੰ ਅਨੁਭਵ ਹੁੰਦਾ ਹੈ। ਉੱਥੇ ਦ੍ਰਿਸ਼ਟਾਂਤਮਕ ਰੂਪ ਵਿਚ ਵੀ ਸਾਹਮਣੇ ਆਉਂਦੀ ਹੈ। ਭਾਵ ਪ੍ਰਤੀਕ ਪਾਠਕ ਦੀ ਅਨੁਭਵੀ ਅਤੇ ਦ੍ਰਿਸ਼ਟਾਂਤਮਕ ਦੋਹਾਂ ਪ੍ਰਵਿਰਤੀਆਂ ਦੀ ਪੂਰਤੀ ਕਰਦਾ ਹੈ ਪਰ ਕਾਵਿਕ ਪ੍ਰਤੀਕ

ਲਈ ਲੇਖਕ ਨੂੰ ਕਾਵਿਕ ਦੇਹੀ ਵਿਚ ਇੱਕ ਵਿਸ਼ੇਸ਼ ਥਾਂ ਖੋਜਣ ਦੀ ਲੋੜ ਹੁੰਦੀ ਹੈ। ਕਾਵਿਕ ਵਿਚਾਰਧਾਰਾ ਨੂੰ ਨਾਟਕੀ ਢੰਗ ਵਿਚ ਪੇਸ਼ ਕਰਨ ਦੀ ਮੰਗ ਹੀ ਪ੍ਰਤੀਕ ਦੀ ਲੋੜ ਹੈ।

Humanism ਮਨੁੱਖਵਾਦ :- ਆਧੁਨਿਕਤਾ ਧਾਰਮਿਕ ਪ੍ਰਭੂਸੱਤਾ ਤੋਂ ਇਨਕਾਰੀ ਹੁੰਦੀ ਹੈ। ਇਸ ਲਈ ਇਸ ਦੀ ਪ੍ਰਵਿਰਤੀ ਮਾਨਵਵਾਦੀ ਹੈ। ਮਨੁੱਖੀ ਹੋਂਦ, ਸੱਚ ਤੇ ਵਿਚਾਰ ਇਸ ਲਈ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਮਨੁੱਖ ਦਾ ਵਿਚਰਨ ਧਰਾਤਲ ਮਨੁੱਖ ਦਾ ਅੰਤਰ ਅਤੇ ਬਾਹਰ ਮੁਖੀ ਅਨੁਭਵ ਦ੍ਰਿਸ਼ਟੀਕੋਣ ਅਤੇ ਜੀਵਨ ਪ੍ਰਤੀ ਵਿਚਾਰਧਾਰਾ ਦਾ ਪ੍ਰਗਟਾਅ ਆਧੁਨਿਕ ਸਾਹਿਤ ਦਾ ਮੁੱਖ ਮੰਤਵ ਹੈ। ਮਨੁੱਖ, ਮਨੁੱਖਤਾ ਅਤੇ ਜੀਵਨ ਆਧੁਨਿਕਤਾ ਦੀ ਦ੍ਰਿਸ਼ਟੀ ਵਿਚ ਅਮੁੱਲਾ ਹੈ। ਆਧੁਨਿਕਤਾ ਦਾ ਮੂਲ ਹੀ ਮਨੁੱਖੀ ਜੀਵਨ ਦੀ ਸਮੱਗਰੀ ਹੈ। Conard ਲਿਖਦਾ ਹੈ, "I Have divested my self of every thing but pity"Conard ਦਾ ਇਹ ਵਿਚਾਰ ਆਪਣੀ ਰਚਨਾ "Heart of darkness ਵਿਚ ਦਰਜ਼ ਕੀਤਾ ਹੈ। ਲੋਕ ਅਸਲ ਜ਼ਿੰਦਗੀ ਬਾਰੇਂ ਇੰਨੀ ਤਵੱਜ਼ੋ ਨਹੀਂ ਰੱਖਦੇ, ਜਿੰਨ੍ਹੀ ਲੋੜ ਹੁੰਦੀ ਹੈ। ਨੈਤਿਕਤਾ ਦੇ ਵੱਡਿਆਂ-ਵੱਡਿਆਂ ਦ੍ਰਿਸ਼ਟੀਕੋਣਾਂ ਨੂੰ ਸਮਝਣ ਲਈ ਮਨੁੱਖ ਲਈ ਆਪਣੇ-ਆਪ ਦੀ ਹਰ ਚੀਜ਼ ਨੂੰ ਨੰਗਿਆ ਕਰਨਾ ਜ਼ਰੂਰੀ ਹੈ। ਆਪਣੇ ਸੱਚਦੇ ਪ੍ਰਗਟਾਅ 'ਚੋਂ ਹੀ ਆਪਣੇ ਸੱਚ ਦਾ ਰਾਹ ਲੱਭਿਆ ਜਾ ਸਕਦਾ ਹੈ। ਇਸ ਲਈ ਇਸ ਦੀਆਂ ਜੜ੍ਹਾਂ ਦੀ ਭਾਲ ਲਈ Neo classical renaissance humanism ਵੱਲ ਪਰਤਣਾ ਪਵੇਗਾ। ਜਦੋਂ Michel Angelo ਨੇ (Holifamily) ਭਾਵ ਪਵਿੱਤਰ ਪਰਿਵਾਰ ਦਾ ਚਿੱਤਰ Paint ਕੀਤਾ। ਉਸ ਨੇ ਮਨੁੱਖ ਦੀ ਸੁੰਦਰਤਾ ਨੂੰ ਇੱਕ ਆਦਰਾਸ਼ਵਾਦੀ ਰੂਪ ਵਿਚ ਨਹੀਂ ਵੇਖਿਆ। ਇਸੇ ਤਰ੍ਹਾਂ Shakespeare ਜਦੋਂ Romeo and Juliet ਦਾ ਦੁਖਾਂਤ ਬਿਰਤਾਂਤਦਾ ਹੈ ਤਾਂ ਮਨੁੱਖੀ ਮੂਰਖਤਾ ਦੇ ਪਿਆਰ ਰਾਹੀਂ ਇਸ ਦੁਖਾਂਤ ਦੀ ਸੁੰਦਰਤਾ ਦਰਸਾਉਂਦਾ ਹੈ। ਇਹ ਪਿਆਰ ਕਸ਼ਿਸ ਯੋਗ ਨਹੀਂ ਸੀ, ਇਸ ਕਰਕੇ ਨਹੀਂ ਸੀ ਕਿ Shakespeare ਇਸ ਵਿਚ ਸਾਨੂੰ ਕੋਈ ਨੈਤਿਕ ਸਿਖਸ਼ਾ ਨਹੀਂ ਸੀ ਦੇਣਾ ਚਾਹੁੰਦਾ। ਉਹ ਮਨੁੱਖੀ ਜੀਵਨ ਦੇ ਅਸਲ ਹਾਵ-ਭਾਵ ਨੂੰ ਸਮਝਣਾ ਅਤੇ ਸਮਝਾਉਣਾ ਚਾਹੁੰਦਾ ਸੀ। ਚਾਹੇ ਇਸ ਦੇ ਪ੍ਰਗਟਾਅ ਦਾ ਤਰੀਕਾ ਅਨੁਕੂਲ ਹੈ ਭਾਵੇਂ ਵਿਪਰੀਤ ਹੈ। ਮਨੁੱਖਵਾਦੀ ਧਾਗੇ ਯਥਾਰਵਾਦ ਵਿਚ ਗੁਪਤ ਤੌਰ 'ਤੇ ਮੌਜੂਦ ਹਨ। ਜਿਵੇਂ Conard ਨੇ Heart of darkness ਵਿਚ ਲਿਖਿਆ ਹੈ।

Conard ਲਿਖਦਾ ਹੈ ਕਿ ਇਹ ਗੱਲ ਮੇਰੇ ਲਈ ਜ਼ਰੂਰੀ ਹੈ ਕਿ ਮੈਂ ਆਪਣੇ ਨਿਸ਼ਾਨੇ ਨੂੰ ਪਹੁੰਚ ਕਰਦਾ ਹਾਂ ਅਤੇ ਕੀਤੀ ਹੈ। ਮਨੁੱਖ ਆਪਣੇ ਆਪ

ਵਿਚ ਪਵਿੱਤਰ ਹੈ ਅਤੇ ਇਹ ਧਰਤੀ ਇੱਕ ਮੰਦਿਰ ਹੈ, ਜਿੱਥੇ ਬਚਪਨ ਦਾ ਰਹੱਸ ਚਟਪਟਾ ਤੀਖਣ ਮਖੌਲੀਆ ਅਤੇ ਅਚੰਭਿਤ ਹੈ। ਸਾਰੀਆਂ ਮਨੁੱਖੀ ਕੀਮਤਾਂ ਲਈ ਜਦੋਂ ਮੈਂ ਇੱਕ ਚੰਗਾ ਵਰਤੀਰਾ ਕਰਨ ਦਾ ਯਤਨ ਕੀਤਾ ਜਾਂ ਤਾਂ ਮੈਂ ਪੀਸਿਆ ਗਿਆ ਜਾਂ ਦੰਦ ਪੀਹਦਾ ਰਿਹਾ। ਦੂਜੇ ਸ਼ਬਦਾਂ ਵਿਚ ਮੈਂ ਮਾਣ ਨਾਲ ਲਿਖਣ ਦਾ ਯਤਨ ਕੀਤਾ, ਨਾ ਸਿਰਫ਼ ਆਪਣੇ ਮਾਣ ਲਈ ਪ੍ਰੰਤੂ ਦਰਸ਼ਕਾਂ ਦੇ ਮਾਣ ਲਈ ਇਹ ਲੇਖਕ 'ਤੇ ਪਾਠਕ ਲਈ ਮਹੱਤਵਪੂਰਨ ਹੈ। ਪ੍ਰੰਤੂ ਚਿੱਤਰ ਚਿਤਰਨ ਦੇ ਹਵਾਲੇ ਨੂੰ ਸਮਝਣਾ ਅਤੇ ਇਹ ਚਿੱਤਰ ਚਿਤਰਨ ਦੇ ਹਵਾਲੇ ਦੀ ਸਮਝ ਉਤਕ੍ਰਿਸ਼ਟ ਵਿਵੇਕ ਦੀ ਧਾਰਨੀ ਹੋਣੀ ਚਾਹੀਦੀ ਹੈ। ਪੰਜਾਬੀ ਸਾਹਿਤ ਵਿਚ ਨਾਥਾਂ ਜੋਗੀਆਂ ਦੇ ਸਾਹਿਤ ਤੋਂ ਲੈ ਕੇ ਹੁਣ ਤੱਕ ਸਾਹਿਤ ਵਿਚ ਕਈ ਧਾਰਾਵਾਂ ਆਈਆਂ ਹਨ। ਨਾਥਾਂ ਜੋਗੀਆਂ ਦਾ ਸਹਿਤ, ਕਿੱਸਾ ਕਾਵਿ, ਰੋਮਾਂਚਿਕ ਸਾਹਿਤ; ਭਾਈ ਵੀਰ ਸਿੰਘ ਤੋਂ ਆਧੁਨਿਕ ਸਾਹਿਤ, ਪ੍ਰਗਤੀਵਾਦੀ, ਪ੍ਰਯੋਗਸ਼ੀਲ ਜੁਝਾਰੂ ਸਾਹਿਤ ਇਸ ਸੱਭ ਧਾਰਾਵਾਂ ਵਿਚ ਕਿਤੇ ਨਾ ਕਿਤੇ ਆਧੁਨਿਕਤਾ ਦੀ ਸੰਭਵ ਵਿਆਪਕਤਾ ਦੇ ਅੰਸ਼ ਮੌਜੂਦ ਹਨ। ਇਸ ਲਈ ਆਧੁਨਿਕ ਸਾਹਿਤ ਪ੍ਰਮੁੱਖ ਤੌਰ 'ਤੇ ਸਿਰਮੌਰ ਚਿਰੰਜੀਵ ਸਮੇਂ ਦੇ ਹਾਣ ਦੀ ਤ੍ਰੈਕਾਲ ਮੁੱਖੀ ਧਾਰਾ ਹੈ। ਸੋ ਆਧੁਨਿਕ ਸਾਹਿਤ ਜਿੱਥੇ ਪ੍ਰਤੀਬਿੰਬ, ਮਨੋਵਿਗਿਆਨਕ ਅਤੇ ਪ੍ਰਤੀਕ ਗੁਣਾਂ ਦਾ ਧਾਰਨੀ ਹੈ, ਉੱਥੇ ਤ੍ਰੈਕਾਲ ਮੁਖੀ ਵੀ ਹੈ। ਇਸ ਲਈ ਇਸ ਦੀ ਨਿਰੰਤਰਤਾ ਅਜੋਕੇ ਸਮੇਂ ਤੱਕ ਕਾਇਮ ਹੈ। ਭਵਿੱਖ ਵਿਚ ਕਾਇਮ ਰਹੇਗੀ। ਆਧੁਨਿਕ ਸਾਹਿਤ ਆਧੁਨਿਕ ਮਨੁੱਖ ਸਮਾਜ ਅਤੇ ਵਿਸ਼ਵ ਦੇ ਸੰਕਲਪ ਦੀ ਸਥਪਤੀ ਤੋਂ ਬਾਅਦ ਇਸ ਦੇ ਵਿਕਾਸ ਦੀ ਅੰਤ ਰਹਿਤ ਗਤੀ ਹੈ।

ਆਧੁਨਿਕ ਸਾਹਿਤ ਵਿਗਿਆਨਕ ਸੁਭਾਅ ਦਾ ਧਾਰਨੀ ਹੈ :- ਅਜੋਕੇ ਮਨੁੱਖ ਨੇ ਵਿਗਿਆਨਿਕ ਵਿਕਾਸ ਵਿਚ ਬਹੁਤ ਕੁੱਝ ਜਾਣ ਲ਼ਿਆ ਹੈ। ਅਜੋਕਾ ਮਨੁੱਖ ਮਨੁੱਖੀ ਵਜੂਦ ਦੀ ਸਿਰਜਣਾ ਆਪਣੀ ਮਰਜ਼ੀ ਅਨੁਸਾਰ ਕਰ ਸਕਦਾ ਹੈ। ਆਧੁਨਿਕਤਾ ਜਦ ਮਨੁੱਖ ਸਮੂਹਿਕ ਅਕਸ਼ 'ਤੇ ਵਿਚਰਦੀ ਹੈ ਤਾਂ ਵਧੇਰੇ ਵਿਗਿਆਨਿਕ ਅਤੇ ਬੌਧਿਕ ਹੁੰਦੀ ਹੈ। ਮਨੁੱਖੀ ਜੀਵਨ ਵਿਚ ਵਿਚਰਨ ਧਰਾਤਲ ਦਾ ਲੇਖਾ-ਜੋਖਾ ਆਧਨਿਕ ਸਾਹਿਤ ਦੀ ਵਿਗਿਆਨਿਕ ਪ੍ਰਵਿਰਤੀ ਹੀ ਕਰਵਾਉਂਦੀ ਹੈ ਕਿ ਮਨੁੱਖ ਨੇ ਜੀਵਨ ਵਿਚ ਕੀ ਖੱਟਿਆ, ਕਮਾਇਆ ਅਤੇ ਗਵਾਇਆ ਹੈ, ਕਿਉਂ ਆਧੁਨਿਕਤਾ ਆਤਮ ਖੋਜ ਦਾ ਸਫ਼ਰ ਹੈ, ਆਤਮ ਸੰਤੋਸ਼ ਦਾ ਨਹੀਂ। ਆਧੁਨਿਕਤਾ ਜੀਵਨ ਦੀ ਗਿਰਾਵਟ ਨੂੰ ਆਪਣੇ ਦ੍ਰਿਸ਼ਟੀਕੋਣ 'ਤੇ ਤੋਲਦੀ ਵਿਚਾਰਦੀ ਤੇ ਪਰਖਦੀ ਹੈ। ਫਿਰ ਜੀਵਨ ਦੇ ਇਸ ਗਿਰਾਵਟ ਪਲਾਂ ਨੂੰ ਆਪਣੀ ਪ੍ਰਯੋਗਸ਼ਾਲਾ ਵਿਚ ਪ੍ਰਯੋਗ ਕੇ ਇਸ ਵਿਚਲੀਆਂ ਸਾਰੀਆਂ ਕਮੀਆਂ ਪੇਸ਼ੀਆਂ ਨੂੰ ਇਨ੍ਹਾਂ 'ਚੋਂ ਨਿਚੋੜ ਕੇ, ਦੁਬਾਰਾ ਜੀਵਨ ਸ਼ਮੂਲੀਅਤ ਦੇ ਯੋਗ

ਬਣਾਉਂਦੀ ਹੈ ਕਿਉਂਕਿ ਆਧੁਨਿਕਤਾ ਵਿਅਕਤੀਗਤ ਸੋਚ ਨੂੰ ਸਮਝਣ ਵਿਚ ਵੀ ਉਨ੍ਹੀ ਹੀ ਸਫ਼ਲ ਹੈ, ਜਿੰਨ੍ਹੀ ਸਮੂਹਕ ਸੋਚ ਨੂੰ ਸਮਝਣ ਵਿਚ ਸਫ਼ਲ ਹੈ।

ਕੁਦਰਤ, ਕਾਦਰ ਤੇ ਮਨੁੱਖ ਇੱਕ ਇਕਾਈ ਹੈ। ਮਨੁੱਖ ਜਿੰਨ੍ਹਾ ਕੁਦਰਤ ਦੇ ਨੇੜੇ ਹੈ, ਉਨ੍ਹਾ ਹੀ ਆਪਣੇ ਸਵੈ ਦੇ ਨੇੜੇ ਹੈ। ਜਿੱਥੇ ਕੁਦਰਤੀ ਅਧਿਅਤਮਿਕ ਆਧੁਨਿਕਤਾ ਦੇ ਵਿਪਰੀਤ ਹੈ, ਭਾਵ ਰੱਬਤਾ ਦਾ ਅਧਾਰ ਅਧਿਆਤਮਿਕਤਾ ਹੈ, ਪ੍ਰੰਤੂ ਆਧੁਨਿਕਤਾ ਦਾ ਅਧਾਰ ਵਿਗਿਆਨਿਕ ਹੈ। ਆਧੁਨਿਕਤਾ ਵਿਚ ਧਰਮ ਨਾਂ ਦੀ ਕੋਈ ਚੀਜ਼ ਨਹੀਂ। ਜਿੱਥੇ ਆਧੁਨਿਕਤਾ ਨੇ ਮਨੁੱਖ ਨੂੰ ਪ੍ਰਕਿਰਤੀ ਨਾਲੋਂ ਤੋੜਿਆ ਹੈ, ਮਨੁੱਖ ਨੂੰ ਇਕੱਲਤਾ ਉਦਾਸੀ ਦਾ ਅਹਿਸਾਸ ਕਰਵਾਇਆ ਹੈ, ਉੱਥੇ ਆਧੁਨਿਕਤਾ ਨੇ ਮਨੁੱਖ ਨੂੰ ਕੁਦਰਤ ਦਾ ਅਹਿਮ ਅੰਗ ਹੋਣ ਦਾ ਅਹਿਸਾਸ ਵੀ ਕਰਵਾਇਆ ਹੈ ਕਿਉਂਕਿ ਆਧੁਨਿਕਤਾ ਹੀ ਨਿਰੰਤਰਤਾ ਹੈ ਅਤੇ ਨਿਰੰਤਰਤਾ ਹੀ ਅਧੁਨਿਕਤਾ ਹੈ। ਇਸ ਲਈ ਆਧੁਨਿਕਤਾ ਆਪਣੇ-ਆਪ ਵਿਚ ਸਵੈ ਵਿਕਾਸ ਦੀ ਧਾਰਨੀ ਹੈ। ਸਵੈ ਵਿਕਾਸ ਦਾ ਗੁਣ ਆਧੁਨਿਕਤਾ ਸਾਹਿਤ ਦੀ ਬੁਨਿਆਦ ਹੈ। ਆਧੁਨਿਕਤਾ ਨੇ ਅਜੋਕੇ ਮਨੁੱਖੀ ਜੀਵਨ ਵਿਚ ਨਜ਼ਰੀਏ ਪੱਖੋਂ ਕੁਦਰਤ ਪ੍ਰਤੀ ਬਹੁਤ ਵੱਡੀ ਤਬਦੀਲੀ ਲਿਆਂਦੀ ਹੈ। ਮਨੁੱਖ ਦੇ ਅੰਦਰ ਕੁਦਰਤੀ ਚੇਤਨਾ ਦੀ ਮਹੱਤਤਾ ਦਰਸਾਈ ਹੈ, ਤਾਂ ਹੀ ਤਾਂ ਅਜੋਕਾ ਮਨੁੱਖ ਆਪਣੇ ਘਰਾਂ ਦੀਆਂ ਕੰਧਾਂ 'ਤੇ ਕੁਦਰਤ ਦੇ ਚਿੱਤਰ, ਦਰਿਆ, ਨਦੀਆਂ, ਨਾਲੇ, ਸਾਗਰ, ਜੰਗਲ, ਪਹਾੜ ਦ੍ਰਿਸ਼ਟਮਾਨ ਕਰਦਾ ਹੈ।

ਜਿੱਥੇ ਆਧੁਨਿਕਤਾ ਮਨੁੱਖ ਨੂੰ ਵੱਡੀਆਂ-ਵੱਡੀਆਂ, ਉੱਚੀਆਂ-ਉੱਚੀਆਂ ਇਮਾਰਤਾਂ ਉਸਾਰ ਕੇ ਜੰਗਲ ਅਤੇ ਹਰਿਆਉਲ ਨੂੰ ਖ਼ਤਮ ਕਰਕੇ ਆਦਮੀ ਨੂੰ ਕੁਦਰਤ ਨਾਲੋਂ ਵੱਖ ਕਰਦੀ ਹੈ ਅਤੇ ਕੁਦਰਤੀ ਰੁਪਾਂਤਰ ਕੁਦਰਤ ਅਤੇ ਪਲਾਸਟਿਕ ਦੀਆਂ ਹੋਰ ਧਾਂਤਾਂ ਸਿਰਜ ਕੇ ਕੁਦਰਤੀ ਸੁੰਦਰਤਾ ਨੂੰ ਕੋਹੜ ਕਰਦੀ ਹੈ। ਆਕਸੀਜਨ ਦੀ ਕਮੀ ਅਤੇ ਕਾਰਬਨ ਦੀ ਪੈਦਾਵਾਰ ਵਿਚ ਵਾਧਾ ਕਰਦੀ ਹੈ, ਉੱਥੇ ਆਧੁਨਿਕਤਾ ਲੰਮਾ ਸਮਾਂ ਭੋਗਣ ਤੋਂ ਬਾਅਦ ਮਨੁੱਖ ਨੂੰ ਕੁਦਰਤ ਪ੍ਰਾਪਤੀ ਅਤੇ ਕੁਦਰਤੀ ਸਹੂਲਤਾਂ ਪ੍ਰਤੀ ਕੁਦਰਤ ਦਾ ਬਾਰੂਨੀ ਅਤੇ ਅੰਦਰੂਨੀ ਯਥਾਰਥਕ ਸੱਚ ਦਾ ਅਨੁਭਵ ਵੀ ਕਰਵਾਉਂਦੀ ਹੈ। ਆਧੁਨਿਕਤਾ ਦੀ ਨਿਰੰਤਰਤਾ ਆਦਿ ਤੋਂ ਅੰਤ ਅਤੇ ਅੰਤ ਤੋਂ ਆਦਿ ਦਾ ਸਫ਼ਰ ਹੋਣ ਕਾਰਨ ਮਨੁੱਖ ਨੂੰ ਉਚਾਈ 'ਚੋਂ ਜੜ੍ਹ ਅਤੇ ਵਿਛੋੜੇ 'ਚੋਂ ਮਿਲਣ ਦੇ ਸੱਚ ਦਾ ਅਹਿਸਾਸ ਕਰਵਾਉਂਦੀ ਹੈ। ਜਲ, ਹਵਾ, ਧਰਤੀ ਦੇ ਪ੍ਰਦੂਸ਼ਣ ਦੀ ਸਫ਼ਾਈ ਵੱਲ ਮਨੁੱਖ ਦਾ ਪਰਤਣਾ ਆਧੁਨਿਕ ਪ੍ਰਵਿਰਤੀ ਦੀ ਦੇਣ ਹੈ। ਉੱਚੀਆਂ ਇਮਾਰਤਾਂ ਦੀ ਹਰ ਮੰਜ਼ਿਲ ਦੁਆਲੇ ਮਨੁੱਖ ਵਿਚ ਪ੍ਰਕਿਰਤੀ, ਰੁੱਖ, ਫੁੱਲ, ਬੂਟੇ, ਲਗਾਉਣਾ ਅਤੇ ਉਗਾਉਣ ਦਾ ਰੁਝਾਣ ਵਧਿਆ ਹੈ। ਘਰਾਂ ਦੇ ਬੈਕਯਾਰਡਾਂ ਵਿਚ ਝਰਨਿਆਂ,

ਚਸ਼ਮਿਆਂ, ਨਿੱਕੀਆਂ-ਨਿੱਕੀਆਂ ਖੂਹੀਆਂ ਅਤੇ ਝੀਲਾਂ ਦੇ ਨਿਰਮਾਣ ਦੀ ਚੇਸ਼ਟਾ ਵਿਚ ਵਾਧਾ ਵੀ ਇਸੇ ਆਧੁਨਿਕ ਪ੍ਰਵਿਰਤੀ ਦੀ ਦੇਣ ਹੈ। ਮਨੁੱਖ ਦਾ ਆਧੁਨਿਕ ਵਿਚਰਨ ਹੁੰਦਿਆਂ ਹੋਇਆ ਵੀ ਇਹ ਯਤਨ ਮਨੁੱਖੀ ਜੀਵਨ ਵਿਚ ਕੁਦਰਤ ਦਾ ਅਕਸ਼ ਜੀਵਤ ਕਰਦੇ ਹਨ। ਸ਼ਾਇਦ ਇਹ ਯਤਨ ਸਮਾਂ ਆਉਣ 'ਤੇ ਮਨੁੱਖ ਨੂੰ ਕੁਦਰਤ ਵਿਚ ਵਾਪਸ ਲੈ ਜਾਣ। ਮਨੁੱਖ, ਕੁਦਰਤ ਨੂੰ ਭਵਿੱਖ ਵਿਚ ਆਪਣਾ ਹਿੱਸਾ ਬਣਾ ਲਵੇ ਮਨੁੱਖ ਆਪਣੀ ਹੋਂਦ ਦੇ ਸੱਚ ਦੀ ਜੜ੍ਹ ਨੂੰ ਸਮਝ ਸਕੇ, ਸਮਾਂ ਆਉਣ 'ਤੇ ਇਹ ਸੰਭਵ ਹੈ ਕਿਉਂਕਿ ਆਧੁਨਿਕ ਸਾਹਿਤ ਸਵੈ ਵਿਕਾਸ ਦਾ ਧਾਰਨੀ ਹੈ।

ਮਨੁੱਖੀ ਜੀਵਨ ਦੀ ਮਨੁੱਖਤਾ ਦੀ ਅਤੇ ਮਨੁੱਖੀ ਕਾਦਰ ਤੇ ਕੁਦਰਤ ਦੀ ਇਕਾਈ ਦੀ ਵਿਆਖਿਆ ਜਿੰਨੀ ਸ਼ਿਦਤ ਨਾਲ ਵਿਸ਼ਵ ਆਧੁਨਿਕ ਸਾਹਿਤ ਵਿਚ ਕੀਤੀ ਗਈ ਹੈ। ਸ਼ਾਇਦ ਹੀ ਵਿਸ਼ਵ ਦੀ ਕਿਸੇ ਹੋਰ ਧਰਮ ਵਿਚ ਕੀਤੀ ਗਈ ਹੋਵੇ। ਮਨੁੱਖ ਦੇ ਅੰਦਰ ਅਤੇ ਬਾਹਰ ਜੋ ਵਾਪਰਦਾ ਹੈ। ਮਨੁੱਖ ਦੀਆਂ ਅੰਦਰੂਨੀ ਅਤੇ ਬਾਰੂਨੀ ਪ੍ਰਵਿਰਤੀਆਂ  ਅਤੇ ਪ੍ਰਵਿਰਤੀਆਂ ਦਾ ਸੱਚ ਜੋ ਆਧੁਨਿਕ ਸਾਹਿਤ ਵਿਚ ਸਵੈ ਵਿਕਾਸ ਦੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ। ਕਿਸੇ ਹੋਰ ਸਾਹਿਤਕ ਧਾਰਾ ਵਿਚ ਉਪਲੱਬਧ ਨਹੀਂ ਹੈ ਕਿਉਂਕਿ ਮਨੋਵਿਗਿਆਨ ਆਧੁਨਿਕ ਸਾਹਿਤ ਦਾ ਬੁਨਿਆਦੀ ਤੱਤ ਹੈ। ਸਾਹਿਤ ਵਿਚ ਕਈ ਧਾਰਾਵਾਂ ਆਈਆਂ ਅਤੇ ਆਲੋਪ ਹੋ ਗਈਆਂ। ਮੇਰੇ ਵਿਚਾਰ ਵਿਚ ਸਾਹਿਤ ਦੀ ਇੱਕੋ ਇੱਕ ਧਾਰਾ ਜੋ ਚਿਰੰਜੀਵ ਰੂਪ ਵਿਚ ਸਾਹਿਤਕ ਵਜੂਦ ਹੰਢਾਅ ਰਹੀ ਹੈ। ਉਹ ਹੈ, ਆਧੁਨਿਕ ਸਾਹਿਤ ਧਾਰਾ। ਆਧੁਨਿਕ ਸਾਹਿਤ ਵਿਚ ਆਧੁਨਿਕ ਅਭਿਵਿਅਕਤੀ, ਪ੍ਰਤੀਬਿੰਬਤ, ਪ੍ਰਤੀਕਾਤਮਕ, ਤ੍ਰੈਕਾਲ ਮੁੱਖੀ, ਵਿਗਿਆਨਿਕ, ਬੌਧਿਕ ਤਰਕ ਅਤੇ ਜਜ਼ਬੇ ਦੇ ਸੰਤੁਲਨ, ਧਰਮ ਨਿਰਪੱਖ, ਆਤਮ ਖੋਜੀ, ਸਵੈ ਵਿਕਾਸੀ ਗੁਣਾਂ ਦੇ ਅਧਾਰਿਤ ਅਭਿਵਿਅਕਤੀ ਹੈ, ਭਾਵ ਉਹ ਅਭਿਵਿਅਕਤੀ ਜੋ ਭੂਤ ਵਰਤਮਾਨ ਅਤੇ ਭਵਿੱਖ ਵਿਚ ਇੱਕ ਇਕਾਈ ਦੇ ਰੂਪ ਵਿਚ ਵਿਚਰਦੀ ਹੈ। ਭਾਵ ਆਧੁਨਿਕ ਦੀ ਮਹੱਤਤਾ ਤਿੰਨਾਂ ਕਾਲਾਂ ਵਿਚ ਇੱਕ ਸਮਾਨ ਰਹਿੰਦੀ ਹੈ। ਆਧੁਨਿਕ ਅਭਿਵਿਅਕਤੀ ਵਿਚੋਂ ਜੇ ਭੂਤ ਅਤੇ ਭਵਿੱਖ ਮਨਫ਼ੀ ਕਰ ਦਿੱਤੇ ਜਾਣ ਤਾਂ ਉਸ ਵਿਚ ਸਮੇਂ ਦਾ ਵਰਤਮਾਨ ਹੀ ਬਾਕੀ ਰਹਿ ਜਾਂਦਾ ਹੈ। ਵਰਤਮਾਨ, ਭੂਤ ਤੇ ਭਵਿੱਖ 'ਚੋਂ ਗੁਜ਼ਰਦੀ ਆਧੁਨਿਕਤਾ ਉਹ ਵਿਚਾਰਧਾਰਾ ਹੈ ਜੋ ਆਧੁਨਿਕ ਸਾਹਿਤ ਨੂੰ ਸਮੇਂ ਦਾ ਹਰ ਸਮੇਂ ਹਾਣ ਰੱਖਦੀ ਹੈ।

ਅਜੋਕੇ ਸਮੇਂ ਵਿਚ ਅਰਸਤੂ ਦੀ ਸਾਹਿਤ ਪ੍ਰਤੀ ਪਰਿਭਾਸ਼ਾ ਬਹੁਤ ਪਿੱਛੇ ਰਹਿ ਗਈ ਹੈ ਕਿਉਂਕਿ ਸਾਹਿਤ ਜੀਵਨ ਦੀ ਨਕਲ ਤੱਕ ਹੀ ਸੀਮਤ ਨਹੀਂ

ਰਿਹਾ। ਭਾਰਤੀ ਸ਼ਾਸਤਰਾਂ ਅਨੁਸਾਰ ਸਾਹਿਤ ਦੇ ਮੂਲ ਗੁਣਾਂ ਵਿਚ ਸਮੇਂ ਦੇ ਅੰਤ ਜਿੰਨ੍ਹੀਂ ਚਿਰੰਜੀਵਤਾ ਹੈ। ਇਸ ਕਰਕੇ ਇਹ ਤੱਤ ਅੱਜ ਵੀ ਸਾਹਿਤ ਦਾ ਮੂਲ ਹਨ। ਇਹ ਗੁਣ ਹਨ, ਸਤਿਯਮ, ਸ਼ਿਵਯਮ, ਸੁੰਦਰਮ। ਇਨ੍ਹਾਂ ਗੁਣਾਂ ਦਾ ਅਕਾਰ ਅਤੇ ਵਸੀਹਪਣ ਇੰਨ੍ਹਾ ਵਿਸ਼ਾਲ, ਗੰਭੀਰ ਅਤੇ ਤ੍ਰੈਕਾਲ ਮੁਖੀ ਹੈ ਕਿ ਇਨ੍ਹਾਂ ਦਾ ਸੱਚ ਸਮੇਂ ਦੀ ਨਿਰੰਤਰਤਾ ਤੋਂ ਪਹਿਲਾਂ ਵੀ ਹੈ ਅਤੇ ਪਿੱਛੋਂ ਵੀ ਹੈ। ਸਮੇਂ ਦੀ ਨਿਰੰਤਰਤਾ ਇਨ੍ਹਾਂ ਗੁਣਾਂ ਦੀ ਵਿਸ਼ਾਲਤਾ ਦੇ ਦਾਇਰੇ ਵਿਚ ਆਉਂਦੀ ਹੈ ਨਾ ਕਿ ਇਨ੍ਹਾਂ ਗੁਣਾਂ ਦੀ ਵਿਸ਼ਾਲਤਾ ਸਮੇਂ ਦੀ ਨਿਰੰਤਰਤਾ ਨਾਲ ਨਾਪੀ ਜਾ ਸਕਦੀ ਹੈ। ਇਸ ਲਈ ਇੰਨ੍ਹਾ ਸਮਾਂ ਬੀਤਣ ਪਿੱਛੋਂ ਅੱਜ ਵੀ ਇਹ ਗੁਣ ਅਜੋਕੇ ਸਾਹਿਤ ਦੇ ਮੂਲ ਅਧਾਰ ਹਨ। ਸਾਹਿਤ ਭਾਵੇਂ ਇਤਿਹਾਸਕ ਪੱਖੋਂ ਕਿਸੇ ਧਾਰਾ ਦਾ ਰੂਪ ਧਾਰਨ ਕਰ ਗਿਆ ਹੋਵੇ ਪਰ ਇਹ ਗੁਣ ਹਰ ਸਮੇਂ ਸਾਹਿਤ ਦੀ ਬੁਨਿਆਦ ਹਨ।

ਬਾਕੀ ਅਜੋਕੇ ਸਾਹਿਤ ਦਾ ਦਾਇਰਾ ਅਤੇ ਅਕਾਰ ਅਰਸਤੂ ਦੀ ਸਾਹਿਤਕ ਪਰਿਭਾਸ਼ਾ ਨਾਲੋਂ ਇੰਨ੍ਹਾ ਵਿਸ਼ਾਲ ਹੋ ਗਿਆ ਹੈ ਕਿ ਇਸ ਦਾ ਅੰਦਾਜ਼ਾ ਲਾਉਣਾ ਵੀ ਅਸੰਭਵ ਹੈ। ਜੇ ਸਾਹਿਤਕ ਅਕਾਰ, ਵਿਸ਼ਾਲਤਾ ਅਤੇ ਚਿੰਰਜੀਵਤਾ ਦੀ ਗੱਲ ਕੀਤੀ ਜਾਵੇ ਤਾਂ ਅਜੋਕੇ ਯੁੱਗ ਦੀ ਕੋਈ ਵੀ ਪਰਿਭਾਸ਼ਾ ਸੰਭਵ ਨਹੀਂ ਹੈ। ਸਾਹਿਤ ਨਿਰਾ ਵਸਤੂ ਸੰਸਾਰ ਤੱਕ ਹੀ ਸੀਮਤ ਨਹੀਂ ਰਿਹਾ ਬਲਕਿ ਸਾਹਿਤ ਦਾ ਘੇਰਾ ਮੌਤ ਤੋਂ ਪਿੱਛਲੇਰੇ ਜੀਵਨ ਨੂੰ ਵੀ ਆਪਣੀ ਆਗੋਸ਼ ਵਿਚ ਲੈਂਦਾ ਹੈ। ਜੀਵਨ ਮੌਤ ਤੋਂ ਪਹਿਲਾਂ ਵੀ ਹੈ, ਪਿੱਛੋਂ ਵੀ ਹੈ। ਕਈਆਂ ਮੌਤਾਂ ਨੇ, ਕਈ ਜੀਵਨ ਅਤੇ ਕਈਆਂ ਜੀਵਨਾਂ ਨੇ ਕਈ ਮੌਤਾਂ ਹੰਢਾਈਆਂ ਹਨ, ਇਹ ਸਿਲਸਿਲਾ ਗੁਣਾਸ਼ੀਲ ਹੈ। ਮੌਤ ਤੋਂ ਪਿਛਲੇਰੇ ਜੀਵਨ ਨੂੰ ਅਸੀਂ ਅਧਿਆਤਮਿਕ ਜੀਵਨ ਆਖਦੇ ਹਾਂ। ਅਜੋਕਾ ਮਨੁੱਖ ਜੋ ਪਦਾਰਥਕ ਵਿਕਾਸ ਅਧੀਨ ਆਪਣੇ ਆਪ 'ਚ ਟੁੱਟ ਚੁੱਕਾ ਹੈ। ਆਪਣੀ ਹੋਂਦ ਗੁਆ ਚੁੱਕਾ ਹੈ। ਜਿਸ ਦੀ ਕੋਈ ਸ਼ਨਾਖ਼ਤ ਕੋਈ ਸੱਚ ਨਹੀਂ। ਅੱਜ ਆਪਣੀ ਹੋਂਦ ਦੀ ਤਲਾਸ਼ 'ਚ ਮਨੁੱਖ ਉਸ ਸ਼ਬਦ ਉਸ ਬਾਣੀ ਉਸ ਅਰਥ ਦੀ ਤਲਾਸ਼ ਵਿਚ ਹੈ ਜੋ ਉਸ ਨੂੰ ਸ਼ਾਂਤੀ ਸਕੂਨ ਸ਼ਨਾਖ਼ਤ ਹੋਂਦ ਅਤੇ ਸੱਚ ਵਾਪਸ ਕਰ ਸਕੇ। ਮਨੁੱਖ ਆਪਣੀ ਹੋਂਦ ਵਿਚ ਇੰਨ੍ਹਾ ਵੰਡਿਆ ਜਾ ਚੁੱਕਾ ਹੈ ਕਿ ਜਿਸ ਨੂੰ ਦਰਸਾਉਣ ਲਈ ਇੱਕ ਸਿਫ਼ਰਾ ਬਹੁਤ ਘੱਟ ਹੈ।

ਜ਼ਿੰਦਗੀ ਦੇ ਆਦਿ ਤੋਂ ਅੰਤ ਦੀ ਵਿਸ਼ਾਲਤਾ ਜਿੱਡਾ ਅਜੋਕੇ ਸਾਹਿਤ ਦਾ ਘੇਰਾ ਹੈ। ਜ਼ਿੰਦਗੀ ਦਾ ਘੇਰਾ ਇੰਨ੍ਹਾ ਵਿਸ਼ਾਲ ਹੈ ਕਿ ਜਿਸ ਦਾ ਅੰਤ ਮੌਤ ਨਹੀਂ ਹੈ। ਮੌਤ ਤਾਂ ਜ਼ਿੰਦਗੀ ਦੇ ਸਫ਼ਰ ਵਿਚਲਾ ਇੱਕ ਪੜਾਅ ਹੈ। ਮੈਂ ਨਿੱਜੀ ਤੌਰ 'ਤੇ ਸਾਹਿਤ ਦੀ ਇੰਨ੍ਹੀ ਵਿਸ਼ਾਲਤਾ, ਅਕਾਰ ਅਤੇ ਚਿਰੰਜੀਵਤਾ ਦਾ ਧਾਰਨੀ ਹਾਂ

ਕਿਉਂਕਿ ਚਿੰਨਤਨ ਮਹਾਨ ਰਹਿਣ ਕਾਰਨ ਇਹ ਸਾਹਿਤਕ ਵਿਸ਼ਾਲਤਾ ਅਕਾਰ ਅਤੇ ਚਿਰੰਜੀਵਤਾ ਮੇਰੇ ਹਰ ਸਾਹ ਦਾ ਅਭਿਆਸੀ ਕਰਮ ਹੈ ਕਿ ਸਾਹਿਤ ਨੂੰ ਕਿਸੇ ਵੀ ਪਰਿਭਾਸ਼ਾ ਵਿਚ ਸੀਮਤ ਨਹੀਂ ਕੀਤਾ ਜਾ ਸਕਦਾ। ਸਾਹਿਤ ਸਮਾਂ ਨਹੀਂ, ਸਮੇਂ ਦਾ ਵੇਗ ਹੈ। ਜ਼ਿੰਦਗੀ ਨਹੀਂ, ਜ਼ਿੰਦਗੀ ਦੀ ਗਤੀ ਹੈ, ਹਵਾ, ਅਗਨ, ਜਲ, ਧਰਤ, ਆਕਾਸ਼ ਵਿਚਲਾ ਸੱਚ ਹੈ। ਜਿਵੇਂ ਤਬਦੀਲੀ ਸਮੂਹਕ ਬ੍ਰਹਮੰਡ ਦਾ ਮੂਲ ਹੈ, ਇਸੇ ਤਰ੍ਹਾਂ ਤਬਦੀਲੀ ਸਾਹਿਤ ਦੀ ਪਰਿਭਾਸ਼ਾ ਦਾ ਯਥਾਰਥਕ ਸੰਕਲਪ ਹੈ। ਅਰਸਤੂ ਅਨੁਸਾਰ ਸਾਹਿਤ ਜੀਵਨ ਦੀ ਨਕਲ ਹੈ। ਉਪਰੋਕਤ ਸਾਹਿਤਕ ਸੰਦਰਭ ਵਿਚ ਅਰਸਤੂ ਦਾ ਇਹ ਵਿਚਾਰ ਅਜੋਕੇ ਆਧੁਨਿਕ ਸਾਹਿਤ 'ਤੇ ਵੀ ਲਾਗੂ ਹੁੰਦਾ।

ਪਦਾਰਥਕ ਵਿਕਾਸ ਨੇ ਜੋ ਜੀਵਨ ਵਿਚ ਤਬਦੀਲੀ ਲਿਆਂਦੀ ਹੈ ਜਾਂ ਇਸ ਦਾ ਅਸਰ ਜੋ ਮਨੁੱਖਾ ਜੀਵਨ ਜਾਂ ਸਮਾਜ 'ਤੇ ਪਿਆ ਹੈ, ਅਸੀਂ ਉਸ ਤੋਂ ਭਲੀਭਾਂਤ ਜਾਣੂ ਹਾਂ। ਆਧੁਨਿਕ ਵਿਚਾਰਧਾਰਾ ਦਾ ਗੁਣ ਕਿ ਆਧੁਨਿਕ ਸਵੈ ਵਿਕਾਸਸ਼ੀਲ ਧਾਰਾ ਹੈ, ਬੜਾ ਉਤਕ੍ਰਿਸ਼ਟ ਹੈ। ਪਦਾਰਥਕ ਵਿਕਾਸ ਦੀ ਤਬਦੀਲੀ ਦਾ ਅਸਰ ਜੋ ਮਨੁੱਖ ਅਤੇ ਸਮਾਜ 'ਤੇ ਪਿਆ ਹੈ, ਉਸ ਦਾ ਜ਼ਿਕਰ "ਆਧੁਨਿਕਤਾ 'ਤੇ ਮਨੁੱਖੀ ਸੰਤਾਪ" ਦੇ ਭਾਗ ਵਿਚ ਕੀਤਾ ਹੈ। ਇਸ ਅਸਰ ਦੇ ਪ੍ਰਤੀਕਰਮ ਵਜੋਂ ਜੋ ਵਿਸ਼ਵ ਪੱਧਰ 'ਤੇ ਅਜੋਕੀ ਸੋਚ ਵਿਚ ਤਬਦੀਲ ਆਈ ਹੈ। ਆਧੁਨਿਕਤਾ ਦੇ ਸਵੈ ਵਿਕਾਸ ਦੇ ਗੁਣਾਂ ਦਾ ਪ੍ਰਮਾਣ ਹੈ। ਅਜੋਕੀ ਵਿਸ਼ਵ ਸੋਚ ਮਨੁੱਖ ਨੂੰ ਪਦਾਰਥ ਦੀ ਥਾਂ ਮਨੁੱਖੀ ਦ੍ਰਿਸ਼ਟੀ ਤੋਂ ਵੇਖਦੀ ਹੈ। ਪਦਾਰਥਕ ਯੁੱਗ ਵਿਚ ਵਿਚਰ ਕੇ ਮਨੁੱਖਤਾ ਅੰਦਰ ਪਦਾਰਥਕ ਯੁੱਗ ਦੀ ਪ੍ਰਵਿਰਤੀ ਦੇ ਵਿਪਰੀਤ ਤਬਦੀਲੀ ਆਉਣੀ ਆਧੁਨਿਕਤਾ ਦੇ ਸਵੈ ਵਿਕਾਸ ਦੇ ਗੁਣਾਂ ਦੀ ਪ੍ਰਮੁੱਖਤਾ ਹੈ। ਆਧੁਨਿਕ ਅਜੋਕੀ ਵਿਸ਼ਵ ਚੇਤਨਾ ਮਨੁੱਖ ਨੂੰ ਮਨੁੱਖ ਸਮਝ ਕੇ ਆਪਣਾ-ਆਪੇ ਵਿਚ ਉਤਾਰਦੀ ਹੈ, ਆਪ ਮਨੁੱਖ ਆਪੇ 'ਚ ਉੱਤਰਦੀ ਹੈ। ਮਨੁੱਖ ਨਾਲ ਮਾਨਵੀ ਦ੍ਰਿਸ਼ਟੀਕੋਣ ਤੋਂ ਵਾਰਤਾਲਾਪ ਰਚਾਉਂਦੀ ਹੈ ਜਦੋਂ ਅਜੋਕੀ ਵਿਸ਼ਵ ਚੇਤਨਾ ਮਨੁੱਖ ਦੀ ਅੰਦਰੋਂ ਕੀਤੀ ਪਰਿਕਰਮਾ ਦਾ ਅਭਿਆਸ ਜਿਉਂਦੀ ਹੈ ਤਾਂ ਉਸ ਦੀ ਸੋਚ ਪਦਾਰਥਵਾਦੀ ਸੋਚ ਦੀ ਥਾਂ ਮਾਨਵੀ ਸੋਚ ਦਾ ਰੂਪ ਧਾਰਦੀ ਹੈ। ਭਾਵ ਜਦ ਮਨੁੱਖ ਆਪਣੇ-ਆਪ ਨੂੰ ਆਪਣੇ ਸੱਚ ਨੂੰ ਸਮਝਦਾ ਹੈ ਤਾਂ ਉਸ ਨੂੰ ਗਿਆਨ ਹੋ ਜਾਂਦਾ ਹੈ ਕਿ ਬ੍ਰਹਮੰਡ ਦੇ ਹਰ ਕਾਰਜ ਦਾ ਕਰਤਾ ਉਸ ਦਾ ਸਵੈ ਹੈ। ਜਿਸ ਦੀ ਉਪਾਧੀ ਮਨੁੱਖੀ ਸਰੀਰ ਹੈ। ਇਹ ਪ੍ਰਤੱਖਤਾ ਹੀ ਉਸ ਅੰਦਰ ਮਾਨਵਮਈ ਸੋਚ ਨੂੰ ਜਨਮ ਦਿੰਦੀ ਹੈ। ਅਜੋਕੇ ਵਿਸ਼ਵ ਦੀ ਸੋਚ ਵਿਚ ਆਈ ਇਹ ਤਬਦੀਲੀ ਉਜਲੇ ਭਵਿੱਖ ਦਾ ਸੰਕੇਤ ਹੈ

ਜਿੱਥੇ ਆਧੁਨਿਕਤਾ ਪ੍ਰਤੀਬਿੰਬਤ, ਪ੍ਰਤੀਕਾਤਮਕ, ਤ੍ਰੈਕਾਲਮੁਖੀ ਵਿਗਿਆਨਿਕ, ਬੌਧਿਕ ਤਰਕ ਅਤੇ ਜਜ਼ਬੇ ਦੇ ਸੰਤੁਲਨ ਧਰਮ ਨਿਰਪੱਖਤਾ ਆਤਮ ਖੋਜੀ ਅਤੇ ਸਵੈ ਵਿਕਾਸੀ ਪ੍ਰਵਿਰਤੀਆਂ ਦਾ ਧਾਰਨੀ ਹੈ ਉੱਥੇ ਇਹ ਜਗਤ ਹਿੱਤੂ ਪ੍ਰਵਿਰਤੀ ਦਾ ਵੀ ਲਖਾਇਕ ਹੈ, ਭਾਵ ਆਧੁਨਿਕ ਸਾਹਿਤ ਦਾ ਪ੍ਰਯੋਜਨ ਮਨੁੱਖ ਮਨੁੱਖਤਾ ਅਨੁਸਾਰ ਵਿਸ਼ਵ ਸਿਰਜਦਾ ਹੈ। ਜੋ ਸੱਚ, ਸੁੰਦਰਤਾ ਅਤੇ ਕਲਿਆਣ ਦਾ ਧਾਰਨੀ ਵਿਸ਼ਵ ਹੋਵੇ ਕਿਉਂਕਿ ਸਾਹਿਤ ਸੱਚ ਦੀ ਵਿਆਖਿਆ ਕਰਦਾ ਹੈ। ਉਹ ਸੱਚ ਸੁੰਦਰਵਾਦੀ ਅਤੇ ਕਲਿਆਣਕਾਰੀ ਹੋਣਾ ਚਾਹੀਦਾ ਹੈ। ਮਨੁੱਖ ਅਨੁਸਾਰ ਸਮਾਜ ਅਤੇ ਵਿਸ਼ਵ ਸਿਰਜਣ ਦੀ ਪ੍ਰਵਿਰਤੀ ਸਾਹਿਤ ਦੀ ਮੁੱਖ ਪ੍ਰਵਿਰਤੀ ਹੈ। ਆਦਿ ਮਨੁੱਖ ਤੋਂ ਅਜੋਕੇ ਮਨੁੱਖ ਤੱਕ ਦੇ ਸੰਘਰਸ਼ ਦੇ ਅਧਾਰਿਤ 'ਤੇ ਹੋਈ ਵਿਸ਼ਵ ਸਥਾਪਨਾ ਮਨੁੱਖ ਅਨੁਕੂਲ ਹੈ ਕਿ ਨਹੀਂ। ਇਸ ਦਾ ਆਲੋਚਨਾਤਮਕ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕਰਨਾ ਸਾਹਿਤ ਦਾ ਮੁੱਖ ਕਰਤੱਵ ਹੈ। ਮਨੁੱਖੀ ਸੰਘਰਸ਼ ਦੇ ਨਾ ਪੱਖੀ ਸਿੱਟਿਆਂ ਦੇ ਕਾਰਜ, ਕਰਮ ਤੇ ਕਾਰਨ ਨੂੰ ਸਮਝਣਾ ਅਤੇ ਉਸ ਦੇ ਉਸਾਰੂ ਪੱਖ ਦੀ ਖੋਜ ਕਰਨੀ ਵੀ ਸਾਹਿਤਕ ਕਰਮ ਹੈ। ਸਕਾਰਾਤਮਕ ਮਾਹੌਲ, ਸਥਿਤੀਆਂ ਅਤੇ ਦਿਸ਼ਾਵਾਂ ਦੀ ਸਿਰਜਣਾ ਕਰਨੀ ਵੀ ਸਾਹਿਤ ਫਰਜ਼ ਹੈ, ਤਾਂ ਕਿ ਮਨੁੱਖੀ ਵਿਕਾਸ ਵਿਚ ਨਿਰੰਤਰਤਾ ਅਤੇ ਸੰਤੁਲਨ ਕਾਇਮ ਰਹਿ ਸਕੇ।

ਆਧੁਨਿਕ ਸਾਹਿਤ ਇੱਕ ਨਿਰੰਤਰ ਹਾਂ ਮੁਖੀ ਗਤੀ ਅਤੇ ਤਬਦੀਲੀ ਦਾ ਧਾਰਨੀ ਹੈ। ਮਨੁੱਖੀ ਵਿਕਾਸ ਦੀ ਅੰਤਰ ਹਿੱਤਤਾ ਅਤੇ ਯਥਾਰਥ ਦਾ ਵਿਕਾਸ ਅੰਤ ਰਹਿਤ ਹੈ। ਆਧੁਨਿਕ ਸਾਹਿਤ ਇੱਕ ਨਿਰੰਤਰ ਵਿਚਾਰਸ਼ੀਲਤਾ ਹੈ। ਮਾਨਵੀ ਸਾਹਿਤ ਦੀ ਪ੍ਰਵਿਰਤੀ ਖੋਜੀ ਹੋਣੀ ਚਾਹੀਦੀ ਹੈ, ਨਾ ਕਿ ਸੰਤੋਸ਼ੀ। ਜਿੱਥੇ ਮਨੁੱਖੀ ਪ੍ਰਵਿਰਤੀ ਸੰਤੋਸ਼ ਦੀ ਧਾਰਨੀ ਹੋਵੇਗੀ। ਉੱਥੇ ਹੀ ਮਨੁੱਖੀ ਵਿਕਾਸ ਦੀ ਨਿਰੰਤਰਤਾ ਦਾ ਅੰਤ ਹੋ ਜਾਵੇਗਾ। ਮਨੁੱਖੀ ਜੀਵਨ ਵਿਚ ਖੜੋਤ ਆ ਜਾਵੇਗੀ ਭਾਵ ਅਗਤੀ ਦਾ ਜਨਮ ਹੋਵੇਗਾ। ਇਹ ਆਧੁਨਿਕ ਸਾਹਿਤ ਦੀ ਪ੍ਰਵਿਰਤੀ ਦੇ ਵਿਪਰੀਤ ਹੈ। ਖੋਜੀ ਪ੍ਰਵਿਰਤੀ ਹੀ ਆਦਿ 'ਚੋਂ ਹਸ਼ਰ, ਹਸ਼ਰ ਚੋਂ ਅਗਾਜ਼ ਦੀ ਧਾਰਨੀ ਹੁੰਦੀ ਹੈ। ਇਸ ਵਿਪਰੀਤ ਅਨੁਸਾਰ ਮਨੁੱਖੀ ਦੇਹ ਇੱਕ ਪ੍ਰਯੋਗਸ਼ਾਲਾ ਹੈ। ਜਿਸ ਵਿਚ ਹਰ ਪਲ ਮਨੁੱਖ ਆਪਣੇ-ਆਪ ਨੂੰ ਪ੍ਰਯੋਗਦਾ ਹੈ। ਜੀਵਨ ਖ਼ਾਲਸਤਾ ਦੀ ਪ੍ਰਾਪਤੀ ਹੀ ਮਨੁੱਖੀ ਮਕਸਦ ਨਹੀਂ ਇਸ ਸੱਚ ਦੀ ਖ਼ਾਲਸਤਾ ਨੂੰ ਅਤੇ ਯਥਾਰਥ ਨੂੰ ਜਾਣਨਾ ਅਤੇ ਜੀਵਨ ਵਿਚ ਅਭਿਆਸ ਦਾ ਮਾਨਵ ਦਾ ਮਕਸਦ ਹੈ। ਇਹ ਉਹ ਸਫ਼ਰ ਹੈ ਜੋ ਮਨੁੱਖ ਮੌਤ ਤੋਂ ਪਹਿਲਾਂ ਵੀ ਕਰਦਾ ਹੈ ਅਤੇ ਮੌਤ ਤੋਂ ਬਾਅਦ ਵੀ ਕਰਦਾ ਹੈ।

ਇਹ ਨਿਰੰਤਰਤਾ ਜੀਵਨ ਨੂੰ ਵੰਡ ਕੇ ਵੇਖਣ ਦੀ ਥਾਂ ਇੱਕ ਇਕਾਈ ਦੇ ਰੂਪ ਵਿਚ ਵੇਖਦੀ ਹੈ ਅਤੇ ਸਮਾਨ ਦ੍ਰਿਸ਼ਟੀ ਦੇ ਅਧਾਰ 'ਤੇ ਵੇਖਦੀ ਹੈ। ਜੀਵਨ ਪ੍ਰਤੀ ਇਸ ਕਿਸਮ ਦੇ ਨਜ਼ਰੀਏ ਦੀ ਸਿਰਜਣਾ ਇਤਿਹਾਸ ਦੇ ਤਰਕਸ਼ੀਲ ਕਰਮ ਅਤੇ ਕਾਰਨ ਦੀ ਕਾਰਜ ਪ੍ਰਣਾਲੀ 'ਚੋਂ ਹੁੰਦੀ ਹੈ। ਜੀਵਨ ਜੀਊਂ ਕੇ, ਹੰਢਾਅ ਕੇ, ਉਸ ਵਿਚੋਂ ਨਿਕਲੇ ਪ੍ਰਤੀਕਰਮਾਂ ਦੇ ਯਥਾਰਥ ਅਤੇ ਉਲਾਰੂਪਣ ਦੀ ਪਰਖ ਪੜਚੋਲ ਦੇ ਅਧਾਰ 'ਤੇ ਜਿਨ੍ਹੀ ਦੇਰ ਤੱਕ ਇਹ ਗਿਆਨ ਤੋਂ ਵਿਗਿਆਨ ਦਾ ਰੂਪ ਧਾਰਨ ਨਹੀਂ ਕਰਦਾ।

ਪ੍ਰਗਤੀ ਅਤੇ ਪ੍ਰਯੋਗਸ਼ੀਲਤਾ ਆਧੁਨਿਕ ਸਾਹਿਤ ਦੇ ਦੋ ਬੁਨਿਆਦੀ ਗੁਣ ਹਨ। ਜਿਨ੍ਹਾਂ ਦੇ ਅਭਿਆਸ 'ਚੋਂ ਸਾਹਿਤ ਮਨੁੱਖ ਸਮਾਜ ਅਤੇ ਵਿਸ਼ਵ ਦਾ ਸੰਕਲਪ ਸਿਰਜਦਾ ਹੈ ਅਤੇ ਉਸ ਨੂੰ ਮਨੁੱਖਤਾ ਅਨੁਕੂਲ ਯਥਾਰਥ ਅਰਥ ਪ੍ਰਦਾਨ ਕਰਦਾ ਹੈ। ਆਧੁਨਿਕ ਸਾਹਿਤ ਉਸ ਅਭਿਵਿਅਕਤੀ ਦਾ ਧਾਰਨੀ ਹੈ ਜੋ ਮਨੁੱਖੀ ਸਵੈ ਦ੍ਰਿਸ਼ਟੀ 'ਚੋਂ ਉਪਜਦੀ ਹੈ। ਉਸ ਸ਼ਬਦ ਦੇ ਅਰਥ ਦਾ ਧਾਰਨੀ ਹੈ। ਜੋ ਸਵੈ ਜ਼ੁਬਾਨ ਤੋਂ ਜਨਮਦਾ ਹੈ ਅਤੇ ਰੂਹ ਵਿਚ ਵਿਚਰਦਾ ਹੈ। ਆਧੁਨਿਕ ਸਾਹਿਤ ਉਸ ਵਿਚਾਰਧਾਰਾ ਦਾ ਹਾਮੀ ਹੈ। ਜਿਸ ਦਾ ਸੱਚ ਦੁਆਲੇ ਅਤੇ ਜਿਸਦਾ ਦੁਆਲਾ ਸੱਚ 'ਚ ਵਿਚਰਦਾ ਹੈ। ਮੇਰਾ ਭਾਵ ਆਧੁਨਿਕ ਸਾਹਿਤ ਉਦਾਰੀਆਂ ਨਜ਼ਰਾਂ ਨਾਲ ਵੇਖੇ ਦ੍ਰਿਸ਼ਟਾਂਤ ਦਾ ਅਤੇ ਗ਼ੈਰ ਜ਼ੁਬਾਨ ਤੋਂ ਬੋਲੇ ਸ਼ਬਦ ਦਾ ਅਤੇ ਉਦਾਰੇ ਵਿਚਰਨ ਅਭਿਆਸ ਦਾ ਧਾਰਨੀ ਨਹੀਂ ਹੈ। ਸਾਹਿਤ ਆਪਣੇ ਲਹੂ 'ਚ ਹੰਢਾਏ ਤੇ ਸਾਹਾਂ 'ਚ ਜੀਏ ਜੀਵਨ ਅਤੇ ਅਭਿਆਸ ਦਾ ਧਾਰਨੀ ਹੈ।

ਆਧੁਨਿਕ ਸਾਹਿਤ ਮਨੁੱਖੀ ਮਾਨਸਿਕ ਪ੍ਰਵਿਰਤੀਆਂ ਦੇ ਪ੍ਰਗਟਾਅ ਦਾ ਅਧਾਰ ਹੈ। ਮਨੁੱਖ ਦੀਆਂ ਸਰੀਰਕ ਅਤੇ ਮਾਨਸਿਕ ਪ੍ਰਵਰਤੀਆਂ ਸਾਹਿਤਕ ਅਭਿਵਿਅਕਤੀ ਦਾ ਮੂਲ ਮੰਤਵ ਹਨ। ਆਧੁਨਿਕ ਪਦਾਰਥਕ ਵਿਕਾਸ ਦਾ ਮਾਰਿਆ ਮਨੁੱਖ ਅਤੇ ਜੀਵਨ ਸਾਹਿਤਕ ਪ੍ਰਗਟਾਅ ਦਾ ਮੂਲ ਮਕਸਦ ਹੈ। ਪਦਾਰਥਕ ਵਿਕਾਸ ਦਾ ਪ੍ਰਤੀਕਰਮ ਜੋ ਮਨੁੱਖੀ ਜੀਵਨ 'ਚੋਂ ਹੋਇਆ ਹੈ, ਉਸ ਦਾ ਬ੍ਰਿਤਾਂਤ ਵਿਸ਼ਵ ਦੀ ਹਰ ਭਾਸ਼ਾ ਦੇ ਸਾਹਿਤ ਵਿਚ ਉਪਲੱਬਦ ਹੈ। ਅਜੋਕੇ ਮਨੁੱਖ ਦੀ ਪਹਿਚਾਣ ਪਦਾਰਥਕ ਵਿਕਾਸ ਕਾਰਨ ਹੈ, ਮਨੁੱਖ ਦੇ ਸਵੈ ਕਾਰਨ ਨਹੀਂ। ਪਦਾਰਥਕ ਵਿਕਾਸ ਦੀਆਂ ਪ੍ਰਾਪਤੀਆਂ ਦੀ ਸ਼ਕਤੀ ਨੇ ਮਨੁੱਖ ਦੇ ਅੰਦਰ ਲਾਲਚ ਅਤੇ ਹੰਕਾਰ ਪੈਦਾ ਕੀਤਾ ਹੈ। ਜਿਸ ਕਾਰਨ ਵਿਸ਼ਵ ਸਮਾਜ ਵਿਚ ਭਰਿਸ਼ਟਾਚਾਰ, ਈਰਖਾ, ਰਿਸ਼ਵਤਖੋਰੀ, ਨਫ਼ਰਤ, ਵੈਰ-ਵਿਰੋਧ, ਡਰੱਗ-ਕਲਚਰ ਅਤੇ ਗੈਂਗ ਕਲਚਰ ਦਾ ਜਨਮ ਅਤੇ ਵਿਕਾਸ ਹੋਇਆ ਹੈ। ਜਿਸ ਨੇ ਮਨੁੱਖੀ ਜੀਵਨ ਨੂੰ ਨਰਕ ਬਣਾ ਦਿੱਤਾ ਹੈ। 'ਜਿੱਥੇ ਦੁਨਿਆਵੀ ਪਦਾਰਥਕ

ਵਿਕਾਸ ਦੀ ਸਿਖ਼ਰ ਹੈ, ਉੱਥੇ ਮਨੁੱਖੀ ਗਿਰਾਵਟ ਅੰਤ ਰਹਿਤ ਹੈ। ਇਹ ਸੱਭ ਕੁੱਝ ਮਨੁੱਖੀ ਵਿਅਕਤੀਗਤ ਸਵੈ ਵਿਚ ਪਦਾਰਥਕ ਵਿਕਾਸ ਕਾਰਨ ਆਈ ਅਗਤੀ ਦੇ ਕਾਰਨ ਹੈ। ਜਿੱਥੋਂ ਪਦਾਰਥ ਦਾ ਵਿਕਾਸ ਹੁੰਦਾ ਸ਼ੁਰੂ ਹੋਇਆ ਸੀ। ਮਨੁੱਖ ਉੱਥੇ ਦਾ ਉੱਥੇ ਹੀ ਖੜ੍ਹਾ ਹੈ। ਮਨੁੱਖ ਨਾ ਤਾਂ ਆਪਣੇ-ਆਪ ਨੂੰ ਵਿਦਿਅਕ ਕਰ ਸਕਿਆ ਹੈ। ਅਤੇ ਨਾ ਹੀ ਆਪਣੇ-ਆਪ ਨੂੰ ਸੱਚ ਜਾਣਨ ਦੇ ਯੋਗ ਬਣਾ ਸਕਿਆ ਹੈ। ਮਨੁੱਖ ਦੀ ਦ੍ਰਿਸ਼ਟੀ ਸੋਚ ਚੇਤੰਨ ਜਗਿਆਸਾ ਆਧੁਨਿਕ ਸਾਹਿਤ ਦਾ ਅਭਿਵਿਅਕਤੀ ਦਾ ਪ੍ਰਥਮ ਅਤੇ ਮੂਲ ਮੁੱਦਾ ਹੈ। ਮਨੁੱਖ ਆਧੁਨਿਕ ਸਾਹਿਤ ਦਾ ਮੁੱਖ ਕੇਂਦਰ ਹੈ। ਆਧੁਨਿਕ ਸਾਹਿਤ ਮਨੁੱਖਵਾਦੀ ਸਾਹਿਤ ਹੈ ਕਿਉਂਕਿ ਆਧੁਨਿਕਤਾ ਧਰਮ ਨਿਰਪੱਖ ਹੈ। ਪੁਰਾਤਨਤਾ ਨਾਲੋਂ ਆਪਣੇ-ਆਪ ਨੂੰ ਅਲੱਗ ਰੱਖਦੀ ਹੈ।

ਆਧੁਨਿਕ ਸਾਹਿਤ ਜੀਵਨ ਨੂੰ ਭੂਤ, ਭਵਿੱਖ ਅਤੇ ਵਰਤਮਾਨ ਵਿਚ ਵੰਡ ਕੇ ਵੇਖਣ ਦੀ ਥਾਂ ਇੱਕ ਇਕਾਈ ਦੇ ਰੂਪ ਵਿਚ ਵੇਖਦਾ ਹੈ ਅਤੇ ਵਰਤਮਾਨ ਨੂੰ ਤਰਜ਼ੀਹ ਦਿੰਦਾ ਹੈ ਕਿਉਂਕਿ ਮਨੁੱਖ ਵਰਤਮਾਨ ਜੀਉਂਦਾ ਹੈ। ਭੂਤ ਮਨੁੱਖ ਦਾ ਬਿਤਿਆ ਸਮਾਂ ਹੈ ਅਤੇ ਭਵਿੱਖ ਆਉਣ ਵਾਲਾ। ਆਧੁਨਿਕ ਸਾਹਿਤ ਮਨੁੱਖ ਨੂੰ ਵਰਤਮਾਨ ਦੀ ਮਹੱਤਤਾ ਪ੍ਰਤੀ ਦ੍ਰਿੜ ਕਰਵਾਉਂਦਾ ਹੈ। ਆਧੁਨਿਕ ਸਾਹਿਤ ਮਾਨਵਵਾਦੀ ਹੋਣ ਕਾਰਨ ਨਾ ਕੋਈ ਵੈਰੀ ਨਾ ਹੀ ਬੇਗਾਨਾ, ਏਕ ਨੂਰ 'ਤੇ ਸਭ ਜਗ ਉਪਜਿਉ ਅਤੇ ਸਰਬਤ ਦੇ ਭਲੇ ਦਾ ਧਾਰਨੀ ਹੈ। ਇਹ ਹੀ ਜੀਵਨ ਦੇ ਮੂਲ ਗੁਣ ਹਨ। ਜਿਨ੍ਹਾਂ ਦੇ ਅਧਾਰ 'ਤੇ ਅਸਲ ਮਨੁੱਖ ਸਮਾਜ ਅਤੇ ਵਿਸ਼ਵ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਅਸਲ ਮਨੁੱਖ ਤੋਂ ਭਾਵ ਮਨੁੱਖ ਸਿਰਫ਼ ਮਨੁੱਖ ਲਈ ਜੀਵੇ ਅਤੇ ਮਨੁੱਖਤਾ ਲਈ ਮਰੇ। ਮਨੁੱਖ ਸਿਰਫ਼ ਮਨੁੱਖ ਹੋ ਕੇ ਜੀਵੇ ਅਤੇ ਮਨੁੱਖਤਾ ਨੂੰ ਆਪਣਾ ਧਰਮ ਸਮਝੇ, ਜਿਸ ਦੀ ਪ੍ਰਭੂਸਤਾ ਮਨੁੱਖ ਦਾ ਸਵੈ ਹੋਵੇ। ਮਨੁੱਖੀ ਸਵੈ ਹੀ ਮਨੁੱਖ ਲਈ ਪਰਮ ਜੋਤ ਹੈ, ਪਰਮ ਆਨੰਦ ਹੈ। ਦੁਨੀਆ ਦਾ ਕੋਈ ਵੀ ਧਰਮ ਇੰਨ੍ਹਾ ਸ੍ਰੇਸ਼ਟ ਅਤੇ ਆਪਣਾ ਨਹੀਂ, ਜਿੰਨ੍ਹਾ ਮਨੁੱਖ ਲਈ ਮਨੁੱਖਤਾ ਦਾ ਧਰਮ ਹੈ ਕਿਉਂਕਿ ਮਨੱਖਤਾ ਮਨੁੱਖ ਦਾ ਵਿਕਾਸ ਹੈ। ਮਨੁੱਖਤਾ ਦਾ ਧਰਮ ਕਿਸੇ ਰੱਬੀ ਸ਼ਕਤੀ ਦੀ ਸਿਰਜਣਾ ਨਹੀਂ ਮਨੁੱਖ ਦੀ ਆਪਣੀ ਸਿਰਜਣਾ ਹੈ। ਇਸ ਲਈ ਸੰਕਲਪ ਹੋਣ ਦੀ ਥਾਂ ਵਿਗਿਆਨਿਕ ਹੈ, ਜਿਵੇਂ ਬੂੰਦ ਦਾ ਧਰਮ ਸਮੁੰਦਰ ਹੈ, ਇਸੇ ਤਰ੍ਹਾਂ ਮਨੁੱਖ ਦਾ ਧਰਮ ਮਨੁੱਖਤਾ ਹੈ, ਮਨੁੱਖਤਾ ਦਾ ਸਵੈ ਹੀ ਪਰਮ ਸਤਿ ਹੈ, ਪ੍ਰਮੁੱਖ ਪ੍ਰਭੁਤਾ ਹੈ।

ਆਧੁਨਿਕ ਸਾਹਿਤ ਤਰਕ ਅਤੇ ਜਜ਼ਬਾਤ ਦੀ ਸੰਤੁਲਨਤਾ ਦਾ ਧਾਰਨੀ ਹੈ। ਆਧੁਨਿਕ ਸਾਹਿਤ ਜੀਵਨ ਨੂੰ ਤਰਕ ਅਤੇ ਜਜ਼ਬਾਤ ਦੀ ਸੰਤੁਲਨਤਾ ਦੇ ਅਧਾਰ 'ਤੇ ਵੇਖਦਾ ਹੈ। ਦਰਸ਼ਨ ਅਤੇ ਵਿਗਿਆਨ ਜੀਵਨ ਨੂੰ ਪਰਖਣ ਲਈ

ਆਧੁਨਿਕ ਸਾਹਿਤ ਦੀ ਕੱਸਵੱਟੀ ਹੈ। ਸਾਹਿਤ ਮਨੁੱਖ ਦੇ ਭਲੇ ਲਈ ਚਾਹੁੰਦਾ ਹੈ ਤਾਂ ਕਿ ਵਿਗਿਆਨਕ ਪ੍ਰਾਪਤੀ ਦੀ ਵਰਤੋਂ ਕੁਦਰਤੀ ਢੰਗ ਅਤੇ ਮਨੁੱਖੀ ਜੀਵਨ ਵਿਕਾਸ ਦੀ ਭਾਗੀਦਾਰ ਹੋ ਸਕੇ। ਜਿਸ ਨਲ ਸੱਚ, ਸੁੰਦਰਤਾ ਅਤੇ ਕਲਿਆਣ ਦੇ ਅਧਾਰ ਨੂੰ ਪ੍ਰਮਾਣਿਤਾ ਮਿਲ ਸਕੇ। ਆਧੁਨਿਕ ਸਾਹਿਤ ਵਿਚ ਮਨੁੱਖ ਹੀ ਬ੍ਰਹਮੰਡਕ ਹੋਂਦ ਦਾ ਸੱਚ ਹੈ। ਮਨੁੱਖ ਵਿਚਲਾ ਸੱਚ ਹੀ ਸ੍ਰਿਸ਼ਟੀ ਤੋਂ ਪਹਿਲਾਂ ਦਾ ਸੱਚ ਸੀ ਅਤੇ ਸ੍ਰਿਸ਼ਟੀ ਤੋਂ ਪਿਛਲੇਰਾ ਸੱਚ ਹੈ ਕਿਉਂਕਿ ਮਨੁੱਖ ਵਿਚਲਾ ਸਵੈ ਸੱਚ ਸਮੂਹਕ ਬ੍ਰਹਮੰਡ ਦਾ ਸਿਰਜਕ ਸੱਚ ਹੈ ਅਤੇ ਇਹ ਸੱਚ ਹੀ ਵਿਗਿਆਨਿਕ ਹੈ। ਮਨੁੱਖਾ ਦੇਹੀ ਦੀ ਪਯੋਗਸ਼ਾਲਾ ਵਿਚ ਇਸ ਸੱਚ ਦਾ ਪ੍ਰਯੋਗ ਉਪਲੱਬਧ ਹੈ। ਸਾਰੀ ਕੁਦਰਤ, ਆਕਾਸ਼, ਧਰਤੀਆਂ, ਪਤਾਲ, ਬ੍ਰਹਮੰਡ ਸੱਭ ਦਾ ਸਿਰਜਕ ਮਨੁੱਖ ਵਿਚਲਾ ਸਵੈ ਸੱਚ ਹੈ ਕਿਉਂਕਿ ਸਾਹਿਤ ਦਾ ਆਦਿ ਅੰਤ ਵਿਸਥਾਰ ਅਕਾਰ ਸ਼ਨਾਖਤ ਸੱਭ ਮਨੁੱਖ ਨਾਲ ਸੰਬੰਧਿਤ ਹਨ। ਆਧੁਨਿਕ ਸਾਹਿਤ ਅਸੰਤੁਸ਼ਟਤਾ ਦਾ ਹਾਮੀ ਹੈ। ਚੜ੍ਹਦੀ ਕਲਾ ਵਿਚ ਰਹਿਣਾ ਆਧੁਨਿਕ ਸਾਹਿਤ ਦਾ ਸੁਭਾਅ ਹੈ। ਸਾਹਿਤ ਚੜ੍ਹਦੇ ਸੂਰਜ ਦਾ ਪੁਜਾਰੀ ਅਤੇ ਹਨ੍ਹੇਰਿਆਂ ਵਿਚ ਸੂਰਜ ਉਤਾਰਣ ਦਾ ਮੁਦੱਈ ਹੈ। ਆਧੁਨਿਕ ਸਾਹਿਤ ਦੇ ਸਮੂਹ ਗੁਣਾਂ ਦਾ ਅਧਾਰ ਤਬਦੀਲੀ ਹੈ। ਅਸਲ ਵਿਚ ਅਜੋਕੇ ਆਧੁਨਿਕ ਸਾਹਿਤ ਦੀ ਪਰਿਭਾਸ਼ਾ ਹੀ ਤਬਦੀਲੀ ਹੈ। ਜਿਵੇਂ ਜੀਵਨ ਦਾ ਮੂਲ ਤਬਦੀਲੀ ਹੈ, ਇਸੇ ਤਰ੍ਹਾਂ ਆਧੁਨਿਕ ਸਾਹਿਤ ਦੀ ਬੁਨਿਆਦ ਤਬਦੀਲੀ ਹੈ। ਆਧੁਨਿਕ ਸਹਿਤ ਨਿਰੰਤਰ ਗਤੀਸ਼ੀਲ ਤਬਦੀਲੀ ਦਾ ਧਾਰਨੀ ਹੈ। ਇਸ ਨਿਰੰਤਰ ਤਬਦੀਲੀ 'ਚੋਂ ਸਾਹਿਤ ਨਵੀਂਨਤਾ ਦਾ ਰੂਪ ਅਤੇ ਸਮੇਂ ਦੇ ਵਰਤਮਾਨ 'ਚ ਹਾਣੀ ਹੁੰਦਾ ਚਲਿਆ ਜਾਂਦਾ ਹੈ। ਇਸ ਢੰਗ ਨਾਲ ਸਾਹਿਤ ਪੁਰਾਤਨ ਤੋਂ ਮੁਕਤ ਰਹਿੰਦਾ ਹੈ। ਆਧੁਨਿਕ ਸਾਹਿਤ ਦਾ ਇਹ ਸਫ਼ਰ ਨਿਰੰਤਰਤਾ ਤੋਂ ਨਿਰੰਤਰਤਾ ਤੱਕ ਦਾ ਹੈ।

ਆਧੁਨਿਕ ਸਾਹਿਤ ਸਵੈ ਆਲੋਚਨਾਤਮਕ ਦ੍ਰਿਸ਼ਟੀ ਦਾ ਯਥਾਰਥ ਹੈ। ਇਤਿਹਾਸਕ ਵਿਕਾਸ ਨੂੰ ਆਧੁਨਿਕ ਸਾਹਿਤ ਵਿਕਾਸ ਦੇ ਰੂਪ ਵਿਚ ਹੀ ਸਵੀਕਾਰ ਨਹੀਂ ਕਰਦਾ ਸਗੋਂ ਇਤਿਹਾਸਕ ਵਿਕਾਸ ਦਾ ਸੱਚ ਜਾਣਨ ਲਈ ਇਸ ਵਿਕਾਸ ਦਾ ਆਧੁਨਿਕ ਅਧਾਰ 'ਤੇ ਵਿਸ਼ਲੇਸ਼ਣ ਕਰਦਾ ਹੈ। ਚੰਗਾ-ਮਾੜਾ ਪੁਣ ਦਾ, ਛਾਣਦਾ ਹੈ। ਸੱਚ ਤੋਂ ਝੂਠ, ਭਰਮ ਤੋਂ ਅਸਲ ਨਿਖੇੜਦਾ ਹੈ। ਸੱਚ ਨੂੰ ਉਤਸ਼ਹਿਤ ਕਰਦਾ ਹੈ, ਝੂਠ ਨੂੰ ਨਿਕਾਰਦਾ ਹੈ। ਆਲੋਚਨਾਤਮਕ ਕਾਰਜ ਪ੍ਰਣਾਲੀ 'ਚੋਂ ਨਿਕਲਿਆ ਕੋਈ ਵੀ ਸਿੱਟਾ ਉਲਾਰੂ ਰੂਚੀ ਦਾ ਧਾਰਨੀ ਬਹੁਤ ਘੱਟ ਹੁੰਦਾ ਹੈ। ਸਗੋਂ ਵਿਸ਼ਲੇਸ਼ਣਾਮਕ ਵਿਚਾਰ ਮਨੁੱਖੀ ਜੀਵਨ ਅਤੇ ਜੀਵਨ ਧਰਾਤਲ ਵਿਚ ਇਕ ਸੰਤੁਲਨ ਪੈਦਾ ਕਰਦਾ ਹੈ। ਸਾਹਿਤਕ ਸਵੈ ਆਲੋਚਨਾ

ਮਨੁੱਖੀ ਸਰੀਰਕ, ਮਾਨਸਿਕ, ਸਮਾਜ ਅਤੇ ਵਿਸ਼ਵ ਵਿਚਰਨ ਧਰਾਤਲ ਦੀਆਂ ਦ੍ਰਿਸ਼ਟੀਆਂ, ਅਨੁਭਵਾਂ, ਪ੍ਰਤੀਕਰਮਾਂ ਅਤੇ ਦ੍ਰਿਸ਼ਟੀਕੋਣਾਂ ਵਿਚ ਸੱਭ ਤੋਂ ਵਧੇਰੇ ਜੀਵਨ ਪ੍ਰਤੀ Positivity ਲਿਆਉਂਦੀ ਹੈ। ਆਧੁਨਿਕ ਸਾਹਿਤ ਜਿੱਥੇ ਆਪਣੀ ਸਿਰਜਣਾ ਦਾ ਅਧਾਰ ਆਲੋਚਨਾਤਮਕ ਰੱਖਦਾ ਉੱਥੇ ਮਨੁੱਖ ਅਤੇ ਮਨੁੱਖਤਾ ਅਨੁਕੂਲ ਵਿਚਾਰ ਪੇਸ਼ ਕਰਨ ਦੀਆਂ ਸੰਭਵ ਕੋਸ਼ਿਸਾਂ ਵਿਚ ਵੀ ਰਹਿੰਦਾ ਹੈ।

ਆਧੁਨਿਕ ਸਾਹਿਤ ਦਾ ਮਨੁੱਖ ਦਾ ਮਨੁੱਖਤਾ ਅਨੁਕੂਲ ਸਮਾਜ ਅਤੇ ਵਿਸ਼ਵ ਸਿਰਜਣਾ ਦਾ ਮੰਤਵ ਹੈ। ਮਨੁੱਖ ਸਮਾਜ ਅਤੇ ਵਿਸ਼ਵ ਦਾ ਸੰਕਲਪ ਵੀ ਆਧੁਨਿਕ ਸਾਹਿਤ ਆਧੁਨਿਕਤਾ ਦੇ ਅਧਾਰ 'ਤੇ ਸਿਰਜਦਾ ਹੈ। ਸਮਾਜ ਅਤੇ ਵਿਸ਼ਵ ਦੀ ਕਾਰਜ ਪ੍ਰਣਾਲੀ ਦਾ ਤਾਣਾ-ਬਾਣਾ ਵੀ ਆਧੁਨਿਕ ਸਾਹਿਤ ਹੀ ਬੁਣਦਾ ਹੈ। ਸਰਕਾਰ ਅਤੇ ਲੋਕਾਂ ਦੀ ਲੋੜ ਅਨੁਸਾਰ ਦੇਣ ਦਾ ਅਤੇ ਲੋਕਾਂ ਤੋਂ ਲੋਕਾਂ ਦੀ ਸਮਰੱਥਾ ਅਨੁਸਾਰ ਲੈਣ ਦੇ ਸਿਲਸਿਲੇ ਦੀ ਚੇਤਨਾ ਲੋਕਾਂ ਅਤੇ ਸਮਾਜ ਵਿਚ ਸਾਹਿਤ ਹੀ ਪੈਦਾ ਕਰਦਾ ਹੈ।

Ezra Pound ਅਨੁਸਾਰ ਸਾਹਿਤ ਭਾਸ਼ਾ ਰਾਹੀਂ ਅਰਥਾਂ ਦੀ ਸੰਭਵ ਉੱਚਤਾ ਨੂੰ ਪੇਸ਼ ਕਰਦਾ ਹੈ। ਵੱਖ-ਵੱਖ ਕਿਸਮ ਦਾ ਸਾਹਿਤ ਸਾਨੂੰ ਆਨੰਦ ਪ੍ਰਦਾਨ ਕਰਦਾ ਹੈ, ਜਿਵੇਂ ਕਹਾਣੀ, ਨਾਵਲ, ਨਾਟਕ ਆਦਿ ਸਾਹਿਤ ਦੇ ਤੱਤ ਪਾਠਕ ਨੂੰ ਆਨੰਦਿਤ ਕਰਦੇ ਹਨ। ਸਾਹਿਤ ਵਿਚ Theme ਮਹੱਤਵਪੂਰਨ ਹੈ। ਜੋ ਕਹਾਣੀ ਨੂੰ ਦਰਸਾਉਂਦਾ ਹੈ। ਨਾਇਕ ਅਤੇ ਪਾਤਰਾਂ ਰਾਹੀਂ ਲੇਖਕ ਰਚਨਾ ਵਿਚਲੇ ਉਤਰਾ, ਚੜ੍ਹਾਅ ਪੇਸ਼ ਕਰਦਾ ਹੈ। ਕਹਾਣੀ ਕਈ ਗੋਂਦਾਂ ਰਾਹੀਂ ਵਿਕਾਸ ਕਰਦੀ ਹੈ। ਸਾਹਿਤਕ ਤੱਤ ਹੀ ਸਾਹਿਤਕ ਰਚਨਾ ਦੀ ਕਾਰਜ ਪੂਰਤੀ ਹਨ। ਸਾਹਿਤ ਦੀਆਂ ਵੰਨਗੀਆਂ ਹਨ, ਜਿਵੇਂ ਨਾਵਲ, ਨਾਟਕ, ਕਵਿਤਾ, ਕਹਾਣੀ, ਸਵੈ-ਜੀਵਨੀ, ਵਾਰਤਕ, ਲੇਖ, ਮਹਾਂਕਾਵਿ, ਨਿੱਕੀ ਕਹਾਣੀ, ਲਘੂ ਕਵਿਤਾ ਆਦਿ।

ਸਾਹਿਤ ਉਹ ਪਦ ਹੈ ਜੋ ਕੁਦਰਤੀ ਤੌਰ 'ਤੇ ਕਿਸੇ ਵੀ ਪਰਿਭਾਸ਼ਾ ਦਾ ਧਾਰਨੀ ਨਹੀਂ ਹੈ। ਪਰ ਇਸ ਵਿਚ ਹਰ ਕਿਸਮ ਦੀ ਲਿਖਤੀ ਰਚਨਾ ਸ਼ਾਮਿਲ ਹੈ। ਲਿਖਣ ਦੀ ਕਾਰਜ ਪ੍ਰਣਾਲੀ ਸਾਹਿਤਕ ਸਿਨਫ਼ ਦੀ ਧਾਰਨੀ ਹੈ। ਸਾਹਿਤਕ ਭਾਸ਼ਾ ਸਧਾਰਨ ਭਾਸ਼ਾ ਤੋਂ ਵਿਪਰੀਤ ਹੁੰਦੀ ਹੈ। ਸਾਹਿਤਕ ਭਾਸ਼ਾ ਹੀ ਸਾਹਿਤ ਲਈ ਵਰਤੀ ਜਾਂਦੀ ਹੈ। ਵਿਉਂਤਬੰਦੀ ਦੇ ਅਧਾਰ 'ਤੇ Litrature ਸ਼ਬਦ Latin ਭਾਸ਼ਾ ਤੋਂ ਲਿਆ ਗਿਆ ਹੈ। Latin ਭਾਸ਼ਾ ਵਿਚ Litrature ਸ਼ਬਦ ਮੂਲ ਰੂਪ Litteratura ਹੈ। ਜਿਸ ਦਾ ਭਾਵ ਹੈ, ਸ਼ਬਦ ਨਾਲ ਲਿਖੀ ਕਿਸਮ "Writing formed with letters" ਬੇਸ਼ੱਕ ਸਾਹਿਤ ਦੀਆਂ ਕੁੱਝ ਪਰਿਭਾਸ਼ਾ ਹਨ ਜੋ ਬੋਲੀਆਂ ਅਤੇ ਪੁਸਤਕ ਪਾਠ ਵਿਚ ਸ਼ਾਮਿਲ ਹਨ। ਸਾਹਿਤ ਦੀ ਪਰਖ ਗਲਪ

ਅਤੇ ਅਗਲਪ ਦੇ ਅਧਾਰ 'ਤੇ ਕੀਤੀ ਜਾਂਦੀ ਹੈ, ਕਾਵਿ ਸਾਹਿਤ ਹੈ ਜਾਂ ਗਦ ਸਾਹਿਤ ਹੈ। ਸਾਹਿਤਕ ਵੰਨਗੀਆਂ ਦੇ ਵੱਖ-ਵੱਖ ਅਧਾਰਾਂ 'ਤੇ ਸਾਹਿਤ ਦਾ ਵੱਖਰੇਵਾ ਮਿੱਥਿਆ ਜਾਂਦਾ ਹੈ।

ਸਾਹਿਤ ਪੱਤਰਕਾਰੀ ਤੇ Nonfiction ਦੇ ਅਧਾਰ 'ਤੇ ਵੀ ਪਰਿਭਾਸ਼ਤ ਕੀਤਾ ਜਾਂਦਾ ਹੈ, ਭਾਵੇਂ ਇਸ ਵੰਨਗੀ ਵਿਚ ਵਾਦ-ਵਿਵਾਦ ਜਾਂ ਝਗੜਾਲੂ ਕਿਸਮ ਦੀ ਸੋਚ ਦੀ ਜਾਣਕਾਰੀ ਕਿਉਂ ਨਾ ਹੋਵੇ। ਜਿਵੇਂ ਸਵੈ-ਜੀਵਨੀ ਅਤੇ ਵਿਰੋਧੀ ਸਿੱਟਾ ਦੇਣ ਵਾਲੇ ਵਿਚਾਰ ਚਾਹੇ ਇਹ ਗਦ, ਕਵਿਤਾ ਜਾਂ ਨਾਟਕ 'ਤੇ ਅਧਾਰਿਤ ਹੋਣ ਵਾਦ-ਵਿਵਾਦ ਅਤੇ ਝਗੜਾਲੂ ਪ੍ਰਵਿਰਤੀਆਂ ਨੂੰ ਜ਼ਰੂਰ ਜਨਮਦੇ ਹਨ। ਕਵਿਤਾ ਵਿਚ ਲਿਖਿਆ ਵਿਚਾਰ ਸਾਹਿਤਕ ਭਾਸ਼ਾ ਦੀ ਸਾਹਿਤਕਤਾ ਦੀ ਲੈਅ ਅਤੇ ਸੰਦਰਭਾਂ ਦਾ ਪ੍ਰਗਟਾਅ ਕਰਦਾ ਹੈ। ਜਦੋਂ ਕਿ ਗਦ ਵਿਚ ਲਿਖਿਆ ਸਾਹਿਤ ਸਧਾਰਣ ਹੋਇਆ ਤਰਕ 'ਤੇ ਜ਼ੋਰ ਦਿੰਦਾ ਹੈ। ਸਾਹਿਤ ਇਤਿਹਾਸਕ ਸਮੇਂ ਅਨੁਸਾਰ ਸਨਾਤਨੀ ਵੀ ਹੋ ਸਕਦਾ ਹੈ। ਸ਼ੈਲੀ ਅਤੇ ਰਾਜਨੀਤਿਕ ਪ੍ਰਭਾਵ ਦਾ ਧਾਰਨੀ ਵੀ ਹੋ ਸਕਦਾ ਹੈ। ਬੇਸ਼ੱਕ ਸ਼ੈਲੀ ਦਾ ਸੰਕਲਪ ਬਹੁਤ ਸਾਰੇ ਮੁਲਕ ਵਿਚ ਫੈਲਿਆ ਹੈ। ਸਾਧਾਰਨ ਤੌਰ 'ਤੇ ਸ਼ੈਲੀ ਇੱਕ ਸਾਰ ਨਿਰੰਤਰ ਰਚੇ ਜਾਣ ਵਾਲੇ ਕਲਮਮਈ ਕੰਮ ਦਾ ਸਿੱਟਾ ਹੈ। ਇੱਕ ਕਲਾਕਾਰ ਦੀ ਨਿਰੰਤਰ ਸਾਹਿਤ ਰਚਨਾ ਸ਼ੈਲੀ ਨੂੰ ਜਨਮ ਦਿੱਤੀ, ਉਸ ਕਲਾਕਾਰੀ ਦੀ ਉਹ ਪ੍ਰਤਿਭਾ ਸਥਾਪਤ ਕਰਦੀ ਹੈ ਜੋ ਉਸ ਦੇ ਲਿਖਣ ਢੰਗ ਵਿਚ ਹੈ। Man is a style, style is a man ਸਾਹਿਤ ਵਿਚ ਇਹ ਕਹਾਵਤ ਪ੍ਰਮਾਣਿਤ ਹੈ। ਆਧੁਨਿਕ ਸਾਹਿਤ ਨੂੰ ਪਰਿਭਾਸ਼ਤ ਕਰਨ ਲਈ ਕਿਹਾ ਜਾ ਸਕਦਾ ਹੈ ਕਿ ਸਾਹਿਤ ਇੱਕ ਤਬਦੀਲੀ ਹੈ, ਭਾਵ ਆਧੁਨਿਕ ਸਾਹਿਤ ਹੀ ਤਬਦੀਲੀ ਹੈ, ਤਬਦੀਲੀ ਹੀ ਆਧੁਨਿਕ ਸਾਹਿਤ ਹੈ।

### ਆਧੁਨਿਕ ਸਾਹਿਤ ਦੇ ਕਾਵਿ ਅਤੇ ਗਦ ਤੱਤ :-

ਕਵਿਤਾ ਮਨੁੱਖੀ ਮਨ ਦੀ ਮੁੱਢਲੀ ਉਤਪਤੀ ਹੈ ਜਾਂ ਜੀਵਨ ਦੀਆਂ ਉਨ੍ਹਾਂ ਘਟਨਾਵਾਂ ਦੀ ਉਤਪਤੀ ਹੈ, ਜੋ ਸਾਡੇ ਜੀਵਨ ਵਿਚ ਸੂਖ਼ਮ ਰੂਪ ਵਿਚ ਵਾਪਰਦੀਆਂ ਹਨ। ਜਿਨ੍ਹਾਂ ਦਾ ਸੰਬੰਧ ਸਾਡੀ ਮਾਨਸਿਕਤਾ ਅਤੇ ਹਾਵ-ਭਾਵਾਂ ਅਤੇ ਜਜ਼ਬਾਤਾਂ ਨਾਲ ਹੁੰਦਾ ਹੈ। ਸ਼ਾਇਦ ਇਸ ਪੱਖ ਤੋਂ ਆਦਿ ਮਨੁੱਖ ਕਵਿਤਾ ਦੇ ਆਰੰਭ ਦੇ ਨੇੜੇ ਸੀ। ਉਦਾਹਰਣ ਦੇ ਤੌਰ 'ਤੇ ਉਸ ਕੋਲ ਰਾਤ ਦੇ ਖ਼ੂਬਸੂਰਤ ਤਾਰਿਆਂ ਨਾਲ ਅਥਾਹ ਜਗਦੀਆਂ ਜੋਤਾਂ ਅਤੇ ਟਿਮ-ਟਮਾਉਂਦੀ ਰੌਸ਼ਨੀ ਨਾਲ ਭਰਿਆ ਆਕਾਸ਼ ਉਸ ਦੇ ਸਿਰ 'ਤੇ ਸੀ। ਜਦੋਂ ਕੋਈ ਨਹੀਂ ਸੀ ਜਾਣਦਾ ਕਿ ਇਹ ਕੀ ਹੈ। ਇਹ ਹੈਰਾਨ ਕਰਨ ਵਾਲੇ ਖਲਾਅ ਵਿਚ ਰਹਿੰਦਾ ਹੋਇਆ, ਮਨੁੱਖ ਇਸ ਗਹਿਰਾਈ ਵਿਚ ਵਿਚਰਦਾ ਜੋ ਉਸ ਲਈ ਗਹਿਰੀ ਤੋਂ ਗਹਿਰੀ ਹੁੰਦੀ ਜਾ

ਰਹੀ ਸੀ। ਇਸ ਪ੍ਰਤੀ ਮਨੁੱਖੀ ਮਨ ਵਿਚ ਕਮਾਅ ਦੇਣ ਵਾਲੇ ਖਿਆਲ ਆਉਂਦੇ ਹੋਣਗੇ। ਉਸ ਵੇਲੇ ਮਨੁੱਖ ਜਦੋਂ ਨਾ ਤਜ਼ਰਬੇਕਾਰ ਸੀ, ਸਿਰਫ਼ ਆਦਿ ਵਾਸੀ ਸੀ। ਜਦੋਂ ਮਨੁੱਖ ਅਜੇ ਮਨੁੱਖ ਵੀ ਨਹੀਂ ਸੀ, ਸਿਰਫ਼ ਵਿਕਾਸ ਦਾ ਧਾਰਨੀ ਸੀ।

ਇਹ ਹੈਰਾਨੀਜਨਕਤਾ ਮਨੁੱਖ ਨੂੰ ਆਪਣੀਆਂ ਬਾਂਹਾਂ ਵਿਚ ਘੇਰ ਲੈਂਦੀ, ਜਦੋਂ ਉਹ ਰਾਤ ਖੁੱਲ੍ਹੇ ਆਸਮਾਨ ਹੇਠ ਤਾਰਿਆਂ ਦੀ ਰੌਸ਼ਨੀ ਵਿਚ ਅਕਾਸ਼ ਦੇ ਅਥਾਂਹ ਅਕਾਰ ਨੂੰ ਤੱਕਦਾ। ਇਹ ਮਨੁੱਖ ਲਈ ਮੌਢੀ ਅਦਭੁਦ ਨਜ਼ਾਰਾ ਹੋਵੇਗਾ। ਉਸ ਸਮੇਂ ਮਨੁੱਖੀ ਮਨ ਵਿਚ ਇਸ ਨਜ਼ਾਰੇ ਪ੍ਰਤੀ ਤਰ੍ਹਾਂ-ਤਰ੍ਹਾਂ ਦੇ ਖਿਆਲ ਆਉਣੇ ਕੁਦਰਤੀ ਹਨ। ਇਨ੍ਹਾਂ ਖ਼ਿਆਲਾਂ ਦਾ ਮਨੁੱਖੀ ਮਨ ਵਿਚ ਪੁੰਗਰਨਾ ਹੀ ਕਵਿਤਾ ਦਾ ਆਗਮਨ ਹੈ। ਹੁਣ ਚੀਜ਼ਾਂ ਬਹੁਤ ਬਦਲ ਗਈਆਂ ਹਨ, ਫਿਰ ਵੀ ਜੇ ਅਸੀਂ ਵਕਤ ਕੱਢ ਕੇ ਸ਼ਹਿਰ ਤੋਂ ਦੂਰ ਹੋਈਏ ਜਾਂ ਆਪਣੇ ਘਰ ਦੇ Backyard ਵਿਚ ਹੋਈਏ ਅਤੇ ਆਪਣੇ ਸਿਰ ਉਪਰਲੀ Darkness ਨੂੰ ਤੱਕੀਏ ਤਾਂ ਅਸੀਂ ਹੁਣ ਵੀ ਤਾਰਿਆਂ ਭਰੇ ਆਸਮਾਨ ਦੀ ਤਾਰੀਫ਼ ਕਰਦੇ ਨਹੀਂ ਥੱਕਦੇ ਅਤੇ ਆਸਮਾਨ ਦੇ ਹੈਰਾਨਮਈ ਵਿਸ਼ਾਲ ਦ੍ਰਿਸ਼ ਦੀ ਪ੍ਰਭਾਵਿਕਤਾ ਤੋਂ ਬਚ ਨਹੀਂ ਸਕਦੇ। ਇਹ ਨਜ਼ਾਰਾਂ ਮੁੱਢਲੇ ਮਨੁੱਖ ਲਈ ਕਿੰਨ੍ਹਾ ਹੈਰਾਨਮਈ ਹੋਵੇਗਾ। ਜਿਸ ਨੂੰ ਤਾਰਿਆਂ ਦੀ ਨਾ ਸਾਰ ਸੀ, ਨਾ ਅੰਬਰ ਦਾ ਪਤਾ ਸੀ।

ਇਹ ਮਨੋਵੇਗੀ ਝਰਨਾਹਟ ਹੈ ਜੋ ਸਿਰਜਨਾਤਮਕ ਮਨੁੱਖ ਨੇ ਸਿਰਜਨਾਮਕਤਾ ਪ੍ਰਤੀ ਆਪਣੇ ਮਨ ਵਿਚ ਵਸਾ ਲਈ। ਆਪਣੇ ਤੋਂ ਪਿੱਛੇ ਰਹਿ ਗਈ ਅਚੇਤਨਾ ਵਿਚ ਇਹ ਵਿਕਾਸਸ਼ੀਲਤਾ ਭਵਿੱਖ ਲਈ ਮਨੁੱਖੀ ਅਵਚੇਤਨਾ ਵਿਚ ਸੰਭਾਲੀ ਗਈ ਅਤੇ ਮਨੁੱਖੀ ਮਨ ਅਤੇ ਚੇਤਨਾ ਦਾ ਅਨਿੱਖਵਾ ਅੰਗ ਬਣ ਗਈ। ਇਸ ਝਰਨਾਹਟ ਦੀ ਸਿਫ਼ਤ ਅਤੇ ਸ਼ਰਧਾ ਸਿਤਰਿਆਂ ਲਈ ਕੁਦਰਤ ਦੀ ਅਦਭੁੱਦਤਾ ਲਈ ਮਨੁੱਖ ਦੀ ਜ਼ਿੰਮੇਵਾਰੀ ਬਣ ਗਈ ਹੈ। ਇਹ ਜ਼ਿੰਮੇਵਾਰੀ ਵਿਅਕਤੀਗਤ ਅਤੇ ਕੁਦਰਤ ਵਿਚਕਾਰ, ਮਨੁੱਖ ਅਤੇ ਵਿਸ਼ਵ ਵਿਚਕਾਰ, ਮਨੁੱਖੀ ਸਰਵ ਵਿਆਪਕਤਾ ਅਤੇ ਬ੍ਰਹਮੰਡਕ ਵਿਚਾਰ ਪੂਜਣ ਯੋਗ ਰੂਪ ਧਾਰ ਗਈ। ਇਹ ਆਪਣੇ-ਆਪ ਵਿਚ ਸਿਫ਼ਤ ਸੀ ਜੋ ਆਪਣੇ-ਆਪ ਵਿਚ ਜਿੰਮੇਵਾਰ ਸੀ। ਅਨੁਭਵ ਅਤੇ ਗਿਆਨ ਪੈਦਾ ਕਰਨ ਲਈ ਉਸ ਪ੍ਰਤੀ ਜੋ ਸਾਡੇ ਨਾਲੋਂ ਵੱਧ ਮਹਾਨ ਸੀ, ਮਨੁੱਖ ਨਾਲੋਂ ਵੱਧ ਮਹਾਨ ਸੀ, ਮਨੁੱਖ ਨੇ ਪ੍ਰਭੂ ਦੀ ਪ੍ਰਭੂਸਤਾ ਨੂੰ ਅਨੁਭਵ ਕੀਤਾ। ਇਹ ਸੱਭ ਕੁੱਝ ਮਨੁੱਖ ਨਾਲ ਇੱਕ ਇਕਾਈ ਦੇ ਰੂਪ ਵਿਚ ਵਾਪਰਿਆ। ਇਹ ਇਕਾਈ ਕਾਦਰ, ਕੁਦਰਤ ਤੇ ਮਨੁੱਖ ਦੀ ਇਕਾਈ ਸੀ। ਇਹ ਇਕਾਈ ਹੀ ਮਨੁੱਖ ਨੂੰ ਆਪਣੀ ਅਭਿਵਿਅਕਤੀ ਲਈ ਮਜ਼ਬੂਰ ਕਰਦੀ ਸੀ। ਉਸ ਤਰੀਕੇ ਨਾਲ ਜਿਸ ਨੂੰ ਅਸੀਂ ਅੱਜ ਕਵਿਤਾ ਕਹਿੰਦੇ ਹਾਂ। ਮਨੁੱਖ ਨੇ ਇੱਕ ਅਭਿਵਿਅਕਤੀ ਸਿਰਜੀ ਜੋ ਕਾਵਿਕ ਵੰਨਗੀ ਵਿਚ ਬਦਲ ਗਈ।

ਇਸ ਕਿਸਮ ਦੀਆਂ ਅਭਿਵਿਅਕਤੀਆਂ ਦੂਜੀਆਂ ਨਾਲੋਂ ਵੱਖਰੀਆਂ ਹਨ ਜੋ ਮਨੁੱਖ ਪਹਿਲਾਂ ਹੀ ਸੰਕਲਿਤ ਕਰ ਚੁੱਕਾ ਸੀ। ਬੇਸ਼ੱਕ ਇਹ Pictograph ਭਾਵ ਚਿੱਤਰ ਰੇਖਾ ਵਿਚ ਹਨ ਜਾਂ ਚਿੱਤਰ ਰੇਖਾ ਅਜਿਹੀਆਂ ਹਨ। ਅਜਿਹੀਆਂ ਅਭਿਵਿਅਕਤੀਆਂ ਦੂਜੀਆਂ ਨਾਲੋਂ ਵੱਖਰੀਆਂ ਹਨ। ਇਸ ਲਈ ਇਨ੍ਹਾਂ ਅਭਿਵਿਅਕਤੀਆਂ 'ਚੋਂ ਕਵਿਤਾ ਜਨਮਦੀ ਹੈ। ਇਸ ਤਰ੍ਹਾਂ ਕਵਿਤਾ ਮਨੁੱਖ ਦੇ ਪਿੱਤਰੀ ਵਿਕਾਸ ਦਾ ਹਿੱਸਾ ਬਣਦੀ ਹੈ। ਇਸ ਕਰਕੇ ਅਸੀਂ ਅੱਜ ਵੀ ਕਵਿਤਾ ਪੜ੍ਹ ਕੇ ਆਨੰਦ ਮਾਣਦੇ ਹਾਂ। ਇਹ ਜਿੱਥੇ ਸਾਡੇ ਦਿਲ ਦਾ ਹਿੱਸਾ ਬਣਦੀ ਹੈ। ਉੱਥੇ ਲਹੂ ਬਣ ਮਨੁੱਖੀ ਰਗਾਂ 'ਚ ਦੌੜਦੀ ਹੈ। ਅੱਜ ਵੀ ਅਸੀਂ ਮਹਿਸੂਸ ਕਰਦੇ ਹਾਂ, ਕਿ ਸਾਂਝਾਪਣ, ਰੁਮਾਂਸ, ਪਿਆਰ ਜਾਂ ਰੋਸਾ ਉਹ ਮਜ਼ਬੂਤ ਹਾਵ-ਭਾਵ ਹਨ ਜੋ ਸਾਨੰ ਵਧੇਰੇ ਕਵਿਤਾ ਵੱਲ ਉਤਸੁੱਕ ਕਰਦੇ ਹਨ। ਕਵਿਤਾ ਮਨੁੱਖ ਦਾ ਪਿੱਤਰੀ ਸੰਦਰਭ ਹੀ ਨਹੀਂ। ਕਵਿਤਾ ਦਿਲ ਦਾ ਸੰਗੀਤ ਹੈ। ਆਤਮ ਦੀ ਬੋਲੀ ਹੈ। ਮਨੁੱਖੀ ਉਸ ਸੰਦਰਭ ਦੀ ਅਭਿਵਿਅਕਤੀ ਕਵਿਤਾ ਕਰਦੀ ਹੈ। ਜਿਸ ਨੂੰ ਅਸੀਂ ਵੇਖ ਨਹੀਂ ਸਕਦੇ, ਸਿਰਫ਼ ਅਨੁਭਵ ਕਰ ਸਕਦੇ ਹਾਂ। ਕਵਿਤਾ ਮਨੁੱਖ ਅਤੇ ਔਰਤਾਂ ਦੇ ਸਾਂਝੇ ਭਾਵ ਦੀ ਮੂਰਤੀਮਾਨ ਦ੍ਰਿਸ਼ਟੀ ਹੈ। ਕਵਿਤਾ ਹਰ ਬ੍ਰਹਮੰਡਕ ਵਸਤੂ ਦਾ ਹਿੱਸਾ ਹੈ।

ਕਵਿਤਾ ਇੱਕ ਪ੍ਰਭਾਵਸ਼ਾਲੀ ਮਨੁੱਖ ਅਨੁਭਵਾਂ ਦੀ ਅਭਿਵਿਅਕਤੀ ਹੈ, ਜੋ ਮਨੱਖ ਨੂੰ ਵਿਅਕਤੀਗਤ ਅਤੇ ਵਿਅਕਤੀਗਤ ਦੇ ਦੁਆਲੇ ਦੀ ਭਾਈਵਾਲ ਬਣਾਉਂਦੀ ਹੈ। ਕਵਿਤਾ ਰਾਹੀਂ ਇਹ ਸਾਂਝ ਮਨੁੱਖ ਤੇ ਕੁਦਰਤ ਦੀ ਹੈ, ਮਨੁੱਖ ਵਿਸ਼ਵ ਅਤੇ ਬ੍ਰਹਮੰਡ ਦੀ ਹੈ। ਕਵਿਤਾ ਦਾ ਮਤਲਬ ਹੈ। ਬ੍ਰਹਮੰਡਕ ਵਿਚਾਰਾਂ 'ਤੇ ਭਾਵਾਂ ਨੂੰ ਮਨੋਵੇਗ ਅਤੇ ਅੰਦਰੂਨੀ ਤਜ਼ਰਬਿਆਂ ਨੂੰ ਚਿਰਸਥਾਈ ਕਰਨਾ।

Form ਰੂਪ ਭਾਵ ਕਾਵਿਕ ਬਣਤਰਾਂ। ਜਦੋਂ ਅਸੀਂ ਕਵਿਤਾ ਨੂੰ ਵੇਖਦੇ ਹਾਂ, ਪਹਿਲੀ ਗੱਲ ਜੋ ਸਾਡੀ ਨਜ਼ਰ ਪੈਂਦੀ ਹੈ, ਉਹ ਹੈ ਕਵਿਤਾ ਦਾ ਰੂਪ। ਸ਼ਕਲ ਜਾਂ ਬਣਤਰ ਦੂਜੇ ਸ਼ਬਦਾਂ ਵਿਚ ਕਵਿਤਾ ਬਣਤਰ ਦਾ ਪ੍ਰਗਟਾਅ ਹੈ। ਇਕ ਕਵਿਤਾ ਦੂਜੀ ਨਾਲੋਂ ਵੱਖਰੀ ਦਿੱਸਦੀ ਹੈ। ਦੂਜੀ, ਤੀਜੀ ਨਾਲੋਂ ਵੱਖਰੀ। ਇਸ ਤਰ੍ਹਾਂ ਵੱਖਰੀ ਤੋਂ ਵੱਖਰੀ ਕਵੀ ਹਰ ਕਵਿਤਾ ਦੀ ਵੱਖਰੀ Form ਵਰਤਦਾ ਹੈ। ਜੋ ਕਵੀ ਵਲੋਂ ਪ੍ਰਗਟਾਏ ਗਏ ਵਿਚਾਰਾਂ ਨੂੰ ਪ੍ਰਭਾਵਿਤ ਕਰਦਾ ਹੈ। ਆਪਣੇ ਰੂਪ ਵਿਚ ਪੁਰਾਤਨ ਕਵਿਤਾ ਬੜੀ ਕਰੜੀ ਬਣਤਰ ਦੀ ਸੀ। ਜੋ ਲੋਕ ਅੱਜਕੱਲ੍ਹ ਵੀ ਕਵਿਤਾ ਦੀ ਉਹੀ ਪੁਰਾਤਨ ਬਣਤਰ ਵਰਤਦੇ ਹਨ। ਉਹ ਸਨਤਨੀ ਰਸਮੀ ਸ਼ੈਲੀਆਂ ਦੀ ਵਰਤੋਂ ਕਰਦੇ ਹਨ। ਅਜੋਕੇ ਸਮੇਂ ਵਿਚ ਪਰਾਤਨ ਸਿਧਾਂਤਾਂ ਨੂੰ ਤੋੜਣ ਦਾ ਬੜਾ ਜ਼ਬਰਦਸਤ ਰਿਵਾਜ਼ ਹੈ। ਨਵੀਂਨਤਾ ਲਿਆਉਣ ਲਈ ਨਵੀਂ ਕਵਿਤਾ ਖੁੱਲ੍ਹੀ ਕਵਿਤਾ ਭਾਵ Free verse ਵਲੋਂ ਜਾਣੀ ਜਾਂਦੀ ਹੈ। ਇਹ ਕਾਵਿ

ਬਣਤਰ ਵਧੇਰੇ ਕਰਕੇ ਆਧੁਨਿਕ ਸਮੇਂ ਦੀ ਹੈ ਅਤੇ ਸੰਭਵ ਆਧੁਨਿਕਤਾ ਨੂੰ ਪੇਸ਼ ਕਰਦੀ ਹੈ। ਕਦੀ ਖੁੱਲ੍ਹੀ ਕਵਿਤਾ ਇਸ ਲਈ ਵਰਤੀ ਜਾਂਦੀ ਸੀ, ਕਿ ਕਵਿਤਾ ਆਪਣੇ ਮੂਲ ਹਾਵ-ਭਾਵ ਯਥਾਰਥ ਸੱਚ ਦੇ ਰੂਪ ਪ੍ਰਗਟਾਅ ਸਕੇ ਕਿਉਂਕਿ ਕਵਿਤਾ ਦੀ ਪਿੰਗਲ ਕਦੀ-ਕਦੀ ਆਪਣੀਆਂ ਬੰਦਸ਼ਾ ਕਾਰਨ ਕਵਿਤਾ ਦੇ ਹਾਵ-ਭਾਵ ਦੀ ਅਸੀਮਤ ਨੂੰ ਰੋਕਦੀ ਹੈ।

ਖੁੱਲ੍ਹੀ ਕਵਿਤਾ ਨੂੰ ਵੇਖਣ ਪਿੱਛੋਂ ਲੱਗਦਾ ਹੈ, ਕਿ ਕਵਿਤਾ ਕਿਸਮ ਦੀ Form ਵਿਚ ਹੈ, ਉਹ Form ਹੈ ਸਤਰ੍ਹਾਂ ਦੀ ਹੋਂਦ। ਇਹ ਸਤਰ੍ਹਾਂ ਲੇਖਕ ਦੇ ਵਿਚਾਰਾਂ ਅਤੇ ਖ਼ਿਆਲਾਂ ਦੇ ਪ੍ਰਗਟਾਅ ਦਾ ਮਾਧਿਅਮ ਸਾਧਨ ਹੁੰਦੀਆਂ ਹਨ। ਇਹ ਕਵਿਤਾ ਦੀ ਉਸਾਰੀ ਲਈ ਚੂਲਾ ਹਨ। ਹਰ ਸਤਰ੍ਹ ਦੇ ਸ਼ਬਦ ਕਵੀ ਮੁਤਾਬਕ ਹੀ ਜਾਗਰੂਕ ਅਤੇ ਕਵਿਤਾ ਅਨੁਸਾਰ ਹੁੰਦੇ ਹਨ। ਸੋ ਤੁਸੀਂ ਵੇਖਦੇ ਹੋ ਕਿ ਕਵਿਤਾ ਵਿਚ ਕੁੱਝ ਸਤਰ੍ਹਾਂ ਬਰਾਬਰ ਹਨ, ਕੁੱਝ ਛੋਟੀਆਂ ਵੱਡੀਆ ਹਨ। ਸਤਰ੍ਹ ਦੀ ਲੰਬਾਈ, ਸਤਰ੍ਹ ਦਾ ਅੰਤ, ਸਤਰ੍ਹ ਦੀ ਵੰਡ, ਸਤਰ੍ਹ ਦਾ ਮੋੜ ਅਤੇ ਸਤਰ੍ਹ ਦੀ ਬਣਤਰ ਆਦਿ ਸੱਭ ਸਤਰ੍ਹ ਵਿਉਂਤਬੰਦੀ ਦੇ ਤੱਤ ਹਨ। ਸਤਰ੍ਹ ਦਾ ਅਕਾਰ ਕਵਿਤਾ ਵਿਚਲੇ ਖਿਆਲ ਦੇ ਸੁਭਾਅ ਅਨੁਸਾਰ ਹੋਣ ਦਾ ਇੱਛਕ ਹੁੰਦਾ ਹੈ। ਦਿਲ ਵਿਚ ਧੜਕਦੇ ਸਾਹ ਦੀ ਗਤੀ ਨੂੰ ਇਹ ਸਤਰ੍ਹ ਵਿਉਂਤ ਨਾਪਦੀ ਹੈ। ਦਿਲ ਦੀ ਧੜਕਣ ਦੀ ਤੇਜ਼ ਅਤੇ ਧੀਮੀ ਗਤੀ ਦੇ ਅਨੁਭਵ ਦਾ ਪ੍ਰਗਟਾਅ ਕਰਦੀ ਹੈ। ਮਨੋਦਸ਼ਾ ਦੇ ਤੇਜ਼ ਅਤੇ ਧੀਮੇ ਕਾਰਜ ਨੂੰ ਅੰਕਿਤ ਕਰਨ ਲਈ ਕਾਵਿਕ ਸਤਰ੍ਹਾਂ ਦਾ ਅਕਾਰ ਛੋਟਾ-ਵੱਡਾ ਹੁੰਦਾ ਹੈ। ਕਵਿਤਾ ਵਿਚ ਜਦੋਂ ਸਤਰ੍ਹ ਦੀ ਵੰਡ ਹੋਵੇ ਤਾਂ ਉਸ ਵੰਡ ਦਾ ਅਧਾਰ ਕਿਸੇ ਹੈਰਾਨਕੁਨ ਅਤੇ ਸੁਝਾਓ ਸ਼ਬਦ ਹੋਣਾ ਚਾਹੀਦਾ ਹੈ। ਜੋ ਅਗਲੀ ਸਤਰ੍ਹ ਪੜਨ ਲਈ ਉਤਸੁਕਤਾ ਪੈਦਾ ਕਰੇ। ਕਵਿਤਾ ਵਿਚ ਸਤਰ੍ਹ ਦਾ ਅੰਤ ਕਵਿਤਾ ਵਿਚਲੇ ਤੋਲ ਨੂੰ ਪੂਰਾ ਕਰਨ ਵਾਲੇ ਸ਼ਬਦ ਨਾਲ ਹੋਣਾ ਚਾਹੀਦਾ ਹੈ। ਜੋ ਸ਼ਬਦ ਪੂਰਨ ਕਾਵਿ ਭਾਵ ਸ਼ਬਦ ਹੋਵੇ। ਕਾਵਿਕ ਭਾਵ ਪੂਰਤੀ ਲਈ ਕਵਿਤਾ ਦੀ ਸਤਰ ਵਿਚ ਉਦੋਂ ਦੌੜ ਆਉਂਦਾ ਹੈ। ਜਦੋਂ ਕਵਿਤਾ ਨੂੰ ਦੋ ਸਤਰ੍ਹਾਂ ਦੇ ਮੇਲ 'ਚੋਂ ਉਤਸੁਕਤਾ ਜਨਮਨੀ ਚਾਹੀਦੀ ਹੈ। ਸਤਰ੍ਹਾਂ ਦੀ ਬਣਤਰ Structure ਅਨੁਕੂਲ ਸ਼ਬਦਾਂ ਦੀ ਚੋਣ ਅਤੇ Texture ਸ਼ਬਦ ਜੜ੍ਹਤ ਉਚਿਤ ਹੋਣੀ ਚਾਹੀਦੀ ਹੈ। ਖੁੱਲ੍ਹੀ ਕਵਿਤਾ ਵਿਚ ਸਤਰ੍ਹਾਂ ਦੀ ਦਰਸ਼ਨੀ ਪੱਖ ਪ੍ਰਭਾਵਸ਼ਾਲੀ ਹੋਣਾ ਚਾਹੀਦਾ ਹੈ। ਅਰਥਾਤ ਕਾਗਜ਼ ਦੇ ਸਫ਼ੇ 'ਤੇ ਸਤਰ੍ਹਾਂ ਇਸ ਤਰ੍ਹਾਂ ਚਿਣੀਆਂ ਜਾਣ ਕਿ ਇਨ੍ਹਾਂ ਦੀ ਦਿੱਖ 'ਚੋਂ ਕਵਿਤਾ ਦੀ ਊਰਜਾ ਵਿਚ Sensations moods ਅਤੇ Images ਪਾਠਕ ਦੇ ਮਨ ਵਿਚ ਪੈਦਾ ਹੋਣਗੇ।

ਵੇਖਣ ਵਿਚ ਆਇਆ ਹੈ ਕਿ ਖੁੱਲ੍ਹੀ ਕਵਿਤਾ ਦੀਆਂ ਸਤਰ੍ਹਾਂ ਭਾਗਾਂ ਵਿਚ ਵੰਡੀਆਂ ਹੁੰਦੀਆਂ ਹਨ। ਜਿਸ ਨੂੰ ਖੰਡ-ਵੰਡ ਜਾਂ ਪੈਰ੍ਹਾ-ਗ੍ਰਾਫ ਕਹਿੰਦੇ ਹਨ। ਇਹ Stanzas ਵੀ ਕਹਾਉਂਦੇ ਹਨ। ਇਹ ਪੈਰ੍ਹਾ-ਗ੍ਰਾਫ ਸਤਰਾਂ ਦਾ ਇਕੱਠ ਹੁੰਦਾ ਹੈ। ਕਾਫੀਆ ਆਵਾਜ਼ ਦੀ ਨਕਲ ਹੈ ਜੋ ਸਤਰ੍ਹ ਦੇ ਅੰਤ ਵਿਚ ਮਾਤਰੀ ਸ਼ਬਦ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਕਵਿਤਾ ਵਿਚ ਦੋ ਕਿਸਮ ਦੇ ਕਾਫੀਏ ਵਰਤੇ ਜਾਂਦੇ ਹਨ। ਪਹਿਲਾ ਹੈ ਅੰਤਿਮ ਕਾਫੀਆ, ਜੋ ਸਤਰ੍ਹ ਦੇ ਅੰਤ ਵਿਚ ਆਉਂਦਾ ਹੈ। ਦੂਜਾ ਹੈ ਅੰਦਰੂਨੀ ਕਾਫੀਆ, ਜੋ ਸਤਰ੍ਹ ਦੇ ਵਿਚਾਲੇ ਆਉਂਦਾ ਹੈ। ਪਰ ਵਧੇਰੇ ਕਰਕੇ ਸਤਰ੍ਹ ਦੇ ਅੰਤ ਵਿਚ ਆਉਣ ਵਾਲਾ ਹੀ ਕਾਫੀਆ ਵਰਤਿਆ ਜਾਂਦਾ ਹੈ ਪਰ ਫਿਰ ਵੀ ਕਵਿਤਾ ਨੂੰ ਵਧੇਰੇ ਖੁੱਲ੍ਹੀ ਤਰ੍ਹਾਂ ਕਲਾਮਈ ਢੰਗ ਨਾਲ ਪੜ੍ਹਨਾ ਅਤੇ ਮਾਨਣਾ, ਕਵਿਤਾ ਦੇ structure ਦੀ ਇਕਾਈ ਦਾ ਹਿੱਸਾ ਹੈ। Internal rhyme ਦੀ ਇੱਕ ਉਦਾਹਰਣ ਹੇਠ ਦਿੱਤੀ ਗਈ ਹੈ। It won't belong before my song ends the day.

And flowers near the towers reach the sky.

Pattern ਤੋਂ ਭਾਵ ਹੈ ਸਾਂਚਾ, ਢਾਂਚਾ ਜਾਂ ਪ੍ਰਤੀਰੂਪ। ਕਵਿਤਾ ਜਦੋਂ ਪੜ੍ਹੀ ਜਾਂਦੀ ਹੈ, ਤਾਂ ਕਾਫੀਆ ਕਵਿਤਾ ਦੀ ਵੰਨਗੀ ਦਾ Pattern ਸਿਰਜਦਾ ਹੈ। ਭਾਵ ਇਕ ਖ਼ਾਸ ਪ੍ਰਭਾਵ ਸਿਰਜਦਾ ਹੈ। ਜਿਸ ਦਾ ਸਿੱਟਾ ਖ਼ੁਸ਼ਗੁਆਰ ਪ੍ਰੇਰਨਾਪੂਰਵ ਨਿਕਲਦਾ ਹੈ। ਮਨੁੱਖ ਆਮ ਤੌਰ 'ਤੇ ਵੰਨਗੀ ਨੂੰ ਕਾਵਿਕ ਵਿਸ਼ੇ ਦੀ ਗੁੰਜਾਇਸ਼ ਸਮਝਦਾ ਹੈ। ਸੱਚਾਈ ਇਹ ਹੈ ਕਿ ਅਸੀਂ ਸਾਰੇ ਜੀਵਨ ਵਿਚ ਇਸ Pattern ਵੰਨਗੀ ਨਾਲ ਰਹਿੰਦੇ ਹਾਂ। ਸਾਰੀਆਂ ਜ਼ਿੰਦਗੀਆਂ ਆਪਣੇ-ਆਪ ਵਿਚ ਸਾਡੇ ਲਈ ਵੰਨਗੀਆਂ ਹਨ। ਜੋ ਮਨੁੱਖ ਨੂੰ ਵਿਅਕਤੀਗਤ ਤੌਰ 'ਤੇ ਪ੍ਰਤੀਤੀ ਅਤੇ ਸਿਰਜਣਾਤਮਕ ਜੀਵਨ ਵਿਚ ਅੰਦਰਲਾ Pattern ਸਿਰਜਣ ਦੀ ਇਜਾਜ਼ਤ ਦਿੰਦੀਆਂ ਹਨ। ਇਹ ਜੋ ਕਾਫੀਆ ਹੈ, One of the contributors to the pattern created in reading or writing a poem. ਭਾਵ ਕਵਿਤਾ ਨੂੰ ਪੜ੍ਹੇ ਅਤੇ ਲਿਖੇ ਜਾਣ ਦਾ ਰੂਪ ਕਾਫੀਆ ਹੈ।

Rhythm ਭਾਵ ਤੋਲ, ਬਹਿਰ, ਵਜ਼ਨ, ਲੈਅ, ਕਵਿਤਾ ਵਿਚ ਦੂਸਰਾ ਯੋਗਦਾਨ Pattern ਲਈ ਬਹੁਤ ਸਾਰੀਆਂ ਮਾਤਰਾ ਦਾ ਹੈ। ਇਹ ਮਾਤਰਾ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ, ਲਘੂ ਅਤੇ ਗੁਰੂ। ਲਘੂ ਛੋਟੀ ਮਾਤਰਾ ਹੁੰਦੀ ਹੈ, ਗੁਰੂ ਵੱਡੀ ਮਾਤਰਾ ਹੁੰਦੀ ਹੈ। ਲਘੂ ਵਿਚ ਇੱਕ ਮਾਤਰਾ ਗਿਣੀ ਜਾਂਦੀ ਹੈ, ਗੁਰੂ ਵਿਚ ਦੋ ਮਾਤਰਾ ਗਿਣੀਆਂ ਜਾਂਦੀਆਂ ਹਨ। ਸਤਰ੍ਹਾਂ ਦੀ ਸੰਭਾਲ ਤੇ ਵੰਡ Rhythm ਨੂ ਸਿਰਜਣਾ ਸ਼ਕਤੀ ਪ੍ਰਦਾਨ ਕਰਦੀ ਹੈ। ਸ਼ਬਦ ਚੋਣ ਸ਼ਬਦਾਂ ਦੀ ਕਾਵਿਕ ਰੂਹ ਅਨੁਸਾਰ ਸ਼ਬਦ ਜੜ੍ਹਤ ਵੀ ਕਵਿਤਾ ਵਿਚ ਲੈਅ ਪੈਦਾ ਕਰਦੀ

ਹੈ। ਸਤਰ੍ਹਾਂ ਦਾ ਖਿਆਲ ਅਨੁਸਾਰ ਛੋਟਾ-ਵੱਡਾ ਅਕਾਰ ਵੀ ਕਵਿਤਾ ਦੇ Rhythm ਲਈ ਸਹਾਈ ਹੁੰਦਾ ਹੈ। ਅਨੁਪ੍ਰਾਸ ਸ਼ਬਦਾਂ ਦੀ ਵਰਤੋਂ ਵੀਂ ਕਾਵਿਕ ਲੈਅ ਦਾ ਸੋਮਾ ਹੈ। Regularity and repetition of ਅਨੁਪ੍ਰਾਸ ਸ਼ਬਦਾਵਲੀ ਦਾ ਸੰਗੀਤਮਈ Pattern ਸਿਰਜਦਾ ਹੈ। ਜਿਸ 'ਚੋਂ ਕਾਵਿਕ ਰਿੱਧਮ ਜਨਮਦਾ ਹੈ। ਕਵਿਤਾ ਦੀਆਂ ਸਤਰ੍ਹਾਂ ਵਿਚਲੀਆਂ ਮਾਤਰਾ ਦਾ ਦਬਾਅ ਅਤੇ ਲਚਕਤਾ ਕਵਿਤਾ ਵਿਚ Beat ਪੈਦਾ ਕਰਦੀ ਹੈ। Euphony ਭਾਵ ਸੁਰੀਲਾਪਣ, ਮਧੁਰਤਾ। ਕਾਵਿਕ ਮਧੁਰਤਾ ਕਵਿਤਾ ਵਿਚਲੀ ਸੰਭਵ ਅਤੇ ਸੁਰੀਲੀ ਧੁਨੀ ਦੀ ਹੋਂਦ ਦਾ ਵਜੂਦ ਹੈ। ਜੋ ਕਵਿਤਾ ਨੂੰ ਸੁਣਨ ਵਿਚ ਆਕਰਸ਼ਿਤ ਬਣਾਉਂਦਾ ਹੈ। ਇਕ ਕਵਿਤਾ ਵਿਚ ਬਹੁਤ ਹੀ ਸ੍ਰੇਸ਼ਟ ਧੁਨੀ ਹੁੰਦੀ ਹੈ। ਜੋ ਕਵਿਤਾ ਪੜ੍ਹਨ ਲੱਗਿਆਂ ਅਨੁਭਵ ਹੁੰਦੀ ਹੈ। ਅਤੇ ਕਵਿਤਾ ਦੀ ਭਾਸ਼ਾ ਤੋਂ ਅਣਜਾਣ ਜੀਵ ਜੰਤੂਆਂ ਨੂੰ ਵੀ ਕਵਿਤਾ ਸੁਨਣ ਲਈ ਉਤਸੁਕ ਕਰਦੀ ਹੈ। ਇਸ ਧੁਨੀ ਦੀ ਕੋਈ ਭਾਸ਼ਾ ਨਹੀਂ ਹੁੰਦੀ ਇਹ ਸਿਰਫ਼ ਇੱਕ ਲੈਅ, ਇੱਕ ਸੰਗੀਤ, ਇੱਕ ਸੁਰ ਦੀ ਧਾਰਨੀ ਹੁੰਦੀ ਹੈ। ਕਵਿਤਾ ਵਿਚ ਅਜਿਹਾ ਸੁਰੀਲਾਪਣ ਕਵਿਤਾ ਨੂੰ ਪ੍ਰਭਾਵਸ਼ਾਲੀ ਅਤੇ ਦਿਲਕਸ਼ ਬਣਾਉਂਦਾ ਹੈ। ਕਵਿਤਾ ਜਦੋਂ ਉੱਚੀ ਸੁਰ ਵਿਚ ਪੜ੍ਹੀ ਜਾਂਦੀ ਹੈ ਤਾਂ ਸੁਰੀਲਾਪਣ ਸਿਰਜਦੀ ਹੈ ਕਿਉਂਕਿ ਕਵਿਤਾ, ਅਲੰਕਾਰਾਂ ਨਾਲ ਸੰਬੰਧਿਤ ਹੁੰਦੀ ਹੈ।

Poetic devices ਭਾਵ ਕਵਿਤਾ ਵਿਚ ਵਿਉਂਤਯੁਕਤ ਦੇ ਤੱਤ। ਕਵਿਤਾ ਦੇ ਵਿਉਂਤਯੁਕਤ ਤੱਤਾਂ 'ਚੋਂ ਸੱਭ ਤੋਂ ਪਹਿਲਾ ਤੱਤ ਹੈ, Alliteration ਭਾਵ ਅਨੁਪ੍ਰਾਸ। ਇਹ ਕਵਿਤਾ ਦੇ ਮਕਸਦ ਦੀ ਪੂਰਤੀ ਲਈ ਮਿਲਦੇ ਜੁਲਦੇ ਅੱਖਰਾਂ ਦੀ ਲਗਾਤਾਰ ਦੁਹਰਾਓ ਧੁਨੀ ਹੁੰਦੀ ਹੈ। ਇਸ ਨੂੰ ਵਰਣ-ਆਵ੍ਰਿਤੀ ਵੀ ਕਿਹਾ ਜਾਂਦਾ ਹੈ। ਕਾਵਿਕ ਸਤਰ੍ਹ ਦੇ ਆਰੰਭ ਵਿਚ ਕਾਵਿ ਅਨੁਪ੍ਰਾਸ ਲੈਅ ਪੈਦਾ ਕਰਦਾ ਹੈ। ਅਗਲਾ ਕਾਵਿ ਤੱਤ ਹੈ, Repetition of words and phrase ਖਿਆਲ 'ਤੇ Image ਵੀ ਕਵਿਤਾ ਦੀ ਵਿਉਂਤਬੰਦੀ ਦੇ ਮਹੱਤਵਪੂਰਨ ਤੱਤ ਹਨ। ਇੱਕ ਹੋਰ ਤੱਤ ਹੈ ਜੋ ਕਾਵਿ ਲਈ ਅਤਿ ਮਹੱਤਵਪੂਰਨ ਹੈ, ਉਹ ਹੈ, Anaphora ਭਾਵ Phrase ਜਾਂ ਕਹਾਵਤ। ਕਾਵਿਕ ਸਤਰਾਂ ਜਾਂ ਪਹਿਰਾ ਦੇ ਸਫ਼ਲਤਾਪੂਰਵਕ ਆਰੰਭ ਵਿਚ ਕਹਾਵਤ ਦੀ ਵਰਤੋਂ ਕਾਵਿਕ ਵੰਨਗੀ ਲਈ ਕੀਤੀ ਜਾਂਦੀ ਹੈ। ਸ਼ਬਦ ਜਾਂ ਕਹਾਵਤ ਦੀ ਵਰਤੋਂ ਨੂੰ Anapilosis ਕਹਿੰਦੇ ਹਨ। ਸ਼ਬਦ ਜਾਂ ਕਹਾਵਤ ਦੀ ਵਰਤੋਂ ਸਤਰ੍ਹ ਦੇ ਅੰਤ ਵਿਚ ਅਤੇ ਅਗਲੀ ਸਤਰ੍ਹ ਦੇ ਆਰੰਭ ਵਿਚ ਵੀ ਕੀਤੀ ਜਾਦੀ ਹੈ। ਪੈਰ੍ਹੇ ਜਾਂ ਤੁਕਾਂਤ ਦੀ ਅਗਲੀ ਸਤਰ੍ਹ ਦੇ ਅੰਤ ਵਿਚ ਸ਼ਬਦ ਜਾਂ ਕਹਾਵਤ ਦੀ ਵਰਤੋਂ ਕੀਤੀ ਜਾਂਦੀ ਹੈ। ਇਹ

ਵਰਤੋਂ ਦੂਜੇ ਪੈਰ੍ਹੇ ਦੇ ਆਰੰਭ ਵਿਚ ਵੀ ਹੁੰਦੀ ਹੈ। Anaphora ਦੀ ਇਹ ਉਦਾਹਰਣ ਹੇਠ ਦਿੱਤੀ ਗਈ ਹੈ।

Tomorro when the sun comes out

tomorrow when the birds sing out

ਇਸੇ ਤਰ੍ਹਾਂ Anapilosis

She will never come to this my land

To this my land where I belong

ਅਗਲਾ ਤੱਤ ਹੈ, Onomatopoea ਅਨੁਕਰਣਾਤਮਕਤਾ। ਇਸ ਤੋਂ ਭਾਵ ਹੈ, ਕਿਸੇ ਉਸ ਸ਼ਬਦ ਦੀ ਵਰਤੋਂ ਕਰਨੀ ਜੋ ਕਿਸੇ ਅਵਾਜ਼ ਦੀ ਨਕਲ ਕਰਦਾ ਹੋਵੇ। ਇਸ ਤੋਂ ਬਾਅਦ ਆਉਂਦਾ ਹੈ, Inversion ਭਾਵ ਉਲਟਾਓ ਜਾਂ ਸੁਰ ਪਲਟਾ। Inversion ਦੀ ਵਰਤੋਂ ਕਵਿਤਾ ਵਿਚ ਦੋ ਤਰ੍ਹਾਂ ਨਾਲ ਕੀਤੀ ਜਾਂਦੀ ਹੈ। ਪਹਿਲੇ ਤਰੀਕੇ ਨੂੰ Anasrophe ਕਹਿੰਦੇ ਹਨ, ਜਿਸ ਦਾ ਅਰਥ ਹੈ, ਕਰਮ ਤਬਦੀਲੀ। ਜਿਵੇਂ:-

To the sea she went

Without smiling they parted

ਦੂਜੇ ਤਰੀਕੇ ਦੀ ਵਰਤੋਂ ਨੂੰ Husteron-Proteron (ਭਾਵ ਪਿਛਲਾ ਪਹਿਲਾ) ਕਹਿੰਦੇ ਹਨ। ਜਿਵੇਂ :-

A. Then came the thunder

B. Out she went

C. Fear she felt

ਅਗਲਾ ਤੱਤ ਬੜਾ ਮਹੱਤਵਪੂਰਨ ਹੈ। ਇਸ ਨੂੰ ਕਹਿੰਦੇ ਹਨ Figures of speech ਭਾਵ ਬੋਲੀ ਦੇ ਰੂਪ। ਇਹ ਹਨ ;

1. ਮੁਸਕਾਨ
2. ਰੂਪਕ
3. ਮਾਨਵੀਕਰਨ
4. ਅੱਤਕਥਨੀ
5. ਘੱਟ ਬਿਆਨ ਆਦਿ।

ਅਗਲਾ ਤੱਤ ਹੈ, Variety ਕਵਿਤਾ ਲਈ ਕਈ ਭਾਂਤ-ਭਾਂਤ ਕਿਸਮ ਦੇ ਵਿਉਂਤ ਤੱਤਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਕਾਵਿ ਸਤਰ੍ਹਾਂ ਦੀ ਲੰਬਾਈ ਵਿਚ ਵੱਖ-ਵੱਖ ਭਾਂਤ ਦੀਆਂ ਸਤਰ੍ਹਾਂ ਦਾ ਅਕਾਰ ਵਰਤਣਾ। ਲੈਅ ਅਤੇ ਕਾਫੀਆ, ਸਤਰ੍ਹਾਂ 'ਤੇ ਸ਼ਬਦਾਂ ਦੀ ਵੰਡ ਕੁੱਝ ਵੀ ਜੋ ਇਸ ਵਿਚ ਸ਼ਾਮਿਲ ਕੀਤਾ ਜਾਂਦਾ ਹੈ, ਉਹ ਕਾਵਿਕ ਪ੍ਰਭਾਵ ਨੂੰ ਉਭਾਰਦਾ ਹੈ, ਜਿਵੇਂ ਹਾਸ ਰਸ, ਤਣਾਅ, ਵਿਅੰਗ, ਗੰਭੀਰਤਾ ਅਤੇ ਹੋਰ ਕਈ ਕਿਸਮ ਦੀਆਂ ਮਨੋ ਦਿਸ਼ਾਵਾਂ ਅਤੇ ਮਨੋਵੇਗ ਜੋ ਕਵਿਤਾ ਵਿਚ ਕਸ਼ਿਸ ਪੈਦਾ ਕਰਨ ਲਈ ਸਹਾਈ ਹੁੰਦੇ ਹਨ। ਮਹਾਨ ਕਵੀ ਲਿਖਦੇ ਹਨ ਕਿ ਕਵਿਤਾ ਵਿਚ Variety ਦੀ ਵਰਤੋਂ ਜਿੱਥੇ ਲੇਖਕ ਦੀ ਅਭਿਵਿਅਕਤੀ ਦੇ ਪ੍ਰਗਟਾਅ ਦਾ ਮਕਸਦ ਹੱਲ ਕਰਦੀ ਹੈ। ਉੱਥੇ ਅੰਤਰਮੁਖੀ ਤਜ਼ਰਬਿਆਂ ਨੂੰ ਸਿਖ਼ਰ 'ਤੇ ਪ੍ਰਗਟਾਉਣ ਵਿਚ ਸਹਾਇਕ ਹੁੰਦੀ ਹੈ।

ਅਗਲਾ ਤੱਤ ਜਿਸ ਪ੍ਰਤੀ ਅਸੀਂ ਜ਼ਿਕਰ ਕਰਨ ਜਾ ਰਹੇ ਹਾਂ ਕਵਿਤਾ ਦਾ ਪ੍ਰਮੁੱਖ ਤੱਤ ਹੈ। ਇਸ ਬਿਨ੍ਹਾਂ ਕਵਿਤਾ ਰਚਨਾ ਸੰਭਵ ਹੀ ਨਹੀਂ। ਇਹ ਤੱਤ ਹੈ, ਕਵਿਕ ਅਨੁਭਵ। ਲੇਖਕ ਲਈ ਅਨੁਭਵ ਦਾ ਸਾਗਰ ਉਸ ਦਾ ਆਲਾ-ਦੁਆਲਾ ਹੈ। ਉਸ ਦਾ ਜੀਵਨ ਉਸ ਦਾ ਵਿਚਰਨ ਧਰਾਤਲ ਹੈ। ਜਿੰਨ੍ਹੀ ਸ਼ਿਦਤ ਤੇ ਰਹਿਨੁਮਾਈ ਨਾਲ ਕਵੀ ਆਪਣੇ ਆਲੇ-ਦੁਆਲੇ ਨੂੰ ਵੇਖਦਾ ਹੈ, ਜਿਉਂਦਾ, ਹੰਢਾਉਂਦਾ ਅਤੇ ਸਮਝਦਾ ਹੈ। ਉਨ੍ਹਾ ਹੀ ਅਮੀਰ ਉਸ ਦਾ ਜੀਵਨ ਅਨੁਭਵ ਹੈ। ਜੋ ਲੇਖਕ ਆਪਣੇ ਜੀਵਨ ਅਨੁਭਵ ਪ੍ਰਤੀ ਸਪੱਸ਼ਟ ਹੈ, ਉਸ ਦਾ ਕਾਵਿ ਪ੍ਰਗਟਾਅ ਵੀ ਸਪੱਸ਼ਟ ਹੋਵੇਗਾ। ਜੀਵਨ ਵਿਚਰਨ ਧਰਾਤਲ ਵਿਚੋਂ ਹੀ ਕਵੀ ਜੀਵਨ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਪ੍ਰਾਪਤ ਕਰਦਾ ਹੈ। ਜੇ ਜੀਵਨ ਮਨੁੱਖਤਾ ਅਨੁਕੂਲ ਹੈ, ਤਾਂ ਲੇਖਕ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਮੌਜੂਦ ਜੀਵਨ ਦੇ ਪੱਖ 'ਚ ਅਤੇ ਅਨੁਕੂਲ ਹੋਵੇਗਾ। ਜੇ ਲੇਖਕ ਦੀ ਦ੍ਰਿਸ਼ਟੀ ਵਿਚ ਜੀਵਨ ਮਨੁੱਖਤਾ ਅਨੁਕੂਲ ਨਹੀਂ ਹੈ, ਤਾਂ ਲੇਖਕ ਦੀ ਦ੍ਰਿਸ਼ਟੀਕੋਣ ਵੀ ਜੀਵਨ ਵਿਪਰੀਤ ਹੋਵੇਗਾ। ਲੇਖਕ ਦੇ ਦ੍ਰਿਸ਼ਟੀਕੋਣ ਵਿਚ ਇਹ ਵਿਪਰੀਤਤਾ ਅਤੇ ਅਨੁਕੂਲਤਾ ਜੀਵਨ ਧਰਾਤਲ ਦੇ ਵਿਚਰਨ ਪ੍ਰਤੀਕਰਮ 'ਚੋਂ ਪੈਦਾ ਹੁੰਦੀ ਹੈ। ਜੋ ਅਨੁਭਵ ਲੇਖਕ ਆਪਣੇ ਜੀਵਨ ਵਿਚ ਹੰਢਾਅ ਕੇ ਜੀਉਂਕੇ ਅਭਿਆਸੀ ਹੋ ਕੇ ਕਾਵਿ ਪ੍ਰਗਟਾਉਂਦਾ ਹੈ, ਉਹ ਹੀ ਕਾਵਿਕ ਸੱਚ ਦਾ ਰੂਪ ਧਾਰਦਾ ਹੈ। ਇਸ ਲਈ ਉੱਤਮ ਸਾਹਿਤ ਦੀ ਪ੍ਰਾਪਤੀ ਲਈ ਅਨੁਭਵ ਦਾ ਪ੍ਰਮਾਣਿਤ ਤੌਰ 'ਤੇ ਲੇਖਕ ਵਲੋਂ ਹੰਢਾਇਆ ਹੋਇਆ ਹੋਣਾ ਜ਼ਰੂਰੀ ਹੈ। ਲੇਖਕ ਲਈ ਜੀਵਨ ਅਨੁਭਵ ਹੀ ਜ਼ਰੂਰੀ ਨਹੀਂ, ਇਹ ਅਨੁਭਵ ਜਿਨ੍ਹਾਂ ਰਸਮਾਂ, ਰੀਤਾਂ, ਰਿਵਾਜ਼ਾਂ ਜਾਂ ਇਤਿਹਾਸਕ ਪਿਛੋਕੜ ਦੇ ਜੀਵਨ 'ਚੋਂ ਆਇਆ ਹੈ। ਉਸ ਦਾ ਵਿਆਕਰਨਿਕ ਗਿਆਨ ਲੇਖਕ ਲਈ

ਲਾਜ਼ਮੀ ਹੈ, ਨਹੀਂ ਤਾਂ ਲੇਖਕ ਵਲੋਂ ਪ੍ਰਗਟਾਇਆ ਅਨੁਭਵ ਜੀਵਨ ਯਥਾਰਥ ਦੀ ਥਾਂ ਓਪਰਾ ਲੱਗੇਗਾ।

ਕਾਵਿਕ ਅਨੁਭਵ ਲਈ ਲੇਖਕ ਦੇ ਉਪਰਲੇ ਦਰਜ਼ੇ ਦਾ ਚੇਤਨ ਅਤੇ ਜਗਿਆਸਾ ਅਤੇ ਦੂਰ ਦ੍ਰਿਸ਼ਟੀ ਵਾਲਾ ਹੋਣਾ ਜ਼ਰੂਰੀ ਹੈ। ਸਿਰਜਣਾ ਕਰਦੇ ਸਮੇਂ ਲੇਖਕ ਆਪਣੀ ਅਨੁਭਵ ਸਮੱਗਰੀ ਨੂੰ ਕਿਵੇਂ ਕਾਵਿ 'ਚ ਅਭਿਵਿਅਕਤ ਕਰਦਾ ਹੈ। ਇਹ ਬਹੁਤ ਮਹੱਤਵਪੂਰਨ ਹੈ। ਬਲਵਾਨ ਸਹਿਤਮੰਦ ਅਤੇ ਅਗਾਂਹਵਧੂ ਅਨੁਭਵੀ ਲੇਖਕ ਲਈ ਜ਼ਰੂਰੀ ਹੈ ਕਿ ਉਹ ਭੂਤ, ਭਵਿੱਖ ਦੀ ਥਾਂ ਵਰਤਮਾਨ ਨੂੰ ਜੀਵਨ ਦਾ ਮੂਲ ਅਧਾਰ ਸਮਝੇ ਇਸ ਨਾਲ ਉਸ ਦਾ ਅਨੁਭਵ ਤ੍ਰੈਕਾਲ ਮੁਖੀ ਨਿਰੰਤਰ ਅਤੇ ਸਮੇਂ ਦੇ ਹਾਣ ਦਾ ਹੋਵੇਗਾ ਕਿਉਂਕਿ ਭੂਤ, ਭਵਿੱਖ ਵਰਤਮਾਨ 'ਚੋਂ ਹੀ ਨਿਕਲਦੇ ਹਨ। ਉੱਚੇ ਅਤੇ ਸੁੱਚੇ ਅਨੁਭਵ ਲਈ ਲੇਖਕ ਦਾ ਦ੍ਰਿਸ਼ਟੀਕੋਣ ਜਗਤ ਹਿੱਤੂ ਸਰਬਤ ਦੇ ਭਲੇ 'ਤੇ ਏਕ ਨੂਰ 'ਤੇ ਸਭ ਜਗ ਉਪਜਿਉ ਅਤੇ ਸੱਚ, ਸੁੰਦਰਤਾ ਅਤੇ ਕਲਿਆਣ ਦਾ ਧਾਰਨੀ ਹੋਣਾ ਚਾਹੀਦਾ ਹੈ। ਜੀਵਨ ਵਿਚ ਕਈ ਪ੍ਰਕਾਰ ਦਾ ਅਨੁਭਵ ਹੈ। ਇਹ ਲੇਖਕ 'ਤੇ ਨਿਰਭਰ ਕਰਦਾ ਹੈ, ਕਿ ਉਸਨੇ ਕਿਸ ਕਿਸਮ ਦਾ ਅਨੁਭਵ ਕਾਵਿ ਪ੍ਰਗਟਾਅ ਲਈ ਚੁਣਨਾ ਹੈ। ਅਨੁਭਵ ਜੋ ਪਿਆਰ, ਮੁਹੱਬਤ, ਸਾਂਝੀਵਾਲਤਾ, ਅਮਨ ਅਤੇ ਮਨੁੱਖਤਾ ਅਨੁਕੂਲ ਪ੍ਰਵਿਰਤੀਆਂ ਦਾ ਧਾਰਨੀ ਹੋਵੇ। ਲੇਖਕ ਨੂੰ ਇਸ ਗੱਲ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਕੋਈ ਵੀ Negative ਪ੍ਰਵਿਰਤੀ ਵਿਸ਼ਵ ਭਲਾਈ ਲਈ ਲਾਭਦਾਇਕ ਨਹੀਂ। ਦੂਜਾ positivity ਅਜੋਕੇ ਆਧੁਨਿਕ ਸਾਹਿਤ ਦਾ ਮੂਲ ਤੱਤ ਹੈ। ਇਸ ਲਈ ਲੇਖਕ ਨੂੰ ਇਸ ਦਾ ਗਿਆਨ ਹੋਣਾ ਚਾਹੀਦਾ ਹੈ। ਇਸ ਲਈ ਪ੍ਰਮਾਣਿਕ ਅਤੇ ਸਰਵ ਵਿਆਪਕ ਅਨੁਭਵ ਕਾਵਿ ਅਭਿਵਿਅਕਤੀ ਦਾ ਮੂਲ ਸੱਚ ਹੈ। ਇਹ ਅਨੁਭਵ ਹੀ ਉੱਤਮ ਸਾਹਿਤ ਦਾ ਵਖਰੇਵਾ ਹੈ। ਇਸ ਲਈ ਪੇਸ਼ਗੋਈ ਲੇਖਕ ਦਾ ਕਰਤੱਵ ਹੀ ਨਹੀਂ ਬਲਕਿ ਧਰਮ ਹੈ।

ਕਲਪਨਾ ਕਾਵਿ ਵਜੂਦ ਦੀ ਰੂਹ ਹੈ। ਅੰਗਰੇਜ਼ੀ ਵਿਚ ਕਲਪਨਾ ਦੇ ਸਮਾਨਅੰਤਰ ਸ਼ਬਦ imagination ਹੈ। ਜੋ Latin ਭਾਸ਼ਾ ਤੋਂ ਆਇਆ ਹੈ। ਯੂਨਾਨੀ ਭਾਸ਼ਾ ਵਿਚ ਕਲਪਣਾ ਨੂੰ Phantasia ਕਿਹਾ ਜਾਂਦਾ ਹੈ। ਕਲਪਨਾ ਕਾਵਿ ਦਾ ਇੱਕ ਉਹ ਤੱਤ ਹੈ, ਜਿਸ ਨਾਲ ਵੇਖਣ ਵਾਲੀ ਸਾਰੀ ਸਮੱਗਰੀ ਯਥਾਰਥ ਦਾ ਰੂਪ ਧਾਰ ਦੀ ਹੈ। ਕਲਪਣਾ ਜਿੱਥੇ ਮੂਲ ਰੂਪ ਵਿਚ ਦ੍ਰਿਸ਼-ਬਿੰਬਾਂ ਦੀ ਧਾਰਨੀ ਹੈ। ਉੱਥੇ ਇਹ ਦ੍ਰਿਸ਼ ਬਿੰਬਾਂ ਦਾ ਨਿਰਮਾਣ ਵੀ ਕਰਦੀ ਹੈ। ਕਲਪਣਾ ਦਾ ਇਹ ਸਫ਼ਰ ਕਲਪਣਾ ਤੋਂ ਚੇਤਨਾ ਅਤੇ ਚੇਤਨਾ ਤੋਂ ਯਥਾਰਥ ਵੱਲ ਦਾ ਹੈ। ਕਲਪਣਾ ਕਾਵਿਕ ਤੱਤ ਹੈ ਜੋ ਜੀਵਨ ਯਥਾਰਥ ਉਪਜਦਾ ਹੈ।

ਦੂਸਰਾ ਕਲਪਨਾ ਮਨੁੱਖੀ ਵਜੂਦ ਵਿਚ ਉਹ ਜ਼ਰੀਆ ਹੈ, ਜਿਸ ਰਾਹੀਂ ਮਨੁੱਖ ਜਿੱਥੇ ਚਾਹੇ ਅੱਪੜ ਸਕਦਾ ਹੈ। ਅੱਪੜਣ ਲਈ ਥਾਂ ਦਾ ਯਥਾਰਥ ਮਨੁੱਖ ਕਲਪਣਾ ਰਾਹੀਂ ਅਨੁਭਵ ਕਰਦਾ ਹੈ ਅਤੇ ਆਪਣੀ ਯਾਦ ਵਿਚ ਸਦਾ ਲਈ ਸੰਭਾਲ ਕੇ ਰੱਖਦਾ ਹੈ। ਕਲਪਨਾ ਆਪਣੇ-ਆਪ ਵਿਚ ਸਿਰਜਕ ਵੀ ਹੈ, ਸਿਰਜਣਾ ਵੀ ਹੈ। ਕਲਪਨਾ ਯਥਾਰਥ ਦੀ ਬੁਨਿਆਦ ਹੈ ਜੋ ਯਥਾਰਥ ਦੇ ਸੰਕਲਪ ਨੂੰ ਜਨਮਦੀ ਹੈ। ਅੰਗਰੇਜ਼ੀ ਕਵੀ Black ਲਿਖਦਾ ਹੈ। ਕਿ ਕਲਪਨਾ ਅਧਿਆਤਮਕ ਬੋਧ ਹੈ। ਜਿਸ 'ਤੇ ਬ੍ਰਹਮੰਡਕ ਪਦਾਰਥ ਖੜ੍ਹਾ ਹੈ। ਅਸਲ ਪਦਾਰਥ ਦੀ ਜੜ੍ਹ ਕਲਪਣਾ ਹੈ। ਪਦਾਰਥ ਦਾ ਸੱਚ ਹੋਂਦ 'ਤੇ ਸ਼ਨਾਖਤ ਕਲਪਨਾ ਹੈ। ਜੀਵਨ ਯਥਾਰਥ ਨੂੰ ਲੇਖਕ ਜਦ ਕਲਪਨਾ ਰਾਹੀਂ ਕਾਵਿ ਵਿਚ ਅਭਿਵਿਅਕਤ ਕਰਦਾ ਹੈ ਤਾਂ ਇਹ ਸਾਹਿਤਕਤਾ ਦਾ ਰੂਪ ਧਾਰਦਾ ਹੈ। ਜੀਵਨ ਯਥਾਰਥ ਨੂੰ ਕਲਪਣਾ ਤੋਂ ਬਿਨ੍ਹਾਂ ਪੇਸ਼ ਕਰਨਾ ਗਿਆਨ ਭਰਪੂਰਤਾ ਤਾਂ ਹੋ ਸਕਦਾ ਹੈ ਪਰ ਸਾਹਿਤਕ ਨਹੀਂ ਹੋ ਸਕਦਾ। ਲੇਖਕ ਆਪਣੇ ਜੀਵਨ ਅਭਿਆਸ ਵਿਚ ਆਈ ਸਾਰੀ ਸਮੱਗਰੀ ਨੂੰ ਇੱਕ ਅਕਸ਼ ਵਾਂਗ ਆਪਣੇ ਚੇਤਨ ਮਨ ਵਿਚ ਸਾਂਭ ਰੱਖਦਾ ਹੈ। ਇਹ ਸਮੱਗਰੀ ਕਲਪਨਾ ਦੇ ਰੂਪ ਵਿਚ ਮਨੁੱਖੀ ਦ੍ਰਿਸ਼ਟਾਂਤ ਰਾਹੀਂ ਮਨੁੱਖੀ ਚੇਤਨ ਮਨ ਵਿਚ ਪ੍ਰਵੇਸ਼ ਕਰਦੀ ਹੈ। ਸਮਾਂ ਆਉਣ 'ਤੇ ਜਦੋਂ ਇਹ ਸਮੱਗਰੀ ਕਾਵਿਕ ਰੂਪ ਵਿਚ ਜਿਸ ਕਲਪਨਾ ਰਾਹੀਂ ਪ੍ਰਵੇਸ਼ ਹੁੰਦੀ ਹੈ, ਉਸ ਕਲਪਨਾ ਰਾਹੀਂ ਅਭਿਵਿਅਕਤ ਹੁੰਦੀ ਹੈ। ਇਹੀ ਕਾਰਨ ਹੈ ਕਿ ਕਲਪਨਾ ਰਾਹੀਂ ਪ੍ਰਗਟਾਇਆ ਯਥਾਰਥ ਜਿੱਥੇ ਗਿਆਨ ਭਰਪੂਰ ਹੁੰਦਾ ਹੈ ਉੱਥੇ ਸਾਹਿਤਕ ਵੀ ਹੁੰਦਾ ਹੈ।

ਇਨ੍ਹਾਂ ਤੋਂ ਬਾਅਦ ਕਾਵਿਕ ਮੂਲ ਤੱਤ ਆਉਂਦਾ ਹੈ, Imagery. ਜਿਸ ਨੂੰ ਬਿੰਬਾਵਲੀ ਕਿਹਾ ਜਾਂਦਾ ਹੈ। ਸੰਵੇਦਨਾਤਮਕ ਭਾਸ਼ਾ ਦੀ ਵਰਤੋਂ ਉਸ ਭਾਸ਼ਾ ਦੀ ਵਰਤੋਂ ਜੋ ਪਾਠਕ ਦੀ ਕਲਪਨਾ ਨੂੰ ਉਤੇਜਿਤ ਕਰਦੀ ਹੈ। ਸੰਵੇਦਨਸ਼ੀਲ ਭਾਸ਼ਾ ਦੀ ਵਰਤੋਂ ਕਾਵਿਕ ਬਿੰਬਾਵਲੀ ਰਾਹੀਂ ਵਧੇਰੇ ਯਥਾਰਥਕ ਰੂਪ ਵਿਚ ਕੀਤੀ ਜਾਂਦੀ ਹੈ। ਇਸ ਤਰ੍ਹਾਂ ਪਾਠਕ ਦੀਆਂ ਅੱਖਾਂ ਸਾਂਵੇ ਕਾਵਿਕ ਅਰਥ ਦਾ ਦ੍ਰਿਸ਼ਟਾਂਤ ਸਾਕਾਰ ਹੋ ਜਾਂਦਾ ਹੈ। ਕਲਾਸਿਕਲ ਜਾਂ ਉਤਕ੍ਰਿਸ਼ਟ ਕਵਿਤਾ ਦੀ ਅਭਿਵਿਅਕਤੀ ਲਈ ਬਿੰਬਾਵਲੀ ਅਤਿ ਜ਼ਰੂਰੀ ਤੱਤ ਹੈ। ਕਾਵਿਕ ਸਮੱਗਰੀ ਵਿਚ ਇਸ ਦੀ ਬਹੁਤ ਭਾਰੀ ਮਹੱਤਤਾ ਹੈ।

ਬਿੰਬ ਭਾਵ Image ਮਨੁੱਖ ਦ੍ਰਿਸ਼ਟੀ ਰਾਹੀਂ ਮਨ ਉੱਤੇ ਪ੍ਰਭਾਵਾਂ ਦੇ ਅਕਸ਼ ਨੂੰ ਕਿਹਾ ਜਾਂਦਾ ਹੈ। ਮਨੁੱਖੀ ਮਨ ਦ੍ਰਿਸ਼ਟਾਂਤ ਦੀ ਸਾਖਸ਼ਾਖਤਾ ਤੋਂ ਬਿਨ੍ਹਾ ਵੀ ਬਿੰਬ ਸਿਰਜਦਾ ਹੈ ਕਿਉਂਕਿ ਮਨੁੱਖੀ ਮਨ ਦੀ ਸਮਰੱਥਾ ਸਿਰਜਕ ਹੈ। ਉਹ ਕਿਸੇ ਵੀ ਥਾਂ ਕਿਸੇ ਵੀ ਸਮੇਂ ਕਿਸੇ ਵੀ ਤਰ੍ਹਾਂ ਦਾ ਬਿੰਬ ਸਿਰਜਣਯੋਗ ਹੈ। ਬਿੰਬ

ਭਾਸ਼ਾ ਰਾਹੀਂ ਕਾਵਿਕ ਮੰਚ 'ਤੇ ਪਾਠਕ ਦੇ ਮਨ ਉੱਤੇ ਉੱਕਰੇ ਜਾਂਦੇ ਹਨ। ਲੇਖਕ ਦੀ ਸਫ਼ਲਤਾ ਅਤੇ ਯੋਗਤਾ ਇਸ ਵਿਚ ਹੈ। ਕਿ ਲੇਖਕ ਇਨ੍ਹਾਂ ਬਿੰਬਾਂ ਅਨੁਕੂਲ ਭਾਸ਼ਾ ਅਤੇ ਭਾਸ਼ਾ ਅਨੁਕੂਲ ਬਿੰਬ ਸਿਰਜ ਸਕੇ, ਤਾਂ ਕਿ ਉਸ ਦੀ ਅਭਿਵਿਅਕਤੀ ਸਰਵ ਵਿਆਪਕ ਹੋ ਸਕੇ।

ਬਿੰਬ ਕਵੀ ਮਨ ਦੇ ਅਰਥਾ ਨੂੰ ਭਾਸ਼ਾ ਰਾਹੀਂ ਜਿਉਂਦਾ ਰੱਖਣ ਲਈ ਪਾਠਕ ਸਾਂਵੇ ਸਾਕਾਰ ਕੀਤਾ ਜਾਂਦਾ ਹੈ। ਬਿੰਬ ਦਾ ਪ੍ਰਗਟਾਅ ਕਾਵਿਕ ਮਨ ਦੇ ਅਰਥਾਂ ਦਾ ਚਿਹਰਾ ਵੀ ਹੈ, ਦਰਪਣ ਵੀ ਹੈ। ਅੰਦਰ ਵੀ ਹੈ, ਬਾਹਰ ਵੀ ਹੈ। ਅਰਥ ਦੇ ਵਜੂਦ 'ਚੋਂ ਅਰਥ ਦੀ ਮਾਨਸਿਕਤਾ ਬਿੰਬਾਂ 'ਚੋਂ ਨਜ਼ਰ ਆਉਂਦੀ ਹੈ। ਕਾਵਿਕ ਪ੍ਰਗਟਾਅ ਦਾ ਸਾਰਥੱਕ ਮਾਧਿਅਮ ਬਿੰਬ ਹੈ। ਜੋ ਆਧੁਨਿਕ ਸਾਹਿਤ ਵਿਚ ਬਹੁਤ ਮਹੱਤਵਪੂਰਨ ਤੱਤ ਮੰਨਿਆ ਜਾਂਦਾ ਹੈ। ਜਿਵੇਂ ਬੁੱਤ ਘਾੜਾ ਪੱਥਰ 'ਚੋਂ ਮੂਰਤੀ ਸਿਰਜਦਾ ਹੈ, ਇਸ ਤਰ੍ਹਾਂ ਕਵੀ ਸ਼ਬਦਾਂ ਰਾਹੀਂ ਬਿੰਬ ਸਿਰਜਦਾ ਹੈ। ਜੋ ਲੇਖਕ ਦੀ ਕਲਪਨਾ ਦਾ ਯਥਾਰਥਕ ਰੂਪ ਹੁੰਦਾ ਹੈ। ਬਿੰਬ ਤਿੰਨ ਤਰ੍ਹਾਂ ਦੇ ਹੁੰਦੇ ਹਨ। ਪਹਿਲਾ ਮਾਨਸਿਕ ਬਿੰਬ, ਦੂਜਾ ਭਾਸ਼ਾ ਬੋਧ ਅਤੇ ਸੌਂਦਰਯ ਬਿੰਬ, ਤੀਜਾ ਪ੍ਰਤੀਕਾਤਮਕ ਬੋਧ ਸਿਰਜਣਾ ਦਾ ਨਿਰਮਾਣ ਕਰਨ ਵਾਲਾ ਬਿੰਬ। ਮਾਨਸਿਕ ਬਿੰਬਾਂ ਦਾ ਸੰਬੰਧ ਪਾਠਕ ਦੇ ਮਨ ਨਾਲ ਹੁੰਦਾ ਹੈ। ਦੂਜੀਆਂ ਦੋਹਾਂ ਕਿਸਮਾਂ ਦੇ ਬਿੰਬ, ਬਿੰਬ ਸਿਰਜਣਾਵਲੀ ਭਾਸ਼ਾ 'ਤੇ ਕੇਂਦਰਿਤ ਹੁੰਦੇ ਹਨ। ਗਿਆਨ ਇੰਦਰੀਆਂ ਦੀ ਪ੍ਰਕਿਰਤੀ ਅਨੁਸਾਰ ਪੰਜ ਪ੍ਰਕਾਰ ਦੇ ਬਿੰਬ ਹੁੰਦੇ ਹਨ।

1. ਦ੍ਰਿਸ਼ ਬਿੰਬ : ਦ੍ਰਿਸ਼ਟਾਂਤ ਵਸਤੂ ਦੇ ਅਧਾਰ 'ਤੇ ਸਿਰਜਿਆ ਬਿੰਬ ਆਉਂਦਾ ਹੈ।
2. ਸ਼੍ਰਵ ਬਿੰਬ : ਧੁਨੀ ਜਾਂ ਆਵਾਜ਼ ਦੇ ਅਧਾਰ 'ਤੇ ਸਿਰਜਿਆ ਬਿੰਬ।
3. ਸਵਾਦ ਬਿੰਬ : ਪਦਾਰਥਕ ਸਵਾਦ ਦੇ ਅਧਾਰ 'ਤੇ ਹੋਂਦ ਵਿਚ ਆਉਂਦਾ ਹੈ।
4. ਗੰਧ ਬਿੰਬ : ਇਹ ਬਿੰਬ ਸੁਗੰਧੀ ਜਾਂ ਵਾਸ਼ਣਾ 'ਤੇ ਅਧਾਰਿਤ ਹੈ।
5. ਸਪਰਸ਼ ਬਿੰਬ : ਵਿਅਕਤੀ ਜਾਂ ਵਸਤੂ ਨੂੰ ਛੋਹਣ ਨਾਲ ਪੈਦਾ ਹੁੰਦਾ ਹੈ।

ਬਿੰਬਾਵਲੀ ਹਰ ਸਿਰਜਣਹਾਰੇ ਦੀ ਵੱਖਰੀ ਹੁੰਦੀ ਹੈ ਕਿਉਂਕਿ ਹਰ ਇੱਕ ਦੀਆਂ ਇੰਦਰੀਆਂ ਦੀ ਸ਼ਕਤੀ ਦੀ ਸਮਾਨਤਾ ਨਹੀਂ ਹੁੰਦੀ।

ਕਾਵਿਕ ਭਾਸ਼ਾ ਕਾਵਿ ਦਾ ਉਹ ਤੱਤ ਹੈ, ਜਿਸ ਰਾਹੀਂ ਲੇਖਕ ਦਾ ਮੰਤਵ ਪਾਠਕਾਂ ਸਾਹਮਣੇ ਆਉਂਦਾ ਸਾਕਾਰ ਕੀਤਾ ਜਾਂਦਾ ਹੈ। ਭਾਸ਼ਾ ਤੋਂ ਬਿਨ੍ਹਾਂ ਸਾਹਿਤਕ ਰਚਨਾ ਸੰਭਵ ਤਾਂ ਹੈ ਪਰ ਉਸ ਰਚਨਾ ਦੀ ਉਮਰ ਜਾਂ ਚਿਰੰਜੀਵਤਾ ਪ੍ਰਮਾਣਿਤ ਨਹੀਂ, ਸਾਹਿਤਕ ਰਚਨਾ ਦੀ ਉਮਰ ਤੇ ਚਿਰੰਜੀਵਤਾ ਭਾਸ਼ਾ ਮਿੱਥਦੀ ਹੈ। ਭਾਸ਼ਾ ਹੀ ਹੈ ਜੋ ਸਾਹਿਤਕ ਰਚਨਾ ਨੂੰ ਚਿਰੰਜੀਵ ਸਮੇਂ ਲਈ ਜੀਵਤ ਰੱਖਣ ਦੀ ਸਮਰੱਥਾ ਰੱਖਦੀ ਹੈ। ਇਸ ਲਈ ਭਾਸ਼ਾ ਦੀ ਮਹੱਤਤਾ ਸਾਹਿਤ ਰਚਨਾ ਦੇ ਬਰਾਬਰ ਦੀ ਹੀ ਹੈ। ਇਤਿਹਾਸਕ ਪ੍ਰਮਾਣ ਅਨੁਸਾਰ 18ਵੀਂ ਸਦੀ ਦੇ ਨਵੇਂ ਕਲਾਸੀਕਲ ਲੇਖਕ ਕਾਵਿ ਭਾਸ਼ਾ ਨੂੰ ਰੋਜ਼ਾਨਾ ਜੀਵਨ ਦੀ ਭਾਸ਼ਾ ਤੋਂ ਵੱਖਰੀ ਮੰਨਦੇ ਹਨ। ਥਾਮਸ ਗਰੇਅ ਲਿਖਦਾ ਹੈ ਕਿ ਕਿਸੇ ਵੀ ਯੁੱਗ ਦੀ ਆਮ ਭਾਸ਼ਾ ਕਾਵਿ ਭਾਸ਼ਾ ਨਹੀਂ ਹੈ। ਭਾਸ਼ਾ ਦੀ ਤਲਾਸ਼ ਲੇਖਕ ਸਿਰਜਣਾ ਮੁਤਾਬਿਕ ਖ਼ੁਦ ਕਰਦਾ ਹੈ। ਵਿਅੰਗ Satire 17ਵੀਂ ਸਦੀ ਦੇ ਅੰਤ ਵਿਚ ਰਸਮੀਂ ਸਮਾਜਿਕ ਭਾਸ਼ਾ ਦਾ ਅਟੁੱਟ ਅੰਗ ਬਣ ਚੁੱਕਿਆ ਸੀ। ਪੋਪ ਦਾ ਸਾਹਿਤ, ਵਿਅੰਗ ਦੀ ਵਰਤੋਂ ਦੀ ਉਤਮਤਾ ਦਾ ਲਖ਼ਾਇਕ ਹੈ। ਇਸ ਸਮੇਂ ਦੀ ਕਵਿਤਾ ਦੀ ਅਭਿਵਿਅਕਤੀ ਸਿੱਧੀਂ ਨਹੀਂ ਸੀ। ਕਵਿਤਾ ਨੂੰ ਟੇਢੇ ਢੰਗ ਨਾਲ ਪ੍ਰਗਟਾਇਆ ਜਾਂਦਾ ਸੀ। ਇਸ ਸਮੇਂ ਟੇਢੇ ਢੰਗ ਦੀ ਰਸਮੀਂ ਭਾਸ਼ਾ ਵਿਚ ਪ੍ਰਗਟਾਈ ਹੋਈ ਕਵਿਤਾ ਦਾ ਬੜਾ ਵਿਰੋਧ ਹੋਇਆ। ਸੰਗੀਤਕ Balled ਬਾਰੇ Wordsworth ਦਾ ਵਿਚਾਰ ਸੀ ਕਿ Balled ਭਾਵ ਗਾਥਾ ਕਾਵਿ ਇਸ ਗੱਲ ਦੀ ਚੁਣੌਤੀ ਨੂੰ ਸਵੀਕਾਰ ਕਰਦਾ ਹੈ ਕਿ ਸਮਾਜ ਦੇ ਮੱਧ ਵਰਗ ਦੇ ਲੋਕਾਂ ਦੀ ਭਾਸ਼ਾ ਵਿਚ ਵੀ ਕਵਿਤਾ ਲਿਖੀ ਜਾ ਸਕਦੀ ਹੈ। Wordsworth ਮਨੁੱਖੀ ਜਜ਼ਬਿਆਂ ਦੀ ਸੁਭਾਵਿਕ ਪੇਸ਼ਕਾਰੀ ਦੀ ਹਾਮੀ ਸੀ। ਕਾਵਿ ਭਾਸ਼ਾ ਵਿਚ ਸੁਭਾਵਿਕਤਾ, ਕੁਦਰਤੀਪਣ ਅਤੇ ਸਹਿਜ ਦਾ ਹੋਣਾ ਲਾਜ਼ਮੀ ਹੈ ਤਾਂ ਹੀ ਕਾਵਿ ਦਾ ਅਸਰ ਪਾਠਕ ਮਨ 'ਤੇ ਸਹਿਜ ਹੋ ਸਕਦਾ ਹੈ। ਆਮ ਆਦਮੀ ਦੇ ਜੀਵਨ ਦੀਆਂ ਆਮ ਘਟਨਾਵਾਂ ਦੀ ਪੇਸ਼ਗੋਈ ਲੋਕ ਭਾਸ਼ਾ ਵਿਚ ਵਧੇਰੇ ਪ੍ਰਭਾਵਸ਼ਾਲੀ ਸਾਬਤ ਹੋ ਸਕਦੀ ਹੈ। ਬਜਾਇ ਰਸਮੀਂ ਪੰਡਤਾਊ ਭਾਸ਼ਾ ਦੀ ਥਾਂ। ਕਾਵਿ ਭਾਸ਼ਾ ਕਾਵਿ ਦੇ ਹੋਰ ਤੱਤਾਂ ਵਾਂਗ ਕਲਪਨਾ 'ਚੋਂ ਵੀ ਪੈਦਾ ਹੁੰਦੀ ਹੈ ਕਿਉਂਕਿ ਭਾਸ਼ਾ ਦੇ ਵਧੀਆ ਅਤੇ ਉੱਤਮ ਅੰਸ਼ ਸਵੈ ਮਨੁੱਖੀ ਚੇਤਨਾ ਦੀ ਉਪਜ ਹਨ। ਜਿੰਨ੍ਹਾ ਮਨੁੱਖੀ ਸਵੈ ਚਿੰਤਨ ਵਧੇਰੇ ਹੋਵੇਗਾ, ਉਨ੍ਹੀ ਹੀ ਉੱਤਮ ਭਾਸ਼ਾ ਉਸ ਲਈ ਹੋਂਦ ਵਿਚ ਆਵੇਗੀ। ਕਾਵਿ ਭਾਸ਼ਾ ਲਈ ਹਰ ਸ਼ਬਦ ਵਿਸ਼ੇ ਅਨੁਕੂਲ ਅਤੇ ਮੁਤਾਬਕ ਹੋਣਾ ਚਾਹੀਦਾ ਹੈ।

ਛੰਦਬੰਦੀ ਦੇ ਵਿਧਾਨ ਅਨੁਸਾਰ ਕਵਿਤਾ ਦੀਆਂ ਮਾਤਰਾਵਾਂ, ਗਣਾਂ ਆਦਿ ਦਾ ਲੇਖਾ ਜੋਖਾ ਕੀਤਾ ਜਾਂਦਾ ਹੈ। ਛੰਦ ਵਿਧਾਨ ਨੂੰ ਕਵਿਤਾ ਦੀ ਪਿੰਗਲ ਵੀ ਕਿਹਾ ਜਾਂਦਾ ਹੈ। ਪੰਜਾਬੀ ਵਿਚ ਤਿੰਨ ਪ੍ਰਕਾਰ ਦੇ ਛੰਦ ਹਨ ;

1. ਵਰਣਿਕ ਛੰਦ
2. ਮਾਤ੍ਰਿਕ ਛੰਦ
3. ਗਣਿਕ ਛੰਦ

ਵਰਣਿਕ ਛੰਦ ਵਿਚ ਅੱਖਰਾਂ ਦੀ ਗਿਣਤੀ ਕੀਤੀ ਜਾਂਦੀ ਹੈ। ਕਾਵਿ ਮਾਤਰਾ ਨੂੰ ਅਣਗੌਲਿਆ ਜਾਂਦਾ ਹੈ। ਮਾਤ੍ਰਿਕ ਛੰਦ ਵਿਚ ਅੱਖਰਾਂ ਅਤੇ ਲਗਾ ਮਾਤਰਾ ਦਾ ਹਿਸਾਬ ਰੱਖਿਆ ਜਾਂਦਾ ਹੈ। ਸਤਰ੍ਹ ਦੇ ਹਰ ਅੱਖਰ 'ਤੇ ਲਗਾ ਦੀ ਇੱਕ-ਇੱਕ ਮਾਤਰਾ ਦੀ ਗਿਣਤੀ ਕੀਤੀ ਜਾਂਦੀ ਹੈ। ਔਂਕੜ ਅਤੇ ਸਿਹਾਰੀ ਲਘੂ ਮਾਤਰਾ ਵਲੋਂ ਜਾਣ ਕੇ ਛੱਡ ਦਿੱਤੇ ਜਾਂਦੇ ਹਨ।

ਦੋਹਾ, ਦਵੱਈਆ ਅਤੇ ਬੈਂਤ ਮਾਤ੍ਰਿਕ ਛੰਦ ਹਨ। ਦੋਹੇ ਵਿਚ ਕੁੱਲ 24ਮਾਤਰਾਂ ਹੁੰਦੀਆਂ ਹਨ। 13 ਉੱਪਰ ਪਹਿਲਾਂ ਅਤੇ 11 ਉੱਪਰ ਦੂਜਾ ਵਿਸ਼ਰਾਮ ਚਿੰਨ੍ਹ ਹੁੰਦਾ ਹੈ। ਦੋਹੇ ਦਾ ਅੰਤ ਗੁਰੂ-ਲਘੂ ਨਾਲ ਹੋਣਾ ਚਾਹੀਦਾ ਹੈ। ਦਵੱਈਆਂ 28 ਮਾਤਰਾ ਦਾ ਧਾਰਨੀ ਹੈ। 15 ਮਾਤਰਾ ਪਹਿਲਾਂ ਅਤੇ 13 ਮਾਤਰਾ 'ਤੇ ਦੂਜਾ ਵਿਸਰਾਮ ਚਿੰਨ ਲੱਗਦਾ ਹੈ। ਇਸ ਛੰਦ ਦਾ ਅੰਤ ਦੋ ਗੁਰੂਆਂ ਨਾਲ ਸਮਾਪਤ ਹੁੰਦਾ ਹੈ। ਬੈਂਤ ਦੀਆਂ 40 ਮਾਤਰਾਵਾਂ ਹੁੰਦੀਆਂ ਹਨ। ਦੋਵੇਂ ਵਿਸ਼ਰਾਮ ਚਿੰਨ੍ਹ 20-20 'ਤੇ ਮਾਤਰਾ ਉੱਪਰ ਆਉਂਦੇ ਹਨ। ਇਸ ਛੰਦ ਦਾ ਅੰਤ ਵੀ ਦੋ ਗੁਰੂਆਂ ਨਾਲ ਹੁੰਦਾ ਹੈ। ਗਣਿਕ ਛੰਦ ਵਿਚ ਤਿੰਨ ਅੱਖ਼ਰਾਂ ਦੀ ਸਮੁਦਾਇ ਨੂੰ ਗਣ ਕਹਿੰਦੇ ਹਨ। ਇਨ੍ਹਾਂ ਦੀ ਗਿਣਤੀ ਅੱਠ ਹੈ। ਇਹ ਹਨ ; ਮਗਣ, ਭਗਣ, ਸਗਣ, ਨਗਣ, ਯਗਣ, ਰਗਣ ਅਤੇ ਤਗਣ। ਪੰਜਾਬੀ ਸਾਹਿਤ ਵਿਚ ਅਰਬੀ ਛੰਦ ਪ੍ਰਬੰਧ ਅਰੂਜ਼ ਦਾ ਵੀ ਕਾਫੀ ਪ੍ਰਭਾਵ ਹੈ।

ਪੰਜਾਬੀ ਵਿਚ ਅਰੂਜ਼ ਛੰਦ ਪ੍ਰਬੰਧ ਬੜਾ ਪ੍ਰਚਲਿਤ ਹੈ। ਜਿਸ ਦਾ ਪਿਛੋਕੜ ਅਰਬੀ ਭਾਸ਼ਾ ਨਾਲ ਜੁੜਿਆ ਹੋਇਆ ਹੈ। ਇਹ ਛੰਦ ਪ੍ਰਬੰਧ ਵੀ ਮਾਤਰਾ ਅਨੁਸਾਰ ਹੀ ਕੰਮ ਕਰਦਾ ਹੈ। ਹਰ ਅੱਖ਼ਰ ਦੀ ਇੱਕ ਮਾਤਰਾ ਮੰਨੀ ਜਾਂਦੀ ਹੈ। ਕਵਿਤਾ ਦੀ ਹਰ ਪੰਗਤੀ ਨੂੰ ਮਾਤਰਾ ਦੇ ਹਿਸਾਬ ਨਾਲ ਤੋਲਿਆ ਜਾਂਦਾ ਹੈ। ਇਹ ਸ਼ਬਦ ਹਨ, ਫਾਇਲਤੁਨ (S1S11) ਫਊਲਨ (1S11) ਫਾਇਲਾਤ (S1S1) ਫਾਇਲੁਮ (S111) ਫੇਲਨ (S11) ਮਫਊਲਨ ਆਦਿ। ਪੰਜਾਬੀ ਗਜ਼ਲ ਅਤੇ ਰੁਬਾਈ ਛੰਦ ਪ੍ਰਬੰਧ ਦੀ ਬਹੁਲਤਾ ਹੈ। ਛੰਦਬੱਧ ਕਵਿਤਾ ਸੰਗੀਤਕ ਗੁਣਾਂ ਦੀ ਧਾਰਨੀ ਹੁੰਦੀ ਹੈ। ਜੋ ਸਰੋਤਿਆਂ ਅਤੇ ਪਾਠਕਾਂ ਲਈ ਅਤਿ

ਖਿੱਚ ਦਾ ਕਾਰਨ ਬਣਦੀ ਹੈ। ਛੰਦਬੱਧ ਕਵਿਤਾ ਵਿਚ ਅਰੂਜ਼ ਦੀ ਵਧੇਰੇ ਦਖ਼ਲ ਅੰਦਾਜ਼ੀ ਅਤੇ ਭਾਰ ਕਾਰਨ ਰਚਨਾਕਾਰ ਦੇ ਆਪਣੇ ਅਨੁਭਵ ਦੇ ਪ੍ਰਗਟਾਅ ਲਈ ਬਹੁਤ ਘੱਟ ਗੁੰਜ਼ਾਇਸ਼ ਹੁੰਦੀ ਹੈ। ਜਿਸ ਕਾਰਨ ਆਧੁਨਿਕ ਕਵਿਤਾ ਛੰਦ ਰਹਿਤ ਖੁੱਲ੍ਹੀ ਕਵਿਤਾ ਲਿਖੀ ਜਾਣ ਲੱਗੀ। ਜਿਸ ਨਾਲ ਕਵੀ ਦੇ ਵਿਅਕਤੀਗਤ ਦ੍ਰਿਸ਼ਟੀਕੋਣ ਦੇ ਪ੍ਰਗਟਾਅ ਦੀ ਵਧੇਰੇ ਸਹੂਲਤ ਮੁਹੱਈਆ ਹੈ। ਅੰਗਰੇਜ਼ੀ ਸਾਹਿਤ ਵਿਚ Walt Whitman ਨੇ ਖੁੱਲ੍ਹੀ ਕਵਿਤਾ ਦਾ ਅਗਾਜ਼ ਕੀਤਾ ਸੀ। ਪੰਜਾਬੀ ਵਿਚ ਖੁੱਲ੍ਹੀ ਕਵਿਤਾ ਦੇ ਆਰੰਭਕ ਪ੍ਰੋ. ਪੂਰਨ ਸਿੰਘ ਜੀ ਹਨ।

Symbol ਜਿਸ ਨੂੰ ਪ੍ਰਤੀਕ ਕਿਹਾ ਜਾਂਦਾ ਹੈ। ਸਾਹਿਤ ਵਿਚ ਪ੍ਰਤੀਕ ਕਾਵਿ ਤੱਤਾਂ ਵਿਚਲੇ ਬਿੰਬਾਂ, ਅਲੰਕਾਰਾਂ ਦਾ ਹੀ ਰੂਪ ਹੈ। ਅੰਗਰੇਜ਼ੀ ਸਾਹਿਤ ਵਿਚ ਇਸ ਨੂੰ Symbol ਆਖਦੇ ਹਨ। ਸਾਹਿਤਕ ਪ੍ਰਤੀਕਾਂ ਦੀ ਵਰਤੋਂ ਸਾਹਿਤਕ ਅਭਿਵਿਅਕਤੀ ਤੋਂ ਅਲੱਗ ਕਿਸੇ ਹੋਰ ਚੀਜ਼ ਦੀ ਸ਼ਨਾਖਤ ਲਈ ਵੀ ਕੀਤੀ ਜਾਂਦੀ ਹੈ। ਜੋ ਕਵਿਤਾ ਵਿਚਲੇ ਦ੍ਰਿਸ਼ਟਾਂਤ ਅਤੇ ਕਾਵਿ ਸੰਕਲਪ ਵਿਚ ਆਪਸੀ ਤਾਲਮੇਲ ਪੈਦਾ ਕਰਦੀ ਹੈ। ਬਿੰਬ, ਪ੍ਰਤੀਕ, ਅਲੰਕਾਰਾਂ ਦੀ ਵਰਤੋਂ ਕਾਵਿ ਰਚਨਾ ਦੇ ਕਾਵਿਕ ਪ੍ਰਗਟਾਅ ਨੂੰ ਹੋਰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਲਈ ਕੀਤੀ ਜਾਂਦੀ ਹੈ। ਇਹ ਕਵੀ ਦੇ ਪ੍ਰਗਟਾਅ ਵਿਚ ਵਾਧਾ ਕਰਦੇ ਹਨ। ਪ੍ਰਤੀਕ, ਬਿੰਬ ਅਤੇ ਅਲੰਕਾਰਾਂ ਤੋਂ ਵੱਖਰਾ ਹੁੰਦਾ ਹੈ। ਇਸ ਦੀ ਪਛਾਣ ਲਈ ਇਹ ਅਨੁਭਵ ਕਰਨਾ ਜ਼ਰੂਰੀ ਹੈ ਕਿ ਪ੍ਰਤੀਕ ਕਾਵਿਕ ਵਿਸ਼ੇ ਨੂੰ ਅਤੇ ਉਸ ਦੇ ਸਾਕਾਰ ਕੀਤੇ ਅਕਸ਼ ਨੂੰ ਕਿਵੇਂ ਇਕਾਈ ਦਾ ਰੂਪ ਦਿੰਦਾ ਹੈ। ਪ੍ਰਤੀਕ ਕਾਵਿਕ ਵਿਸ਼ੇ ਦਾ ਰੂਪ ਧਾਰਦਾ ਹੈ। ਜਦੋਂ ਕਵੀ ਮਨੁੱਖ ਦਾ ਪ੍ਰਤੀਕ ਰੁੱਖ ਵਰਤਦਾ ਹੈ ਅਤੇ ਮਨ ਦੀ ਉਦਾਸੀ ਦਾ ਪ੍ਰਤੀਕ ਸਾਹਿਰਾ ਅਤੇ ਖ਼ੁਸ਼ੀ ਲਈ ਪ੍ਰਤੀਕ ਫੁੱਲ-ਕਲੀਆਂ ਆਦਿ ਦੀ ਵਰਤੋਂ ਕਰਦਾ ਹੈ। ਕਈ ਵਾਰ ਕਾਵਿ ਵਿਚ ਅਕੱਥ ਵਿਚਾਰ ਲਈ ਵੀ ਪ੍ਰਤੀਕ ਵਰਤੇ ਜਾਂਦੇ ਹਨ। ਕਾਵਿ ਵਿਚ ਅਲੰਕਾਰਾਂ ਅਤੇ ਬਿੰਬਾਂ ਦੀ ਵਰਤੋਂ ਕਾਵਿਕ ਵਿਸ਼ੇ ਦੀ ਇਕਸਾਰਤਾ ਅਤੇ ਮੰਤਵ ਦੇ ਸਪੱਸ਼ਟੀਕਰਨ ਲਈ ਹੁੰਦੀ ਹੈ। ਪ੍ਰਤੀਕ ਦੀ ਵਰਤੋਂ ਕਾਵਿ ਵਿਚਲਾ ਅਰਥ ਉਜ਼ਾਗਰ ਕਰਨ ਵਿਚ ਸਹਾਇਕ ਹੁੰਦੀ ਹੈ।

Satire ਵਿਅੰਗ ਵੀ ਕਾਵਿ ਦਾ ਮਹੱਤਵਪੂਰਨ ਤੱਤ ਹੈ। ਇਸ ਵਿਧੀ ਰਾਹੀਂ ਕਿਸੇ ਦੀ ਨਾ ਸਮਝੀ ਪ੍ਰਤੀ ਆਲੋਚਨਾ ਕੀਤੀ ਜਾਂਦੀ ਹੈ। ਵਿਅੰਗ ਇੱਕ ਉਹ ਕਾਵਿਕ ਮਾਧਿਅਮ ਹੈ, ਜਿਸ ਦੁਆਰਾ ਭੈੜੇ ਕੰਮਾਂ ਜਾਂ ਮੂਰਖ ਲੋਕਾਂ ਦੀ ਖਿੱਲ੍ਹੀ ਉਡਾਈ ਜਾਂਦੀ ਹੈ ਵਿਅੰਗ ਦਾ ਪ੍ਰਯੋਜਨ ਮਨੁੱਖ ਜਾਂ ਸਮਾਜਿਕ ਸੁਧਾਰ ਹੁੰਦਾ ਹੈ। ਜਿਸ ਦੇ ਪ੍ਰਤੀਕਰਮ ਵਜੋਂ ਵਿਅੰਗ ਸਵੀਕਾਰਿਆ ਜਾਂਦਾ ਹੈ। ਵਿਅੰਗ ਗ਼ੈਰ ਮਨੁੱਖੀ ਅਤੇ ਮੁਥਾਜ਼ੀ ਦੀ ਸਮਾਪਤੀ ਦਾ ਸੰਕਲਪ ਹੈ। ਵਿਅੰਗ ਉੱਤਮ

ਪ੍ਰਕਾਰ ਦੀ ਸਾਹਿਤਕ ਵੰਨਗੀ ਦੇ ਰੂਪ ਵਿਚ ਸਾਹਿਤਕ ਇਤਿਹਾਸ ਵਿਚ ਵੇਖਣ ਨੂੰ ਆਇਆ ਹੈ। ਪਰ ਅਜੋਕੇ ਸਾਹਿਤ ਵਿਚ ਵਧੀਆ ਕਿਸਮ ਦਾ ਲਿਖਿਆ ਵਿਅੰਗ ਬਹੁਤ ਘੱਟ ਨਜ਼ਰ ਆਉਂਦਾ ਹੈ। ਵਿਅੰਗ ਨਾਟਕ ਵਿਚ ਵਧੇਰੇ ਲਿਖਿਆ ਮਿਲਦਾ ਹੈ, ਬਜਾਇ ਸਾਹਿਤ ਦੇ ਹੋਰ ਰੂਪਾਂ ਨਾਲੋਂ। ਕਵਿਤਾ ਵਿਚ ਵੀ ਵਿਅੰਗ ਦੀ ਸ਼ਮੂਲੀਅਤ ਨਜ਼ਰ ਆਉਂਦੀ ਹੈ।

Irony ਜਿਸ ਨੂੰ ਪੰਜਾਬੀ ਵਿਚ ਤਨਜ਼ ਕਿਹਾ ਜਾਂਦਾ ਹੈ। ਤਨਜ਼ ਮੱਧਮ ਅਤੇ ਸੰਕੇਤਕ ਕਾਵਿ ਪ੍ਰਗਟਾਅ ਦੀ ਵਿਧੀ ਹੈ। ਇਸ ਵਿਚ ਦੋਹਰੇ ਅਰਥ ਹੁੰਦੇ ਹਨ। ਤਨਜ਼ ਇਕ ਪਾਸੇ ਕਾਵਿ ਅਰਥ ਨੂੰ ਬਿਆਨ ਕਰਦਾ ਹੈ। ਦੂਜੇ ਪਾਸੇ ਆਪਣੇ ਵਿਚ ਲੁਕੇ ਦੂਜੇ ਅਰਥ ਦਾ ਪਾਠਕ ਨੂੰ ਬੋਧ ਕਰਵਾਉਂਦਾ ਹੈ। ਤਨਜ਼ ਦੇ ਪ੍ਰਗਟਾਅ ਲਈ ਇਕ ਵਿਸ਼ੇਸ਼ ਸੰਦਰਭ ਦੀ ਲੋੜ ਹੈ। ਜਿਸ ਵਿਚ ਤਨਜ਼ ਦਾ ਤਨਜ਼ੀਆ ਅੰਦਾਜ਼ ਸਾਬਤ ਹੁੰਦਾ ਹੈ। ਕੜਕ ਦੀ ਧੁੱਪ ਨੂੰ ਬਾਰਿਸ਼ ਕਹਿਣਾ, ਇਸ ਗੱਲ ਨੰ ਤਨਜ਼ੀਆ ਦ੍ਰਿਸ਼ਟੀਕੋਣ ਤੋਂ ਹੀ ਸਮਝਿਆ ਜਾ ਸਕਦਾ ਹੈ। ਤਨਜ਼ ਕਾਵਿ ਪ੍ਰਗਟਾਅ ਲਈ ਤੇਜ਼ ਤਲਵਾਰ ਦੇ ਫੱਟ ਵਰਗਾ ਹੈ, ਜਿਸ ਦਾ ਅਸਰ ਪਾਠਕ ਮਨ 'ਤੇ ਤਿੱਖਾ ਤੇ ਤੀਬਰ ਹੁੰਦਾ ਹੈ। ਇਹ ਅਸਰ ਪਾਠਕ ਮਨ 'ਤੇ ਇਕ ਚੀਸਨੁਮਾ ਅਨੁਭਵ ਛੱਡਦਾ ਹੈ। ਜਿਸ ਨੂੰ ਪਾਠਕ ਬਹੁਤ ਦੇਰ ਤੱਕ ਯਾਦ ਰੱਖਦਾ ਹੈ।

Paradox ਵਿਰੋਧਾਭਾਸ ਕੋਈ ਵੀ ਕਾਵਿਕ ਅਭਿਵਿਅਕਤੀ ਪਹਿਲੀ ਵਾਰੀ ਪੜ੍ਹਿਆ ਆਪਣਾ ਅਰਥ ਦਾ ਸੰਚਾਰ ਠੀਕ ਰੂਪ ਵਿਚ ਨਾ ਕਰ ਸਕੇ। ਭਾਵ ਉਹ ਹੋਵੇ ਸਮੁੰਦਰ ਪਰ ਲੱਗੇ ਜੰਗਲ। ਦੂਜੀ ਵਾਰੀ ਉਸੇ ਕਾਵਿਕ ਅਭਿਵਿਅਕਤੀ ਨੂੰ ਧਿਆਨ ਨਾਲ ਪੜ੍ਹਿਆ ਜਾਏ ਤਾਂ ਜੋ ਉਸ ਦਾ ਅਸਲ ਅਰਥ ਹੈ ਉਹ ਸਿੱਧ ਹੋਵੇ, ਭਾਵ ਉਹ ਸਮੁੰਦਰ ਲੱਗੇ, ਤਾਂ ਉਸ ਨੂੰ ਵਿਰੋਧਾਭਾਸ Paradox ਆਖਦੇ ਹਨ। ਵਿਰੋਧਾਭਾਸ ਤੋਂ ਭਾਵ ਉਹ ਗਿਆਨ ਜੋ ਪ੍ਰਗਟ ਤੌਰ 'ਤੇ ਅਸਪੱਸ਼ਟ ਵਜੂਦ ਆਮ ਖਿਆਲ ਅਨੁਸਾਰ ਸੰਭਵ ਹੀ ਨਾ ਹੋਵੇ। ਪਰ ਵਿਸ਼ੇਸ਼ ਧਿਆਨ ਨਾਲ ਦ੍ਰਿਸ਼ਟਮਾਨ ਹੋ ਜਾਏ ਉਸ ਨੂੰ ਵਿਰੋਧਾਭਾਸ ਆਖਦੇ ਹਨ। ਇਸ ਨੂੰ ਅਸੰਗਤ ਕਥਨ ਜਾਂ ਉਲਟੀ ਗੱਲ ਵੀ ਆਖਦੇ ਹਨ।

Prose ਭਾਵ ਗਦ ਸਾਹਿਤ ਦਾ ਕਵਿਤਾ ਤੋਂ ਅਗੇਰਾ ਰੂਪ ਹੈ, ਜੋ ਵਾਕ ਰਚਨਾ ਅਤੇ ਕੁਦਰਤੀ ਭਾਸ਼ਾ ਰਾਹੀਂ ਹੋਂਦ ਵਿਚ ਆਉਂਦੀ ਹੈ। ਕਾਵਿ ਤੱਤਾਂ ਤੋਂ ਬਾਅਦ ਹੁਣ ਅਸੀਂ ਗਦ ਤੱਤਾਂ ਬਾਰੇ ਵਿਚਾਰ ਵਿਟਾਂਦਾਰਾ ਕਰਾਂਗੇ। ਗਦ ਸਾਹਿਤ ਦਾ ਸਭ ਤੋਂ ਪਹਿਲਾ ਤੱਤ ਹੈ, Plot. ਜਿਸ ਨੂੰ ਗੋਂਦ ਕਿਹਾ ਜਾਂਦਾ ਹੈ। ਗੋਂਦ ਕ੍ਰਮਵਾਰ ਘਟਨਾਵਾਂ ਦੀ ਵਿਉਂਤਬੰਦੀ ਹੁੰਦੀ ਹੈ। ਖਿਆਲ ਜਾਂ ਘਟਨਾਵਾਂ ਗੋਂਦ ਆਪਣੀ ਬੁੱਕਲ ਵਿਚ ਲੈਂਦੀ ਹੈ। ਗੋਂਦ ਵਿਚ ਪਰੋਈਆਂ ਘਟਨਾਵਾਂ ਦੀ

ਇਕਾਈ ਨਾਟਕ, ਨਾਵਲ ਜਾਂ ਕਹਾਣੀ ਦੇ ਮੰਤਵ ਨੂੰ ਅੱਗੇ ਟੋਰਦੀ ਹੈ। ਪਾਠਕ ਅਤੇ ਦਰਸ਼ਕ ਲਈ ਆਕਰਸ਼ਨ ਦਾ ਪ੍ਰਭਾਵ ਸਿਰਜਦੀ ਹੈ। ਨਾਵਲ ਦੀ ਕਹਾਣੀ ਵੱਖ-ਵੱਖ ਗੁੰਝਲਾਂ ਅਤੇ ਗੁੰਝਲਾਂ ਦੀ ਗਤੀ ਰਾਹੀਂ ਵਿਕਾਸ ਕਰਦੀ ਹੈ। ਨਾਟਕ ਦੀ ਗੋਂਦ Acts ਅਤੇ Scenes ਵਿਚ ਵੰਡੀ ਹੁੰਦੀ ਹੈ। ਨਾਟਕ ਦੇ ਪੰਜ ਜ਼ਰੂਰੀ ਭਾਗ ਹੁੰਦੇ ਹਨ। ਜਿਨ੍ਹਾਂ ਨੂੰ ਨਾਟਕੀ ਗੋਂਦ ਕ੍ਰਮਵਾਰ ਬੜੇ ਪ੍ਰਭਾਵ ਅਤੇ ਨਾਟਕੀ ਅੰਦਾਜ਼ ਵਿਚ ਪੇਸ਼ ਕਰਦਾ ਹੈ। ਪਹਿਲਾਂ ਨਾਟਕ ਦੀ ਕਹਾਣੀ, ਪਾਤਰ ਅਤੇ ਸਥਾਪਨਾ ਪ੍ਰਤੀ ਜਾਣਕਾਰੀ ਦਿੰਦੀ ਹੈ। ਦੂਜਾ ਨਾਟਕ ਦੀ ਗਤੀ ਭਾਵ ਨਾਟਕ ਵਿਚ ਨਾਟਕੀ Action ਕਿਸ ਤਰ੍ਹਾਂ ਉਭਰਦਾ ਹੈ, ਕਿਵੇਂ ਵਿਕਾਸ ਕਰਦਾ ਹੈ। ਨਾਟਕੀ ਕਾਰਜ ਦਾ ਵਿਕਾਸ ਵੀ ਨਾਟਕ ਦੀ ਗੋਂਦ ਦੀ ਸੁਚੱਜਤਾ 'ਤੇ ਅਧਾਰਿਤ ਹੁੰਦਾ ਹੈ। ਜਿੰਨ੍ਹੀ ਨਾਟਕ ਦੀ ਗੋਂਦ ਸੰਘਣੀ ਸੁਭਾਵਿਕ ਅਤੇ ਕੁਦਰਤੀ ਹੋਵੇਗੀ, ਉਨ੍ਹਾ ਹੀ ਨਾਟਕੀ ਕਾਰਜ ਕੁਦਰਤੀ ਤੇ ਯਥਾਰਥਕ ਰੂਪ ਵਿਚ ਵਿਕਾਸ ਕਰੇਗਾ ਅਤੇ ਨਾਟਕ ਦੀ ਸਿਖ਼ਰ ਛੋਹੇਗਾ। ਨਾਟਕੀ ਕਾਰਜ ਪਹਿਲਾ ਅਗਾਜ਼ ਫਿਰ ਮੱਧ ਅਤੇ ਇਸ ਤਰ੍ਹਾਂ ਵਿਕਾਸ ਕਰਦਾ ਨਾਟਕੀ ਸਿਖ਼ਰ ਤੱਕ ਅੱਪੜਦਾ ਹੈ। ਜਿੱਥੇ ਆ ਕੇ ਨਾਟਕ ਦੀਆਂ ਸਾਰੀਆਂ ਤੰਦਾਂ ਇਕਾਈ ਦੇ ਰੂਪ ਵਿਚ ਨਾਟਕ ਦੇ ਮੰਤਵ ਦਾ ਪ੍ਰਭਾਵ ਸਥਾਪਤ ਕਰਦੀਆਂ ਹਨ। ਗੋਂਦ ਦਾ ਇਹ ਕਾਰਜ ਨਾਟਕ, ਨਾਵਲ ਅਤੇ ਕਹਾਣੀ ਵਿਚ ਇਸੇ ਤਰ੍ਹਾਂ ਹੀ ਵਾਪਰਦਾ ਹੈ। ਫ਼ਰਕ ਸਿਰਫ਼ ਇੰਨ੍ਹਾ ਹੈ ਕਿ ਨਾਟਕ ਵਿਚ ਇਹ ਕਾਰਜ ਨਾਟਕੀ ਅੰਦਾਜ਼ ਵਿਚ ਨਾਵਲ ਅਤੇ ਕਹਾਣੀ ਵਿਚ ਬ੍ਰਿਤਾਂਤਕ ਅੰਦਾਜ਼ ਵਿਚ ਵਾਪਰਦਾ ਹੈ ਕਿਉਂਕਿ ਨਾਟਕੀ ਕਲਾ ਜਿੱਥੇ ਬ੍ਰਿਤਾਂਤਕ ਵੀ ਹੈ, ਉੱਥੇ ਇਹ ਬ੍ਰਿਤਾਂਤ ਨਾਟਕੀ ਰੂਪ ਦਾ ਵਧੇਰੇ ਹੁੰਦਾ ਹੈ ਕਿਉਂਕਿ ਨਾਟਕ ਦ੍ਰਿਸ਼ਟਾਂਤਕ ਕਲਾ ਹੈ। ਨਾਵਲ ਅਤੇ ਕਹਾਣੀ ਘੱਟ ਨਾਟਕੀ ਅਤੇ ਵਧੇਰੇ ਬ੍ਰਿਤਾਂਤਕੀ ਕਲਾ ਹੈ। ਗੋਂਦ ਦੀ ਵਿਕਾਸ ਗਤੀ ਵਿਚ ਹੀ ਨਾਟਕ ਨਾਵਲ ਅਤੇ ਕਹਾਣੀ ਦੇ ਉਤਰਾਅ ਦਾ ਪੜ੍ਹਾਅ ਹੈ। ਜਿਸ ਵਿਚ ਨਾਟਕ, ਨਾਵਲ ਅਤੇ ਕਹਾਣੀ ਦੀਆਂ ਤੰਦਾਂ ਖੁਲ੍ਹਦੀਆਂ ਹਨ ਅਤੇ ਸਿਖ਼ਰ ਤੋਂ ਸਹਿਜ ਸੁਭਾਵਿਕ ਗਤੀ ਅਨੁਸਾਰ ਆਪਣੇ ਮੰਤਵ ਦਾ ਪ੍ਰਸਾਰ ਦਰਸ਼ਕਾਂ ਅਤੇ ਪਾਠਕਾਂ ਵਿਚ ਕਰਦੀਆਂ ਹਨ। ਇਸ ਤਰ੍ਹਾਂ ਨਾਟਕ ਦਾ ਵਿਸ਼ਾ ਦਰਸ਼ਕਾਂ ਦੀ ਚੇਤਨਾ 'ਚ ਦ੍ਰਿਸ਼ਟਾਂਤ ਰੂਪ ਵਿਚ ਫੈਲਦਾ ਹੈ। ਨਾਵਲ ਅਤੇ ਕਹਾਣੀ ਵਿਚ ਇਸ ਵਿਸ਼ੇ ਦਾ ਦ੍ਰਿਸ਼ਟਾਂਤ ਪਾਠਕ ਅਨੁਭਵੀ ਚੇਤਨਾ ਰਾਹੀਂ ਮਹਿਸੂਸ ਕਰਦਾ ਹੈ। ਇਹ ਗੋਂਦ ਕਾਰਜ ਦਾ ਉਤਰਾਅ ਚੜ੍ਹਾਅ ਹੀ ਨਾਟਕ ਨਾਵਲ ਅਤੇ ਕਹਾਣੀ ਨੂੰ ਅੰਤ ਵੱਲ ਲੈ ਟੁਰਦਾ ਹੈ ਅਤੇ ਇਹ ਅੰਤ ਕੁਦਰਤੀ ਸੁਭਾਵਿਕ ਅਤੇ ਯਥਾਰਥ ਹੋਣਾ ਲਾਜ਼ਮੀ ਹੈ। ਇਹ ਅੰਤ ਦਰਸ਼ਕਾਂ ਅਤੇ ਪਾਠਕਾਂ 'ਤੇ ਇਹ ਪ੍ਰਭਾਵ ਛੱਡੇ, ਕਿ ਨਾਟਕ, ਨਾਵਲ ਅਤੇ ਕਹਾਣੀ ਆਪਣੇ ਮੰਤਵ ਵਿਚ ਸੰਤੁਸ਼ਟ ਹੋਏ ਹਨ। ਆਦਿ ਤੋਂ ਲੈ ਕੇ ਮੱਧ ਅਤੇ ਸਿਖ਼ਰ ਤੱਕ ਦੀ

ਸਾਰੀ ਕਾਰਜ ਪ੍ਰਣਾਲੀ ਦਾ ਅੰਤ ਸੰਤੁਸ਼ਟਤਾ ਭਰਪੂਰ ਹੋਣਾ ਚਾਹੀਦਾ ਹੈ। Character Round character, Flat ਇਸ ਲਈ ਗੋਂਦ ਸਿਰਜਣਾ ਦੀ ਊਰਜਾ ਹੈ। ਜਿਸ ਦੇ ਬਲਬੂਤੇ 'ਤੇ ਸਿਰਜਣਾ ਆਪਣੇ ਮੰਤਵ ਦੀ ਸਫ਼ਲਤਾ ਨਾਲ ਪ੍ਰਾਪਤੀ ਕਰਦੀ ਹੈ। ਭਾਵ ਗੋਂਦ ਰਚਨਾ ਦੀ ਰੀੜ੍ਹ ਦੀ ਹੱਡੀ ਹੈ। ਗੋਂਦ ਵਿਚ ਹੀ ਰਚਨਾ ਦੀ ਵਿਚਾਰਧਾਰਾ, ਪ੍ਰਯੋਜਨ. ਸਿਲਸਿਲਾ, ਜੀਵਨ, ਸੱਚ, ਵਾਰਤਾਲਾਪ, ਅਤੇ ਰਚਨਾ ਦੀ ਸਮੂਹ ਕਾਰਜ ਪ੍ਰਣਾਲੀ ਦਾ ਪ੍ਰਤੀਕਰਮ ਗੁੰਨਿਆ ਹੁੰਦਾ ਹੈ। ਗੋਂਦ ਰਚਨਾ ਦੀ ਕੁੱਖ ਕਹੀ ਜਾ ਸਕਦੀ ਹੈ, ਜਿਸ ਵਿਚ ਬੀਜਿਆ ਰਚਨਾਤਮਕ ਬੀਜ਼ ਵੱਡਾ ਹੋ ਕੇ ਫੁੱਲਾਂ, ਫੱਲਾਂ ਵਾਲੇ ਰੁੱਖ ਦਾ ਰੂਪ ਧਾਰਦਾ ਹੈ। ਗੋਂਦ ਵਿਚ ਹੀ ਰਚਨਾ ਦਾ ਮੂੰਹ ਮੁਹਾਂਦਰਾ, ਰੰਗ-ਰੂਪ, ਨੈਣ-ਨਕ਼ਸ਼ ਅਤੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਦਾ ਪ੍ਰਗਟਾਅ ਹੁੰਦਾ ਹੈ। ਗੋਂਦ ਬੁਨਿਆਦੀ ਤੌਰ 'ਤੇ ਰਚਨਾ ਸੰਸਾਰ ਦੀ ਨੀਂਹ ਪੱਥਰ ਹੈ। ਜਿਸ 'ਤੇ ਰਚਨਾ ਸੰਸਾਰ ਦਾ ਮਹਿਲ ਉਸਾਰਿਆ ਜਾਂਦਾ ਹੈ। ਇਹ ਸਾਹਿਤ ਦਾ ਇੰਨ੍ਹਾ ਮਹੱਤਵਪੂਰਨ ਤੱਤ ਹੈ ਕਿ ਇਸ ਤੋਂ ਬਿਨਾਂ ਸਾਹਿਤ ਸਿਰਜਣਾ ਸੰਭਵ ਹੀ ਨਹੀਂ।

Character ਜਿਸ ਨੂੰ ਪਾਤਰ ਕਿਹਾ ਜਾਂਦਾ ਹੈ। ਨਾਟਕ, ਨਾਵਲ ਜਾਂ ਕਹਾਣੀ ਵਿਚ ਪਾਤਰਾਂ ਦੀ ਵੀ ਮਹੱਤਵਪੂਰਨ ਭੂਮਿਕਾ ਹੈ। ਕਿਹਾ ਜਾ ਸਕਦਾ ਹੈ ਕਿ ਪਾਤਰਾਂ ਦੀ ਹੋਂਦ ਤੋਂ ਬਿਨ੍ਹਾਂ ਕਿਸੇ ਵੀ ਸਾਹਿਤਕ ਰਚਨਾ ਦੀ ਹੋਂਦ ਸੰਭਵ ਨਹੀਂ ਹੋ ਸਕਦੀ। ਚਾਹੇ ਕਾਵਿ ਵਿਚ ਪਾਤਰ ਸ਼ਬਦ ਹੈ, ਚਾਹੇ ਗਦ ਸਾਹਿਤ ਵਿਚ ਪਾਤਰ ਜੀਵ ਹੈ। ਪਾਤਰਾਂ ਦਾ ਨਿੱਕੀ ਕਹਾਣੀ ਤੋਂ ਲੈ ਕੇ ਹਰ ਬ੍ਰਿਤਾਂਤਕ ਸਾਹਿਤਕ ਵੰਨਗੀ ਵਿਚ ਅਹਿਮ ਰੋਲ ਹੈ। ਪਾਤਰਾਂ ਨਾਇਕ ਰਚਨਾ ਵਿਚ ਹੋਰ ਸੰਬੰਧਿਤ ਪਾਤਰ ਪ੍ਰਤੀਬਿੰਬ ਅਤੇ ਜਾਣਕਾਰੀ ਰਾਹੀਂ ਪਾਤਰ ਉਸਾਰੀ ਕਰਦੇ ਹਨ। ਪਾਤਰ ਕਲਪਤ ਅਤੇ ਅਸਲ ਦੋਹਾਂ ਤਰ੍ਹਾਂ ਦੇ ਹੋ ਸਕਦੇ ਹਨ। ਜਿੱਥੇ ਪਾਤਰ ਕਹਾਣੀ ਅਤੇ ਗੋਂਦ ਨੂੰ ਅੱਗੇ ਟੋਰਦੇ ਹਨ, ਉੱਥੇ ਨਾਟਕ ਨਾਵਲ ਜਾਂ ਕਹਾਣੀ ਦੀਆਂ ਗੁੰਝਲਾਂ ਨੂੰ ਆਪਣੇ ਅਭਿਨੈ ਅਤੇ ਵਾਰਤਾਲਾਪ 'ਤੇ ਅਧਾਰਿਤ ਹੁੰਦੀ ਹੈ। ਨਾਵਲ ਅਤੇ ਕਹਾਣੀ ਦੀ ਗਤੀ ਪਾਤਰਾਂ ਦੇ ਵਾਰਤਾਲਪ ਅਤੇ ਕਾਰਜ ਕਰਮ 'ਤੇ ਅਧਾਰਿਤ ਹੁੰਦੀ ਹੈ। ਕਾਰਜ ਕਰਮ ਜੋ ਵਾਰਤਾਲਾਪ ਦੀ ਦੀਆਂ ਤੇਹਾਂ ਵਿਚ ਹੁੰਦਾ ਹੈ। ਪਾਤਰ ਆਮ ਜੀਵਨ ਦੇ ਵੀ ਅਤੇ ਇਤਿਹਾਸਕ ਵੀ ਹੋ ਸਕਦੇ ਹਨ। ਪਾਤਰ ਮਨੁੱਖ, ਪੜਯਥਾਰਥ, ਮਿਥਿਹਾਸਿਕ, ਇਸ਼ਵਰੀ, ਜਾਨਵਰ ਜਾਂ ਭਾਵਾਂ ਦੇ ਪ੍ਰਤੀਬਿੰਬ ਵੀ ਹੋ ਸਕਦੇ ਹਨ। ਨਾਟਕ ਜਾਂ ਨਾਵਲ ਵਿਚ ਪਾਤਰਾਂ ਦੀਆਂ ਕਈ ਕਿਸਮਾਂ ਅਨੁਮਾਨਿਤ ਕੀਤੀਆਂ ਜਾ ਸਕਦੀਆਂ ਹਨ। ਇਹ Round character, Flat character, Stereotypical

character, Stock character ਆਦਿ ਹੋ ਸਕਦੇ ਹਨ। ਨਾਟਕ, ਨਾਵਲ ਅਤੇ ਕਹਾਣੀ ਦੇ ਨਿੱਕੇ ਤੋਂ ਨਿੱਕੇ ਅਤੇ ਵੱਡੇ ਤੋਂ ਵੱਡੇ ਕਾਰਜ ਨੂੰ ਪਾਤਰ ਸਿਖ਼ਰ ਵੱਲ ਟੋਰਦੇ ਹਨ। ਪਾਤਰ ਸਿਰਜਨਾਤਮਕ ਰਚਨਾ ਦਾ ਉਹ ਮਹੱਤਵਪੂਰਨ ਤੱਤ ਹਨ ਜੋ ਰਚਨਾ ਦੇ ਕਾਰਜ ਨੂੰ ਊਰਜਕ ਅਤੇ ਗਤੀਸ਼ੀਲ ਰੱਖਦੇ ਹਨ। ਗੋਂਦ ਦੀ ਵਿਉਂਤਬੰਦੀ ਦਾ ਪ੍ਰਗਟਾਅ ਪਾਤਰ ਹੀ ਕਰਦੇ ਹਨ ਅਤੇ ਇਸ ਨੂੰ ਨਾਟਕੀ ਦ੍ਰਿਸ਼ਟਾਂਤ ਦਾ ਰੂਪ ਦਿੰਦੇ ਹਨ। ਰਚਨਾ ਵਿਚਲਾ ਮੰਤਵ, ਸੰਕਲਪ ਅਤੇ ਸੰਸਾਰ ਪਾਠਕਾਂ ਦੇ ਵਾਰਤਾਲਾਪ ਰਾਹੀਂ ਸਪੱਸ਼ਟ ਕੀਤਾ ਜਾਂਦਾ ਹੈ। ਰਚਨਾ ਦੀਆਂ ਅੰਦਰੂਨੀ, ਬਾਹਰੀ, ਪ੍ਰਵਿਰਤੀਆਂ, ਬਹੁਪੱਖੀ ਅਨੁਭਵ, ਬਹੁ ਪੱਖੀ ਦ੍ਰਿਸ਼ਟੀਕੋਣ ਅਤੇ ਵਾਰਤਾਲਾਪ ਦੀ ਵਿਅੰਗਤਾ ਅਤੇ ਸਧਾਰਨਤਾ ਨੂੰ ਕੁਦਰਤੀ ਰੂਪ ਵਿਚ ਪਾਤਰ ਹੀ ਵਾਰਤਾਲਾਪ ਰਾਹੀਂ ਦਰਸ਼ਕਾਂ ਜਾਂ ਪਾਠਕਾਂ ਦੀ ਦ੍ਰਿਸ਼ਟੀਗੋਚਰੇ ਕਰਦੇ ਹਨ। ਪਾਤਰ ਰਚਨਾ ਦੇ ਸਮੇਂ, ਸਥਾਨ, ਭੂਤ, ਭਵਿੱਖ ਅਤੇ ਵਰਤਮਾਨ ਬਾਰੇ ਦਰਸ਼ਕਾਂ ਜਾਂ ਪਾਠਕਾਂ ਨੂੰ ਜਾਣੂ ਕਰਵਾਉਂਦੇ ਹਨ। ਰਚਨਾ ਵਿਚ ਕਹੀਆਂ ਗਈਆਂ ਜਾਂ ਨਾ ਕਹੀਆਂ ਗਈਆਂ ਗੱਲਾਂ ਦੀ ਮਹੱਤਤਾ ਅਤੇ ਜ਼ਰੂਰਤ ਦਾ ਪ੍ਰਗਟਾਅ ਵੀ ਪਾਤਰ ਹੀ ਕਰਾਉਂਦੇ ਹਨ। ਰਚਨਾ ਵਿਚ ਪਾਤਰ ਉਹ ਮਾਧਿਅਮ ਹੈ ਜੋ ਰਚਨਾ ਦਾ ਅੰਦਰ ਖੋਲ੍ਹ ਕੇ ਪਾਠਕਾਂ ਜਾਂ ਦਰਸ਼ਕਾਂ ਨੂੰ ਵਿਕਾਉਂਦਾ ਹੈ। ਪਾਤਰ ਰਚਨਾ ਦਾ ਜਿਉਂਦਾ ਜਾਗਦਾ ਅਨੁਭਵ ਹਨ। ਪਾਤਰ ਰਚਨਾ ਦਾ ਉਹ ਅੰਗ ਹਨ, ਜੋ ਦਰਸ਼ਕਾਂ ਜਾਂ ਪਾਠਕਾਂ ਨੂੰ ਰਚਨਾ ਦੇ ਧੁਰ ਅੰਦਰ ਤੱਕ ਲੈ ਜਾਂਦੇ ਹਨ। ਪਾਤਰ ਉਸ ਅਨੁਭਵ ਪਲ ਦਾ ਪ੍ਰਗਟਾਅ ਹਨ ਜੋ ਲੇਖਕ ਆਪਣੀ ਰਚਨਾ ਵਿਚ ਭਾਸ਼ਾ ਮਾਧਿਅਮ ਰਾਹੀਂ ਰੱਖਦਾ ਹੈ। ਪਾਤਰ ਰਚਨਾ ਦੀਆਂ ਪਰਤਾਂ, ਵਾਰਤਾਲਾਪ, ਸਰੀਰਕ ਭਾਸ਼ਾ, ਭਾਸ਼ਾ ਦੀ ਗਤੀ ਅਤੇ ਠਹਿਰਾਓ ਨੂੰ ਅੰਦਾਜ਼ ਰਾਹੀਂ ਖੋਲ੍ਹਦੇ ਹਨ, ਤਾਂ ਕਿ ਦਰਸ਼ਕ ਜਾਂ ਪਾਠਕ ਸਾਂਵੇ ਉਹ ਸੱਚ ਸਾਕਾਰ ਹੋ ਸਕੇ ਜੋ ਰਚਨਾ ਦੇ ਧੁਰ ਅੰਦਰ ਪਿਆ ਹੈ। ਪਾਤਰ ਰਚਨਾ ਦਾ ਯਥਾਰਥ, ਦਰਪਣ ਅਤੇ ਸਾਹਸਤ ਹੁੰਦੇ ਹਨ।

ਪਾਤਰ ਰਚਨਾ ਵਿਚਲੀ ਚੁੱਪ ਨੂੰ ਬੋਲ ਬਖਸ਼ਦੇ ਹਨ ਅਤੇ ਅਭਿਨੈਅ ਜਾਂ ਵਾਰਤਾਲਾਪ ਰਾਹੀਂ ਉਸ ਚੁੱਪ ਦੇ ਅਰਥ ਸਾਕਾਰਦੇ ਹਨ ਜੋ ਰਚਨਾ ਵਿਚ ਭਾਸ਼ਾ ਮੁਕਤ ਹੁੰਦੀ ਹੈ। ਰਚਨਾ ਵਿਚਲੀ ਅਗਤੀ ਨੂੰ ਗਤੀ ਪ੍ਰਦਾਨ ਕਰਦੇ ਹਨ। ਜਿਸ ਨਾਲ ਰਚਨਾ ਵਿਚ ਇੱਕ ਨਿਰੰਤਰਤਾ ਦਾ ਪ੍ਰਵਾਹ ਰਹਿੰਦਾ ਹੈ। ਪਾਤਰ ਉਸਾਰੀ ਹੀ ਦਰਸ਼ਕਾਂ ਜਾਂ ਪਾਠਕਾਂ ਨੂੰ ਰਚਨਾ ਦੀ ਸੂਰਤ ਤੋਂ ਸੀਰਤ ਤੱਕ ਲੈ ਜਾਂਦੀ ਹੈ। ਪਾਤਰ ਉਸਾਰੀ ਰਚਨਾ ਦੇ ਮਾਹੌਲ ਅਤੇ ਪ੍ਰਯੋਜਨ ਦੀ ਰਹਿਨੁਮਾਈ ਹੇਠ ਹੁੰਦੀ ਹੈ। ਇਨ੍ਹਾਂ ਪਾਤਰਾਂ ਦਾ ਕੁਦਰਤੀ ਸੁਭਾਅ ਅਤੇ ਜਿਉਂਦੇ

ਜਾਗਦੇ ਲੱਗਣਾ ਅਤਿ ਜ਼ਰੂਰੀ ਹੈ। ਪਾਤਰਾਂ ਦੀ ਰਚਨਾ ਅਨੁਕੂਲ ਸਿਰਜਣਾ ਹੀ ਰਚਨਾਤਮਕ ਸੱਚ ਦਾ ਪ੍ਰਗਟਾਅ ਹੈ। ਇਨ੍ਹਾਂ ਪਾਤਰਾਂ ਸਦਕਾ ਹੀ ਰਚਨਾ ਦੀ ਪ੍ਰਵਿਰਤੀ ਅਤੇ ਪ੍ਰਕਿਰਤੀ, ਸੁਭਾਅ ਅਤੇ ਵਿਚਰਨ ਕੁਦਰਤੀ ਜੀਵਨ ਦਾ ਹਿੱਸਾ ਲੱਗਦਾ ਹੈ। ਇਹ ਜ਼ਿੰਮੇਵਾਰੀ ਲੇਖਕ ਦੀ ਹੈ, ਕਿ ਪਾਤਰਾਂ ਦਾ ਵਾਰਤਾਲਾਪ ਲੇਖਕ ਪਾਤਰਾਂ ਦੇ ਕਿਰਦਾਰ ਅਨੁਸਾਰ ਪਾਤਰਾਂ ਦੀ ਜ਼ੁਬਾਨ ਤੋਂ ਉਚਾਰਨ ਕਰਵਾਏ। ਪਾਤਰ ਸਹਿਤ ਦਾ ਉਹ ਤੱਤ ਹਨ, ਜਿਨ੍ਹਾਂ ਦੀ ਬੁਨਿਆਦ 'ਤੇ ਸਾਹਿਤ ਰਚਿਆ ਜਾਂਦਾ ਹੈ। ਸਾਹਿਤਕ ਰਚਨਾ ਦਾ ਪ੍ਰਗਟਾਅ ਪਾਤਰਾਂ ਤੋਂ ਬਿਨ੍ਹਾਂ ਅਸੰਭਵ ਹੈ। ਪਾਤਰ ਜਿੱਥੇ ਮਨੁੱਖ ਅਤੇ ਮਨੁੱਖ ਦਾ ਪ੍ਰਤੀਕਰਨ ਹਨ ਉੱਥੇ ਜੀਵਨ ਸੱਚ ਵੀ ਹਨ, ਜੋ ਰਚਨਾ ਵੀ ਜਿਉਂਦੀ ਰੱਖਦੇ ਹਨ।

Setting ਸਥਾਪਨਾ : ਨਾਟਕ ਜਾਂ ਨਾਵਲ ਦਾ ਪ੍ਰਮੁੱਖ ਤੱਤ ਹੈ। ਇਸ ਤੋਂ ਬਿਨ੍ਹਾਂ ਨਾਟਕ ਜਾਂ ਨਾਵਲ ਵਿਚਲੀ ਇਕਾਈ ਸੰਭਵ ਨਹੀਂ ਹੈ। ਹਰ ਘਟਨਾ, ਹਰ ਪਾਤਰ ਅਤੇ ਮੰਚ ਦੀ ਸਮੱਗਰੀ ਨੂੰ ਨਾਟਕ ਦੀ ਚਾਲ ਮੁਤਾਬਿਕ ਕ੍ਰਮਵਾਰ ਸੈੱਟ ਕੀਤਾ ਜਾਂਦਾ ਹੈ ਤਾਂ ਕਿ ਨਾਟਕ ਦਾ ਕਾਰਜੀ ਪ੍ਰਭਾਵ ਦਰਸ਼ਕ ਨੂੰ ਬੰਨ੍ਹ ਕੇ ਰੱਖ ਸਕੇ। ਇਸ Setting ਦੁਆਰਾ ਸਾਹਿਤਕ ਕਿਰਤ ਦੀ ਕਹਾਣੀ ਦਾ ਪਿਛੋਕੜ ਦੱਸਿਆ ਜਾਂਦਾ ਹੈ। ਸਮਾਂ ਰੋਜ਼ਾਨਾ ਪਾਤਰਾ ਦੀ ਜੀਵਨ ਸ਼ੈਲੀ ਅਤੇ ਕਹਾਣੀ ਦਾ ਆਦਿ ਮੱਧ ਅਤੇ ਸਿਖ਼ਰ ਦੱਸਿਆ ਜਾਂਦਾ ਹੈ। ਨਾਵਲ ਵਿਚ ਵੀ Setting ਦੀ ਅਜਿਹੀ ਮਹੱਤਤਾ ਹੈ। Setting ਨਾਵਲ ਦੀ ਗੋਂਦ ਵਿਚ ਘਟਨਾਵਾਂ ਨੂੰ ਤਰਤੀਬ ਦੇਣ ਵਿਚ ਸਹਾਈ ਹੁੰਦੀ ਹੈ। ਇਹ Setting ਜਿੱਥੇ ਨਾਵਲ ਦੇ ਵਾਰਤਾਲਾਪ ਬ੍ਰਿਤਾਂਤ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ, ਉੱਥੇ ਨਾਟਕ ਵਿਚ ਨਾਟਕੀਅਤਾ ਭਰਦੀ ਹੈ। ਕਿਸ ਸਮੇਂ ਕਿਸ ਸਥਾਨ ਅਤੇ ਕਿਸ ਹਲਾਤ ਵਿਚ ਨਾਵਲ ਅਤੇ ਨਾਟਕ ਵਿਚ ਪਾਤਰ ਨੇ ਵਾਰਤਾਲਾਪ ਕਰਨੀ ਹੈ। ਇਸ ਦੀ ਨਿਯੁਕਤੀ Setting ਹੀ ਕਰਦੀ ਹੈ। ਨਿੱਕੀ ਕਹਾਣੀ ਵਿਚ ਸਥਾਪਨਾ ਦੀ ਭੂਮਿਕਾ ਕਦੀ-ਕਦਾਂਈ ਨਿਭਾਈ ਜਾਂਦੀ ਹੈ। ਜਦੋਂ ਕਿ ਦੂਸਰੇ ਸਾਹਿਤ ਰੂਪਾਂ ਵਿਚ ਸਥਾਪਨਾ ਆਦਿ ਤੋਂ ਅੰਤ ਤੱਕ ਦਾ ਸਫ਼ਰ ਕਰਦੀ ਹੈ। ਇਹ ਸਥਾਪਨਾ ਹਰ ਵੱਖਰੇ ਸਾਹਿਤ ਲਈ ਵੱਖਰੀ ਹੁੰਦੀ ਹੈ ਅਤੇ ਸਾਹਿਤ ਰੂਪ ਅਨੁਸਾਰ ਹੁੰਦੀ ਹੈ। ਦੁਖਾਂਤਕ ਸਾਹਿਤ ਦੀ ਸਥਾਪਨਾ ਸੁਖਾਂਤਿਕ ਸਾਹਿਤ ਰੂਪਾਂ ਨਾਲੋਂ ਵੱਖਰੀ ਹੁੰਦੀ ਹੈ। ਆਧੁਨਿਕਤਾ ਅਤੇ ਉੱਤਰ-ਆਧੁਨਿਕ ਸਾਹਿਤ ਰੂਪ ਦੀ Setting ਵੱਖਰੀ ਹੁੰਦੀ ਹੈ। ਮੁੱਢਲੇ ਸਾਹਿਤ ਵਿਚ ਪਰਾਸਰੀਰਕ ਤੱਤਾਂ ਦੀ ਭਰਮਾਰ ਹੁੰਦੀ ਸੀ, ਜੋ ਹੁਣ ਵਿਵੇਕਹੀਣ ਹੋ ਗਈ ਹੈ। ਸਥਾਪਨਾ ਹਰ ਸਾਹਿਤਕ ਵੰਨਗੀ ਦੇ ਹਿੱਸੇ ਨੂੰ ਇੱਕ ਇਕਾਈ ਵਿਚ ਪਰੋ ਕੇ ਨਿਰੰਤਰ ਇਕਾਈ ਦਾ ਰੂਪ ਦਿੰਦੀ ਹੈ। ਬੂੰਦਾਂ ਨੂੰ ਸਮੁੰਦਰ, ਰੁੱਖਾਂ ਨੂੰ ਜੰਗਲ, ਕਿਣਕੇ ਨੂੰ ਪਹਾੜ, ਜ਼ਰੇ ਨੂੰ ਸ਼ਹਿਰਾਂ

ਦਾ ਰੂਪ ਦਿੰਦੀ ਹੈ। ਸਥਾਪਨਾ ਨਾਟਕੀ ਅਤੇ ਨਾਵਲੀ ਤੀਲਿਆਂ ਨੂੰ ਇਕੱਠਾ ਕਰਕੇ ਆਲ੍ਹਣੇ ਦਾ ਰੂਪ ਦਿੰਦੀ ਹੈ। ਜਿਸ ਵਿਚ ਜੀਵਨ ਪਲਰਦਾ ਹੈ। ਇਸ ਲਈ ਸਥਾਪਨਾ ਦੀ ਨਾਟਕ ਨਾਵਲ ਸਾਹਿਤ ਵਿਚ ਵਿਸ਼ੇਸ਼ ਮਹੱਤਤਾ ਹੈ।

Setting ਭਾਵ ਯੋਜਨਾ ਜਾਂ ਸੰਸਥਾਪਨ। ਰਚਨਾ ਵਿਚਲੀਆਂ ਸਥਿਤੀਆਂ, ਮਾਹੌਲ ਵਾਰਤਾਲਾਪ, ਪਾਤਰਾਂ ਦੇ ਕਾਰਜ ਕਰਮ ਅਤੇ ਰਚਨਾ ਦੇ ਕਰਮ ਦੀ ਇਕਾਈ ਵਿਚ ਇਸ ਤਰ੍ਹਾਂ ਯੋਜਨਾਬੱਧ ਕੀਤਾ ਹੁੰਦਾ ਹੈ, ਕਿ ਰਚਨਾ ਦੀ ਕਾਰਜ ਪ੍ਰਣਾਲੀ ਕੁਦਰਤੀ ਵਾਪਰਦੀ ਮਹਿਸੂਸ ਹੁੰਦੀ ਹੈ। ਜਿਸ ਕਾਰਨ ਰਚਨਾ ਵਿਚਲੀ ਗਤੀ ਸਹਿਜ ਸੁਭਾਅ ਜੀਵਨ ਅਨੁਕੂਲ ਰਹਿੰਦੀ ਤੇ ਵਾਪਰਦੀ ਹੈ। ਰਚਨਾ ਦੀ ਸਮੂਹ ਬਣਤਰ ਜੇ ਸੰਸਥਾਪਨ ਦੀ ਰਹਿਨੁਮਾਈ ਅਧੀਨ ਨਾ ਹੋਵੇ ਤਾਂ ਰਚਨਾ ਦੀ ਗਤੀ ਵਿਚ ਨਕਲੀਪਣ, ਓਪਰਾਪਣ ਅਤੇ ਅਕੇਵਾ ਮਹਿਸੂਸ ਹੋਣ ਲੱਗਦਾ ਹੈ। ਰਚਨਾ ਪ੍ਰਤੀ ਪਾਠਕ ਜਾਂ ਦਰਸ਼ਕ ਦੀ ਰੌਚਕਤਾ ਨਹੀਂ ਰਹਿੰਦੀ। ਸਥਾਪਨਾ ਸਾਹਿਤ ਦਾ ਉਹ ਅਹਿਮ ਤੱਤ ਹੈ, ਜਿਸ ਕਾਰਨ ਪਾਠਕਾਂ ਜਾਂ ਦਰਸ਼ਕਾਂ ਦੀ ਦ੍ਰਿਸ਼ਟੀ ਚੇਤਨਾ, ਮਾਨਸਿਕਤਾ ਅਤੇ ਸਰੀਰਕ ਹੋਂਦ ਦੀ ਤ੍ਰਿਪਤੀ ਹੁੰਦੀ ਹੈ। ਰਚਨਾ ਵਿਚਲੀ ਹਰ ਦਿਸ਼ਾ, ਦ੍ਰਿਸ਼ਟੀ, ਅਨੁਭਵ, ਹੱਦਾਂ, ਦਿਸਹੱਦੇ, ਰਚਨਾ ਸੰਸਥਾਪਨਾ ਵਿਚ ਇਸ ਤਰ੍ਹਾਂ ਯੋਜਨਾਬੱਧ ਹੁੰਦੇ ਹਨ ਕਿ ਰਚਨਾ ਦਾ ਵਿਸ਼ਾ ਇੱਕ ਫ਼ਿਲਮ ਵਾਂਗ ਦਰਸ਼ਕਾਂ ਜਾਂ ਪਾਠਕਾਂ ਸਾਂਵਿਓ ਗੁਜ਼ਰਦਾ ਹੈ, ਭਾਵ ਰਚਨਾ ਵਿਚਲੀਆਂ ਉਪ ਭਾਸ਼ਾਵਾਂ ਨੂੰ Setting ਮੂਲ ਘਟਨਾ ਨਾਲ ਜੋੜਦੀ ਹੈ, ਭਾਵ ਬੂੰਦਾਂ 'ਚੋਂ ਸਾਗਰ ਦਾ ਨਿਰਮਾਣ ਕਰਦੀ ਹੈ।

Theme ਮੰਤਵ ਸਾਹਿਤ ਦੇ ਹਰ ਰੂਪ ਦਾ ਮੁੱਢਲਾ ਤੱਤ ਹੈ। ਨਾਵਲ, ਨਾਟਕ, ਕਵਿਤਾ ਕਾਵਿ ਨਾਟ ਕੋਈ ਵੀ ਸਾਹਿਤਕ ਰੂਪ ਇਸ ਤੱਤ ਤੋਂ ਬਿਨ੍ਹਾਂ ਵਜੂਦ ਵਿਚ ਨਹੀਂ ਆ ਸਕਦਾ, ਜੇ ਆਉਂਦਾ ਹੈ, ਤਾਂ ਬੇਕਾਰ ਹੈ। Theme ਸਾਹਿਤ ਰੂਪ ਦਾ ਕੇਂਦਰੀ ਭਾਵ ਕਹਾਉਂਦਾ ਹੈ, ਨਾਵਲ, ਨਾਟਕ ਜਾਂ ਕਹਾਣੀ ਦੀ ਸਾਰੀ ਕਾਰਜ ਪ੍ਰਣਾਲੀ ਗੋਂਦ, ਸਥਾਪਨਾ, ਪਾਤਰ, ਵਾਰਤਾਲਾਪ, ਕਾਰਜ, ਗਤੀ ਇਹ ਸੱਭ ਮੰਤਵ ਦੀ ਉਸਾਰੀ ਲਈ ਕਾਰਜਸ਼ੀਲ ਰਹਿੰਦੇ ਹਨ। Theme ਨੂੰ ਸਫ਼ਲਤਾ ਪੂਰਵਕ ਸਹਿਤਕ ਰੂਪ ਅਨੁਸਾਰ ਦਰਸ਼ਕਾਂ ਜਾਂ ਪਾਠਕਾਂ ਤੱਕ ਪਹੁੰਚਾਉਣ ਲਈ ਇਹ ਤੱਤ ਸਮੱਗਰੀ ਦਾ ਪ੍ਰਯੋਜਨ ਹਨ, ਜਿਵੇਂ ਸਾਹਿਤਕ ਰੂਪਾਂ ਦੇ ਪ੍ਰਤੀਕਰਮ ਹੁੰਦੇ ਹਨ। ਇਸੇ ਤਰ੍ਹਾਂ Theme ਦੇ ਵੀ ਪ੍ਰਤੀਕਰਮ ਹੁੰਦੇ ਹਨ। ਉਦਾਹਰਨ ਦੇ ਤੌਰ 'ਤੇ Hardy ਦੇ ਨਾਵਲ "The mayor of casterbridge" ਵਿਚ ਮੰਤਵ ਦੀ ਭੂਮਿਕਾ ਸਾਡੀ ਕਿਸਮਤ ਦੀ ਭੂਮਿਕਾ ਦਾ ਪ੍ਰਤੀਕਰਮ ਹੈ। ਇਹ Theme ਚੰਗੇ ਮਨੁੱਖ ਦਾ ਮਨੁੱਖ ਅਨੁਕੂਲ ਸਮਾਜ ਅਤੇ ਵਿਸ਼ਵ ਦਾ ਧਾਰਨੀ ਹੋ ਸਕਦਾ ਹੈ। Theme ਦੇ ਵਿਸ਼ੇ ਦੀ ਸਾਰਥਿਕਤਾ ਹੀ

ਨਾਵਲ ਨਾਟਕ ਜਾਂ ਸਾਹਿਤ ਦੇ ਕਿਸੇ ਵੀ ਰੂਪ ਦਾ ਸਾਹਿਤ ਵਿਚ ਸਥਾਨ ਸਥਾਪਤ ਕਰਦੀ ਹੈ। Theme ਕਾਰਨ ਹੀ ਕੋਈ ਰਚਨਾ ਲੋਕਾਂ ਦਾ, ਸਮਾਜ ਦਾ ਜਾਂ ਜੀਵਨ ਦਾ ਹਿੱਸਾ ਬਣਦੀ ਹੈ। Theme ਲੇਖਕ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਹੁੰਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਬਿਨ੍ਹਾਂ ਕੋਈ ਵੀ ਉੱਤਮ ਰਚਨਾ ਹੋਂਦ ਵਿਚ ਨਹੀਂ ਆਉਂਦੀ। ਜੀਵਨ ਪ੍ਰਤੀ ਦ੍ਰਿਸ਼ਟੀਕੋਣ ਉਸ ਲੇਖਕ ਦਾ ਹੁੰਦਾ ਹੈ। ਜੋ ਜੀਵਨ ਪ੍ਰਤੀ ਚੇਤਨ ਜਗਿਆਸੂ ਅਤੇ ਆਲੋਚਨਾਤਮਕ ਦ੍ਰਿਸ਼ਟੀ ਰੱਖਦਾ ਹੈ। ਲੇਖਕ ਜਿਸ ਜੀਵਨ ਵਿਚ ਰਹਿ ਰਿਹਾ ਹੈ ਜੇ ਉਸ ਜੀਵਨ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਵੇਖਦਾ ਹੈ, ਕਿ ਉਹ ਜੀਵਨ ਅਨੁਕੂਲ ਹੈ ਜਾਂ ਵਿਪਰੀਤ ਹੈ। ਇਸ ਸਵੀਕਾਰਤਾ ਅਤੇ ਨਿਕਾਰਤਾ 'ਚੋਂ ਹੀ ਲੇਖਕ ਦਾ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਹੋਂਦ ਵਿਚ ਆਉਂਦਾ ਹੈ। ਇਹ ਦ੍ਰਿਸ਼ਟੀਕੋਣ ਹੀ ਰਚਨਾ ਨੂੰ ਯਥਾਰਥਕ ਅਤੇ ਸਾਰਥਕ ਬਣਾਉਂਦਾ ਹੈ, ਨਹੀਂ ਤਾਂ ਰਚਨਾ ਪ੍ਰਯੋਜਨ ਰਹਿਤ ਰਹਿ ਜਾਂਦੀ ਹੈ। ਇਸ ਲਈ Theme ਦੀ ਕਿਸੇ ਵੀ ਸਾਹਿਤਕ ਰੂਪ ਵਿਚ ਮਹੱਤਤਾ ਰਚਨਾ ਦਾ ਮੂਲ ਹੈ। Theme ਰਚਨਾ ਦੀ ਜੜ੍ਹ ਹੈ, ਜਿਸ ਕਾਰਨ ਰਚਨਾਤਮਿਕ ਰੁੱਖ ਜਿਉਂਦਾ ਹੈ।

Structure ਭਾਵ ਬਣਤਰ। ਕਿਸੇ ਵੀ ਸਾਹਿਤਕ ਰੂਪ ਦੀ ਬਣਤਰ ਉਸ ਦਾ ਮੁੱਢਲਾ ਤੱਤ ਹੈ। ਸਾਹਿਤਕ ਰੂਪਾਂ ਵਿਚ ਗੋਂਦ ਜਾਂ ਉਪਗੋਂਦ ਦੇ ਰੂਪ ਹੁੰਦੇ ਹਨ। ਜੋ ਰਚਨਾ ਦੇ ਬਣਤਰੀ ਢਾਂਚੇ ਨੂੰ ਮੁਕੰਮਲ ਕਰਦੇ ਹਨ। ਨਾਟਕ ਦੇ Act ਅੰਸ਼ਾਂ ਜਾਂ ਦ੍ਰਿਸ਼ਾਂ ਵਿਚ ਵੰਡੇ ਹੁੰਦੇ ਹਨ। ਉਪ ਗੋਂਦ, ਮੁੱਖ ਗੋਂਦ ਵਿਚਲੇ ਦ੍ਰਿਸ਼ ਜੋੜਾਂ ਦੀ ਤਰਤੀਬ ਨੂੰ ਪੇਸ਼ ਕਰਦੀ ਹੈ, ਜਿਵੇਂ ਨਾਵਲ ਦੇ ਵੱਖਰੇ-ਵੱਖਰੇ ਅਧਿਆਇ ਨਾਵਲ ਦੀ ਸੰਪੂਰਨ ਗੋਂਦ ਨੂੰ ਸਿਰਜਦੇ ਹਨ। Satructure ਨਾਟਕ, ਨਾਵਲ ਜਾਂ ਕਹਾਣੀ ਦੀ ਸਰੀਰਕ ਬਣਤਰ ਨੂੰ ਕਿਹਾ ਜਾਂਦਾ ਹੈ। ਜਿਸ ਬਣਤਰ ਵਿਚ ਰਚਨਾ ਦੀ ਆਤਮਾ ਭਾਵ ਮੰਤਵ, ਕਾਰਜ ਪ੍ਰਣਾਲੀ, ਕਾਰਜ ਕ੍ਰਮ ਲਹੂ ਵਾਂਗ ਗਿੜਦੇ ਹਨ। ਨਾਟਕ ਜਾਂ ਨਾਵਲ ਦੇ ਵਜੂਦ ਦੀ ਥਾਂ ਅੰਦਰੂਨੀ ਬਣਤਰ ਵੀ ਨਾਟਕ ਅਤੇ ਨਾਵਲ ਦੀ ਅੰਤਰਮੁਖੀ ਗੋਂਦ ਜਾਂ ਉਪ ਗੋਂਦ 'ਚੋਂ ਜਨਮਦੀ ਹੈ। ਜੋ ਸਰੀਰਕ ਤੌਰ 'ਤੇ ਨਾਟਕ ਜਾਂ ਨਾਵਲ ਵਿਚਲੇ ਅੰਦਰਲੇ ਕਰਮ ਕਾਰਜ ਦੀ ਸੰਚਾਲਨ ਸ਼ਕਤੀ ਹੁੰਦੀ ਹੈ। ਇਸ ਨੂੰ Eteral structure of novel or drama ਕਿਹਾ ਜਾਂਦਾ ਹੈ। ਇਹ ਮਨੁੱਖੀ ਸਰੀਰ ਵਾਂਗ ਹੈ, ਜਿਸ ਵਿਚ ਮਨੁੱਖੀ ਆਤਮਾ ਚੇਤਨਾ, ਜਗਿਆਸਾ ਅਤੇ ਮਨ ਜਿਉਂਦੇ ਹਨ। ਇਸ ਨੂੰ ਮਨੁੱਖ ਦਾ ਅੰਦਰਲਾ ਬ੍ਰਹਮੰਡ ਵੀ ਕਿਹਾ ਜਾਂਦਾ ਹੈ। ਜੇ ਅੰਦਰਲੀ ਅਤੇ ਬਾਹਰਲੀ ਗੋਂਦ ਅਤੇ ਉਪਗੋਂਦ ਨੂੰ ਵਿਚਾਰਿਆ ਜਾਏ ਤਾਂ ਇਹ ਗੱਲ ਸਿੱਧ ਹੁੰਦੀ ਹੈ ਕਿ ਅੰਦਰਲੀ ਗੋਂਦ 'ਚੋਂ ਹੀ ਬਾਹਰਲੀ ਗੋਂਦ ਜਨਮਦੀ ਹੈ। ਅੰਦਰਲੇ

ਯਥਾਰਥ ਦੇ ਅਧਾਰ 'ਤੇ ਹੀ ਮਨੁੱਖ ਦੀ ਬਾਹਰਲੀ ਦਿੱਖ ਨਿਰਭਰ ਕਰਦੀ ਹੈ। ਪਰ ਇਨ੍ਹਾਂ ਦੋਹਾਂ ਗੋਂਦਾਂ ਦਾ ਆਤਮਾ ਅਤੇ ਸਰੀਰ ਵਾਲਾ ਸੰਬੰਧ ਹੈ। ਗੋਂਦ ਅਤੇ ਬਣਤਰ ਵਿਚ ਇਹ ਫ਼ਰਕ ਹੈ ਕਿ ਗੋਂਦ ਕ੍ਰਮਵਾਰ ਘਟਨਾਵਾਂ ਦੀ ਲੜੀ ਇਕਾਈ ਹੈ। Structure ਗੋਂਦ ਅਤੇ ਗੋਂਦ ਵਿਚਲੀਆਂ ਕ੍ਰਮਵਾਰ ਘਟਨਾਵਾਂ ਦੀ ਇਕਾਈ ਦੀ ਥਾਂ ਰਚਨਾ ਦੀ ਸਮੂਹਿਕ ਸਮੱਗਰੀ ਦਾ ਸਿਲਸਿਲਾ ਅਤੇ ਦ੍ਰਿਸ਼ਟਮਾਨ ਪ੍ਰਗਟਾਅ ਹੈ।

Point of view ਭਾਵ ਲੇਖਕ ਦਾ ਨਜ਼ਰੀਆਂ ਬ੍ਰਿਤਾਂਤਕ ਸਾਹਿਤ ਦਾ ਇੱਕ ਹੋਰ ਵੱਡਮੁੱਲਾ ਤੱਤ ਹੈ। ਜਿਸ ਨਜ਼ਰੀਏ ਰਾਹੀਂ ਲੇਖਕ ਨਾਟਕ, ਨਾਵਲ ਜਾਂ ਕਹਾਣੀ ਪੇਸ਼ ਕਰਦਾ ਹੈ, ਭਾਵ ਨਾਟਕ, ਨਾਵਲ ਜਾਂ ਕਹਾਣੀ ਦੀ ਮੁਕੰਮਲ ਸਮੱਗਰੀ ਨੂੰ ਪਾਠਕਾਂ ਦੀ ਦ੍ਰਿਸ਼ਟੀਗੋਚਰੇ ਕਰਦਾ ਹੈ। ਲੇਖਕ ਦੇ ਇਸ ਨਜ਼ਰੀਏ ਦਾ ਵਿਕਾਸ ਜੀਵਨ ਅਤੇ ਜੀਵਨ ਦੇ ਵਿਚਰਨ ਧਰਾਤਲ 'ਚੋਂ ਲੇਖਕ ਦੀ ਚੇਤਨਾ ਅਤੇ ਜਗਿਆਸਾ ਰਾਹੀਂ ਹੁੰਦਾ ਹੈ। ਜਿੰਨ੍ਹੀ ਸ਼ਿੱਦਤ ਨਾਲ ਲੇਖਕ ਜੀਵਨ ਜਿਉਂਦਾ ਹੈ, ਜੀਵਨ ਹੰਢਾਉਂਦਾ ਅਤੇ ਜੀਵਨ ਵਿਚ ਵਿਚਰਦਾ ਹੈ। ਲੇਖਕ ਦਾ ਇਹ ਨਜ਼ਰੀਆ ਉਨ੍ਹਾ ਹੀ ਤਰਕਸ਼ੀਲ ਅਤੇ ਮਾਨਵੀ ਹੁੰਦਾ ਹੈ। ਇਸ ਨਜ਼ਰੀਏ ਦਾ ਅਧਾਰ ਲੇਖਕ ਨੂੰ ਆਪਣੇ-ਆਪ ਨੂੰ ਵਿਦਿਅਕ ਕਰਨ 'ਤੇ ਨਿਰਭਰ ਹੈ। ਆਪਣੇ ਦੁਆਲੇ ਬਾਰੇ ਮਨੁੱਖੀ ਸਮਾਜ ਤੇ ਵਿਸ਼ਵ ਬਾਰੇ ਆਪਣੇ ਸਵੈ ਬਾਰੇ ਲੇਖਕ ਕਿੰਨ੍ਹਾ ਤੇ ਕੀ ਪੜ੍ਹਦਾ ਲਿਖਦਾ ਹੈ ਅਤੇ ਕਿਸ ਦ੍ਰਿਸ਼ਟੀਕੋਣ ਤੋਂ ਜੀਵਨ ਨੂੰ ਵਿਚਾਰਦਾ ਹੈ। ਭਾਵ ਲੇਖਕ ਦਾ ਅਧਿਐਨ ਕਿੰਨ੍ਹਾ ਹੈ। ਇਹ ਲੇਖਕ ਦੇ ਦ੍ਰਿਸ਼ਟੀਕੋਣ ਲਈ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਲੇਖਕ ਵਿਚ ਜਿਵੇਂ ਜੀਵਨ ਜਿਉਣ ਦਾ ਨਜ਼ਰੀਆ ਪਰਪੱਕ ਹੁੰਦਾ ਹੈ। ਉਸੇ ਪਰਪੱਕਤਾ ਦੇ ਅਧਾਰ 'ਤੇ ਲੇਖਕ ਜੀਵਨ ਆਪਣੇ 'ਤੇ ਮਨੁੱਖਤਾ ਅਨੁਕੂਲ ਜਿਉਂਦਾ ਹੈ। ਜੀਵਨ ਦੇ ਇਸ ਤਰ੍ਹਾਂ ਦੇ ਅਦਾਨ ਪ੍ਰਦਾਨ 'ਚੋਂ ਹੀ ਲੇਖਕ ਦਾ ਆਪਣੀ ਰਚਨਾ ਨੂੰ ਪੇਸ਼ ਕਰਨ ਦਾ ਨਜ਼ਰੀਆ ਜਨਮਦਾ ਹੈ। ਇਸ ਨਜ਼ਰੀਏ ਨੂੰ ਲੇਖਕ ਜੀਵਨ ਦੀ ਪ੍ਰਯੋਗਸ਼ਾਲਾ ਵਿਚ ਵਾਰ-ਵਾਰ ਪ੍ਰਯੋਗਦਾ ਹੈ। ਜਿਸ ਸਦਕਾ ਇਹ ਨਜ਼ਰੀਆ ਗਿਆਨ ਤੋਂ ਵਿਗਿਆਨ ਦਾ ਰੂਪ ਧਾਰਨ ਕਰ ਜਾਂਦਾ ਹੈ। ਇਸ ਵਿਗਿਆਨਕ ਨਜ਼ਰੀਏ ਦਾ ਧਾਰਨੀ ਲੇਖਕ ਹੀ ਸਮਰੱਥ ਬਲਵਾਨ ਨਿਰੋਆ ਅਤੇ ਨਿਧੜਕ ਅਭਿਵਿਅਕਤੀ ਦਾ ਧਾਰਨੀ ਹੁੰਦਾ ਹੈ।

ਆਪਣੀ ਰਚਨਾ ਦੇ ਪ੍ਰਗਟਾਅ ਲਈ ਲੇਖਕ First person point of view ਜਾਂ Third person point of view ਦੀ ਵਰਤੋਂ ਕਰਦਾ ਹੈ। First person point of view ਸੰਕੇਤ ਦਿੰਦਾ ਹੈ, ਕਿ ਮੁੱਖ ਪਾਤਰ ਕਹਾਣੀ ਦੱਸ ਰਿਹਾ ਹੈ। ਜਿੱਥੇ ਕਿ Third person point of view ਨਿਰਦੇਸ਼ਨ ਦਿੰਦਾ ਹੈ,

ਕਿ Narrator ਕਹਾਣੀ ਦੱਸ ਰਿਹਾ ਹੈ। ਨਾਵਲ First person ਦੇ ਬ੍ਰਿਤਾਂਤਕ ਰੂਪ ਵਿਚ ਲਿਖਿਆ ਜਾਂਦਾ ਹੈ। Third person narrative ਸੀਮਤ ਜਾਣਕਾਰੀ ਚੇਤਨਾ ਪ੍ਰਵਾਹ ਹੈ ਅਤੇ ਬਾਹਰਮੁਖੀ Point of view ਹੁੰਦਾ ਹੈ। ਕਹਾਣੀ ਅਤੇ ਨਾਟਕ ਦੀ ਵੱਖਰੀ ਬਣਤਰ ਵਲੋਂ ਇਹ Point of view ਇੱਕ ਵਿਸ਼ੇਸ਼ ਅਤੇ ਮਹੱਤਵਪੂਰਨ ਭੂਮਿਕਾ ਨਿਭਾਂਉਂਦਾ ਹੈ। ਇਨ੍ਹਾਂ Point of view ਦੇ ਅਧਾਰ 'ਤੇ ਲੇਖਕ ਆਪਣੀ ਰਚਨਾ ਦਾ ਪ੍ਰਗਟਾਅ ਵ਼ਿਧਾਨ ਵਿਧੀਆਂ ਅਤੇ ਗੋਂਦ ਬੁਣਦਾ ਹੈ। ਨਾਟਕ ਨੂੰ ਇਸ ਢੰਗ ਨਾਲ ਪੇਸ਼ ਕੀਤਾ ਜਾਏ ਕਿ ਨਾਟਕ ਪੂਰਾ ਹੋ ਨਿਬੜੇ। ਇਸ ਪੇਸ਼ਗੋਈ ਨੂੰ Point of view ਕਹਿੰਦੇ ਹਨ, ਭਾਵ ਇਹ ਲੇਖਕ ਦੀ ਰਚਨਾ ਦੇ ਪ੍ਰਗਟਾਅ ਲਈ ਅਤਿ ਲੋੜੀਂਦਾ ਹੈ। ਇਸ ਦ੍ਰਿਸ਼ਟੀਕੋਣ ਵਿਚ ਲੇਖਕ ਦੀਆਂ ਉਹ ਗਤੀ ਵਿਧੀਆਂ, ਕਾਰਜ ਕਰਮ ਅਤੇ ਪ੍ਰਣਾਲੀਆਂ ਕੰਮ ਕਰਦੀਆਂ ਹਨ। ਜਿਸ ਨਾਲ ਰਚਨਾ ਦੀ ਪਰਤ ਦਰ ਪਰਤ ਪਾਠਕਾਂ ਜਾਂ ਦਰਸ਼ਕਾਂ ਨੂੰ ਦਿਲ, ਦਿਮਾਗ਼ ਵਿਚ ਉੱਤਰ ਜਾਂਦੀ ਹੈ। ਨਾਟਕ ਵਿਚ ਇਹ ਦ੍ਰਿਸ਼ਟੀਕੋਣ ਵਧੇਰੇ ਕਰਕੇ ਮੰਚ ਨਾਲ ਜੁੜਿਆ ਹੁੰਦਾ ਹੈ ਕਿਉਂਕਿ ਨਾਟਕ ਦੀ ਪੇਸ਼ਕਾਰ ਰੰਗਮੰਚ ਤੋਂ ਹੀ ਸੰਭਵ ਹੈ। ਜਿਸ ਵਿਚ ਮੰਚ ਦੀ ਬਣਤਰ, ਪਾਤਰਾਂ ਦੀ ਵੇਸ਼ਭੂਸ਼ਾ, ਮੰਚ ਦਾ Light system ਪਿੱਠ ਭੂਮੀ ਆਦਿ ਮਹੱਤਵਪੂਰਨ ਹਨ ਅਤੇ ਕਿਵੇਂ ਨਾਟਕ ਵਿਚਲੇ ਪਾਤਰਾਂ ਦੇ ਉਸ ਕਾਰਜ ਕਰਮ ਨੂੰ ਪਿੱਠ ਭੂਮੀ 'ਤੇ ਵਿਖਾਇਆ ਜਾਏ। ਜੋ ਕਰਮ ਵਾਰਤਾਲਾਪ ਦੇ ਨਾਲ-ਨਾਲ ਦਰਸ਼ਕਾਂ ਦੀ ਦ੍ਰਿਸ਼ਟੀਗੋਚਰ ਲਈ ਰੰਗਮੰਚ ਦੀ ਪਿੱਠਭੂਮੀ ਤੇ ਫ਼ਿਲਮ ਵਾਂਗੂ ਵਿਖਾਏ ਜਾਣ ਦੀ ਮੰਗ ਕਰਦਾ ਹੈ। ਇਹ ਸੱਭ ਲੇਖਕ ਦੇ Point of view ਦਾ ਹਿੱਸਾ ਹੈ। ਜਿਸ ਰਾਹੀਂ ਲੇਖਕ ਨੇ ਆਪਣੀ ਰਚਨਾ ਨੂੰ ਸਾਰਥਕ ਰੂਪ ਵਿਚ ਪੇਸ਼ ਕਰਨਾ ਹੈ। ਇਸ ਲਈ ਲੇਖਕ ਅਤੇ ਰਚਨਾ ਲਈ ਦ੍ਰਿਸ਼ਟੀਕੋਣ ਬਹੁਤ ਮਹੱਤਵ ਤੱਤ ਹੈ।

ਇੱਕ ਤਾਂ ਦ੍ਰਿਸ਼ਟੀਕੋਣ ਦਾ ਮਤਲਬ ਹੈ ਕਿ ਸਾਰੀ ਕਾਰਜ ਪ੍ਰਣਾਲੀ ਪਿਛੇ ਲੇਖਕ ਦਾ ਜੀਵਨ ਫ਼ਲਸਫ਼ਾ ਦੂਜਾ ਮਤਲਬ ਹੈ ਰਚਨਾ ਨੂੰ ਪੇਸ਼ ਕਰਨ ਦੀ ਦ੍ਰਿਸ਼ਟੀਕੋਣ। ਭਾਵ ਕੀ ਸੁਨੇਹਾ ਹੈ ਜੋ ਲੇਖਕ ਰਚਨਾ ਦੀ ਸਿਰਜਣਾ ਰਾਹੀਂ ਵਿਸ਼ਵ ਨੂੰ ਦੇਣਾ ਚਾਹੁੰਦਾ ਹੈ। ਲੇਖਕ ਦੇ ਫ਼ਲਸਫ਼ੇ ਦੀ ਪ੍ਰਵਿਰਤੀ ਦਾ ਸੁਭਾਅ ਅਤੇ ਵਜੂਦ ਕੀ ਹੈ। ਇਹ ਪ੍ਰਵਿਰਤੀ ਦੀ ਮਾਨਸਿਕਤਾ ਜੀਵਨ ਦੇ ਕਿਸ ਪਹਿਲੂ ਦੀ ਰਹਿਨੁਮਾਈ ਕਰਦੀ ਹੈ। ਕੀ ਇਹ ਫ਼ਲਸਫ਼ਾ ਸਰਬਸਾਂਝਾ, ਸਰਬਤ ਦਾ ਭਲੇ ਦਾ ਹੈ। ਬਿੰਦੂਆਂ ਨੂੰ ਦਾਇਰਿਆਂ 'ਚ ਬਦਲਣ ਦਾ ਹੈ। ਸੰਕੀਰਨਤਾ ਤੋਂ ਵਿਸ਼ਾਲਤਾ ਜਾਂ ਵਿਸ਼ਾਲਤਾ ਤੋਂ ਸੰਕੀਰਨਤਾ ਦਾ ਹੈ। ਸਾਹਿਤਕ ਤੌਰ 'ਤੇ ਲੇਖਕ ਦੇ ਫ਼ਲਸਫ਼ੇ ਦਾ Possitive ਹੋਣਾ ਬਹੁਤ ਲਾਜ਼ਮੀ ਹੈ। ਜਗਤ

ਹਿੱਤੂ ਅਤੇ ਸਮੇਂ ਦੇ ਹਾਣ ਹੋਣਾ ਜ਼ਰੂਰੀ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ, ਕਿ ਇਸ ਫ਼ਲਸਫ਼ੇ ਦੇ ਪਿੱਛੇ ਲੇਖਕ ਦਾ ਸੰਤੁਸ਼ਟੀ ਦੀ ਥਾਂ ਖੋਜ ਦਾ ਸਿਧਾਂਤ ਹੋਵੇ। ਇਹ ਫ਼ਲਸਫ਼ਾ ਵਿਭਿੰਨਤਾ ਨੂੰ ਇਕਾਈ ਦੀ ਮਹੱਤਤਾ ਦਾ ਅਤੇ ਇਕਾਈ ਨੂੰ ਵਿਭਿੰਨਤਾ ਦੀ ਮਹੱਤਤਾ ਦਾ ਅਹਿਸਾਸ ਕਰਵਾਏ। ਕੋਈ ਵੀ ਫ਼ਲਸਫ਼ਾ ਜ਼ਿੰਦਗੀ ਦੀ ਉਨਤੀ ਲਈਜੇ ਜ਼ਿੰਦਗੀ 'ਚੋਂ ਮਨੁੱਖ ਨੂੰ ਮਨਫ਼ੀ ਕਰਦਾ ਹੈ, ਤਾਂ ਉਹ ਫ਼ਲਸਫ਼ਾ ਕਲਿਆਣਕਾਰ ਨਹੀਂ ਹੈ। ਇਸ ਲਈ ਫ਼ਲਸਫ਼ਾ ਪਦਾਰਥਕ ਵਿਕਾਸ ਦੇ ਨਾਲ-ਨਾਲ ਮਨੁੱਖੀ ਸਵੈ ਵਿਕਾਸ ਦਾ ਵੀ ਧਾਰਨੀ ਹੋਣਾ ਚਾਹੀਦਾ ਹੈ, ਤਾਂ ਕਿ ਮਨੁੱਖ, ਮਨੁੱਖਤਾ ਅਤੇ ਦੂਜੇ ਦੇ ਸੱਚ ਨੂੰ ਜਾਣਨ ਦੇ ਵੀ ਸਮਰੱਥ ਹੋ ਸਕੇ ਅਤੇ ਮਨੁੱਖ ਅਤੇ ਮਨੁੱਖਤਾ ਅਨੁਕੂਲ ਵਿਸ਼ਵ ਸਿਰਜਿਆ ਜਾ ਸਕੇ। ਇੱਕ ਰਚਨਾ ਦੇ ਪੂਰੇ ਵਜੂਦ ਪਿੱਛੇ ਲੇਖਕ ਦੇ ਫ਼ਲਸਫ਼ੇ ਦਾ ਸਿਹਤਮੰਦ ਨਿਰੋਆ ਅਤੇ ਸਰਬਵਿਆਪੀ ਹੋਣਾ ਲਾਜ਼ਮੀ ਹੈ। ਲੇਖਕ ਦਾ ਦ੍ਰਿਸ਼ਟੀਕੋਣ ਹੀ ਮੰਤਵ ਅਤੇ ਰਚਨਾ ਦੀ ਪੇਸ਼ਗੋਈ ਦਾ ਪ੍ਰਯੋਜਨ ਹੈ। ਇਹ ਦ੍ਰਿਸ਼ਟੀਕੋਣ ਹੀ ਰਚਨਾ ਦੀ ਸਿਰਜਣਾ ਦਾ ਕਾਰਨ ਅਤੇ ਅਧਾਰ ਹੁੰਦਾ ਹੈ।

Conflict ਗੁੰਝਲ ਭਾਵ Conflict ਸਾਹਿਤ ਦੇ ਹਰ ਰੂਪ ਦਾ ਜ਼ਰੂਰੀ ਤੱਤ ਹੈ। ਚਾਹੇ ਨਿੱਕੀ ਕਹਾਣੀ, ਨਾਵਲ ਜਾਂ ਨਾਟਕ ਹੋਵੇ। Conflict ਹਰ ਸਾਹਿਤਕ ਰੂਪ ਦਾ ਮੂਲ ਹੈ। ਨਾਟਕ ਜਾਂ ਨਾਵਲ ਦੀ ਗੋਂਦ ਬਹੁਤ ਦਿਲਚਸਪ ਅਤੇ ਆਕਰਸ਼ਤ ਹੋ ਜਾਂਦੀ ਹੈ, ਜਦੋਂ ਇਹ ਨਾਟਕ ਜਾਂ ਨਾਵਲ ਵਿਚਲੀ ਗੁੰਝਲ ਨੂੰ ਰੂਪ ਅਤੇ ਮੋੜ ਦੇ ਰਹੀ ਹੁੰਦੀ ਹੈ। Conflict ਅੰਦਰਮੁਖੀ ਜਾਂ ਬਾਹਮੁਖੀ ਦੋਹਾਂ ਤਰ੍ਹਾਂ ਦਾ ਹੋ ਸਕਦਾ ਹੈ। ਇਹ ਦੋ ਪਾਤਰਾਂ ਵਿਚ ਵੀ ਵਾਪਰ ਸਕਦਾ ਹੈ। ਇਹ ਸਮਾਜਿਕ ਜਾਂ ਆਰਥਿਕ ਹਲਾਤਾਂ ਕਾਰਨ ਵੀ ਹੋਂਦ ਵਿਚ ਆ ਸਕਦਾ ਹੈ। Conflict ਵਿਚੋਂ ਹੀ ਨਾਟਕ, ਨਾਵਲ ਅਤੇ ਕਹਾਣੀ ਦੀਆਂ ਦਿਸ਼ਾਵਾਂ ਨਿਕਲਦੀਆਂ ਹਨ, ਜੋ ਕਹਾਣੀ ਦੀ ਗਤੀ ਦਿਸ਼ਾ ਦਾ ਸੰਕੇਤ ਕਰਦੀਆਂ ਹਨ। ਨਾਟਕੀ ਕਹਾਣੀ ਦੇ ਤੌਰ 'ਤੇ ਜਿੱਥੇ ਇਹ Conflict ਪਾਤਰਾਂ ਜਾਂ ਹਲਾਤਾਂ ਰਾਹੀਂ ਨਾਟਕ ਵਿਚ ਉਸਰਦਾ ਹੈ, ਉੱਥੇ ਇਹ Conflict ਗੁੰਝਲ 'ਚੋਂ ਨਿਕਲੀਆਂ ਦਿਸ਼ਾਵਾਂ ਦਾ ਸਮਾਧਾਨ ਕਰਕੇ ਨਾਟਕ ਦੇ ਮੰਤਵ ਨੂੰ ਸਪੱਸ਼ਟ ਵੀ ਕਰਦਾ ਹੈ, ਜਿਵੇਂ ਸਧਾਰਨ ਜੀਵਨ ਵਿਚ ਵਿਚਰਦਾ ਮਨੁੱਖ ਕਿਸੇ ਖ਼ਾਸ ਆਕਰਸ਼ਨ ਦਾ ਕਾਰਨ ਨਹੀਂ ਬਣਦਾ। ਇਸੇ ਤਰ੍ਹਾਂ ਸਧਾਰਨ ਰੂਪ ਵਿਚ ਟੁਰਦੀ ਨਾਟਕ ਜਾਂ ਨਾਵਲ ਦੀ ਕਹਾਣੀ ਵੀ ਕਿਸੇ ਵਿਸ਼ੇਸ਼ ਖਿੱਚ ਦਾ ਕਾਰਨ ਨਹੀਂ ਬਣਦੀ। ਜੀਵਨ ਵਿਚਰਨ ਵਿਚ ਅਤੇ ਸਿਰਜਕ ਰਚਨਾ ਵਿਚ ਔਕੜਾਂ 'ਚੋਂ ਪਾਠਕ ਦੀ ਦਿਲਚਸਪੀ ਜਨਮਦੀ ਹੈ। ਜਿੱਡੀ ਔਕੜ ਵੱਡੀ ਅਤੇ ਮਹਾਨ ਹੋਵੇਗੀ। ਜਿਸ ਦੇ ਵਿਪਰੀਤ ਸੰਘਰਸ਼ ਕਰਦਾ ਪਾਤਰ ਉਸ ਔਕੜ 'ਚੋਂ ਬਾਹਰ ਨਿਕਲੇਗਾ ਉਸ

ਔਕੜ 'ਚੋਂ ਬਾਹਰ ਨਿਕਲਣ ਦਾ ਕਰਮ ਰਚਨਾ ਵਿਚ ਉਨ੍ਹੀ ਹੀ ਦਿਲਚਸਪੀ ਪੈਦਾ ਕਰੇਗਾ। ਇਸ ਲਈ ਨਾਟਕ, ਨਾਵਲ ਜਾਂ ਕਹਾਣੀ ਵਿਚ Conflict ਦਾ ਹੋਣਾ, ਉਸ ਵਿਚ ਦਿਲਚਸਪੀ ਪੈਦਾ ਕਰਦਾ ਹੈ। Conflict ਦੀ ਸਿਖ਼ਰ ਪਾਠਕ ਜਾਂ ਦਰਸ਼ਕ ਨੂੰ ਆਪਣੇ ਵੱਲ ਖਿਚਦੀ ਹੈ। ਪਾਠਕ ਤੇ ਦਰਸ਼ਕ ਦੀ ਦਿਲਚਸਪੀ ਵਿਚ ਵਾਧਾ ਕਰਦੀ ਹੈ। ਜਦੋਂ ਮਹਾਨ Conflict ਦੇ ਪਾਤਰਾਂ ਦੇ ਵਾਰਤਾਲਾਪ ਅਤੇ ਗੋਂਦ ਦੀ ਘਟਨਾਂ ਦੀ ਕਾਰਜ ਪ੍ਰਣਾਲੀ ਰਾਹੀਂ Conflict ਦਾ ਸਮਾਧਾਨ ਹੁੰਦਾ ਹੈ, ਤਾਂ ਉਸ ਸੰਘਰਸ਼ 'ਚੋਂ ਨਿਕਲਿਆ ਰਚਨਾ ਦਾ ਮੰਤਵ ਪਾਠਕਾਂ ਜਾਂ ਦਰਸ਼ਕਾਂ ਉਪਰ ਚਿਰੰਜੀਵ ਪ੍ਰਭਾਵ ਛੱਡਦਾ ਹੈ। ਇਸ ਲਈ Conflict ਰਚਨਾ ਲਈ ਦਿਲਚਸਪੀ ਪੈਦਾ ਕਰਨ ਦਾ ਇੱਕ ਮਹੱਤਵਪੂਰਨ ਤੱਤ ਹੈ।

Diction ਭਾਵ ਭਾਸ਼ਾਂ ਤੋਂ ਬਿਨ੍ਹਾਂ ਕਿਸੇ ਵੀ ਸਾਹਿਤ ਰੂਪ ਦੀ ਰਚਨਾ ਸੰਭਵ ਨਹੀਂ ਹੈ। ਸਾਹਿਤ ਦਾ ਹਰ ਰੂਪ ਭਾਸ਼ਾ ਮਾਧਿਅਮ ਰਾਹੀਂ ਪ੍ਰਗਟਾਇਆ ਜਾਂਦਾ ਹੈ। ਨਾਟਕਕਾਰ, ਨਾਵਲਕਾਰ, ਕਹਾਣੀਕਾਰ, ਪਾਤਰਾਂ ਦੇ ਵਾਰਤਾਲਾਪ ਰਾਹੀਂ ਨਾਟਕ, ਨਾਵਲ ਜਾਂ ਕਹਾਣੀ ਦਾ ਮੰਤਵ ਜਾਂ ਸੰਦੇਸ਼ ਪਾਠਕਾਂ ਜਾਂ ਦਰਸ਼ਕਾਂ ਤੱਕ ਪਹੁੰਚਾਉਂਦਾ ਹੈ। ਸਾਹਿਤ ਦੇ ਹਰ ਰੂਪ ਵਿਚ ਭਾਸ਼ਾ ਇੱਕ ਅਹਿਮ ਤੱਤ ਹੈ ਕਿਉਂਕਿ ਭਾਸ਼ਾ ਜੀਵਨ ਦਾ ਮੂਲ ਹੈ ਅਤੇ ਸਾਹਿਤ ਜੀਵਨ ਦੀ ਉਪਜ ਹੈ। ਭਾਸ਼ਾ ਸਾਹਿਤ ਦਾ ਅਜਿਹਾ ਤੱਤ ਹੈ, ਜਿਸ ਦੁਆਲੇ ਸਾਰੀ ਰਚਨਾ ਪਰਿਕਰਮਾ ਕਰਦੀ ਹੈ। ਪਾਤਰ ਹੋਣ ਪਰ ਜੇ ਪਾਤਰਾਂ ਕੋਲ ਭਾਸ਼ਾ ਹੀ ਨਾ ਹੋਵੇ ਤਾਂ ਉਹ ਪਾਤਰ ਰਚਨਾ ਵਿਚ ਪੱਥਰ ਦੀ ਅਹਿਮੀਅਤ ਤੋਂ ਵੱਧ ਕੁੱਝ ਨਹੀਂ। ਅਭੀਨੈ ਜਿੱਥੇ ਸਰੀਰਕ ਕਾਰਜ ਪ੍ਰਣਾਲੀ ਰਾਹੀਂ ਕੀਤਾ ਜਾਂਦਾ ਹੈ, ਉਥੇ ਅਭਿਨੈ ਦੇ ਪ੍ਰਭਾਵ ਲਈ ਭਾਸ਼ਾ ਜਾਂ ਵਾਰਤਾਲਾਪ ਜ਼ਰੂਰੀ ਹੈ। ਨਾਟਕ ਦੀ ਗੋਂਦ, ਕਹਾਣੀ, ਘਟਨਾਵਾਂ, ਵਾਤਾਵਰਣ, ਸਭ ਦੀ ਸੰਚਾਲਕ ਸ਼ਕਤੀ ਭਾਸ਼ਾ ਹੈ। ਵਾਰਤਾਲਾਪ ਭਾਵ "Dialogue" ਯੂਨਾਨੀ ਸ਼ਬਦ "Dialogosa" ਤੋਂ ਆਇਆ ਹੈ। ਜਿਸ ਦਾ ਭਾਵ ਹੈ, ਵਿਚਾਰ ਵਿਟਾਂਦਰਾ। ਭਾਸ਼ਾ ਪਾਤਰ ਅਤੇ ਰਚਨਾ ਦੇ ਪਿੱਛੋਕੜ ਅਤੇ ਸ਼ਖ਼ਸੀਅਤ ਬਾਰੇ ਥਹੁ ਪਤਾ ਪ੍ਰਦਾਨ ਕਰਨ ਦਾ ਇੱਕ ਵਿਸ਼ੇਸ਼ ਮਾਧਿਅਮ ਹੈ। ਭਾਸ਼ਾ ਹਰ ਸਾਹਿਤਕ ਰਚਨਾ ਦੇ ਗੋਂਦ ਵਿਕਾਸ ਲਈ ਸਹਾਇਕ ਹੁੰਦੀ ਹੈ। ਭਾਸ਼ਾ ਰਚਨਾ ਵਿਚਲੀਆਂ ਘਟਨਾਵਾਂ ਨੂੰ ਵੇਗ ਪ੍ਰਦਾਨ ਕਰਦੀ ਹੈ। ਹਰ ਰਚਨਾ ਦਾ ਆਦਿ, ਮੱਧ ਅਤੇ ਅੰਤ ਭਾਸ਼ਾ ਦੀ ਗਤੀ 'ਤੇ ਨਿਰਭਰ ਹੈ। ਵਾਰਤਾਲਾਪ ਵਿਚਲੀ ਗਤੀ ਰਚਨਾ ਦੇ ਆਦਿ ਨੂੰ ਮੱਧ ਵੱਲ ਅਤੇ ਮੱਧ ਨੂੰ ਅੰਤ ਵੱਲ ਟੋਰਦੀ ਹੈ। ਭਾਸ਼ਾ ਇੱਕੋ ਇੱਕ ਸਾਹਿਤ ਦਾ ਤੱਤ ਹੈ ਜਿਸ ਬਿਨ੍ਹਾਂ ਸਾਹਿਤ ਦਾ ਮੰਤਵ ਪ੍ਰਗਟਾਇਆ ਹੀ ਨਹੀਂ ਜਾ ਸਕਦਾ। ਭਾਸ਼ਾ ਹਰ ਸਾਹਿਤਕ ਰੂਪ ਦਾ

ਪ੍ਰਾਣ ਹੈ। ਜਿਸ ਕਾਰਨ ਸਾਹਿਤ ਜਿਉਂਦਾ ਹੈ। ਭਾਸ਼ਾ ਬਿਨ੍ਹਾਂ ਸਾਹਿਤ ਦਾ ਹਰ ਰੂਪ ਮਿੱਟੀ ਦੀ ਢੇਰੀ ਹੈ। ਭਾਸ਼ਾ ਰਚਨਾ ਦੇ ਅੰਦਰਲੇ ਸੱਚ ਅਤੇ ਪਾਠਕਾਂ ਦੇ ਅੰਤਰੀਵ ਨੂੰ ਬਾਹਰ ਕੱਢਣ ਦਾ ਸਾਧਨ ਹੈ। ਭਾਸ਼ਾ ਸਾਹਿਤ ਦਾ ਪ੍ਰਗਟਾਅ ਹੈ। ਭਾਸ਼ਾ ਰਚਨਾ ਵਿਚਲੀ ਚੁੱਪ ਨੂੰ ਬੋਲ ਰੂਪ ਵਿਚ ਸਾਕਾਰ ਕਰਦੀ ਹੈ। ਰਚਨਾ ਵਿਚਲੀ ਚੁੱਪ ਵਿਚ ਹੀ ਰਚਨਾ ਦਾ ਬ੍ਰਹਮੰਡ ਵਿਰਾਜ਼ਮਾਨ ਹੁੰਦਾ ਹੈ। ਭਾਸ਼ਾ ਰਚਨਾ ਵਿਧਾਨ ਦੀ ਜ਼ਾਮੀਰ, ਤਾਸੀਰ ਅਤੇ ਪਾਤਰਾਂ ਦੀ ਸ਼ਖ਼ਸੀਅਤ ਦਾ ਸੱਚ ਹੁੰਦੀ ਹੈ। ਭਾਸ਼ਾ ਸਾਹਿਤ ਰਚਨਾ ਅਤੇ ਪਾਤਰਾਂ ਦੇ ਨਿਭਾਅ ਦੀ ਕਾਰਜ ਪ੍ਰਣਾਲੀ ਦੀ ਊਰਜਾ ਹੁੰਦੀ ਹੈ। ਰਚਨਾ ਦਾ ਕੋਈ ਵੀ ਪਾਤਰ ਜਿਸ ਕਿਰਦਾਰ ਨੂੰ ਨਿਭਾਅ ਰਿਹਾ ਹੈ। ਉਸ ਦਾ ਯਥਾਰਥਕ ਪ੍ਰਗਟਾਅ ਭਾਸ਼ਾ ਹੈ। ਲੇਖਕ ਸ਼ਬਦ ਚੋਣ ਦੇ ਨਾਲ-ਨਾਲ ਭਾਸ਼ਾ ਦੀ ਉਤਕ੍ਰਿਸ਼ਟਤਾ ਲਈ ਸ਼ਬਦ ਯੋਜਨਾ ਦਾ ਵੀ ਖਿਆਲ ਰੱਖਦਾ ਹੈ, ਤਾਂ ਕਿ ਪਾਤਰ ਵਾਰਤਾਲਾਪ ਰਾਹੀਂ ਅੰਦਰੂਨੀ ਹਾਵ-ਭਾਵ ਹੂ-ਬ-ਹੂ ਪ੍ਰਗਟਾਅ ਸਕੇ। ਜਿੱਥੇ ਭਾਸ਼ਾ ਸਾਹਿਤਕ ਰਚਨਾ ਦੀ ਕਹਾਣੀ ਨੂੰ ਅੱਗੇ ਟੋਰਦੀ ਹੈ। ਉਥੇ ਰਚਨਾ ਵਿਚ Conflict ਵੀ ਉਸਾਰਦੀ ਹੈ। ਭਾਸ਼ਾ ਹੀ Conflict ਦਾ ਪ੍ਰਭਾਵ ਸਿਰਜਦੀ ਹੈ। ਭਾਸ਼ਾ ਹੀ Conflict ਦਾ ਸਮਾਧਾਨ ਕਰਕੇ ਰਚਨਾ ਦਾ ਮੰਤਵ ਸਪੱਸ਼ਟ ਕਰਦੀ ਹੈ। ਸਾਹਿਤ ਰਚਨਾ ਦੀ ਚਿਰੰਜੀਵਤਾ ਭਾਸ਼ਾ ਹੈ। ਭਾਸਾ ਸਾਹਿਤ ਦਾ ਉਹ ਤੱਤ ਹੈ, ਜੋ ਰਚਨਾ ਵਿਚਲੇ ਜੀਵਨ ਪਲ ਦੇ ਅਰਥ ਦਰਸ਼ਕਾਂ ਜਾਂ ਪਾਠਕਾਂ ਸਾਂਵੇ ਸਾਕਾਰ ਕਰਦਾ ਹੈ। ਸਾਹਿਤਕ ਰਚਨਾ ਦੇ ਸੰਕੀਰਨ ਅਤੇ ਮਾਨਸਿਕ ਵਜੂਦ ਦੀ ਹੋਂਦ ਅਤੇ ਹੋਂਦ ਦਾ ਸੱਚ ਭਾਸ਼ਾ ਹੈ।

Litrary genre ਭਾਵ ਸਾਹਿਤਕ ਸ਼ੈਲੀ ਤੋਂ ਸਾਹਿਤਕ ਵੰਨਗੀਆਂ ਜਾਂ ਸਾਹਿਤਕ ਰੂਪਾਂ ਦਾ ਪਤਾ ਲੱਗਦਾ ਹੈ ਕਿ ਸਾਹਿਤ ਗਦ ਹੈ ਜਾਂ Non fiction ਹੈ। ਇਸ ਦੀ ਪਹਿਚਾਣ ਸਾਹਿਤਕ ਸ਼ੈਲੀ ਤੋਂ ਹੁੰਦੀ ਹੈ। ਗਦ ਸਾਹਿਤ ਵਿਚ ਨਾਵਲ, ਨਿੱਕੀ ਕਹਾਣੀ, ਆਦਿ ਆਉਂਦੇ ਹਨ ਅਤੇ Non fiction ਵਿਚ ਲੇਖ, ਸੰਪਾਦਕੀ, ਖ਼ਬਰ ਕਹਾਣੀ Feature, story ਆਦਿ ਆਉਂਦੇ ਹਨ। ਕਵਿਤਾ ਵਿਚ Verse narrative poetry, epic poetry, free verse and many more ਸ਼ਾਮਿਲ ਹਨ। ਨਾਟਕ ਵਿਚ Classical tragedy, comedy ਕਾਵਿ ਨਾਟਕ ਅਤੇ ਗਦ ਨਾਟਕ ਆਦਿ ਸ਼ਾਮਿਲ ਹਨ। ਉਪਰੋਕਤ ਕਿਸਮਾਂ ਤੋਂ ਬਿਨ੍ਹਾਂ ਅਸੀਂ ਹਰ ਚੀਜ਼ ਨੂੰ ਜੋ ਲਿਖੀ ਅਤੇ ਛਪੀ ਗਈ ਹੈ, ਸਾਹਿਤ ਮੰਨਦੇ ਹਾਂ। So as web page is litraturea VCR manual is literature,an ad in a magazine is a type of litrature.

ਪ੍ਰੰਤੂ ਨਾਟਕ ਅਤੇ ਕਵਿਤਾ ਨਿੱਕੀ ਕਹਾਣੀ ਨਾਲੋਂ ਵਧੇਰੇ ਮਹੱਤਵਪੂਰਨ ਹਨ ਕਿਉਂਕਿ ਨਾਟਕ ਅਤੇ ਕਵਿਤਾ ਮਨੁੱਖ ਨੂੰ ਸਿਖਾਉਣ ਵਿਚ ਨਿੱਕੀ ਕਹਾਣੀ ਨਾਲੋਂ ਵਧੇਰੇ ਸਮਰੱਥ ਹਨ। ਇਸ ਸੰਦਰਭ ਵਿਚ ਕਿ ਮਨੁੱਖ ਲਈ ਸਾਹਿਤ ਦਾ ਕੀ ਮਤਲਬ ਹੈ। ਇਹ ਦੋਵੇਂ ਸਾਹਿਤਕ ਰੂਪ ਕਵਿਤਾ ਅਤੇ ਨਾਟਕ ਸਾਨੂੰ ਅਹਿਸਾਸ ਕਰਾਉਂਦੇ ਹਨ, ਕਿ ਅਸੀਂ ਆਪਣੇ ਵਕਤ ਵਿਚ ਹਰ ਵਕਤ ਕਿਸ ਨਾਲ ਸੰਬੰਧਿਤ ਹਾਂ। ਇਹ ਰੂਪ ਸਾਨੂੰ ਜੀਵਨ ਜਾਂਚ ਸਿਖਾਉਂਦੇ ਹਨ। ਅਸੀਂ ਕਿਵੇਂ ਚੰਗੇ ਇਨਸਾਨ ਬਣ ਸਕਦੇ ਹਾਂ। ਸਾਰਾ ਅਧਿਆਤਮਿਕ ਸਾਹਿਤ ਚੰਗੇ ਮਨੁੱਖੀ ਨਿਰਮਾਣ ਵਿਚ ਵਿਚਰਦਾ ਹੈ। ਨਾਟਕ ਸਾਨੂੰ ਜੀਵਨ ਦੇ ਦੁੱਖਾਂ, ਸੁੱਖਾਂ ਦਾ ਅਹਿਸਾਸ ਕਰਵਾਉਂਦਾ ਹੈ। ਸੁੱਖ, ਦੁੱਖ ਜੋ ਜੀਵਨ ਦਾ ਯਥਾਰਥ ਹੈ। ਇਸ ਪ੍ਰਤੀ ਮਨੁੱਖ ਨੂੰ ਅਭਿਆਸੀ ਚੇਤਨ ਅਤੇ ਜਗਿਆਸਾ ਪ੍ਰਦਾਨ ਕਰਦਾ ਹੈ। ਮਨੁੱਖ ਆਪਣੇ ਜੀਵਨ ਕਾਲ ਵਿਚ ਆਪਣੇ ਵਿਚਰਨ ਧਰਾਤਲ ਅਤੇ ਦੁੱਖ, ਸੁੱਖ ਯਥਾਰਥ ਨਾਲ ਨਜਿੱਠਦਾ ਹੈ। ਮੁੱਢਲੀਆਂ ਅਤੇ ਧਾਰਮਿਕ ਕਹਾਣੀਆਂ ਸਾਨੂੰ ਸੱਚ ਅਤੇ ਅਨੁਸ਼ਾਸਨ ਨੂੰ ਸਮਝਣ ਦਾ ਵਿਵੇਕ ਪ੍ਰਦਾਨ ਕਰਦੀਆਂ ਹਨ। ਬਾਈਬਲ ਦੀਆਂ ਕਹਾਣੀਆਂ ਲੋਕਾਂ ਨੂੰ Christianity ਬਾਰੇ ਦੱਸਦੀਆਂ ਹਨ। ਪੁਰਾਣੇ ਸਮੇਂ ਵਿਚ ਲੋਕ ਕਹਾਣੀਆਂ ਅਤੇ ਮਿੱਥਾਂ ਦੀ ਵਰਤੋਂ ਕੁਦਰਤ ਦਾ ਭੇਦ ਦੱਸਣ ਲਈ ਕਰਦੇ ਸਨ। ਮੌਤ ਤੋਂ ਪਿੱਛਲੇਰਾ ਹਾਲ ਦੱਸਦੇ ਸਨ। ਇਹ ਕਹਾਣੀਆਂ ਸਾਨੂੰ ਜੀਵਨ ਅਤੇ ਦੁਆਲੇ ਦੀ ਦੁਨੀਆ ਪ੍ਰਤੀ ਸਿੱਖਸ਼ਿਤ ਕਰਦੀਆਂ ਹਨ।

ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸਾਹਿਤ ਦਾ ਪ੍ਰਯੋਜਨ ਮਨੁੱਖ ਨੂੰ ਗਿਆਨ ਦਰਸ਼ਨ ਅਤੇ ਵਿਗਿਆਨਕ ਪ੍ਰਾਪਤੀਆਂ ਤੋਂ ਜਾਣੂ ਕਰਵਾਉਣ ਦੇ ਨਾਲ-ਨਾਲ ਸਾਨੂੰ ਸਿਆਣਪ ਪ੍ਰਦਾਨ ਕਰਨਾ ਵੀ ਹੈ। ਇਹ ਸਿਆਣਪ ਦਾ ਸੋਮਾ ਰਚਨਾ ਦੇ ਵਜੂਦ ਪਿੱਛੇ ਲੇਖਕ ਦਾ ਫ਼ਲਸਫ਼ਾ ਹੈ। ਉਹ ਫ਼ਲਸਫ਼ਾ ਕਿੰਨ੍ਹਾ ਮਨੁੱਖਵਾਦੀ, ਉਸਾਰੂ ਅਤੇ ਸਿਹਤਮੰਦ ਹੈ, ਇਹ ਸਮਝਣਾ ਜ਼ਰੂਰੀ ਹੈ। ਓਹ ਫ਼ਲਸਫ਼ਾ ਹੀ ਮੂਲ ਰੂਪ ਵਿਚ ਸਾਹਿਤ ਦਾ ਪ੍ਰਯੋਜਨ ਹੈ। ਜਿਸ ਦੀ ਪੂਰਤੀ ਸਾਹਿਤ ਲੋਕਾਂ ਵਿਚ ਵਿਚਰ ਕੇ ਕਰ ਸਕਦਾ ਹੈ। ਸਾਹਿਤ ਦਾ ਮੰਤਵ ਹੈ, ਆਧਨਿਕ ਮਨੁੱਖ ਦਾ ਸੰਕਲਪ ਸਿਰਜਣਾ ਅਤੇ ਉਸ ਨੂੰ ਯਥਾਰਥ ਰੂਪ ਦੇਣਾ। ਇਸੇ ਤਰ੍ਹਾਂ ਹੀ ਮਨੁੱਖ ਅਨੁਕੂਲ ਸਮਾਜ ਅਤੇ ਵਿਸ਼ਵ ਸਿਰਜਣਾ ਤਾਂ ਕਿ ਮਨੁੱਖੀ ਜੀਵਨ ਸੁੱਖ, ਸ਼ਾਂਤੀ, ਅਰੋਗ ਅਤੇ ਆਰਥਿਕ ਮਜ਼ਬੂਰੀਆਂ ਦੀ ਜਿਲਣ ਤੋਂ ਰਹਿਤ ਹੋ ਸਕੇ।

# ਆਧੁਨਿਕ ਆਲੋਚਨਾ :
# ਦਾਰਸ਼ਨਿਕ ਅਤੇ ਇਤਿਹਾਸਕ ਚੇਤਨਾ

ਅਸੀਂ ਹੁਣ ਤੱਕ ਪੂਰੇ ਵਿਸਥਾਰ ਸਹਿਤ ਆਧੁਨਿਕਤਾ ਦਾ ਮੁੱਢ 'ਤੇ ਵਿਕਾਸ, ਆਧੁਨਿਕਤਾ ਅਤੇ ਆਧੁਨਿਕ ਦਾ ਸੰਕਲਪ, ਆਧੁਨਿਕਤਾ ਅਤੇ ਮਨੁੱਖੀ ਸੰਤਾਪ, ਸਾਹਿਤ ਦੇ ਰੂਪ ਅਤੇ ਸਾਹਿਤ ਕਾਵਿ ਅਤੇ ਗਦ ਤੱਤਾਂ ਬਾਰੇ ਵਿਚਾਰ ਕੀਤਾ ਹੈ। ਆਧੁਨਿਕਤਾ ਕੀ ਹੈ ? ਮਨੁੱਖੀ ਜੀਵਨ 'ਤੇ ਇਸ ਦਾ ਕੀ ਪ੍ਰਭਾਵ ਪਿਆ ਹੈ ? ਅਸੀਂ ਭਲੀ ਭਾਂਤ ਜਾਣ ਗਏ ਹੋਵਾਂਗੇ। ਅਜੋਕੇ ਆਧੁਨਿਕ ਜੀਵਨ ਦਾ ਪ੍ਰਭਾਵ (ਅਸਲ ਵਿਚ ਜੋ ਪਦਾਰਥਕ ਵਿਕਾਸ ਦਾ ਜੀਵਨ ਹੈ) ਪ੍ਰਵਿਰਤੀਆਂ ਸੁਭਾਅ ਇਸ ਦੀ ਸੂਰਤ, ਸੀਰਤ, ਵਜੂਦ ਅਤੇ ਇਸ ਦੇ ਬਹੁਤ ਦਿਸ਼ਾਵੀਂ ਅਤੇ ਬਹੁਪੱਖੀ ਅਨੁਭਵ ਦੀ ਕਾਰਜ ਪ੍ਰਣਾਲੀ ਨੂੰ ਸਮਝ ਗਏ ਹੋਵੋਂਗੇ ਕਿਉਂਕਿ ਆਧੁਨਿਕਤਾ ਸਾਹਿਤ ਇਸ ਜੀਵਨ ਦੇ ਵਜੂਦ ਅਤੇ ਮਾਨਸਿਕਤਾ ਉਪਜ ਹੈ। ਇਸ ਜੀਵਨ ਦੀਆਂ ਦੋ ਮੂਲ ਪ੍ਰਵਿਰਤੀਆਂ ਹਨ, ਉਹ ਹੀ ਆਧੁਨਿਕ ਸਾਹਿਤ ਦੀ ਆਲੋਚਨਾ ਦੇ ਮੁੱਢਲੇ ਸਿਧਾਂਤ ਹਨ। ਇਹ ਸਿਧਾਂਤ ਅਸੀਂ ਆਧੁਨਿਕਤਾ ਦੀ ਪਰਿਭਾਸ਼ਾ 'ਤੇ ਅਧਾਰਿਤ ਕਰਾਂਗੇ, ਤਾਂ ਕਿ ਅਸਲ ਆਧੁਨਿਕ ਸਾਹਿਤ ਦਾ ਵਿਸ਼ਲੇਸ਼ਣ ਕੀਤਾ ਜਾ ਸਕੇ। ਆਧੁਨਿਕਤਾ ਦੀ ਪਰਿਭਾਸ਼ਾ ਹੈ ਕਿ ਆਧੁਨਿਕਤਾ ਸਮੇਂ ਦੀ ਦਾਰਸ਼ਨਿਕ ਅਤੇ ਇਤਿਹਾਸਕ ਚੇਤਨਾ ਹੈ। (Modernity is philosophical and historical consciousness of time) ਇਹ ਚੇਤਨਾ ;

- ਜਗਤ ਹਿੱਤੂ
- ਆਤਮ ਸੰਤੋਸ਼ ਦੀ ਥਾਂ ਆਤਮ ਖੋਜ ਦੀ ਧਾਰਨੀ
- ਸਵੈ ਆਲੋਚਨਾਤਮਿਕ
- ਮਨੁੱਖਤਾ ਅਨੁਕੂਲ ਸਮਾਜ ਅਤੇ ਵਿਸ਼ਵ ਸਿਰਜਣਾ ਦੀ ਧਾਰਨੀ
- ਆਧੁਨਿਕ ਮਨੁੱਖ ਦਾ ਸੰਕਲਪ ਸਿਰਜਦੀ ਅਤੇ ਉਸ ਨੂੰ ਯਥਾਰਥਕ ਰੂਪ ਦਿੰਦੀ ਹੈ।
- Positivity ਦੀ ਕੁੱਖ ਅਤੇ ਅੰਤ ਰਹਿਤ ਵਿਕਾਸਧਾਰਾ ਹੈ।

- ਧਰਮ ਨਿਰਪੱਖ
- ਮਨੁੱਖੀ ਵਿਕਾਸ ਲਈ ਇੱਕ ਪ੍ਰਯੋਗਸ਼ਾਲਾ ਹੈ।
- ਵਰਤਮਾਨ 'ਚੋਂ ਭਵਿੱਖ ਤੇ ਭੂਤ ਸਿਰਜਦੀ ਹੈ।
- ਤ੍ਰੈਕਾਲ ਮੁਖੀ ਪ੍ਰਵਿਰਤੀ ਹੈ।
- ਵਿਅਕਤੀਗਤ 'ਚੋਂ ਸਮੂਹ, ਸਮੂਹ 'ਚੋਂ ਵਿਅਕਤੀਗਤ ਦੀ ਇਕਾਈ ਹੈ।
- ਮਨੁੱਖ ਨੂੰ ਸਵੈ ਖ਼ੁਦ ਮੁਖਤਿਆਰੀ ਪ੍ਰਦਾਨ ਕਰਦੀ ਹੈ।
- ਪੁਰਾਤਨਤਾ 'ਚੋਂ ਨਵੀਨਤਾ ਨੂੰ ਜਨਮਦੀ ਹੈ।
- ਆਤਮ ਮੁਖੀ ਹੈ।
- ਵਿਗਿਆਨਿਕ ਅਤੇ ਤਰਕਸ਼ੀਲ ਹੈ।
- ਮਨੋਵਿਗਿਆਨਿਕ, ਪ੍ਰਤੀਬਿੰਬਤ ਅਤੇ ਪ੍ਰਤੀਕਾਤਮਕ ਹੈ।

ਉਪਰੋਕਤ ਅਸੀਂ ਮੋਟੇ ਤੌਰ 'ਤੇ ਆਧੁਨਿਕ ਜੀਵਨ ਦੀਆਂ ਪ੍ਰਵਿਰਤੀਆਂ ਦਾ ਵੇਰਵਾ ਦਿੱਤਾ ਹੈ। ਇਹ ਪ੍ਰਵਿਰਤੀਆਂ ਹੀ ਆਧੁਨਿਕ ਸਾਹਿਤ ਦੀ ਆਲੋਚਨਾ ਦਾ ਅਧਾਰ ਹੋਣੀਆਂ ਚਾਹੀਦੀਆਂ ਹਨ, ਨਾ ਕਿ ਪੰਜਾਬੀ ਆਲੋਚਨਾ ਦੇ ਆਪਣੇ ਬਣਾਏ ਸਿਧਾਂਤ। ਸਾਹਿਤ ਇੱਕ ਵਿਅਕਤੀਗਤ ਅਭਿਵਿਅਕਤੀ ਨਹੀਂ, ਨਾ ਹੀ ਇੱਕ ਖਿੱਤੇ ਦਾ ਵਿਸ਼ਾ ਹੈ। ਇਸ ਲਈ ਆਲੋਚਨਾ ਅਤੇ ਸਾਹਿਤਕਾਰਾਂ ਨੂੰ ਆਪਣੇ ਦ੍ਰਿਸ਼ਟੀਕੋਣ ਵਸੀਹ ਅਤੇ ਵਿਸ਼ਾਲ ਕਰਨ ਦੀ ਲੋੜ ਹੈ। ਸਾਹਿਤ ਪੂਰੀ ਮਨੁੱਖਤਾ ਦਾ ਵਿਸ਼ਵ ਅਤੇ ਮਨੁੱਖ ਦੀਆਂ ਅੰਦਰੂਨੀ ਅਤੇ ਬਾਰੂਨੀ ਪ੍ਰਵਿਰਤੀਆਂ, ਅਨੁਭਵਾਂ, ਦ੍ਰਿਸ਼ਟੀਆਂ ਅਤੇ ਸੋਚਾਂ ਦਾ ਵਿਸ਼ਾ ਹੈ। ਜਿਸ ਸਾਹਿਤਕਾਰ ਕੋਲ ਮਨੁੱਖ, ਮਨੁੱਖਤਾ ਜੀਵਨ ਤੇ ਵਿਸ਼ਵ ਨੂੰ ਵੇਖਣ ਦੀ ਵਿਗਿਆਨਿਕ ਦ੍ਰਿਸ਼ਟੀ ਹੈ, ਉਹ ਸਾਹਿਤਕਾਰ ਹੀ ਸਮੇਂ-ਸਮੇਂ ਅਨੁਸਾਰ ਜੀਵਨ ਦੇ ਹਾਣ ਦਾ ਸੱਚ ਰਚਨਾ ਰਾਹੀਂ ਪ੍ਰਗਟਾਅ ਸਕਦਾ ਹੈ। ਇਹ ਵਿਚਾਰ ਹੀ ਆਲੋਚਕ 'ਤੇ ਲਾਗੂ ਹੁੰਦਾ ਹੈ। ਜਿਸ ਆਲੋਚਕ ਨੰ ਅਜੋਕੇ ਵਿਸ਼ਵ ਜੀਵਨ ਦੇ ਵਧੇਰੇ ਵਿਚਰਨ ਧਰਾਤਲ ਦਾ ਗਿਆਨ ਹੋਵੇ, ਉਹ ਆਲੋਚਕ ਹੀ ਸਾਹਿਤਕ ਰਚਨਾ ਨਾਲ ਇਨਸਾਫ਼ ਕਰ ਸਕੇਗਾ। ਆਧੁਨਿਕ ਰਚਨਾ ਕਿਸ ਆਧੁਨਿਕ ਜੀਵਨ ਦੀ ਕੁੱਖ 'ਚੋਂ ਜਨਮੀ ਹੈ। ਆਲੋਚਕ ਲਈ ਉਸ ਕੁੱਖ ਦਾ ਗਿਆਨ ਲਾਜ਼ਮੀ ਹੈ, ਤਾਂ ਹੀ ਆਲੋਚਕ ਲਈ ਰਚਨਾ ਦਾ ਨਰੀਖਣ ਕਰਨ ਤੋਂ ਪਹਿਲਾਂ ਉਸ ਰਚਨਾ ਦਾ ਜੀਵਨ ਸੰਦਰਭ, ਜਿਸ ਜੀਵਨ ਦੀ ਉਹ ਰਚਨਾ ਉਪਜ ਹੈ, ਉਸ ਨੂੰ ਸਮਝਣਾ ਜ਼ਰੂਰੀ ਹੈ। ਇਸ ਸਾਰੇ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਆਲੋਚਕ ਇਸ ਗਿਆਨ ਦਾ ਜੀਵਨ ਵਿਚ ਵਿਚਰਦੇ ਜੋ ਅਨੁਭਵ ਹੰਢਾਏ ਹਨ ਜਾਂ ਅਭਿਆਸੇ ਹਨ, ਆਲੋਚਕ ਉਨ੍ਹਾਂ ਅਨੁਭਵਾਂ ਨੂੰ ਸਮਝ ਸਕੇ ਅਤੇ ਲੇਖਕ

ਵਲੋਂ ਜੀਵਨ ਦੇ ਉਸ ਪਲ ਨਾਲ ਇਨਸਾਫ਼ ਕਰ ਸਕੇ, ਜੋ ਪਲ ਲੇਖਕ ਨੇ ਉਸ ਰਚਨਾ ਵਿਚ ਸ਼ਬਦ ਰਾਹੀਂ ਅਰਥ ਦੇ ਰੂਪ ਵਿਚ ਰੱਖਿਆ ਹੈ। ਸਾਹਿਤ ਦੇ ਰੂਪ ਮੁਤਾਬਿਕ ਹਰ ਲੇਖਕ ਆਪਣੀ ਰਚਨਾ ਵਿਚ ਉਸ ਜੀਵਨ ਦਾ ਪਲ ਜਾਂ ਪਲ ਦੀ ਜਮ੍ਹਾਂ ਰੱਖਦਾ ਹੈ ਜੋ ਜੀਵਨ ਉਹ ਜਿਉਂਦਾ ਹੈ। ਇਸ ਲਈ ਆਲੋਚਕ ਨੂੰ ਲੇਖਕ ਦੇ ਜੀਏ ਜੀਵਨ ਦਾ ਗਿਆਨ ਹੋਣਾ ਲਾਜ਼ਮੀ ਹੈ। ਸਾਹਿਤਕਾਰ ਨੂੰ ਸ਼ਬਦਾਂ ਤੇ ਅਰਥਾਂ ਦੀ ਖੜ੍ਹੋਤ 'ਚੋਂ ਨਿਕਲ ਕੇ ਆਪਣੇ ਆਦਤਨ ਦ੍ਰਿਸ਼ਟਕੋਣ ਨੂੰ ਤਿਆਗ ਕੇ ਨਵੇਂ ਦ੍ਰਿਸ਼ਟੀਕੋਣ ਤੋਂ ਸਾਹਿਤ ਰਚਨਾ ਚਾਹੀਦਾ ਹੈ। ਇਸ ਤਰ੍ਹਾਂ ਆਲੋਚਕ ਨੂੰ ਆਪਣੇ ਨਿੱਜੀ ਬਣਾਏ ਆਲੋਚਨਾ ਸਿਧਾਂਤ ਨੂੰ ਤਿਆਗ ਕੇ ਰਚਨਾ ਦੀ ਮਾਨਸਿਕਤਾ 'ਤੇ ਆਧਾਰਿਤ ਸਿਧਾਤਾਂ ਨੂੰ ਆਲੋਚਨਾ ਦਾ ਅਧਾਰ ਬਣਾਉਣਾ ਚਾਹੀਦਾ ਹੈ। ਰਚਨਾ ਅਜਿਹੀ ਨਿਆਏਸ਼ੀਲ ਆਲੋਚਨਾ ਦੀ ਮੰਗ ਕਰਦੀ ਹੈ। ਦੂਜਾ ਸਾਹਿਤਕਾਰ ਜੋ ਜੀਵਨ ਜਿਉਂਦਾ ਹੈ, ਹੰਢਾਉਂਦਾ ਹੈ, ਜਿਸ ਵਿਚ ਵਿਚਰਦਾ ਹੈ, ਉਸੇ ਜੀਵਨ ਸੱਚ ਨੂੰ ਹੀ ਲੇਖਕ ਨੂੰ ਪ੍ਰਗਟਾਉਣਾ ਚਾਹੀਦਾ ਹੈ। ਜੋ ਉਹ ਜਿਉਂਦਾ ਨਹੀਂ, ਉਸ ਬਾਰੇ ਲਿਖਣਾ ਵਿਅਰਥ ਹੈ। ਆਲੋਚਕ ਲੇਖਕ ਦੀ ਸਿਰਜਣਾ 'ਚੋਂ ਸਿਰਜਣਾ ਦਾ ਸੰਸਾਰ ਲੱਭ ਸਕਦਾ ਹੈ। ਰਚਨਾ ਦੀ ਭਾਸ਼ਾ ਉਸ ਦਾ ਬਿੰਬ ਵਿਧਾਨ ਉਸ ਦੇ ਪ੍ਰਤੀਕ ਉਸ ਦਾ Structure ਉਸ ਦਾ ਸੁਭਾਅ ਅਤੇ ਮਾਹੌਲ ਆਲੋਚਕ ਨੂੰ ਉਸ ਦਾ ਅਹਿਸਾਸ ਕਰਾਉਣਗੇ। ਜਿਸ ਜੀਵਨ 'ਚੋਂ ਉਹ ਰਚਨਾ ਪੈਦਾ ਹੋਈ ਹੈ। ਰਚਨਾ ਦਾ ਪ੍ਰਯੋਜਨ ਉਸ ਜੀਵਨ ਨੂੰ ਆਲੋਚਕ ਸਾਂਵੇ ਦ੍ਰਿਸ਼ਟਮਾਨ ਕਰੇਗਾ। ਰਚਨਾ ਵਿਚਲੀ ਸਮੱਗਰੀ ਜੋ ਰਚਨਾ ਦੇ ਪ੍ਰਯੋਜਨ ਨੂੰ ਪ੍ਰਗਟਾਅ ਲਈ ਸਿਖ਼ਰ 'ਤੇ ਲਿਜਾਂਦੀ ਹੈ। ਉਹ ਸਮੱਗਰੀ ਉਸ ਜੀਵਨ ਦੀ ਪਰਤ ਦਰ ਪਰਤ ਆਲੋਚਕ ਅੱਗੇ ਖੋਲ੍ਹ ਕੇ ਰੱਖੇਗੀ ਜਿਸ ਦੀ ਉਪਜ ਹੈ।

ਆਦਿ ਤੋਂ ਹੁਣ ਤੱਕ ਮਨੁੱਖ ਨੇ ਜੋ ਸੰਸਾਰ 'ਤੇ ਸੰਸਾਰਕ ਜੀਵਨ ਸਿਰਜਿਆ ਹੈ, ਉਸ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਸਮਝਣ ਵਿਚਾਰਨ ਤੇ ਪਰਖਣ ਦੀ ਲੋੜ ਹੈ। ਸਿੱਟੇ ਵਜੋਂ ਮਨੁੱਖ ਵਲੋਂ ਸਿਰਜਿਆ ਵਿਸ਼ਵ ਤੇ ਜੀਵਨ ਜੇ ਮਨੁੱਖ ਦੇ ਅਨੁਕੂਲ ਨਹੀਂ ਤਾਂ ਕਿਉਂ ਨਹੀ ਇਹ ਕਿਵੇਂ ਮਨੁੱਖ ਅਨੁਕੂਲ ਸੰਕਲਪ ਸਿਰਜ ਸਕਣ ਅਤੇ ਉਸ ਨੂੰ ਯਥਾਰਥਕ ਰੂਪ ਦੇਣ ਲਈ ਸਾਹਿਤਕ ਮਾਧਿਅਮ ਦੀ ਵਿਗਿਆਨਿਕ ਵਰਤੋਂ ਕਰ ਸਕਣ।

ਜ਼ਿੰਦਗੀ ਪਲ-ਪਲ ਬਦਲ ਰਹੀ ਹੈ, ਨਵੇਂ ਸੰਦਰਭ, ਦ੍ਰਿਸ਼ਟੀਕੋਣ, ਵਿਚਾਰ, ਸੁਭਾਅ, ਜੀਵਨ ਧਰਾਤਲ 'ਤੇ ਵਿਚਰਨ ਲਈ ਮਨੁੱਖ ਵਾਸਤੇ ਨਵੇਂ-ਨਵੇਂ ਤੌਰ ਤਰੀਕੇ ਜਨਮ ਰਹੀ ਹੈ। ਕੱਲ੍ਹ ਨਾਲੋਂ ਅੱਜ ਵੱਖਰਾ ਹੈ। ਕੱਲ੍ਹ ਨਾਲੋਂ ਅੱਜ ਨੂੰ ਜੋ ਸਮੱਗਰੀ ਨਵਾਂ ਤੇ ਵੱਖਰਾ ਬਣਾਉਂਦੀ ਹੈ। ਉਸ ਸਮੱਗਰੀ ਦਾ ਸੱਚ ਜਾਣਨਾ ਜਿੰਨ੍ਹਾ ਸਾਹਿਤਕਾਰਾਂ ਲਈ ਜ਼ਰੂਰੀ ਹੈ, ਉਨ੍ਹਾ ਹੀ ਪੰਜਾਬੀ ਆਲੋਚਕ

ਲਈ ਵੀ ਜ਼ਰੂਰੀ ਹੈ, ਤਾਂ ਕਿ ਉਹ ਘਸੇ-ਪਿਟੇ ਪਰੰਪਰਾਗਤ ਵਿਚਾਰ ਅਤੇ ਦ੍ਰਿਸ਼ਟੀਕੋਣਾਂ ਦੀ ਚੁੰਗਲ 'ਚੋਂ ਨਿਕਲਕੇ ਆਪਣੀ ਰਚਨਾ ਵਿਚ ਕੁੱਝ ਨਵਾਂ, ਨਿਵੇਕਲਾ, ਤਾਜ਼ਾ ਤੇ ਵੱਖਰਾ ਸਿਰਜ ਸਕਣ। ਆਲੋਚਨਾ ਲਈ ਅਤੇ ਲੇਖਕਾਂ ਲਈ ਸਮੇਂ ਵਿਚ ਹੋ ਰਹੀ ਤਬਦੀਲੀ ਤੇ ਜ਼ਿੰਦਗੀ ਦੀ ਕਿਤਾਬ ਨੂੰ ਗਭੀਰਤਾ ਨਾਲ ਪੜ੍ਹਨਾ ਜ਼ਰੂਰੀ ਹੈ। ਇਸ ਸੰਦਰਭ ਵਿਚ ਲੇਖਕਾਂ ਦੀ ਥਾਂ 'ਤੇ ਆਲੋਚਕ ਬਹੁਤ ਹੀ ਪਿੱਛੇ ਹਨ।

ਪੰਜਾਬੀ ਆਲੋਚਕ ਇਸ ਗੱਲ ਦੇ ਮੁਦੱਈ ਹਨ ਕਿ ਪੰਜਾਬੀ ਵਿਚ ਆਧੁਨਿਕ ਕਵਿਤਾ ਦਾ ਆਗਮਨ ਭਾਈ ਵੀਰ ਸਿੰਘ ਨਾਲ ਹੁੰਦਾ ਹੈ। ਆਧੁਨਿਕ ਕਵਿਤਾ ਤੋਂ ਭਾਵ ਹੈ, ਨਿਰੋਲ ਵਿਗਿਆਨਿਕ ਅਧਾਰ ਦੀ ਕਵਿਤਾ। ਆਧੁਨਿਕਤਾ ਦਾ ਅਧਾਰ ਵਿਗਿਆਨ ਹੈ ਅਤੇ ਬ੍ਰਹਮੰਡਕ ਇਕਾਈ ਦਾ ਅਧਾਰ ਅਧਿਆਤਮਕਵਾਦ ਹੈ। ਆਧੁਨਿਕਤਾ ਆਧਿਆਤਮਕਵਾਦ ਤੋਂ ਮੁਕੰਮਲ ਤੌਰ 'ਤੇ ਅਲੱਗ ਹੈ। ਆਧੁਨਿਕਤਾ ਵਿਚ ਧਰਮ ਦਾ ਕੋਈ ਸਥਾਨ ਨਹੀਂ। ਭਾਈ ਵੀਰ ਸਿੰਘ ਆਪਣੇ-ਆਪ ਵਿਚ ਵਿਚਾਰਾਂ ਦੇ ਪੱਖ ਤੋਂ ਮੱਧਕਾਲੀਨ ਆਧਿਆਤਮਕਵਾਦੀ ਫ਼ਲਸਫ਼ੇ ਦਾ ਭਗਤ ਸੀ। ਭਾਈ ਵੀਰ ਸਿੰਘ ਦੀ ਆਧਨਿਕਤਾ, ਕਾਵਿਕ ਸ਼ਿਲਪ ਜਾਂ ਰੂਪ ਵਿਧਾਨ ਵਿਚ ਹੈ। ਕਾਵਿਕ ਪ੍ਰਵਿਰਤੀ ਅਨੁਭਵ ਅਤੇ ਚੇਤਨਾ ਭਾਵ ਕਾਵਿਕ ਮਾਨਸਿਕਤਾ ਵਿਚ ਨਹੀਂ। ਭਾਈ ਵੀਰ ਸਿੰਘ ਦੇ ਸਮੇਂ ਦੀ ਸਾਹਿਤਕ ਰੂਹ ਵੀ ਅਧਿਆਤਮਕਵਾਦ ਤਾਂ ਮੁਕਤ ਨਹੀਂ ਸੀ। ਇਸ ਲਈ ਪੰਜਾਬੀ ਵਿਚ ਕਾਵਿਕ ਆਤਮਾ ਪੱਖੋਂ ਆਧੁਨਿਕ ਯੁੱਗ ਦੇ ਆਰੰਭ ਪ੍ਰਤੀ ਆਲੋਚਕਾਂ ਨੂੰ ਵਿਚਾਰ ਕਰਨੀ ਚਾਹੀਦੀ ਹੈ। ਕਿਉਂਕਿ ਆਧੁਨਿਕਤਾ ਦਾ ਲਿਖਤੀ ਸੰਕਲਪ ਜਾਂ ਰੂਪ-ਰੇਖਾ ਭਾਰਤੀ ਇਤਿਹਾਸ ਵਿਚ ਮੁਹੱਈਆ ਨਹੀਂ ਹੈ। ਇਹ ਸਿਰਫ਼ ਯੂਰਪ ਦੇ ਇਤਿਹਾਸ ਵਿਚ ਹੀ ਉਪਲੱਬਧ ਹੈ। ਯੂਰਪ ਦੇ ਇਤਿਹਾਸ ਵਿਚ ਵੀ ਅਧੁਨਿਕਤਾ ਦੀ ਪਰਿਭਾਸ਼ਾ ਅਤੇ ਰੂਪ-ਰੇਖਾ ਸਿਰਫ਼ ਲਿਖਤੀ ਰੂਪ ਤੱਕ ਹੀ ਸੀਮਿਤ ਹੈ। ਵਿਕਾਸ ਪੱਖੋਂ ਇਹ ਗਤੀ ਰਹਿਤ ਹੈ। ਹਾਂ ਇੱਕ ਗੱਲ ਜ਼ਰੂਰ ਹੈ ਕਿ ਆਧੁਨਿਕਤਾ ਦੀ ਆੜ ਅਧੀਨ ਆਧੁਨਿਕਤਾ ਦੀ ਥਾਂ ਅੱਜ ਤੱਕ ਜੋ ਵਿਕਾਸ ਹੋਇਆ ਹੈ। ਉਹ ਅਸਲ ਵਿਚ ਪਦਾਰਥਕ ਵਿਕਾਸ ਕਿਹਾ ਜਾਂਦਾ ਹੈ ਅਤੇ ਹੈ। ਇਸ ਲਈ ਭਾਈ ਵੀਰ ਸਿੰਘ ਤੋਂ ਆਧੁਨਿਕ ਕਵਿਤਾ ਦਾ ਆਰੰਭ ਪੂਰਨ ਰੂਪ ਵਿਚ ਤਰਕਸ਼ੀਲ ਨਹੀਂ ਹੈ। ਇਹ ਸਿਰਫ਼ ਤਕਨੀਕੀ ਪੱਖੋਂ ਨਵੀਂ ਕਵਿਤਾ ਦਾ ਆਰੰਭ ਹੈ। ਕਵਿਤਾ ਦੀ ਆਤਮਾ ਪੱਖੋਂ ਨਹੀਂ ਅਤੇ ਸਹੀ ਨਿਰਣਾ ਲੈਣ ਦੀ ਲੋੜ ਹੈ।

ਆਧੁਨਿਕ ਸਾਹਿਤ ਵਿਚ ਵਿਗਿਆਨ ਦਰਸ਼ਨ ਤਰਕ ਤੇ ਜਜ਼ਬਾ ਦਾ ਸੰਤੁਲਨ ਲਾਜ਼ਮੀ ਹੈ। ਮਨੁੱਖੀ ਵਿਗਿਆਨਿਕ ਪ੍ਰਾਪਤੀਆਂ ਦਰਸ਼ਨ ਤਰਕ ਤੇ ਜਜ਼ਬਾਤ ਦੇ ਅਧਾਰ 'ਤੇ Positive ਹਨ ਜਾਂ Non positive ਹਨ, ਪਰਖੀਆਂ

ਜਾ ਸਕਦੀਆਂ ਹਨ। Non positive ਅਸਰ ਦੀਆਂ ਵਿਚਾਰਧਾਰਾਵਾਂ ਸਾਹਿਤ ਦਾ ਉਸਾਰੂ ਤੱਤ ਨਹੀਂ ਹੁੰਦੀਆਂ। ਸਾਹਿਤ ਦਾ ਉਸਾਰੂ ਤੱਤ Positivity ਹੈ, ਜੋ ਸੱਚ, ਸੁੰਦਰਤਾ ਅਤੇ ਕਲਿਆਣ ਦੀ ਧਾਰਨੀ ਹੈ। ਭਾਰਤੀ ਸ਼ਾਸਤਰਾਂ ਅਨੁਸਾਰ ਸਾਹਿਤ ਸੱਚ, ਸੁੰਦਰਤਾ ਅਤੇ ਕਲਿਆਣ ਦੀ ਵਿਆਖਿਆ ਹੈ। ਪੰਜਾਬੀ ਆਲੋਚਕ ਉਨ੍ਹਾਂ ਰਚਨਾਵਾਂ ਨੂੰ ਵੀ ਆਧੁਨਿਕ ਸਾਹਿਤ ਰੂਪ ਗਰਦਾਨ ਰਹੇ ਹਨ। ਜੋ ਅਸਲੋਂ ਹੀ ਵਿਗਿਆਨਿਕ ਨਹੀਂ ਜਾਂ ਇੰਝ ਕਹਿ ਲਓ ਕਿ ਆਧੁਨਿਕਤਾ ਦੀਆਂ ਪ੍ਰਵਿਰਤੀਆਂ ਅਤੇ ਸੁਭਾਅ ਦੇ ਅਨਕੂਲ ਨਹੀਂ ਹਨ। ਪੰਜਾਬੀ ਸਾਹਿਤ ਵਿਚ ਆਧੁਨਿਕ ਕਵਿਤਾ ਨੂੰ ਪਰਖਣ ਲਈ ਮੇਰੀ ਨਿਗ਼ਾਹ ਵਿਚ ਕੋਈ ਵੀ ਲਿਖਤੀ ਰੂਪ ਵਿਚ ਆਧੁਨਿਕਤਾ ਦੀ ਪਰਿਭਾਸ਼ਾ ਅਤੇ ਚਿੱਤਰ ਚਿਤਰਨ ਮੁਤਾਬਿਕ ਆਲੋਚਨਾ ਦਾ ਵਿਧਾਨ ਨਹੀਂ। ਪੰਜਾਬੀ ਆਲੋਚਕ ਆਧੁਨਿਕਤਾ ਦਾ ਸੱਚ ਵਜੂਦ ਅਤੇ ਆਤਮਾ ਨੂੰ ਜਾਣੇ ਤੋਂ ਬਿਨ੍ਹਾਂ ਹੀ ਆਧੁਨਿਕ ਆਲੋਚਨਾ ਦੇ ਮਹਾਂਰਥੀ ਬਣੇ ਬੈਠੇ ਹਨ। ਆਧੁਨਿਕਤਾ ਯੂਰਪ ਵਿਚ ਪ੍ਰਮਾਣਿਤ ਰੂਪ ਵਿਚ 18ਵੀਂ ਸਦੀ ਤੋਂ ਲੈ ਕੇ ਹੁਣ ਤੱਕ ਆਧੁਨਿਕਤਾ 'ਤੇ ਕੋਈ ਅਜਿਹੀ ਪੁਸਤਕ ਉਪਲੱਬਧ ਨਹੀਂ, ਜਿਸ ਰਾਹੀਂ ਆਧੁਨਿਕਤਾ ਦੇ ਵਜੂਦ ਤੋਂ ਆਧੁਨਿਕਤਾ ਦੀ ਮਾਨਸਿਕਤਾ ਅਤੇ ਆਤਮਾ ਤੱਕ ਜਾਣਿਆ ਜਾ ਸਕੇ। ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਪੰਜਾਬੀ ਆਲੋਚਕ ਹੁਣ ਤੱਕ ਆਧੁਨਿਕ ਕਵਿਤਾ ਦੀ ਆਲੋਚਨਾ ਕਿਸ ਵਿਧੀ ਵਿਧਾਨ 'ਤੇ ਕਰ ਰਹੇ ਹਨ ਅਤੇ ਕਰਦੇ ਆ ਰਹੇ ਹਨ। ਇਹ ਬਿਲਕੁਲ ਇੰਝ ਹੈ ਜਿਵੇਂ ਕੋਈ ਲੇਖਕ ਉਸ ਜੀਵਨ ਦੇ ਤਜ਼ਰਬੇ ਲਿਖ ਰਿਹਾ ਹੋਵੇ, ਜੋ ਉਸ ਨੇ ਜੀਵਿਆ ਹੀ ਨਹੀਂ। ਪੰਜਾਬੀ ਆਲੋਚਨਾ ਲਈ ਆਧੁਨਿਕ ਕਵਿਤਾ ਦੀ ਆਲੋਚਨਾ ਹਵਾ ਵਿਚ ਤਲਵਾਰਾਂ ਮਾਰਨ ਦੇ ਬਰਾਬਰ ਹੈ। ਇਹ ਆਲੋਚਕ ਗਰੁਪਾਂ ਵਿਚ ਵੰਡੇ ਹੋਏ ਹਨ ਅਤੇ ਆਪਣੇ ਗਰੁੱਪ ਦੇ ਲੇਖਕ ਦੀ ਉਪਮਾ ਅਤੇ ਪਰਿਕਰਮਾ ਕਰਨ ਤੋਂ ਬਿਨ੍ਹਾਂ ਇਨ੍ਹਾਂ ਨੂੰ ਹੋਰ ਕੋਈ ਕੰਮ ਨਹੀਂ, ਉਸ ਲੇਖਕ ਦੀ ਰਚਨਾ ਸਾਹਿਤਕ ਮਿਆਰ 'ਤੇ ਉੱਤਰਨੀ ਤਾਂ ਕੀ, ਮਿਆਰ ਦੇ ਨੇੜੇ-ਤੇੜੇ ਵੀ ਨਾ ਹੋਵੇ, ਅਜਿਹੇ ਲੇਖਕਾਂ ਨੂੰ ਪੰਜਾਬੀ ਆਲੋਚਕ ਮਹਾਨ ਸਾਹਿਤਕਾਰ ਗਰਦਾਨਦੇ ਹਨ।

ਆਦਿ ਕਾਲ ਵਿਚ ਮਨੁੱਖ ਕੁਦਰਤ ਤੇ ਕਾਦਰ ਦੀ ਇਕਾਈ ਨਿਸ਼ੰਗ ਸੀ। ਜਿਉਂ-ਜਿਉਂ ਸਮੇਂ ਅਨੁਸਾਰ ਜ਼ਿੰਦਗੀ ਨੇ ਵਿਕਾਸ ਕੀਤਾ, ਜ਼ਿੰਦਗੀ ਬਹੁ ਦਿਸ਼ਾਵੀ, ਬਹੁ ਅਨੁਭਵੀ ਬਹੁਪੱਖੀ, ਬਹੁ-ਅਰਥੀ, ਬਹੁ-ਵਿਚਾਰੀ, ਉਚੇਰੀ ਤੇ ਗੰਭੀਰ ਹੋਣ ਦੇ ਨਾਲ-ਨਾਲ ਆਪਣੇ ਹੱਦਾਂ ਬੰਨੇ ਟੱਪਦੀ ਹੋਈ, ਅਕਾਰ ਰਹਿਤ ਹੋ ਗਈ। ਇਸ ਅਕਾਰ ਰਹਿਤਤਾ ਵਿਚ ਵਿਗਿਆਨਿਕ ਪ੍ਰਾਪਤੀਆਂ ਨੇ ਬਹੁਤ ਵੱਡਾ ਯੋਗਦਾਨ ਪਾਇਆ ਹੈ। ਅਸਲ ਵਿਚ ਇਸ ਅਕਾਰ ਰਹਿਤ ਦਾ ਸੰਬੰਧ ਪਦਾਰਥਕ ਵਿਕਾਸ ਨਾਲ ਹੈ। ਵਿਸ਼ਵ ਵਿਚ ਜਿੰਨ੍ਹਾ ਵਿਕਾਸ ਨਜ਼ਰ ਆ ਰਿਹਾ

ਹੈ। ਇਹ ਮਨੁੱਖ ਦਾ ਵਿਅਕਤੀਗਤ ਵਿਕਾਸ ਨਹੀਂ, ਇਹ ਸਿਰਫ਼ ਪਦਾਰਥਕ ਵਿਕਾਸ ਹੈ। ਜਿਸ ਦੇ ਅਸਰ ਅਧੀਨ ਮਨੁੱਖੀ ਕੁਦਰਤ ਤੇ ਕਾਦਰ ਦੀ ਇਕਾਈ ਤਿੜਕ ਗਈ। ਮਨੁੱਖ ਆਪਣੇ-ਆਪ 'ਚ ਤਕਸੀਮਿਆ ਗਿਆ। ਆਪਣੇ-ਆਪ ਵਿਚ ਜ਼ਰਿਆਂ ਤੇ ਤਾਰਿਆਂ ਵਾਂਗ ਵੰਡਿਆ ਗਿਆ। ਦੁਨਿਆਵੀ ਧਰਾਤਲ 'ਤੇ ਵਿਚਰਨ ਲਈ ਮਨੁੱਖ ਨੂੰ ਕਈ ਰੂਪ ਧਾਰਨੇ ਪਏ, ਤਕਸੀਮਿਆ ਮਨੁੱਖ ਆਪਣੀ ਹੋਂਦ ਆਪਣਾ ਸੱਚ ਆਪਣੀ ਸ਼ਨਾਖਤ ਗੁਆ ਬੈਠਾ ਹੈ। ਇਹ ਸੰਤਾਪ ਹੰਢਾਉਂਦਾ ਮਨੁੱਖ ਅੱਜ ਮਨੁੱਖ ਕੁਦਰਤ ਤੇ ਕਾਦਰ ਦੀ ਇਕਾਈ ਭਾਲ ਰਿਹਾ ਹੈ। ਆਪਣੀ ਹੋਂਦ ਸੱਚ ਤੇ ਸ਼ਨਾਖਤ ਤਲਾਸ਼ ਰਿਹਾ ਹੈ। ਆਪਣੇ ਦੁਆਰੇ ਸਿਰਜੇ ਵਿਸ਼ਵ ਤੇ ਵਿਸ਼ਵੀਕਰਨ ਤੋਂ ਅਸੰਤੁਸ਼ਟ ਹੈ ਕਿਉਂਕਿ ਇਹ ਵਿਸ਼ਵ ਅਤੇ ਜੀਵਨ ਉਸ ਦੇ ਅਨੁਕੂਲ ਨਹੀਂ। ਮਨੁੱਖ ਪਦਾਰਥ ਦਾ ਗ਼ੁਲਾਮ ਬਣ ਕੇ ਰਹਿ ਗਿਆ ਹੈ।

ਜਿੱਥੇ ਅਜੋਕਾ ਮਨੁੱਖ ਵਿਪਰੀਤ ਵਿਸ਼ਵ ਤੇ ਜੀਵਨ ਦਾ ਸੰਤਾਪ ਹੰਢਾਅ ਰਿਹਾ ਹੈ। ਪਰ ਇਸ ਸੰਤਾਪ 'ਚੋਂ ਅਜੋਕੇ ਵਿਸ਼ਵ ਦੀ ਨਵ ਚੇਤਨਾ ਨੇ ਜਨਮ ਲਿਆ ਹੈ। ਇਹ ਚੇਤਨਾ ਮਨੁੱਖ ਨੂੰ ਮਨੁੱਖ ਸਮਝਦੀ ਹੈ। ਨਵੇਂ ਮਨੁੱਖੀ ਸਮਾਜਿਕ ਜੀਵਨ ਅਤੇ ਵਿਸ਼ਵ ਦਾ ਸੰਕਲਪ ਸਿਰਜ ਦੀ ਹੈ। ਇਹ ਵਿਸ਼ਵ ਅਜੋਕੀ ਚੇਤਨਾ ਦਾ ਸਕਾਰਤਮਕ ਰੰਗ ਹੈ ਜੋ ਪਦਾਰਥਕ ਵਿਕਾਸ ਦੀ ਵਿਰੋਧੀ ਪ੍ਰਤੀਕਰਮ ਹੈ। ਜਦ ਸੰਸਾਰ ਵਿਚ ਇੰਨ੍ਹੀਆਂ ਵੱਡੀਆਂ ਤਬਦੀਲੀਆਂ ਆਈਆਂ ਹਨ ਇੰਨ੍ਹਾ ਕੁੱਝ ਨਵਾਂ ਵਾਪਰਿਆ ਹੈ, ਤਾਂ ਸਾਹਿਤ ਵਿਚ ਕਿਉਂ ਇਹ ਸੱਭ ਘੱਟ ਮਾਤਰਾ ਵਿਚ ਨਜ਼ਰ ਆ ਰਿਹਾ ਹੈ ਕਿਉਂਕਿ ਵਧੇਰੇ ਸਾਹਿਤਕਾਰ ਅਤੇ ਆਲੋਚਕ ਪਰੰਪਰਾਗਤ ਸੁਭਾਅ 'ਤੇ ਦ੍ਰਿਸ਼ਟੀਕੋਣ ਦੇ ਮੋਹ ਨੂੰ ਤਿਆਗ ਨਹੀਂ ਸਕੇ। ਆਪਣੀ ਸਾਹਿਤ ਰਚਨਾ ਵਿਚ ਘਸੇ-ਪਿਟੇ ਵਿਚਾਰ ਵਿਸ਼ੇ 'ਤੇ ਇੱਕ ਹੀ ਬਿੰਦੂ ਦੀ ਬਾਰ-ਬਾਰ ਪਰਿਕਰਮਾ ਕਰਦੇ ਨਜ਼ਰ ਆਉਂਦੇ ਹਨ। ਉਨ੍ਹਾਂ ਨੂੰ ਅਜੋਕੇ ਵਿਸ਼ਵ ਦੀ ਸਿਰਜਣਾ ਤੋਂ ਪ੍ਰਾਪਤੀ ਤੱਕ ਦੇ ਸਫ਼ਰ ਅਤੇ ਨਿਕਲੇ ਸਿੱਟਿਆਂ ਨੂੰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਸਮਝਣਾ ਚਾਹੀਦਾ ਹੈ ਤਾਂ ਕਿ ਉਹ ਕੁੱਝ ਨਵਾਂ, ਨਿਵੇਕਲਾ, ਸਮੇਂ ਦੇ ਹਾਣ ਦਾ, ਨਵੇਂ ਦ੍ਰਿਸਟੀਕੋਣ ਤੋਂ ਰਚ ਸਕਣ। ਆਲੋਚਕਾਂ ਨੂੰ ਵੀ ਵਿਅਕਤੀਗਤ ਸੰਬੰਧਾਂ ਤੋਂ ਉੱਪਰ ਉੱਠ ਕੇ ਚੰਗੇ ਸਾਹਿਤ ਦੀ ਕਦਰ ਕਰਨੀ ਚਾਹੀਦੀ ਹੈ। ਆਧੁਨਿਕ ਆਲੋਚਨਾ ਤੋਂ ਪਹਿਲਾਂ, ਆਧੁਨਿਕਤਾ ਕੀ ਹੈ, ਉਸਨੂੰ ਸਮਝਣਾ ਚਾਹੀਦਾ ਹੈ। ਇਸ ਅਧਿਆਇ ਵਿਚ ਅਸੀਂ ਆਧੁਨਿਕਤਾ ਦੇ ਅਧਾਰ 'ਤੇ ਕੁੱਝ ਸਿਧਾਂਤ ਨਿਯੁਕਤ ਕੀਤੇ ਹਨ, ਜਿਨ੍ਹਾਂ ਦੇ ਅਧਾਰ 'ਤੇ ਆਧੁਨਿਕ ਸਾਹਿਤ ਦੀ ਆਲੋਚਨਾ ਨਿਆਏਪੂਰਵਕ ਹੈ।

ਆਧੁਨਿਕਤਾ ਜੀਵਨ ਦਰਸ਼ਨ ਦਾ ਸਮੂਹਕ ਗਿਆਨ ਹੈ। ਐਥੁਲੀ ਗਿੱਡਨਜ਼ ਉਤਰ-ਆਧੁਨਿਕਵਾਦ ਨੂੰ ਆਧੁਨਿਕਤਾ ਬਾਰੇ 'ਸੌਂਦਰਯ-ਸ਼ਾਸਤਰੀ ਚਿੰਤਨ' ਨਾਲ ਅਤੇ ਉਤਰ-ਆਧੁਨਿਕਤਾ ਨੂੰ ਸਮਾਜਕ ਵਿਕਾਸ ਦੇ ਗਤੀਮਾਰਗ ਅਤੇ ਸੰਸਥਾਵਾਂ ਨਾਲ ਜੋੜਦਾ ਹੈ, ਜੋ ਆਧੁਨਿਕਤਾ ਦੀਆਂ ਸੰਸਥਾਵਾਂ ਨਾਲੋਂ ਵੱਖਰੀਆਂ ਹਨ। ਗਿੱਡਨਜ਼ ਨੇ ਮੁੱਖ ਤੌਰ 'ਤੇ ਆਧੁਨਿਕਤਾ ਨਾਲ ਸੰਬੰਧਿਤ ਜਿਨ੍ਹਾਂ ਚਾਰ ਸੰਸਥਾਵਾਂ ਦਾ ਜ਼ਿਕਰ ਕੀਤਾ ਹੈ, ਉਹ ਹਨ: ਨਿਗਰਾਨੀ (ਸਰਵੇਲੈਂਸ), ਪੂੰਜੀਵਾਦ, ਫੌਜੀ ਸ਼ਕਤੀ ਅਤੇ ਉਦਯੋਗਵਾਦ। ਇਸੇ ਤਰ੍ਹਾਂ ਉਤਰ-ਆਧੁਨਿਕਤਾ ਦਾ ਇੱਕ ਹੋਰ ਸਿਧਾਂਤਕਾਰ ਜਿਗਮੈਂਟ ਬੌਮਨ, ਇਸ ਨੂੰ ਆਧੁਨਿਕਤਾ ਦੀ ਸਾਧਾਰਨ ਅਵੱਸਥਾ ਤੋਂ ਵਕਤੀ ਰਵਾਨਗੀ ਨਹੀਂ ਮੰਨਦਾ, ਸਗੋਂ ਉਸ ਅਨੁਸਾਰ ਇਹ ਇੱਕ 'ਸ੍ਵੈ-ਨਿਰਭਰ' ਰਹਿਣ ਵਾਲੀ ਨਿਆਇ ਪੂਰਵਕ ਸਮਾਜਕ ਸਥਿਤੀ ਹੈ, ਜਿਸ ਦੇ ਆਪਣੇ 'ਵਿਲੱਖਣ ਨਕਸ਼' ਹਨ। ਸਕੌਟ ਲੈਸ਼ ਲਈ ਉਤਰ-ਆਧੁਨਿਕਤਾ ਦਾ ਸੰਬੰਧ ਸੱਭਿਆਚਾਰ ਨਾਲ ਹੈ। ਇਨ੍ਹਾਂ ਤਿੰਨਾਂ ਸਿਧਾਂਤਕ ਧਾਰਨਾਵਾਂ ਦੀ ਲੋਅ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਉਤਰ-ਆਧੁਨਿਕਤਾ ਸਮਾਜਕ ਅਨੁਭਵ ਹੈ, ਸੰਸਥਾਵਾਂ ਦਾ ਇੱਕ ਨਿਵੇਕਲਾ ਸੰਗਠਨ ਹੈ, ਜੋ ਉਤਰ-ਆਧੁਨਿਕਵਾਦੀ ਨਿਰਪੇਖ ਜਾਂ ਪਰਿਪੇਖਾਂ ਨਾਲ ਸੰਸਥਕ ਪੱਧਰ ਉੱਤੇ ਵਾਪਰਿਆ ਹੈ। ਉਤਰ-ਆਧੁਨਿਕਤਾ ਅਭਿਆਸ ਵਿੱਚ ਵਾਪਰਿਆ ਇੱਕ ਪਰਿਵਰਤਨ ਹੈ।

**ਡਾ. ਗੁਰਭਗਤ ਸਿੰਘ**

## ਕਾਵਿ-ਸ਼ਾਸਤਰ ਪੁਸਤਕ ਲੜੀ

**SAPATRISHI PUBLICATIONS**
24/9, Industrial Area, Phase -2
Near Tribune Chowk, Chandigarh
Tel.: 094638-36591, 094630-88272
E-mail: sapatrishi94@gmail.com
www.sapatrishipublications.in